# ਸਕੀਨਾ



www.PunjabiLibrary.com

ਫ਼ੌਜ਼ੀਆ ਰਫ਼ੀਕ

# ਸਕੀਨਾ

ਫ਼ੌਜ਼ੀਆ ਰਫ਼ੀਕ

ਲਿਬਰੋਸ ਲਿਬਰਤਾਦ ਸਰ੍ਹੀ ਬੀ. ਸੀ. ਕੈਨੇਡਾ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

Copyright: ਸੱਭੇ ਹੱਕ ਲਿਖਾਰੀ ਕੋਲ, ਫ਼ੌਜ਼ੀਆ ਰਫ਼ੀਕ 2011

ਸਕੀਨਾ ਇਕ ਫ਼ਰਜ਼ੀ ਔਰਤ ਦੀ ਕਾਲਪਨਿਕ ਕਹਾਣੀ ਹੈ, ਹਕੀਕਤ ਨਾਲ ਇਸ ਦਾ ਵਾਸਤਾ ਇੱਤਫ਼ਾਕ ਜਾਂ ਹਾਦਸਾ ਹੋਵੇਗਾ।

ਨਾਵਲ: ਸਕੀਨਾ
ਲਿਖਾਰੀ: ਫ਼ੌਜ਼ੀਆ ਰਫ਼ੀਕ
ਪੰਜਾਬੀ ਸੋਧ: ਜ਼ੁਬੈਰ ਅਹਿਮਦ
ਗੁਰਮੁੱਖੀ ਸੋਧ: ਸੁਰਜੀਤ ਕਲਸੀ
ਉਲਥਾ: ਅਬਦੁਲ ਹਫ਼ੀਜ਼
ਕੰਪੋਜ਼ਿੰਗ: ਸੁਲੇਖ ਕੰਮਪੋਜ਼ਰਜ਼, ਸਾਜ਼ਿਦ ਚੌਧਰੀ
ਚਿੱਤਰਕਾਰ: ਅਹਿਮਦ ਜ਼ੋਏ
ਕਵਰ ਡੀਜ਼ਾਇਨ: ਸਦਫ਼ ਚੁਗ਼ਤਾਈ
ਛਾਪਨਹਾਰ: ਲਿਬਰੋਸ ਲਿਬਰਤਾਦ
ਪਹਿਲਾ ਐਡੀਸ਼ਨ: ਮਾਰਚ 2011
ਮੁੱਲ: 20 ਡਾਲਰ

ISBN-978-0-9869044-0-0

ਆਪਣੀ ਮਾਂ ਜ਼ੋਰਾ ਬੇਗ਼ਮ ਦੇ ਨਾਂ

ਝੁੰਮੇ ਝੁੰਮ ਖੇਡ ਲੈ ਮੰਝ ਵੇੜ੍ਹੇ, ਜਪਦਿਆਂ ਨੂੰ ਹਰ ਨੇੜੇ

ਵੇੜ੍ਹੇ ਦੇ ਵਿੱਚ ਨਦੀਆਂ ਵਗਣ, ਬੇੜੇ ਲੱਖ ਹਜ਼ਾਰ
ਕੇਤੀ ਇਸ ਵਿਚ ਡੁੱਬਦੀ ਵੇਖੀ, ਕੇਤੀ ਲੰਘੀ ਪਾਰ
ਇਸ ਵੇੜ੍ਹੇ ਦੇ ਨੌਂ ਦਰਵਾਜ਼ੇ ਦਸਵੇਂ ਕੁਲ਼ਫ਼ ਚੜ੍ਹਾਈ
ਤੁਸ ਦਰਵਾਜ਼ੇ ਦੇ ਮਹਿਰਮ ਨਾਹੀਂ, ਜਿਤ ਸ਼ੋਹ ਆਵੇ ਜਾਈ
ਵੇੜ੍ਹੇ ਦੇ ਵਿੱਚ ਆਲਾ ਸੂਹੇ, ਆਲੇ ਦੇ ਵਿੱਚ ਤਾਕੀ
ਤਾਕੀ ਦੇ ਵਿੱਚ ਸੇਜ ਵਛਾਵਾਂ, ਆਪਣੇ ਪਿਆ ਸੰਗ ਰਾਤੀ
ਇਸ ਵੇੜ੍ਹੇ ਵਿਚ ਮੱਕਣਾ ਹਾਥੀ ਸੰਗਲ ਨਾਲ ਖਹਿਹੇੜੇ
ਕਹੇ ਹੁਸੈਨ ਫ਼ਕੀਰ ਸਾਈਂ ਦਾ ਜਾਗਦਿਆਂ ਕੂੰ ਛੇੜੇ

ਮਾਧੋ ਲਾਲ ਹੁਸੈਨ ਲਾਹੌਰ, 1539–1599

## ਸਕੀਨਾ

**ਭਾਗ (1) ਮੰਝ ਵੇਹੜੇ (ਪਿੰਡ 1971)** 13

ਲੌਂਡੇ ਵੇਲੇ 15

ਨਮਾਸ਼ੀਂ 25

ਰਾਤ 34

**ਭਾਗ (2) ਮਕੱਣਾ ਹਾਥੀ (ਲਹੌਰ 1981)** 41

ਮੇਲਾ 43

ਅਗਲੇ ਦਿਹਾੜੇ 64

ਉਨੀ ਸੌ ਬਿਆਸੀ 91

**ਭਾਗ (3) ਸੰਗਲ ਨਾਲ ਖਹਿੜੇ (ਟੋਰਾਂਟੋ 1991)** 97

ਸ਼ਵੇਰ 99

ਰਾਤ 111

ਸਰਘੀ ਵੇਲੇ 119

**ਭਾਗ (4) ਜਾਗਦਿਆਂ ਕੂੰ ਛੇੜੇ (ਸਰ੍ਹੀ 2001)** 133

ਨਾਂ 135

ਅੱਗ 151

ਰੌਲਾ 157

ਮੇਰੀ ਕੋਈ ਤਵਾਰੀਖ਼ ਨਹੀਂ 164

ਮੇਰੇ ਨਾਂ ਦਾ ਮਤਲਬ ਹਰ ਬੋਲੀ ਵਿਚ ਹੋਰ ਏ। ਅਰਬੀ ਵਾਲੀ ਸਕੀਨਾ "ਚੈਨ ਦੀ ਰੂਹ", ਇਬਰਾਨੀ ਦੀ ਸ਼ਖੀਨਾ "ਰੱਬ ਦਾ ਅੰਦਰ ਵਸਦਾ ਨਾਰੀ ਰੂਪ" ਤੇ ਨਿਸਗਾ ਲੋਕਾਂ ਦੀ ਬੋਲੀ ਵਾਲੀ ਸਕੀਨਾ ਦਾ ਮਤਲਬ "ਧੁੰਦਾਂ ਦਾ ਦਰਿਆ" ਹੈ।

ਏਸ ਵੇਲੇ ਮੈਨੂੰ ਇਹ ਸਾਰੇ ਮਤਲਬ ਚੰਗੇ ਲਗਦੇ ਨੇ ਤੇ ਮੈਂ ਇਕ ਨੂੰ ਦੂਜੇ ਤੋਂ ਵੱਧ ਜਾਂ ਘੱਟ ਨਹੀਂ ਸਮਝਦੀ ਪਰ ਜੇ ਮੈਨੂੰ ਕੋਈ ਲੋਕ ਮਿਲੇ ਜਿਹਨਾਂ ਦੀ ਬੋਲੀ ਵਿਚ ਇਸ ਆਵਾਜ਼ ਦਾ ਕੋਈ ਇਹੋ ਜਿਹਾ ਮਤਲਬ ਨਿਕਲਦਾ ਹੋਇਆ ਜਿਹੜਾ ਮੇਰੀ ਖ਼ਿਆਲ ਉਡਾਰੀ ਵਿਚ ਫਿੱਟ ਨਹੀਂ ਆਉਂਦਾ ਤਾਂ ਫੇਰ ਮੈਨੂੰ ਕੁਝ ਕੱਢਣਾ ਪਾਉਣਾ ਪਏਗਾ।

www.PunjabiLibrary.com

ਪਹਿਲਾ ਅੰਗ

# ਮੰਝ ਵੇੜ੍ਹੇ

ਪਿੰਡ 1971

ਸਾਡਾ ਪਿੰਡ ਲਾਹੌਰੋਂ ਪੰਜਾਹ ਮੀਲ ਏ ਪਰ ਮੇਰੇ ਭਾ ਨੂੰ ਮੁੜ ਕੇ ਆਂਦਿਆਂ ਅੱਠ ਘੰਟੇ ਲਗਦੇ ਨੇਂ। ਅਖ਼ੀਰਲੇ ਵੀਹ ਮੀਲ ਕੱਚੀ ਸੜਕ ਏ ਜਿਹੜੀ ਦੋ ਖਾਲੇ ਟੱਪਦੀ, ਪਿੰਡ ਲੰਘਦੀ ਤੇ ਕਿੰਨੀਆਂ ਸਾਰੀਆਂ ਪੈਲੀਆਂ ਵਖ ਕਰਦੀ ਆਂਦੀ ਏ।

ਅਸੀਂ ਇੰਡੀਆ ਦੇ ਬਾਰਡਰ ਦੇ ਏਨਾ ਨੇੜੇ ਆਂ ਕਿ ਪੈਂਠ ਦੀ ਜੰਗ ਵਿਚ ਕਈ ਸੌ ਫੋਕੇ ਬੰਮ ਸਾਡੇ ਪਿੰਡ ਵਿਚ ਡਿੱਗੇ ਪਰ ਇਸ ਵਾਰੀ ਇਕ ਵੀ ਨਹੀਂ। ਅੰਮਾਂ ਜ਼ੈਨਬ, ਜਿਹੜੀ ਪਿੰਡ ਦੀ ਸੱਭ ਤੋਂ ਵਡੇਰੀ ਜ਼ਨਾਨੀ ਏ, ਮੈਨੂੰ ਉਹ ਥਾਂ ਵਿਖਾਈ ਜਿੱਥੇ ਬੰਮਾਂ ਨੇ ਮੋਰਾ ਪਾ ਦਿੱਤਾ ਸੀ। ਹੁਣ ਉਹ ਇਕ ਨੀਵਾਂ ਕਿਲਾ ਏ ਜਿਹੜਾ ਮੋਏ ਹੋਏ ਡੰਗਰਾਂ, ਜਨਾਵਰਾਂ ਤੇ ਪੱਖੀਆਂ ਦੀਆਂ ਹੱਡੀਆਂ ਨਾਲ ਭਰਿਆ ਪਿਆ ਏ।

ਸਾਰੀਆਂ ਹੱਡੀਆਂ ਪੁਰਾਣੀਆਂ ਨਹੀਂ। ਜਿਹੜੀ ਮੈਂ ਅੱਜ ਸਵੇਰੇ ਚੁੱਕੀ ਏ, ਉਹ ਉਸ ਸੂਰ ਦੀ ਏ ਜਿਹੜਾ ਭਾ ਨੇ ਕਲ੍ਹ ਆਵਦੇ ਗੋਰੇ ਯਾਰ ਮਿਸਟਰ ਵੈਬਸਟਰ ਲਈ ਮਾਰਿਆ ਸੀ।

ਮੇਰੇ ਭਾ ਕੋਲ ਸੱਠ ਘੱਰ ਕੰਮ ਕਰਦੇ ਨੇਂ ਪਰ ਮੈਂ ਆਵਦੀ ਸਹੇਲੀ ਨੂਰ ਜਮਾਲੋ ਦੇ ਘੱਰ ਸਣੇ ਬੱਸ ਦੋ ਤਿੰਨਾਂ ਘਰਾਂ ਵਿੱਚ ਜਾ ਸਕਦੀ ਆਂ।

# ਲੌਢੇ ਵੇਲੇ

ਬਾਲ ਏਨਾ ਰੌਲਾ ਪਾਂਦੇ ਪਏ ਨੇਂ ਕਿ ਮੇਰੇ ਲਈ ਕੰਮ ਕਰਨਾ ਔਖਾ ਹੋ ਗਿਆ ਏ। ਉਹ ਮੇਰੀ ਤਾਕੀ ਮੂਹਰੇ ਟਰੈਂਚਾਂ ਵਿਚ ਖੇਡਦੇ ਪਏ ਨੇਂ, ਮੈਂ ਨੂਰ ਜਮਾਲੋ ਨੂੰ ਲੱਭਣੀ ਆਂ ਪਰ ਉਹ ਕੋ ਨੀ । ਬਾਬੇ ਮਰਨੇ ਦੀ ਹੱਟੀ ਬੰਦ ਏ ਤੇ ਏਨੇ ਕਵੇਲੇ ਵੀ ਗਿਰਜਾਂ, ਇੱਲਾਂ ਤੇ ਕਾਂ ਅਸਮਾਨ ਤੇ ਉੱਡ ਉੱਡ ਕੇ ਉਸੇ ਸੂਰ ਦੇ ਪਿੰਜਰ ਤੇ ਜਾਂਦੇ ਪਏ ਨੇਂ ਜਿਹੜਾ ਭਾ ਨੇ ਕਲ੍ਹ ਸ਼ਿਕਾਰ ਕੀਤਾ ਸੀ ।

ਬੰਦਿਆਂ ਮਾਸ ਦੇ ਡੱਕਰੇ ਕਰਕੇ ਲੱਕੜ ਦੇ ਬਕਸੇ ਵਿਚ ਜੋੜਿਆ, ਪਿੰਜਰ ਮੈਦਾਨ ਵਿਚ ਜਨਾਵਰਾਂ ਲਈ ਛੱਡਿਆ ਤੇ ਬਕਸੇ ਨੂੰ ਭਾ ਦੀ ਜੀਪ ਵਿਚ ਲਾਹੌਰ ਮਿਸਟਰ ਵੈਬਸਟਰ ਦੇ ਘੱਰ ਲੈ ਗਏ ।

ਜਿਹਨੇ ਵੀ ਉਸ ਜਨਾਵਰ ਨੂੰ, ਜਿਹਦਾ ਨਾਂ ਲੈਣ ਨਾਲ ਜੀਭ ਪਲੀਤ ਹੋ ਜਾਂਦੀ ਏ, ਹੱਥ ਲਾਇਆ ਉਹਨੂੰ ਪਾਕ ਹੋਣ ਲਈ ਮੌਲਵੀ ਸਾਬ ਕੋਲ ਜਾਣਾ ਪਿਆ । ਮਾਂ ਜੀ ਨੇ ਸੋਕੀ, ਮੱਖਣ ਤੇ ਸ਼ੀਦੇ ਨੂੰ ਨਹਾ ਕੇ, ਪਾਣ ਲਈ ਭਾ ਦੇ ਪੁਰਾਣੇ ਸਰਾਣੇ ਲੀੜੇ ਦਿੱਤੇ, ਫਿਰ ਵੀ ਕੋਈ ਉਨ੍ਹਾਂ ਦੇ ਨੇੜੇ ਨਹੀਂ ਸੀ ਲੱਗਣਾ ਚਾਹੁੰਦਾ ।

ਰਾਤੀਂ ਮੈਂ ਕੁੱਤਿਆਂ ਤੇ ਬਗਿਆੜਾਂ ਨੂੰ ਪਿੰਜਰ ਤੇ ਲੜਦਿਆਂ ਸੁਣਿਆ । ਅੱਜ ਸਵੇਰੇ ਅਸੀਂ ਸਾਰੇ ਬਾਲ ਅੰਮਾਂ ਜੀਵਾਂ ਨਾਲ ਪਿੰਜਰ ਵੇਖਣ ਗਏ, ਲਾਲ ਕੀੜੇ ਨਬੇੜ ਕੇ ਟੁਰ ਗਏ ਸਨ ਪਰ ਗਿਰਜਾਂ ਤੇ ਇੱਲਾਂ ਹਾਲੀ ਵੀ ਪਿੰਜਰ ਠੂੰਗਦੇ ਪਏ ਸਨ । ਮੈਨੂੰ ਇੱਕ ਨਿੱਕੀ ਜਿਹੀ ਹੱਡੀ ਲੱਭੀ ਜਿਹੜੀ ਹੁਣ ਮੇਰੇ ਫ਼ਰਾਕ ਦੇ ਘੇਰੇ ਵਿੱਚ ਏ । ਮਾਂ ਜੀ ਆਹੰਦੇ ਨੇਂ ਜੇ ਸਾਨੂੰ ਕੋਈ ਹੱਡੀ ਮਿਲੇ ਤੇ ਮੁਰਦੇ ਦੇ ਇਹਤਰਾਮ ਲਈ ਉਹਨੂੰ ਉਸੇ ਵੇਲੇ ਭੋਏਂ ਵਿਚ ਨੱਪ ਦਈਏ । ਮੈਂ ਇਸ ਵਾਰੀ ਇਹ

ਨਹੀਂ ਕੀਤਾ ਕਿਉਂ ਜੇ ਮੈਨੂੰ ਕੁੱਝ ਹੱਡੀਆਂ ਟਰੰਕ ਵਿਚ ਆਵਦੇ ਡਾਕਟਰੀ ਸਮਿਆਨ ਲਈ ਚਾਹੀਦੀਆਂ ਨੇਂ ।

ਇਕ ਵਾਰੀ ਮੈਂ ਮਾਂ ਜੀ ਨਾਲ ਲਾਹੌਰ ਇਕ ਡਾਕਟਰ ਦੇ ਦਫ਼ਤਰ ਗਈ, ਉਹਦੇ ਕਮਰੇ ਵਿਚ ਕਿੰਨੀਆਂ ਵੜੀਆਂ ਸ਼ੈਆਂ ਨਵੇਕਲੀਆਂ ਸਨ । ਮੈਨੂੰ ਸਟੈਥੋਸਕੋਪ ਡਾਢਾ ਭਾਇਆ, ਉਹਦੇ ਨਾਲ ਮੈਂ ਹਰ ਕਿਸੇ ਦੇ ਦਿਲ ਦੀ ਧੜਕਣ ਸੁਣ ਸਕਦੀ ਆਂ ਪਰ ਇਸ ਵੇਲੇ ਉਹ ਮੇਰੇ ਕੋਲ ਕੋ ਨੀ । ਭਾ ਆਹੰਦਾ ਏ ਬਈ ਡਾਕਟਰ ਬਣਨ ਲਈ ਮੈਨੂੰ ਘੱਟੋ ਘੱਟ ਪੰਜੀ ਵਰ੍ਹੇ ਪੜ੍ਹਨਾ ਪਏ ਗਾ ਤੇ ਟੀਚਰ ਬਣਨ ਲਈ ਪੰਦਰ੍ਹਾਂ । ਭਾਵੇਂ ਮੈਂ ਡਾਕਟਰ ਬਣਾਂ ਯਾਂ ਟੀਚਰ, ਸਟੈਥੋਸਕੋਪ ਮੈਨੂੰ ਜ਼ਰੂਰੀ ਮਿਲੇ ਗਾ । ਜੇ ਟੀਚਰ ਬਣੀ ਤੇ ਨੂਰੋ ਡਾਕਟਰ ਹੋਵੇਗੀ ਤੇ ਉਹ ਮੈਨੂੰ ਆਵਦਾ ਵਰਤਣ ਦੇਵੇਗੀ ਕਿਉਂ ਜੇ ਸਾਡੇ ਖਿਡੋਣੇ ਸਾਂਝੇ ਨੇਂ ।

ਇਕ ਜੰਗੀ ਜਹਾਜ਼ ਸ਼ੋਰ ਪਾਂਦਾ ਚਮਕੀਲੇ ਨੀਲੇ ਅਸਮਾਨਾਂ ਤੋਂ ਲੰਘਦਾ ਏ, ਮੈਨੂੰ ਪਤਾ ਏ ਬਈ ਇਹ ਜਹਾਜ਼ ਏਨਾ ਤੇਜ਼ ਉੱਡਦਾ ਏ ਕਿ ਵੈਰੀ ਇਹਨੂੰ ਵੇਖ ਵੀ ਨਹੀਂ ਸਕਦੇ ਤੇ ਮਾਰਨਗੇ ਕਿਵੇਂ । ਬਾਹਰ ਤਾਕੀ ਅੱਗੇ ਬਾਲ ਜਹਾਜ਼ ਨੂੰ ਘਸੁੱਨ ਵਿਖਾਂਦੇ ਪਏ ਨੇਂ । ਨੂਰ ਜਮਾਲੋ ਦਾ ਨਿੱਕਾ ਭਰਾ ਹੱਸੂ ਪਾਕਿਸਤਾਨ ਜ਼ਿੰਦਾ ਬਾਦ ਦਾ ਨਾਅਰਾ ਲਾਂਦਾ ਏ ਤੇ ਫ਼ੌਜਾਂ ਨੂੰ ਟਰੈਂਚਾਂ ਵਿੱਚੋਂ ਲਾਇਨ ਬਣਾ ਕੇ ਬਾਹਰ ਆਨ ਦਾ ਹੁਕਮ ਦਿੰਦਾ ਏ ।

ਇਕ ਹੋਰ ਜਹਾਜ਼ ਆਂਦਾ ਏ, ਯਾਂ ਖ਼ੌਰੇ ਉਹੀਓ ਮੁੜ ਲੰਘਦਾ ਏ ।

"ਹਾਓ" ਸਾਈਂ ਜੀ ਜਿਹੜੇ ਪਰੋਹਣਿਆਂ ਦੇ ਮੰਜੇ ਤੇ ਬੈਠੇ ਨਮਾਜ਼ ਪੜ੍ਹਦੇ ਪਏ ਸਨ, ਮਾਂ ਜੀ ਵੱਲ ਡਰੀਆਂ ਅੱਖੀਂ ਨਾਲ ਵੇਹੰਦੇ ਨੇਂ ।

"ਤਸੱਲਾ ਰੱਖੋ ਸਾਈਂ ਜੀ, ਇਹ ਆਵਦਾ ਏ" ਮਾਂ ਜੀ ਸਿਲਾਈ ਕਰਦਿਆਂ ਆਹੰਦੇ ਨੇਂ ।

ਸਾਈਂ ਜੀ ਫਿਰ ਵੀ ਕੰਬੀ ਜਾਂਦੇ ਨੇਂ ।

ਵਡੇਰੇ ਹੋ ਕੇ ਵੀ ਸਾਈਂ ਜੀ ਜਹਾਜ਼ਾਂ ਤੋਂ ਏਨਾ ਤਰਾਹੰਦੇ ਨੇਂ ਕਿ ਜਿਵੇਂ ਈ ਜੰਗ ਲੱਗੀ, ਉਹ ਗੁਜਰਾਂਵਾਲੇ ਤੋਂ ਇੱਥੇ ਆ ਗਏ । ਹੋਰ ਤੇ ਹੋਰ ਸਾਈਂ ਜੀ ਕੁੱਤਿਆਂ ਤੇ ਜਿੰਨਾਂ ਤੋਂ ਵੀ ਡਰ ਜਾਂਦੇ ਨੇਂ ।

"ਹਿੰਦੂ ਹਜ਼ਾਰ ਮੀਲ ਪਰੇ ਬੰਗਾਲੀ ਮੁਸਲਮਾਨਾਂ ਨੂੰ ਪਏ ਮਾਰਦੇ ਨੇਂ ਤੇ ਇਹ ਇੱਥੇ ਉੱਡ ਉੱਡ ਕੇ ਸਾਨੂੰ ਡਰਾਂਦੇ ਫਿਰਦੇ ਨੇਂ" ਮਾਂ ਜੀ ਸੂਈ ਵਿਚ ਧਾਗਾ ਪਾਂਦਿਆਂ ਆਹੰਦੇ ਨੇਂ ।

"ਟੈਨ ਸ਼ਨ" ਹੱਸੂ ਬਾਹਰ ਫ਼ੌਜਾਂ ਨੂੰ ਆਰਡਰ ਕਰਦਾ ਏ "ਲੈਫ਼ਟ ਰੈਟ, ਲੈਫ਼ਟ ਰੈਟ"।

ਫ਼ੌਜਾਂ ਲੈਫ਼ਟ ਰਾਇਟ ਕਰ ਕਰ ਕੇ ਟਰੈਂਚਾਂ ਵਿੱਚੋਂ ਨਿਕਲਣ ਲੱਗ ਪੈਂਦੀਆਂ ਨੇਂ ।

"ਓ ਹੋ ਬਾਲਾਂ ਅੰਤ ਚਾਈ ਹੋਈ ਏ, ਇਨ੍ਹਾਂ ਦੀਆਂ ਮਾਵਾਂ ਨੂੰ ਹੁਣ ਮੁੜ ਆਣਾ ਚਾਹੀਦਾ ਏ" ਮਾਂ ਜੀ ਆਹੰਦੇ ਨੇਂ।

"ਬੇਬੀਏ" ਸਾਈਂ ਜੀ ਹੰਝੂ ਭਰੀਆਂ ਅੱਖੀਂ ਨਾਲ ਮਾਂ ਜੀ ਨੂੰ ਬੁਲਾਂਦੇ ਨੇਂ ।

"ਸਾਈਂ ਜੀ, ਖ਼ੁਦਾ ਨਖ਼ਾਸਤਾ ਤੁਸੀਂ ਕਿਉਂ ਰੋਣ ਪੈ ਗਏ ਓ?" ਮਾਂ ਜੀ ਸਿਲਾਈ ਆਲੀ ਛੱਬੀ ਪਰਾਂਹ ਕਰ ਦਿੰਦੇ ਨੇਂ ।

"ਮੈਂ ਬੀਬੀ ਕੋਲ ਜਾਣਾਂ" ਸਾਈਂ ਜੀ ਸਿਸਕਾਰਦੇ ਨੇਂ ।

"ਆਹੋ, ਤੁਸੀਂ ਖ਼ਦੀਜਾ ਕੋਲ ਚਲੇ ਜਾਣਾ, ਮਸ਼ਰਕੀ ਪਾਕਿਸਤਾਨ ਵਿੱਚ ਜੰਗ ਮੁੱਕਣ ਆਲੀ ਏ"।

"ਮਾਂ ਜੀ, ਮਸ਼ਰਕੀ ਪਾਕਿਸਤਾਨ ਦਾ ਨਵਾਂ ਨਾਂ ਬੰਗਲਾ ਦੇਸ਼ ਏ" ਮੈਂ ਆਹਨੀ ਆਂ, ਭਾ ਨੇ ਕਲ੍ਹ ਈ ਮੈਨੂੰ ਸਿਖਾਇਆ ਸੀ ।

"ਕੀ?" ਮਾਂ ਜੀ ਖਿੱਝ ਕੇ ਮੇਰੇ ਅਲ ਵੇਂਹਦੇ ਨੇਂ "ਪੁਤੱਰ, ਇਹ ਹਿੰਦੂਆਂ ਦਾ ਪ੍ਰਾਪੇਗੰਡਾ ਏ । ਬੰਗਾਲ ਕਿਵੇਂ ਮਸ਼ਰਕੀ ਪਾਕਿਸਤਾਨ ਨਹੀਂ? ਉੱਥੇ ਈ ਤੇ ਤਹਿਰੀਕ ਸ਼ੁਰੂ ਹੋਈ ਸੀ" ਉਹ ਮੰਜੇ ਤੋਂ ਉੱਠ ਕੇ ਸਾਈਂ ਜੀ ਵੱਲ ਜਾਂਦੇ ਨੇਂ ਜਿਹੜੇ ਹੁਣ ਰੋਂਦੇ ਪਏ ਨੇਂ "ਸਾਈਂ ਜੀ, ਜੇ ਤੁਸੀਂ ਐਵੇਂ ਈ ਰੋਂਦੇ ਰਹੇ ਤੇ ਖ਼ਦੀਜਾ ਦੇ ਵੈਰੀ ਬਿਮਾਰ ਹੋ ਜਾਣਗੇ"।

ਮੇਰੀ ਮਾਸੀ ਦਾ ਨਾਂ ਸੁਣਦਿਆਂ ਈ ਸਾਈਂ ਜੀ ਉੱਚੀ ਉੱਚੀ ਰੋਣ ਲੱਗ ਪੈਂਦੇ ਨੇਂ ।

"ਬੀਬੀ, ਓ ਬੀਬੀ" ਸਾਈਂ ਜੀ ਢਹਿੰਦੇ ਹੰਝੂਆਂ ਨਾਲ ਮੇਰੀ ਮਾਸੀ ਨੂੰ ਵਾਜਾਂ ਮਾਰਦੇ ਨੇਂ ।

"ਸਾਈਂ ਜੀ, ਬਾਲ ਨਾ ਪਏ ਬਣੋ, ਹੁਣ ਤੁਹਾਡੀ ਵਾਜ ਗੁਜਰਾਂਵਾਲੇ ਤੇ ਨਹੀਂ ਅੱਪੜ ਸਕਦੀ" ਮਾਂ ਜੀ ਉਨ੍ਹਾਂ ਨੂੰ ਆਵਦੀ ਚੁੰਨੀ ਦਾ ਪੱਲੂ ਹੰਝੂ ਪੂੰਝਣ ਲਈ ਦਿੰਦੇ ਨੇਂ ।

ਇਹਦੇ ਤੇ ਸਾਈਂ ਜੀ ਵੈਣ ਪਾਣ ਲੱਗ ਪੈਂਦੇ ਨੇਂ ।

ਮਾਂ ਜੀ ਉਨ੍ਹਾਂ ਨੂੰ ਕਲਾਵੇ ਲੈਣ ਦੀ ਕਰਦੇ ਨੇਂ ਪਰ ਉਨ੍ਹਾਂ ਦੇ ਹੱਥ ਸਾਈਂ ਜੀ ਦੇ ਦੁਆਲੇ ਮਿਲਦੇ ਨਹੀਂ । ਮੈਂ ਬਾਹੀਂ ਪੂਰੀਆਂ ਖੋਲ ਕੇ ਵੀ ਸਾਈਂ ਜੀ ਨੂੰ ਜੱਫੀ ਵਿਚ ਨਹੀਂ ਲੈ ਸਕਦੀ ।

"ਸਾਈਂ ਜੀ, ਮਾਂ ਸਦਕੇ, ਖ਼ਦੀਜਾ ਯਾਦ ਆਵੇ ਤੇ ਰੋਵੋ ਨਾ, ਉਹਦੀ ਤਨਦਰੁਸਤੀ ਲਈ ਦੁਆ ਕਰੋ" ਮਾਂਜੀ ਉਨ੍ਹਾਂ ਨੂੰ ਮੋਢਿਆਂ ਤੋਂ ਫੜ ਕੇ ਹਿਲਾਣ ਦੀ ਕੋਸ਼ਿਸ਼ ਕਰਦੇ ਨੇਂ ।

"ਅੱਲਾਹ ਮਾਫ਼ੀ" ਸਾਈਂ ਜੀ ਉਂਗਲਾਂ ਦੇ ਪੋਟੇ ਜੀਭ ਤੇ ਰੱਖ ਕੇ ਕੰਨਾਂ ਨੂੰ ਲਾਂਦੇ ਨੇਂ "ਜਹਾਜ ਆਊ ਗਾ, ਬੰਬ ਚਲਾਊ ਗਾ, ਮੈਂ ਬੀਬੀ ਤੋਂ ਦੂਰ ਪ੍ਰਦੇਸ ਬਿੱਚ ਮਰ ਜਾਵੂੰ ਗਾ" ਉਹ ਆਹੰਦੇ ਨੇਂ ਤੇ "ਮੈਂ ਬੀਬੀ ਕੋਲ ਮਰਨਾਂ" ਆਖਣ ਲੱਗ ਪੈਂਦੇ ਨੇਂ ।

"ਹੋ ਹਾਏ, ਤੁਹਾਡੇ ਲਈ ਸੌ ਕੋਹਾਂ ਦਾ ਪੰਧ ਪ੍ਰਦੇਸ ਏ?"

ਸਾਈਂ ਜੀ ਨਹੀਂ ਸੁਣਦੇ ਤੇ ਹਿੱਲ ਹਿੱਲ ਕੇ "ਬੀਬੀ ਕੋਲ ਮਰਨਾਂ" ਜੱਪਦੇ ਰਹਿੰਦੇ ਨੇਂ ।

ਮੈਨੂੰ ਕਾਪੀ ਵਿਚ "ਥੈਂਕ ਯੂ" ਲਿਖਣਾ ਬੰਦ ਕਰਨਾ ਪੈਂਦਾ ਏ, ਸਾਈਂ ਜੀ ਏਨੀ ਜ਼ੋਰ ਜ਼ੋਰ ਦੀ ਵਿਰਦ ਕਰਨ ਲੱਗ ਪਏ ਨੇਂ ਕਿ ਉਨ੍ਹਾਂ ਦਾ ਮੰਜਾ ਚਵੀਜ ਚਵੀਜ ਕੇ ਕੰਧ ਨਾਲ ਵੱਜਣ ਲੱਗ ਪਿਆ ਏ ।

"ਜੀਵਾਂ" ਮਾਂ ਜੀ ਸਾਈਂ ਜੀ ਨੂੰ ਹੇਠਾਂ ਡਿੱਗਣ ਤੋਂ ਰੋਕਦਿਆਂ ਵਾਜ ਮਾਰਦੇ ਨੇਂ "ਨੀ ਜੀਵਾਂ"।

ਮੈਂ ਅੰਦਰਲੇ ਚੁੱਲ੍ਹੇ ਆਲੇ ਲੱਕੜ ਦੇ ਬੂਹੇ ਨੂੰ ਤੱਕਣੀ ਆਂ ਬਈ ਹੁਣੇ ਖੁੱਲੇ ਗਾ ਤੇ ਅੰਮਾਂ ਜੀਵਾਂ ਦਾ ਹੱਸਦਾ ਮੂੰਹ ਦਿੱਸੇ ਗਾ ।

ਨਾ ਅੰਮਾਂ ਜੀਵਾਂ ਆਂਦੀ ਏ ਤੇ ਨਾ ਖ਼ੋਰਸ਼ੈਦੀ, ਬਾਊ ਯਾਂ ਸੇਕੀ ।

"ਸਕੀਨਾ" ਮਾਂ ਜੀ ਮੈਨੂੰ ਹਾਕ ਮਾਰਦੇ ਨੇਂ ।

ਮੈਂ ਕੁੱਦ ਕੇ ਮੰਜੇ ਤੇ ਖਲੋ ਜਾਨੀ ਆਂ, ਕਾਪੀ ਪੈਨਸਲ ਮੇਰੇ ਹੱਥ ਵਿਚ ਏ ।

"ਜੀਵਾਂ ਨੂੰ ਬੁਲਾ, ਸਾਈਂ ਜੀ ਨੂੰ ਹਾਲ ਪੈ ਗਿਆ ਏ"।

"ਅੱਛਾ ਜੀ" ਮੈਂ ਮੰਜੇ ਤੋਂ ਥੱਲੇ ਛਾਲ ਮਾਰਨੀ ਆਂ ।

ਸ਼ੁੱਕਰ ਏ, ਮਾਂ ਜੀ ਮੇਰੇ ਪਾਸੇ ਨਹੀਂ ਸਨ ਪਏ ਵੇਂਹਦੇ, ਮੈਂ ਹੁਣੇ ਇਕ ਪੁੱਠਾ ਕੰਮ ਕੀਤਾ ਏ । ਮੰਜੇ ਤੇ ਖਲੋਣਾ ਤੇ ਫਿਰ ਉੱਤੋਂ ਛਾਲ ਮਾਰ ਕੇ ਥੱਲੇ ਆਣਾ ਮਨ੍ਹਾ ਏ । ਮੈਂ ਭੱਜ ਉਠਨੀ ਆਂ, ਇਹੰਦੀ ਵੀ ਇਜਾਜ਼ਤ ਨਹੀਂ ਪਰ ਇਸ ਵੇਲੇ ਠੀਕ ਏ ।

ਸਾਈਂ ਜੀ ਦੇ ਜਾਪ ਦੀ ਅਵਾਜ਼ ਉੱਚੀ ਹੋ ਜਾਂਦੀ ਏ । ਮੈਂ ਮੁੜ ਕੇ ਵੈਹਨੀ ਆਂ, ਮੰਜੀ ਕੰਧ ਨਾਲ ਵੱਜਦੀ ਪਈ ਏ, ਅੱਖੀਂ ਬੰਦ ਨੇਂ, ਬਾਹਵਾਂ ਸਿਰੋਂ ਉੱਤੇ ਲਹਿਰਾਂਦੀਆਂ ਪਈਆਂ ਨੇਂ ਤੇ ਉਨ੍ਹਾਂ ਦੀ ਵੱਡੀ ਸਾਰੀ ਤੋਂਦ ਆਵਦੇ ਆਪ ਹਿਲਦੀ ਪਈ ਏ ।

"ਮੇਂ ਬੀਬੀ ਕੋਲ ਮਰਨਾਂ" ਸਾਈਂ ਜੀ ਸੱਜੇ ਖੱਬੇ ਹਿਲਦਿਆਂ ਮਾਂ ਜੀ ਨਾਲ ਖਹਿ ਪੈਂਦੇ ਨੇਂ ।

ਮਾਂ ਜੀ ਦਰੀ ਤੇ ਢਹਿੰਦੇ ਨੇਂ ਤੇ ਢਹਿੰਦਿਆਂ ਈ ਉੱਠ ਖਲੇ ਹੁੰਦੇ ਨੇਂ ।

"ਸਕੀਨਾ, ਹੁਣ ਜਾ ਵੀ" ਉਹ ਪਿਛਾਂਹ ਮੁੜੇ ਬਿਨਾਂ ਆਹੰਦੇ ਨੇਂ ।

ਮੈਂ ਬੂਹਾ ਖੋਲ ਕੇ ਅੰਦਰਲੇ ਚੁੱਲ੍ਹੇ ਜਾਨੀ ਆਂ ਤੇ ਉੱਥੋਂ ਵੇੜ੍ਹੇ ਦੇ ਥੜੇ ਤੇ ।

ਅੰਮਾਂ ਜੀਵਾਂ ਨਾ ਥੜੇ ਤੇ ਏ, ਨਾ ਬਾਹਰਲੇ ਚੁੱਲ੍ਹੇ ਤੇ, ਨਾ ਟਾਲ੍ਹੀ ਥੱਲੇ ਤੇ ਨਾ ਪੱਖੁਆਂ ਦੇ ਪਿੰਜਰੇ ਕੋਲ ।

ਮੈਂ ਵੇੜ੍ਹੇ ਦੇ ਅਖ਼ੀਰ ਵਿਚ ਤੀਜੇ ਸਟੋਰ ਵੱਲ ਭੱਜਨੀ ਆਂ ਜਿਹੜਾ ਖ਼ੋਰਸ਼ੈਦੀ ਤੇ ਅੰਮਾਂ ਜੀਵਾਂ ਦਾ ਕਮਰਾ ਏ, ਤੇ ਉਹਨੂੰ ਦੱਸਨੀ ਆਂ । ਅੰਮਾਂ ਜੀਵਾਂ ਇਕ ਛੋਡਾ ਚਾਂਦੀ ਏ, ਖ਼ੋਰਸ਼ੈਦੀ ਨੂੰ ਬੁਲਾਂਦੀ ਏ ਤੇ ਮੇਰੇ ਨਾਲ ਆ ਜਾਂਦੀ ਏ ।

ਅੰਦਰ ਸਾਈਂ ਜੀ ਹਾਲੀ ਤੋੜੀ ਹਾਲ ਖੇਡਦੇ ਪਏ ਨੇਂ । ਹੁਣ ਉਨ੍ਹਾਂ ਦੇ ਮੂੰਹ ਵਿੱਚੋਂ ਝੱਗ ਨਿਕਲਦੀ ਪਈ ਏ ਤੇ ਉਹ ਮੰਜੇ ਤੇ ਪਲਸੇਟੇ ਮਾਰਦੇ ਪਏ ਨੇਂ । ਉਨ੍ਹਾਂ ਨੂੰ ਸਾਂਭਦਿਆਂ ਮਾਂ ਜੀ ਪਾਲੇ ਵਿਚ ਵੀ ਪਸੀਨੋ ਪਸੀਨੀ ਨੇਂ ।

ਹੁਣ ਅਸੀਂ ਚਾਰੇ ਉਨ੍ਹਾਂ ਨੂੰ ਕਾਬੂ ਕਰਨ ਲਈ ਜ਼ੋਰ ਲਾਨੇ ਆਂ । ਅੰਮਾਂ ਜੀਵਾਂ ਉਨ੍ਹਾਂ ਦੀ ਜੀਭ ਬਚਾਣ ਲਈ ਦੰਦਾਂ ਵਿੱਚ ਛੋਡਾ ਫਸਾਨਦੀ ਏ, ਸਾਈਂ ਜੀ ਦੇ ਡੇਲੇ ਭੋਂਦੇ ਨੇਂ ਤੇ ਅੱਖੀਂ ਚਿੱਟੀਆਂ ਹੋ ਜਾਂਦੀਆਂ ਨੇਂ ।

"ਅਲਹਮਦੁ ਲਿੱਲਾਹ, ਹੁਣ ਖ਼ੈਰ ਏ" ਮਾਂ ਜੀ ਸਾਈਂ ਜੀ ਦਾ ਸਿਰ ਸਿਰਹਾਣੇ ਤੇ ਰੱਖ ਕੇ ਉਨ੍ਹਾਂ ਦਾ ਮੂੰਹ ਪੂੰਝਦੇ ਨੇਂ ।

ਸਾਈਂ ਜੀ ਬੇਹੋਸ਼ ਨੇਂ । ਸੁਰਮਾ ਹੰਝੂਆਂ ਨਾਲ ਵਗ ਕੇ ਗੱਲ੍ਹਾਂ ਤੇ ਲੀਕਾਂ ਮਾਰਦਾ ਪਿਆ ਏ ਤੇ ਕਾਲੇ ਵਾਲ ਮੁੜ੍ਹਕੇ ਵਿਚ ਭਿੱਜੇ ਹੋਏ ਨੇਂ । ਪਰ ਸੱਭ ਤੋਂ ਵੱਧ ਡਰਾਕਲਾ ਉਨ੍ਹਾਂ ਦਾ ਵਾਤ ਏ ਜਿੱਥੇ ਦੰਦਾਸੇ ਰੰਗੇ ਬੁੱਲ੍ਹਾਂ ਅੰਦਰ ਚਿੱਟੇ ਟੀਟ ਦੰਦਾਂ ਵਿੱਚ ਇੱਕ ਭੂਰਾ ਛੋਡਾ ਫਸਿਆ ਹੋਇਆ ਏ ।

ਅਸਰ ਦੀ ਬਾਂਗ ਹੋਣ ਲੱਗ ਪਈ ਏ । ਇਸ ਵੇਲੇ ਢਾਈ ਵਜੇ ਹੋਣੇ ਨੇਂ, ਮੇਰੇ ਪੜ੍ਹਨ ਦਾ ਇਕ ਘੰਟਾ ਹੋਰ ਏ । ਮੈਂ ਮੁੜ ਕਾਪੀ 'ਚ 'ਥੈਂਕ ਯੂ' ਲਿਖਣ ਲੱਗ ਪੈਨੀ ਆਂ । ਠੰਡੀ ਵਾਅ ਦਾ ਬੁੱਲਾ ਆਂਦਾ ਏ, ਮੈਂ ਕੰਬ ਜਾਂਨੀ ਆਂ ਪਰ ਤਾਕੀ ਨਹੀਂ ਢੋਂਦੀ। ਤਾਕੀ ਢੋਵਾਂ ਤੇ ਹਨੇਰਾ ਪੈ ਜਾਂਦਾ ਏ ।

ਭਾ ਆਹੰਦਾ ਏ, ਮੈਨੂੰ 'ਥੈਂਕ ਯੂ' ਲਿਖਣਾ ਤੇ ਵਰਤਣਾ ਆਣਾ ਚਾਹੀਦਾ ਏ । ਮੈਨੂੰ ਪਤਾ ਏ ਕਿ ਜਦੋਂ ਕੋਈ ਕੁੱਝ ਲਿਆ ਕੇ ਦੇਵੇ ਯਾਂ ਸਾਡੇ ਲਈ ਕੁੱਝ ਕਰੇ ਤੇ ਉਦੋਂ 'ਥੈਂਕ ਯੂ' ਵਰਤੀ ਦਾ ਏ । ਪਰ ਵਰਤਣ ਏਨਾ ਸੋਖਾ ਨਹੀਂ । ਮੈਨੂੰ ਪਹਿਲੋਂ ਈ ਪਤਾ ਸੀ ਕਿ ਜਦ ਕਿਸੇ ਨੂੰ ਆਵਦੇ ਲਈ ਕੁੱਝ ਕਰਨ ਯਾਂ ਲਿਆਣ ਲਈ ਆਖੀਏ ਤੇ 'ਪਲੀਜ਼' ਵਰਤੀ ਦਾ ਏ । ਪਰ ਜਦੋਂ ਮੈਂ ਅੰਮਾਂ ਜੀਵਾਂ ਤੋਂ ਹੋਰ ਆਂਡਾ ਲੈਣ ਲਈ ਉਹਨੂੰ 'ਪਲੀਜ਼' ਆਖਿਆ ਤੇ ਮਾਂਜੀ ਹੱਸ ਕੇ ਬੋਲੇ ਬਈ ਹਰ ਕਿਸੇ ਨੂੰ 'ਪਲੀਜ਼' ਆਖਣ ਦੀ ਲੋੜ ਨਹੀਂ । ਫਿਰ ਮੈਂ ਖ਼ੋਰਸ਼ੈਦੀ ਨੂੰ 'ਪਲੀਜ਼' ਆਖਿਆ ਬਈ ਉਹ ਮੈਨੂੰ ਪਾਣੀ ਦੇ ਕਨਸਤਰ ਵਿੱਚ ਸਾਬਣ ਘੋਲਣ ਦੇਵੇ ਤੇ ਉਹ ਖਿੜ ਕੇ ਬੋਲੀ ਕਿ ਪਲੀਜ਼ ਆਖਣ ਦੀ ਕੀ ਲੋੜ ਏ । ਪਰ ਜਦੋਂ ਮੈਂ ਭਾ ਦੇ ਨੋਕਰ ਬਾਉ ਨੂੰ ਹੁੱਕਾ ਅੰਦਰ ਲਿਆਣ ਲਈ "ਪਲੀਜ਼" ਆਖਿਆ ਤੇ ਭਾ ਦੇ

ਸਾਵੇ ਡੇਲੇ ਉਗਲ ਆਏ, ਕੰਨ ਰੱਤੇ ਹੋ ਗਏ ਤੇ ਉਸ ਆਖਿਆ "ਕਾਕੀ, ਇੱਧਰ ਆ"। ਮੈਂ ਉਹਦੇ ਵੱਲ ਜਾਂਦਿਆਂ ਕੰਬਣ ਲੱਗ ਪਈ । ਉਹਨੇ ਬਾਂਹ ਤੋਂ ਫੜ ਕੇ ਮੈਨੂੰ ਹਿਲਾਇਆ ਤੇ ਆਖਣ ਲੱਗਾ "ਅੱਗੇ ਤੋਂ ਮੇਰੇ ਕਿਸੇ ਕੰਮੀ ਨੂੰ ਪਲੀਜ਼ ਨਾ ਆਖੀਂ"। ਭਾ ਕੋੜੀਂਦਾ ਏ ਤੇ ਮੈਂ ਡਰ ਜਾਂਨੀ ਆਂ ਕਿਉਂ ਜੇ ਉਹ ਕਾਵੜ ਵਿਚ ਮੈਨੂੰ ਫੱਟ ਵੀ ਲਾ ਸਕਦਾ ਏ, ਜਿਵੇਂ ਉਸ ਵਾਰੀ ਮੇਰੀ ਬਾਂਹ ਦੋ ਦਿਹਾੜੇ ਪੀੜ ਕਰਦੀ ਰਹੀ ਤੇ ਉਦੋਂ ਵੱਲ ਹੋਈ ਜਦ ਨੂਰ ਜਮਾਲੋ ਨੇ ਆਵਦੇ ਪਿਓ ਦੀਆਂ ਲੱਕ ਪੀੜ ਦੀਆਂ ਦੋ ਗੋਲੀਆਂ ਚੋਰੀ ਲਿਆ ਕੇ ਮੈਨੂੰ ਖਵਾਈਆਂ ।

ਹੁਣ ਮੈਂ ਕਿਸੇ ਨਾਲ ਵੀ "ਪਲੀਜ਼" ਨਹੀਂ ਵਰਤ ਸਕਦੀ । ਜੋ ਕੋਈ ਵੀ ਮੇਰੇ ਲਈ ਕੁੱਝ ਕਰਦਾ ਯਾਂ ਲਿਆਂਦਾ ਏ, ਉਹ ਭਾ ਦਾ ਕੰਮੀ ਏ ਯਾਂ ਮਜ਼ੀਰਾ, ਜਿਹੜੀ ਇੱਕੋ ਗੱਲ ਏ ।

ਮੈਂ ਤਾਕੀ ਵਿੱਚੋਂ ਬਾਹਰ ਵੇਹਨੀ ਆਂ, ਵੇੜ੍ਹੇ ਦੇ ਗੇਟ ਅੱਗੇ ਦੋ ਬਾਹਰਲੇ ਕੁੱਤੇ ਮਿੱਟੀ ਸੁੰਘਦੇ ਪਏ ਨੇਂ ਉਨ੍ਹਾਂ ਵਿੱਚੋਂ ਇਕ ਮੈਨੂੰ ਲੋਹੇ ਦੀਆਂ ਸਲਾਖ਼ਾਂ ਪਿੱਛੇ ਵੇਖ ਲੈਂਦਾ ਏ ।

"ਕੁੱਤੇ" ਮੈਂ ਉੱਚੀ ਸਾਰੀ ਆਹਨੀ ਆਂ, ਤੇ ਕਾਪੀ ਲੈ ਕੇ ਮੰਜੇ ਤੋਂ ਉੱਠ ਖਲੋਨੀ ਆਂ ।

"ਸਕੀਨਾ, ਨਿਗਾਹ ਆਵਦੇ ਕੰਮ ਤੇ ਰੱਖ, ਪਿੰਡ ਵਿੱਚ ਬਥੇਰੇ ਕੰਮੀ ਨੇਂ, ਕੋਈ ਨਾ ਕੋਈ ਇਨ੍ਹਾਂ ਨੂੰ ਭਜਾ ਦੇਵੇ ਗਾ" ਮਾਂ ਜੀ ਆਹੰਦੇ ਨੇਂ ।

ਕੁੱਤਾ ਮੇਰੀ ਤਾਕੀ ਹੇਠਾਂ ਖੜੇ ਨੂੰ ਵੇਹੰਦਾ ਏ ਤੇ ਮੁੜ ਗੇਟ ਨੂੰ ਟੁਰ ਪੈਂਦਾ ਏ ।

"ਮੈਨੂੰ ਤ੍ਰੇਹ ਲੱਗੀ ਏ" ਮੈਂ ਮਾਂ ਜੀ ਨੂੰ ਆਹਨੀ ਆਂ ।

"ਦੇਰ ਨਾ ਲਾਵੀਂ" ਮਾਂ ਜੀ ਆਹੰਦੇ ਨੇਂ ।

"ਜੀ" ਮੈਂ ਕਾਪੀ ਸਰ੍ਹਾਂਦੀ ਰੱਖ ਕੇ ਹੋਲੇ ਟੁਰਦੀ ਅੰਦਰਲੇ ਚੁੱਲ੍ਹੇ ਜਾਂਨੀ ਆਂ, ਮੁੜ ਉੱਥੋਂ ਭੱਜ ਕੇ ਵੇੜ੍ਹੇ ਨੂੰ ।

ਮਾਂ ਜੀ ਨੂੰ ਪਤਾ ਨਹੀਂ ਕਿ ਭਾ ਨੇ ਗਾਮੂ ਨੂੰ ਆਖ ਕੇ ਕਲ੍ਹ ਮੇਰੀ ਤੋਤੀ ਦੇ ਪਰ ਕਪਵਾ ਦਿੱਤੇ ਸਨ ਕਿ ਉਹ ਉੱਡ ਨਾ ਪਵੇ, ਹੁਣ ਉਹ ਕੁੱਤਿਆਂ ਸਣੇ ਸਾਰੇ ਵੈਰੀਆਂ ਅੱਗੇ ਬੇਵਸ ਏ ।

ਕੁੱਤੇ ਵੇੜ੍ਹੇ ਅੱਪੜ ਗਏ ਨੇਂ ।

ਕੁਕੜੀਆਂ ਨੇ ਚੂਚਿਆਂ ਨੂੰ ਕਬੂਤਰਾਂ ਤੇ ਤੋਤਿਆਂ ਨਾਲ ਪਿੰਜਰੇ ਵਿੱਚ ਡੱਕ ਦਿੱਤਾ ਏ ਤੇ ਆਪ ਸ਼ਾਹ ਮੁਰਗ਼ ਸਣੇ ਪਿੰਜਰੇ ਦਾ ਬੂਹਾ ਮੱਲ ਕੇ ਖੱਲ੍ਹੀਆਂ ਨੇਂ । ਮੇਰੀ ਤੋਤੀ ਪਿੰਜਰੇ ਵਿੱਚ ਕੋ ਨੀ ।

ਕਾਵਾਂ ਨੇ ਕਾਂ ਕਾਂ ਕਰ ਕੇ ਸਾਡੇ ਉੱਤੇ ਉੱਡਣਾ ਸ਼ੁਰੂ ਕਰ ਦਿੱਤਾ ਏ ।

"ਓਹੋ ਹੋ" ਅੰਮਾਂ ਜੀਵਾਂ ਆਵਦੀ ਖੜਾਉਂ ਕੁੱਤਿਆਂ ਨੂੰ ਹਿਲਾ ਹਿਲਾ ਕੇ ਵਿਖਾਂਦੀ ਏ ਤੇ ਫਿਰ ਖਿੱਚ ਕੇ ਉਨ੍ਹਾਂ ਵੱਲ ਚਲਾਂਦੀ ਏ ।

ਦੋਵੇਂ ਕੁੱਤੇ ਖਲੋ ਕੇ ਖੜਾਉਂ ਪਰੇ ਢਹਿੰਦੇ ਵੇਹੰਦੇ ਨੇਂ ਤੇ ਮੁੜ ਪਿੰਜਰੇ ਨੂੰ ਟੁਰ ਪੈਂਦੇ ਨੇਂ।

"ਫ਼ੋਜਾਂ ਆਜੋ" ਮੈਂ ਬਾਹਰ ਵੱਲ ਮੂੰਹ ਕਰਕੇ ਹਾਕ ਮਾਰਨੀ ਆਂ ਤੇ ਭਾਂਡਿਆਂ ਦੇ ਛਿੱਕੂ ਵਿੱਚੋਂ ਇਕ ਫ਼ਰਾਈਪੈਨ ਚਾ ਲੈਨੀ ਆਂ ।

ਬਾਹਰ ਭੱਜਦੜ ਮੱਚਦੀ ਏ ।

"ਖ਼ਾਲਸਾ ਸੱਜੇ, ਖ਼ਾਲਸਾ ਖੱਬੇ" ਬਾਲ ਮਾਰਚ ਕਰਦੇ ਵੇੜ੍ਹੇ ਵੜਦੇ ਨੇਂ ਤੇ ਸੋਟੀਆਂ, ਗੋਹੇ ਦੀਆਂ ਪੇਸੀਆਂ ਤੇ ਰੋੜਿਆਂ ਨਾਲ ਕੁੱਤਿਆਂ ਤੇ ਹੱਲਾ ਬੋਲ ਦਿੰਦੇ ਨੇਂ । ਅਸੀਂ ਕੁੱਤਿਆਂ ਨੂੰ ਵੇੜ੍ਹਿਉਂ ਨਸਾ ਕੇ ਗੇਟੋਂ ਬਾਹਰ ਕੱਢਣੇ ਆਂ ।

ਮੈਂ ਬਾਹਰ ਨਹੀਂ ਜਾ ਸਕਦੀ, ਮਾਂ ਜੀ ਮੈਨੂੰ ਤਾਕੀ ਵਿੱਚੋਂ ਵੇਖ ਲੈਣ ਗੇ ।

ਤੋਤੀ ਲੱਭਨੀ ਆਂ, ਉਹ ਨਾ ਰੁੱਖ ਤੇ, ਨਾ ਪੜਛੱਤੀ ਤੇ । ਖ਼ੋਰੇ ਕਿਸੇ ਗੇਟ ਖੁੱਲ੍ਹਾ ਛੱਡ ਦਿੱਤਾ ਹੋਵੇ ਤੇ ਉਹ ਬਾਹਰ ਨਿਕਲ ਕੇ ਖੜੀਜ ਗਈ ਹੋਵੇ ।

ਮੈਂ ਗੇਟ ਤੇ ਜਾਂਨੀ ਆਂ ।

"ਆਜਾ ਬੀਬੀ" ਅੰਮਾਂ ਜੀਵਾਂ ਮੈਨੂੰ ਗੇਟ ਤੋਂ ਪਰਾਂਹ ਰਹਿਣ ਲਈ ਆਹੰਦੀ ਏ ।

"ਨੀ ਅੰਮਾਂ ਜੀਵਾਂ" ਖ਼ੋਰਸ਼ੈਦੀ ਛਾਬੀ ਵਿਚ ਗੰਡੇ, ਥੋਮ, ਅਦਰਕ ਤੇ ਟਮਾਟਰ ਲਿਆਂਦੀ ਏ "ਭਾਅ ਜੀ ਨੂੰ ਇਹ ਪੂਰੇ ਨੇਂ ?" ਉਹ ਪੁੱਛਦੀ ਏ ।

"ਏਨੇ? ਕਿਉਂ, ਅੱਜ ਤੇਰੀ ਜੰਜ ਢੁਕਨੀ ਏ ?" ਅੰਮਾਂ ਜੀਵਾਂ ਛਾਬੀ ਖੋਹ ਲੈਂਦੀ ਏ । ਖ਼ੋਰਸ਼ੈਦੀ ਖੀ ਖੀ ਕਰਦੀ ਉਹਦੇ ਮਗਰ ।

"ਖ਼ੋਰਸ਼ੈਦੀ, ਤੂੰ ਮੇਰੀ ਤੋਤੀ ਕਿੱਧਰੇ ਵੇਖੀ ਏ?" ਮੈਂ ਪੁੱਛਨੀ ਆਂ ।

"ਤੇਰੀ ਤੋਤੀ?" ਖ਼ੋਰਸ਼ੈਦੀ ਹੱਸਦੀ ਏ "ਵਿਚਾਰੀ ਚੂਹੀ ਵਰਾਂਡੇ ਵਿੱਚ ਲੁਕੀ ਹੋਈ ਏ"।

"ਇਹ ਉਹਦਾ ਕਸੂਰ ਤੇ ਨਹੀਂ, ਭਾਅ ਨੇ ਜੋ ਉਹਦੇ ਖੰਭ ਕਪਵਾ ਦਿੱਤੇ ਨੇਂ" ਮੈਂ ਖ਼ੋਰਸ਼ੈਦੀ ਨੂੰ ਈ ਦੱਸਨੀ ਆਂ ਜਿਹੜੀ ਆਪ ਗਾਮੂ ਲਈ ਮਾਂ ਜੀ ਦੀ ਸਿਲਾਈ ਆਲੀ ਕੈਂਚੀ ਲੈ ਕੇ ਆਈ ਸੀ ।

"ਬੀਬੀ ਪਰਾਂਹ ਹੋ, ਮੈਨੂੰ ਗੇਟ ਖੋਲਣ ਦੇ ਜ਼ਨਾਨੀਆਂ ਆਂਦੀਆਂ ਪਈਆਂ ਨੇਂ" ਅੰਮਾਂ ਜੀਵਾਂ ਮੈਨੂੰ ਧਿੱਕ ਕੇ ਪਾਸੇ ਕਰਦੀ ਏ ।

ਮੈਂ ਪਿਛਾਂਹ ਹੋ ਕੇ ਉਹਨੂੰ ਗੇਟ ਖੋਲਣ ਦੇਨੀ ਆਂ ਤੇ ਫਿਰ ਪੱਬਾਂ ਭਾਰ ਖਲੋ ਕੇ ਵੇਹਨੀ ਆਂ ਮਤਾਂ ਨੂਰ ਜਮਾਲੋ ਦੀ ਮਾਂ ਮਾਸੀ ਉਮਰਾਂ ਆਂਦੀ ਹੋਵੇ । ਸਾਹਮਣੇ ਟਿਊਬ ਵੈੱਲ ਆਲੀ ਸੜਕ ਤੇ ਉਨੱਤੀ ਜ਼ਨਾਨੀਆਂ ਗਿਣੀਆਂ ਜਿਹੜੀਆਂ ਗੁਲਿਆਂ ਦੀਆਂ ਪੰਡਾਂ ਚਾ ਕੇ ਆਂਦੀਆਂ ਪਈਆਂ ਨੇਂ । ਮਾਸੀ ਉਮਰਾਂ ਉਨ੍ਹਾਂ ਨਾਲ ਕੋ ਨੀ ।

ਜ਼ਖ਼ੀਰੇ ਵਿੱਚ ਚਾਂਦੀ ਰੰਗੇ ਸਫ਼ੈਦੇ ਬਿਨਾਂ ਪੱਤਰ ਖਲੇ ਨੇਂ । ਨਾਲੋਂ ਲੰਘਦੀ ਕੱਚੀ ਸੜਕ ਪਿੰਡ ਦੇ ਦੂਜੇ ਪਾਸੇ ਟਿਊਬ ਵੈੱਲ ਤੋੜੀ ਜਾਂਦੀ ਏ । ਮੈਨੂੰ ਸਰਦੀਆਂ ਪਸੰਦ ਲਗਦੀਆਂ ਨੇਂ ਕਿਉਂ ਜੇ ਮੈਂ ਦੂਰ ਪਾਰ ਵੇਖ ਸਕਨੀ ਆਂ ।

ਬਾਉ ਭਾ ਦੀ ਬਾਹਰਲੀ ਬੈਠਕ ਵਿਚ ਬੋਕਰ ਦਿੰਦਾ ਪਿਆ ਏ । ਫਿਰ ਮੰਜੀਆਂ ਡਾਹਵੇ ਗਾ, ਖੇਸ ਤੇ ਸਿਰਹਾਣੇ ਰੱਖੇ ਗਾ, ਪਰ ਵੇਖਣ ਆਲਾ ਕੰਮ ਏ ਜਦੋਂ ਉਹ ਸਾਰੀ ਰਾਤ ਬਲਣ ਆਲਾ ਲਾਂਬੂ ਭਖਾਂਦਾ ਏ ।

"ਵੇ ਬਾਉ" ਅੰਮਾਂ ਜੀਵਾਂ ਹਾਕ ਮਾਰਦੀ ਏ, "ਜਭਦੇ ਆ"।

"ਚੰਗਾ" ਬਾਉ ਆਹੰਦਾ ਏ ।

ਮੇਰੇ ਵੇਹੰਦਿਆਂ ਵੇਹੰਦਿਆਂ ਵੇੜ੍ਹਾ ਜ਼ਨਾਨੀਆਂ ਨਾਲ ਤੇ ਨਵੀਂ ਮੱਕੀ ਦੀ ਮਿੱਠੀ ਵਾਸ਼ਨਾ ਨਾਲ ਭਰ ਜਾਂਦਾ ਏ ।

ਪਾਲੇ ਵਿਚ ਵੀ ਹਰ ਕੋਈ ਟਾਲ੍ਹੀ ਥੱਲੇ ਜਾਂਦਾ ਏ । ਇਸ ਟਾਲ੍ਹੀ ਥੱਲੇ ਫ਼ਸਲਾਂ ਦੀ ਵੰਡੀ ਹੁੰਦੀ ਏ, ਕਣਕ ਤੂੜੀ ਤੋਂ ਵੱਖ ਹੁੰਦੀ ਏ, ਕਪਾਹ ਤੋਂ ਰੂੰ ਤੇ ਰੂੰ ਤੋਂ ਪੂਣੀਆਂ ਬਣ ਕੇ ਕਤੀਂਦੀਆਂ ਨੇਂ, ਗੰਨੇ ਦਾ ਰਸ ਗੁੜ ਬਣਦਾ ਏ, ਸਬਜ਼ੀਆਂ ਤੇ ਫੱਲ ਧਵੀਜ ਕੇ ਜੁੰਮ੍ਹਾ ਮੰਡੀ ਲਈ ਤੁਲੀਂਦੇ ਨੇਂ। ਦਿਨ ਵੇਲੇ ਬਾਲ ਉਰਦੂ ਪੜ੍ਹਨਾ ਲਿਖਣਾ ਸਿੱਖਦੇ ਨੇਂ, ਦੋ ਪਹਿਰਾਂ ਨੂੰ ਨਿੱਕੀਆਂ ਕੁੜੀਆਂ ਤੇ ਬਿਮਾਰ ਜ਼ਨਾਨੀਆਂ ਲੀੜੇ ਸਿਉਣਾ ਤੇ ਕਢਾਈ ਕਰਨਾ ਸਿੱਖਦੀਆਂ ਨੇਂ ।

"ਨੀ ਖ਼ੋਰਸ਼ੈਦ, ਬੇਗਮ ਸਾਬ ਦਾ ਹੁੱਕਾ ਲਿਆ" ਅੰਮਾਂ ਜੀਵਾਂ ਮਾਂ ਜੀ ਦਾ ਪੀੜ੍ਹਾ ਆਵਦੇ ਭੋਛਣ ਨਾਲ ਪੂੰਝ ਕੇ ਵਿਛਾਂਦੀ ਏ ।

ਮਾਂ ਜੀ ਵੇੜ੍ਹੇ ਆ ਗਏ ਨੇਂ, ਹੁਣ ਮੈਨੂੰ ਟਾਲ੍ਹੀ ਦੇ ਮੁੱਢ ਪਿੱਛੇ ਲੁਕ ਕੇ ਉਡੀਕਣਾ ਪਏ ਗਾ ਕਿ ਉਹ ਦੂਜੇ ਪਾਸੇ ਵੇਖਣ ਤੇ ਮੈਂ ਵਰਾਂਡੇ ਨੂੰ ਜਾਵਾਂ ।

ਜ਼ਨਾਨੀਆਂ ਮਾਂ ਜੀ ਨੂੰ ਸਲਾਮ ਆਹੰਦੀਆਂ ਨੇਂ, ਮਾਂ ਜੀ ਜਵਾਬ ਦੇ ਕੇ ਪੀੜ੍ਹੇ ਤੇ ਬਹਿ ਜਾਂਦੇ ਨੇਂ ।

ਅੰਮਾਂ ਜੀਵਾਂ ਉਨ੍ਹਾਂ ਨੂੰ ਚਾਹ ਦਾ ਕੱਪ ਫੜਾਂਦੀ ਏ ।

ਮੈਂ ਹੱਥ ਭੋਏਂ ਤੇ ਰੱਖ, ਕਿਸੇ ਕਤੂਰੇ ਵਾਂਗ ਨੱਠ ਕੇ ਵਰਾਂਡੇ ਦੇ ਉਰਲੇ ਥੰਮ ਤਾਈਂ ਇੰਜ ਆਂਨੀ ਆਂ ਕਿ ਮਾਂ ਜੀ ਮੈਨੂੰ ਜਾਂਦੀ ਨੂੰ ਸਿਹਾਣ ਨਹੀਂ ਸਕਦੇ ।

ਮੈਂ ਥੰਮ ਪਿੱਛੇ ਬਹਿ ਜਾਂਨੀ ਆਂ । ਹੁਣ ਮੈਨੂੰ ਮਾਂ ਜੀ, ਅੰਮਾਂ ਜੀਵਾਂ ਤੇ ਖ਼ੋਰਸ਼ੈਦੀ ਬਾਝ ਹਰ ਕੋਈ ਦੀਹਦਾ ਪਿਆ ਏ ।

ਵਰਾਂਡੇ ਅੰਦਰ ਪੜਛੱਤੀ ਤੇ ਮੇਰੀ ਤੋਤੀ ਕੰਬਦੀ ਪਈ ਏ । ਬੇਰ ਤੇ ਪੀਲੂ ਉਵੇਂ ਈ ਭੁੰਜੇ ਪਏ ਨੇਂ ਜਿਵੇਂ ਸਵੇਰੇ ਮੈਂ ਰੱਖ ਗਈ ਸਾਂ ।

"ਇਬਰਾ, ਤੂੰ ਸ਼ੁਰੂ ਕਰ" ਮਾਂ ਜੀ ਆਹੰਦੇ ਨੇਂ ।

ਮਾਸੀ ਇਬਰਾ ਆਵਦੀ ਪੰਡ ਖੋਲ ਕੇ ਮੱਕੀ ਦੀਆਂ ਗੁੱਲੀਆਂ ਦੇ ਅੱਠ ਹਿੱਸੇ ਬਣਾਂਦੀ ਏ, ਇਕ ਉਹਦਾ, ਇਕ ਮੁਨਸ਼ੀ ਜੀ ਦਾ, ਇਕ ਮੌਲਵੀ ਜੀ ਦਾ, ਦੋ ਪੈਲੀਆਂ ਦੇ ਤੇ ਚਾਰ ਭਾ ਦੇ ।

"ਨੀ ਅੱਧੋ, ਅੱਜ ਸਵੇਰੇ ਨਾਈ ਨੂੰ ਚੋਲ ਦਿੰਦਿਆਂ ਤੂੰ ਫਿਰ ਛਾਤੀਆਂ ਕੱਢ ਕੇ ਟੁਰੀ ਫਿਰਦੀ ਸੈਂ । ਤੇਰੇ ਕੋਲੋਂ ਆਵਦਾ ਆਪ ਕੱਜ ਕੇ ਨਹੀਂ ਰੱਖਿਆ ਜਾਂਦਾ?" ਮਾਂ ਜੀ ਅੱਧੋ ਨੂੰ ਪੁੱਛਦੇ ਨੇਂ ।

"ਬੇਗ਼ਮ ਸਾਬ, ਦੋ ਤੋੜੇ ਸਿਰ ਤੇ, ਤੇ ਇਕ ਹਿੱਕ ਤੇ ਸੀ, ਲੀੜਾ ਲਹਿ ਗਿਆ ਹੋਣਾ ਏ" ਅੱਧੋ ਆਹੰਦੀ ਏ ।

"ਲੀੜਾ ਤੇਰਾ ਈ ਲਹਿੰਦਾ ਏ, ਪਿੰਡ ਦੀਆਂ ਸਾਰੀਆਂ ਕੁੜੀਆਂ ਤਿੰਨ ਤਿੰਨ ਸਿਰ ਤੇ ਦੋ ਦੋ ਹਿੱਕ ਤੇ ਰੱਖ ਕੇ ਵੀ ਆਵਦਾ ਆਪ ਕੱਜ ਕੇ ਟੁਰਦੀਆਂ ਨੇਂ । ਤੂੰ ਸੱਭ ਕੁੱਝ ਕੱਢ ਕੇ ਵਿਖਾਂਦੀ ਫਿਰਨੀ ਏਂ ਜਦ ਤੇਰਾ ਸਾਈਂ ਸਾਨੂੰ ਹਿੰਦੂਆਂ ਤੋਂ ਬਚਾਣ ਲਈ ਜੰਗਾਂ ਪਿਆ ਲੜਦਾ ਏ" ।

"ਇਹ ਵੇਖੋ ਬੇਗ਼ਮ ਸਾਬ" ਅੱਧੋ ਆਵਦਾ ਭੋਛਣ ਖੋਲ ਕੇ ਵਿਖਾਂਦੀ ਏ, ਜਿਹੜਾ ਇਕ ਅੱਧਾ ਜਿਹਾ ਲੀੜਾ ਏ ।

"ਤੇ ਇਕ ਨਿੱਕੀ ਜਿਹੀ ਚੁੰਨੀ ਜਵਾਨ ਪਿੰਡਾ ਕਿਵੇਂ ਕੱਜ ਸਕਦੀ ਏ?" ਮਾਂ ਜੀ ਆਖ ਕੇ ਅੱਧੋ ਤੋਂ ਮੂੰਹ ਫੇਰ ਲੈਂਦੇ ਨੇਂ ।

"ਮੇਰੇ ਕੋਲ ਹੋਰ ਲੀੜੇ ਕੋ ਨੀ ਬੇਗ਼ਮ ਸਾਬ" ਅੱਧੋ ਕਾਵੜ ਨਾਲ ਕੰਬਦੀ ਏ "ਪੂਰਾ ਵਰ੍ਹਾ ਹੋ ਗਿਆ ਏ, ਉਸ ਟੱਕਾ ਨਹੀਂ ਘੱਲਿਆ, ਮੈਂ ਲੋਕਾਂ ਦੀ ਖ਼ੈਰਾਤ ਤੇ ਗੁਜ਼ਾਰੇ ਪਈ ਕਰਨੀ ਆਂ" ।

"ਬਸ ਬਸ, ਆਵਦੀ ਸੱਸ ਦਾ ਖ਼ਿਆਲ ਕਰ ਜਿਹੜੀ ਸੋਲ੍ਹਵੇਂ ਸਾਲ ਬੇਵਾ ਹੋਈ ਸੀ ਤੇ ਅੱਜ ਤਾਈਂ ਲੋਕੀ ਉਹਦੇ ਚਾਲ ਚਲਨ ਦੀ ਸਹੁੰ ਖਾਂਦੇ ਨੇਂ । ਜੀਵਾਂ, ਅੱਜ ਕੰਮ ਖ਼ਤਮ ਕਰ ਕੇ ਅੱਧੋ ਨੂੰ ਮੇਰੇ ਪੁਰਾਣੇ ਕੱਪੜੇ ਲੱਤੇ ਕੱਢ ਦੇ ਤੇ ਮੁਨਸ਼ੀ ਨੂੰ ਆਖ ਇਹਦੇ ਘੱਰ ਇਕ ਮਹੀਨੇ ਦਾ ਰਾਸ਼ਨ ਸਟਾਵੇ ਚਾ"।

"ਮੈਨੂੰ ਨਹੀਂ ਜੀ ....... " ਅੱਯੋ ਆਖਣ ਲਗਦੀ ਏ ਪਰ ਨਾਚੋ ਉਹਨੂੰ ਕੋਹਣੀ ਮਾਰ ਕੇ ਚੁੱਪ ਕਰਾਂਦੀ, ਅੰਮਾਂ ਜੀਵਾਂ ਤੋਂ ਦੁੱਧ ਪੱਤੀ ਦਾ ਗਲਾਸ ਫੜਦੀ ਏ ।

"ਨੀ ਨਾਚੋ" ਮਾਂ ਜੀ ਉਹਨੂੰ ਵੇਖ ਲੈਂਦੇ ਨੇਂ "ਤੇਰੀ ਮੱਤ ਟਿਕਾਣੇ? ਸੈਦਾਂ ਨੂੰ ਪਹਿਲੋਂ ਦੇ, ਉਹ ਢਿੱਡ ਨਾਲ ਏ"।

"ਮੈਂ ਵੀ ਬੇਗ਼ਮ ਜੀ" ਨਾਚੋ ਆਵਦਾ ਮੂੰਹ ਚਾਦਰ ਵਿਚ ਲਕੋ ਲੈਂਦੀ ਏ ।

"ਹੈਂ?" ਮਾਂ ਜੀ ਆਹੰਦੇ ਨੇਂ "ਨੀ ਇਬਰਾ, ਤੇਰੀ ਨੂੰਹ ਢਿੱਡ ਨਾਲ ਏ?"

"ਜੀ ਬੇਗ਼ਮ" ਮਾਸੀ ਇਬਰਾ ਫੱਦ ਕੱਢ ਕੇ ਆਹੰਦੀ ਏ "ਪੰਜਾਂ ਵਰ੍ਹਿਆਂ ਮਗਰੋਂ ਰੱਬ ਸਾਡੀ ਸੁਣੀ ਏ"।

"ਮਾਸ਼ਾ–ਅੱਲ੍ਹਾਹ, ਤੇ ਹੁਣ ਮੱਖਣ ਰਾਜ਼ੀ ਏ?"

"ਹਾਂ ਜੀ, ਬੱਸ ਰੱਬ ਪੁਤੱਰ ਦੇਵੇ ਸੁ"।

"ਅੱਲ੍ਹਾਹ ਤੇਰੇ ਇੱਕ ਨੂੰ ਯਾਰ੍ਹਾਂ ਕਰੇ ਗਾ"।

"ਤੁਹਾਡਾ ਆਖਣ ਸਾਡੇ ਭਾਣੇ ਹੋਵਣ ਏ"।

"ਜੀਵਾਂ, ਤੂੰ ਜ਼ਰਦਾ ਮਸੀਤੇ ਘੱਲਿਆ ਏ?" ਮਾਂ ਜੀ ਅੰਮਾਂ ਜੀਵਾਂ ਨੂੰ ਪੁੱਛਦੇ ਨੇਂ ।

"ਉਹ ਤਾਂ ਮੈਂ ਅਸਰ ਦੀ ਬਾਂਗ ਤੋਂ ਪਹਿਲੋਂ ਘੱਲ ਦਿੱਤਾ ਸੀ" ।

"ਸਾਰੀ ਦੇਗ? ਨੀ ਮੈਂ ਉਚੇਚਾ ਤੈਨੂੰ ਆਖਿਆ ਸੀ ਬਈ ਜ਼ਨਾਨੀਆਂ ਦਾ ਤੇ ਮੁਨਸ਼ੀ ਦੀ ਵੋਹਟੀ ਦਾ ਹਿੱਸਾ ਕੱਢ ਲਈਂ"।

ਮੁਨਸ਼ੀ ਜੀ ਦੇ ਤੇ ਸਾਡੇ ਵੇੜ੍ਹੇ ਵਿਚਕਾਰਲੀ ਕੰਧ ਏਨੀ ਉੱਚੀ ਏ ਕਿ ਬੂਆ ਮਜੀਦਨ ਨੂੰ ਅੰਬਾਂ ਦੇ ਖ਼ਾਲੀ ਕਰੇਟ ਤੇ ਖਲੋ ਕੇ ਸਾਨੂੰ ਵੇਖਣਾ ਪੈਂਦਾ ਏ । ਸਾਨੂੰ ਸਾਰਿਆਂ ਨੂੰ ਬੂਆ ਮਜੀਦਨ ਨੂੰ ਵੇਖਣ ਦਾ ਚਾਅ ਏ, ਉਹ ਅੱਯੋ ਮਗਰੋਂ ਪਿੰਡ ਦੀ ਸੱਭ ਤੋਂ ਨਵੀਂ ਵੋਹਟੀ ਏ, ਦੂਰ ਕਰਾਚੀਓਂ ਆਈ ਏ ਤੇ ਉਹਨੇ ਸੱਚੀ ਮੁੱਚੀ ਦਾ ਸਮੁੰਦਰ ਵੇਖਿਆ ਹੋਇਆ ਏ ਜਿਹੜਾ ਹਾਲੀ ਮਾਂ ਜੀ ਵੀ ਨਹੀਂ ਵੇਖਿਆ ।

"ਬੇਗਮ ਸਾਹਿਬਾ, ਬੇਹੱਦ ਲਜ਼ੀਜ਼ ਜ਼ਰਦਾ ਹੈ, ਸ਼ੁਕਰੀਆ" ਬੂਆ ਮਜੀਦਨ ਕੰਧ ਉਪਰੋਂ ਆਹੰਦੀ ਏ ।

"ਪਸੰਦ ਕਰਨ ਕਾ ਸ਼ੁਕਰੀਆ ਬੇਟੀ ਮਜੀਦਨ" ਮਾਂ ਜੀ ਉਰਦੂ ਵਿਚ ਆਹੰਦੇ ਨੇਂ ਤੇ ਘਾਬਰ ਕੇ ਜ਼ਨਾਨੀਆਂ ਵੱਲ ਮੁੜਦੇ ਨੇਂ "ਹੋਰ ਕਿਸੇ ਯਾਰ੍ਹਵੀਂ ਸ਼ਰੀਫ਼ ਦਾ ਜ਼ਰਦਾ ਚੱਖਿਆ ਏ?"

"ਸਾਡੇ ਮੂੰਹ ਵਿਚ ਤੇ ਖੀਲ ਉੱਡ ਕੇ ਨਹੀਂ ਗਈ" ਅੰਮਾਂ ਜ਼ੈਨਬ ਆਹੰਦੀ ਏ ।

"ਇਸ ਲਈ ਜ਼ੈਨਬ ਬੀ, ਕਿ ਤੂੰ ਜੀਵਾਂ ਨਾਲ ਬਹਿ ਕੇ ਜ਼ਰਦਾ ਵਰਤਾਣਾ ਏ । ਤੇਰੀ ਨੂੰਹ।।।।।।" ਮਾਂਜੀ ਜੀਨੋ ਵੱਲ ਤੱਕਦੇ ਨੇਂ ਜਿਹੜੀ ਸੁੱਜੇ ਹੱਥਾਂ ਨਾਲ ਪੰਡ ਪਈ ਖੋਲਦੀ ਏ ।

ਮੈਨੂੰ ਏਨੀ ਦੂਰੋਂ ਉਹਦੇ ਹੱਥਾਂ ਦੇ ਨੀਲ ਨਜ਼ਰੀਂਦੇ ਪਏ ਨੇਂ ।

"ਇਹ ਕੀ ਊ?" ਮਾਂ ਜੀ ਜੀਨੋ ਨੂੰ ਪੁੱਛਦੇ ਨੇਂ ।

"ਕੁਸ਼ ਵੀ ਨਹੀਂ" ਜੀਨੋ ਹੱਥਾਂ ਨੂੰ ਪੀਲੀ ਚੁੰਨੀ ਅੰਦਰ ਲਕੋਂਦੀ ਏ ।

"ਨੀ ਤੂੰ ਮੈਨੂੰ ਕੂੜ ਮਾਰਨੀ ਏਂ? ਇੱਧਰ ਆ" ਮਾਂ ਜੀ ਉਹਦੀ ਬਾਂਹ ਫੜ ਕੇ ਕੁੜਤਾ ਪਰਾਂਹ ਕਰਦੇ ਨੇਂ "ਹੈਂ?" ਮਾਂ ਜੀ ਜੀਨੋ ਦੀ ਚੁੰਨੀ ਖਿੱਚਦੇ ਨੇਂ, ਜੀਨੋ ਆਵਦੇ ਆਪ ਨੂੰ ਛੁਡਾਣ ਦੀ ਕੋਸ਼ਿਸ਼

ਕਰਦੀ ਏ ਪਰ ਮਾਂ ਜੀ ਉਹਨੂੰ ਚੋਟੀਉਂ ਫੜ ਲੈਂਦੇ ਨੇਂ "ਵੇਖਣ ਦੇ" ਉਹ ਜੀਨੋ ਦਾ ਕੁੜਤਾ ਚਾਂਦੇ ਨੇਂ ਤੇ ਉਨ੍ਹਾਂ ਦੇ ਮੂੰਹੋਂ ਹੌਕਾ ਨਿਕਲਦਾ ਏ।

"ਐਦਕੀਂ ਮੈਂ ਇਹਦੀਆਂ ਲੱਤਾਂ ਭੰਨ ਦਿਆਂਗੀ" ਮਾਂ ਜੀ ਜੀਨੋ ਨੂੰ ਖਿੱਚ ਕੇ ਨੇੜੇ ਕਰਦੇ ਨੇਂ "ਕੀ ਹੋਇਆ ਸੀ?" ਉਹ ਪੁੱਛਦੇ ਨੇਂ ।

"ਮੈਂ ਆਖਿਆ ਸੀ ਬਈ ਮੈਂ ਪੇਕੇ ਹੋ ਆਵਾਂ ਉਸ ਆਖਿਆ ਤੂੰ ਹਰ ਵੇਲੇ ਪੇਕੇ ਜਾਂਦੀ ਰਹਿੰਨੀ ਏਂ" ਜੀਨੋ ਆਹੰਦੀ ਏ ।

"ਤੂੰ ਕਦੋਂ ਗਈ ਸੈਂ?"

"ਪਿਸ਼ਲੇ ਪਾਲਿਆਂ ਵਿਚ ਬੇਗ਼ਮ ਜੀ, ਇਕ ਵਰ੍ਹੇ ਤੋਂ ਉੱਤੇ ਹੋ ਗਿਆ ਏ । ਮੇਰੀ ਮਾਂ ਸ਼ਹੁਦੀ ਬਿਮਾਰ ਸ਼ਮਾਰ ਰਹਿੰਦੀ ਏ" ਜੀਨੋ ਰੋਣ ਲੱਗ ਪਈ ਏ ।

"ਜੀਵਾਂ" ਮਾਂ ਜੀ ਪੀੜ੍ਹੇ ਤੋਂ ਉੱਠਦੇ, ਅੰਮਾਂ ਜੀਵਾਂ ਨੂੰ ਵਾਜ ਮਾਰਦੇ ਨੇਂ ।

ਅੰਮਾਂ ਜੀਵਾਂ ਚਾਹ ਪਾਣੀ ਛੱਡ ਕੇ ਉਠ ਖਲੋਂਦੀ ਏ ।

"ਸਰਦਾਰ ਸਾਬ ਨੂੰ ਬੁਲਾ "।

"ਜੀ?" ਅੰਮਾਂ ਜੀਵਾਂ ਹਰਿਅਣ ਏ ਤੇ ਮੈਂ ਵੀ, ਮਾਂ ਜੀ ਪਹਿਲੋਂ ਕਦੀ ਭਾਅ ਨੂੰ ਜ਼ਨਾਨੀਆਂ ਸਾਹਮਣੇ ਅੰਦਰ ਨਹੀਂ ਸੱਦਿਆ ।

"ਜਾ, ਮੈਂ ਉਹਦੀ ਮਾਂ ਆਂ, ਉਹ ਮੇਰੀ ਨਹੀਂ"।

ਅੰਮਾਂ ਜੀਵਾਂ ਵੇੜ੍ਹਿਉਂ ਨਿਕਲ ਜਾਂਦੀ ਏ ।

ਮਾਂ ਜੀ ਲੱਕ ਸਿੱਧਾ ਕਰਦੇ ਨੇਂ, ਉੱਭੇ ਸਾਹ ਲੈਂਦੇ ਨੇਂ ਤੇ ਫਿਰ ਪੀੜ੍ਹੇ ਤੇ ਬਹਿ ਜਾਂਦੇ ਨੇਂ ।

ਮੈਨੂੰ ਡਰ ਏ, ਭਾ ਮੈਨੂੰ ਵੇਖ ਲਏ ਗਾ । ਮੈਂ ਤੋਤੀ ਨੂੰ ਆਵਦੀ ਬੋਲੀ ਵਿਚ ਉੱਥੇ ਈ ਬੈਠੇ ਰਹਿਣ ਦਾ ਆਖ ਕੇ ਮਾਂ ਜੀ ਪਿੱਛੋਂ ਲੰਘਦੀ, ਅੰਦਰਲੇ ਚੁੱਲ੍ਹੇ ਦੇ ਬੂਹੇ ਪਿੱਛੇ ਜਾ ਬਹਿੰਨੀ ਆਂ ।

"ਸਰਦਾਰ ਆਂਦਾ ਏ ਲਗਾ" ਅੰਮਾਂ ਜੀਵਾਂ ਆਹੰਦੀ ਏ ।

ਵਡੇਰੀਆਂ ਸਿਰ ਕਜਦੀਆਂ ਨੇਂ ਤੇ ਕੁੜੀਆਂ ਮੂੰਹ ।

ਭਾ ਅੰਦਰ ਆਣ ਤੋਂ ਪਹਿਲੋਂ ਖੰਗੂਰਾ ਮਾਰਦਾ ਏ ।

"ਮਾਸ਼ਾ–ਅੱਲਾਹ ਪੁਤੱਰ" ਮਾਂ ਜੀ ਆਹੰਦੇ ਨੇਂ ।

"ਸਲਾਮੁ ਲੈਕੁਮ" ਭਾ ਸਾਰਿਆਂ ਨੂੰ ਆਹੰਦਾ ਏ ।

"ਵਾ–ਅਲੈਕੁਮ ਅੱਸਲਾਮ" ਸਾਰੀਆਂ ਆਹੰਦੀਆਂ ਨੇਂ ਪਰ ਮੈਂ ਨਹੀਂ ।

"ਪੁਤੱਰ ਤੂੰ ਆਵਦੇ ਬੰਦਿਆਂ ਨੂੰ ਕੋਈ ਅਕਲ ਮੱਤ ਵੀ ਦੇਂਨਾ ਏਂ? ਗਾਮੂ ਮੁੜ ਵੋਹਟੀ ਨੂੰ ਕੁੱਟਿਆ ਏ ਤੇ ਇਸ ਵਾਰੀ ਉਹਦਾ ਸਾਰਾ ਪਿੰਡਾ ਨੀਲੋ ਨੀਲ ਏ । ਉਸ ਵਿਚਾਰੀ ਤੇ ਮੈਨੂੰ ਦੱਸਿਆ ਵੀ ਨਹੀਂ, ਅੱਚਨ ਚਿੱਤੀ ਮੇਰੀ ਨਿਗਾਹ ਪੈ ਗਈ ਏ । ਵੇਖ ਪੁਤੱਰ, ਜੇ ਤੂੰ ਕੁੱਝ ਨਾ ਕੀਤਾ ਤੇ ਇਸ ਪਿੰਡ ਵਿੱਚ ਕੋਈ ਖ਼ੂਨ ਹੋ ਜਾਵੇ ਗਾ"।

"ਜੀ, ਮਾਂ ਜੀ"।

"ਹੁਣ ਗਾਮੂ ਇਹਨੂੰ ਕੁੱਟਿਆ ਤੇ ਮੈਂ ਆਪ ਉਹਦੀਆਂ ਲੱਤਾਂ ਭੰਨ ਦਿਆਂਗੀ ਕਿ ਉਹ ਮੁੜ ਇਨਸਾਨਾਂ ਵਾਂਗ ਖਲਾ ਨਾ ਹੋਵੇ" ।

"ਮੈਂ ਇਹਦਾ ਪੱਕਾ ਬੰਦੋਬਸਤ ਕਰਨਾ ਚਾਹਨੀ ਆਂ ਪਰ ਮੌਲਵੀ ਕਹਿੰਦਾ ਏ ਕਿ ਇਸਲਾਮ ਵਿਚ ਇਜਾਜ਼ਤ ਏ" ਭਾ ਆਵਦਾ ਭਾਰ ਇਕ ਪੈਰ ਤੋਂ ਦੁੱਜੇ ਤੇ ਕਰ ਖਲੋਂਦਾ ਏ ।

"ਇਹਦੀ ਇਜਾਜ਼ਤ ਏ ਪੁਤੱਰ, ਜਦੋਂ ਜ਼ਨਾਨੀ ਬਦਕਿਰਦਾਰ ਹੋਵੇ, ਆਖਾ ਨਾ ਮੰਨੇ ਯਾਂ ਮਰਦ ਦੇ ਮਜਾਜ਼ੀ ਹਕੂਕ ਪੂਰੇ ਨਾ ਕਰੇ"।

"ਤੇ ਤੁਹਾਨੂੰ ਪੱਕ ਏ ਬਈ ਇਨ੍ਹਾਂ ਵਿੱਚੋਂ ਕੋਈ ਗੱਲ ਨਹੀਂ ਹੋਈ?"

"ਮੈਂ ਜੀਨੋ ਨੂੰ ਉਹਦੀ ਸੱਸ ਜ਼ੈਨਬ ਬੀ ਸਾਹਮਣੇ ਪੁੱਛਿਆ ਏ, ਹੁਣ ਮੈਂ ਗਾਮੂ ਨੂੰ ਵੀ ਪੁੱਛ ਲੈਂਨੀ ਆਂ"।

"ਮੁਨਸ਼ੀ ਜੀ !" ਭਾ ਬੁਲਾਂਦਾ ਏ ।

"ਮੈਂ ਗਾਮੂ ਨੂੰ ਸਦਵਾਇਆ ਏ ਸਰਦਾਰ ਸਾਬ" ਮੁਨਸ਼ੀ ਜੀ ਡਿਉੜ੍ਹੀ ਤੋਂ ਆਹੰਦੇ ਨੇਂ ।

"ਮੱਖਣ, ਸੋਕੀ ਤੇ ਸ਼ੀਦੇ ਨੂੰ ਵੀ ਸੱਦ" ਭਾ ਆਖ ਕੇ ਮਾਂ ਜੀ ਵੱਲ ਮੁੜਦਾ ਏ "ਮੈਂ ਇਹਦਾ ਕੁਸ਼ ਕਰਨਾਂ, ਮਾਂ ਜੀ"।

"ਮਾਸ਼ਾ ਅੱਲਾਹ" ਮਾਂ ਜੀ ਭਾ ਨੂੰ ਜਾਣ ਦੀ ਇਜਾਜ਼ਤ ਦਿੰਦੇ ਨੇਂ ।

"ਓ ਮੱਖਣਾ" ਮੁਨਸ਼ੀ ਜੀ ਬਾਹਰ ਹਾਕ ਮਾਰਦੇ ਨੇਂ ।

"ਹਾਜ਼ਰ ਯਨਾਬ" ਮੱਖਣ ਕਹਿੰਦਾ ਏ ।

"ਸ਼ੀਦੇ ਤੇ ਸੀਕੂ ਨੂੰ ਸੱਦ" ਮੁਨਸ਼ੀ ਜੀ ਆਹੰਦੇ ਨੇਂ ।

"ਸ਼ੀਦਿਆ, ਓਏ ਸੀਕੂ"।

ਭੱਜਦੇ ਪੈਰਾਂ ਦੀਆਂ ਅਵਾਜ਼ਾਂ ਮੇਰੇ ਕੰਨਾਂ ਤੇ ਹਥੌੜਿਆਂ ਵਾਂਗ ਵੱਜਦੀਆਂ ਨੇਂ, ਮੈਂ ਮਾਂ ਜੀ ਦੇ ਕਮਰੇ ਜਾ ਬੂਹੇ ਮਗਰ ਲੁੱਕ ਜਾਂਨੀ ਆਂ ।

ਸਾਈਂ ਜੀ ਹਾਲੀ ਤੋੜੀ ਵਾਤ ਵਿਚ ਛੋਡਾ ਲੈ ਕੇ ਸੁੱਤੇ ਪਏ ਨੇਂ ਤੇ ਉਨ੍ਹਾਂ ਦੇ ਮੂੰਹ ਵਿੱਚੋਂ ਕੁਰਾੜੀਆਂ ਅਵਾਜ਼ਾਂ ਨਿਕਲਦੀਆਂ ਪਈਆਂ ਨੇਂ ।

ਮੇਰੀ ਤਾਕੀ ਮੂਹਰੇ ਭਾ ਗੇਟ ਅੱਗੇ ਟਹਿਲਦਾ ਪਿਆ ਏ ।

"ਮਾਈ ਬਾਪ" ਗਾਮੂ ਹੱਥ ਜੋੜ ਕੇ ਤੇ ਸੀਸ ਨਿਵਾ ਕੇ ਆਹੰਦਾ ਏ । ਭਾਅ ਨਾਲ ਉਹਦੇ ਕਾਲੇ ਵਾਲ ਨਿੱਕੇ ਨਿੱਕੇ ਕੁੰਡਲ ਬੰਨ੍ਹ ਕੇ ਮੱਥੇ ਤੇ ਚੰਬੜ ਗਏ ਨੇਂ ।

"ਗ਼ੁਲਾਮ ਹੁਸੈਨ, ਸਾਨੂੰ ਦੱਸ, ਤੇਰੀ ਵੋਹਟੀ ਜੀਨੋ ਕਿਸੇ ਨਾਲ ਭੈੜੀ ਏ? " ਮਾਂ ਜੀ ਦੀ ਅਵਾਜ਼ ਆਂਦੀ ਏ ।

"ਨਾ ਮਾਈ ਬਾਪ" ਗਾਮੂ ਆਹੰਦਾ ਏ ।

"ਤੇਰੀ ਮਾਂ ਤੇ ਚਾਚੀਆਂ ਤਾਈਆਂ ਨਾਲ ਬਦਜ਼ਬਾਨੀ ਕਰਦੀ ਏ? "

"ਨਾ ਜੀ"।

"ਤੇਰੇ ਮਜਾਜ਼ੀ ਹਕੂਕ ਪੂਰੇ ਕਰਦੀ ਏ? "

"ਆਹੋ ਜੀ"।

"ਫਿਰ ਤੂੰ ਉਹਦੇ ਤੇ ਹੱਥ ਕਿਉਂ ਚੁੱਕਿਆ? "

"ਇਹ ਹੂਠਲ ਏ ਜੀ"।

"ਹੂਠ ਪੁਨਾ ਤੇ ਹਰ ਕਿਸੇ ਵਿੱਚ ਏ ਤੇ ਇਹ ਕੋਈ ਜੁਰਮ ਨਹੀਂ" ਮਾਂ ਜੀ ਦੋਟੋਕ ਆਹੰਦੇ ਨੇਂ।

ਮੈਨੂੰ ਕਿਸੇ ਦੇ ਢਹਿਣ ਦੀ ਵਾਜ ਆਂਦੀ ਏ ਤੇ ਫਿਰ ਗਾਮੂ ਧੰਮ ਕਰ ਕੇ ਗੇਟੋਂ ਬਾਹਰ ਆ ਡਿੱਗਦਾ ਏ ।

"ਬਾਉ, ਮੇਰੀ ਰਾਈਫ਼ਲ ਲਿਆ" ਭਾ ਆਹੰਦਾ ਏ ।

"ਰੈਫ਼ਲ?" ਸਾਰਿਆਂ ਨਾਲ ਬਾਉ ਵੀ ਹਰਿਆਣ ਏ ।

ਮੈਂ ਉੱਚੀ ਹੋ ਕੇ ਤਾਕੀ ਵਿੱਚੋਂ ਬਾਹਰ ਵੇਹਨੀ ਆਂ ।

"ਖ਼ੁਦਾ ਨ ਖ਼੍ਵਾਸਤਾ, ਪੁਤੱਰ " ਮਾਂ ਜੀ ਗੇਟੋਂ ਆਹੰਦੇ ਨੇਂ ।

ਗਾਮੂ ਭਾ ਦੇ ਪੈਰਾਂ ਤੇ ਸਿਰ ਰੱਖ ਦਿੰਦਾ ਏ ।

"ਬਾਉ, ਭੈਣ–ਚੋਦ ਹਿੱਲ" ਭਾ ਗਾਮੂ ਨੂੰ ਕਿੱਕ ਮਾਰਦਾ ਏ, ਉਹਦੇ ਚੰਬੜੇ ਕੁੰਡਲ ਉਭਰ ਕੇ ਉੱਤੇ ਆਂਦੇ ਨੇਂ ਤੇ ਮੁੜ ਮੱਥੇ ਤੇ ਡੈਹ ਪੈਂਦੇ ਨੇਂ "ਤੈਨੂੰ ਕਿਹਾ ਸੀ, ਬੋਦੇ ਕੱਟਾ" ਭਾ ਆਹੰਦਾ ਏ ।

ਬਾਉ ਭੱਜ ਕੇ ਮੇਰੇ ਪਾਸੇ ਆ, ਬੂਹੇ ਨੂੰ ਧੱਕਾ ਮਾਰਦਾ ਏ ।

ਮੈਂ ਪਿੱਛੇ ਨੂੰ ਢੈਹਨੀ ਆਂ ਤੇ ਫਿਰ ਉੱਠ ਕੇ ਪਰਾਂਹ ਹੋ ਖਲਨੀ ਆਂ ।

ਬਾਉ ਭਾਅ ਦੀ ਲੋਹੇ ਦੀ ਲਮਾਰੀ ਵਿੱਚੋਂ ਰਾਈਫ਼ਲ ਕੱਢ ਕੇ ਬਾਹਰ ਨਿਕਲ ਜਾਂਦਾ ਏ ।

"ਸੀਕੂ, ਇਹਦੀ ਕੰਡ ਨੰਗੀ ਕਰ, ਸ਼ੀਦੇ ਇਹਨੂੰ ਫੜ ਕੇ ਰੱਖ" ਭਾ ਆਹੰਦਾ ਏ "ਮੱਖਣਾ ਤੂੰ ਰਾਈਫ਼ਲ ਦੇ ਹੱਥੇ ਨਾਲ ਮਾਰਨਾ ਸ਼ੁਰੂ ਕਰ ਤੇ ਛੱਡੀਂ ਉਦੋਂ ਜਦੋਂ ਮੈਂ ਆਖਾਂ" ।

"ਤੁਹਾਡਾ ਹੁਕਮ ਸਰਦਾਰ ਜੀ" ਮੱਖਣ ਆਹੰਦਾ ਏ ।

ਉਹਦੇ ਮਗਰੋਂ ਧੈਂ ਧੈਂ ਦੀਆਂ ਵਾਜਾਂ ਸਨ ਤੇ ਚੀਕਾਂ । ਮੇਰੇ ਵਹਿੰਦਿਆਂ ਵਹਿੰਦਿਆਂ ਗਾਮੂ ਦੀ ਕੰਡ ਜੀਨੋ ਦੀਆਂ ਬਾਹਰਵਾਂ ਹਾਰ ਨੀਲੀ ਕਾਲੀ ਹੋ ਜਾਂਦੀ ਏ ।

"ਉਏ ਮੱਖਣ, ਭੈਣ–ਚੋਦ ਤੇਰੇ ਵਿੱਚ ਸਾਹ ਕੋ ਨੀ? ਜ਼ੋਰ ਦੀ ਲਾ" ਭਾ ਆਹੰਦਾ ਏ "ਗਿਣ ਕੇ ਰੱਖ" ।

"ਸ਼ੈ, ਸਤ"।

"ਮਾਈ ਬਾਪ" ਗਾਮੂ ਚੀਕਦਾ ਏ ।

"ਅੱਠ"।

"ਦੁਹਾਈ ਏ ਮਾਂ ਜੀ" ਗਾਮੂ ਵੈਣ ਪਾਂਦਾ ਏ ।

"ਅੱਠ" ।

"ਅੱਠ ਤੋਂ ਅੱਗੇ ਟੁਰ" ਭਾ ਕੋੜੀਜ ਗਿਆ ਏ ।

"ਅੱਠ" ਮੱਖਣ ਦਾ ਅੱਠ ਵੀ ਉਹਦੀ ਸੱਟ ਵਾਂਗ ਪੋਲਾ ਏ ।

"ਪੁਤੱਰ" ਮਾਂ ਜੀ ਗੇਟ ਖੋਲ੍ਹ ਕੇ ਬਾਹਰ ਆਂਦੇ ਨੇਂ "ਮੱਖਣ ਨੂੰ ਅੱਠ ਤੋਂ ਅੱਗੇ ਗਿਣਤੀ ਨਹੀਂ ਆਂਦੀ" ।

"ਤੁਫ਼ ਏ ਭੈਣ–ਚੋਦਾ, ਤੂੰ ਵੀਹਾਂ ਵਰ੍ਹਿਆਂ ਦਾ ਹੋ ਗਿਆ ਏਂ, ਤੈਨੂੰ ਹਾਲੀ ਦੱਸ ਤੱਕ ਗਿਣਤੀ ਨਹੀਂ ਆਂਦੀ? "

"ਪੁਤੱਰ ਇਨ੍ਹਾਂ ਨੂੰ ਹੁਣ ਜਾਣ ਦੇ" ਮਾਂ ਜੀ ਆਹੰਦੇ ਨੇਂ ।

ਭਾ ਹੱਥ ਹਿਲਾ ਕੇ ਸਾਰਿਆਂ ਨੂੰ ਜਾਣ ਲਈ ਕਹਿੰਦਾ ਏ ।

ਗਾਮੂ ਡੋਏਂ ਤੇ ਘਿਸਟਦਾ ਆਂਦਾ ਏ ਤੇ ਆਵਦਾ ਸਿਰ ਫਿਰ ਭਾ ਦੇ ਪੈਰਾਂ ਤੇ ਰੱਖ ਦਿੰਦਾ ਏ ।

"ਭੈਣ–ਚੋਦ ਬੇਗ਼ੈਰਤ" ਭਾ ਉਹਦੇ ਸਿਰ ਤੇ ਠੁੱਡਾ ਮਾਰਦਾ, ਗੋਲ ਬਾਗ਼ ਵੱਲ ਮੁੜ ਜਾਂਦਾ ਏ ।

ਹੱਸੂ ਤੇ ਉਹਦੀਆਂ ਫ਼ੌਜਾਂ ਭਾਅ ਨੂੰ ਆਂਦਿਆਂ ਵੇਖ ਕੇ ਖਿੱਲਰ ਪੁਟਰ ਜਾਂਦੀਆਂ ਨੇਂ ।

ਮੁਨਸ਼ੀ ਜੀ ਗਾਮੂ ਦੀ ਕਮੀਜ਼ ਉਹਦੇ ਤੇ ਸੁੱਟਦੇ ਨੇਂ, ਉਹ ਉਹਨੂੰ ਖੇਸ ਵਾਂਗ ਵਲ੍ਹੇਟਣ ਦੀ ਕਰਦਾ ਏ ।

"ਸ਼ੀਦੇ, ਇਹਨੂੰ ਕੱਜ ਓਏ, ਵਹਿੰਦਾ ਨਹੀਂ ਬੇਗ਼ਮ ਸਾਬ ਖਲੇ ਨੇਂ" ਮੁਨਸ਼ੀ ਜੀ ਆਹੰਦੇ ਨੇਂ ।

"ਬੇਗ਼ਮ ਸਾਬ" ਗਾਮੂ ਗੇਟ ਵੱਲ ਰਿੜ੍ਹਦਾ ਏ ।

ਸ਼ੀਦਾ ਉਹਦੇ ਗਲ ਵਿਚ ਕਮੀਜ਼ ਪਾਂਦਾ ਏ ।

"ਗਾਮਿਆ, ਅੰਦਰ ਲੰਘ ਆ" ਮਾਂ ਜੀ ਵੇੜ੍ਹੇ ਨੂੰ ਮੁੜ ਜਾਂਦੇ ਨੇਂ ।

ਮੈਂ ਵੀ ਵਲਾ ਅੰਦਰਲੇ ਚੁੱਲ੍ਹੇ ਦੇ ਬੂਹੇ ਮਗਰ ਚਲੀ ਜਾਂਨੀ ਆਂ ।

"ਜੀਵਾਂ, ਗ਼ੁਲਾਮ ਹੁਸੈਨ ਲਈ ਕੋਸੇ ਦੁੱਧ ਦਾ ਗਲਾਸ ਲਿਆ" ਮਾਂ ਜੀ ਪੀੜ੍ਹੇ ਤੇ ਬਹਿ ਜਾਂਦੇ ਨੇਂ "ਗ਼ੁਲਾਮ ਹੁਸੈਨ ਆ, ਇੱਥੇ ਆਵਦੀ ਵੋਹਟੀ ਕੋਲ ਬਹਿ"।

ਗਾਮੂ ਹੱਥਾਂ ਪੈਰਾਂ ਤੇ ਰਿੜ੍ਹਦਾ ਆਂਦਾ ਏ । ਹਰ ਟੱਪੇ ਤੇ ਉਹਦੇ ਵਾਲਾਂ ਵਿੱਚੋਂ ਮੁੜ੍ਹਕੇ ਦੇ ਤੁਬਕੇ ਢਹਿੰਦੇ ਨੇਂ ਤੇ ਉਹਦੀ ਧੌਣ ਸਾਈਂ ਜੀ ਦੇ ਢਿੱਡ ਵਾਂਗ ਆਵਦੇ ਆਪ ਹਿਲਦੀ ਏ ।

ਜ਼ਨਾਨੀਆਂ ਉਹਦੇ ਲੰਘਣ ਲਈ ਥਾਂ ਬਣਾਂਦੀਆਂ ਨੇਂ, ਜੀਨੋ ਭੋਏਂ ਨੂੰ ਵੇਹੰਦੀ ਰਹਿੰਦੀ ਏ ।

"ਸਾਰੇ ਪਿੰਡ ਨੂੰ ਪਤਾ ਏ ਕਿ ਤੂੰ ਇਕ ਭਲੇ ਮਾਂਸ ਆਦਮੀ ਏਂ । ਈਮਾਨਦਾਰ, ਮਿਹਨਤੀ ਤੇ ਕਿਸੇ ਦਾ ਮੰਦਾ ਨਾ ਕਰਨ ਆਲਾ । ਫਿਰ ਇਹ ਕੀ ਗੱਲ ਏ ਕਿ ਤੂੰ ਉਸੇ ਨੂੰ ਦੁੱਖ ਦੇਨਾ ਏਂ ਜਿਹੜੀ ਸੱਭ ਤੋਂ ਵੱਧ ਤੇਰੀ ਖ਼ਿਦਮਤ ਕਰਦੀ ਏ? " ਮਾਂ ਜੀ ਪੁੱਛਦੇ ਨੇਂ ।

"ਪਤਾ ਕੋ ਨੀ, ਬੇਗ਼ਮ ਸਾਬ" ਗਾਮੂ ਮਿੱਟੀ ਲਿਬੜੇ ਹੱਥ ਆਵਦੇ ਮੂੰਹ ਤੇ ਰੱਖ ਲੈਂਦਾ ਏ "ਖ਼ੋਰੇ ਮੇਰਾ ਦਮਾਕ ਖ਼ਰਾਬ ਹੋ ਜਾਂਦਾ ਏ"।

"ਜੇ ਫਿਰ ਤੇਰਾ ਦਿਮਾਗ਼ ਖ਼ਰਾਬ ਹੋਵੇ ਤੇ ਇਹਨੂੰ ਨਾ ਮਾਰੀਂ । ਜੇ ਇਹਦਾ ਕਸੂਰ ਵੀ ਹੋਵੇ ਤੇ ਇਹਨੂੰ ਨਾ ਮਾਰੀਂ"।

"ਹਲਾ ਜੀ"।

"ਐਵੇਂ ਤੇ ਪਸ਼ੂ ਕਰਦੇ ਨੇਂ । ਕੰਧਾਂ ਨੂੰ ਮਾਰ ਲਿਆ ਕਰ, ਅੱਲਾਹ ਨੂੰ ਯਾਦ ਕਰਕੇ ਆਵਦੇ ਗ਼ੁੱਸੇ ਨੂੰ ਜ਼ੇਰ ਕਰ, ਕਿਉਂ ਜੇ ਇਹ ਸ਼ੈਤਾਨ ਏ ਜਿਹੜਾ ਕਾਵੜ ਦੇ ਰੂਪ ਵਿਚ ਆ ਕੇ ਤੈਨੂੰ ਮਜਬੂਰ ਕਰਦਾ ਏ ਕਿ ਤੂੰ ਆਵਦੀ ਪਿਆਰ ਕਰਨ ਆਲੀ ਵੋਹਟੀ ਨੂੰ ਮਾਰੇਂ । ਹੁਣ ਜਦੋਂ ਤੈਨੂੰ ਗ਼ੁੱਸਾ ਆਵੇ ਤੇ 'ਆਊਜ਼ੁ ਬਿੱਲਾਹਿ ਮਿਨੱਸ਼ ਸ਼ੈਤਾਨਿੱਰਜੀਮ' ਦਾ ਵਿਰਦ ਕਰਿਆ ਕਰ"।

"ਆਊਜ਼ੁ ਬਿੱਲਾਹਿ ਮਿਨੱਸ਼ ਸ਼ੈਤਾਨਿੱਰਜੀਮ" ਗਾਮੂ ਆਹੰਦਾ ਏ ।

"ਅੱਲਾਹੁ ਅਕਬਰ" ਮਾਂ ਜੀ ਆਹੰਦੇ ਨੇਂ ।

"ਅੱਲਾਹੁ ਅਕਬਰ"।

"ਦੱਸ ਹੁਣ ਤੂੰ ਕੀ ਕਰੇਂ ਗਾ? "

"ਇਹਨੂੰ ਨਹੀਂ ਮਾਰਾਂ ਗਾ ਮਾਈ ਬਾਪ"।

"ਅੱਲਾਹ ਤੇਰਾ ਮਦਦਗਾਰ ਹੋਵੇ, ਹੁਣ ਆਵਦੀ ਵੋਹਟੀ ਨਾਲ ਘਰਾਂ ਨੂੰ ਜਾ ਜਿੱਥੇ ਹਮੇਸ਼ ਖ਼ੁਸ਼ੀਆਂ ਤੁਹਾਡੇ ਭਾਗਾਂ ਵਿੱਚ ਹੋਣ" ਮਾਂ ਜੀ ਜੀਨੋ ਤੇ ਗਾਮੂ ਨੂੰ ਖਲਾਰਕੇ ਜੀਨੋ ਦਾ ਹੱਥ ਗਾਮੂ ਦੇ ਹੱਥ ਵਿਚ ਦੇ ਕੇ ਉਨ੍ਹਾਂ ਨੂੰ ਗੇਟ ਵੱਲ ਲੈ ਜਾਂਦੇ ਨੇਂ ।

ਜ਼ਨਾਨੀਆਂ ਰੋਂਦੀਆਂ ਪਈਆਂ ਨੇਂ, ਮਾਂ ਜੀ ਵਲਦੇ ਨੇਂ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਵੀ ਹੰਝੂ ਨੇਂ ।

"ਬੇਗ਼ਮ ਸਾਬ, ਮੇਰਾ ਵੀ ਇਕ ਸਵਾਲ ਏ" ਅੰਮਾਂ ਜ਼ੈਨਬ ਦੀ ਕੰਬਦੀ ਵਾਜ ਆਂਦੀ ਏ ।

"ਹਾਂ ਜ਼ੈਨਬ ਬੀ" ਮਾਂ ਜੀ ਫਿਰ ਬਹਿ ਜਾਂਦੇ ਨੇਂ ।

"ਸਰਦਾਰ ਮੇਰੇ ਪੁਤੱਰ ਨੂੰ ਏਨੀ ਕੁੱਟ ਪਵਾਈ ਇਸ ਦੋ ਟਕੇ ਦੀ ਜ਼ਨਾਨੀ ਪਾਰੋਂ, ਪਰ ਕੋਈ ਮੋਲਬੀ ਨੂੰ ਕੁੱਝ ਨਹੀਂ ਆਹੰਦਾ ਜਿਹੜਾ ਰੋਜ਼ ਦਿਹਾੜੇ ਆਵਦੇ ਬਾਲ ਬੱਚਿਆਂ ਨੂੰ ਤੋਨੀ ਲਾਂਦਾ ਏ । ਕਿਉਂ? ਇਸ ਲਈ ਪਈ ਮੇਰੇ ਪੁਤੱਰ ਦਾ ਨਾ ਕੋਈ ਅੱਗਾ ਪਿੱਛਾ ਏ, ਨਾ ਪੈਸਾ ਧੇਲਾ ਤੇ ਨਾ ਸਿਰ ਤੇ ਪਿਓ"।

ਮਾਂ ਜੀ ਲੰਮਾ ਸਾਹ ਭਰਦੇ ਨੇਂ ।

ਜਦ ਦਾ ਮੇਰਾ ਅੱਬਾ ਮੋਇਆ ਏ, ਇਹ ਕਦੀ ਕਦਾਈਂ ਹੁੰਦਾ ਏ ਬਈ ਕੋਈ ਮਾਂ ਜੀ ਨੂੰ ਹਟਕੇ ਯਾਂ ਉਨ੍ਹਾਂ ਤੇ ਸਵਾਲ ਪਾਵੇ ।

"ਅੱਲਾਹ ਗਵਾਹ ਏ, ਮੈਂ ਮੌਲਵੀ ਨੂੰ ਬੁਲਾ ਕੇ ਪੁੱਛਿਆ ਸੀ । ਉਹ ਆਹੰਦਾ ਏ ਬਈ ਮੋਲਵਿਆਨੀ ਮਜਾਜ਼ੀ ਹਕੂਕ ਪੂਰੇ ਨਹੀਂ ਕਰਦੀ" ਮਾਂ ਜੀ ਆਹੰਦੇ ਨੇਂ "ਹੁਣ ਮੈਨੂੰ ਵੀ ਪਤਾ ਏ ਕਿ ਮਜਾਜ਼ੀ ਹਕੂਕ ਜ਼ਨਾਨੀਆਂ ਤੇ ਵੱਡਾ ਅਜ਼ਾਬ ਨੇਂ ਪਰ ਜੇ ਅੱਲਾਹ ਇਹ ਹੱਦ ਸਾਡੇ ਤੇ ਲਾਈ ਏ ਤੇ ਅਸੀਂ ਕੀ ਕਰ ਸੁਕਨੇ ਆਂ? ਤੇ ਜ਼ੈਨਬੇ, ਤੂੰ ਦੱਸ, ਤੂੰ ਵੀ ਜ਼ਨਾਨੀ ਏਂ, ਤੇਰੇ ਸਾਈਂ ਤੈਨੂੰ ਕਦੀ ਕੁੱਟਿਆ ਸੀ? "

"ਮੀਆਂ ਬੀਵੀ ਵਿਚ ਜੋ ਹੋਵੇ, ਉਨ੍ਹਾਂ ਦਾ ਆਵਦਾ ਮਸਲਾ ਏ"।

"ਹਾਂ ਯਾਂ ਨਾ, ਜ਼ੈਨਬ ਬੀ?"

"ਹਾਂ" ਅੰਮਾਂ ਜ਼ੈਨਬ ਚੀਕ ਪੈਂਦੀ ਏ "ਸਾਰੇ ਪਿੰਡ ਨੂੰ ਪਤਾ ਏ ਤੇ ਫਿਰ ਤੁਸੀਂ ਕਿਉਂ ਪੁੱਛਦੇ ਓ? ਮੈਂ ਲੱਜ ਪਾਲ ਜ਼ਨਾਨੀ ਆਂ, ਇਹਦੀ ਹਾਰ ਕੋਈ ਕੰਜਰੀ ਨਹੀਂ । ਮੈਂ ਕਦੀ ਗੱਲ ਝੁਗੀਉਂ ਬਾਹਰ ਨਹੀਂ ਸੀ ਕੱਢੀ"।

"ਜ਼ੈਨਬ ਬੀ, ਮੈਨੂੰ ਪਤਾ ਏ ਕਿ ਤੂੰ ਆਵਦੇ ਪੁਤੱਰ ਦੀ ਪੀੜ ਪਾਰੋਂ ਦੁਖੀ ਏਂ ਪਰ ਫਿਰ ਵੀ ਮੇਰੇ ਅੱਗੋਂ ਉੱਚੀ ਨਾ ਬੋਲ"।

ਅੰਮਾਂ ਜ਼ੈਨਬ ਰੋਣ ਲੱਗ ਪੈਂਦੀ ਏ ।

"ਦੱਸ ਫਿਰ ਤੈਨੂੰ ਕਿਵੇਂ ਲਗਦਾ ਸੀ ਕੁਟੀਜਣਾ?"

"ਕੀ ਫ਼ੈਦਾ? ਜਿਵੇਂ ਮੋਲਬੀ ਆਹੰਦਾ ਏ, ਮਰਦਾਂ ਨੂੰ ਰੱਬ ਦੀ ਜਾਜ਼ਤ ਏ"।

"ਅੱਲਾਹ ਸੱਭ ਤੋਂ ਪਹਿਲੋਂ ਮੁਨਸਫ਼ ਏ । ਕਿਧਰੇ ਵੀ ਬੇਗੁਨਾਹ ਨੂੰ ਸਜ਼ਾ ਦੇਣ ਦਾ ਹੁਕਮ ਨਹੀਂ ਹੋਇਆ ਤੇ ਜਿਹੜੇ ਲੋਕੀ ਇਹੋ ਜਈ ਨਾਇਨਸਾਫ਼ੀ ਵੇਹੰਦੇ ਨੇਂ ਤੇ ਕੁਝ ਨਹੀਂ ਕਰਦੇ, ਉਹ ਵੀ ਮੁਜਰਮ ਨੇਂ"।

"ਮੈਂ ਉਹਨੂੰ ਵੋਹਟੀ ਨੂੰ ਮਾਰਨ ਲਈ ਤੇ ਨਹੀਂ ਆਹੰਦੀ, ਇਹ ਉਨ੍ਹਾਂ ਦੀ ਆਪਸੀ ਗੱਲ ਏ"।

"ਤੂੰ ਇਹਨੂੰ ਮਾਰ ਖਾਂਦਿਆਂ ਤੇ ਉਹਨੂੰ ਮਾਰਦਿਆਂ ਵੇਹਨੀ ਏਂ ਪਰ ਆਵਦੀ ਸੱਸ ਵਾਂਗ ਮੂੰਹ ਮੀਟੀ ਰੱਖਣੀ ਏਂ?"

"ਬੇਗ਼ਮ ਸਾਬ ਮੈਂ ਜ਼ਨਾਨੀ ਆਂ, ਜਵਾਨ ਜ਼ਨਾਨੀਆਂ ਦੀ ਕਦੋਂ ਸੁਣਦੇ ਨੇਂ?"

"ਗ਼ਲਤ ਏ ਜ਼ੈਨਬ ਬੀ । ਉਹ ਤੇਰੀ ਕੁੱਖ ਦਾ ਕੀੜਾ ਏ । ਮੀਆਂ ਬੀਵੀ ਦੇ ਮਾਮਲੇ ਨੂੰ ਉਨ੍ਹਾਂ ਦੀ ਆਪਸੀ ਗੱਲ ਆਖ ਕੇ ਤੂੰ ਮੇਰੇ ਤੇ ਸਵਾਲ ਪਾਇਆ ਏ"।

"ਬੇਗ਼ਮ ਸਾਬ, ਗ਼ੁੱਸਾ ਨਾ ਕਰੋ"।

"ਤੇ ਹੁਣ ਸੁਣ, ਮੀਆਂ ਬੀਵੀ ਬਣਨ ਤੋਂ ਪਹਿਲੋਂ ਜ਼ਨਾਨੀਆਂ ਤੇ ਜਵਾਨ ਦੋਵੇਂ ਇਨਸਾਨ ਹੁੰਦੇ ਨੇਂ । ਜੇ ਇਕ ਪਾਰਟੀ ਦੂਜੇ ਤੇ ਜ਼ਿਆਦਤੀ ਕਰੇ ਤੇ ਮੈਂ ਡਿੱਠੇ ਨੂੰ ਅਨ ਡਿੱਠਾ ਆਖਣ ਆਲੀ

ਨਹੀਂ" ਮਾਂ ਜੀ ਚਾਅ ਮੁਕਾ ਕੇ ਪਿਆਲੀ ਅੰਮਾਂ ਜੀਵਾਂ ਨੂੰ ਦਿੰਦੇ ਆਹੰਦੇ ਨੇਂ "ਜ਼ੈਨਬ ਬੀ ਬਹਿ ਜਾ, ਤੂੰ ਥੱਕ ਜਾਵੇਂਗੀ"।

ਅੰਮਾਂ ਜ਼ੈਨਬ ਬਹਿ ਜਾਂਦੀ ਏ ।

"ਕੁਰਆਨ ਵਿਚ ਆਖਿਆ ਗਿਆ ਏ ਕਿ ਦੁਨੀਆ ਵਿੱਚ ਈਂ ਜਿਹੇ ਲੋਕ ਵੀ ਨੇਂ ਜਿਹਨਾਂ ਕੋਲ ਕੰਨ ਨੇਂ ਪਰ ਉਹ ਸੁਣਦੇ ਨਹੀਂ, ਅੱਖੀਂ ਨੇਂ ਪਰ ਵੇਹੰਦੇ ਨਹੀਂ, ਜੀਭ ਏ ਪਰ ਸੱਚ ਬੋਲ ਨਹੀਂ ਸਕਦੇ । ਈਂ ਜਿਹੇ ਲੋਕੀ ਹਰ ਪਾਸੇ ਨੇਂ ਪਰ ਅਲਹਮਦੁ–ਲਿੱਲਾਹ ਮੈਂ ਉਨ੍ਹਾਂ ਵਿੱਚੋਂ ਨਹੀਂ । ਮੈਂ ਇਸ ਪਿੰਡ ਵਿੱਚ ਕਿਸੇ ਦੀ ਨਾਇਨਸਾਫ਼ੀ ਨਹੀਂ ਸਹਿਣੀ ਭਾਵੇਂ ਮੇਰਾ ਪੁਤੱਰ ਹੋਵੇ, ਤੇਰੀ ਧੀ ਯਾਂ ਮੇਰੀ ਨੂੰਹ । ਜੇ ਜੀਨੋ ਕਿਸੇ ਨਾਲ ਭੈੜੀ ਹੁੰਦੀ ਤੇ ਗਾਮੂ ਉਹਨੂੰ ਕੁੱਟਦਾ ਤੇ ਮੈਂ ਗਾਮੂ ਨੂੰ ਬੁਲਾ ਕੇ ਸ਼ਾਬਾਸ਼ ਦਿੰਦੀ ਤੇ ਆਹੰਦੀ ਬਈ ਤੂੰ ਠੀਕ ਕੀਤਾ ਏ । ਪਰ ਜੇ ਉਹ ਮਾਅਸੂਮ ਏ ਤੇ ਫਿਰ? ਅੱਲਾਹ ਤੋਂ ਡਰੀਏ ਜ਼ੈਨਬ ਬੀ, ਤੇ ਸੋਚੀਏ ਇਸ ਹਯਾਤੀ ਬਾਰੇ"।

"ਬੇਗ਼ਮ ਸਾਬ, ਤੁਸੀਂ ਅਮੀਰ ਲੋਕ ਓ, ਤੁਹਾਡੀ ਸੋਚ ਵੀ ਅਮੀਰਾਂ ਆਲੀ ਏ । ਅਸੀਂ ਮਾਤੜ ਆਂ, ਸਾਨੂੰ ਐਵੇਂ ਈ ਰਹਿਣ ਦਿਓ"।

"ਤੇਰੇ ਭਾਣੇ ਅਮੀਰ ਤੇ ਗ਼ਰੀਬ ਏਨੇ ਵੱਖ ਨੇਂ ? ਮੇਰੀ ਗੱਲ ਯਾਦ ਰੱਖੀਂ, ਮਰਦ ਗ਼ਰੀਬ ਹੋਵੇ ਯਾਂ ਅਮੀਰ, ਆਵਦੀ ਜ਼ਨਾਨੀ ਦੇ ਹੱਕ ਵਿਚ ਉਹੋ ਕੁੱਝ ਏ" ਮਾਂ ਜੀ ਉੱਠ ਖਲੋਂਦੇ ਨੇਂ "ਜੀਵਾਂ, ਮੁਨਸ਼ੀ ਨੂੰ ਬੁਲਾ ਵੰਡੀ ਕਰਾਵੇ, ਤੇ ਤਾਲਿਬ ਲਈ ਰੋਟੀ ਰੱਖਣਾ ਨਾ ਭੁੱਲੀਂ" ਮਾਂ ਜੀ ਅੰਦਰ ਪਾਸੇ ਵਲਦੇ ਨੇਂ ।

ਮੈਂ ਭੱਜ ਕੇ ਕਮਰੇ ਵਿਚ ਜਾ ਕੇ ਆਵਦੇ ਮੰਜੇ ਤੇ ਬਹਿ ਜਾਂਨੀ ਆਂ ਤੇ ਕਾਪੀ ਖੋਲ ਖੋਲ ਕੇ ਬੰਦ ਕਰਨ ਲੱਗ ਪੈਨੀ ਆਂ ।

# ਨਮਾਸ਼ੀਂ

ਭਾ ਮੇਰਾ ਕੰਮ ਚੈੱਕ ਕਰਨ ਅੰਦਰ ਆਇਆ ਤੇ ਉਹਨੇ ਮੈਨੂੰ ਦੱਸ ਵਿੱਚੋਂ ਅਠ ਨੰਬਰ ਦਿੱਤੇ ਤੇ ਨਾਲ ਕੋਰਾ "ਗੁੱਡ"। ਮੈਂ ਦੋ ਥੈਂਕ ਯੂਜ਼ ਵਿੱਚ "ਐੱਚ" ਪਾਣਾ ਭੁੱਲ ਗਈ ਸਾਂ । ਜੇ ਮੈਂ ਦਸ ਵਿੱਚੋਂ ਦਸ ਤੇ "ਵੈਰੀ ਗੁੱਡ" ਲੈਂਦੀ ਫਿਰ ਭਾ ਨੇ ਮੈਨੂੰ ਛਰਿਆਂ ਆਲੀ ਬੰਦੂਕ ਗੋਲ ਬਾਗ਼ ਵਿਚ ਚਲਾਣ ਲਈ ਦੇਣੀ ਸੀ । ਕੋਰਾ "ਗੁੱਡ" ਹੋਵੇ ਤੇ ਮੈਨੂੰ ਬਾਬੇ ਮਰਨੇ ਦੀ ਹੱਟੀ ਤੋਂ ਚੀਜੀ ਮਿਲਦੀ ਏ । ਚੀਜੀ ਮੇਰੇ ਲਈ ਚੰਗੀ ਏ ਜਿਹੜੀ ਮੈਂ ਆਵਦੀ ਸਹੇਲੀ ਨੂਰ ਜਮਾਲੋ ਨਾਲ ਵੰਡ ਕੇ ਖਾ ਸਕਣੀ ਆਂ ।

ਮੈਂ ਮਾਂਜੀ ਵੱਲ ਵੇਹਨੀ ਆਂ, ਉਹ ਕੁੱਝ ਦੇਰ ਤੋਂ ਹਿੱਲੇ ਨਹੀਂ ।

ਮੈਂ ਉਨ੍ਹਾਂ ਦੇ ਪਲੰਗ ਕੋਲ ਜਾਨੀ ਆਂ ਕਿ ਵੇਖਾਂ ਸੁੱਤੇ ਨੇ ਕਿ ਜਾਗਦੇ । ਮੇਰੇ ਨੇੜੇ ਜਾਂਦਿਆਂ ਈ ਉਹ ਅੱਖੀਂ ਖੋਲ ਦਿੰਦੇ ਨੇਂ ।

"ਮਾਂ ਜੀ, ਮੈਂ ਤੁਹਾਡੇ ਪੈਰ ਘੁੱਟਾਂ?" ਮੈਂ ਪੁੱਛਣੀ ਆਂ ।

"ਕਿਉਂ ਪੁਤੱਰ, ਪਿੰਡ ਦੀਆਂ ਸਾਰੀਆਂ ਜ਼ਨਾਨੀਆਂ ਮਰ ਗਈਆਂ ਨੇਂ ਕਿ ਤੂੰ ਏਂ ਜਿਹੇ ਕੰਮਾਂ ਦਾ ਸੋਚਣੀ ਏਂ?" ਮਾਂ ਜੀ ਪੁੱਛਦੇ ਨੇਂ ।

"ਮਾਂ ਜੀ ਤੁਸੀਂ ਥੱਕੇ ਲੱਗਦੇ ਓ"।

"ਸੱਚੀ ਗੱਲ ਇਹ ਏ ਕਿ ਤੇਰੇ ਹੱਥਾਂ ਵਿਚ ਸ਼ਫ਼ਾ ਏ, ਜਿੱਥੇ ਹੱਥ ਰੱਖ ਦੇਵੇਂ ਉੱਥੇ ਠੰਡ ਪੈ ਜਾਂਦੀ ਏ" ਮਾਂ ਜੀ ਪਾਸਾ ਪਰਤਾ ਕੇ ਆਵਦੇ ਪੈਰ ਮੇਰੇ ਵੱਲ ਕਰਦੇ ਨੇਂ ।

ਮੈਂ ਪਲਿੰਗ ਦੀ ਪਵਾਂਦੀ ਬਹਿ ਕੇ ਉਨ੍ਹਾਂ ਦੀਆਂ ਗੁਲਾਬੀ ਅੱਡੀਆਂ ਘੁੱਟਣ ਲੱਗ ਪੈਣੀ ਆਂ ।

"ਮਾਂ ਜੀ, ਤੁਸੀਂ ਜਦੋਂ ਗਾਮੂ ਨਾਲ ਗੱਲ ਪੈ ਕਰਦੇ ਸੋ ਤੇ ਤੁਸੀਂ ਕਿੰਨੇ ਵੜੇ ਕੰਮ ਦੱਸੇ ਜਿਹੜੇ ਜੀਨੋ ਗਾਮੂ ਲਈ ਕਰਦੀ ਏ ਪਰ ਇਕ ਵੀ ਐਂ ਜਿਹਾ ਕੰਮ ਨਹੀਂ ਦੱਸਿਆ ਜਿਹੜਾ ਗਾਮੂ ਜੀਨੋ ਲਈ ਕਰਦਾ ਏ" ਮੈਂ ਆਹਨੀ ਆਂ ।

"ਇਹ ਤੇ ਸਾਰਿਆਂ ਨੂੰ ਪਤਾ ਏ ਕਿ ਗਾਮੂ ਜੀਨੋ ਲਈ ਕੀ ਕਰਦਾ ਏ" ਮਾਂਜੀ ਦੁਪੱਟੇ ਦੇ ਪੱਲੂ ਨਾਲ ਅੱਖੀਂ ਪੂੰਝਦੇ ਨੇਂ ।

"ਨਹੀਂ ਮਾਂ ਜੀ, ਮੈਨੂੰ ਤੇ ਨਹੀਂ ਪਤਾ" ਮੈਂ ਆਹਨੀ ਆਂ ।

"ਅੱਛਾ ਤੇ ਫਿਰ" ਮਾਂ ਜੀ ਸਿੱਧੇ ਹੋ ਪੈਂਦੇ ਨੇਂ "ਗਾਮੂ ਵਾਈ ਬੀਜੀ ਕਰਦਾ ਏ, ਬਾਲ ਬੱਚਿਆਂ ਲਈ ਰੋਟੀ ਟੁੱਕਰ ਲਿਆਂਦਾ ਏ, ਜੀਨੋ ਨੂੰ ਬਾਲ ਦਿੰਦਾ ਏ ਤੇ ਉਨ੍ਹਾਂ ਦੀ ਹਿਫ਼ਾਜ਼ਤ ਕਰਦਾ ਏ । ਹਾਂ ਇੱਥੇ ਗੋਡੇ ਦੀ ਚੱਪਣੀ ਤੇ"।

"ਤੁਹਾਡੇ ਲਈ ਗਰਮ ਚਾਅ ਤੇ ਅਸਪਰੋ ਲਿਆਵਾਂ?"

"ਨਹੀਂ"।

"ਮਾਂ ਜੀ, ਮੈਨੂੰ ਹਾਲੀ ਸਮਝ ਨਹੀਂ ਆਈ । ਜੀਨੋ ਵੀ ਵਾਈ ਬੀਜੀ ਕਰਦੀ ਏ ਤੇ ਰੋਟੀ ਟੁੱਕਰ ਘੱਰ ਲਿਆਂਦੀ ਏ"।

"ਪਰ ਗਾਮੂ ਜਿੰਨਾ ਨਹੀਂ" ਮਾਂ ਜੀ ਆਹੰਦੇ ਨੇਂ ।

"ਪਿਸ਼ਲੇ ਮਹੀਨੇ ਤੁਸੀਂ ਅੰਮਾਂ ਜ਼ੈਨਬ ਨੂੰ ਆਖਿਆ ਸੀ ਕਿ 'ਪੂਰੇ ਪਿੰਡ ਵਿੱਚੋਂ ਤੇਰੀ ਨੂੰਹ ਸੱਭ ਤੋਂ ਵੱਧ ਫ਼ਸਲ ਲਿਆਂਦੀ ਪਈ ਏ'। ਤੇ ਮਾਂ ਜੀ, ਤੁਸੀਂ ਗਾਮੂ ਨੂੰ ਆਪ ਪੁੱਛਿਆ ਸੀ ਕਿ 'ਜੀਨੋ ਨੇ ਤੈਨੂੰ ਪੁਤੱਰ ਨਹੀਂ ਦਿੱਤਾ?' ਤੇ ਮਾਂ ਜੀ ਜੀਨੋ ਮਹਿਫ਼ੂਜ਼ ਅਸਲੋਂ ਨਹੀਂ, ਤੁਸੀਂ ਭਾ ਨੂੰ ਆਹੰਦੇ ਪਏ ਸੋ 'ਜੇ ਇਹ ਬਾਜ਼ ਨਾ ਆਇਆ ਤੇ ਇਸ ਪਿੰਡ ਵਿਚ ਕੋਈ ਕਤਲ ਹੋ ਜਾਵੇ ਗਾ' ਤੇ ਮਾਂ ਜੀ ॥॥ "

"ਬੱਸ" ਮਾਂ ਜੀ ਆਵਦੇ ਪੈਰ ਮੈਥੋਂ ਖਿੱਚ ਲੈਂਦੇ ਨੇਂ "ਰਮਾਨ ਨਾਲ ਪੁਤੱਰ, ਤੂੰ ਆਵਦੇ ਆਪ ਤੋਂ ਅੱਗੇ ਭੱਜੀ ਜਾਨੀ ਏਂ । ਤੈਨੂੰ ਪਤਾ ਈ ਏ ਕਿ ਉੱਚੀ ਵਾਜ ਵਿਚ ਬੋਲਣਾ ਜਾਹਲੀਅਤ ਦੀ ਨਿਸ਼ਾਨੀ ਏ"।

"ਮਾਫ਼ੀ ਮਾਂ ਜੀ" ਮੈਂ ਆਵਦੀ ਗੱਲ ਭੁਲ ਜਾਨੀ ਆਂ ।

"ਪਰ ਤੂੰ ਤੇ ਹਰ ਵੇਲੇ ਮਾਫ਼ੀਆਂ ਮੰਗਦੀ ਰਹਿਣੀ ਏਂ । ਈਂ ਜਹੀ ਮਾਫ਼ੀ ਦਾ ਕੀ ਫ਼ੈਦਾ ਜਿਹੜੀ ਤੈਨੂੰ ਯਾਦ ਈ ਨਹੀਂ ਰਹਿਣੀ?"

"ਸੋਰੀ, ਮਾਂ ਜੀ"।

"ਜੋ ਤੋਂ ਪੁੱਛਦੀ ਪਈ ਸੈਂ ਉਹਦਾ ਜਵਾਬ ਸੁਣ ਲੈ । ਤੂੰ ਹਾਲੀ ਸੱਤਾਂ ਵਰ੍ਹਿਆਂ ਦੀ ਬਾਲੜੀ ਏਂ, ਸੱਤ ਵਰ੍ਹੇ ਦੇ ਬਾਲ ਦਾ ਦਮਾਕ ਨਿੱਕਾ ਜਿਹਾ ਹੁੰਦਾ ਏ । ਉਹਨੂੰ ਗੱਲਾਂ ਸੁਣੀਂਦੀਆਂ ਨੇਂ ਪਰ ਉਹਦੇ ਕੋਲ ਉਨ੍ਹਾਂ ਨੂੰ ਸਮਝਣ ਲਈ ਤਜਰਬਾ ਨਹੀਂ ਹੁੰਦਾ" ।

"ਜੀ" ।

"ਇਸ ਲਈ ਉਹ ਫ਼ਜ਼ੂਲ ਸਵਾਲ ਉਠਾਂਦਾ ਏ" ।

"ਜੀ" ।

"ਹਰ ਗੱਲ ਜਿਹੜੀ ਦਮਾਕ ਵਿਚ ਆਵੇ, ਉਹਨੂੰ ਕਹਿ ਦੇਣ ਦੀ ਕੋਈ ਲੋੜ ਨਹੀਂ" ।

"ਜੀ" ।

"ਗੱਲ ਨੂੰ ਪਹਿਲੋਂ ਸੋਚੀ ਦਾ ਏ, ਜਿਵੇਂ ਦੁੱਧ ਵਿੱਚ ਜਾਗ ਲਾਈਦੀ ਏ । ਤੂੰ ਰੋਜ਼ ਵੇਹਨੀ ਏਂ, ਸ਼ਾਮ ਨੂੰ ਦੁੱਧ ਵਿੱਚ ਛੱਟਾ ਦਹੀ ਦਾ ਲਾ ਕੇ ਰੱਖੀ ਦਾ ਏ । ਪੂਰੀ ਰਾਤ ਲੰਘ ਜਾਂਦੀ ਏ ਤੇ ਜਾਗ ਸਾਰੇ ਦੁੱਧ ਨੂੰ ਦਹੀ ਬਣਾ ਦਿੰਦੀ ਏ । ਸਵੇਰੇ ਉਹਨੂੰ ਰਿੜਕ ਕੇ ਉਹਦੇ ਵਿੱਚੋਂ ਖ਼ਾਲਸ ਮੱਖਣ ਕੱਢ ਲਈ ਦਾ ਏ ਤੇ ਚਾਟੀ ਲੱਸੀ ਦੀ ਰਹਿ ਜਾਂਦੀ ਏ" ।

"ਜੀ" ।

"ਪੂਰੀ ਰਾਤ ਲੰਘਣ ਦੇ, ਜਿਹੜੀ ਇਨਸਾਨਾਂ ਦੇ ਹਿਸਾਬ ਵਿਚ ਕਈ ਵਰ੍ਹੇ ਹੋਣਗੇ । ਮੁੜ ਤੇਰੇ ਦਮਾਕ ਵਿਚ ਈਂ ਜਿਹੇ ਖ਼ਿਆਲ ਆਣਗੇ ਜਿਵੇਂ ਲੱਸੀ ਦੀ ਚਾਟੀ ਵਿਚ ਖ਼ਾਲਸ ਮੱਖਣ ਦਾ ਪੇੜਾ । ਤੂੰ ਬੱਸ ਹੱਥ ਪਾ ਤੇ ਕੱਢ ਲੈ । ਸਾਰਿਆਂ ਨੂੰ ਪਈ ਖਵਾ, ਸਹੁਰੇ ਮਾਪਿਆਂ ਨੂੰ, ਆਵਦੇ ਸਾਈਂ ਨੂੰ, ਬਾਲਾਂ ਬੱਚਿਆਂ ਨੂੰ" ।

"ਪਰ ਮਾਂ ਜੀ, ਕੀ ਪਤਾ ਉਹ ਕੋਈ।।।।।। ਮੈਨੂੰ ਵੀ ਮਾਰੇ ਗਾ" ਮੈਂ ਕਹਿਨੀ ਆਂ ਤੇ ਕੰਬ ਜਾਂਨੀ ਆਂ ।

"ਨਾ ਸੋਹਣੀਏ, ਖ਼ਾਨਦਾਨੀ ਮਰਦ ਇੱਡੇ ਹੂੜ ਮੱਤ ਨਹੀਂ ਹੁੰਦੇ ਕਿ ਆਵਦੀਆਂ ਜ਼ਨਾਨੀਆਂ ਨੂੰ ਮਾਰਨ"।

"ਪਰ ਮਾਂ ਜੀ, ਤੁਸੀਂ ਅੰਮਾਂ ਜ਼ੈਨਬ ਨੂੰ ਕਹਿੰਦੇ ਪਏ ਸੋ ਕਿ ਆਵਦੀਆਂ ਜ਼ਨਾਨੀਆਂ ਦੇ ਹੱਕ ਵਿਚ ਸਾਰੇ ਮਰਦ ਇੱਕੋ ਜਿਹੇ ।।।।।।"

"ਫਿਰ, ਫਿਰ ਤੂੰ ਉੱਚੀ ਬੋਲਨੀ ਪਈ ਏਂ? ਸਕੀਨਾ, ਮੈਂ ਤੈਨੂੰ ਕਿੰਨੀ ਵਾਰੀ ਦੱਸਿਆ ਏ ਕਿ ਕਣਸੂਈਆਂ ਲੈਣਾ ਸ਼ੈਤਾਨ ਦੀ ਖ਼ਸਲਤ ਏ । ਜਾ ਕਿਸੇ ਨੂੰ ਚਾਅ ਦਾ ਕਹਿ ਤੇ ਹੁਣ ਮੈਨੂੰ ਅਸਪਰੋ ਦੀ ਲੋੜ ਵੀ ਪੈ ਗਈ ਏ" ਮਾਂ ਜੀ ਹਫ਼ ਜਾਂਦੇ ਨੇਂ ।

ਮੈਂ ਵੇੜ੍ਹੇ ਵੱਲ ਭੱਜ ਉਠਨੀ ਆਂ ।

"ਹਾਂ, ਹਾਂ" ਮਾਂ ਜੀ ਮੈਨੂੰ ਖਲੋਣ ਲਈ ਕਹਿੰਦੇ ਨੇਂ ।

ਮੈਂ ਖਲੋ ਜਾਨੀ ਆਂ ।

"ਫਿਰ ਤੂੰ ਖੋਤਿਆਂ ਵਾਂਗ ਪੈਰ ਮਾਰ ਮਾਰ ਕੇ ਟੁਰਨੀ ਪਈ ਏਂ? ਮੈਂ ਤੈਨੂੰ ਕਿੰਨੀ ਵਾਰੀ ਸਮਝਾਇਆ ਏ ਕਿ ਕੁੜੀਆਂ ਟੁਰਦਿਆਂ ਵਾਜ ਨਹੀਂ ਕਰਦੀਆਂ" ਹੁਣ ਮਾਂ ਜੀ ਮੈਥੋਂ ਸੱਚੀ ਮੁੱਚੀ ਖਿੱਜ ਗਏ ਨੇਂ ।

ਮੇਰੀ ਠੋਡੀ ਭਾਰੀ ਹੋ ਕੇ ਹੇਠਾਂ ਨੂੰ ਲਮਕ ਜਾਂਦੀ ਏ । ਨਾ ਮੈਂ ਸਿਰ ਚੁਕ ਕੇ ਸੋਰੀ ਆਖ ਸਕਣੀ ਆਂ ਤੇ ਨਾਂ ਮੈਥੋਂ ਟੁਰਿਆ ਜਾਂਦਾ ਏ ।

"ਹੁਣ ਹਿੱਲ ਵੀ" ਮਾਂ ਜੀ ਆਹੰਦੇ ਨੇਂ ।

ਮੈਂ ਪਹਿਲੇ ਸੱਜਾ ਪੈਰ ਭੋਏਂ ਤੋਂ ਚੁੱਕ ਕੇ ਹੌਲੀ ਜਿਹਾ ਜ਼ਰੀ ਅੱਗੋਂ ਰੱਖਣੀ ਆਂ, ਫਿਰ ਖੱਬਾ ਪੈਰ ਚੁਕ ਕੇ ਸੱਜੇ ਤੋਂ ਅੱਗੇ ਰੱਖਣੀ ਆਂ ।

"ਇੰਜ ਮੇਰੀ ਧੀ, ਤੂੰ ਕਲ੍ਹ ਸਵੇਰੇ ਵੇੜ੍ਹੇ ਅਪੜੇਂ ਗੀ, ਉਹ ਵੀ ਜੇ ਅੱਲਾਹ ਆਪ ਤੇਰੀ ਮਦਦ ਨੂੰ ਆਵੇ" ਮਾਂ ਜੀ ਮੂੰਹ ਕੰਧ ਵੱਲ ਕਰ ਲੈਂਦੇ ਨੇਂ ।

ਮੈਂ ਇਕ ਟੁੱਟੀ ਕੁਰਸੀ ਤੇ ਖਲੋ ਕੇ ਤੋਤੀ ਨੂੰ ਵਰਾਂਡੇ ਦੀ ਪੜਛੱਤੀ ਤੋਂ ਲਾਹੁਨੀ ਆਂ। ਭਾ ਆਹੰਦਾ ਏ, ਇਹਦੀ ਰਾਖੀ ਲਈ ਇਹਨੂੰ ਪਿੰਜਰੇ ਵਿੱਚ ਰੱਖਣਾ ਚਾਹੀਦਾ ਏ ਪਰ ਮੈਨੂੰ ਲਗਦਾ ਏ ਕਿ ਜੇ ਮੈਂ ਇਹਨੂੰ ਪਿੰਜਰੇ ਵਿੱਚ ਤਾੜ ਦਿੱਤਾ ਤੇ ਇਸ ਕਦੀ ਵੀ ਨਹੀਂ ਬੋਲਣਾਂ ।

ਮੈਂ ਤੋਤੀ ਨੂੰ ਤਰੀਜੇ ਸਟੋਰ ਲਿਜਾਨੀ ਆਂ । ਇਹ ਲੱਕੜਾਂ ਤੇ ਰਾਸ਼ਨ ਨਾਲ ਭਰਿਆ ਏ। ਤੋਤੀ ਨੂੰ ਗਰਾਸਤੜੀ ਤੇ ਛੱਡ ਕੇ ਮੈਂ ਸੁੱਕੀਆਂ ਲਕੜਾਂ ਤੇ ਸਾਵੀਆਂ ਟਹਿਣੀਆਂ ਨਾਲ ਇਕ ਰੁੱਖ ਜਿਹਾ ਬਣਾਨੀ ਆਂ ਤੇ ਤੋਤੀ ਨੂੰ ਉਹਦੇ ਤੇ ਅਜ਼ਾਦ ਛੱਡ ਦੇਨੀ ਆਂ । ਫਿਰ ਵੀ ਉਹ ਡਰੀ ਹੋਈ ਏ ਤੇ ਆਵਦੀਆਂ ਨਿੱਕੀਆਂ ਨਿੱਕੀਆਂ ਅੱਖੀਆਂ ਬੰਦ ਕਰਦੀ ਤੇ ਖੋਲਦੀ ਏ । ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕਦਾ ਏ, ਮੇਰਾ ਦਿਲ ਵੀ ਜ਼ੋਰ ਜ਼ੋਰ ਦੀ ਧੜਕਣ ਲੱਗ ਪੈਂਦਾ ਏ ।

ਮੈਂ ਤੋਤੀ ਨੂੰ ਕਮਰੇ ਵਿਚ ਛੱਡ ਕੇ ਵੇੜ੍ਹੇ ਆ ਜਾਨੀ ਆਂ ।

ਮੁੜ ਮਾਂ ਜੀ ਤੋਂ ਪੁੱਛ ਕੇ ਬਾਬੇ ਮਰਨੇ ਦੀ ਹੱਟੀ ਤੋਂ ਚੀਜੀ ਲੈਣ ਜਾਨੀ ਆਂ । ਅੰਮਾਂ ਜੀਵਾਂ ਮੈਨੂੰ ਗੁੜ ਦੀ ਇਕ ਪੂਰੀ ਪੀਸੀ ਦਿੰਦੀ ਏ, ਇਹੰਦੇ ਨਾਲ ਮੈਂ ਆਵਦੇ ਤੇ ਨੂਰੋ ਲਈ ਟਾਂਗਰ ਵੀ ਲੈ ਸਕਨੀ ਆਂ ਤੇ ਇਮਲੀ ਵੀ ।

"ਨੀ ਬੀਬੀ" ਖ਼ੋਰਸ਼ੈਦੀ ਮੈਨੂੰ ਹਟਕਦੀ ਏ" ਤੂੰ ਚੁੰਨੀ ਬਿਨਾਂ ਕਿੱਥੇ ਚਲੀ ਏਂ?"

"ਹੁਣੇ ਆਈ, ਮੈਂ ਨਿਕਲ ਕੇ ਮਗਰ ਗੇਟ ਢੋਂਦੀ ਆਨੀ ਆਂ ।

ਬਾਹਰ ਭਾ ਦੀ ਬੈਠਕ ਵਿਚ ਮੰਜੀਆਂ, ਮੇਜ਼, ਅੰਗੀਠੀ ਤੇ ਟਰਾਨਸਿਸਟਰ ਰੇਡੀਓ ਪਿਆ ਏ । ਉਹ ਹਾਲੀ ਸ਼ਾਮਾਂ ਦੀ ਸੈਰ ਤੋਂ ਮੁੜਿਆ ਨਹੀਂ । ਸ਼ੀਦਾ ਉਹਦਾ ਹੁੱਕਾ ਤਾਜ਼ਾ ਕਰਦਾ ਪਿਆ ਏ, ਤਮਾਕੂ ਦਾ ਬੀੜਾ ਉਹਦੇ ਨਾਲ ਏ ।

ਸ਼ੀਦਾ ਹੁੱਕੇ ਦਾ ਫੁਲ ਭੋਏਂ ਤੇ ਵਲਟਾਂਦਾ ਏ ।

"ਭਾ ਆਖਿਆ ਸੀ ਕਿ ਸਵਾਹ ਪੈਲੀਆਂ ਵਿਚ ਸੁੱਟਿਆ ਕਰ, ਸੜਕ ਤੇ ਨਹੀਂ" ਮੈਂ ਮਾਂ ਜੀ ਵਾਂਗ ਕਹਿਨੀ ਆਂ ।

"ਮਾਫ਼ੀ, ਨਿੱਕੀ ਬੀਬੀ, ਮੈਂ ਚੇਤਾ ਭੁੱਲ ਗਿਆ ਸਾਂ" ਸ਼ੀਦਾ ਸਵਾਹ ਨੂੰ ਛੇਤੀ ਛੇਤੀ ਮਿੱਟੀ ਵਿਚ ਰਲਾਂਦਾ ਏ ।

ਮੈਂ ਹੱਟੀ ਵੱਲ ਟੁਰ ਜਾਨੀ ਆਂ ।

ਹੱਟੀ ਦੇ ਬੂਹੇ ਤੇ ਅਮਰੀਕੀ ਖਾਦ ਦੀ ਖ਼ਾਲੀ ਬੋਰੀ ਦਾ ਪਰਦਾ ਪਿਆ ਹੋਇਆ ਏ ਜਿਹਦੇ ਤੇ ਦੋ ਬੰਦੇ ਹੱਥ ਮਿਲਾਂਦੇ ਪਏ ਨੇਂ, ਇੱਕ ਕਾਲਾ ਤੇ ਇਕ ਗੋਰਾ । ਮੈਂ ਇਹ ਹੱਥ ਵੇਖ ਉਦਾਸ ਹੋ ਜਾਨੀ ਆਂ, ਇਹਦਾ ਮਤਲਬ ਏ ਚਾਚਾ ਮਰਨਾ ਇੱਥੇ ਕੋ ਨੀ ਤੇ ਹੱਟੀ ਬੰਦ ਏ ।

ਹੁਣ ਮੈਨੂੰ ਸਮਝ ਨਹੀਂ ਆਂਦੀ ਮੈਂ ਕੀ ਕਰਾਂ ।

ਕੜ੍ਹਦੀ ਦਾਲ ਦਾ ਮੁਸ਼ਕ ਮੈਨੂੰ ਅੰਮਾਂ ਜ਼ੈਨਬ ਦੇ ਘੱਰ ਵੱਲ ਖਿੱਚਦਾ ਏ । ਜੀਨੋ ਚੁੱਲ੍ਹੇ ਕੋਲ ਪੀਲੇ ਦੁਪੱਟੇ ਵਿਚ ਹਿੱਲ ਹਿੱਲ ਕੇ ਆਟਾ ਗੁੰਨ੍ਹਦੀ ਪਈ ਏ, ਚੁੱਲ੍ਹੇ ਤੇ ਦਾਲ ਪੱਕਦੀ ਪਈ ਏ, ਗਾਮੂ ਮੰਜੇ ਤੇ ਮੂਧੜੇ ਮੂੰਹ ਪਿਆ ਏ ।

ਮੈਂ ਨੇੜੇ ਜਾਨੀ ਆਂ ਤੇ ਉਹ ਇਕ ਵੱਡੇ ਸਾਰੇ ਕਿਰਲੇ ਤਰ੍ਹਾਂ ਗਿੱਚੀ ਚਾਂਦਾ ਏ । ਮੈਨੂੰ ਜਾਪਦਾ ਏ, ਉਹ ਮੁੜ ਕੇ ਮੈਨੂੰ ਵੇਖ ਲੈ ਗਾ ਪਰ ਉਹ ਅਸਮਾਨ ਤੇ ਉਡਦੀਆਂ ਚਿੜੀਆਂ ਦੀਆਂ ਡਾਰਾਂ ਨੂੰ ਤੱਕਣ ਲੱਗ ਪਿਆ ਏ ।

ਖੁਰੇ ਵਿਚ ਅੰਮਾਂ ਜ਼ੈਨਬ ਸਵਾਹ ਨਾਲ ਮਾਂਜ ਮਾਂਜ ਕੇ ਭਾਂਡੇ ਧੋਂਦੀ ਪਈ ਏ ।

ਗਾਮੂ ਹੁਣ ਜੀਨੋ ਨੂੰ ਵਿਹੰਦਾ ਪਿਆ ਏ ।

"ਕੰਜਰੀ" ਉਹ ਦੰਦ ਕਚੀਚ ਕੇ ਕਹਿੰਦਾ ਏ ।

ਜੀਨੋ ਦਾ ਪੀਲਾ ਦੁਪੱਟਾ ਹਿਲਣੋਂ ਰਹਿ ਜਾਂਦਾ ਏ ।

"ਕੰਜਰੀ" ਉਹ ਉੱਚੀ ਆਹੰਦਾ ਏ ।

ਮੈਂ ਬੰਨੀ ਪਿੱਛੇ ਲੁਕ ਜਾਨੀ ਆਂ, ਭਾਂਡੇ ਮਾਂਜਣ ਦੀ ਵਾਜ ਵੀ ਬੰਦ ਹੋ ਜਾਂਦੀ ਏ।

"ਗੁਲਾਮਿਆ" ਅੰਮਾਂ ਜ਼ੈਨਬ ਗਾਮੂ ਨੂੰ ਬੁਲਾਂਦੀ ਏ ।

"ਆਹੋ?" ਉਹ ਆਹੰਦਾ ਏ ।

"ਸਾਡੀ ਵੋਹਟੀ ਕੋਈ ਕੰਜਰੀ ਨਹੀਂ" ਅੰਮਾਂ ਜ਼ੈਨਬ ਆਹੰਦੀ ਏ ।

ਮੈਂ ਬੰਨੀ ਪਿੱਛੋਂ ਸਿਰ ਚਾ ਕੇ ਅੰਮਾਂ ਜ਼ੈਨਬ ਨੂੰ ਵੇਹਨੀ ਆਂ, ਜੀਨੋ ਵੀ ਉਹਨੂੰ ਤੱਕਦੀ ਪਈ ਏ ।

"ਜੇ ਇਹ ਕੰਜਰੀ ਏ ਤੇ ਮੁੜ ਤੂੰ ਹੋਇਉਂ ਕੰਜਰ ਤੇ ਮੈਂ ਕੰਜਰ ਦੀ ਮਾਂ" ।

"ਤੂੰ ਕੀ ਪਈ ਆਹਨੀ ਏਂ?" ਗਾਮੂ ਮੰਜੀ ਦੀ ਬਾਹੀ ਤੇ ਘਸੁੰਨ ਮਾਰਦਾ ਏ ।

ਅੰਮਾਂ ਜ਼ੈਨਬ ਸਵਾਹ ਨਾਲ ਮਲ ਕੇ ਹੱਥ ਧੋਂਦੀ ਏ, ਆਵਦੇ ਕਾਲੇ ਦੁਪੱਟੇ ਦੇ ਪੱਲੂ ਨਾਲ ਸੁਕਾਂਦੀ ਜੀਨੋ ਕੋਲ ਭੋਏਂ ਤੇ ਬਹਿ ਜਾਂਦੀ ਏ । ਹੁਣ ਉਹ ਦੋਵੇਂ ਗਾਮੂ ਵੱਲ ਤੇ, ਬੰਨੀ ਪਿੱਛੇ, ਮੇਰੇ ਵੱਲ ਮੂੰਹ ਕੀਤੀ ਪਈਆਂ ਨੇਂ ।

"ਮੇਰੇ ਵਿਆਹ ਦੇ ਦੂਜੇ ਦਿਹਾੜੇ ਤੇਰਾ ਪਿਓ ਮੈਨੂੰ ਕੰਜਰੀ ਆਖਣ ਪੈ ਗਿਆ" ਅੰਮਾਂ ਜ਼ੈਨਬ ਆਹੰਦੀ ਏ "ਮੁੜ ਉਹਦੇ ਭਾਣੇ ਇਹੋ ਮੇਰਾ ਨਾਂ ਸੀ । ਮੈਂ ਸੋਚਦੀ ਬਈ ਅੱਲਾਹ ਬਖ਼ਸ਼ੇ ਮੇਰੀ ਮਾਂ, ਮੇਰਾ ਨਾਂ ਜ਼ੈਨਬ ਕਿਉਂ ਰੱਖਿਆ ਜਦ ਕਿ ਮੈਂ ਹਜ਼ਰਤ ਬੀਬੀ ਜ਼ੈਨਬ ਦੇ ਪੈਰਾਂ ਦੀ ਮਿੱਟੀ ਬਰੋਬਰ ਵੀ ਨਹੀਂ । ਇਹ ਅੱਜ ਵੀ ਸੱਚ ਏ, ਪਰ ਕਦੇ ਵੀ ਮੈਂ ਕੰਜਰੀ ਨਹੀਂ ਸਾਂ ਤੇ ਨਾ ਮੇਰੀ ਨੂੰਹ ਕੰਜਰੀ ਏ" ਅੰਮਾਂ ਜ਼ੈਨਬ ਆਹੰਦੀ ਏ ।

"ਬਕਵਾਸ, ਤੂੰ ਬੇਗਮ ਵਾਂਗੂ ਬੋਲਣੀ ਪਈ ਏਂ, ਮਾਦਰਚੋਦ " ਗਾਮੂ ਮੰਜੀ ਤੋਂ ਉਠ ਖਲੋਂਦਾ ਏ ।

"ਮੂੰਹ ਬੰਦ ਕਰ, ਦਸ ਤੇਰਾ ਪਿਓ ਠੀਕ ਕਰਦਾ ਸੀ?"

"ਨਹੀਂ ਮੁੜ...।"

"ਫਿਰ ਤੂੰ ਉਹਦਾ ਅਮਲ ਕਿਉਂ ਪਿਆ ਫੜਨਾ ਏਂ?"

"ਮੈਂ... ... ਇਹ ਹੋਰ ਗੱਲ ਏ ਬੇਬੇ"।

"ਹੋਰ ਕਿਵੇਂ?"

"ਮੈਂ ਇਹ" ਗਾਮੂ ਜੀਨੋ ਵੱਲ ਤੱਕਦਾ ਏ "ਇਹਨੇ ਬੇਗਮ ਨੂੰ ਜਾ ਦੱਸਿਆ,ਕੰਜਰ... ..."

"ਇਹ ਲਫ਼ਜ਼ ਆਖ ਤੇ ਮੈਂ ਜੀਭ ਖਿੱਚ ਕੇ ਤੇਰੀ ਤਲੀ ਤੇ ਧਰ ਦਿਆਂਗੀ, ਕੁੱਤੇ ਦਿਆ ਬੀਆ" ਅੰਮਾਂ ਜ਼ੈਨਬ ਸ਼ੂਕਦੀ ਉੱਠ ਖਲੋਂਦੀ ਏ ।

ਗਾਮੂ ਬਿਦਕ ਕੇ ਵੇੜ੍ਹੇ ਵਿੱਚੋਂ ਨਿਕਲਦਾ ਏ ।

ਅੰਮਾਂ ਜ਼ੈਨਬ ਤੇ ਮੈਂ ਉਹਨੂੰ ਗੋਲ ਬਾਗ਼ ਵੱਲ ਜਾਂਦਿਆਂ ਤੇ ਮਹਿੰਦੀ ਦੀ ਵਾੜ ਪਿੱਛੇ ਗਵਾਚਦਿਆਂ ਵੇਹਨੇ ਆਂ ।

"ਕੁੜੇ, ਤੂੰ ਆਟਾ ਨਹੀਂ ਗੁੰਨ੍ਹਣਾ?" ਉਹ ਮੰਜੇ ਤੇ ਬਹਿ, ਜੀਨੋ ਨੂੰ ਪੁੱਛਦੀ ਏ।

ਜੀਨੋ ਆਟੇ ਵਿਚ ਖੁੱਬੇ ਹੱਥ ਕੱਢਦੀ ਏ ਤੇ ਸਕਿੰਟਾਂ ਵਿਚ ਆਟਾ ਗੁੰਨ੍ਹ ਕੇ ਤਿਆਰ ਕਰ ਦਿੰਦੀ ਏ ।

ਅੰਮਾਂ ਜ਼ੈਨਬ ਜਾਣ ਲਈ ਉਠਦੀ ਏ ।

"ਬੇਬੇ, ਤੂੰ ਬਹਿ, ਮੈਂ ਭਾਂਡੇ ਕਰਨੀ ਆਂ" ਜੀਨੋ ਆਹੰਦੀ ਏ ।

"ਵੋਹਟੀ, ਤੇਰੀ ਮੱਤ ਟਿਕਾਣੇ? ਯਾਂ ਆਖੀਏ ਬਈ ਤੇਰੇ ਕੋਲ ਕੰਮ ਦਾ ਘਾਟਾ ਏ?"

"ਮੈਂ"

"ਬੱਸ, ਤੂੰ ਰੋਟੀਆਂ ਸੁੱਟ"।

ਜੀਨੋ ਪੇੜੇ ਕਰਨ ਲੱਗ ਪੈਂਦੀ ਏ ।

ਮਿੱਠੂ ਭੱਜਿਆ ਆਂਦਾ ਏ ਤੇ ਅੰਮਾਂ ਜ਼ੈਨਬ ਨਾਲ ਗੱਲ ਕਰਨ ਲਈ ਮੇਰੇ ਨਾਲ ਖੈ ਪੈਂਦਾ ਏ, ਗੁੜ ਦੀ ਪੀਸੀ ਮੇਰੇ ਹੱਥੋਂ ਛੁਟ, ਮਿੱਟੀ ਤੇ ਡਿੱਗਦੀ ਏ ।

"ਸ਼ਿਸ਼" ਮੈਂ ਉਹਨੂੰ ਧੱਕਾ ਦੇ ਕੇ ਪਰੇ ਕਰਨੀ ਆਂ, ਮਿੱਠੂ ਬੰਨੀ ਵਿਚ ਵਜਦਾ ਏ ।

ਮੈਂ ਪੀਸੀ ਚਾ ਕੇ ਝਾੜਨੀ ਆਂ ।

"ਬੰਨੀ ਤੋਂ ਪਿਸ਼ਾਂਹ ਰਹਿ ਬਾਂਦਰਾ" ਅੰਮਾਂ ਜ਼ੈਨਬ ਆਹੰਦੀ ਏ ।

"ਅੰਮਾਂ ਜੀਵਾਂ ਝਾੜੇ ਬਹਿਣ ਚੱਲੀ ਏ, ਤੂੰ ਜਾਣਾ ਏ?" ਮਿੱਠੂ ਅੰਮਾਂ ਜ਼ੈਨਬ ਨੂੰ ਪੁੱਛਦਾ ਏ ।

"ਆਹੋ" ਅੰਮਾਂ ਜ਼ੈਨਬ ਆਹੰਦੀ ਏ ।

"ਬੇਬੇ" ਮਿੱਠੂ ਜੀਨੋ ਨੂੰ ਬੁਲਾਂਦਾ ਏ "ਅੱਬਾ ਕਿੱਥੇ?"

"ਬਾਹਰ ਬੰਦਿਆਂ ਕੋਲ, ਹੋਰ ਕਿੱਥੇ" ਜੀਨੋ ਦੇ ਬੋਲਣ ਤੋਂ ਪਹਿਲੋਂ ਅੰਮਾਂ ਜ਼ੈਨਬ ਕਹਿੰਦੀ ਏ ਤੇ ਲੋਟੇ ਵਿਚ ਪਾਣੀ ਭਰਨ ਲੱਗ ਪੈਂਦੀ ਏ ।

"ਸ਼ੀਦਾ ਉਹਨੂੰ ਲੱਭਦਾ ਪਿਆ ਸੀ" ਮਿੱਠੂ ਆਹੰਦਾ ਏ ।

"ਕਿਉਂ?" ਅੰਮਾਂ ਜ਼ੈਨਬ ਪੁੱਛਦੀ ਏ ।

"ਆਹੰਦਾ ਸੀ, ਉਹਦੇ ਕੋਲ ਅੱਬੇ ਦੇ ਫੱਟਾਂ ਦਾ ਦਾਰੂ ਏ । ਸਰਦਾਰ ਨੇ ਰੈਫ਼ਲ ਦੇ ਹੱਥੇ ਨਾਲ ਅੱਬੇ ਨੂੰ ਕੁੱਟ ਕਿਉਂ ਚਾੜ੍ਹੀ?"

"ਉ ਤੇਰੀ ਬੇਬੇ ਨੂੰ ਕੁਟਨੋਂ ਹਟਕਦਾ ਜੋ ਨਹੀਂ ਸੀ । ਹੁਣ ਬਹਿ ਕੇ ਟੁੱਕਰ ਖਾ ਤੇ ਮੁੜ ਬਾਹਰ ਨੂੰ ਜਾਵੀਂ" ਅੰਮਾਂ ਜ਼ੈਨਬ ਆਹੰਦੀ ਏ ।

"ਚੰਗਾ" ਮਿੱਠੂ ਵੇੜ੍ਹੇ ਅੰਦਰ ਜਾਂਦਾ ਏ ।

"ਨਾ, ਠਹਿਰ ਜਾ" ਅੰਮਾਂ ਜ਼ੈਨਬ ਜੀਨੋ ਵੱਲ ਮੁੜਦੀ ਏ "ਵੋਹਟੀ, ਤੂੰ ਵੀ ਚੱਲ । ਮਿੱਠੂ ਦੀ ਰੋਟੀ ਨਾਲ ਬੰਨ੍ਹ ਲੈ, ਖਾਂਦਾ ਜਾਵੇ ਗਾ । ਚੁੱਲ੍ਹਾ ਮਸਮਾ ਦੇ, ਲੱਕੜ ਮੁੱਕ ਗਈ ਏ"।

ਨੂਰ ਜਮਾਲੋ ਗੋਲ ਬਾਗ਼ ਵਿੱਚੋਂ ਉਥੋਂ ਈ ਨਿਕਲੀ ਆਂਦੀ ਏ ਜਿੱਥੇ ਗਾਮੂ ਹੁਣੇ ਗਵਾਚਿਆ ਸੀ ।

ਨੂਰੋ ਦੇ ਸਿਰ ਤੇ ਅਨਾਜ ਦੀ ਗੰਢ ਏ, ਜਾਪਦਾ ਏ ਉਹ ਵੀ ਹੱਟੀ ਤੋਂ ਸ਼ੈਆਂ ਲੈਣ ਪਈ ਆਂਦੀ ਏ ।

"ਨੂਰੋ" ਮੈਂ ਭੁੱਲ ਜਾਨੀ ਆਂ ਕਿ ਮੈਂ ਲੁਕੀ ਹੋਈ ਸਾਂ ਤੇ ਉੱਚੀ ਸਾਰੀ ਨੂਰੋ ਨੂੰ ਵਾਜ ਮਾਰ ਦੇਨੀ ਆਂ ।

ਅੰਮਾਂ ਜ਼ੈਨਬ ਤੇ ਜੀਨੋ ਘਾਬਰ ਜਾਂਦੀਆਂ ਨੇਂ, ਮੈਂ ਭੱਜ ਉਠਨੀ ਆਂ ।

"ਨੂਰੋ" ਮੈਂ ਉਹਨੂੰ ਮੁੜ ਵਾਜ ਮਾਰਨੀ ਆਂ ।

ਨੂਰ ਜਮਾਲੋ ਝੱਟ ਕੁ ਖਲੋਂਦੀ ਏ, ਗੰਢਰੀ ਸਿਰ ਤੇ ਜਮਾਂਦੀ ਏ ਤੇ ਮੁੜ ਹੱਟੀ ਦੇ ਬੰਦ ਬੂਹੇ ਵੱਲ ਟੁਰ ਪੈਂਦੀ ਏ ।

"ਨੂਰੋ, ਤੂੰ ਅਜੇ ਵੀ ਮੇਰੇ ਨਾਲ ਕੁੱਟੀ ਏਂ?" ਮੈਂ ਉਹਦੇ ਕੋਲ ਜਾਂਨੀ ਆਂ "ਇਹ ਮੇਰਾ ਕਸੂਰ ਨਹੀਂ ਸੀ, ਕਦੀ ਮਾਂ ਜੀ ਮੇਰੀ ਅਸਲੋਂ ਨਹੀਂ ਸੁਣਦੇ"।

"ਮੇਰੀ ਬੇਬੇ ਆਹੰਦੀ ਏ ਬਈ ਨਿੱਕੀ ਬੀਬੀ ਦੇ ਨੇੜੇ ਨਾ ਜਾਵੀਂ" ਨੂਰ ਜਮਾਲੋ ਟੁਰੀ ਜਾਂਦੀ ਦਿਸਦੀ ਏ ।

"ਮਾਸੀ ਉਮਰਾਂ ਇਹ ਕਿਉਂ ਆਹੰਦੀ ਏ?" ਮੇਰੀਆਂ ਅੱਖੀਂ ਵਿਚ ਹੰਜੂ ਆ ਜਾਂਦੇ ਨੇਂ ।

"ਉਹ ਆਹੰਦੀ ਏ ਤੂੰ ਸਾਨੂੰ ਖਿਡੌਣੇ ਦੇਨੀ ਏਂ ਜਿਹੜੇ ਤੇਰੇ ਨਹੀਂ ਹੁੰਦੇ ਤੇ ਮੁੜ ਬੇਗ਼ਮ ਸਾਨੂੰ ਫੜ ਲੈਂਦੀ ਏ ਬਈ ਅਸਾਂ ਤੇਥੋਂ ਚੋਰੀ ਕੀਤੇ ਨੇਂ । ਮੁੜ ਮੇਰੀ ਬੇਬੇ, ਹਾਏ, ਮੈਨੂੰ ਵੇਲ੍ਹਣੇ ਨਾਲ ਕੁੱਟਦੀ ਏ" ਨੂਰ ਜਮਾਲੋ ਰੋਣ ਡਹਿ ਪੈਂਦੀ ਏ ।

ਮੈਂ ਵੀ ਰੁੰਨੀ ਆਂ ।

"ਇਹ ਵੇਖ, ਦਿਸਦਾ ਈ?" ਉਹ ਕੁਰਤਾ ਚਾ ਮੈਨੂੰ ਲੱਕ ਦਾ ਸੱਜਾ ਪਾਸਾ ਵਿਖਾਂਦੀ ਏ, ਉਹਦੇ ਤੇ ਵੱਡੇ ਵੱਡੇ ਨੀਲ ਪਏ ਹੋਏ ਨੇਂ ।

"ਸੋਰੀ ਸੋਰੀ" ਮੈਂ ਸਿਸਕਣ ਲੱਗ ਪੈਨੀ ਆਂ ।

ਅਸੀਂ ਇਕ ਦੂੱਜੇ ਨੂੰ ਜੱਫੀ ਪਾਂਨੇ ਆਂ, ਨੂਰੋ ਦੇ ਸਿਰ ਤੋਂ ਗੰਢੜੀ ਢਹਿੰਦੀ ਏ ਤੇ ਮੇਰੇ ਹੱਥੋਂ ਗੁੜ ਦੀ ਪੈਸੀ ।

"ਨੀ ਬੀਬੀ, ਤੂੰ ਕਾਹਨੂੰ ਰੋਣ ਪੈ ਗਈ ਏਂ?" ਅੰਮਾਂ ਜ਼ੈਨਬ ਨੇੜੇ ਆ ਕੇ ਪੁੱਛਦੀ ਏ "ਇਹਨੇ ਮਾਰਿਆ ਏ ਤੈਨੂੰ? ਨੀ ਨੂਰ ਜਮਾਲੋ, ਤੂੰ ਬੀਬੀ ਨੂੰ ਕੀ ਆਖਿਆ ਏ?" ਉਹ ਨੂਰੋ ਦਾ ਕੰਨ ਫੜ ਲੈਂਦੀ ਏ ।

ਨੂਰੋ ਹੋਕਾ ਭਰਦੀ ਏ ।

"ਨਾ ਅੰਮਾਂ ਜ਼ੈਨਬ, ਇਹਨੇ ਮੈਨੂੰ ਕੁਸ਼ ਨਹੀਂ ਆਖਿਆ" ਮੈਂ ਅੰਮਾਂ ਜ਼ੈਨਬ ਦੀ ਬਾਂਹ ਖਿੱਚ ਕੇ ਨੂਰੋ ਦਾ ਕੰਨ ਛੁਡਾਣ ਦੀ ਕੋਸ਼ਿਸ਼ ਕਰਨੀ ਆਂ ।

"ਮੈਂ ਜਾਣੂੰ ਆਂ ਇਸ ਸ਼ੈਤਾਨ ਦੀ ਟੁਟੀ ਦੀ" ਅੰਮਾਂ ਜ਼ੈਨਬ ਲੋਟਾ ਭੁੰਜੇ ਰੱਖ, ਨੂਰ ਜਮਾਲੋ ਦੀ ਵੱਖੀ ਵਿਚ ਧਮੋਕਾ ਲਾਂਦੀ ਏ ।

ਨੂੰਰੋ ਦੀਆਂ ਚੀਕਾਂ ਨਿਕਲ ਜਾਂਦੀਆਂ ਨੇਂ ।

"ਅੱਲਾਹ ਮਾਫ਼ੀ, ਇਸ ਕੁੜੀ ਨੂੰ ਵੇਖੋ, ਮੈਂ ਜ਼ਰੀ ਹੱਥ ਲਾਇਆ ਏ ਤੇ ਐਵੇਂ ਚੀਕਣ ਪੈ ਗਈ ਏ ਜਿਵੇਂ ਮੈਂ ਕੋਈ ਇਜ਼ਰਾਈਲ ਆਂ" ਅੰਮਾਂ ਜ਼ੈਨਬ ਨੂਰੋ ਨੂੰ ਇਕ ਦੋ ਹੋਰ ਲਾਂਦੀ ਏ ।

"ਅੰਮਾਂ ਜ਼ੈਨਬ" ਮੈਂ ਉਹਦੀ ਬਾਂਹ ਨਾਲ ਲਟਕ ਕੇ ਉਹਨੂੰ ਮਾਰਨ ਤੋਂ ਰੋਕਨੀ ਆਂ । "ਚੱਲ ਨੀ ਬੀਬੀ" ਉਹ ਮੈਨੂੰ ਆਪਣੇ ਵੱਲ ਖਿੱਚਦੀ ਏ ।

"ਨੂਰੋ ਨੇ ਮੈਨੂੰ ਕੁੱਝ ਨਹੀਂ ਆਖਿਆ ਮੈਨੂੰ ਜਾਣ ਦੇ" ਮੈਂ ਆਵਦੇ ਆਪ ਨੂੰ ਛੁਡਾਣ ਦਾ ਚਾਰਾ ਕਰਨੀ ਆਂ ।

ਅੰਮਾਂ ਜ਼ੈਨਬ ਮੈਨੂੰ ਸਾਡੇ ਘੱਰ ਵੱਲ ਘਸੀਟਦੀ ਏ ।

"ਅੰਮਾਂ ਜ਼ੈਨਬ ਮੈਨੂੰ ਜਾਣ ਦੇ, ਨੂਰੋ ਨੂੰ ਪੀੜ ਪਈ ਹੁੰਦੀ ਏ" ਮੈਂ ਆਹਨੀ ਆਂ ।

"ਆਹੋ ਤੇ ਤੂੰ ਵੱਡੀ ਡਾਕਦਾਰ ਏਂ" ।

"ਨਹੀਂ, ਸੱਚੀ, ਨੂਰੋ ਨੂੰ ਕਲ੍ਹ ਦੀਆਂ ਸੱਟਾਂ ਲੱਗਿਆਂ ਹੋਈਆਂ ਨੇਂ ਜਦ ਮਾਸੀ ਉਮਰਾਂ ਇਹਨੂੰ ਵੇਲ੍ਹਣੇ ਨਾਲ ਕੁੱਟਿਆ ਸੀ ਤੇ ਅੱਜ ਤੋਂ ਉੱਥੇ ਈ ਉਹਨੂੰ ਫਿਰ ਮਾਰਿਆ ਏ"।

"ਚੰਗਾ ਨੀ ਬੀਬੀ, ਤੂੰ ਇਹ ਬਾਤਾਂ ਖ਼ੋਰਸ਼ੈਦੀ ਨਾਲ ਪਾ" ਉਹ ਮੈਨੂੰ ਵੇੜ੍ਹੇ ਦੇ ਗੇਟ ਤੇ ਲਿਆਂਦੀ ਏ ।

"ਨੀ ਖ਼ੋਰਸ਼ੈਦ" ਉਹ ਵਾਜ ਦਿੰਦੀ ਏ ।

"ਆਹੋ" ਖ਼ੋਰਸ਼ੈਦੀ ਕੰਧ ਪਿੱਛੋਂ ਬੋਲਦੀ ਏ ।

"ਆਜਾ, ਨਿੱਕੀ ਬੀਬੀ ਬਾਹਰ ਏ"।

"ਉ ਕੂ, ਇੱਡੇ ਕਵੇਲੇ?" ਖ਼ੋਰਸ਼ੈਦੀ ਭੱਜੀ ਆਂਦੀ ਏ ।

"ਅੰਮਾਂ ਜ਼ੈਨਬ, ਮੈਂ ਵੀ ਬਾਹਰ ਬਹਿਣਾ ਏ, ਪਲੀਜ਼ ਮੈਨੂੰ ਵੀ ਲੈ ਚੱਲ" ਮੈਂ ਗੇਟ ਦੀ ਚੋਗਾਠ ਫੜ ਲੈਨੀ ਆਂ ।

"ਮੈਂ ਤੈਨੂੰ ਸੌ ਵਾਰੀ ਲੈ ਜਾਵਾਂ ਪਰ ਤੈਨੂੰ ਜਾਜ਼ਤ ਕੁ ਨੀ" ਅੰਮਾਂ ਜ਼ੈਨਬ ਆਹੰਦੀ ਏ ।

"ਮੈਂ ਮਾਂ ਜੀ ਨੂੰ ਪੁੱਛ ਲੈਨੀ ਆਂ"।

"ਨਾ ਬੀਬੀ ਨਾ, ਬੇਗ਼ਮ ਨੂੰ ਸਿਰ ਪੀੜ ਪਈ ਹੋਈ ਏ, ਉਹਨੂੰ ਨਹੀਂ ਜਗੋਣਾ। ਤੇਰੇ ਲਈ ਅੰਦਰ ਏਡਾ ਸੋਹਣਾ ਗੁਸਲ ਖਾਨਾ ਏ, ਤੈਨੂੰ ਕੰਮੀਆਂ ਨਾਲ ਬਾਹਰ ਬਹਿਣ ਦੀ ਕੀ ਲੋੜ ਏ?" ਅੰਮਾਂ ਜ਼ੈਨਬ ਆਹੰਦੀ ਏ ।

ਖ਼ੋਰਸ਼ੈਦੀ ਵੀਣੀਆਂ ਫੜ ਕੇ ਮੈਨੂੰ ਚੋਗ਼ਾਠ ਤੋਂ ਛਿੱਕਦੀ ਏ ।

"ਛੱਡ ਮੈਨੂੰ" ਮੈਂ ਆਹਨੀ ਆਂ ।

ਮੇਰੇ ਪਿੱਛੇ, ਪਿੰਡ ਦੇ ਵਿਚਕਾਰ, ਭੋਏਂ ਤੇ ਬੈਠੀ ਨੂਰੋ ਕੱਲੀ ਰੋਂਦੀ ਪਈ ਏ ਮੈਂ ਉਹਦੇ ਵੱਲ ਭੱਜਣ ਲਈ ਚੋਗ਼ਾਠ ਛੱਡਣੀ ਆਂ, ਖ਼ੋਰਸ਼ੈਦੀ ਮੈਨੂੰ ਜੱਫਾ ਮਾਰ ਲੈਂਦੀ ਏ । ਮੇਰੇ ਪੈਰ ਭੋਏਂ ਤੋਂ ਉੱਠਣ ਲੱਗ ਪੈਂਦੇ ਨੇਂ ।

ਖ਼ੋਰਸ਼ੈਦੀ ਮੈਨੂੰ ਚੁਕ ਕੇ ਗੇਟੋਂ ਅੰਦਰ ਲਿਆਂਦੀ ਏ, ਉਸੇ ਤਰ੍ਹਾਂ ਜਿਵੇਂ ਨਿੱਕੀਆਂ ਹੁੰਦਿਆਂ ਕਰਦੀ ਸੀ, ਤੇ ਮੈਨੂੰ ਮਾਂ ਜੀ ਦੇ ਪੀੜ੍ਹੇ ਤੇ ਰੱਖ ਦਿੰਦੀ ਏ ।

ਕਾਵੜ ਨਾਲ ਮੇਰੀ ਰੱਤ ਪਈ ਸੜਦੀ ਏ ।

"ਜੇ ਤੂੰ ਹੁਣ ਬਿਨਾਂ ਚੁੰਨੀ ਬਾਹਰ ਗਈਓਂ ਤੇ ਮੈਂ ਬੇਗ਼ਮ ਨੂੰ ਦੱਸ ਦਿਆਂਗੀ ਤੇ ਫਿਰ ਮੈਨੂੰ ਨਾ ਆਖੀਂ" ਖ਼ੋਰਸ਼ੈਦੀ ਆਹੰਦੀ ਏ ।

ਮੈਂ ਕੁੱਦ ਕੇ ਪੀੜ੍ਹੇ ਵਿੱਚੋਂ ਨਿਕਲਣੀ ਆਂ ਤੇ ਗ਼ੁਸਲ ਖ਼ਾਨੇ ਵੱਲ ਭੱਜ ਉਠਨੀ ਆਂ।

"ਲੈਂਪ ਲੈ ਜਾ" ਖ਼ੋਰਸ਼ੈਦੀ ਪਿੱਛੋਂ ਬੋਲਦੀ ਏ ।

ਮੈਂ ਟਾਹਲ੍ਹੀ ਕੋਲੋਂ ਏਨੀ ਤੇਜ਼ ਨਿਕਲਨੀ ਆਂ ਕਿ ਉਹਦੇ ਥੱਲੇ ਖਲੋਤਾ ਸ਼ਾਹ ਮੁਰਗ਼ ਵੀ ਡਰ ਜਾਂਦਾ ਏ ਤੇ ਟਹਿਣੀਆਂ ਤੇ ਬੈਠੇ ਪੱਖੀ ਵੀ ।

ਜ਼ੋਰ ਜ਼ੋਰ ਦੀ ਪੈਰ ਮਾਰਦੀ ਸਾਈਂ ਜੀ ਦੇ ਕਮਰੇ ਅੱਗੋਂ ਲੰਘ, ਫਿਰ ਅੰਮਾਂ ਜੀਵਾਂ ਤੇ ਖ਼ੋਰਸ਼ੈਦੀ ਦੇ ਤੇ ਮੁੜ ਤੋਤੀ ਦੇ ਕਮਰਿਓਂ ਹੁੰਦੀ ਮੈਂ ਵੇੜ੍ਹੇ ਦੇ ਦੂੱਜੇ ਪਾਸੇ ਗ਼ੁਸਲ ਖ਼ਾਨੇ ਨੂੰ ਜਾਨੀ ਆਂ ।

ਭੋਏਂ ਥੱਲੇ ਨੱਪੇ ਪਖ਼ਾਨੇ ਦੀ ਬੋ ਦੂਰੋਂ ਆਣ ਲੱਗ ਪਈ ਏ । ਮਾਂ ਜੀ ਆਹੰਦੇ ਨੇਂ, ਅੰਦਰ ਵੜਨ ਤੋਂ ਪਹਿਲੋਂ ਆਵਦਾ ਨੱਕ ਮੂੰਹ ਕੱਪੜੇ ਨਾਲ ਕੱਜ ਲਈਏ ਪਰ ਮੈਨੂੰ ਚੇਤੇ ਨਹੀਂ ਰਹਿੰਦਾ ।

ਮੱਖੀਆਂ ਨੂੰ ਮੇਰਾ ਪਤਾ ਲੱਗ ਗਿਆ ਏ ਤੇ ਉਹ ਭਿੰਣ ਭਿੰਣ ਕਰ ਕੇ ਮੋਰੀਆਂ ਵਿੱਚੋਂ ਬਾਹਰ ਆਣ ਲੱਗ ਪਈਆਂ ਨੇਂ । ਮੈਂ ਕੰਧ ਨਾਲ ਟੁਰਦੀ ਗ਼ੁਸਲਖ਼ਾਨੇ ਦੀ ਪਰਲੀ ਨੁੱਕਰ ਵਿੱਚ ਪਈਆਂ ਇੱਟਾਂ ਦੀ ਢੇਰੀ ਤੇ ਚੜ੍ਹ ਕੇ ਬਾਹਰ ਵੇਹਨੀ ਆਂ ।

ਸਾਡੇ ਵੇੜ੍ਹੇ ਦੇ ਪਿਛਲੇ ਪਾਸੇ ਮਸੀਤ ਏ ਤੇ ਮੌਲਵੀ ਜੀ ਦਾ ਘੱਰ, ਵਿਚ ਇਕ ਏਨੀ ਚੋੜੀ ਗਲੀ ਏ ਜਿਹਦੇ ਵਿੱਚੋਂ ਭਾ ਦੀ ਜੀਪ ਲੰਘ ਜਾਂਦੀ ਏ । ਇਹ ਗਲੀ ਮੇਰੇ ਸੱਜੇ ਪਾਸਿਓਂ ਜਾ ਕੇ ਪਿੰਡ ਦੀ ਵੱਡੀ ਸੜਕ ਨੂੰ ਮਿਲਦੀ ਏ, ਵੱਡੀ ਸੜਕ ਅਮਲਤਾਸ ਥੱਲੋਂ ਲੰਘਦੀ ਏ ਜਿਹੜਾ ਸਾਡੀ ਛੱਤ ਤੋਂ ਵੀ ਉੱਚਾ ਏ, ਤੇ ਅੱਗੇ ਭਾ ਦੀ ਬੈਠਕ ਤੋੜੀ ਜਾ ਕੇ ਦੋ ਹੋ ਕੇ ਇਕ ਟਿਊਬ ਵੈੱਲ ਨੂੰ ਜਾਂਦੀ ਏ ਤੇ ਦੂਜੀ ਪਿੰਡ ਦੇ ਅੰਦਰ ਆਂਦੀ ਏ । ਮੇਰੇ ਖੱਬੇ ਪਾਸਿਓਂ ਇਹ ਗਲੀ ਪਿੰਡ ਦਾ ਗੇੜਾ ਲਾਂਦੀ ਕਬਰਾਂ ਨੂੰ ਜਾ, ਗੋਲ ਬਾਗ਼ੋਂ ਫਿਰਦੀ ਪਿੰਡ ਦੇ ਵਿਚਕਾਰ ਆਵਦੇ ਆਪ ਨੂੰ ਆਣ ਮਿਲਦੀ ਏ ।

ਇਸ ਵੇਲੇ, ਮਸੀਤ ਤੇ ਮੌਲਵੀ ਜੀ ਦੇ ਘੱਰ ਪਿਛਵਾੜੇ ਗਲੀ ਉੱਕਾ ਖ਼ਾਲੀ ਏ । ਸਾਰੇ ਬਾਲ ਪੈਲੀਆਂ ਵਿਚ ਨੇਂ ਤੇ ਬੰਦੇ ਭਾ ਕੋਲ । ਮੈਂ ਪਿੱਛੇ ਵੇਹਨੀ ਆਂ, ਖ਼ੋਰਸ਼ੈਦੀ ਭਾਂਡੇ ਸਾਂਭਦੀ ਪਈ ਏ ਤੇ ਬਾਉ ਗੰਦੇ ਭਾਂਡਿਆਂ ਦਾ ਇਕ ਹੋਰ ਟਰੇ ਲਈ ਆਂਦਾ ਏ ।

ਮੇਰੇ ਵੱਲ ਕੋਈ ਨਹੀਂ ਪਿਆ ਵਹਿੰਦਾ ।

ਮੈਂ ਕੰਧ ਤੇ ਚੜ੍ਹ ਕੇ ਦੂੱਜੇ ਪਾਸੇ ਗਲੀ ਵਿਚ ਛਾਲ ਮਾਰ, ਮੌਲਵੀ ਜੀ ਦੇ ਘੱਰ ਪਿਛਵਾੜੇ ਲਹਿਨੀ ਆਂ ।

"ਲਾਹੋਲ ਵਲਾ ਕੁੱਵਤ ਇੱਲਾ ਬਿੱਲਾਹ, ਅੱਲਾਹ ਬਾਝ ਤਾਕਤ ਕਿਸੇ ਹੋਰ ਕੋਲ ਨਹੀਂ ਬੀਵੀ, ਤੂੰ ਕੁੜੀ ਨੂੰ ਬਹੁਤ ਖਵਾਨੀ ਪਿਆਨੀ ਏਂ" ਮੌਲਵੀ ਜੀ ਆਹੰਦੇ ਨੇਂ ।

ਉਨ੍ਹਾਂ ਦੀ ਵਾਜ ਏਨੀ ਨੇੜੇ ਕਿ ਮੈਂ ਹਿੱਲ ਨਹੀਂ ਸਕਦੀ ।

"ਬੱਚੀਆਂ ਖੁਚੀਆਂ ਜੀ, ਜਿਵੇਂ ਤੁਸੀਂ ਆਖਿਆ ਸੀ । ਇਨ੍ਹਾਂ ਬੋਟੀਆਂ ਤੇ ਮਾਸ ਕੁ ਨੀ, ਹੱਡੀਆਂ ਈ ਹੱਡੀਆਂ ਨੇਂ" ਮੌਲਵਿਆਨੀ ਆਹੰਦੀ ਏ ।

"ਬੋਟੀ" ਕਲਸੂਮ ਰੋਂਦੀ ਏ ।

"ਸ਼ਿਸ਼" ਮੌਲਵਿਆਨੀ ਉਹਨੂੰ ਹਟਕਦੀ ਏ । ਕਲਸੂਮ ਚੀਕਾਂ ਮਾਰਨ ਲੱਗ ਪੈਂਦੀ ਏ, ਮੌਲਵੀ ਜੀ ਉਹਨੂੰ ਸੋਟੀ ਨਾਲ ਮਾਰਨ ਲੱਗ ਪੈਂਦੇ ਨੇਂ । ਮੈਂ ਭੱਜ ਕੇ ਗਲੀ ਵਿੱਚੋਂ ਨਿਕਲ ਜਾਂਨੀ ਆਂ, ਮੌਲਵੀ ਸਾਬ ਤੋਂ ਤੇ ਨੂਰੋ ਦਾ ਭਰਾ ਹੱਸੂ ਵੀ ਡਰਦਾ ਏ । ਮੈਂ ਵੱਡੀ ਸੜਕੇ ਅੱਪੜ ਕੇ ਖਲੋ ਜਾਂਨੀ ਆਂ ਤੇ ਪਾਰ ਜਾਣ ਤੋਂ ਪਹਿਲੋਂ ਇੱਧਰ ਉੱਧਰ ਵੇਹਨੀ ਆਂ ।

ਮੇਰੇ ਅੱਗੇ ਜ਼ਨਾਨੀਆਂ ਚਰੀ ਵਿਚ ਅਲੋਪ ਹੁੰਦੀਆਂ ਪਈਆਂ ਨੇਂ । ਭਾ ਦੀ ਬੈਠਕ ਕੋਲ ਪੈਲੀਆਂ ਵਿਚ ਲੁੱਕਣ ਮੀਟੀ ਖੇਡਦੇ ਬਾਲਾਂ ਦੀਆਂ ਵਾਜਾਂ ਆਂਦੀਆਂ ਪਈਆਂ ਨੇਂ ।

ਸੜਕ ਦੇ ਉਤਲੇ ਪਾਸੇ ਅਮਲਤਾਸ ਥੱਲੇ ਕੋਈ ਵੀ ਨਹੀਂ ।

ਜੇ ਹੁਣ ਭਾ ਲਾਹੋਰ ਹੁੰਦਾ ਤੇ ਮੈਂ ਇੱਥੋਂ ਭੱਜੀ ਜਾਂਦੀ, ਅਮਲਤਾਸ ਤੇ ਚੜ੍ਹਦੀ, ਦੂਰ ਪੈਲੀਆਂ ਵੇਹੰਦੀ, ਮੁੜ ਛੱਤ ਤੇ ਲਹਿ ਜਾਂਦੀ । ਉਥੋਂ ਦਿਲ ਕਰਦਾ ਤੇ ਅਮਲਤਾਸ ਦੀਆਂ ਟਹਿਣੀਆਂ ਨਾਲ ਲਮਕ ਕੇ ਥੱਲੇ ਆਂਦੀ, ਮੁੜ ਵਾਪਸ ਇੱਥੇ । ਅਮਲਤਾਸ ਪਿੱਛੇ ਭਾ ਦੀ ਬੈਠਕ ਲੈਂਪ ਦੇ ਚਾਨਣ ਨਾਲ ਮੱਚੀ ਪਈ ਏ ।

ਮੇਰੇ ਦੂਜੇ ਪਾਸੇ ਇਹ ਸੜਕ ਚਰਾਗ਼ ਦੇ ਖੂਹ ਨੂੰ ਜਾਂਦੀ ਏ ਜਿਹੜਾ ਸਾਡੇ ਨੇੜੇ ਇਕ "ਆਵਦਾ" ਪਿੰਡ ਏ । ਭਾ ਆਹੰਦਾ ਏ ਜੇ ਸਾਡੇ ਤੇ ਕੋਈ ਆਫ਼ਾਤ ਆ ਜਾਵੇ ਤੇ ਇਮਦਾਦ ਲਈ

ਸੱਭ ਤੋਂ ਪਹਿਲੋਂ ਚਰਾਗ਼ ਦੇ ਖੂਹ ਤੇ ਜਾਈਏ ਤੇ ਫਿਰ ਰਖ ਭੂਨੇਕੀ, ਜਿਹੜਾ ਮੇਰੇ ਮੂਹਰੇ ਦੂਰ ਪੈਲੀਉਂ ਪਾਰ ਏ । ਭਾ ਆਹੰਦਾ ਏ ਕਿ ਕਦੀ ਵੀ ਅਸੀਂ, ਤੇ ਖ਼ਾਸ ਕਰ ਮੈਂ, ਟਿਊਬ ਵੈੱਲ ਯਾਂ ਕਬਰਸਤਾਨ ਦੇ ਪਾਰ ਪਿੰਡਾਂ ਵਿੱਚ ਨਹੀਂ ਜਾਣਾ ਕਿਉਂ ਜੇ ਉਧਰ ਉਹਦੇ ਵੈਰੀ ਰਹਿੰਦੇ ਨੇਂ । ਮੈਂ ਚਰਾਗ਼ ਦਾ ਖੂਹ ਵੀ ਵੇਖਿਆ ਏ ਤੇ ਰੱਖ ਭੂਣੀਕੀ ਵੀ, ਖ਼ੌਰੇ ਭਾ ਦੇ ਵੈਰੀਆਂ ਦੇ ਪਿੰਡ ਕਿਹੋ ਜਿਹੇ ਨੇਂ।

ਮੈਂ ਸੜਕ ਦੇ ਕੰਡੇ ਤੇ ਇਕ ਲੰਮੇ ਕਾਲੇ ਸੱਪ ਤਰ੍ਹਾਂ ਖਿੱਲਰ ਜਾਂਨੀ ਆਂ ਤੇ ਮਾਰੋ ਮਾਰ ਕਰਦੀ ਸੜਕ ਪਾਰ ਕਰਨੀ ਆਂ।

ਦੂੱਜੇ ਪਾਸੇ, ਚਰੀ ਦੀਆਂ ਪੈਲੀਆਂ ਦੇ ਉਰਲੇ ਬੰਨੇ ਸ਼ੇਸ਼ ਨਾਗ ਵਾਂਗਰ ਕੁੰਡਲ ਮਾਰ, ਇਨਸਾਨ ਦੀ ਅੱਖ ਤੋਂ ਪਰੇ ਮੈਂ ਬਹਿ ਜਾਨੀ ਆਂ ।

ਕੁੱਝ ਦੇਰ ਚਰੀ ਵਿਚ ਵਾਅ ਦੀ ਸਰ ਸਰ ਦੀਆਂ ਵਾਜਾਂ ਆਂਦੀਆਂ ਰਹਿੰਦੀਆਂ ਨੇਂ, ਮੈਂ ਚੁੱਪ ਕਰ ਕੇ ਬੈਠੀ ਰਹਿਨੀ ਆਂ ।

ਮੁੜ ਉੱਚੀ ਸਾਰੀ ਕਿਸੇ ਦੀ ਹਵਾ ਸਰੱਦੀ ਏ, ਨਾਲ ਇਕ ਖੰਗੂਰੇ ਦੀ ਵਾਜ ।

ਇਸ ਤੋਂ ਪਹਿਲੋਂ ਕਿ ਮੈਂ ਆਵਦੇ ਆਪ ਨੂੰ ਰੋਕਾਂ, ਚਰੀ ਵਿੱਚੋਂ ਖੀ ਖੀ ਦੇ ਹਾਸੇ ਸੁਣੀਜਣ ਲੱਗ ਪੈਂਦੇ ਨੇਂ ।

"ਹਾਂ, ਹਾਂ?" ਅੰਮਾਂ ਜੀਵਾਂ ਆਹੰਦੀ ਏ ।

"ਇਹ ਅੱਯੋ ਸੀ" ਨਾਚੋ ਬੋਲਦੀ ਏ ।

"ਅਸਤਗ਼ਫ਼ਾਰ, ਮੈਂ ਨਹੀਂ ਇਹ ਜੀਨੋ ਸੀ" ਅੱਯੋ ਦੀ ਵਾਜ ਆਂਦੀ ਏ ।

"ਨਹੀਂ, ਕਸਮੇ ਮੈਂ ਨਹੀਂ" ਜੀਨੋ ਆਹੰਦੀ ਏ ।

"ਮੈਨੂੰ ਉਧਰੋਂ ਵਾਜ ਆਈ ਏ ਜਿੱਧਰ ਸਫ਼ੀਆ ਏ" ਅੰਮਾਂ ਜ਼ੈਨਬ ਆਹੰਦੀ ਏ ।

"ਨਹੀਂ, ਵਾਜ ਮੇਰੇ ਖੱਬੇ ਪਾਸਿਓਂ ਆਈ ਏ" ਸਫ਼ਣਆ ਬੋਲਦੀ ਏ ।

"ਤੇਰੇ ਖੱਬੇ ਪਾਸੇ ਕਿਹੜੀ ਏ?" ਅੰਮਾਂ ਜੀਵਾਂ ਸਫ਼ੀਆ ਨੂੰ ਪੁੱਛਦੀ ਏ ।

ਕੋਈ ਜਵਾਬ ਨਹੀਂ ਆਂਦਾ ।

"ਨੀ ਤੂੰ ਕਿਹੜੀ ਏਂ ਸਫ਼ੀਆ ਦੇ ਖੱਬੇ ਪਾਸੇ?" ਅੰਮਾਂ ਜੀਵਾਂ ਖਿੱਜ ਕੇ ਉੱਚੀ ਸਾਰੀ ਪੁੱਛਦੀ ਏ ।

ਇਕ ਹੋਰ ਖੰਗੂਰੇ ਦੀ ਵਾਜ ਆਂਦੀ ਏ, ਅਸੀਂ ਸਾਰੇ ਪਛਾਨਣ ਦਾ ਚਾਰਾ ਕਰਨੇ ਆਂ ।

"ਅੰਮਾਂ ਇਬਰਾ" ਅੱਯੋ ਬੁੱਝ ਲੈਂਦੀ ਏ ।

ਅੰਮਾਂ ਜੀਵਾਂ, ਅੰਮਾਂ ਜ਼ੈਨਬ ਤੇ ਅਸੀਂ ਸਾਰੇ ਹੱਸਣ ਲੱਗ ਪੈਨੇ ਆਂ ।

"ਜਿਹੜੀਆਂ ਝਾੜੇ ਬਹਿਣ ਦੀਆਂ ਗੱਲਾਂ ਕਰਦੀਆਂ ਨੇਂ, ਉਨ੍ਹਾਂ ਜਹੱਨਮ ਦੀ ਅੱਗ ਵਿਚ ਸੜਨਾ ਏ" ਅੰਮਾਂ ਇਬਰਾ ਆਹੰਦੀ ਏ ।

"ਇਬਰਾ ਸੱਚੀ ਏ ਨੀ ਭੈੜੀਓ, ਝਾੜੇ ਬੈਠਿਆਂ ਹੱਸੀ ਬੋਲੀ ਦਾ ਨਹੀਂ, ਧੋਣ ਤੇ ਬੈਠੇ ਫ਼ਰਿਸ਼ਤਿਆਂ ਨੂੰ ਮੁੜ ਕੇ ਵੇਖਣਾ ਪੈਂਦਾ ਏ" ਅੰਮਾਂ ਜ਼ੈਨਬ ਹਾਸਾ ਰੋਕ ਕੇ ਆਹੰਦੀ ਏ ।

"ਕਿਉਂ ਅੰਮਾਂ ਜ਼ੈਨਬ, ਫ਼ਰਿਸ਼ਤੇ ਸਾਡੀ ਵਾਜ ਤੇ ਮੁੜ ਕੇ ਕਿਉਂ ਵੇਹੰਦੇ ਨੇਂ?" ਅੱਯੋ ਪੁੱਛਦੀ ਏ ।

"ਓ ਹੋ, ਇਹ ਤੇ ਬਾਲਾਂ ਨੂੰ ਵੀ ਪਤਾ ਏ । ਉਹ ਸਾਡਾ ਹਰ ਅਮਲ ਲਿਖਦੇ ਰਹਿੰਦੇ ਨੇਂ, ਕਿਆਮਤ ਦਿਹਾੜੇ ਰੱਬ ਨੂੰ ਸਾਡਾ ਹਿਸਾਬ ਦੇਣਾ ਹੁੰਦਾ ਏ ਕਿ ਪਤਾ ਲੱਗੇ ਅਸਾਂ ਯੰਨਤ ਵਿਚ ਐਸ਼ ਕਰਾਂਗੇ ਯਾਂ ਯਹੰਨਮ ਵਿਚ ਸੜਾਂਗੇ" ਅੰਮਾਂ ਜ਼ੈਨਬ ਆਹੰਦੀ ਏ ।

ਇਹਦੇ ਨਾਲ ਈ ਫ਼ਿਰ ਖੀ ਖੀ ਦੀਆਂ ਵਾਜਾਂ ਆਂਦੀਆਂ ਨੇਂ ਤੇ ਇੰਜ ਲਗਦਾ ਏ ਜਿਵੇਂ ਜ਼ਨਾਨੀਆਂ ਸੱਜੇ ਖੱਬੇ ਚਰੀ ਦੇ ਬੂਟਿਆਂ ਤੇ ਢਹਿੰਦਿਆਂ ਪਈਆਂ ਨੇਂ ।

"ਹਾਂ ਹਾਂ, ਇਹ ਕੀ ਪਿਆ ਹੁੰਦਾ ਏ?" ਅੰਮਾਂ ਜੀਵਾਂ ਸਾਨੂੰ ਸਾਰਿਆਂ ਨੂੰ  ਝਾੜਦੀ ਏ ।

"ਜ਼ੈਨਬ ਜੁ ਸਠਿਆ ਗਈ ਏ" ਅੰਮਾਂ ਇਬਰਾ ਆਹੰਦੀ ਏ ।

"ਕਿਉਂ, ਮੈਂ ਕੀ ਕੀਤਾ ਏ?" ਅੰਮਾਂ ਜ਼ੈਨਬ ਪੁੱਛਦੀ ਏ ।

"ਤੂੰ ਬੋਲੀ ਜਾਂਨੀ ਏਂ ਜਦੋਂ ਮੈਂ ਦੱਸਿਆ ਏ ਝਾੜੇ ਬੈਠਿਆਂ ਬੋਲੀ ਦਾ ਨਹੀਂ । ਤੈਨੂੰ ਤੇ ਇਹ ਵੀ ਸੁਰਤ ਨਹੀਂ ਕਿ ਕੁੜੀਆਂ ਤੇਥੋਂ "ਯੰਨਤ" ਤੇ "ਯਹੰਨਮ" ਸੁਣਨ ਲਈ ਤੈਨੂੰ ਇਹ ਸਵਾਲ ਪਾਂਦੀਆਂ ਨੇਂ" ।

ਹਾਸੇ ਦਾ ਇਕ ਹੋਰ ਬੁੱਲਾ ਚਰੀ ਵਿੱਚੋਂ ਲੰਘਦਾ ਏ ।

"ਚੰਗਾ ਨੀ ਇਬਰਾ ਮੈਂ ਤੇ ਸੱਠਾਂ ਵਿਚ ਆਂ, ਤੂੰ ਦੱਸ ਮੇਰੀਏ ਅੱਲ੍ਹੜ ਮੁਟਿਆਰੇ, ਤੈਨੂੰ ਕੀ ਬਣੀਆਂ?" ਅੰਮਾਂ ਜ਼ੈਨਬ ਪੁੱਛਦੀ ਏ ।

"ਹੋ ਹਾਏ ਜ਼ੈਨਬੇ, ਮੈਂ ਤੇ ਤੈਨੂੰ ਹੁਸ਼ਿਆਰ ਕਰਨ ਲਈ ਇਕ ਗੱਲ ਕੀਤੀ ਸੀ ਪਰ ਤੂੰ ਕੁੜੀਆਂ ਨੂੰ ਕਿਤਾਬ ਸੁਨਾਣ ਲੱਗ ਪਈਉਂ" ਅੰਮਾਂ ਇਬਰਾ ਆਹੰਦੀ ਏ ।

"ਮੈਂ ਕੁਝ ਨਹੀਂ ਸੀ ਆਖਣਾ ਪਰ ਇਬਰਾ, ਉਮਰਾਂ ਲੰਘ ਗਈਆਂ, ਤੈਨੂੰ ਝਾੜੇ ਬਹਿ ਕੇ ਬੋਲਣ ਦੀ ਇੱਲਤ ਨਾ ਗਈ । ਵੱਲ ਵੀ ਤੂੰ ਮੈਨੂੰ ਆਹਨੀ ਏਂ ਬਈ ਮੈਂ ਆਵਦੇ ਫ਼ਰਿਸ਼ਤਿਆਂ ਦਾ ਕੰਮ ਪਈ ਵਧਾਨੀ ਆਂ?" ਅੰਮਾਂ ਜ਼ੈਨਬ ਪੁੱਛਦੀ ਏ ।

ਕੋਈ ਜ਼ਨਾਨੀ ਧੋਣ ਲੱਗ ਪੈਂਦੀ ਏ, ਮੈਂ ਸਿਰ ਚਾ ਕੇ ਵੇਹਨੀ ਆਂ ।

"ਹੋ ਹਾਏ ਨੀ ਇਹ ਨਿੱਕੀ ਬੀਬੀ ਏ?" ਅੰਮਾਂ ਜੀਵਾਂ ਪੈਂਦਿਆਂ ਈ ਮੈਨੂੰ ਵੇਖ ਲੈਂਦੀ ਏ ।

"ਮੈਂ ਚੱਲੀ ਆਂ" ਮੈਂ ਧੜ ਅੱਗੇ ਸੁੱਟ ਕੇ ਇਕ ਆਮ ਨਿਕੜਾ ਜਿਹਾ ਸੱਪ ਬਣ ਜਾਨੀ ਆਂ ਤੇ ਇਸ ਤੋਂ ਪਹਿਲੋਂ ਕਿ ਅੰਮਾਂ ਜੀਵਾਂ ਸਾਰਿਆਂ ਨੂੰ ਦੱਸੇ ਕਿ ਮੈਂ ਇਸ ਵੇਲੇ ਘਰੋਂ ਬਾਹਰ ਆਂ, ਮੈਂ ਸੜਕ ਪਾਰ ਕਰ ਕੇ ਗਲੀ ਵਿਚ ਆ ਜਾਂਨੀ ਆਂ ।

ਉੱਥੋਂ ਕੰਧ ਟੱਪ, ਸਿੱਧੀ ਗ਼ੁਸਲ ਖ਼ਾਨੇ ਵਿਚ ।

ਖ਼ੋਰਸ਼ੈਦੀ ਹਾਲੀ ਤੋੜੀ ਭਾਂਡੇ ਮਾਂਜਦੀ ਪਈ ਏ, ਬਾਉ ਰੋਟੀ ਖਾਂਦਾ ਪਿਆ ਏ । ਮੈਂ ਸਟੋਰਾਂ ਵੱਲ ਜਾਂਨੀ ਆਂ ਤੇ ਤੀਜੇ ਸਟੋਰ ਦਾ ਬੂਹਾ ਖੋਲ ਕੇ ਆਵਦੀ ਤੋਤੀ ਦੀ ਸਾਰ ਲੈਨੀ ਆਂ । ਉਹਨੇ ਕੋਈ ਫਲ ਫ਼ਰੂਟ ਨਹੀਂ ਖਾਦਾ ।

ਮੈਂ ਮੁੜ ਉਹਨੂੰ ਬੇਰ ਤੇ ਪਾਣੀ ਵਖਾਂਨੀ ਆਂ, ਉਹ ਅੱਖੀਂ ਨੂਟ ਲੈਂਦੀ ਏ ।

ਮੈਂ ਬਾਹਰ ਜਾ ਕੇ ਬੂਹਾ ਢੋ ਦੇਨੀ ਆਂ ।

ਅਨਦਰ ਮਾਂ ਜੀ ਸਿਰ ਤੇ ਕਾਲਾ ਲੀੜਾ ਬੰਨ੍ਹੀ ਪਏ ਨੇਂ ।

"ਮਾਂ ਜੀ ! ਤੁਹਾਡਾ ਸਿਰ ਘੁੱਟਾਂ ?" ਮੈਂ ਉਨ੍ਹਾਂ ਦੀ ਸਰ੍ਹਾਂਦੀ ਬਹਿੰਨੀ ਆਂ ।

"ਜਿਉਂਦੀ ਰਹੋ"।

"ਮਾਂ ਜੀ, ਨੂਰ ਜਮਾਲੋ ਕੋਈ ਚੋਰ ਨਹੀਂ" ਮੈਂ ਉਨ੍ਹਾਂ ਦਾ ਸਿਰ ਘੁੱਟਣ ਲੱਗ  ਪੈਨੀ ਆਂ ।

"ਨਹੀਂ? ਪਰ ਤੇਰੀ ਵਲੈਤੀ ਗੁੱਡੀ ਤੇ ਸਾਰੇ ਮਾਹੰਗੇ ਖਿਡੌਣੇ ਉਹਦੀ ਮੰਜੀ ਹੇਠੋਂ ਨਿਕਲੇ ਸਨ" ਮਾਂ ਜੀ ਆਹੰਦੇ ਨੇਂ ।

"ਇਸ ਲਈ ਮਾਂ ਜੀ ਕਿ ਕਲ੍ਹ ਮੈਂ ਆਵਦੀ ਗੁੱਡੀ ਪੀਨੋ ਨੂਰ ਜਮਾਲੋ ਦੇ ਗੁੱਡੇ ਮਾਝੇ ਨਾਲ ਵਿਆਹ ਦਿੱਤੀ ਸੀ ਤੇ ਉਹ ਪੀਨੋ ਦਾ ਦਾਜ ਏ" ।

"ਤੂੰ ਉਸ ਚੀਥੜੇ ਨੂੰ ਗੁੱਡਾ ਆਹਨੀ ਏਂ? ਪੀਨੋ ਦਾ ਵਿਆਹ ਕਿਸੇ ਚੰਗੀ ਥਾਂ ਕਿਉਂ ਨਹੀਂ ਹੋਇਆ? ਤੈਨੂੰ ਪੀਨੋ ਲਈ ਲਾਹੌਰ ਵਿਚ ਆਵਦੀਆਂ ਭੈਣਾਂ ਤਾਨੀ ਯਾਂ ਸ਼ੱਬੋ ਦੇ ਗੁੱਡੇ ਵੇਖਣੇ ਚਾਹੀਦੇ ਸਨ" ।

"ਮਾਂ ਜੀ, ਪੀਨੋ ਨੂੰ ਮਾਝਾ ਚੰਗਾ ਲਗਦਾ ਏ" ਮੈਂ ਆਹਨੀ ਆਂ ।

"ਅੱਛਾ?" ਮਾਂ ਜੀ ਸਿੱਧੇ ਹੋ ਲੇਟਦੇ ਨੇਂ "ਪਰ ਉਹ ਤੇ ਹਾਲੀ ਨਿੱਕੀ ਜਿਹੀ ਏ, ਇੱਡੇ ਵੱਡੇ ਫ਼ੈਸਲੇ ਆਪ ਕਿਵੇਂ ਕਰ ਸਕਦੀ ਏ? ਤੂੰ ਉਹਦੀ ਮਾਂ ਏਂ, ਤੈਨੂੰ ਸੋਚਣਾ ਪਏ ਗਾ" ਮਾਂ ਜੀ ਆਹੰਦੇ ਨੇਂ ।

"ਮੈਂ ਸੋਚਿਆ ਸੀ ਮਾਂ ਜੀ ਪਰ ਪੀਨੋ ਨੂੰ ਮਾਝਾ ਚੰਗਾ ਲਗਦਾ ਏ" ।

"ਹੂੰ" ਮਾਂ ਜੀ ਸਿਰਹਾਣਾ ਦੂਹਰਾ ਕਰ ਕੇ ਇਕਵਾਸੇ ਹੋ ਜਾਂਦੇ ਨੇਂ "ਪੀਨੋ ਨੂੰ ਮਾਝਾ ਕਿਉਂ ਚੰਗਾ ਲਗਦਾ ਏ?"

"ਪਤਾ ਨਹੀਂ" ਮੈਂ ਪਹਿਲੀ ਵਾਰੀ ਇਸ ਬਾਰੇ ਸੋਚਣੀ ਆਂ ।

"ਅੱਛਾ ਤੇ ਮਾਝਾ ਠਿੱਗਾ, ਲੰਗਾ, ਕੋਝਾ ਤੇ ਗ਼ਰੀਬ ਏ । ਜਾਪਦਾ ਏ ਪ੍ਰਵੀਨ ਉਹਨੂੰ ਪਸੰਦ ਨਹੀਂ ਕਰਦੀ, ਉਹਦੇ ਤੇ ਤਰਸ ਖਾਂਦੀ ਏ" ।

ਮੈਂ ਸੋਚੀਂ ਪੈ ਜਾਂਨੀ ਆਂ ।

"ਯਾਂ ਜੇ ਅਸੀਂ ਉਹਨੂੰ ਕੋਈ ਹੋਰ ਰਿਸ਼ਤਾ ਵਿਖਾਇਆ ਈ ਨਹੀਂ ਤੇ ਫਿਰ ਉਹਨੇ ਇੰਜ ਈ ਆਪਣੇ ਮਾਪਿਆਂ ਦੀਆਂ ਦੌਲਤਾਂ ਸਣੇ ਰੂੜੀ ਤੇ ਡੱਠੇ ਕਿਸੇ ਮੰਜੇ ਹੇਠਾਂ ਜਾ ਬਹਿਣਾ ਏ" ਮਾਂ ਜੀ ਆਹੰਦੇ ਨੇਂ ।

"ਮਾਂ ਜੀ ਉਹ ਸਾਰਾ ਕੁੱਝ ਜਿਹੜਾ ਮੁਨਸ਼ੀ ਜੀ ਨੂਰ ਜਮਾਲੋ ਦੀ ਮੰਜੀ ਥੱਲਿਓਂ ਲਿਆਏ ਨੇਂ, ਪੀਨੋ ਦਾ ਦਾਜ ਏ" ਮੈਂ ਮੁੜ ਆਹਨੀ ਆਂ ।

"ਪਰ ਪਤਾ ਲੱਗੇ ਕਿ ਮੁੰਡੇ ਆਲੇ ਕੀ ਲਿਆਏ ਸਨ?"

"ਮੁੰਡੇ ਦੀ ਮਾਂ ਕੁੜੀ ਲਈ ਗਹਿਣੇ ਤੇ ਜੋੜਾ ਲਿਆਈ ਸੀ" ।

"ਸੂਤਰ ਨਾਲ ਵੱਟੇ ਅਨਾਜ ਦੇ ਗਹਿਣੇ ਤੇ ਮੇਰੀ ਪਾਟੀ ਹੋਈ ਕਮੀਜ਼ ਦਾ ਜੋੜਾ? ਮੇਰੀ ਬੱਚੀ, ਇਹ ਘਾਟੇ ਦਾ ਸੌਦਾ ਸੀ ਤੇ ਪਿੰਡ ਦੀ ਇਕ ਹੁਸ਼ਿਆਰ, ਤਮਈ ਤੇ ਜਾਹਲ ਕੁੜੀ ਤੈਨੂੰ ਛੱਲ ਗਈ ਏ" ਮਾਂ ਜੀ ਆਹੰਦੇ ਨੇਂ ।

"ਪਰ ਮਾਂ ਜੀ, ਪੀਨੋ ਦਾ ਵਿਆਹ ਮਾਝੇ ਨਾਲ ਹੋ ਗਿਆ ਸੀ ਤੇ ਮੁਨਸ਼ੀ ਜੀ ਉਹਦਾ ਦਾਜ ਚੁੱਕ ਕੇ ਲੈ ਆਏ ਨੇਂ" ।

"ਉਹ ਗੁੱਡੀ ਤੇ ਖਿਡੌਣੇ ਨੂਰ ਜਮਾਲੋ ਨਹੀਂ ਰੱਖ ਸਕਦੀ । ਮੈਂ ਫਿਰ ਤੇਰੇ ਭਰਾ ਦੀਆਂ ਮਿੰਨਤਾਂ ਨਹੀਂ ਕਰਨੀਆਂ ਕਿ ਉਹ ਸਾਬਰ ਮੀਆਂ ਨੂੰ ਆਖ ਕੇ ਇੰਗਲਿਸਤਾਨ ਤੋਂ ਤੇਰੇ ਲਈ ਇਕ ਹੋਰ ਗੁੱਡੀ ਮੰਗਾਵੇ । ਤੈਨੂੰ ਪਤਾ ਏ ਹਰ ਵਾਰੀ ਜਦ ਤੂੰ ਇਹ ਗੁੱਡੀ ਗਵਾਨੀ ਏਂ ਤੇ ਕਿਸੇ ਨਾ ਕਿਸੇ ਨੂੰ ਸਤ ਸਮੁੰਦਰ ਪਾਰ ਜਾ ਕੇ ਲਿਆਣੀ ਪੈਂਦੀ ਏ? ਇਕ ਸਮੁੰਦਰ ਰਾਵੀ ਜਿਹੇ ਵੱਡੇ ਦਰਿਆ ਤੋਂ

ਕਿਧਰੇ ਵੱਡਾ ਹੁੰਦਾ ਏ । ਹੁਣ ਦੱਸ, ਤੂੰ ਅਪਣਾ ਸਬਕ ਚੰਗੀ ਤਰ੍ਹਾਂ ਪਕਾਨੀ ਪਈ ਏਂ? ਤੇਰਾ ਭਰਾ ਖ਼ੁੱਸ਼ ਏ ਤੇਰੇ ਤੇ?" ਮਾਂ ਜੀ ਪੁੱਛਦੇ ਨੇਂ।

"ਜੀ" ਮੈਨੂੰ ਏਨੀ ਜ਼ੋਰ ਦੀ ਰੋਣ ਆਂਦਾ ਏ ਕਿ ਮੈਂ ਮਾਂ ਜੀ ਦਾ ਸਿਰ ਬਿਨਾਂ ਇਜਾਜ਼ਤ ਘੁੱਟਣਾ ਛੱਡ, ਵੇੜ੍ਹੇ ਵੱਲ ਨੱਸ ਉਠਨੀ ਆਂ ।

# ਰਾਤ

ਵੇੜ੍ਹੇ ਵਿਚ ਖ਼ੋਰਸ਼ੈਦੀ ਸਾਡੇ ਲੀੜੇ ਲੱਤੇ ਧੋਂਦੀ ਪਈ ਏ । ਮੈਂ ਚੁੱਪ ਕਰ ਕੇ ਲੰਘਣ ਲੱਗਣੀ ਆਂ ਪਰ ਉਹ ਵੇਖ ਲੈਂਦੀ ਏ ।

"ਕੀ?" ਉਹ ਪੁੱਛਦੀ ਏ ।

"ਗ਼ੁਸਲ ਖ਼ਾਨਾ" ਮੈਨੂੰ ਹੋਰ ਕੁੱਝ ਨਹੀਂ ਸੁੱਝਦਾ ।

"ਉ ਕੂ ਫਿਰ? ਬੀਬੀ ਤੇਰਾ ਢਿੱਡ ਵੱਲ ਏ?"

ਅੰਮਾਂ ਜੀਵਾਂ ਸਾਈਂ ਜੀ ਦੇ ਕਮਰੇ ਵਿੱਚੋਂ ਉਨ੍ਹਾਂ ਦਾ ਹੁੱਕਾ ਫੜੀ ਆਂਦੀ ਏ ।

"ਸਾਈਂ ਜੀ, ਸਾਈਂ ਜੀ" ਮੈਂ ਉਨ੍ਹਾਂ ਦੇ ਖੁੱਲੇ ਬੂਹੇ ਵਿਚ ਜਾ ਖਲੋਨੀ ਆਂ ।

ਉਹ ਮੰਜੇ ਤੇ ਚੋਕੜੀ ਮਾਰ ਕੇ ਬੈਠੇ ਹਿੱਲ ਹਿੱਲ ਕੇ ਪਾਕ ਕਲਾਮ ਪੜ੍ਹਦੇ ਤੇ ਆਵਦੀ ਕਾਪੀ ਵਿਚ ਮੇਰੀ ਪੈਨਸਲ ਨਾਲ ਲਿਖਦੇ ਪਏ ਨੇਂ ।

"ਹਾਉ?" ਉਹ ਲਾਲ ਅੱਖੀਂ ਕੱਢ ਕੇ ਪੁੱਛਦੇ ਨੇਂ ।

"ਕੁੱਝ ਨਹੀਂ" ਮੈਂ ਬਾਹਰ ਨਿਕਲ ਜਾਨੀ ਆਂ ।

"ਨੀ ਖ਼ੋਰਸ਼ੈਦ, ਸਾਈਂ ਜੀ ਦਾ ਦੁੱਧ ਕਿੱਥੇ?" ਅੰਮਾਂ ਜੀਵਾਂ ਖ਼ੋਰਸ਼ੈਦੀ ਤੋਂ ਪੁੱਛਦੀ ਏ ।

"ਚੁੱਲ੍ਹੇ ਨਾਲ " ਖ਼ੋਰਸ਼ੈਦੀ ਆਹੰਦੀ ਏ ।

ਮੈਂ ਸਾਈਂ ਜੀ ਦੇ ਬੂਹੇ ਬਾਹਰ ਪੋੜੀਆਂ ਕੋਲ ਖਲੀ ਰਹਿਨੀ ਆਂ ਤੇ ਜਦੋਂ ਅੰਮਾਂ ਜੀਵਾਂ ਦੁੱਧ ਲੈ ਕੇ ਉਨ੍ਹਾਂ ਦੇ ਕਮਰੇ ਜਾਂਦੀ ਏ, ਮੈਂ ਖ਼ੋਰਸ਼ੈਦੀ ਨੂੰ ਮਾਂ ਜੀ ਲਈ ਅਸਪਰੋ ਲਿਜਾਣ ਲਈ ਆਹਨੀ ਆਂ ।

ਜਿਵੇਂ ਈ ਖ਼ੋਰਸ਼ੈਦੀ ਅੰਦਰ ਵੜਦੀ ਏ, ਮੈਂ ਭੱਜ ਕੇ ਪੋੜੀਆਂ ਚੜ੍ਹ ਜਾਂਨੀ ਆਂ ।

ਮੈਨੂੰ ਬੜਾ ਧਿਆਨ ਰੱਖਣਾ ਪੈਂਦਾ ਏ ਕਿ ਮੇਰੇ ਪੈਰਾਂ ਦੀ ਵਾਜ ਸਾਈਂ ਜੀ ਤਾਈਂ ਨਾ ਅੱਪੜੇ, ਉਨ੍ਹਾਂ ਦਾ ਪਤਾ ਕੁ ਨੀ, ਮੈਨੂੰ ਜਿੰਨ ਸਮਝ ਕੇ ਚੀਕਾਂ ਮਾਰਨ ਲੱਗ ਪੈਣ । ਸਾਈਂ ਜੀ ਜਦ ਪਹਿਲੇ ਦਿਹਾੜੇ ਆਏ ਤੇ ਇਹ ਈ ਹੋਇਆ ਸੀ, ਉਨ੍ਹਾਂ ਮੈਨੂੰ ਜਿੰਨ ਸਮਝ ਕੇ ਚੀਕਣਾ ਸ਼ੁਰੂ ਕਰ ਦਿੱਤਾ । ਸ਼ੁੱਕਰ ਏ, ਮਾਂ ਜੀ ਇਸ਼ਾ ਦੀ ਨਮਾਜ਼ ਪੜ੍ਹਦੇ ਪਏ ਸਨ ਨਹੀਂ ਤੇ ਹੁਣ ਮੈਂ ਇਹਨਾਂ ਪੌੜੀਆਂ ਤੇ ਨਹੀਂ ਸੀ ਹੋਣਾ ।

ਅੱਧੇ ਚੰਨ ਦੀ ਮਿੱਠੀ ਚਾਨਣੀ ਵਿਚ ਮੈਂ ਪੱਬਾਂ ਭਾਰ ਵਰਾਂਡੇ ਦੀ ਛੱਤ ਤੇ ਟੁਰਦੀ ਅੰਦਰਲੇ ਚੁੱਲ੍ਹੇ ਦੀ ਛੱਤ ਤੇ ਜਾਂਨੀ ਆਂ । ਫਿਰ ਮਾਂ ਜੀ ਦਾ ਕਮਰਾ, ਭਾ ਦਾ ਕਮਰਾ ਤੇ ਭਾਅ ਦੀ ਅੰਦਰਲੀ ਬੈਠਕ ਲੰਘ, ਅੰਦਰਲੇ ਗ਼ੁਸਲ ਖ਼ਾਨੇ ਤੋੜੀ ਆਂਨੀ ਆਂ ।

ਮੈਨੂੰ ਪਾਲੇ ਤੇ ਹਨੇਰੇ ਵਿਚ ਵੀ ਛੱਤ ਦੇ ਪਰਲੇ ਸਿਰੇ ਤਾਈਂ ਅੱਪੜਨਾ ਪੈਂਦਾ ਏ, ਮੇਰਾ ਟ੍ਰੰਕ ਨਿੰਮ ਦੀਆਂ ਲਗਰਾਂ ਥੱਲੇ ਏ । ਨੂਰੋ ਉਹਨੂੰ ਪੁਰਾਣੇ ਖੇਸ ਨਾਲ ਕੱਜ ਦਿੱਤਾ ਸੀ ਕਿ ਕੋਈ ਪਰੀ ਯਾਂ ਅਸਮਾਨੀ ਮਖ਼ਲੂਕ ਚਮਕਾਰੇ ਵੇਖ, ਉਹਦੇ ਤੇ ਆ ਨਾ ਜਾਵੇ ।

ਛੱਤ ਦੀ ਪਰਲੀ ਨੁੱਕਰ ਇੱਕ ਜਾਦੂ ਆਲੀ ਥਾਂ ਏ । ਉੱਥੋਂ ਮੈਂ ਚਾਰ ਚੁਫ਼ੇਰੇ ਵੇਖ ਸਕਣੀ ਆਂ ਤੇ ਸੱਭ ਕੁੱਝ ਸੁਣ ਸਕਣੀ ਆਂ । ਨਿੰਮ ਦੇ ਥੱਲੇ ਬਹਿ ਜਾਵਾਂ ਤੇ ਭਾ ਦੀ ਬੈਠਕ ਅਸਲੋਂ ਨਾਲ ਏ, ਅਮਰੂਦ ਥੱਲੋਂ ਗੋਲ ਬਾਗ਼ ਤੇ ਟ੍ਰੈਂਚਾਂ ਦਿਸਦੀਆਂ ਨੇਂ । ਜੇ ਪੈਲੀਆਂ, ਜ਼ਨਾਨੀਆਂ ਤੇ ਬਾਲ ਵੇਖਣਾ ਚਾਹਵਾਂ ਤੇ ਅਮਲਤਾਸ ਥੱਲੇ ਬਹਿਨੀ ਆਂ । ਚੌਥਾ ਪਾਸਾ ਖੁੱਲ੍ਹਾ ਏ ਜਿੱਥੋਂ ਅੰਦਰਲਾ ਵੇੜ੍ਹਾ, ਸਟੋਰ ਆਲੇ ਕਮਰਿਆਂ ਦੀਆਂ ਛੱਤਾਂ, ਮਸੀਤ, ਮੈਦਾਨ ਤੇ ਚਰਾਗ਼ ਦਾ ਖੂਹ ਨਜ਼ਰੀਂਦਾ ਏ।

ਮੈਂ ਮਾਂਤੀ ਜਿਹਾ ਨਿੰਮ ਹੇਠਾਂ ਬਹਿਨੀ ਆਂ, ਨਾਲ ਥੱਲੇ ਮੇਰਾ ਭਾ ਬੰਦੂਕ ਸਣੇ ਬੈਠਾ ਏ । ਉਹ ਵੱਡਾ ਸ਼ਿਕਾਰੀ ਏ, ਹੋ ਸਕਦਾ ਏ ਮੈਨੂੰ ਪੱਖੀ ਸਮਝ ਕੇ ਗੋਲੀ ਚਲਾ ਦੇਵੇ ।

ਭਾ ਦੇ ਟਰਾਨਸਿਸਟਰ ਰੇਡੀਓ ਤੇ ਲਾਹੌਰ ਸਟੇਸ਼ਨ ਤੋਂ ਜੁਗਨੀ ਲੱਗੀ ਹੋਈ ਏ । ਮੈਨੂੰ ਪਤਾ ਏ, ਜੁਗਨੀ ਇਕ ਗਹਿਣਾ ਹੁੰਦਾ ਏ ਪਰ ਇਸ ਗਾਣੇ ਵਿਚ ਜਾਪਦਾ ਏ ਜੁਗਨੀ ਇਕ ਕੁੜੀ ਦਾ ਨਾਂ ਏ ਜਿਹਨੇ ਇੰਗਲਿਸਤਾਨ ਜਾ, ਕਿਸੇ ਨੂੰ ਸੌਰੀ ਨਹੀਂ ਆਖਿਆ ।

ਮੈਂ ਸੂਰ ਦੀ ਹੱਡੀ ਫ਼ਰਾਕ ਦੇ ਨੇਫ਼ੇ ਵਿੱਚੋਂ ਕੱਢਨੀ ਆਂ, ਖੇਸ ਪਰੇ ਕਰ ਕੇ ਟ੍ਰੰਕ ਖੋਲਨੀ ਆਂ ਤੇ ਉਹਦੇ ਵਿਚ ਸੁੱਟ ਦੇਨੀ ਆਂ ।

ਟ੍ਰੰਕ ਬੰਦ ਕਰ ਕੇ ਖੇਸ ਸਿੱਧਾ ਕਰਦਿਆਂ ਭਾ ਦੇ ਅੰਗਰੇਜ਼ੀ ਤਾਸ਼ ਦੇ ਪੱਤਿਆਂ ਵਿੱਚੋਂ ਤਿਨ ਚਾਰ ਪੱਤੇ ਹੇਠਾਂ ਡਹਿ ਪੈਂਦੇ ਨੇਂ । ਚਾਰੇ ਕੂਈਨਾਂ ਨੇਂ ਜਿਹੜੀਆਂ ਮੈਂ ਭਾ ਦੇ ਦਿੱਤੇ ਜੋਕਰਾਂ ਤੋਂ ਬਣਾਈਆਂ ਸਨ । ਮੈਂ ਉਨ੍ਹਾਂ ਨੂੰ ਮੁੜ ਅੰਦਰ ਸੁੱਟ ਦੇਨੀ ਆਂ ।

ਸਿਰ ਟ੍ਰੰਕ ਤੇ ਰੱਖ ਕੇ ਹੇਠਾਂ ਵੇਹਨੀ ਆਂ, ਭਾਅ ਦੇ ਕੋਲ ਮੇਜ਼ ਤੇ ਪਏ ਲੈਂਪ ਦੇ ਆਲੇ ਦੁਆਲੇ ਕਿੰਨੇ ਵੜੇ ਕੀੜੇ ਰੋਸ਼ਨੀ ਦੇ ਘੇਰੇ ਵਿੱਚ ਫੱਸੇ ਪਏ ਨੇਂ । ਲੈਂਪ ਤੋਂ ਪਰਾਂਹ ਹਰ ਸ਼ੈਅ ਚੰਨ ਦੀ ਰੋਸ਼ਨੀ ਵਿਚ ਸਫ਼ਾ ਦਿੱਸਦੀ ਪਈ ਏ । ਭਾ ਸਿਰਹਾਣਿਆਂ ਨਾਲ ਢੋ ਲਾਈ ਬੈਠਾ ਏ, ਉਹਦੇ ਹੱਥ ਵਿਚ ਹੁੱਕੇ ਦੀ ਨਾੜ ਏ ਤੇ ਸ਼ੀਦਾ ਉਹਦੇ ਪੈਰ ਘੁੱਟਦਾ ਪਿਆ ਏ ।

"ਓਏ ਗਾਮੂ, ਤੂੰ ਮੁਹੰਮਦ ਦਾ ਗ਼ੁਲਾਮ ਏਂ ਯਾਂ ਹੁਸੈਨ ਦਾ?" ਭਾ ਪੁੱਛਦਾ ਏ ।

"ਜੀ ਹੁਸੈਨ ਦਾ" ਗਾਮੂ ਆਹੰਦਾ ਏ ।

"ਮੁਨਸ਼ੀ, ਇਹਨੂੰ ਇਕ ਗਲਾਸ ਹੋਰ ਦੇ, ਇਹਨੇ ਅੱਜ ਚੰਗੀ ਕੁੱਟ ਖਾਦੀ ਏ" ਭਾ ਹੱਸਦਾ ਏ ।

ਮੁਨਸ਼ੀ ਜੀ ਮੰਜੀ ਥੱਲੋਂ ਪੀਲੀ ਦਵਾ ਦੀ ਬੋਤਲ ਕੱਢਦੇ ਨੇਂ, ਗਲਾਸ ਵਿਚ ਰਵਾਲ ਕੂ ਪਾ, ਪਾਣੀ ਨਾਲ ਭਰ, ਗਾਮੂ ਨੂੰ ਦਿੰਦੇ ਨੇਂ ।

ਗਾਮੂ ਇੱਕੋ ਡੀਕ ਵਿਚ ਗਲਾਸ ਖ਼ਾਲੀ ਕਰ ਦਿੰਦਾ ਏ ।

ਮੈਂ ਇਸ ਤੋਂ ਵੀ ਛੇਤੀ ਦੁੱਧ ਦਾ ਗਲਾਸ ਮੁਕਾਨੀ ਆਂ ਪਰ ਇਸ ਵੇਲੇ ਮੈਂ ਖ਼ੁੱਸ਼ ਨਹੀਂ, ਮੇਰਾ ਦਿਲ ਕਾਵੜ ਨਾਲ ਭਰ ਗਿਆ ਏ । ਇਹ ਪੀਲੀ ਦਵਾਈ ਮੇਰੀ ਗੁੱਡੀ ਪੀਨੋ ਹਾਰ ਸੱਤ ਸਮੁੰਦਰ ਪਾਰੋਂ ਆਂਦੀ ਏ ਤੇ ਭਾ ਦੇ ਯਾਰ ਮਿਸਟਰ ਵੈਬਸਟਰ ਨੂੰ ਹਵਾਈ ਜਹਾਜ਼ ਵਿੱਚ ਜਾ ਇੰਗਲਿਸਤਾਨ ਤੋਂ ਲਿਆਣੀ ਪੈਂਦੀ ਏ । ਮੈਂ ਤਾਪ ਨਾਲ ਭਖ਼ਦੀ ਪਈ ਹੋਵਾਂ ਤੇ ਮੈਨੂੰ ਇਹ ਦਵਾ ਪੀਣ ਦੀ ਇਜਾਜ਼ਤ ਨਹੀਂ ਪਰ ਗਾਮੂ ਨੂੰ ਪੂਰਾ ਗਲਾਸ ਪਿਆ ਮਿਲਦਾ ਏ ਇਸ ਲਈ ਬਈ ਉਹਨੇ ਆਵਦੇ ਇਕ ਭੈੜੇ ਕੰਮ ਪਾਰੋਂ ਕੁੱਟ ਖਾਧੀ ਏ ।

"ਓਏ ਹੁਸੈਨ ਦੇ ਗ਼ੁਲਾਮ" ਭਾ ਗਾਮੂ ਨੂੰ ਬੁਲਾਂਦਾ ਏ ।

ਗਾਮੂ ਖ਼ਾਲੀ ਗਲਾਸ ਹੱਥਾਂ ਵਿਚ ਘੁੰਮਾਂਦਾ ਰਹਿੰਦਾ ਏ ।

"ਓਏ ਜਵਾਬ ਦੇ, ਇਹ ਤੇਰਾ ਨਾਂ ਏ" ਮੁਨਸ਼ੀ ਜੀ ਉਹਨੂੰ ਠੁਡਾ ਮਾਰਦੇ ਨੇਂ।

ਗਾਮੂ ਸ਼ੀਦੇ ਨੂੰ ਹੱਥ ਪਾਂਦਾ ਏ ।

"ਆਵਦੇ ਪੈਰਾਂ ਤੇ ਖਲੋ ਗਾਮਿਆ" ਸ਼ੀਦਾ ਉਹਨੂੰ ਪਰੇ ਧਿੱਕ ਦਿੰਦਾ ਏ ।

ਗਾਮੂ ਡਿੱਗ ਪੈਂਦਾ ਏ ।

"ਅੱਸਲਾਮੋ ਅਲੈਕੁਮ ਵ ਰਹਮਤੁੱਲਾਹ ਵ ਬਰਾਕਾਤੁ" ਮੌਲਵੀ ਸਾਬ ਅਮਲਤਾਸ ਥੱਲੋਂ ਲੰਘ ਆਏ ਨੇਂ ਤੇ ਮੈਨੂੰ ਪਤਾ ਵੀ ਨਹੀਂ ਲੱਗਾ ।

"ਵਾ ਅਲੈਕੁਮ ਅੱਸਲਾਮ ਵ ਰਹਮਤੁੱਲਾਹ ਵ ਬਰਾਕਾਤੁ" ਭਾ ਉੱਠ ਬਹਿੰਦਾ ਏ "ਮੌਲਵੀ ਸਾਬ, ਤੁਹਾਨੂੰ ਅੱਜ ਖ਼ੈਰ ਏ?"

"ਮਾਸ਼ਾ ਅੱਲਾਹ, ਸਰਦਾਰ ਸਾਬ" ਮੌਲਵੀ ਸਾਬ ਆਂਹਦੇ ਨੇ" ਮੈਂ ਤੁਹਾਡੇ ਕੋਲ ਗ਼ੁਲਾਮ ਹੁਸੈਨ ਦੇ ਮਸਲੇ ਵਿਚ ਹਾਜ਼ਰ ਹੋਇਆਂ"।

"ਗ਼ੁਲਾਮ ਹੁਸੈਨ ਦਾ ਮੇਰੇ ਨਾਲ ਕੋਈ ਮਸਲਾ ਨਹੀਂ" ਭਾ ਆਂਹਦਾ ਏ ।

"ਇਸੇ ਲਈ ਮੈਨੂੰ ਆਣਾ ਪਿਆ ਏ ਸਰਦਾਰ ਸਾਬ । ਅੱਲਾਹ ਤਾਅਲਾ ਨੇ ਮਰਦਾਂ ਨੂੰ ਬੀਵੀ ਤੇ ਬਾਲ ਬੱਚਿਆਂ ਦਾ ਜ਼ਿੰਮਾਵਾਰ ਠਹਿਰਾਇਆ ਏ ਪਰ ਗ਼ੁਲਾਮ ਹੁਸੈਨ, ਜਿਹੜਾ ਇਕ ਮਿਹਨਤੀ ਤੇ ਈਮਾਨਦਾਰ ਆਦਮੀ ਏ, ਸਾਰੇ ਪਿੰਡ ਦੇ ਸਾਹਮਣੇ ਜ਼ਲੀਲ ਕੀਤਾ ਗਿਆ, ਇਸ ਲਈ ਕਿ ਉਹ ਆਪਣੇ ਫ਼ਰਾਇਜ਼ ਪੂਰੇ ਕਰਦਾ ਪਿਆ ਸੀ । ਮੋਮਿਨ ਦਾ ਇਹ ਰਸਤਾ ਨਹੀਂ ਸਰਦਾਰ ਸਾਬ" ਮੌਲਵੀ ਜੀ ਆਂਹਦੇ ਨੇਂ ।

"ਤੁਸੀਂ ਆਂਹਦੇ ਪਏ ਓ ਬਈ ਕੁਰਆਨ ਸ਼ਰੀਫ਼ ਵਿਚ ਲਿਖਿਆ ਏ ਕਿ ਮਰਦ ਆਪਣੇ ਬੀਵੀ ਬੱਚਿਆਂ ਨੂੰ ਮਾਰ ਕੁੱਟ ਸਕਦਾ ਏ?" ਭਾਅ ਪੁੱਛਦਾ ਏ ।

"ਹਜ਼ੂਰ ਹਜ਼ਰਤ ਮੁਹੰਮਦ (ਸ) ਨੇ ਫ਼ਰਮਾਇਆ ਏ ਕਿ ਜੇ ਮੈਂ ਅੱਲਾਹ ਬਾਝ ਕਿਸੇ ਨੂੰ ਸਜਦਾ ਕਰਨ ਦਾ ਹੁਕਮ ਦੇ ਸਕਦਾ ਤੇ ਔਰਤ ਨੂੰ ਆਵਦੇ ਖ਼ੌਂਦ ਅੱਗੇ ਝੁੱਕਣ ਦਾ ਹੁਕਮ ਦਿੰਦਾ" ।

"ਇਹ ਹਦੀਸ ਏ, ਇਕ ਵਾਰੀ ਮੈਨੂੰ ਸਿੱਧਾ ਜਵਾਬ ਦੇ ਮੌਲਵੀ, ਦੱਸ ਕੁਰਆਨ ਵਿਚ ਲਿਖਿਆ ਹੋਇਆ ਏ ਕਿ ਮਰਦ ਅਪਣੀ ਜ਼ਨਾਨੀ ਨੂੰ ਮਾਰ ਸਕਦਾ ਏ?" ਭਾ ਪੁੱਛਦਾ ਏ ।

"ਤੁਹਾਡੀ ਇਜਾਜ਼ਤ ਨਾਲ ਅਰਜ਼ ਕਰਨਾਂ, ਸੂਰਾਹ ਨਿਸਾਅ ਵਿਚ ਫ਼ਰਮਾਨ ਏ ਕਿ ਮਰਦ ਔਰਤਾਂ ਤੇ ਹਾਵੀ ਨੇਂ ਇਸ ਲਈ ਕਿ ਉਹ ਔਰਤਾਂ ਤੋਂ ਅਫ਼ਜ਼ਲ ਨੇਂ ਤੇ ਅਪਣਾ ਮਾਲ ਉਨ੍ਹਾਂ ਤੇ ਖ਼ਰਚਦੇ ਨੇਂ" ਮੌਲਵੀ ਜੀ ਆਹੰਦੇ ਨੇਂ ।

"ਇਹਦਾ ਮਤਲਬ ਏ ਕਿ ਮਰਦ ਨੂੰ ਕਮਜ਼ੋਰ ਤੇ ਹੱਥ ਚੁੱਕਣ ਦਾ ਹੱਕ ਏ?"

"ਚੁਨਾਂਚਿ" ਮੌਲਵੀ ਸਾਬ ਅਰਬੀ ਵਿੱਚ ਕੁੱਝ ਪੜ੍ਹਨ ਲੱਗ ਪੈਂਦੇ ਨੇਂ ।

"ਨਾ, ਨਾ" ਭਾ ਸੱਜਾ ਹੱਥ ਚੁੱਕਦਾ ਏ ।

ਮੌਲਵੀ ਜੀ ਚੁਪ ਕਰ ਜਾਂਦੇ ਨੇਂ ।

"ਅਰਬੀ ਸ਼ਰੀਫ਼ ਨੂੰ ਰਹਿਣ ਦਿਓ, ਮੈਨੂੰ ਸਿੱਧੀ ਪੰਜਾਬੀ ਵਿੱਚ ਦੱਸੋ" ਭਾ ਆਹੰਦਾ ਏ ।

"ਇਨਸ਼ਾ ਅੱਲਾਹ । ਸੂਰਾਹ ਨਿਸਾਅ ਵਿਚ ਸਾਨੂੰ ਔਰਤ ਜ਼ਾਤ ਬਾਰੇ ਦੱਸਿਆ ਗਿਆ ਏ ਕਿ ਨੇਕ ਔਰਤ ਉਹ ਏ ਜਿਹੜੀ ਮਰਦ ਦਾ ਆਖਾ ਮੰਨੇ । ਮਰਦ ਦਾ ਆਖਾ ਮੰਨਣਾ ਸਰਦਾਰ ਸਾਬ, ਮੁਸਲਮਾਨ ਔਰਤ ਦੀ ਸੱਭ ਤੋਂ ਵੱਡੀ ਨਿਸ਼ਾਨੀ ਏ । ਫ਼ਰਮਾਇਆ ਗਿਆ ਏ ਕਿ ਉਹ ਔਰਤਾਂ ਜਿਹਨਾਂ ਦਾ ਕਿਰਦਾਰ ਅੱਛਾ ਨਹੀਂ, ਉਨ੍ਹਾਂ ਨੂੰ ਪਹਿਲੇ ਜ਼ਬਾਨ ਨਾਲ ਦੱਸੋ, ਫਿਰ ਉਨ੍ਹਾਂ ਦਾ ਬਿਸਤਰ ਵੱਖ ਕਰੋ, ਫਿਰ ਵੀ ਨਾ ਮੰਨਣ ਤੇ ਉਨ੍ਹਾਂ ਨੂੰ ਕੁੱਟੋ" ਮੌਲਵੀ ਜੀ ਆਹੰਦੇ ਨੇਂ ।

"ਸਰਦਾਰ ਜੀ, ਰੱਬ ਦੀ ਜਾਜ਼ਤ ਏ" ਗਾਮੂ ਨਾਅਰਾ ਲਾ ਕੇ ਉੱਠ ਖਲੋਂਦਾ ਏ ।

"ਯਕੀਨ ਨਹੀਂ ਆਂਦਾ ਕਿ ਇਹ ਕੁਰਆਨ ਸ਼ਰੀਫ਼ ਵਿਚ ਲਿਖਿਆ ਏ" ਭਾ ਮੰਜੇ ਤੋਂ ਉਠ ਕੇ ਰੇਡੀਓ ਬੰਦ ਕਰਦਾ ਏ ਤੇ ਉੱਤੇ ਥੱਲੇ ਟਹਿਲਣ ਲੱਗ ਪੈਂਦਾ ਏ ।

"ਅੱਲਾਹ ਦਾ ਫ਼ਰਮਾਨ ਦੋ ਟੋਕ ਏ ਪਰ ਤੁਹਾਡੀ ਬਾਦਸ਼ਾਹੀ ਵਿਚ ਸਰਦਾਰ ਸਾਬ, ਅਸੀਂ ਹਜ਼ੂਰ ਸਲਅਮ ਦੀ ਮਿਸਾਲ ਤੇ ਟੁਰਨ ਥਾਈਂ ਹਿੰਦੂਆਂ, ਸਿੱਖਾਂ, ਵਹਾਬੀਆਂ ਤੇ ਅਹਿਮਦੀਆਂ ਦੀ ਪੈਰਵੀ ਕਰਨੇ ਪਏ ਆਂ"।

"ਮੌਲਵੀ, ਤੇਰਾ ਕੋਈ ਪਤਾ ਨਹੀਂ ਤੂੰ ਅਪਣਾ ਕਿਰਦਾਰ ਲੁਕਾਣ ਲਈ ਕੁਰਆਨ ਦੇ ਅਲਫ਼ਾਜ਼ ਨੂੰ ਤੋੜ ਮਰੋੜ ਕੇ ਸੁਣਾ ਦੇਵੇਂ" ਭਾ ਫ਼ਿਰ ਮੰਜੇ ਤੇ ਬਹਿ ਜਾਂਦਾ ਏ ।

"ਨਾਊਜ਼ੁ ਬਿੱਲਾਹ ਮਿਨੱਸ਼ ਸ਼ੈਤਾਨਿੱਰਜੀਮ" ਮੌਲਵੀ ਸਾਬ ਕੰਨਾਂ ਨੂੰ ਹੱਥ ਲਾਂਦੇ ਨੇਂ ।

"ਇਸ ਮੁਲਕ ਦੇ ਜਾਹਲ ਅਵਾਮ ਨੂੰ ਵੀ ਪਤਾ ਏ ਤੁਹਾਡੇ ਝੂਠਾਂ ਦਾ, ਪਿਛਲੇ ਵਰ੍ਹੇ ਇਲੈਕਸ਼ਨਾਂ ਵਿਚ ਉਨ੍ਹਾਂ ਵੀ ਤੁਹਾਨੂੰ ਵੋਟ ਨਹੀਂ ਪਾਏ"।

"ਉਨ੍ਹਾਂ ਤੁਹਾਨੂੰ ਵੀ ਵੋਟ ਨਹੀਂ ਪਾਏ ਸਰਦਾਰ ਸਾਬ, ਤੁਹਾਡਾ ਨਮੈਨਦਾ ਵੀ ਇਲਾਕੇ ਵਿਚ ਡਿਸ–ਕਵਾਲੀਫ਼ਾਈ ਹੋ ਗਿਆ ਸੀ"।

"ਉਹਦੀ ਵਜ੍ਹਾ ਤੁਹਾਡੇ ਵਾਅਜ਼ ਨਹੀਂ, ਭੈਣਚੋਦ ਭੁੱਟੋ ਦੇ ਰੋਟੀ ਕੱਪੜਾ ਮਕਾਨ ਦੇ ਵਾਅਦੇ ਸਨ" ਭਾਅ ਆਹੰਦਾ ਏ ।

"ਬੇਬੇ, ਰੱਬ ਦੀ ਜਾਜ਼ਤ ਏ" ਗਾਮੂ ਆਵਦੇ ਘੱਰ ਪਾਸੇ ਮੂੰਹ ਕਰ ਕੇ ਚੀਕਦਾ ਏ, ਉਹਨੂੰ ਪਤਾ ਨਹੀਂ ਕਿ ਅੰਮਾਂ ਜ਼ੈਨਬ ਦੂਜੀਆਂ ਜ਼ਨਾਨੀਆਂ ਨਾਲ ਹਾਲੀ ਪੈਲੀਆਂ ਵਿਚ ਏ ।

"ਬਕਵਾਸ ਬੰਦ ਕਰ" ਭਾਅ ਗਾਮੂ ਨੂੰ ਝਾੜ ਕੇ ਚੁੱਪ ਕਰਾਂਦਾ ਏ ਤੇ ਫਿਰ ਮੌਲਵੀ ਨੂੰ ਆਹੰਦਾ ਏ "ਮੌਲਵੀ, ਤੂੰ ਇਸ ਪਿੰਡ ਦਾ ਸੱਭ ਤੋਂ ਵੱਡਾ ਗਾਂਡੂ ਏਂ । ਇਹ ਗਾਮੂ ਕੀ ਅਠਾਰ੍ਹਾਂ ਉੱਨੀਆਂ ਵਰ੍ਹਿਆਂ ਦਾ ਹੋਵੇ ਗਾ? ਆਵਦੇ ਆਪ ਨੂੰ ਵੇਖ, ਤੂੰ ਚਾਲ੍ਹੀਆਂ ਦੇ ਪੇਟੇ ਵਿਚ ਏਂ, ਮੈਂ ਤੇਰੇ ਘੱਰ ਵੱਲ ਸੈਰ ਕਰਨੀ ਛੱਡ ਦਿੱਤੀ ਏ ਕਿ ਜਦੋਂ ਲੰਘਣਾਂ, ਔਰਤਾਂ ਤੇ ਬਾਲਾਂ ਦੇ ਰੋਣ ਦੀਆਂ ਵਾਜਾਂ

ਆਂਦੀਆਂ ਨੇਂ । ਮਾਂ ਜੀ ਨੇ ਤੈਨੂੰ ਆਖਿਆ ਵੀ ਸੀ ਕਿ ਤੂੰ ਮਾੜਿਆਂ ਨੂੰ ਨਾ ਮਾਰਿਆ ਕਰ ਪਰ ਤੂੰ ਬਾਜ਼ ਨਹੀਂ ਆਇਆ" ਭਾਅ ਮੁਨਸ਼ੀ ਵੱਲ ਮੁੜਦਾ ਏ "ਮੁਨਸ਼ੀ, ਇਹਨੂੰ ਗਲਾਸ ਦੇ, ਅੱਜ ਇਹ ਵੀ ਸਾਡੇ ਨਾਲ ਪੀਵੇ ਗਾ"।

"ਕਿਤਾਬ ਵਿਚ ਸ਼ਰਾਬ ਹਰਾਮ ਕਰਾਰ ਦਿੱਤੀ ਗਈ ਏ" ਮੌਲਵੀ ਜੀ ਆਹੰਦੇ ਨੇਂ

"ਕਿਤਾਬਾਂ ਵਿਚ ਹਰਾਮ ਏ ਤੇ ਹਯਾਤੀ ਵਿਚ ਹਲਾਲ" ਭਾਅ ਬੋਲਦਾ ਏ ।

"ਅਸਤਗ਼ਫ਼ਿਰੁੱਲਾਹ ਸਰਦਾਰ ਸਾਬ, ਮੈਂ ਤੁਹਾਨੂੰ ਦੱਸ ਦਿਆਂ ਕਿ ਇਹ ਮੇਰਾ ਨਹੀਂ, ਤੁਹਾਡਾ ਗੁਨਾਹ ਸ਼ੁਮਾਰ ਕੀਤਾ ਜਾਵੇ ਗਾ" ਮੌਲਵੀ ਜੀ ਜਾਣ ਲਈ ਉਠਦੇ ਨੇਂ ।

"ਓਏ ਭੈਣਚੋਦ ਗਾਮੇ" ਭਾਅ ਬੁਲਾਂਦਾ ਏ ।

"ਜੀ ਸਰ" ਗਾਮੂ ਸਿਰ ਚਾ ਕੇ ਵੇਹੰਦਾ ਏ ।

'ਓਏ ਮੌਲਵੀ ਨੂੰ ਫੜ, ਜਾਣ ਨਾ ਦੇਵੀਂ"।

"ਮੈਂ ਜੀ?"

"ਛੇਤੀ ਕਰ"।

ਗਾਮੂ ਉੱਠ ਕੇ ਖਲੋ ਨਹੀਂ ਸਕਦਾ ਪਰ ਫਿਰ ਵੀ ਉਹ ਮੌਲਵੀ ਜੀ ਦੇ ਗਿੱਟਿਆਂ ਨੂੰ ਜੱਫਾ ਮਾਰ ਕੇ ਉਨ੍ਹਾਂ ਨੂੰ ਜਾਣ ਤੋਂ ਰੋਕ ਲੈਂਦਾ ਏ ।

"ਇਹ ਸੱਭ ਕਿਆਮਤ ਦੀਆਂ ਨਿਸ਼ਾਨੀਆਂ ਨੇਂ" ਮੌਲਵੀ ਸਾਬ ਆਹੰਦੇ ਨੇਂ।

ਮੁਨਸ਼ੀ ਜੀ ਉਨ੍ਹਾਂ ਨੂੰ ਦਵਾਈ ਦਾ ਗਲਾਸ ਫੜਾਂਦੇ ਨੇਂ ।

"ਲਾਹੌਲ ਵਲਾ ਕੁੱਵਤ ਇੱਲਾਹ ਬਿੱਲਾਹ" ਮੌਲਵੀ ਜੀ ਹੱਥ ਕੱਛਾਂ ਵਿਚ ਰੱਖ ਲੈਂਦੇ ਨੇਂ "ਸ਼ਰਾਬ ਮੇਰੇ ਤੇ ਹਰਾਮ ਏ" ।

ਸ਼ਰਾਬ ? ਮੈਨੂੰ ਵੀ ਪਤਾ ਏ ਕਿ ਸਾਡੇ ਤੇ ਸੂਰ ਵਾਂਗਰ ਸ਼ਰਾਬ ਵੀ ਹਰਾਮ ਏ, ਪਰ ਭਾਅ ਤੇ ਪੀਂਦਾ ਰਹਿੰਦਾ ਏ ।

"ਗਾਮੇ ਕਾਬੂ ਕਰ ਕੇ ਰੱਖ ਸੁ" ਭਾਅ ਮੁੜ ਸਿਰਹਾਨਿਆਂ ਨਾਲ ਢੋ ਲਾ ਕੇ ਬਹਿ ਜਾਂਦਾ ਏ ।

ਮੌਲਵੀ ਸਾਬ ਉੱਚੀ ਸਾਰੀ ਲਾਹੌਲ ਪੜ੍ਹਦੇ ਨੇਂ ।

ਗਾਮੂ ਨੇ ਮੌਲਵੀ ਸਾਬ ਨੂੰ ਗਿੱਟਿਆਂ ਤੋਂ ਫੜਿਆ ਹੋਇਆ ਏ, ਸ਼ੀਦਾ ਉਨ੍ਹਾਂ ਦੀਆਂ ਬਾਹਵਾਂ ਕਾਬੂ ਕਰਦਾ ਏ ਤੇ ਮੁਨਸ਼ੀ ਜੀ ਉਨ੍ਹਾਂ ਦਾ ਮੂੰਹ ਖੋਲ ਕੇ ਕੁੱਝ ਦਵਾ ਅੰਦਰ ਟਪਕਾਂਦੇ ਨੇਂ ।

ਮੌਲਵੀ ਸਾਬ ਸਾਹ ਘੁੱਟ ਕੇ ਨਿਗਲਣ ਤੋਂ ਇਨਕਾਰ ਕਰ ਦਿੰਦੇ ਨੇਂ ।

"ਇਸ ਹਾਲੀ ਨਹੀਂ ਪੀਤੀ? ਮੁਨਸ਼ੀ ਇਹਦੀਆਂ ਨਾਸਾਂ ਨੱਪ" ਭਾਅ ਆਹੰਦਾ ਏ ।

ਮੁਨਸ਼ੀ ਜੀ ਮੌਲਵੀ ਸਾਬ ਦਾ ਨੱਕ ਦੱਬ ਦਿੰਦੇ ਨੇਂ, ਜਾਪਦਾ ਏ, ਦਵਾ ਦਾ ਘੁੱਟ ਅੰਦਰ ਚਲਾ ਗਿਆ ਏ ।

"ਇਹ ਤੇਰੇ ਗਲੇ ਤੇ ਜ਼ਬਾਨ ਨੂੰ ਤੱਰ ਕਰੇਗੀ, ਦੋਵੇਂ ਤੇਰੇ ਲਈ ਬੜਾ ਕੰਮ ਕਰਦੇ ਰਹਿੰਦੇ ਨੇਂ" ਭਾਅ ਆਹੰਦਾ ਏ ।

ਮੌਲਵੀ ਸਾਬ ਪਹਿਲੇ ਸਾਹ ਨਾਲ ਸ਼ਰਾਬ ਦਾ ਘੁੱਟ ਬਾਹਰ ਥੁੱਕ ਦਿੰਦੇ ਨੇਂ ।

ਹਰ ਕੋਈ ਹੱਸਣ ਲੱਗ ਪਿਆ ਏ ਪਰ ਮੌਲਵੀ ਸਾਬ ਤੇ ਮੈਂ ਨਹੀਂ । ਮੈਂ ਇਸ ਲਈ ਕਿ ਜਦ ਮੈਨੂੰ ਤਾਪ ਚੜ੍ਹੇ ਯਾਂ ਫੋੜੇ ਨਿਕਲਣ ਤੇ ਮਾਂ ਜੀ ਐਵੇਂ ਈ ਮੈਨੂੰ ਨਿੰਮ ਦੇ ਪੱਤਿਆਂ ਦਾ ਪਾਣੀ ਪਿਲਾਂਦੇ ਨੇਂ ।

"ਦਾਰੂ" ਗਾਮੂ ਮੁੱਠਾਂ ਮੀਟ ਲੈਂਦਾ ਏ, ਮੁੜ੍ਹਕੇ ਵਿਚ ਭਿੱਜੇ ਵਾਲ ਉਹਦੇ ਮੱਥੇ ਤੇ ਚੰਬੜੇ ਹੋਏ ਨੇਂ ।

"ਇਹਨੂੰ ਲੈ ਜਾਓ ਇੱਥੋਂ" ਭਾਅ ਆਹੰਦਾ ਏ ।

ਸ਼ੀਦਾ ਗਾਮੂ ਨੂੰ ਧੌਣ ਤੋਂ ਫੜ ਕੇ ਪਿੰਡ ਵੱਲ ਲਿਜਾਂਦਾ ਏ ।

ਮੈਂ ਦੂਜੇ ਪਾਸੇ ਆ, ਉਨ੍ਹਾਂ ਨੂੰ ਵੇਹਨੀ ਆਂ ।

ਸ਼ੀਦਾ ਗਾਮੂ ਨੂੰ ਖਿੱਚ ਕੇ ਗੋਲ ਬਾਗ਼ ਨਾਲ ਟ੍ਰੈਂਚਾਂ ਕੋਲ ਲਿਜਾਂਦਾ ਪਿਆ ਏ ।

ਮੇਰੇ ਲਈ ਇੱਥੋਂ ਝਾਤੀ ਪਾਣਾ ਬੜਾ ਖ਼ਤਰਨਾਕ ਏ, ਇਹ ਪਾਸਾ ਨੰਗਾ ਏ । ਅਮਰੂਦ ਦੀਆਂ ਲਗਰਾਂ ਇੱਥੋਂ ਤੋੜੀ ਅੱਪੜਦੀਆਂ ਨਹੀਂ ਤੇ ਥੱਲੋਂ ਕੋਈ ਵੀ ਮੈਨੂੰ ਵੇਖ ਸਕਦਾ ਏ । ਚੰਨ ਦੀ ਚਾਨਣੀ ਏਨੀ ਨਹੀਂ ਪਰ ਫਿਰ ਵੀ ਜੇ ਖ਼ੋਰਸ਼ੈਦੀ ਉੱਤੇ ਵੇਖੇ ਤੇ ਮੈਂ ਉਹਨੂੰ ਨਜ਼ਰ ਆ ਜਾਵਾਂਗੀ । ਮੈਂ ਵੱਲ ਵੀ ਦਲੇਰੀ ਕਰਨੀ ਆਂ ਤੇ ਥੱਲੇ ਵੇਹੰਦੀ ਰਹਿਣੀ ਆਂ ।

ਖ਼ੋਰਸ਼ੈਦੀ ਤੋਂ ਪਾਰ ਟਾਲ੍ਹੀ ਦੀ ਛੱਤਰੀ, ਮਸੀਤ ਦਾ ਬੁਰਜ, ਮੈਦਾਨ, ਚਰਾਗ਼ ਦਾ ਖੂਹ। ਉਸ ਤੋਂ ਅੱਗੇ ਕੁਝ ਨਹੀਂ ਦਿੱਸਦਾ ।

ਮੈਂ ਸਾਹਮਣੇ ਘਰਾਂ ਵਲ ਵੇਹਨੀ ਆਂ, ਕਈਆਂ ਵਿੱਚੋਂ ਚੁਲ੍ਹਿਆਂ ਦਾ ਧੂੰ ਉਠਦਾ ਪਿਆ ਏ ।

ਕਬਰਸਤਾਨ ਕੋਲੇ ਨੂਰ ਜਮਾਲੋ ਦਾ ਘਰ ਨਜ਼ਰੀਂਦਾ ਏ ਪਰ ਕੋਈ ਜਣਾ ਨਹੀਂ।

ਟਿਊਬ ਵੈੱਲ ਬੰਦ ਏ ਪਰ ਉਹਦੀ ਬੱਤੀ ਜਲਦੀ ਪਈ ਏ ।

ਮੈਨੂੰ ਹਨੇਰੇ ਵਿਚ ਏਨੀ ਦੂਰ ਦੂਰ ਵੇਖਣ ਨਾਲ ਚੱਕਰ ਆਣ ਲੱਗ ਪਏ ਨੇਂ । ਪਰ ਫਿਰ ਮੈਨੂੰ ਉੱਠ ਕੇ ਬਹਿਣਾ ਪੈਂਦਾ ਏ, ਗਾਮੂ ਤੇ ਸ਼ੀਦਾ ਸਾਹਮਣੇ ਟ੍ਰੈਂਚਾਂ ਵਿਚ ਘੋਲ ਕਰਦੇ ਪਏ ਨੇਂ । ਪਤਾ ਨਹੀਂ ਕਿ ਕੌਣ ਜਿੱਤਦਾ ਪਿਆ ਏ, ਚੰਨ ਦਾ ਚਾਨਣ ਨਿੰਮਾ ਏ ।

ਫਿਰ ਇਕ ਬੰਦਾ ਦੂਜੇ ਤੋਂ ਛੁੱਟ ਕੇ ਮੇਰੇ ਅਲ ਭੱਜ ਉਠਦਾ ਏ ।

ਮੈਂ ਡਰ ਕੇ ਆਵਦਾ ਸਿਰ ਛੱਤ ਦੀ ਬੰਨੀ ਤੋਂ ਨੀਵਾਂ ਕਰ ਲੈਨੀ ਆਂ ।

ਭੱਜਦੇ ਕਦਮਾਂ ਦੀ ਅਵਾਜ਼ ਅਮਰੂਦ ਥੱਲੇ ਆ ਮੁੱਕਦੀ ਏ । ਜਾਪਦਾ ਏ ਗਾਮੂ ਭਾ ਤੋਂ ਲੁਕਿਆ ਖੜਾ ਏ ਪਰ ਪੱਕ ਕੁ ਨੀ ।

ਪੈਲੀਆਂ ਵਿੱਚੋਂ ਮਾਸੀ ਇਬਰਾ ਦੇ ਗੌਣ ਦੀ 'ਵਾਜ ਆਣ ਲੱਗ ਪਈ ਏ 'ਪੀਲੂ ਪੱਕੀਆਂ ਵੇ, ਪੱਕੀਆਂ ਨੀ ਵੇ, ਆ ਚੁੰਨੂੰ ਰਲ ਯਾਰ' ਇਹ ਖ਼ੁਆਜਾ ਗ਼ੁਲਾਮ ਫ਼ਰੀਦ ਦਾ ਕਲਾਮ ਏ ਜਿਹੜੇ ਮਾਂ ਜੀ ਆਹੰਦੇ ਨੇਂ, ਸਾਡੇ ਇੱਕ ਵੱਡੇ ਬਜ਼ੁਰਗ ਹੁੰਦੇ ਸਨ ।

ਮੈਂ ਅਮਲਤਾਸ ਵੱਲ ਰਿੜ੍ਹਨਾ ਸ਼ੁਰੂ ਕਰ ਦੇਨੀ ਆਂ, ਮੇਰੀ ਗਿੱਚੀ ਪੀੜ ਕਰਦੀ ਪਈ ਏ ਤੇ ਸਿਰ ਸੌਂ ਗਿਆ ਏ ।

ਪੈਲੀਆਂ ਵੱਲ ਵੇਖ ਮੈਨੂੰ ਪੱਕ ਹੋ ਜਾਂਦਾ ਏ ਕਿ ਜ਼ਨਾਨੀਆਂ ਮੇਰੇ ਬਿਨਾਂ ਗਿੱਧਾ ਪਾਣ ਲੱਗੀਆਂ ਨੇਂ । ਉਹ ਗੋਲ ਦਾਇਰੇ ਵਿੱਚ ਖਲੀਆਂ ਨੇਂ ।

ਮੈਂ ਭੱਜ ਕੇ ਪੌੜੀਆਂ ਵੱਲ ਜਾਂਨੀ ਆਂ ਪਰ ਫਿਰ ਚੇਤੇ ਆਂਦਾ ਏ ਕਿ ਮੈਨੂੰ ਬਾਹਰ ਜਾਣ ਲਈ ਮਾਂ ਜੀ ਤੋਂ ਇਜਾਜ਼ਤ ਲੈਣੀ ਪੈਗੀ ਤੇ ਉਹ ਸਿਰ ਪੀੜ ਨਾਲ ਸੁੱਤੇ ਪੈ ਨੇਂ ।

ਮੈਂ ਇਕ ਨਿੱਕਾ ਜਿਹਾ ਗਡੋਇਆ ਬਣ ਕੇ ਅਮਲਤਾਸ ਵੱਲ ਪਲਸੇਟੇ ਮਾਰਦੀ ਜਾਂਨੀ ਆਂ ਤੇ ਲੇਟ ਕੇ ਗੌਣ ਸੁਣਨ ਲੱਗ ਪੈਨੀ ਆਂ ।

ਅਮਲਤਾਸ ਥੱਲੇ ਨਿੱਘ ਏ, ਮੈਂ ਵਲਾਵਾਂ ਖਾ ਕੇ ਸਿੱਧੀ ਹੋਨੀ ਆਂ ਜਿਵੇਂ ਗਡੋਇਆ ਪੁੱਠਾ ਹੁੰਦਾ ਏ ।

ਅੱਧਾ ਚੰਨ ਅਸਮਾਨ ਤੇ ਲਿਸ਼ਕਦਾ ਪਿਆ ਏ, ਚਾਨਣੀ ਪੱਤਰਾਂ ਵਿੱਚੋਂ ਵੀ ਨਿਕਲੀ ਆਂਦੀ ਏ । ਠੰਡੀ ਸੀਤ ਵਾਅ ਮੇਰੇ ਢਿੱਡ ਤੇ ਲੱਤਾਂ ਨੂੰ ਲਗਦੀ ਏ, ਮੈਂ ਫ਼ਰਾਕ ਚਾ ਕੇ ਮੂੰਹ ਲਕੋ ਲੈਨੀ ਆਂ । ਢਿੱਡ ਤੇ ਹੱਥ ਫੇਰਨੀ ਆਂ, ਮੇਰਾ ਪਿੰਡਾ ਹੱਥਾਂ ਤੋਂ ਨਿੱਘਾ ਏ । ਉਂਗਲ ਨਾਲ ਆਵਦੀ ਧੁੰਨੀ ਟੋਹਣੀ ਆਂ, ਮੁੜ ਗਿੱਚੀ ਚਾ ਕੇ ਵੇਹਨੀ ਆਂ, ਅਮਲਤਾਸ ਦੀਆਂ ਲਗਰਾਂ ਮੇਰੇ ਢਿੱਡ ਤੇ ਨੱਚਦੀਆਂ ਪਈਆਂ ਨੇਂ । ਮੈਂ ਉਨ੍ਹਾਂ ਨਾਲ ਖੇਡਦੀ ਖੇਡਦੀ ਚੱਡੀ ਵਿਚ ਹੱਥ ਪਾਂਨੀ ਆਂ, ਮੇਰੀ ਚੰਮ ਦੇ ਰੂੰ ਰੂੰ ਵਿਚ ਸਨ ਸਨ ਹੋਣ ਲੱਗ ਪੈਂਦੀ ਏ ।

ਇੱਕੋ ਰੋਰੀ ਮੇਰੇ ਢਿੱਡ ਤੇ ਨੱਚਦੀਆਂ ਅਮਲਤਾਸ ਦੀਆਂ ਲਗਰਾਂ ਵਿਚ ਕਾਲੇ ਰੰਗ ਦਾ ਚੰਨ ਨਿਕਲ ਆਂਦਾ ਏ ।

ਮੈਂ ਖੇਡਣ ਛੱਡ, ਉੱਤੇ ਵੇਹਨੀ ਆਂ ।

ਕਾਲੇ ਚੰਨ ਵਿਚ ਦੋ ਚਿੱਟੀਆਂ ਮੋਰੀਆਂ ਨੇਂ ਜਿਹੜੀਆਂ ਉੱਤੋਂ ਮੇਰੇ ਤੇ ਆਂਦੀਆਂ ਪਈਆਂ ਨੇਂ ।

ਮੈਂ ਹੱਥ ਚੱਡੀ ਵਿੱਚੋਂ ਕੱਢਣਾ ਚਾਹਨੀ ਆਂ ਪਰ ਮੇਰੇ ਕੋਲੋਂ ਹਿੱਲਿਆ ਨਹੀਂ ਜਾਂਦਾ ਕਿਉਂ ਜੇ ਇਹ ਕੋਈ ਕਾਲਾ ਚੰਨ ਨਹੀਂ ਗਾਮੂ ਦਾ ਮੂੰਹ ਏ ।

ਮੈਂ ਚੀਕਣ ਲਈ ਵਾਤ ਪੱਟਣੀ ਆਂ, ਗਾਮੂ ਦਾ ਹੱਥ ਮੂੰਹ ਉੱਤੇ ਆ ਜੰਮਦਾ ਏ ।

ਉਹਦੇ ਮੂੰਹੋਂ ਇਕ ਘੁਟਵੀਂ ਵਾਜ ਨਿਕਲਦੀ ਏ ਤੇ ਉਹ ਉੱਡ ਕੇ ਮੈਨੂੰ ਉਲਾਂਘਦਾ, ਛੱਤ ਤੋਂ ਥੱਲੇ ਛਾਲ ਮਾਰ ਦਿੰਦਾ ਏ।

ਲਗਰਾਂ ਟੁੱਟਦੀਆਂ ਨੇਂ, ਰੁੱਖਾਂ ਵਿੱਚੋਂ ਪੱਖੀ ਕੁਰਲਾਂਦੇ ਉਡਦੇ ਨੇਂ, ਜ਼ਨਾਨੀਆਂ ਦੇ ਹੋਕਿਆਂ ਦੀਆਂ ਵਾਜਾਂ ਆਂਦੀਆਂ ਨੇਂ ।

"ਓਏ ਭੈਣਚੋਦ" ਭਾ ਲਲਕਾਰ ਕੇ ਆਹੰਦਾ ਏ ।

ਮੈਂ ਆਵਦੇ ਆਪ ਨੂੰ ਫ਼ਰਾਕ ਨਾਲ ਕਜਨੀ ਆਂ ।

ਹੇਠਾਂ ਭੱਜਦੇ ਪੈਰਾਂ ਦੇ ਬੱਦਲ ਗੱਜਦੇ ਨੇਂ, ਲੈਂਪ ਦਾ ਚਾਨਣ ਆਵਦੇ ਆਪ ਪੈਂਦਾ ਏ ।

"ਇੰਨਾ ਲਿੱਲਾਹਿ ਵ ਇੰਨਾ ਇਲੈਹਿ ਰਾਜਿਊਨ" ਮੌਲਵੀ ਸਾਬ ਦੀ ਵਾਜ ਆਂਦੀ ਏ ।

ਮੈਂ ਅਮਲਤਾਸ ਵਿੱਚੋਂ ਹੇਠਾਂ ਵੇਹਨੀ ਆਂ, ਲੈਂਪ ਦੇ ਚਾਨਣ ਵਿੱਚ ਅੱਯੋ ਦਾ ਸਿਰ ਉਹਦੇ ਧੜ ਕੋਲੋਂ ਮੂੰਹ ਵਟਾਈ ਪਿਆ ਏ ਤੇ ਉਹਦੇ ਆਲੇ ਦੁਆਲੇ ਵਗਦੇ ਲਹੂ ਦਾ ਚਿੱਕੜ ਏ ।

ਨਾਚੋ ਪਰਾਂਹ ਢੱਠੀ ਪਈ ਏ ।

ਮੈਂ ਸਿਰ ਨਿਵਾ ਕੇ ਬਹਿ ਜਾਂਨੀ ਆਂ ।

"ਇਸ ਕੰਜਰ ਦੇ ਬੀਅ ਨੇ ਅੰਤ ਕਰ ਦਿਖਾਇਆ ਏ, ਮੈਂ ਇਹਦਾ ਮਣਕਾ ਤੋੜ ਦਿਆਂ ਗਾ" ਭਾ ਆਹੰਦਾ ਏ ।

"ਮਾਈ ਬਾਪ, ਮੈਂ ਸ਼ਹਿਰ ਚਲਾ ਜਾਂਨਾਂ" ਗਾਮੂ ਆਹੰਦਾ ਏ ।

"ਤੇ ਇਨ੍ਹਾਂ ਦੋ ਮੁਰਦਿਆਂ ਦਾ ਜ਼ਿੰਮੇਵਾਰ ਕੌਣ ਏ? ਤੇਰੀ ਮਾਂ?" ਭਾ ਪੁੱਛਦਾ ਏ ।

"ਅਲਹਮਦੁ ਲਿੱਲਾਹ, ਇੱਕੋ ਮੋਈ ਏ" ਮੌਲਵੀ ਜੀ ਆਹੰਦੇ ਨੇਂ ।

"ਸਰਦਾਰ ਸਾਬ, ਗਾਮੂ ਅੰਮਾਂ ਜ਼ੈਨਬ ਦਾ ਕੱਲਾ ਕੱਲਾ ਪੁਤੱਰ ਏ" ਕੋਈ ਭਾ ਨੂੰ ਦੱਸਦਾ ਏ ।

"ਮੈਂ ਕਿਸੇ ਕਾਤਲ ਦੀ ਜ਼ਮਾਨਤ ਨਹੀਂ ਦੇਣੀ" ਭਾ ਬੋਲਦਾ ਏ ।

"ਪੁਤੱਰ, ਖ਼ੈਰ ਏ?" ਮਾਂ ਜੀ ਦੀ ਅਵਾਜ਼ ਆਂਦੀ ਏ ।

"ਵੱਡਾ ਜ਼ੁਲਮ ਹੋ ਗਿਆ ਏ, ਮਾਂ ਜੀ" ਭਾ ਆਹੰਦਾ ਏ ।

"ਮੈਨੂੰ ਡਰੋਨਾ ਸੁਫ਼ਨਾ ਆਇਆ ਏ, ਅੱਲਾਹ ਮਾਫ਼ੀ, ਅਚਰਜ ਵਾਜਾਂ ਸਨ"।

ਗਾਮੂ ਕਿਸੇ ਕੁੜੀ ਦਾ ਗਾਟਾ ਲਾਹ ਦਿੱਤਾ ਏ, ਕੀ ਉਹਦਾ ਨਾਂ ਸੀ ਭੈਣ ਚੋਦ?"

"ਅੱਯੋ" ਮੁਨਸ਼ੀ ਜੀ ਆਹੰਦੇ ਨੇਂ ।

"ਹਾਏ ਨੀ ਅੱਯੋ" ਮਾਂ ਜੀ ਕੁਰਲਾਂਦੇ ਨੇਂ "ਮੈਨੂੰ ਪਤਾ ਸੀ ਇਸ ਕੁੜੀ ਨਾਲ ਕੁਝ ਹੋਣ ਆਲੀ ਏ । ਅੱਲਾਹ ਵੇ, ਏਨੀ ਕੁ ਹਯਾਤੀ ਤੇ ਉਹਨੂੰ ਸੁੱਖ ਦਾ ਸਾਹ ਨਾ ਆਇਆ?"

"ਸਾਨੂੰ ਸੋਚ ਸਮਝ ਕੇ ਕਦਮ ਚਾਣਾ ਪਏ ਗਾ" ਭਾ ਆਹੰਦਾ ਏ।

"ਹੁਣ ਕੀ ਰਹਿ ਗਿਆ ਏ ਸੋਚਣ ਲਈ? ਉਹਦੀ ਤੇ ਮੁੱਕ ਮੁਕਾ ਗਈ" ਮਾਂ ਜੀ ਰੋਂਦਿਆਂ ਆਹੰਦੇ ਨੇਂ ।

"ਗਾਮੂ ਨੂੰ ਹਾਈ ਕੋਰਟ ਤੋਂ ਉਮਰ ਕੈਦ ਵੀ ਹੋ ਸਕਦੀ ਏ" ਭਾ ਆਹੰਦਾ ਏ ।

"ਅੱਲਾਹ ਗਵਾਹ ਏ, ਇਹ ਉਮਰ ਕੈਦ ਦਾ ਹੱਕਦਾਰ ਏ" ਮਾਂ ਜੀ ਆਹੰਦੇ ਨੇਂ

"ਮਾਂ ਜੀ, ਗਾਮੂ ਤੋਬਾ ਕਰਦਾ ਪਿਆ ਏ"।

"ਅਸਲੋਂ ਸਤਾਰ੍ਹਾਂ ਅਠਾਰ੍ਹਾਂ ਵਰ੍ਹਿਆਂ ਦਾ ਬਾਲ ਏ" ਮੁਨਸ਼ੀ ਜੀ ਆਹੰਦੇ ਨੇਂ ।

"ਇਬਰਾ ਕਿੱਥੇ? ਜ਼ੈਨਬ? ਨੀ ਜੀਵਾਂ?" ਮਾਂ ਜੀ ਉੱਚੀ ਉੱਚੀ ਅਵਾਜ਼ਾਂ ਦੇਣ ਲੱਗ ਪਏ ਨੇਂ ।

"ਉਹ ਗਿੱਧਾ ਪਾਂਦੀਆਂ ਪਈਆਂ ਨੇਂ"।

"ਇਹ ਗਿੱਧੇ ਪਾਣ ਦਾ ਵੇਲਾ ਏ? ਮੁਨਸ਼ੀ ਉਨ੍ਹਾਂ ਨੂੰ ਬੁਲਾ" ਮਾਂ ਜੀ ਆਹੰਦੇ ਨੇਂ ।

"ਸਾਨੂੰ ਇਲਾਕੇ ਵਿਚ ਭਰਮ ਵੀ ਰੱਖਣਾ ਏ" ਭਾ ਬੋਲਦਾ ਏ ।

"ਪੁਤੱਰ, ਤੂੰ ਕੀ ਪਿਆ ਆਹਨਾ ਏਂ?" ਮਾਂ ਜੀ ਪੁੱਛਦੇ ਨੇਂ ।

"ਇਹਨੂੰ ਪੁਲਸ ਵਿੱਚ ਦੇਣ ਥਾਈਂ ਕਸਾਸ ਲੈ ਕੇ ਅਪਣੀ ਮੌਤ ਆਪ ਮਰਨ ਦੇਵੀਏ"।

"ਭੁੱਖਾ ਫ਼ਕੀਰ, ਇਹਨੇ ਕਸਾਸ ਕਿੱਥੋਂ ਦੇਣਾ ਏ?" ਮਾਂ ਜੀ ਆਹੰਦੇ ਨੇਂ ।

"ਅੱਯੋ ਯਤੀਮ ਸੀ, ਉਹਦਾ ਕੋਈ ਵਾਰਿਸ ਨਹੀਂ ਜਿਹਨੂੰ ਕਸਾਸ ਦਿੱਤਾ ਜਾਵੇ" ਮੌਲਵੀ ਸਾਬ ਆਹੰਦੇ ਨੇਂ ।

"ਕਿਉਂ ਇਬਰਾ ਦਾ ਕੋਈ ਹੱਕ ਨਹੀਂ ਜਿਹਨੇ ਦੁੱਧ ਪੀਂਦੀ ਨੂੰ ਪਾਲ ਕੇ ਜਵਾਨ ਕੀਤਾ?" ਮਾਂ ਜੀ ਪੁੱਛਦੇ ਨੇਂ ।

"ਪਰ ਬੇਗਮ ਸਾਬ, ਇਬਰਾ ਨੇ ਇਹਦੇ ਤੇ ਕੋਈ ਰਕਮ ਨਹੀਂ ਲਾਈ, ਤੁਸੀਂ ਖ਼ਰਚਾ ਚੁੱਕਿਆ ਸੀ"।

"ਤੇ ਉਹਦੇ ਲਈ ਰਾਤਾਂ ਕੌਣ ਜਾਗਿਆ ਸੀ? ਤੂੰ? ਕਿ ਮੈਂ?"

ਮੈਨੂੰ ਪਾਲਾ ਲਗਦਾ ਏ, ਮੈਂ ਕੰਬਦੀ ਕੰਬਦੀ ਪੌੜੀਆਂ ਵੱਲ ਰਿੜ੍ਹਨ ਲੱਗ ਪੈਨੀ ਆਂ

ਵੇੜ੍ਹਾ ਖ਼ਾਲੀ ਏ ।

ਮੈਂ ਅੰਦਰ ਬਿਸਤਰੇ ਵਿਚ ਜਾ, ਕੰਬਦੇ ਹੱਥ ਹੱਥਾਂ ਵਿਚ ਕਾਬੂ ਕਰ, ਠੋਡੀ ਥੱਲੇ ਰੱਖਣੀ ਆਂ ਤੇ ਰਜ਼ਾਈ ਵਿੱਚ ਮੂੰਹ ਲਕੋ ਲੈਨੀ ਆਂ ।

"ਇੰਨਾ ਲਿੱਲਾਹਿ ਵ ਇੰਨਾ ਇਲੈਹਿ ਰਾਜਿਊਨ, ਅਸੀਂ ਅੱਲਾਹ ਦੇ ਆਂ ਤੇ ਉਹਦੇ ਪਾਸੇ ਈ ਵਲਣਾ ਏ" ਮੈਂ ਆਹਨੀ ਆਂ ।

## ਦੂਜਾ ਅੰਗ

# ਮੱਕਣਾ ਹਾਥੀ

ਲਾਹੌਰ 1981

ਸ਼ਹਿਰ ਲਾਹੌਰ ਹਿੰਦੂ ਸ਼ਹਿਜ਼ਾਦੇ ਰਾਮ ਚੰਦਰ ਦੇ ਪੁਤੱਰ ਲੋਹ ਦੇ ਪੈਦਾ ਹੋਣ ਤੇ ਵਸਿਆ ਸੀ। ਇਹ ਚਾਰ ਹਜ਼ਾਰ ਸਾਲ ਪਹਿਲੋਂ ਦੀ ਗੱਲ ਏ, ਉਸ ਵੇਲੇ ਤੋਂ ਹੁਣ ਤਾਈਂ ਵਨ ਸਵੰਨੇ ਲੋਕਾਂ ਲਾਹੌਰ ਤੇ ਰਾਜ ਕੀਤੇ । ਬਾਹਰੋਂ ਗ਼ਜ਼ਨਵੀ, ਮੰਗੋਲ, ਤੁਰਕ, ਮੁਗ਼ਲ, ਇਰਾਨੀ ਤੇ ਅੰਗਰੇਜ਼। ਅੰਦਰੋਂ ਹਿੰਦੂ, ਸਿੱਖ ਤੇ ਮੁਸਲਮਾਨ ਪੰਜਾਬੀ। ਇਸ ਵੇਲੇ ਇਕ ਪੰਜਾਬੀ ਸੁੰਨੀ ਜਨਰਲ ਹਾਕਮ ਏ। ਉਹਦਾ ਨਾਂ ਲੈਣ ਦੀ ਲੋੜ ਨਹੀਂ, ਮਾਂ ਜੀ ਆਹੰਦੇ ਨੇਂ, ਕਈਆਂ ਦਾ ਨਾਂ ਲਈਏ ਤੇ ਜੀਭ ਪਲੀਤ ਹੋ ਜਾਂਦੀ ਏ।

ਲਾਹੌਰ ਵਿਚ ਚੋਦਾਂ ਮਜ਼ਾਰ ਨੇਂ, ਵਿੱਚੋਂ ਇੱਕ ਮਾਧੋ ਲਾਲ ਹੁਸੈਨ ਦਾ ਏ ਜਿੱਥੇ ਚਿਰਾਗ਼ਾਂ ਦਾ ਮੇਲਾ ਲਗਦਾ ਏ, ਪਰ ਮੇਰੇ ਨੇੜੇ ਬਾਬਾ ਸ਼ਾਹ ਜਮਾਲ ਦਾ ਮਜ਼ਾਰ ਏ ਜਿੱਥੇ ਅੱਜ ਕਲ੍ਹ ਮੇਲਾ ਲੱਗਿਆ ਹੋਇਆ ਏ।

# ਮੇਲਾ

ਫ਼ੈਰੋਜ਼ਪੁਰ ਰੋਡ ਤੇ ਇੱਛਰੇ ਮੋੜ ਕਨੇ ਟਰੈਫ਼ਿਕ ਮੱਠੀ ਹੁੰਦੀ ਹੁੰਦੀ ਖਲੋ ਗਈ ਏ। ਹਾਰਨ ਮਾਰਦੇ ਟਰੱਕ, ਉਲਾਰ ਤਾਂਗੇ, ਧੂੰਆਂ ਉਡਾਂਦੇ ਰਿਕਸ਼ੇ, ਕੁੱਝ ਕਾਰਾਂ, ਓਮਨੀ ਬੱਸਾਂ, ਪੈਦਲ ਚੱਲਣ ਆਲੇ, ਭੇਡਾਂ, ਬੱਕਰੀਆਂ ਤੇ ਗੱਡਾਂ ਲੰਘਣ ਦੀ ਕਰਦੇ ਪਏ ਨੇਂ । ਵਿਚ ਵਿਚ ਮੇਰੇ ਪੁਰਾਣੇ ਸਕੂਲ ਦੇ ਬਾਲਾਂ ਦਾ ਛੱਟਾ ਵੀ ਲੱਗਿਆ ਹੋਇਆ ਏ ।

"ਬੱਚ ਕੇ ਬਾਉ" ਬਾਬਾ ਬਖ਼ਸ਼ੂ ਆਵਦੇ ਘੋੜੇ ਬੱਗੇ ਦੀਆਂ ਵਾਗਾਂ ਖਿੱਚ ਕੇ ਇਕ ਸੂਟਿਡ ਬੂਟਿਡ ਆਦਮੀ ਨੂੰ ਤਾਂਗੇ ਅੱਗੋਂ ਲੰਘਾਂਦਾ ਏ ।

ਅਸੀਂ ਤਲੀ ਮੱਛੀ, ਨਿਹਾਰੀ, ਬਦਾਮਾਂ ਵਾਲੇ ਦੁੱਧ ਤੇ ਮਿਠਾਈਆਂ ਦੇ ਮਸ਼ਹੂਰ ਸੈਨਟਰ ਦੇ ਸਾਹਮਣੇ ਆਂ ਤੇ ਉੱਥੇ ਵਜਦਾ ਮਿਊਜ਼ਿਕ ਕੰਨ ਪਿਆ ਪਾੜਦਾ ਏ ।

ਤਾਂਗੇ ਦੀ ਪਿਛਲੀ ਸੀਟ ਤੇ ਬਹੁਤਾ ਚਿਰ ਬੈਠਣ ਨਾਲ ਮੈਨੂੰ ਚੱਕਰ ਆਣ ਲੱਗ ਪੈਂਦੇ ਨੇਂ । ਇਹ ਵੀ ਚੰਗਾ ਨਹੀਂ ਪਿਆ ਲਗਦਾ ਕਿ ਪਿੱਛੇ ਆਣ ਵਾਲੇ ਏਨੇ ਸਾਰੇ ਲੋਕੀ ਮੈਨੂੰ ਵੇਹੰਦੇ ਪਏ ਨੇਂ । ਪਿੱਛੇ ਖੜੀ ਮਰਸਿਡੀਜ਼ ਦਾ ਡਰੈਵਰ ਵੀ । ਉਹਦੀ ਗੱਡੀ ਏਨੀ ਨੇੜੇ ਕਿ ਚਾਹਵਾਂ ਤੇ ਪੈਰ ਨਾਲ ਬੰਪਰ ਛੂ ਲਵਾਂ ।

ਡਰੈਵਰ ਮੈਨੂੰ ਸਿਰ ਤੋਂ ਲਾ ਪੈਰਾਂ ਤੋੜੀ ਵੇਹੰਦਾ ਏ, ਮੈਂ ਕੋੜੀਜ ਜਾਂਨੀ ਆਂ । ਈਂ ਜਿਹੇ ਵੇਲੇ ਮੈਨੂੰ ਸੋਚ ਆਂਦੀ ਏ ਬਈ ਚਾਦਰ ਕੋਲੋਂ ਬੁਰਕਾ ਚੰਗਾ ।

ਮੈਂ ਮੂੰਹ ਅੱਗੇ ਨੂੰ ਫੇਰ ਲੈਨੀ ਆਂ ।

ਸੜਕ ਦੇ ਕੰਢਿਆਂ ਤੇ ਰੁੱਖ ਕੁ ਠੀ, ਤੋੜ ਦੁਕਾਨਾਂ ਤੇ ਦਫ਼ਤਰ ਖਲੇ ਹੋਏ ਨੇਂ । ਤਾਰਕੋਲ, ਸੀਮੰਟ ਤੇ ਲੋਹੇ ਦਾ ਮਾਹੋਲ ਏ । ਮੇਰੇ ਸੱਜੇ ਪਾਸੇ ਕਿਸੇ ਘਰ ਦੀ ਬਾਹਰਲੀ ਕੰਧ ਤੇ ਕਾਲੀ ਸ਼ਾਈ ਨਾਲ ਉਰਦੂ ਵਿਚ ਵੱਡਾ ਵੱਡਾ ਲਿਖਿਆ ਏ "ਨੋਜਵਾਨ ਮਾਯੂਸ ਨਾ ਹੋ" ਤੇ "ਮੌਤ ਕਾ ਮੰਜ਼ਰ ਬਮ੍ਰਾ ਮਰਨੇ ਕੇ ਬਾਅਦ ਕਿਆ ਹੋ ਗਾ"। ਇਕ ਮਰਦਾਨਾ ਕਮਜ਼ੋਰੀ ਦੀ ਦਵਾ ਏ ਤੇ ਦੂਜੀ ਮੌਤ ਬਾਰੇ ਇਕ ਕਿਤਾਬ, ਦੋਵੇਂ ਬੈਸਟ ਸੈਲਰਜ਼ । ਸ਼ਹਿਰ ਦੀਆਂ ਕੰਧਾਂ ਇਨ੍ਹਾਂ ਇਸ਼ਤਿਹਾਰਾਂ ਨਾਲ ਉਲੀਕੀਆਂ ਹੋਈਆਂ ਨੇਂ, ਮੈਂ ਥਾਂ ਥਾਂ ਪੜ੍ਹਨੀ ਆਂ ਫਿਰ ਵੀ ਮੈਨੂੰ ਪੱਕ ਨਹੀਂ ਕਿ ਇਨ੍ਹਾਂ ਵਿਚ ਕੀ ਏ ।

ਪਿਛਾਂਹਾ ਮੁੜ ਕੇ ਵੇਹੰਨੀ ਆਂ ਤੇ ਮਰਸਿਡੀਜ਼ ਆਲਾ ਹਾਲੀ ਵੀ ਤਾੜੀ ਲਾਈ ਪਿਆ ਏ, ਮੈਂ ਮੁੜ ਕੋੜੀਜ ਜਾਂਨੀ ਆਂ ।

"ਬਾਬਾ ਬਖ਼ਸ਼ੂ, ਮੈਂ ਭਾ ਲਈ ਖੋਖੇ ਤੋਂ ਰਸਾਲਾ ਲੈਣਾ ਏ" ਮੈਂ ਮੂੰਹ ਅੱਗੇ ਕਰ ਕੇ ਕਹਿਨੀ ਆਂ ।

ਬਾਬਾ ਬਖ਼ਸ਼ੂ ਗਿੱਚੀ ਭੁਆਏ ਬਿਨਾਂ ਸਿਰ ਹਿਲਾਂਦਾ ਏ ।

ਇੱਛਰੇ ਮੋੜ ਤੇ ਮਲਿਕਾ ਤਰੰਨਮ ਨੂਰਜਹਾਂ ਦੀ ਅਵਾਜ਼ ਗੱਜਦੀ ਪਈ ਏ "ਅੱਖ ਲੜੀ ਬਦੋ ਬਦੀ, ਮੌਕਾ ਮਿਲੇ ਕਦੀ ਕਦੀ"। ਅਵਾਜ਼ ਦੀ ਘੁੰਮਣ ਘੇਰੀ ਵਿਚ ਤਾਂਗਾ ਖੋਖੇ ਵੱਲ ਵਧਦਾ ਏ ।

ਅਸੀਂ ਮੀਆਂ ਜਾਨ ਮੁਹੰਮਦ ਸ਼ੋ ਰੂਮ ਅੱਗੋਂ ਲੰਘਣੇ ਆਂ, ਨਾਲ ਸਾਡੀ ਗਲੀ ਏ ਤੇ ਗਲੀ ਦੀ ਨੁੱਕਰ ਤੇ ਖੋਖਾ । ਮੈਂ ਲੱਕ ਸਿੱਧਾ ਕਰ ਵਲਾ ਚਾਦਰ ਵਲ੍ਹੇਟਨੀ ਆਂ ਤੇ ਖੋਖੇ ਲਹਿਣ ਲਈ ਤਿਆਰ ਹੋ ਜਾਂਨੀ ਆਂ ।

ਮੈਂ ਇਸ ਖੋਖੇ ਤੋਂ ਉਦੋਂ ਦੀ ਟਾਫ਼ੀਆਂ ਲੈਨੀ ਪਈ ਆਂ ਜਦੋਂ ਮੈਂ ਮੁਹੱਲੇ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦੀ ਸਾਂ । ਫਿਰ ਇਨ੍ਹਾਂ ਬਾਲਾਂ ਦੇ ਰਸਾਲੇ ਤੇ ਕਹਾਣੀਆਂ ਦੀਆਂ ਕਿਤਾਬਾਂ ਰੱਖ ਲਈਆਂ, ਮੈਂ "ਤਾਲੀਮ ਓ ਤਰਬੀਅਤ" ਤੇ "ਖਲੋਨਾ" ਖ਼ਰੀਦਣ ਲੱਗ ਪਈ । ਫਿਰ ਇਨ੍ਹਾਂ ਇਕ ਹੋਰ ਸ਼ੈਲਫ਼ ਪਾ ਕੇ ਇਬਨੇ ਸਫ਼ੀ ਬੀ–ਏ ਦੇ ਜਾਸੂਸੀ ਨਾਵਲ ਤੇ ਪੰਜ ਛੇ ਡਾਇਜਸਟਾਂ ਰੱਖ ਲਈਆਂ । ਹੁਣ ਮੈਂ ਭਾ ਲਈ ਇੱਥੋਂ "ਸੱਭ ਰੰਗ ਡਾਇਜਸਟ" ਵੀ ਲੈ ਸਕਨੀ ਆਂ । ਭਾ ਇਹੋ ਰਸਾਲਾ ਪੜ੍ਹਦਾ ਏ ਯਾਂ ਮੁੜ "ਪਾਕਿਸਤਾਨ ਟਾਇਮਜ਼" ਜਿਹੜਾ "ਮਸ਼ਰਕ" "ਇਮਰੋਜ਼" ਤੇ "ਜੰਗ" ਨਾਲ ਰੋਜ਼ ਸਵੇਰੇ ਗੇਟ ਅੰਦਰ ਪਿਆ ਹੁੰਦਾ ਏ ।

"ਹਟ ਕੇ ਬਈ, ਵੇਖ ਕੇ ਬਈ" ਬਾਬਾ ਬਖ਼ਸ਼ੂ ਗਲੀ ਵਿਚ ਮੁੜਦਿਆਂ ਕਹਿੰਦਾ ਏ ।

"ਬਾਬਾ, ਖਲੋਣਾ ਨਾ ਭੁੱਲੀਂ" ਮੈਂ ਆਹਨੀ ਆਂ।

ਬਾਬਾ ਬਖ਼ਸ਼ੂ ਸਿਰ ਹਿਲਾਂਦਾ ਏ, ਤਾਂਗਾ ਟੁਰਦਾ ਰਹਿੰਦਾ ਏ ਤੇ ਮੇਰੇ ਵਹਿੰਦਿਆਂ ਵਹਿੰਦਿਆਂ ਖੋਖੇ ਸਾਹਮਣਿਓਂ ਲੰਘ ਜਾਂਦਾ ਏ ।

"ਬਾਬਾ, ਇੱਥੇ" ਮੈਂ ਸੰਘ ਦਾ ਪੂਰਾ ਜ਼ੋਰ ਲਾ ਕੇ ਚੀਕਨੀ ਆਂ ।

ਉਹ ਫਿਰ ਸਿਰ ਹਿਲਾਂਦਾ ਏ ਪਰ ਬੱਗੇ ਦੀ ਲਗਾਮ ਨਹੀਂ ਖਿੱਚਦਾ ।

"ਬਾਬਾ, ਤੂੰ ਖਲੋਤਾ ਨਹੀਂ?" ਮੇਰੀਆਂ ਅੱਖਾਂ ਵਿਚ ਹੰਝੂ ਆ ਗਏ ਨੇਂ ।

"ਮਾਫ਼ੀ, ਬੀ ਬੀ" ਉਹ ਕਹਿੰਦਾ ਏ ।

"ਮੈਂ ਮਾਂ ਜੀ ਨੂੰ ਦੱਸਾਂਗੀ ਕਿਵੇਂ ਤੂੰ ਮੇਰਾ ਆਖਾ ਨਹੀਉਂ ਮੰਨਦਾ" ਮੈਂ ਹੰਝੂ ਪੂੰਝਨੀ ਆਂ, ਖੋਖੇ ਤੇ ਨਾ ਖੜ ਕੇ ਬਾਬੇ ਅੱਜ ਘਰੋਂ ਕਾਲਜੋਂ ਅੱਡ ਮੇਰਾ ਕੁਝ ਕਰਨ ਦਾ ਚਾਂਸ ਗਵਾ ਦਿੱਤਾ ਏ ।

"ਨਾ ਬੀਬੀ, ਮੈਂ ਤੇਰਾ ਆਖਾ ਨਹੀਂ ਸੀ ਮੋੜਨਾ ਪਰ ਸਰਦਾਰ ਸਾਬ ਦਾ ਹੁਕਮ ਏ ਬਈ ਅੱਜ ਕਲ੍ਹ ਬਾਹਰਲਿਆਂ ਤੋਂ ਹੁਸ਼ਿਆਰ ਰਹਵੀਏ" ।

"ਬਾਹਰਲੇ ਕੌਣ? ਅਫ਼ਗ਼ਾਨ ਮਹਾਜਰ ?"

"ਉਹ ਵੀ, ਪਰ ਇਸ ਵੇਲੇ ਸੜਕਾਂ ਮੇਲੇ ਆਲਿਆਂ ਨਾਲ ਭਰੀਆਂ ਪਈਆਂ ਨੇਂ, ਮੈਂ ਕਲ੍ਹ ਸਵੇਰੇ ਖੋਖੇ ਤੇ ਜ਼ਰੂਰੀ ਖਲੋਵਾਂ ਗਾ" ਤਾਂਗਾ ਸਾਡੇ ਗੇਟ ਮੂਹਰੇ ਏ ।

"ਕਲ੍ਹ ਸਵੇਰੇ ਸਾਰੇ ਗ਼ੁੰਡੇ ਸ਼ਹਿਰ ਛੱਡ ਜਾਣਗੇ?" ਮੈਂ ਤਾਂਗੇ ਤੋਂ ਛਾਲ ਮਾਰਨੀ ਆਂ, ਤਾਂਗਾ ਅੱਗੇ ਨੂੰ ਉਲਰ ਜਾਂਦਾ ਏ ।

ਬੱਗਾ ਤੇ ਖ਼ੁਸ਼ ਹੋਇਆ ਹੋਵੇ ਗਾ ਕਿਉਂ ਜੇ ਹੁਣ ਉਹਦੇ ਤੇ ਭਾਰ ਕੁ ਨੀ ਪਰ ਬਾਬਾ ਬਖ਼ਸ਼ੂ ਡਿੱਗਦਾ ਡਿੱਗਦਾ ਬਚਦਾ ਏ । ਅਗਲੀ ਸੀਟ ਉਨ੍ਹਾਂ ਸਵਾਰੀਆਂ ਲਈ ਛੱਡ ਕੇ ਜਿਹਨਾਂ ਇਸ ਭਾੜੇ ਹੋਣਾ ਈ ਨਹੀਂ ਸੀ, ਉਹ ਤਾਂਗੇ ਦੀ ਬਾਹੀ ਤੇ ਬੈਠਾ ਸੀ।

"ਬੀਬੀ, ਇਹ ਲੋਕੀ ਰਾਤਾਂ ਜਾਗਦੇ ਤੇ ਸਵੇਰੇ ਸੋਂਦੇ ਨੇਂ" ਬਾਬਾ ਬਖ਼ਸ਼ੂ ਆਵਦੀ ਪੱਗ ਸਿਰ ਤੇ ਜਮਾਂਦਾ ਏ ।

"ਸਲਾਮ ਬੀਬੀ" ਬਾਬਾ ਫ਼ਤੂ ਗੇਟ ਖੋਲੀ ਖੜਾ ਏ ।

ਮੈਂ ਦੋਵਾਂ ਬਾਬਿਆਂ ਨੂੰ ਸਲਾਮਾਂ ਕਰਦਿਆਂ ਛੱਡ, ਆਵਦੀ ਚੱਦਰ ਬਾਂਹ ਤੇ ਵਲਦੀ ਅੰਦਰ ਨੂੰ ਨੱਸ ਉਠਣੀ ਆਂ ।

ਬੋਰਚੀ ਖ਼ਾਨਾ ਕੁਆਰਟਰਾਂ ਤੇ ਸਟੋਰ ਦੇ ਵਿਚਕਾਰ ਏ ਤੇ ਹਾਲ ਬਾਕੀ ਘਰ ਨਾਲੋਂ ਪਤਲਾ । ਸੀਮਿੰਟ ਦੇ ਫ਼ਰਸ਼ ਵਿਚ ਮੋਰੇ ਨੇਂ, ਇੱਟਾਂ ਟੁੱਟੀਆਂ ਹੋਈਆਂ । ਪਰ ਕਿਚਨ ਦੇ ਬੂਹੇ ਕੋਲ ਇਸ ਘਰ ਦਾ ਕੱਲਾ ਰੁੱਖ ਇੰਗਲਿਸ਼ ਵਿਲੋਅ ਵੀ ਏ ਜਿਹੜਾ ਦੂਜੀ ਮੰਜ਼ਿਲ ਤੇ ਮੇਰੇ ਕਮਰੇ ਦੀ ਬਾਰੀ ਤੋੜੀ ਅੱਪੜਦਾ ਏ ।

ਮੇਰੀਆਂ ਅੱਖਾਂ ਹੰਝੂਆਂ ਨਾਲ ਧੁੰਦਲਾਈਆਂ ਪਈਆਂ ਨੇਂ, ਮੈਂ ਬੋਰਚੀ ਖ਼ਾਨੇ ਵੜਦਿਆਂ ਤੋਤੀ ਦੇ ਪਿੰਜਰੇ ਵਿੱਚ ਵੱਜਣੀ ਆਂ । ਤੋਤੀ ਬਰੀਕ ਵਾਜ ਵਿਚ ਭਾ ਵਾਂਗਰ "ਧੈਨ ਤੋਂਦ" ਆਹੰਦੀ ਏ, ਮੈਂ ਪ੍ਰਵਾਹ ਨਹੀਂ ਕਰਦੀ । ਮੈਨੂੰ ਇਹਨੂੰ ਪਿੰਡ ਛੱਡਣਾ ਈ ਨਹੀਂ ਸੀ ਚਾਹੀਦਾ ਜਿੱਥੇ ਇਹਦੇ ਕੰਨਾਂ ਵਿਚ ਹਰ ਵੇਲੇ ਭਾ ਦੀਆਂ ਅਵਾਜ਼ਾਂ ਪੈਂਦੀਆਂ । ਮੈਂ ਚੱਦਰ ਦੇ ਪੱਲੂ ਨਾਲ ਹੰਝੂ ਪੂੰਝਣੀ ਆਂ ।

ਅੰਮਾਂ ਜੀਵਾਂ ਚੁੱਲ੍ਹੇ ਅੱਗੇ ਪੀੜ੍ਹੇ ਤੇ ਬੈਠੀ ਗਲਾਸ ਵਿਚ ਦੁੱਧ ਪਾਂਦੀ ਪਈ ਏ । ਜ਼ਮੀਨ ਤੇ ਚਾਹ ਦਾ ਟਰੇ ਏ, ਉੱਤੇ ਕੇਕ, ਰਸ ਤੇ ਬਰਫ਼ੀ । ਚਾਹਦਾਨੀ ਤੇ ਇਕ ਨਿੱਕੀ ਜਿਹੀ ਗੁੱਡੀ ਵੱਡਾ ਸਾਰਾ ਚਿੱਟਾ ਫ਼ਰਾਕ ਪਾਈ ਖਲੀ ਏ । ਜਾਪਦਾ ਏ ਸਾਡੇ ਘਰ ਪ੍ਰੋਹਣੇ ਆਏ ਹੋਏ ਨੇਂ, ਮਾਂ ਜੀ ਆਵਦੇ ਲਈ ਇਹ ਟੀ–ਕੋਜ਼ੀ ਵਰਤਣਾ ਪਸੰਦ ਨਹੀਂ ਕਰਦੇ ।

"ਅੰਮਾਂ ਜੀਵਾਂ, ਅੰਮਾਂ ਜੀਵਾਂ" ਮੈਂ ਭਾਂਡਿਆਂ ਉੱਤੋਂ ਬਾਹਵਾਂ ਅੱਗੇ ਵਧਾਨੀ ਆਂ।

"ਮਾਂ ਆਖੇ ਹਾਂ" ਉਹ ਗਲਾਸ ਸਣੇ ਉਠ ਖਲੋਂਦੀ ਏ ।

ਅਸੀਂ ਕਮਾਨ ਬਣ ਕੇ ਟਰੇ ਉੱਤੋਂ ਜੱਫੀ ਪਾਂਨੇ ਆਂ ।

"ਕੌਣ ਆਇਆ ਏ?"

"ਕੁਜਰਾਂਵਾਲੇ ਤੋਂ ਤੇਰੀ ਮਾਸੀ" ਅੰਮਾਂ ਜੀਵਾਂ ਗਲਾਸ ਅੱਗੇ ਕਰਦੀ ਏ ।

"ਸਾਈਂ ਜੀ ਵੀ ਆਏ ਨੇਂ?" ਕਿੰਨੇ ਮਹੀਨਿਆਂ ਤੋਂ ਮੈਂ ਉਨ੍ਹਾਂ ਨੂੰ ਵੇਖਿਆ ਵੀ ਨਹੀਂ ।

"ਆਹੋ, ਉਹ ਹਰ ਕੰਮ ਕੱਠੇ ਈ ਕਰਦੇ ਨੇਂ ਕਿ" ਅੰਮਾਂ ਜੀਵਾਂ ਠੰਡਾ ਸਾਹ ਲੈਂਦੀ ਏ "ਹੁਣ ਮੇਲੇ ਪਾਰੋਂ ਆਏ ਬੈਠੇ ਨੇਂ । ਇਹ ਲੈ" ਉਹ ਮੁੜ ਗਲਾਸ ਮੇਰੇ ਅੱਗੇ ਕਰਦੀ ਏ ।

"ਮੈਂ ਚਾਹ ਪੀਣੀ ਏ" ਮੈਂ ਆਹਨੀ ਆਂ । ਪਤਾ ਏ, ਅੰਮਾਂ ਜੀਵਾਂ ਕੀ ਆਖੇਗੀ ।

"ਬਿਨਾਂ ਕੁਝ ਖਾਦੇ? ਨਾ, ਪਹਿਲੋਂ ਟੁੱਕਰ ਖਾ"।

ਮੈਂ ਇਕ ਪੱਲ ਸੋਚਣੀ ਆਂ, ਅੰਮਾਂ ਜੀਵਾਂ ਨਾਲ ਚਾਹ ਲਈ ਲੜਨ ਵਿਚ ਬਹੁਤਾ ਸਵਾਦ ਆਵੇ ਗਾ ਯਾਂ ਮਾਸੀ ਤੇ ਸਾਈਂ ਜੀ ਨੂੰ ਮਿਲਣ ਵਿਚ?

ਮੈਂ ਦੁੱਧ ਦਾ ਗਲਾਸ ਫੜ, ਇੱਕੋ ਸਾਹ ਵਿੱਚ ਮੁਕਾ ਦੇਨੀ ਆਂ ।

"ਭਾ ਆ ਗਿਆ ਏ?" ਮੈਂ ਗਲਾਸ ਅੰਮਾਂ ਜੀਵਾਂ ਨੂੰ ਦੇਨੀ ਆਂ ।

"ਨਾ" ਉਹ ਗਲਾਸ ਅੰਦਰ ਝਾਤੀ ਪਾ ਕੇ ਵੇਹੰਦੀ ਏ ਕਿ ਮੈਂ ਘੁੱਟ ਛੱਡ ਨਾ ਦਿੱਤਾ ਹੋਵੇ ।

ਮੈਂ ਛਿੱਟ ਵੀ ਨਹੀਂ ਸੀ ਛੱਡੀ ।

ਬੈਗ ਪਹਿਲੀ ਪੌੜੀ ਤੇ ਸੁਟ, ਮੈਂ ਵੇੜ੍ਹੇ ਨੂੰਜਾਨੀ ਆਂ।

ਭਾ ਨੇ ਇਹ ਘਰ ਇਕ ਅਹਿਮਦੀ ਮੁਸਲਮਾਨ ਤੋਂ ਲਿਆ ਜਿਹੜਾ ਭੁੱਟੋ ਦੇ ਤਿਹੱਤਰ ਵਿਚ ਲਾਗੂ ਕੀਤੇ ਅਹਿਮਦੀਆਂ ਖ਼ਿਲਾਫ਼ ਕਾਨੂਨ ਮਗਰੋਂ ਜਾਇਦਾਦ ਵੇਚ ਬਾਹਰ ਨਿਕਲ ਜਾਣਾ ਚਾਹੁੰਦਾ ਸੀ । ਜਦੋਂ ਅਸੀਂ ਇੱਥੇ ਆਏ ਤੇ ਇਸੇ ਬੰਦ ਗਲੀ ਵਿਚ ਅਸੰਬਲੀ ਦਾ ਇਕ ਮੈਂਬਰ, ਇਕ ਮਜ਼੍ਹਬੀ ਪਾਰਟੀ ਦਾ ਲੀਡਰ, ਇੱਛਰੇ ਦੇ ਜ਼ੈਲਦਾਰਾਂ ਦਾ ਟੱਬਰ ਤੇ ਇਕ ਕਾਮਯਾਬ ਫ਼ਿਲਮ ਪ੍ਰੋਡਿਊਸਰ ਰਹਿੰਦੇ ਸਨ। ਉਸ ਵੇਲੇ ਤੋਂ ਹੁਣ ਤਾਈਂ ਨਾ ਕੋਈ ਇੱਥੋਂ ਗਿਆ ਏ ਤੇ ਨਾ ਆਇਆ ।

ਮੈਂ ਵਰਾਂਡੇ ਦੀਆਂ ਤਰੈ ਪੌੜੀਆਂ ਚੜ੍ਹ, ਤੇ ਅੰਦਰ ਗੈਲਰੀ ਵਿਚ ਆਂਨੀ ਆਂ ।

ਸੱਜੇ ਹੱਥ ਪਹਿਲਾ ਬੂਹਾ ਮਾਂ ਜੀ ਦਾ ਏ, ਮਗਰੋਂ ਚਾਰ ਬੂਹੇ ਹੋਰ ਨੇਂ । ਪ੍ਰੋਹਣਿਆਂ ਦਾ ਕਮਰਾ, ਫਿਰ ਪੈਂਟਰੀ, ਸਟੋਰ ਤੇ ਡਰਾਇੰਗ ਰੂਮ। ਦੁੱਜੇ ਪਾਸੇ ਉੱਕਾ ਭਾ ਦਾ ਬੂਹਾ ਏ, ਪਰ ਉੱਥੇ ਮੈਂ ਪੁੱਛੇ ਬਿਨਾਂ ਜਾ ਨਹੀਂ ਸਕਦੀ ।

ਮਾਂ ਜੀ ਦੇ ਹੱਸਣ ਦੀ ਵਾਜ ਆਂਦੀ ਏ । ਸਾਈਂ ਜੀ ਉੱਚੀ ਉੱਚੀ ਕੋਈ ਕਿੱਸਾ ਸੁਣਾਂਦੇ ਪਏ ਨੇਂ, ਪਿੱਛੇ ਮਾਸੀ ਦੀ ਹੋਲੀ ਵਿਸ ਵਿਸ ਵੀ ਲੱਗੀ ਪਈ ਏ ।

ਅੰਦਰ ਵੜਨੀ ਆਂ, ਪਲੰਗ ਤੇ ਮਾਸੀ ਮਾਂ ਜੀ ਨਾਲ ਗੁਲਾਬੀ ਦੁਪੱਟੇ ਤੇ ਸੁਨਹਿਰੀ ਲੈਸ ਟਾਂਕਦੀ ਪਈ ਏ, ਸਾਈਂ ਜੀ ਸੋਫ਼ੇ ਤੇ ਬੈਠੇ ਕੋਲੇ ਵਿੱਚੋਂ ਸ਼ੱਕਰ ਆਲੀ ਦਹੀਂ ਖਾਂਦੇ ਪਏ ਨੇਂ । ਉਨ੍ਹਾਂ ਮੂਹਰੇ ਮੇਜ਼ ਤੇ ਜੂਠੇ ਭਾਂਡੇ ਤੇ ਇੱਛਰੇ ਮੋੜ ਦੀ ਬਚੀ ਖੁਚੀ ਮਸ਼ਹੂਰ ਮੱਛੀ ਪਈ ਏ ।

"ਬੀਬੀ ਬੁਰਕ੍ਹੇ ਵਿਚ ਲੁੱਕ ਜਾਂਦੀ ਆ, ਸਮਾਂ ਕਿ ਹਰ ਕੋਈ ਮੈਨੂੰ ਦੀਹਦਾ ਬਾ" ਸਾਈਂ ਜੀ ਕਹਿੰਦੇ ਨੇਂ ।

"ਉਨ੍ਹਾਂ ਨੂੰ ਵੇਖਣਾ ਵੀ ਚਾਹੀਦਾ ਸੀ ਸਾਈਂ ਜੀ, ਤੁਸੀਂ ਜਵਾਨ ਮਰਦ ਜੋ ਹੋਏ" ਮਾਂ ਜੀ ਚਸਕੇ ਨਾਲ ਆਹੰਦੇ ਨੇਂ।

"ਅੱਸਲਾ ਮੋ ਅਲੈਕੁਮ" ਮੈਂ ਅਪਣਾ ਸਲਾਮ ਤਿੰਨ ਹਿੱਸਿਆਂ ਵਿਚ ਵੰਡ ਕੇ ਤਿੰਨਾਂ ਨੂੰ ਪੇਸ਼ ਕਰਨੀ ਆਂ ਤੇ ਇੱਕੋ ਵੇਲੇ ਤਿੰਨ ਜਵਾਬ ਲੈਨੀ ਆਂ ।

ਮਾਸੀ ਦੁਪੱਟਾ ਪਰਾਂਹ ਕਰ, ਮੈਨੂੰ ਗੱਲ ਨਾਲ ਲਾ ਲੈਂਦੀ ਏ । ਉਹ ਏਨੀ ਪਤਲੀ ਏ ਕਿ ਮੈਂ ਦੋ ਦੋ ਮਾਸੀਆਂ ਚਾ, ਭੱਜਦੀ ਗੇਟ ਤੋੜੀ ਜਾਵਾਂ ਤੇ ਵੱਲ ਵੀ ਮੇਰਾ ਸਾਹ ਔਖਾ ਨਾ ਹੋਵੇ ।

"ਪੁੱਤ ਆ ਗਈ ਆਂ?" ਸਾਈਂ ਜੀ ਵੀ ਬਾਹਵਾਂ ਖੋਲ ਮੈਨੂੰ ਉਡੀਕਦੇ ਪਏ ਨੇਂ, ਦਹੀਂ ਦਾ ਕੋਲਾ ਉਨ੍ਹਾਂ ਦੇ ਸੱਜੇ ਹੱਥ ਵਿਚ ਕੰਬਦਾ ਪਿਆ ਏ ।

"ਸਾਈਂ ਜੀ, ਕੋਲਾ ਮੇਜ਼ ਤੇ ਰੱਖ ਦਿਓ" ਮਾਸੀ ਆਂਹਦੀ ਏ ।

ਜਵਾਬ ਵਿਚ ਉਹ ਬੁੱਤ ਬਣ ਜਾਂਦੇ ਨੇਂ ।

ਮੈਂ ਜਾ ਕੇ ਉਨ੍ਹਾਂ ਨੂੰ ਖੱਬੇ ਪਾਸਿਓਂ ਜੱਫੀ ਪਾਨੀ ਆਂ ਕਿ ਕੋਲੇ ਆਲੀ ਬਾਂਹ ਨਾ ਹਿੱਲੇ । ਸਤਾਰ੍ਹਾਂ ਵਰ੍ਹਿਆਂ ਦੀ ਹੋ ਕੇ ਵੀ ਮੈਂ ਸਾਈਂ ਜੀ ਦੁਆਲੇ ਹੱਥ ਨਹੀਂ ਮਿਲਾ ਸਕਦੀ।

ਉਹ ਥੇਟਰ ਦੇ ਕਿਸੇ ਐਕਟਰ ਤਰ੍ਹਾਂ ਆਵਦੀਆਂ ਬਾਹੀਂ ਸਲੋਮੋਸ਼ਨ ਵਿਚ ਮੇਰੇ ਦੁਆਲੇ ਕਰਨਾ ਸ਼ੁਰੂ ਕਰਦੇ ਨੇਂ ਜਦ ਕਿ ਉਨ੍ਹਾਂ ਦੀਆਂ ਅੱਖੀਂ ਮੇਰੀ ਮਾਸੀ ਤੇ ਟਿਕੀਆਂ ਨੇਂ।

"ਸਾਈਂ ਜੀ, ਨਾ" ਮਾਸੀ ਪਲੰਗ ਛੱਡਦੀ ਏ ।

"ਬੀਬੀਏ, ਮੇਰੇ ਵੱਲ ਤਕ" ਸਾਈਂ ਜੀ ਬਿਨਾਂ ਕੋਲਾ ਡਿੱਗੇ ਮੈਨੂੰ ਜੱਫੀ ਪਾਈ ਖਲੇ ਨੇਂ ।

ਮੇਰਾ ਮੂੰਹ ਅਤਰ ਖ਼ੱਸ ਤੇ ਭੁੰਨੀ ਹੋਈ ਮੱਛੀ ਦੀ ਹਮਕ ਵਿਚ ਡੁੱਬਦਾ ਏ ਤੇ ਸਾਈਂ ਜੀ ਦੇ ਗਲ ਵਿਚ ਪਏ ਸੋਨੇ ਦੇ "ਅੱਲਾਹ" ਵਿਚ ਖੁੱਬ ਜਾਂਦਾ ਏ, ਗਿੱਚੀ ਪਿੱਛੇ ਉਹਨਾਂ ਦੇ ਕੜਿਆਂ ਤੇ ਕੱਚ ਦੀਆਂ ਚੂੜੀਆਂ ਦਾ ਦਬਾਅ ਏ ।

"ਸਾਈਂ ਜੀ,

ਕੀ ਪਏ ਕਰਦੇ ਓ ?" ਮਾਂ ਜੀ ਕੜਕ ਕੇ ਪੁੱਛਦੇ ਨੇਂ ।

ਮੈਂ ਤੇ ਸਾਈਂ ਜੀ ਦੋਵੇਂ ਕੰਬ ਜਾਂਨੇ ਆਂ ।

"ਕੋਲਾ ਮੇਜ਼ ਤੇ ਰੱਖੋ, ਚਲੋ ਜਲਦੀ ਕਰੋ" ਮਾਂ ਜੀ ਕਹਿੰਦੇ ਨੇਂ ।

ਸਾਈਂ ਜੀ ਦਾ ਪਿੰਡਾ ਐਵੇਂ ਮੱਛਰਦਾ ਏ ਜਿਵੇਂ ਹਾਲ ਪੈਣ ਆਲਾ ਹੋਵੇ ਤੇ ਦਹੀਂ ਦਾ ਕੋਲਾ ਮੇਰੀ ਕੰਡ ਤੋਂ ਤਿਲ੍ਹਕਦਾ ਥੱਲੇ ਜਾ ਢਹਿੰਦਾ ਏ ।

ਮੈਂ ਲਾਕਟਾਂ, ਕੜਿਆਂ, ਚੂੜੀਆਂ ਤੇ ਹਮਕਾਂ ਤੋਂ ਅਜ਼ਾਦ ਹੋ ਜਾਂਨੀ ਆਂ ।

ਪਿੱਛੇ ਮੇਰੀਆਂ ਅੱਡੀਆਂ ਕੋਲ ਸਿਲਵਰ ਦਾ ਕੋਲਾ ਮੂਧਾ ਪਿਆ, ਰੱਤੇ ਕਲੀਨ ਤੇ ਸ਼ੱਕਰ ਆਲੀ ਦਹੀ ਦਾ ਇਕ ਨਿੱਕਾ ਛੱਪੜ ਬਣਾਂਦਾ ਪਿਆ ਏ ।

ਮਾਂ ਜੀ ਤੇ ਮਾਸੀ ਸਾਈਂ ਜੀ ਨੂੰ ਧੜਕੇ ਦਿੰਦੇ ਪਏ ਨੇਂ ।

ਮੁੜ ਮਾਂ ਜੀ ਖ਼ੋਰਸ਼ੈਦੀ ਨੂੰ ਬੁਲਾ, ਸਫ਼ਾਈ ਲਈ ਆਂਹਦੇ ਨੇਂ ਤੇ ਮਾਸੀ ਸਾਈਂ ਜੀ ਨੂੰ ਆਵਦੇ ਮਗਰ ਆਣ ਦੀ ਸੈਂਤ ਕਰਦੀ ਕਮਰੇ ਤੋਂ ਨਿਕਲ ਜਾਂਦੀ ਏ ।

ਸਾਈਂ ਜੀ ਨਾਬਰ ਨੇਂ ਪਰ ਵੱਲ ਵੀ ਸਿਰ ਸੁੱਟ ਕੇ ਮਾਸੀ ਦੇ ਪਿੱਛੇ ਪਿੱਛੇ ਚਲੇ ਜਾਂਦੇ ਨੇਂ । ਜਾਪਦਾ ਏ, ਰਹਿੰਦਾ ਦਿਹਾੜਾ ਉਨ੍ਹਾਂ ਨੂੰ ਸਾਡੇ ਸਾਰਿਆਂ ਤੋਂ ਅੱਡ, ਪ੍ਰੋਹਣਿਆਂ ਦੇ ਕਮਰੇ ਵਿਚ ਲੰਘਾਣਾ ਪਏ ਗਾ ।

"ਸਕੀਨਾ, ਤੂੰ ਵੱਲ ਏਂ ?" ਮਾਂ ਜੀ ਮੈਨੂੰ ਐਵੇਂ ਪੁੱਛਦੇ ਨੇਂ ਜਿਵੇਂ ਮੈਂ ਕਿਸੇ ਵੱਡੇ ਐਕਸੀਡੰਟ ਤੋਂ ਬਚ ਗਈ ਹੋਵਾਂ ।

"ਜੀ" ਮੈਂ ਆਹਨੀ ਆਂ ।

"ਇੱਥੇ ਆ ਜਾ" ਮਾਂ ਜੀ ਪਵਾਂਦੀ ਸੈਂਤਰ ਕਰਦੇ ਨੇਂ ।

"ਤੁਹਾਡੇ ਪੈਰ ਘੁੱਟਾਂ?" ਮੈਂ ਬਹਿੰਦਿਆਂ ਪੁੱਛਨੀ ਆਂ ।

"ਨਾ ਨਾ, ਅੱਲਾਹ ਤੈਨੂੰ ਖ਼ੁੱਸ਼ ਰੱਖੇ, ਤੂੰ ਐਨੇ ਘੰਟੇ ਦਮਾਕ ਤੇ ਜ਼ੋਰ ਲਾ ਲਾ ਕੇ ਆਈ ਏਂ, ਥੱਕ ਗਈ ਹੋਵੇਂਗੀ । ਇਨਸ਼ਾਹ ਅੱਲਾਹ, ਤੈਨੂੰ ਇਸ ਸਾਲ ਐੱਫ਼–ਏ ਵਿਚ ਵੀ ਵਜ਼ੀਫ਼ਾ ਮਿਲੇ ਗਾ" ।

"ਕੀ ਫ਼ੈਦਾ ਮਾਂ ਜੀ, ਸਪੋਰਟਸ ਸਕਾਲਰਸ਼ਿਪ ਤਰ੍ਹਾਂ ਇਹ ਵੀ ਐਵੇਂ ਫ਼ਜ਼ੂਲ ਜਾਵੇ ਗਾ"।

"ਤੇਰੇ ਜਿਹੇ ਹੋਨਿਹਾਰ ਬਾਲਾਂ ਨੂੰ ਸਪੋਰਟਸ ਸਕਾਲਰਸ਼ਿਪ ਦੀ ਕੀ ਲੋੜ ਏ? ਤੇਰੇ ਭਰਾ ਨੂੰ ਤੇਰੇ ਤੇ ਕਿੰਨਾ ਮਾਣ ਏ"।

"ਪਰ ਫਿਰ ਵੀ ਭਾ ਨਹੀਂ ਚਾਹੁੰਦਾ ਕਿ ਮੈਂ ਅੱਗੋਂ ਪੜ੍ਹਾਂ ਯਾਂ ਹਾਕੀ ਖੇਡਾਂ"। ਖੇਡਾਂ ਤੇ ਤਾਅਲੀਮ ਮੇਰੇ ਤੇ ਭਾ ਵਿਚ ਇਕ ਸਾਰ ਝੇੜੇ ਦਾ ਸਬਬ ਬਣ ਗਈ ਏ । ਚਾਰ ਵਰ੍ਹੇ ਪਹਿਲੋਂ ਮੇਰੇ ਕਾਲਜ ਹਾਕੀ ਟੀਮ ਬਣੀ, ਇੱਕ ਸੌ ਬਾਰ੍ਹਾਂ ਖਿਡਾਰੀਆਂ ਵਿੱਚੋਂ ਮੈਂ ਫ਼ਾਰਵਰਡ ਸਿਲੈੱਕਟ ਹੋਈ । ਸਾਡੀ ਟੀਮ ਨਵੀਂ ਸੀ ਫਿਰ ਵੀ ਅਸੀਂ ਏਸ਼ੀਅਨ ਖੇਡਾਂ ਵਿਚ ਹਿੱਸਾ ਲੈਣ ਦਾ ਮੁਕਾਬਲਾ ਜਿੱਤ ਲਿਆ ਪਰ ਮੌਲਵੀਆਂ ਫ਼ਤਵਾ ਲਾ ਸਾਨੂੰ ਜਾਣ ਤੋਂ ਡੱਕ ਦਿੱਤਾ ।

"ਉਹ ਠੀਕ ਆਹੰਦਾ ਏ, ਤੈਨੂੰ ਕੋਈ ਲੋੜ ਨਹੀਂ । ਜਨਰਲ ਜ਼ਿਆਅ ਨੇ ਕੁੜੀਆਂ ਨੂੰ ਹਾਕੀ ਦੀ ਮਨਾਹੀ ਕਰ ਦਿੱਤੀ ਏ, ਤੂੰ ਹੁਣ ਇਹ ਗੱਲ ਭੁੱਲ ਜਾ" ਮਾਂ ਜੀ ਕਹਿੰਦੇ ਨੇਂ ।

"ਪਰ ਮਾਂ ਜੀ ਮੇਰੀ ਤਾਅਲੀਮ ਦਾ ਕੀ ਬਣੇ ਗਾ ? ਐੱਫ਼–ਏ ਨਾਲ ਤੇ ਮੈਂ ਪ੍ਰਾਇਮਰੀ ਸਕੂਲ ਵਿਚ ਵੀ ਨਹੀਂ ਪੜ੍ਹਾ ਸਕਦੀ"।

"ਸਕੂਲ ਵਿਚ ਕੌਣ ਪਿਆ ਪੜ੍ਹਾਂਦਾ ਏ? ਤੂੰ ਇਲਮ ਹਾਸਲ ਕਰਨ ਲਈ ਪੜ੍ਹਨੀ ਪਈ ਏਂ ਤੇ ਬੱਸ"।

"ਪਰ ਮਾਂ ਜੀ ਮੈਂ ਕੁਝ ਬਣਨਾ ਚਾਹੁਨੀ ਆਂ ।।।।।। ਜਿਵੇਂ ਲਾਇਅਰ"।

"ਲਾਇਅਰ?" ਮਾਂ ਜੀ ਸਿੱਧੇ ਹੋ ਬਹਿੰਦੇ ਨੇਂ "ਵਕੀਲ? ਉਹ ਕੀ ਆਹੰਦੇ ਨੇਂ, ਬੀ–ਈ–ਬੀ ? "

"ਬੀ–ਏ, ਐੱਲ–ਐੱਲ–ਬੀ । ਦੋ ਵਰ੍ਹੇ ਬੀ–ਏ ਤੇ ਦੋ ਐੱਲ–ਐੱਲ–ਬੀ"।

"ਚਾਰ ਵਰ੍ਹੇ । ਤੂੰ ਵੀਹਾਂ ਦੀ ਹੋ ਜਾਵੇਂਗੀ । ਲਾਇਅਰ । ਮੈਂ ਜ਼ਨਾਨੀ ਵਕੀਲਾਂ ਦਾ ਸੁਣਿਆ ਤੇ ਹੋਇਆ ਏ ਪਰ ਵਕਾਲਤ ਪਰਦੇ ਵਿੱਚ ਰਹਿ ਕੇ ਕਿਵੇਂ ਹੋਵੇਗੀ?"

"ਕਿਉਂ ਨਾ ਮਾਂ ਜੀ? ਔਰਤਾਂ ਨੂੰ ਇਨਸਾਫ਼ ਲਈ ਲੜਨ ਦੀ ਹਟਕ ਤੇ ਨਹੀਂ"।

"ਲਾਅ ਕਾਲਜ ਵਿੱਚ ਮੁੰਡੇ ਕੁੜੀਆਂ ਕੱਠੇ ਪੜ੍ਹਦੇ ਨੇਂ । ਮੈਨੂੰ ਚੇਤੇ ਜਦੋਂ ਤੇਰਾ ਚਾਚਾ ਸਾਲਿਹ ਲਾਅ ਕਾਲਜ ਵਿਚ ਪੜ੍ਹਦਾ ਸੀ, ਤੇਰੇ ਭਰਾ ਦੇ ਕਮਰੇ ਵਿਚ ਬਹਿ ਕੇ ਇਹ ਸਾਰੇ ਮੁੰਡੇ ਉਨ੍ਹਾਂ ਦੋ ਜ਼ਨਾਨੀਆਂ ਦੀ ਫੱਕੜੀ ਲਾਂਦੇ ਸਨ ਜਿਹੜੀਆਂ ਉਨ੍ਹਾਂ ਨਾਲ ਪੜ੍ਹਦੀਆਂ ਸਨ" ।

"ਉਹ ਤੇ ਛੇ ਵਰ੍ਹੇ ਪਹਿਲੋਂ ਦੀ ਗੱਲ ਏ, ਹੁਣ ਲਾਅ ਕਾਲਜ ਵਿਚ ਦੱਸ ਕੁੜੀਆਂ ਨੇਂ"।

"ਦੱਸ ਕੁੜੀਆਂ ਤੇ ਕਿੰਨੇ ਮੁੰਡੇ ?"

"ਹਜ਼ਾਰ ਯਾਂ ਪਤਾ ਨਹੀਂ" ।

"ਉਨ੍ਹਾਂ ਹਜ਼ਾਰ ਵਿੱਚੋਂ ਇੱਕ ਵੀ ਉਨ੍ਹਾਂ ਦੱਸਾਂ ਵਿੱਚੋਂ ਕਿਸੇ ਨਾਲ ਵਿਆਹ ਨਹੀਂ ਕਰਨਾ" ।

"ਮਾਂ ਜੀ, ਇਹ ਅਸੀਂ ਕਿਵੇਂ ਕਹਿ ਸਕਣੇ ਆਂ ?"

"ਐਵੇਂ ਕਿ ਉਹ ਦੋ ਕੁੜੀਆਂ ਜਿਹੜੀਆਂ ਤੇਰੇ ਚਾਚੇ ਸਾਲਿਹ ਨਾਲ ਵਕੀਲ ਬਣੀਆਂ ਸਨ, ਉਹ ਹਾਲੀ ਕੰਵਾਰੀਆਂ ਬੈਠੀਆਂ ਨੇਂ । ਕੋਈ ਉੱਚਾ ਟੱਬਰ ਉਨ੍ਹਾਂ ਨੂੰ ਨੂਹਵਾਂ ਨਹੀਂ ਬਨਾਣਾ ਚਾਹੁੰਦਾ"।

"ਕੀ ਪਤਾ ਉਹ ਆਪ ਵਿਆਹ ਨਾ ਕਰਨਾ ਚਾਹੁੰਣ......" ਮੈਂ ਮਾਂ ਜੀ ਨਾਲ ਆਢਾ ਲਾਈ ਰੱਖਣੀ ਆਂ ।

"ਹਰ ਕੋਈ ਵਿਆਹ ਕਰਨਾ ਚਾਹੁੰਦਾ ਏ"।

"ਪਰ ਸਾਈਂ ਜੀ ਨਹੀਂ"।

"ਉਹ ਤੇ ਮਜਜ਼ੂਬ ਨੇਂ, ਉਨ੍ਹਾਂ ਵਿਆਹ ਨਾ ਕਰਨਾ ਮਿੱਥਿਆ ਹੋਇਆ ਏ"।

"ਤੇ ਉਨ੍ਹਾਂ ਦੋਵੇਂ ਜ਼ਨਾਨੀਆਂ ਨੇ ਵੀ ......"

"ਬੱਸ । ਨਾ ਤੇਰਾ ਭਰਾ ਤੈਨੂੰ ਮੁੰਡਿਆਂ ਨਾਲ ਪੜ੍ਹਨ ਦੀ ਇਜਾਜ਼ਤ ਦੇਵੇ ਗਾ ਤੇ ਨਾ ਕੰਮ ਕਰਨ ਦੀ। ਇੱਜ਼ਤਦਾਰ ਘਰਾਂ ਦੀਆਂ ਧੀਆਂ ਘਰੋਂ ਬਾਹਰ ਕੰਮ ਨਹੀਂ ਕਰਦੀਆਂ"।

"ਪਰ ਮਾਂ ਜੀ ......"

"ਮੈਂ ਭੁੱਲ ਗਈ ਸਾਂ, ਸ਼ਾਮੀਂ ਪ੍ਰੋਹਣੇ ਆਂਦੇ ਪਏ ਨੇਂ ਤੇ ਮੈਂ ਚਾਹੁੰਨੀ ਆਂ ਤੂੰ ਬੋਲਣ ਤੋਂ ਪਹਿਲੋਂ ਸੋਚੀਂ । ਬਗਾਨਿਆਂ ਨੂੰ ਇਹ ਦੱਸਣ ਦੀ ਕੋਈ ਲੋੜ ਨਹੀਂ ਬਈ ਤੂੰ ਉਸ ਹਾਕੀ ਟੀਮ ਵਿੱਚ ਸੈਂ । ਜੀਵਾਂ ਤੈਨੂੰ ਰੋਟੀ ਦਿੱਤੀ ਏ?"

"ਨਹੀਂ, ਗਰਮ ਕਰਦੀ ਪਈ ਏ । ਮਾਂ ਜੀ, ਅਸੀਂ ਅੱਜ ਰਾਤੀਂ ਸਾਈਂ ਜੀ ਤੇ ਮਾਸੀ ਨਾਲ ਬਾਬੇ ਸ਼ਾਹ ਜਮਾਲ ਦੇ ਮੇਲੇ ਤੇ ਚਲੀਏ ?"

"ਅੱਜ ਰਾਤੀਂ? ਨਹੀਂ, ਪਰਸੋਂ ਚੋਥ ਚੱਲਾਂਗੇ "।

"ਕਿਉਂ ਮਾਂ ਜੀ, ਉਸ ਵੇਲੇ ਤੋੜੀ ਤੇ ਮੇਲਾ ਮੁੱਕ ਮੁਕਾ ਜਾਂਦਾ ਏ"।

"ਬਜ਼ੁਰਗਾਂ ਦੇ ਮੇਲਿਆਂ ਦਾ ਮਕਸਦ ਏ ਬਈ ਅਸੀਂ ਉਨ੍ਹਾਂ ਦੀ ਹਯਾਤੀ ਤੇ ਕਲਾਮ ਨੂੰ ਸਮਝੀਏ ਤੇ ਆਵਦਾ ਅਮਲ ਸੰਵਾਰੀਏ । ਇਨ੍ਹਾਂ ਮੌਕਿਆਂ ਤੇ ਖ਼ਰੀਦ ਵੇਚ ਕੇ ਮੁਨਾਫ਼ੇ ਕਮਾਣਾ ਯਾਂ ਬੇਹਯਾਈ ਨਾਲ ਨੱਚਣਾ ਗਾਣਾ ਗੁਨਾਹ ਏ। ਦੁਨੀਆ ਵਿੱਚ ਬੜਾ ਕੁਝ ਹੁੰਦਾ ਰਹਿੰਦਾ ਏ, ਤੈਨੂੰ ਹਰ ਸ਼ੈਅ ਤੇ ਧਿਆਨ ਦੇਣ ਦੀ ਲੋੜ ਨਹੀਂ । ਤੂੰ ਖਾਣਾ ਖਾਦਾ ਏ?"

"ਹੁਣ ਖਾਂਨੀ ਆਂ"।

"ਮਾਸ਼ਾ ਅੱਲਾਹ" ਮਾਂ ਜੀ ਕਹਿੰਦੇ ਨੇਂ ।

ਮੈਂ ਮਾਂ ਜੀ ਦੇ ਕਮਰੇ ਤੋਂ ਨਿਕਲਣੀ ਆਂ, ਵਰਾਂਡਾ ਤੇ ਬੋਰਚੀ ਖ਼ਾਨਾ ਲੰਘ ਕੇ ਤਿੰਨ ਤਿੰਨ ਪੌੜੀਆਂ ਟੱਪਦੀ ਚਾਲ੍ਹੀ ਸਕਿੰਟਾਂ ਵਿਚ ਉੱਤੇ ਆਵਦੇ ਕਮਰੇ ਅੱਪੜ ਜਾਂਨੀ ਆਂ।

ਮੇਲੇ ਤੇ ਜਾਣ ਦੇ ਖ਼ਿਆਲ ਨਾਲ ਈ ਮੇਰਾ ਦਿਲ ਰਾਜ਼ੀ ਪਿਆ ਹੁੰਦਾ ਏ ਮੈਨੂੰ ਪਤਾ ਏ ਭਾਵੇਂ ਅਖ਼ੀਰਲਾ ਦਿਹਾੜਾ ਵੀ ਹੋਵੇ, ਯਾਂ ਅਸੀਂ ਨਾ ਵੀ ਜਾਈਏ, ਫਿਰ ਵੀ ਮਜ਼ਾ ਆਵੇ ਗਾ । ਰਾਤ ਡੂੰਘੀ ਹੋਵੇ ਤੇ ਮੈਨੂੰ ਕਾਫ਼ੀਆਂ ਦੇ ਬੋਲ ਵੀ ਸੁਣੀਂਦੇ ਨੇਂ, ਨੱਚਣ ਦੀਆਂ ਵਾਜਾਂ ਵੀ ਆਂਦੀਆਂ ਨੇਂ ਤੇ ਢੋਲਾਂ ਦੀ ਧਮਕ ਵੀ । ਮਾਂ ਜੀ ਭੁੱਲ ਗਏ ਸਨ ਕਿ ਬਾਬੇ ਸ਼ਾਹ ਜਮਾਲ ਦੇ ਮੇਲੇ ਤੇ ਕੋਈ ਫ਼ਿਲਮੀ ਮਿਊਜ਼ਿਕ ਨਹੀਂ ਚਲਦਾ, ਬੁੱਲ੍ਹੇ ਸ਼ਾਹ, ਬਾਬੇ ਗੁਰੂ ਨਾਨਕ ਤੇ ਮਾਧੋ ਲਾਲ ਹੁਸੈਨ ਜਿਹੇ ਬਜ਼ੁਰਗਾਂ ਦਾ ਕਲਾਮ ਹੁੰਦਾ ਏ ।

ਮੈਂ ਆਵਦਾ ਬੈਗ ਪਲੰਗ ਤੇ ਸੁੱਟ, ਬਾਰੀ ਵਲ ਜਾਂਨੀ ਆਂ । ਵਿਲੋਅ ਦੀਆਂ ਲਗਰਾਂ ਵਿੱਚੋਂ ਇੱਕ ਸ਼ਾਂਤ ਮੁਹੱਲਾ ਦਿਸਦਾ ਏ । ਕਿੰਨੇ ਸਾਰੇ ਰੁੱਖ ਤੇ ਫਿਰ ਬਾਬੇ ਸ਼ਾਹ ਜਮਾਲ ਦੇ ਰੋਜ਼ੇ ਦਾ ਸਾਵਾ ਗੋਲ ਗੁੰਬਦ ।

ਗਲੀ ਦਾ ਦੂੱਜਾ ਅਖ਼ੀਰੀ ਘੱਰ ਸਾਡਾ ਏ, ਮੁੜ ਫ਼ਿਲਮ ਪ੍ਰੋਡਿਊਸਰ ਦਾ ਤੇ ਉਹਦੀ ਪਰਲੀ ਕੰਧ ਨਾਲ ਤਨੂਰ ਆਲੀ ਗਲੀ, ਜਿਹੜੀ ਬਾਬੇ ਸ਼ਾਹ ਜਮਾਲ ਆਲੀ ਸੜਕ ਨੂੰ ਜਾ ਲਗਦੀ ਏ । ਤਨੂਰ ਆਲੀ ਗਲੀ ਵਿਚ ਇਕ ਤਨੂਰ ਏ ਜਿਹੜਾ ਸਵੇਰੇ ਚਾਰ ਵਜੇ ਤੋਂ ਲਾ, ਅੱਧੀ ਰਾਤ ਤਾਈਂ ਆਲੇ ਦਵਾਲੇ ਦੇ ਘਰਾਂ ਤੇ ਬਾਬਾ ਸ਼ਾਹ ਜਮਾਲ ਆਏ ਗਏ ਲੋਕਾਂ ਨੂੰ ਰੋਟੀ ਟੁੱਕਰ ਵੇਚਦਾ ਏ ਮੈਂ ਬਾਰੀ ਵਿੱਚੋਂ ਤਨੂਰ ਤੇ ਨਹੀਂ ਪਰ ਗਲੀ ਦੇ ਇਕ ਪਾਸਿਓਂ ਲੰਘਦੇ ਟੱਪਦੇ ਲੋਕੀ ਵੇਖ ਸਕਨੀ ਆਂ ।

ਸਾਡੇ ਪੋਰਚ ਚ' ਕੋਈ ਹਾਰਨ ਮਾਰਦਾ ਏ, ਖ਼ਵਰੇ ਭਾਅ ਆ ਗਿਆ ਏ ।

ਮੈਂ ਕਮਰੇ ਦੇ ਦੂੱਜੇ ਪਾਸੇ ਆਲੀ ਬਾਰੀ ਵੱਲ ਜਾਂਨੀ ਆਂ । ਇੱਥੋਂ ਪੋਰਚ ਤੇ ਨਹੀਂ ਨਜ਼ਰੀਂਦਾ ਪਰ ਘੱਰ ਦੀ ਛੱਤੋਂ ਪਰੇ ਫ਼ੈਰੋਜ਼ਪੁਰ ਰੋਡ ਦਾ ਇਕ ਟੋਟਾ ਮੇਰੇ ਸਾਹਮਣੇ ਏ ।

ਮੈਂ ਕਲੇਜੀ ਰੰਗੇ ਪਰਦੇ ਦੇ ਰਾਖਵੇਂ ਇਕਲਾਪੇ ਵਿੱਚੋਂ ਬਾਹਰ ਵੇਹਨੀ ਆਂ । ਸਾਡੇ ਨਾਲ ਆਲੇ ਦੋ ਮੰਜ਼ਿਲਾ ਘੱਰ ਤੇ ਗਲੀ ਦੇ ਦੂੱਜੇ ਪਾਸੇ ਉਸਰਦੇ ਸ਼ਾਪਿੰਗ ਪਲਾਜ਼ੇ ਦੇ ਵਿੱਚ ਇੱਕ ਝੀਥ ਵਿੱਚੋਂ ਫ਼ੈਰੋਜ਼ਪੁਰ ਰੋਡ ਨਜ਼ਰੀਂਦੀ ਏ । ਹਰ ਸੁਬ੍ਹਾ ਸੱਤ ਵਜੇ ਮੈਂ ਤਿਆਰ ਹੋ, ਇੱਥੇ ਬਾਬੇ ਬਖ਼ਸ਼ੂ ਨੂੰ ਉਡੀਕਨੀ ਆਂ । ਜਦੋਂ ਉਹ ਆਂਦਾ ਏ ਤੇ ਮੈਂ ਪਹਿਲੋਂ ਉਹਦੇ ਘੋੜੇ ਬੱਗੇ ਨੂੰ ਵੇਹਨੀ ਆਂ, ਫਿਰ ਬਾਬਾ ਬਖ਼ਸ਼ੂ ਨੂੰ ਤੇ ਫਿਰ ਤਾਂਗੇ ਨੂੰ । ਕਈ ਵਾਰੀ ਮੈਂ ਆਵਦੇ ਆਪ ਨੂੰ ਤਾਂਗੇ ਦੀ ਪਿਸ਼ਲੀ ਸੀਟ ਤੇ ਵੇਖਣ ਦੀ ਕੋਸ਼ਿਸ਼ ਕਰਨੀ ਆਂ ਪਰ ਇਸ ਤੋਂ ਪਹਿਲੋਂ ਕਿ ਮੈਂ ਬੈਠਾਂ, ਸੀਟ ਅਲੋਪ ਹੋ ਜਾਂਦੀ ਏ । ਇਸ ਬਾਰੀ ਵਿਚ ਹਰ ਸ਼ੈਅ ਹਰ ਵੇਲੇ ਚੱਲਦੀ ਰਹਿੰਦੀ ਏ ਤੇ ਕੁੱਝ ਵੀ ਕਦੀ ਪੂਰਾ ਨਹੀਂ ਦਿਸਦਾ ।

ਢੋਲ ਤੇ ਕਾਫ਼ੀਆਂ ਦਾ ਵੇਲਾ ਨਹੀਂ ਹੋਇਆ, ਮੈਂ ਆਵਦਾ ਬੈਗ ਪਲੰਗ ਤੇ ਵਲਟਾ ਉਹਨੂੰ ਕਲ੍ਹ ਲਈ ਸਫ਼ਾ ਕਰਨੀ ਆਂ ।

"ਬੀਬੀ, ਬੇਗ਼ਮ ਆਹੰਦੀ ਏ ਬਈ ਅਸਰ ਦੀ ਨਮਾਜ਼ ਮਗਰੋਂ ਤਿਆਰ ਹੋ ਕੇ ਥੱਲੇ ਆ ਜਾਵੀਂ" ਅੰਮਾਂ ਜੀਵਾਂ ਖਾਣੇ ਦਾ ਟਰੇ ਮੇਰੇ ਡੈਸਕ ਤੇ ਰੱਖਦਿਆਂ ਕਹਿੰਦੀ ਏ ।

ਮੈਂ ਕੁਰਸੀ ਤੇ ਬਹਿ ਜਾਂਨੀ ਆਂ । ਮੁਰਗ਼ੀ ਦਾ ਸਾਲਣ, ਮੂੰਗੀ ਦੀ ਦਾਲ, ਗਰਮ ਫੁਲਕੇ, ਰਾਇਤਾ, ਸਲਾਦ ਤੇ ਚਾਅ ਦਾ ਕੱਪ । ਮੈਨੂੰ ਇੰਨੀ ਭੁੱਖ ਲੱਗੀ ਏ ਕਿ ਮੈਂ ਇਹ ਸਾਰਾ ਕੁਝ ਪੰਜੀਂ ਮਿੰਟੋਂ ਖਾ ਸਕਨੀ ਆਂ ।

"ਕੌਣ ਆਂਦਾ ਪਿਆ ਏ?" ਮੈਂ ਖੀਰੇ ਦੇ ਤਿੰਨੇ ਡੱਕਰੇ ਮੂੰਹ ਵਿਚ ਪਾ ਲੈਨੀ ਆਂ ।

"ਬੇਗ਼ਮ ਸਾਬ ਨੇ ਖ਼ੋਰਸ਼ੈਦੀ ਨੂੰ ਤੇਰਾ ਗੁਲਾਬੀ ਰੇਸ਼ਮੀ ਸੂਟ ਇਸਤਰੀ ਲਈ ਦਿੱਤਾ ਏ" ਅੰਮਾਂ ਜੀਵਾਂ ਜ਼ਰੀ ਮੁਸਕਦੀ ਏ ।

"ਉਹ ਮੈਨੂੰ ਵੇਹਣ ਆਂਦੇ ਪਏ ਨੇਂ?" ਮੈਂ ਖੀਰੇ ਲੰਘਾਣ ਦਾ ਚਾਰਾ ਕਰਨੀ ਆਂ ।

"ਆਹੋ, ਜੇ ਉਨ੍ਹਾਂ ਤੈਨੂੰ ਪਸੰਦ ਕਰ ਲਿਆ ਤੇ ਮੁੜ ਤੂੰ ਉਹ ਜਾਣਾ ਏ" ।

"ਕਦੀ ਮੈਨੂੰ ਮਾਂ ਜੀ ਤੇ ਭਾਅ ਦੀ ਸਮਝ ਨਹੀਂ ਆਂਦੀ, ਮੈਂ ਕਹਿੰਦੀ ਰਹਿਣੀ ਆਂ ਬਈ ਮੈਂ ਅੱਗੋਂ ਪੜ੍ਹਨਾ ਏ ਪਰ ਉਹ ਫਿਰ ਵੀ ਕੋਈ ਰਿਸ਼ਤਾ ਲੱਭਦੇ ਰਹਿੰਦੇ ਨੇਂ । ਹਾਏ ਓ ਮੇਰਿਆ ਅੱਲਾਹ"। ਮੈਂ ਟਰੇ ਪਰਾਂਹ ਕਰ ਦੇਨੀ ਆਂ, ਜਾਪਦਾ ਏ ਕੁੱਝ ਅੰਦਰ ਗਿਆ ਤੇ ਉਲਟੀ ਆ ਜਾਵੇਗੀ ।

"ਬੀਬੀ ਤੂੰ ਤੇ ਕੁਸ਼ ਵੀ ਨਹੀਓਂ ਖਾਦਾ" ਅੰਮਾਂ ਜੀਵਾਂ ਕਹਿੰਦੀ ਏ ।

" ਭੁੱਖ ਕੁ ਨੀ"

"ਬੇਟਾ ਸਾਲਣ ਸਵਾਦੀ ਨਹੀਂ ਬਣਿਆ?" ਮਾਂ ਜੀ ਬੂਹੇ ਵਿਚ ਮੁਸਕਦੇ ਖੜੇ ਨੇਂ ਪਰ ਉਨ੍ਹਾਂ ਦੀਆਂ ਅੱਖੀਂ ਵਿਸਵਾਸ ਨਾਲ ਮੀਚੀਆਂ ਹੋਈਆਂ ਨੇਂ ।

"ਮਾਂ ਜੀ" ਮੈਂ ਉੱਠ ਖਲੀ ਹੋਨੀ ਆਂ "ਪੋੜੀਆਂ ਚੜ੍ਹਨ ਦੀ ਮਿਹਰਬਾਨੀ"।

ਭਾਵੇਂ ਪੌੜੀਆਂ ਚੜ੍ਹਨ ਨਾਲ ਮਾਂ ਜੀ ਦੇ ਗੋਡੇ ਪੀੜ ਕਰਨ ਲੱਗ ਪੈਣ, ਉਹ ਫਿਰ ਵੀ ਹਫ਼ਤੇ ਵਿੱਚ ਇੱਕ ਦੋ ਵਾਰੀ ਉੱਤੇ ਜ਼ਰੂਰੀ ਫੇਰਾ ਪਾਂਦੇ ਨੇਂ ।

"ਤੇਰਾ ਕਮਰਾ ਪਹਿਲੋਂ ਤੋਂ ਸਾਫ਼ ਏ, ਫਿਰ ਵੀ ਫ਼ਰਸ਼ ਮੈਲੇ ਕੱਪੜਿਆਂ ਲਈ ਨਹੀਂ ਤੇ ਨਾ ਕਿਤਾਬਾਂ ਲਈ ਏ । ਹਰ ਕਿਤਾਬ ਵਿਚ ਅੱਲਾਹ ਦੇ ਨਨਾਨਵੇ ਨਾਂਵਾਂ ਵਿੱਚੋਂ ਕੋਈ ਤੇ ਹੋਵੇ ਗਾ, ਅਸੀਂ ਉਨ੍ਹਾਂ ਨੂੰ ਪੈਰਾਂ ਥੱਲੇ ਨਹੀਂ ਰੋਲ ਸਕਦੇ"।

ਮੈਂ ਭੋਏਂ ਤੋਂ ਲੀੜੇ, ਕਿਤਾਬਾਂ ਤੇ ਕਾਗਤ ਚੁੱਕਣ ਲੱਗ ਪੈਨੀ ਆਂ ।

"ਜੀਵਾਂ ਤੈਨੂੰ ਨਜ਼ਰ ਨਹੀਂ ਆਂਦਾ, ਬੀਬੀ ਫ਼ਰਸ਼ ਤੇ ਏ ? ਡੈਸਕ ਹੇਠੋਂ ਗੰਦੇ ਮੱਗੇ ਚਕ" ਮਾਂ ਜੀ ਕਹਿੰਦੇ ਨੇਂ ।

"ਮੈਂ ਚੁੱਕ ਲੈਨੀ ਆਂ" ਮੈਂ ਡੈਸਕ ਪਾਸੇ ਜਾਂਦੀ ਕਹਿਨੀ ਆਂ ਕਿ ਅੰਮਾਂ ਜੀਵਾਂ ਨੂੰ ਨੀਵਣਾ ਨਾ ਪਵੇ ।

ਉਹ ਮਾਂ ਜੀ ਤੋਂ ਵੱਡੀ, ਸਤਾਠ ਵਰ੍ਹਿਆਂ ਦੀ ਤਗੜੀ ਜ਼ਨਾਨੀ ਏ ਪਰ ਉਹਦੇ ਗੋਡੇ ਦੁਖਦੇ ਨੇਂ ਤੇ ਉਹਨੂੰ ਰੋਜ਼ ਰਾਤੀਂ ਅਸਪਰੋ ਖਾਣੀ ਪੈਂਦੀ ਏ ।

"ਅੱਲਾਹ ਸ਼ਾਫ਼ੀ ਅੱਲਾਹ ਕਾਫ਼ੀ" ਅੰਮਾਂ ਜੀਵਾਂ ਮੱਗ ਫੜ ਕੇ ਸਿੱਧੀ ਹੁੰਦੀ ਏ।

"ਜੀਵਾਂ, ਮੇਰਾ ਹੁੱਕਾ ਉੱਤੇ ਘੱਲੀਂ"।

"ਚੰਗਾ ਜੀ" ਅੰਮਾਂ ਜੀਵਾਂ ਪੌੜ੍ਹੀਆਂ ਨੂੰ ਜਾਂਦੀ ਏ ।

"ਇਹ ਹੁੱਕਾ ਤੇ ਸ਼ਹਿਰ ਵਿਚ ਅਜ਼ਾਬ ਏ । ਤੇਰਾ ਭਰਾ ਮੈਨੂੰ ਆਹੰਦਾ ਏ ਬਈ ਚੁੱਪ ਚੁਪੀਤੀ ਅੰਗਰੇਜ਼ੀ ਸਿਰਗਟ ਸ਼ੁਰੂ ਕਰ ਦੇਵਾਂ" ਮਾਂ ਜੀ ਸੋਫ਼ੇ ਤੇ ਬਹਿੰਦੇ ਨੇਂ "ਉਨ੍ਹਾਂ ਪਿੱਛੇ ਫ਼ਿਲਟਰ ਲੱਗਿਆ ਹੁੰਦਾ ਏ ਤੇ ਨਿੱਕੀ ਜਿਹੀ ਡੱਬੀ ਪਰਸ ਵਿਚ ਆ ਜਾਂਦੀ ਏ । ਕਿਸੇ ਨੂੰ ਰੋਜ਼ ਦਿਹਾੜੇ ਤਿੰਨ ਵਾਰੀ ਗੋਹੇ ਬਾਲ ਕੇ ਹੁੱਕਾ ਤਾਜ਼ਾ ਨਹੀਂ ਕਰਨਾ ਪੈਣਾ, ਪਰ ਮੇਰਾ ਦਿਲ ਨਹੀਂ ਮੰਨਦਾ"।

"ਕਿਉਂ ਮਾਂ ਜੀ, ਜ਼ਨਾਨੀਆਂ ਵੀ ਸਿਗਰਟ ਪੀਂਦੀਆਂ ਨੇਂ"।

"ਕੋੜੀ ਆਦਤ ਏ" ਉਹ ਆਵਦੇ ਕੋਲ ਮੇਰੇ ਲਈ ਥਾਂ ਬਣਾਂਦੇ ਨੇਂ ।

ਮੈਂ ਬਹਿ ਜਾਂਨੀ ਆਂ ।

"ਪੁਤੱਰ, ਮਾਵਾਂ ਧੀਆਂ ਵਿਚ ਕੋਈ ਪਰਦਾ ਨਹੀਂ ਹੁੰਦਾ, ਮੈਨੂੰ ਦੱਸ ਤੇਰੇ ਦਿਲ ਵਿੱਚ ਕੀ ਏ ?"

ਸੋਚਣੀ ਆਂ ਤੇ ਮੇਰੇ ਦਿਲ ਵਿੱਚ ਇੰਨਾ ਕੁੱਝ ਏ ਕਿ ਸਮਝ ਨਹੀਂ ਆਂਦੀ, ਮਾਂ ਜੀ ਨੂੰ ਕੀ ਦੱਸਾਂ ।

"ਸੱਚ ਬੋਲਣ ਤੋਂ ਕਦੇ ਨਾ ਹਟਕੀਏ" ਉਹ ਕਹਿੰਦੇ ਨੇਂ ।

"ਮਾਂ ਜੀ ਮੈਂ ਵਕਾਲਤ ਪੜ੍ਹਨਾ ਚਾਹੁਨੀ ਆਂ, ਵਿਆਹ ਨਹੀਂ ਕਰਨਾ ਚਾਹੁੰਦੀ" ਮੇਰੇ ਸੰਘ ਵਿਚ ਕੁੱਝ ਫਸਦਾ ਏ ਪਰ ਜਦੋਂ ਮੈਂ ਲੰਘਾਣ ਦਾ ਕਰਨੀ ਆਂ ਤੇ ਉੱਥੇ ਕੁਝ ਵੀ ਨਹੀਂ ਹੁੰਦਾ ।

ਮਾਂ ਜੀ ਮੁਸਕਦੇ ਪਏ ਨੇਂ "ਤੂੰ ਚੰਗੀ ਵਕੀਲ ਬਣੇਂਗੀ, ਤੇਰੇ ਵਿੱਚ ਮੁਸਤਕਿਲ ਮਜ਼ਾਜੀ ਏ, ਤੂੰ ਆਵਦੀ ਗੱਲ ਕਰ ਲੈਨੀ ਏਂ ਤੇ ਸਮਝਾ ਲੈਨੀ ਏਂ"।

"ਥੈਂਕ ਯੂ" ਮੈਂ ਖ਼ੁੱਸ਼ ਹੋ ਜਾਂਨੀ ਆਂ ।

"ਚਾਰ ਵਰ੍ਹੇ । ਤੂੰ ਇੱਕੀਆਂ ਦੀ ਹੋ ਜਾਏਂਗੀ । ਤੇਰੀ ਫੁੱਫੀ ਦੀ ਧੀ ਰਿਹਾਨਾ ਦਾ ਵਿਆਹ ਬਾਈਵੇਂ ਵਰ੍ਹੇ ਹੋਇਆ ਸੀ, ਉਹਦੇ ਪੇਕੇ ਮਾੜੇ ਸਨ ਤੇ ਕੋਈ ਮੁਨਾਸਬ ਰਿਸ਼ਤਾ ਨਹੀਂ ਸੀ ਮਿਲਦਾ" ।

"ਤੇ ਮਾਂ ਜੀ, ਫਿਰ ਮੈਨੂੰ ਅੱਜ ਪ੍ਰੋਹਣਿਆਂ ਨਾਲ ਨਹੀਂ ਮਿਲਣਾ ਪਏ ਗਾ?"

"ਪ੍ਰੋਹਣਿਆਂ ਨਾਲ ਤੇ ਤੂੰ ਜ਼ਰੂਰੀ ਮਿਲੇਂਗੀ । ਅਸੀਂ ਤੇਰੀ ਤਾਅਲੀਮ ਦੀ ਸ਼ਰਤ ਉਨ੍ਹਾਂ ਸਾਹਮਣੇ ਰੱਖਾਂਗੇ, ਜੇ ਉਹ ਨਾ ਮੰਨੇ ਤੇ ਅਸੀਂ ਉਨ੍ਹਾਂ ਨੂੰ ਰਿਸ਼ਤਾ ਨਹੀਂ ਦੇਣਾ"।

"ਪਰ ਮਾਂ ਜੀ, ਅਸੀਂ ਕਿਸੇ ਨੂੰ ਪਾਬੰਦ ਤੇ ਨਹੀਂ ਕਰ ਸਕਦੇ, ਉਹ ਹੁਣ ਮਨ ਕੇ ਬਾਅਦ ਵਿੱਚ ਮੁੱਕਰ ਜਾਣ ਤੇ ਫਿਰ? ਮੇਰੀ ਕਲਾਸ–ਫ਼ੈਲੋ ਇਸਮਤ ਨਾਲ ਇਹ ਈ ਹੋਇਆ ਸੀ, ਪੂਰਾ ਸਾਲ ਪੜ੍ਹ ਕੇ ਇਮਤਿਹਾਨਾਂ ਤੋਂ ਪਹਿਲੋਂ ਉਹਦਾ ਵਿਆਹ ਹੋ ਗਿਆ। ਉਹਦੇ ਸੋਹਰਿਆਂ ਆਖਿਆ ਕਿ ਉਹ ਉਹਨੂੰ ਇਮਤਿਹਾਨਾਂ ਵਿਚ ਬਹਿਣ ਦੇਣਗੇ ਪਰ ਸ਼ਾਦੀ ਮਗਰੋਂ ਇਨਕਾਰੀ ਹੋਗਏ । ਮਾਂ ਜੀ, ਹਰ ਗੱਲ ਦੂੱਜਿਆਂ ਦੇ ਵੱਸ ਵਿਚ ਹੋਵੇਗੀ" ਮੈਂ ਰੋਣ ਪੈ ਜਾਂਨੀ ਆਂ ।

"ਮੇਰੀ ਜਿੰਦ" ਮਾਂ ਜੀ ਮੈਨੂੰ ਗੱਲ ਨਾਲ ਲਾ ਲੈਂਦੇ ਨੇਂ "ਮੇਰੀ ਜਿੰਦ, ਬੇਸ਼ੱਕ ਸਾਡੀਆਂ ਹਯਾਤੀਆਂ ਦੂੱਜਿਆਂ ਦੇ ਵਸ ਹੁੰਦੀਆਂ ਨੇਂ, ਇਹ ਇਸ ਜ਼ਮਾਨੇ ਦੀ ਰੀਤ ਏ ਤੇ ਇਹੋ ਅੱਲਾਹ ਦਾ ਫ਼ਰਮਾਨ । ਅਸੀਂ ਉੱਕਾ ਦੁਆ ਕਰ ਸਕਨੇ ਆਂ ਕਿ ਧੀਆਂ ਦੇ ਭਾਗ ਚੰਗੇ ਹੋਵਣ, ਲੋਕਾਂ ਦਾ ਨੇਕ ਮੱਥਾ ਮਿਲੇ ਤੇ ਅੱਲਾਹ ਦੀ ਉਚੇਚੀ ਰਹਿਮਤ ਰਹਵੇ"।

"ਇਹ ਸ਼ਾਦੀ ਮਾਂ ਜੀ, ਮੇਰੀ ਜ਼ਿੰਦਗੀ ਤਬਾਹ ਕਰ ਦੇਗੀ"।

"ਹੁਣ ਮੈਨੂੰ ਇਸ ਗਾਵਣ ਦੀ ਸਮਝ ਆਈ ਏ" ਮਾਂ ਜੀ ਬੋਛਣ ਦੇ ਪੱਲੂ ਨਾਲ ਗਿੱਲੀਆਂ ਅੱਖੀਂ ਪੂੰਝਦੇ ਨੇਂ "ਧੀਆਂ ਤੇ ਧੰਨ ਪਰਾਇਆ ਵੇ ਬਾਬੁਲਾ, ਤੂੰ ਪਿਆਰ ਕਿਉਂ ਏਨਾ ਪਾਇਆ ਵੇ ਬਾਬੁਲਾ" ਮਾਂ ਜੀ ਰੋ ਪੈਂਦੇ ਨੇਂ ।

ਜਾਪਦਾ ਏ, ਉਹ ਸਾਡੇ ਨਾਲ ਇੰਜ ਨਹੀਂ ਹੋਣ ਦੇਣਗੇ ।

ਸਾਡਾ ਡਰਾਇੰਗ ਰੂਮ ਅਰਕਿ ਗੁਲਾਬ, ਬਰਾਸੋ, ਪਕੌੜਿਆਂ ਤੇ ਚੰਬੇਲੀ ਦੀ ਖ਼ੁਸ਼ਬੋ ਨਾਲ ਮਚਿਆ ਪਿਆ ਏ । ਪੋਰਚ ਵਿਚ ਬਾਬਾ ਫ਼ਤ੍ਹ ਗਾਰਡ ਦੀ ਵਰਦੀ ਵਿਚ ਰਾਈਫ਼ਲ, ਸੋਟੀ ਤੇ ਪੱਗ ਲਈ ਖਲੋਤਾ ਏ । ਲਾਬੀ ਵਿਚ ਗੁਲਾਬਾਂ ਤੇ ਚੰਬੇਲੀਆਂ ਦਾ ਵੱਡਾ ਸਾਰਾ ਗੁਲਦਸਤਾ ਏ । ਪੈਂਟਰੀ ਵਿਚ ਅੰਮਾਂ ਜੀਵਾਂ ਚਿਕਨ ਸੈਂਡਵਿਚ, ਕੇਕ, ਤਲੀ ਹੋਈ ਮੱਛੀ, ਮਿਕਸ ਮਿਠਾਈ, ਚਿਕਨ ਪੈਟੀਜ਼, ਸ਼ਰਬਤ, ਚਾਅ ਤੇ ਮੇਰੇ ਸਣੇ ਤਿਆਰ ਏ।

ਸਾਕ ਜੋੜਨ ਆਲੀ ਆਂਟੀ ਅਨੀਲਾ ਪ੍ਰਵੀਨ ਮਾਂ ਜੀ ਨੂੰ ਮੁੰਡੇ ਦੀ ਮਾਂ ਬੇਗਮ ਦੋਲਾ ਨਾਲ ਮਿਲਾਂਦੀ ਪਈ ਏ । ਮਾਂ ਜੀ ਦੀ ਮਾਸੀ ਦੀ ਧੀ ਆਪਾ ਬਲਕੀਸ ਅੰਦਰ ਏ ਪਰ ਸਾਈਂ ਜੀ ਤੇ ਮਾਸੀ ਕੁ ਠੀ । ਮੇਰਾ ਜੀ ਕਰਦਾ ਏ, ਇਸ ਵੇਲੇ ਮਾਸੀ ਮੇਰੇ ਨਾਲ ਹੋਵੇ ਆ ।

ਮੁੰਡੇ ਦੀ ਵੱਡੀ ਭੈਣ ਸ਼ਮ੍ਹਾ ਮਾਂ ਜੀ ਨੂੰ ਸਲਾਮ ਕਰਦੀ ਏ, ਤੇ ਫਿਰ ਨਿੱਕੀ ਭੈਣ ਰੱਫ਼ੋ ।

ਰੱਫ਼ੋ?

ਮੈਂ ਪੈਂਟਰੀ ਦੇ ਬੂਹੇ ਵਿਚ ਲੱਗੇ ਦਿਲ ਦੀ ਸ਼ਕਲ ਦੇ ਸ਼ੀਸ਼ੇ ਵਿੱਚੋਂ ਅੰਦਰ ਵੇਹਨੀ ਆਂ, ਉਹ ਇੰਨਾ ਨਿੱਕਾ ਏ ਕਿ ਮੈਨੂੰ ਅਸਲੋਂ ਇਕ ਸੋਫ਼ਾ ਦਿਸਦਾ ਏ । ਪਰ ਆਵਦੀ ਸਹੇਲੀ ਰੱਫ਼ੋ ਨੂੰ ਇੱਥੇ ਵੇਖਣ ਦੇ ਚਾਅ ਵਿਚ ਮੇਰਾ ਦਿਲ ਜ਼ੋਰੀਂ ਧੜਕਣ ਲੱਗ ਪਿਆ ਏ ।

ਮੈਂ ਰੱਫ਼ੋ ਨੂੰ ਮਿਲੀ ਸਾਂ ਜਦ ਅਸੀਂ ਹਾਕੀ ਟੀਮ ਨੂੰ ਬੈਨ ਤੋਂ ਬਚਾਣ ਲਈ ਕੰਮ ਕਰਨਾ ਛੋਹਿਆ ਏ । ਰੱਫ਼ੋ ਆਰਗਨਾਇਜ਼ਿੰਗ ਕਮੇਟੀ ਵਿਚ ਸੀ ਤੇ ਮੈਂ ਟੀਮ ਦੇ ਤ੍ਰੈ ਨੁਮਾਇੰਦਿਆਂ ਵਿੱਚੋਂ ਇੱਕ । ਅਸੀਂ ਦੋ ਤਿੰਨ ਮਹੀਨੇ ਦਿੰਨ ਰਾਤ ਕੰਮ ਕੀਤਾ, ਰੋਜ਼ ਮਿਲਦੇ ਸਾਂ । ਰੱਫ਼ੋ ਮੈਥੋਂ ਕਿਧਰੇ ਵੱਧ ਸੁਰਤ ਆਲੀ ਏ ਤੇ ਉਸ ਵੇਲੇ ਇਕ ਇਨਕਲਾਬੀ ਗਰੁੱਪ ਵਿਚ ਸੀ ਜਿਹੜਾ ਪੀਪਲਜ਼ ਪਾਰਟੀ ਦੇ ਅੰਦਰੋਂ ਕੰਮ ਪਿਆ ਕਰਦਾ ਸੀ । ਕੁੱਝ ਮਹੀਨਿਆਂ ਲਈ ਮੈਂ ਵੀ ਉਸ ਲਹਿਰ ਦਾ ਅੰਗ ਸਾਂ ।

"ਬੇਗਮ ਸਰਦਾਰ ਬੁਰਹਾਨ" ਆਂਟੀ ਪ੍ਰਵੀਨ ਮਾਂ ਜੀ ਨੂੰ ਪ੍ਰੋਹਣਿਆਂ ਨਾਲ ਮਿਲਾਂਦੀ ਏ ।

"ਮਾਸ਼ਾ ਅੱਲਾਹ" ਮਾਂ ਜੀ ਕਹਿੰਦੇ ਨੇਂ ।

ਉਨ੍ਹਾਂ ਦੇ ਬਹਿੰਦਿਆਂ ਈ ਅੰਮਾਂ ਜੀਵਾਂ ਸ਼ਰਬਤ ਦਾ ਟਰੇ ਅੰਦਰ ਲਿਜਾਂਦੀ ਏ । ਟਰੇ ਵਿਚ ਮੈਂਗੋ ਸ਼ਰਬਤ ਤੇ ਦਿਲਬਹਾਰ ਕੋਲਾ ਦੀਆਂ ਬੋਤਲਾਂ ਨੇਂ ਜਿਹੜਾ ਮੁੰਡੇ ਦੀ ਫ਼ੈਮਲੀ ਦੇ ਕਰਖ਼ਾਨੇ ਵਿਚ ਬਣਦਾ ਏ ।

"ਆਪਾ ਜੀ, ਡ੍ਰਿੰਕਸ ਦੀ ਚੋਣ ਵਧੀਆ ਏ" ਬੇਗਮ ਦੋਲਾ ਦਿਲਬਹਾਰ ਕੋਲੇ ਦੀ ਥਾਂ ਮੈਂਗੋ ਸ਼ਰਬਤ ਦਾ ਗਲਾਸ ਚੁੱਕਦੀ ਏ "ਇਹ ਤੁਹਾਡੇ ਬਾਗ਼ਾਂ ਦੇ ਅੰਬਾਂ ਦਾ ਰਸ ਹੋਣਾ ਏ?"

"ਮਾਸ਼ਾ ਅੱਲਾਹ" ਮਾਂ ਜੀ ਦੀ ਵਾਜ ਆਂਦੀ ਏ ।

ਉਨ੍ਹਾਂ ਨਹੀਂ ਆਖਿਆ ਕਿ ਸ਼ਰਬਤ ਮਿਚਲਜ਼ ਦੀ ਬੋਤਲ ਤੋਂ ਬਣਿਆ ਏ ।

"ਅਸੀਂ ਤੁਹਾਡੀ ਬੇਟੀ ਨੂੰ ਵੀ ਮਿਲਣਾ ਚਾਹੁੰਦੇ ਸਾਂ" ਬੇਗਮ ਦੋਲਾ ਕਹਿੰਦੀ ਏ ।

"ਇਨਸ਼ਾ ਅੱਲਾਹ" ਮਾਂ ਜੀ ਕਹਿੰਦੇ ਨੇਂ ।

ਇਹ ਸੁਣਦਿਆਂ ਈ ਖ਼ੋਰਸ਼ੈਦੀ ਮੈਨੂੰ ਟਰਾਲੀ ਦਾ ਹੈਂਡਲ ਫੜਾ, ਪੈਂਟਰੀ ਦਾ ਬੂਹਾ ਖੋਲ ਦਿੰਦੀ ਏ ।

ਗੁਲਾਬੀ ਸਿਲਕ ਦੇ ਸੂਟ ਵਿਚ ਮੈਂ ਇਕ ਸਜੀ ਹੋਈ ਟਰਾਲੀ ਧਿਕਦੀ ਅੰਦਰ ਆਂਨੀ ਆਂ ਤੇ ਇਕ ਨਿਗਾਹ ਵਿਚ ਰੱਫ਼ੋ ਨੂੰ ਪਛਾਣ ਲੈਨੀ ਆਂ ।

ਆਂਟੀ ਪ੍ਰਵੀਨ ਮੇਰੇ ਹੱਥੋਂ ਟਰਾਲੀ ਲੈ ਕੇ ਮੈਨੂੰ ਮੁੰਡੇ ਦੀ ਮਾਂ ਅੱਗੇ ਲਿਜਾ ਖਲਾਰਦੀ ਏ ।

"ਅੱਸਲਾਮੋ ਅਲੈਕੁਮ" ਮੈਂ ਰੱਤੇ ਕਲੀਨ ਤੇ ਪਏ ਰੱਤੇ ਜੁੱਤੀਆਂ ਦੇ ਜੋੜੇ ਨੂੰ ਕਹਿਨੀ ਆਂ ਜਿਹਦੇ ਤੇ ਚਾਂਦੀ ਦਾ ਇਕ ਇਕ ਫੁਲ ਏ ਤੇ ਵਿੱਚ ਮੋਰੀ ਆਲੇ ਪੈਸੇ ਜਿੱਡਾ ਜਿੱਡਾ ਲਾਲ ਨੱਗ ।

"ਵਾ ਅਲੈਕੁਮ ਅੱਸਲਾਮ" ਮੁੰਡੇ ਦੀ ਮਾਂ ਮੈਨੂੰ ਥੱਲੇ ਖਿੱਚ ਕੇ ਸੀਨੇ ਨਾਲ ਲਾਂਦੀ ਏ ।

ਕਿਸੇ ਮਿੱਠੇ ਸੈਂਟ ਦੀ ਤੇਜ਼ ਬੋ ਮੇਰਾ ਸਾਹ ਘੁੱਟ ਲੈਂਦੀ ਏ, ਮੱਥਾ ਪੋਲੇ ਮਾਸ ਉੱਤੇ ਲਮਕਦੇ ਹੀਰਿਆਂ ਦੇ ਲਾਕਟਾਂ ਵਿਚ ਲਗਦਾ ਏ ।

"ਮਾਸ਼ਾ ਅੱਲਾਹ" ਉਹ ਮੈਨੂੰ ਵਾਪਸ ਮੇਰੇ ਪੈਰਾਂ ਤੇ ਛੱਡਦੀ ਏ ।

"ਸਕੀਨਾ ਬੇਟੀ, ਇਹ ਤੇਰੀ ਖ਼ਾਲਾ ਦੋਲਾ ਏ ਤੇ ਇਹ ਦੋ ਭੈਣਾਂ ਸ਼ਮ੍ਹਾ ਤੇ ਰੱਫ਼ੋ" ਮਾਂ ਜੀ ਕਹਿੰਦੇ ਨੇਂ ।

"ਹੈਲੋ ਸਕੀਨਾ" ਰੱਫ਼ੋ ਹੱਸ ਕੇ ਆਹੰਦੀ ਏ ।

"ਹੈਲੋ" ਮੈਂ ਆਵਦਾ ਹਾਸਾ ਡੱਕਣ ਦੀ ਕਰਨੀ ਆਂ, ਪਤਾ ਏ ਮਾਂ ਜੀ ਪਸੰਦ ਨਹੀਂ ਕਰਨਗੇ ।

"ਤੁਸੀਂ ਇਕ ਦੁੱਜੇ ਨੂੰ ਜਾਣਦੀਆਂ ਓ?" ਸ਼ਮ੍ਹਾ ਰੱਫ਼ੋ ਤੋਂ ਪੁੱਛਦੀ ਏ ।

"ਸਕੀਨਾ ਬੇਟੀ ਵੀ ਕਨੇਰਡ ਵਿਚ ਪੜ੍ਹਦੀ ਏ" ਬੇਗਮ ਦੋਲਾ ਕਹਿੰਦੀ ਏ ।

"ਨਹੀਂ" ਰੱਫ਼ੋ ਆਹੰਦੀ ਏ ।

"ਮੁਆਫ਼ ਕਰਨਾ ਬੇਗਮ ਦੋਲਾ, ਇਹ ਮੇਰੀ ਗ਼ਲਤੀ ਸੀ" ਆਂਟੀ ਅਨੀਲਾ ਕਹਿੰਦੀ ਏ "ਮੈਨੂੰ ਆਪਾ ਜੀ ਨੇ ਲਾਹੌਰ ਦੱਸਿਆ ਸੀ ਪਰ ਮੈਨੂੰ ਕਨੇਰਡ ਚੇਤੇ ਰਹਿ ਗਿਆ"।

ਆਂਟੀ ਅਨੀਲਾ ਮਾਂ ਜੀ ਤੇ ਉਲਾਹਮਾ ਨਹੀਂ ਆਣ ਦਿੰਦੀ, ਜਾਪਦਾ ਏ, ਉਸ ਨਿੱਕੀ ਜਿਹੀ ਗੱਲ ਨੂੰ ਵੱਡਾ ਵੇਖਿਆ ਏ ।

"ਤੇ ਫਿਰ ਤੁਸੀਂ ਇੱਕ ਦੁੱਜੇ ਨੂੰ ਕਿਵੇਂ ਜਾਣਦੀਆਂ ਓ?" ਬੇਗਮ ਦੋਲਾ ਪੈਨਸਲ ਨਾਲ ਬਣਾਈ ਹੋਈ ਭੌਂ ਚਾ ਕੇ ਰੱਫ਼ੋ ਨੂੰ ਪੁੱਛਦੀ ਏ ।

"ਅਸਾਂ ਇੰਟਰ ਕਾਲਜੀਟ ਸਪੋਰਟਸ ਤੇ ਮਿਲੇ ਸਾਂ" ਰੱਫ਼ੋ ਕਹਿੰਦੀ ਏ ।

"ਅੱਛਾ ਤੇ ਸਕੀਨਾ ਬੇਟੀ ਵੀ ਡੀਬੇਟਰ ਏ" ।

"ਨਹੀਂ ਅੰਮਾਂ ਜਾਨ, ਸਕੀਨਾ ਹਾਕੀ ਦੀ ਖਿਡਾਰੀ ਏ" ਰੱਫ਼ੋ ਕਹਿੰਦੀ ਏ ।

ਅੱਲਾਹ, ਮੈਂ ਮਾਂ ਜੀ ਨੂੰ ਵੇਹਨੀ ਆਂ, ਉਨ੍ਹਾਂ ਦਾ ਰੰਗ ਪੀਲਾ ਸਰਹੂੰ ਹੋ ਗਿਆ ਏ ।

"ਇਹੰਦੀ ਟੀਮ ਸੂਬੇ ਦੀ ਚੈਂਪੀਅਨ ਸੀ ਪਰ ਜ਼ਨਾਨੀਆਂ ਦੀ ਹਾਕੀ ਬੈਨ ਹੋ ਗਈ" ਰੱਫ਼ੋ ਦੀ ਵਾਜ ਕਮਰੇ ਦੀ ਚੁੱਪ ਚਾਂ ਵਿਚ ਗੂੰਜਦੀ ਏ ।

ਮੁੰਡੇ ਦੀ ਮਾਂ ਸੱਭ ਤੋਂ ਪਹਿਲੋਂ ਬੋਲਦੀ ਏ ।

"ਸਰਾਸਰ ਬੇਹਯਾਈ, ਅਨੀਲਾ ਤੂੰ ਮੈਨੂੰ ਇਹ ਵੀ ਨਹੀਂ ਦੱਸਿਆ?" ਉਹ ਅੱਗੇ ਨੂੰ ਹੁੰਦੀ ਏ, ਜਾਪਦਾ ਏ ਹੁਣੇ ਉਠੇਗੀ ਤੇ ਚਲੀ ਜਾਵੇਗੀ ।

"ਅੰਮਾਂ ਜਾਨ" ਰੱਫ਼ੋ ਖਲੋ ਕੇ ਫ਼ੌਜੀਆਂ ਤਰ੍ਹਾਂ ਅੱਡੀ ਜ਼ਮੀਨ ਤੇ ਮਾਰਦੀ ਏ "ਇੰਨੇ ਤੰਗ ਜ਼ਿਹਨ ਨਾ ਬਣੋ, ਹਾਕੀ ਖੇਡਣਾਂ ਕਿਵੇਂ ਬੇਹਯਾਈ ਏ?"

ਔਖੀ ਘੜੀ ਟੱਲ ਗਈ ਏ, ਬੇਗਮ ਦੋਲਾ ਬੈਠੀ ਏ ।

ਮੈਂ ਇਹ ਸੋਚ ਕੇ ਕੰਬ ਜਾਂਨੀ ਆਂ ਕਿ ਜੇ ਇਹ ਉਠ ਕੇ ਚਲੀ ਜਾਂਦੀ ਤੇ ਸਾਡੀ ਕਿੰਨੀ ਬਦਨਾਮੀ ਸੀ ।

"ਰੱਫ਼ੋ ਬੇਟਾ, ਤੇਰੀ ਮਾਂ ਠੀਕ ਆਹੰਦੀ ਏ" ਮਾਂ ਜੀ ਕਦੋਂ ਦਾ ਰੋਕਿਆ ਸਾਹ ਕੱਢਦੇ ਨੇਂ "ਇਹ ਵਾਕਈ ਬੇਹਯਾਈ ਏ ਤੇ ਹੁਣ ਭਾਵੇਂ ਜਨਰਲ ਜ਼ਿਆਅ ਕੁੜੀਆਂ ਨੂੰ ਹਾਕੀ ਖੇਡਣ ਦੀ ਇਜਾਜ਼ਤ ਦੇ ਵੀ ਦੇਵੇ ਤੇ ਸਕੀਨਾ ਦੇ ਭਰਾ ਨਹੀਂ ਮੰਨਣਾ"।

"ਕਿਉਂ ਮਾਂ ਜੀ ।।।।।?" ਮੈਂ ਉਨ੍ਹਾਂ ਵੱਲ ਜਾਂਨੀ ਆਂ, ਕਿਵੇਂ ਰਮਾਨ ਨਾਲ ਇਹ ਗੱਲਾਂ ਆਖ ਦਿੰਦੇ ਨੇਂ ।

"ਤੇਰਾ ਇਹਦੇ ਨਾਲ ਕੋਈ ਤਾਅਲੁੱਕ ਨਹੀਂ" ਮਾਂ ਜੀ ਮੈਨੂੰ ਬਿਨਾਂ ਤੀਵੜੀਆਂ ਘੂਰੀ ਪਾਂਦੇ ਨੇਂ ।

ਉਨ੍ਹਾਂ ਦੀ ਕਾਵੜ ਦਾ ਸੇਕ ਮੇਰੀਆਂ ਅੱਖਾਂ ਵਿਚ ਵੜ ਜਾਂਦਾ ਏ ।

"ਉਹਨੇ ਮੈਨੂੰ ਕਹਿਆ ਏ ਬਈ ਸਰਦਾਰ ਮੁਹੰਮਦ ਬਖ਼ਸ਼ ਦੀ ਕੋਈ ਪੋਤਰੀ ਹਾਕੀ ਨਹੀਂ ਖੇਡ ਸਕਦੀ" ਮਾਂ ਜੀ ਦੋਟੋਕ ਆਹੰਦੇ ਨੇਂ ।

"ਮਾਸ਼ਾ ਅੱਲਾਹ, ਬੇਗਮ ਦੋਲਾ ਸੋਫ਼ੇ ਨਾਲ ਟੇਕ ਲਾ ਕੇ ਬਹਿ ਜਾਂਦੀ ਏ "ਸਕੀਨਾ ਬੇਟੀ ਆਪਣੇ ਪੁੱਤਰਾਂ ਨੂੰ ਹਾਕੀ ਖੇਡਣਾ ਸਿਖਾ ਕੇ ਸ਼ੌਕ ਪੂਰਾ ਕਰ ਲੇਗੀ" ।

"ਹਾਕੀ ਭੈਣ ਜੀ, ਮਰਦਾਂ ਦੀ ਖੇਡ ਏ ਤੇ ਸਕੀਨਾ ਦੇ ਪੁੱਤਰਾਂ ਨੂੰ ਹਾਕੀ ਸਿਖਾਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਪਿਓ ਨੂੰ ਲੈਣੀ ਪੈਗੀ" ਮਾਂ ਜੀ ਜ਼ਰੀ ਮੁਸਕਦੇ ਨੇਂ ।

"ਅੰਮਾਂ ਜਾਨ, ਵਿਚਾਰੀ ਸਕੀਨਾ ਨੂੰ ਬੈਠਣ ਤੇ ਦਿਉ" ਰੱਫ਼ੋ ਖਿੱਜ ਪਈ ਏ ।

ਬੇਗਮ ਦੋਲਾ ਛੇਤੀ ਨਾਲ ਮਾਂ ਜੀ ਦੇ ਤੇ ਆਵਦੇ ਵਿਚਕਾਰ ਮੇਰੇ ਲਈ ਥਾਂ ਬਣਾਂਦੀ ਏ ।

ਮੇਰਾ ਦਿਲ ਸੀ ਰੱਫ਼ੋ ਕੋਲ ਬੈਠਣ ਦਾ ਪਰ ਮੈਂ ਬੇਗਮ ਦੋਲਾ ਦੀ ਬਣਾਈ ਥਾਂ ਤੇ ਦੋਵੇਂ ਪਾਸਿਓਂ ਤੰਗ, ਬਹਿ ਜਾਂਨੀ ਆਂ ।

"ਅੱਜ ਕਲ੍ਹ ਕੋਈ ਵੀ ਉੱਚੀ ਨੀਵੀਂ ਕਰ ਕੇ ਅਮੀਰ ਤੇ ਬਣ ਸਕਦਾ ਏ ਪਰ ਅਪਣਾ ਸ਼ਜਰਾ ਨਸਬ ਨਹੀਂ ਬਦਲ ਸਕਦਾ" ਬੇਗਮ ਦੋਲਾ ਮੇਰਾ ਹੱਥ ਆਵਦੇ ਮੁੜ੍ਹਕੇ ਵੱਸੇ ਹੱਥਾਂ ਵਿਚ ਲੈ ਲੈਂਦੀ ਏ ।

"ਮੈਂ ਵਕਾਲਤ ਪੜ੍ਹਨਾ ਚਾਹੁਨੀ ਆਂ" ਮੇਰੇ ਮੂੰਹੋਂ ਨਿਕਲਦਾ ਏ ।

"ਵਕਾਲਤ?" ਮੁੰਡੇ ਦੀ ਮਾਂ ਮੇਰਾ ਹੱਥ ਐਵੇਂ ਛੱਡਦੀ ਏ ਜਿਵੇਂ ਉਹ ਅੱਚਨ ਚਿੱਤੀ ਡੱਡੂ ਬਣ ਗਿਆ ਹੋਵੇ ।

ਮੈਂ ਉਹਨੂੰ ਆਵਦੀ ਚੁੰਨੀ ਵਿਚ ਲਕੋ ਲੈਨੀ ਆਂ । ਜੋ ਮੈਂ ਕਹਿ ਗਈ ਆਂ, ਉਹਦੇ ਮਗਰੋਂ ਮਾਂ ਜੀ ਵੱਲ ਵੇਖਣ ਦੀ ਦਲੇਰੀ ਨਹੀਂ ਕਰਦ ੀ ਪਰ ਖੱਬੇ ਪਾਸਿਓਂ ਉਨ੍ਹਾਂ ਦੀ ਕਾਵੜ ਦਾ ਤਾਅ ਮੈਨੂੰ ਵੱਲ ਵੀ ਪੁੱਜਦਾ ਪਿਆ ਏ ।

"ਪਰ ਭੈਣ ਜੀ" ਬੇਗਮ ਦੋਲਾ ਮੈਨੂੰ ਮੋਢੇ ਤੋਂ ਧੱਕ ਪਿਸ਼ਾਂਹ ਕਰਦੀ ਏ "ਲਾਅ ਕਾਲਜ ਤੇ ਕੋ–ਐਜੂਕੇਸ਼ਨ ਨਹੀਂ?"

"ਅੱਛਾ? ਜਿਹਨੇ ਪ੍ਰਾਇਮਰੀ ਸਕੂਲ ਵਿਚ ਵੀ ਨਾ ਪੜ੍ਹਿਆ, ਉਹਨੂੰ ਇਨ੍ਹਾਂ ਗੱਲਾਂ ਦਾ ਪਤਾ ਕਿਵੇਂ ਲੱਗਣਾ ਏ?" ਮਾਂ ਜੀ ਆਵਦੀ ਕਾਵੜ ਦਾ ਨਾਗ ਗਿੱਚੀਓਂ ਫੜ ਕੇ ਸਫ਼ਾ ਕੂੜ ਬੋਲਦੇ ਨੇਂ "ਕਿਉਂ ਸਕੀਨਾ?"

"ਜੀ, ਔਰਤਾਂ ਲਈ ਵੱਖਰਾ ਲਾਅ ਕਾਲਜ ਕ ਨੀ" ਮੈਂ ਉਨ੍ਹਾਂ ਵੱਲ ਵੇਖੇ ਬਿਨਾਂ ਆਹਨੀ ਆਂ ।

"ਔਰਤਾਂ ਲਈ ਵੱਖਰਾ ਲਾਅ ਕਾਲਜ ਹੋਣਾ ਚਾਹੀਦਾ ਏ" ਯਕਦਮ ਸ਼ਮ੍ਹਾ ਬੋਲ ਪੈਂਦੀ ਏ ।

"ਜੀ ਆਪਾ, ਪਰ ਫਿਰ ਪੜ੍ਹ ਕੇ ਸਾਨੂੰ ਪ੍ਰੈਕਟਿਸ ਕਰਨ ਲਈ ਵੱਖਰੀ ਬਾਰ ਤੇ ਵੱਖਰੇ ਕੋਰਟ ਰੂਮ ਵੀ ਬਣਾਨੇ ਪੈਣ ਗੇ" ਮੈਂ ਮਾਂ ਜੀ ਦੇ ਸਿਰੋਂ ਉੱਤੇ ਹੋ ਕੇ ਸ਼ਮ੍ਹਾ ਨੂੰ ਆਹਨੀ ਆਂ ।

"ਕੋਈ ਹੋਣਗੇ ਮਰਦ, ਪਰ ਮੇਰਾ ਪੁਤੱਰ ਇਹ ਕਦੀ ਬਰਦਾਸ਼ਤ ਨਹੀਂ ਕਰੇ ਗਾ" ਬੇਗਮ ਦੋਲਾ ਮੈਂਗੋ ਸ਼ਰਬਤ ਦਾ ਗਲਾਸ ਮੇਜ਼ ਤੇ ਮਾਰ ਕੇ ਰੱਖਦੀ ਏ ।

"ਅਗਰ ਅਸੀਂ ਇਹ ਮੰਨੀਏ ਤੇ ......" ਮੈਂ ਆਖਣ ਲੱਗਣੀ ਆਂ ।

"ਇਹ ਜਗ ਖ਼ੁਸ਼ੀਆਂ ਨਾਲ ਭਰ ਜਾਵੇ ਗਾ" ਮਾਂ ਜੀ ਮੈਨੂੰ ਕੱਟ ਦਿੰਦੇ ਨੇਂ ।

"ਅੰਮਾਂ ਜਾਵ" ਸ਼ਮ੍ਹਾ ਨੂੰ ਵੀ ਮਾਂ ਜੀ ਦੀ ਗੱਲ ਪਸੰਦ ਨਹੀਂ ਲਗਦੀ ਤੇ ਉਹ ਬੇਗਮ ਦੋਲਾ ਨੂੰ ਆਹੰਦੀ ਏ "ਸਕੀਨਾ ਠੀਕ ਕਹਿੰਦੀ ਪਈ ਏ, ਔਰਤਾਂ ਨੂੰ ਕੋ–ਐਜੂਕੇਸ਼ਨ ਵਿਚ ਲਾਅ ਪੜ੍ਹਨਾ ਚਾਹੀਦਾ ਏ ਕਿ ਉਹ ਮਗਰੋਂ ਸੋਸਾਇਟੀ ਵਿਚ ਪ੍ਰੈਕਟਿਸ ਕਰ ਸਕਣ"।

"ਮੁਸਲਮਾਨ ਔਰਤ ਦੀ ਜਗ੍ਹਾ ਉਹਦੇ ਘੱਰ ਵਿਚ ਏ" ਬੇਗਮ ਦੋਲਾ ਸ਼ਮ੍ਹਾ ਤੇ ਡੇਲੇ ਕੱਢਦੀ ਏ "ਅੱਲਾਹ ਤਾਅਲਾ ਕਿਸੇ ਵਜ੍ਹਾ ਤੋਂ ਔਰਤ ਨੂੰ ਬਾਹਰਲੇ ਕੰਮਾਂ ਕਾਰਾਂ ਤੋਂ ਡੱਕਿਆ ਏ"।

"ਪਰ ਅੰਮਾਂ ਜਾਨ, ਫ਼ਾਤਮਾ ਜਿਨਾਹ ਵੀ ਤੇ ਔਰਤ ਸੀ, ਤੁਸੀਂ ਇਲੈਕਸ਼ਨ ਵਿਚ ਉਹਨੂੰ ਈ ਵੋਟ ਪਾਇਆ ਤੇ ਹਰ ਵੇਲੇ ਤੁਸੀਂ ਨੁਸਰਤ ਭੁੱਟੋ ਦੇ ਕਸੀਦੇ ਪੜ੍ਹਦੇ ਰਹਿੰਦੇ ਓ । ਲੈਲਾ ਖ਼ਾਲਿਦ ਦਾ ਨਾਂ ਤੁਸੀਂ ਕਿਵੇਂ ਇਹਤਰਾਮ ਨਾਲ ਲੈਂਦੇ ਓ" ।

"ਇਹ ਤੇ ਚੰਦ ਔਰਤਾਂ ਨੇਂ ਜਿਹਨਾਂ ਨੂੰ ਅੱਲਾਹ ਨੇ ਕਿਸੇ ਖ਼ਾਸ ਮਕਸਦ ਲਈ ਪੈਦਾ ਕੀਤਾ, ਅਸੀਂ ਤੁਸੀਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ" ।

"ਮੁਕਾਬਲਾ ਕੌਣ ਕਰਦਾ ਏ ਪਰ ਮਿਸਾਲ ਤੇ ਲੈ ਸਕਣੇ ਆਂ" ਰੱਫ਼ੋ ਕਹਿੰਦੀ ਏ ।

"ਉਨ੍ਹਾਂ ਦੀਆਂ ਮਿਸਾਲਾਂ ਤੇ ਤੁਹਾਡੇ ਵਰਗੀਆਂ ਨਹੀਂ ਚੱਲ ਸਕਦੀਆਂ । ਮਿਸ ਫ਼ਾਤਮਾ ਜਿਨਾਹ ਸਾਰੀ ਉਮਰ ਵਿਆਹ ਨਹੀਂ ਕੀਤਾ ਤੇ ਹਰ ਕੋਈ ਉਹਦੀ ਪਾਕਬਾਜ਼ੀ ਦੀ ਸਹੁੰ ਖਾਂਦਾ ਏ । ਬੇਗਮ ਭੁੱਟੋ ਕਿਵੇਂ ਅਪਣੀ ਧੀ ਬੇਨਜ਼ੀਰ ਨੂੰ ਨਾਲ ਲਾ ਕੇ ਮਰਦਾਂ ਵਾਂਗ ਅਵਾਮ ਲਈ ਕੰਮ ਪਈ ਕਰਦੀ ਏ । ਲੈਲਾ ਖ਼ਾਲਿਦ ਜਿਹਾ ਕੌਣ ਏ ਜਿਹੜੀ ਫ਼ਲਸਤੀਨੀ ਅਵਾਮ ਦੀ ਅਜ਼ਾਦੀ ਲਈ ਅਪਣੀ ਜਾਨ ਤੇ ਖੇਡ ਗਈ?" ਬੇਗਮ ਦੌਲਾ ਦਾ ਮੂੰਹ ਮੇਕ–ਅੱਪ ਦੇ ਥੱਲੋਂ ਲਾਲ ਹੋ ਜਾਂਦਾ ਏ।

"ਤੁਸੀਂ ਠੀਕ ਕਹਿੰਦੇ ਓ ਭੈਣ ਜੀ, ਵੈਰੀਆਂ ਦੇ ਕਬਜ਼ੇ ਵਿਚ ਆਈਆਂ ਕੌਮਾਂ ਨਿਰੇ ਮਰਦਾਂ ਦੇ ਲੜਨ ਨਾਲ ਅਜ਼ਾਦ ਨਹੀਂ ਹੁੰਦੀਆਂ । ਕਸ਼ਮੀਰ ਵਿਚ ਵੇਖੋ, ਜਦੋਂ ਅਸੀਂ ਵੀ ਉਨ੍ਹਾਂ ਦੀ ਇਮਦਾਦ ਪਏ ਕਰਨੇ ਆਂ ਫਿਰ ਵੀ ਕਸ਼ਮੀਰੀ ਔਰਤਾਂ ਤੇ ਬੱਚਿਆਂ ਨੂੰ ਹਿੰਦੂਆਂ ਸਾਹਮਣੇ ਆਪ ਈ ਖਲੋਣਾ ਪੈਂਦਾ ਏ । ਇਹੋ ਕੁੱਝ ਦਹਿਰੀਏ ਰੂਸੀਆਂ ਦੇ ਬਰਖ਼ਿਲਾਫ਼ ਅਫ਼ਗ਼ਾਨਿਸਤਾਨ ਦੇ ਲੋਕੀ ਪਏ ਕਰਦੇ ਨੇਂ" ਮਾਂ ਜੀ ਬੇਗਮ ਦੌਲਾ ਨੂੰ ਕਹਿੰਦੇ ਨੇਂ ।

"ਤੇ ਫਿਰ ਹਿੰਦੂਆਂ ਨੇ ਬੰਗਲਾਦੇਸ਼ ਵਿੱਚ ਬੰਗਾਲੀਆਂ ਦੀ ਮਦਦ ਕੀਤੀ ਤੇ ਠੀਕ ਕੀਤਾ?" ਰੱਫ਼ੋ ਮਾਂ ਜੀ ਨੂੰ ਪੁੱਛਦੀ ਏ ।

"ਭੁੱਟੋ ਨੇ ਸਾਡੀ ਨਵੀਂ ਨਸਲ ਅਸਲੋਂ ਵਿਗਾੜ ਦਿੱਤੀ ਏ" ਬੇਗਮ ਦੌਲਾ ਮਾਂ ਜੀ ਨੂੰ ਆਹੰਦੀ ਏ ।

"ਭੁੱਟੋ ਨੂੰ ਦੋਸ਼ ਕਾਹਦਾ? ਉਸ ਤੋਂ ਪਹਿਲੋਂ ਹਜ਼ਰਤ ਜ਼ੈਨਬ ਇੱਕ ਜੰਗ ਦੀ ਸਿਪਾਹ–ਸਾਲਾਰ ਨਹੀਂ ਸਨ?" ਰੱਫ਼ੋ ਕਹਿੰਦੀ ਏ "ਤੇ ਸਾਨੂੰ ਪਤਾ ਏ ਕਿ ਹਜ਼ੂਰ ਨਾਲ ਸ਼ਾਦੀ ਤੋਂ ਪਹਿਲੋਂ ਹਜ਼ਰਤ ਖ਼ਦੀਜਾ ਇਕ ਆਜ਼ਾਦ ਬਿਜ਼ਨਸ ਵੋਮੈਨ ਸਨ"।

"ਭੈਣ ਜੀ" ਮਾਂ ਜੀ ਬੇਗਮ ਦੌਲਾ ਨੂੰ ਆਹੰਦੇ ਨੇਂ "ਤੁਸੀਂ ਆਖੋ ਤੇ ਮੈਂ ਇਨ੍ਹਾਂ ਦੋਵੇਂ ਵੱਡਜ਼ੁਬਾਨਾਂ ਨੂੰ ਉੱਤੇ ਭੇਜ ਦੇਵਾਂ ਬਈ ਇਹ ਬੋਲਣ ਦਾ ਸ਼ੌਕ ਪੂਰਾ ਕਰ ਲੈਣ"।

"ਜ਼ਰੂਰ ਆਪਾ ਜੀ, ਅਸੀਂ ਵੀ ਦੋ ਘੜੀ ਚੈਨ ਨਾਲ ਬਹਵਾਂਗੇ"।

"ਜਾਓ ਕੁੜੀਵ, ਸਾਨੂੰ ਲੋੜ ਪਈ ਤੇ ਬੁਲਾ ਲਾਂਗੇ" ਮਾਂ ਜੀ ਇਕ ਜੁਮਲੇ ਵਿਚ ਸਾਨੂੰ ਗੱਲ ਬਾਤ ਵਿੱਚੋਂ ਬਾਹਰ ਕੱਢ ਦਿੰਦੇ ਨੇਂ ।

ਮੈਂ ਤੇ ਰੱਫ਼ੋ ਉੱਠ ਜਾਂਨੇ ਆਂ । ਜਾਪਦਾ ਏ, ਸ਼ਮ੍ਹਾ ਵੀ ਆਣਾ ਚਾਹੁੰਦੀ ਸੀ ਪਰ ਨਹੀਂ ਆਈ ਕਿਉਂ ਜੇ ਵਡੇਰੀਆਂ ਆਵਦੇ ਨਾਲ ਰਲਾ ਕੇ ਉਹਦਾ ਰੁਤਬਾ ਵਧਾ ਦਿੱਤਾ ਏ ।

"ਠਹਿਰ ਜਾ" ਰੱਫ਼ੋ ਡਰਾਇੰਗ ਰੂਮ ਵਿੱਚੋਂ ਨਿਕਲਦਿਆਂ ਆਹੰਦੀ ਏ "ਇਕ ਮਿੰਟ, ਸੁਣ ਅੰਮਾਂ ਕੀ ਕਹਿੰਦੀ ਏ' '।

ਅਸੀਂ ਬੂਹਿਉਂ ਬਾਹਰ ਪਰਦੇ ਪਿੱਛੇ ਖਲੋ ਜਾਂਨੇ ਆਂ ।

"ਸ਼ੁਕਰੀਆ ਭੈਣ ਜੀ, ਮੈਂ ਰਫ਼ੋ ਤੇ ਗ਼ੁੱਸੇ ਹੋ ਜਾਂਨੀ ਆਂ ਪਰ ਸ਼ਮ੍ਹਾ ਤੇ ਨਹੀਂ" ਬੇਗਮ ਦੋਲਾ ਕਹਿੰਦੀ ਏ ।

"ਸਾਡੇ ਸੂਫ਼ੀ ਬਜ਼ੁਰਗ ਆਹੰਦੇ ਨੇਂ ਬਈ ਹਰ ਨਵੀਂ ਲਹਿਰ ਕੰਡੇ ਨੂੰ ਅਜ਼ਮਾਂਦੀ ਏ" ਮਾਂ ਜੀ ਦੀ ਵਾਜ ਆਂਦੀ ਏ ।

"ਬਿਨਾਂ ਸਕੂਲ ਗਏ ਤੁਹਾਡੇ ਵਿੱਚ ਬੜੀ ਦਾਨਾਈ ਏ । ਉਹੋ ਮੇਰੀ ਗੱਲ ਕਿ ਅਕਲ ਸਕੂਲਾਂ ਕਾਲਜਾਂ ਵਿਚ ਪੜ੍ਹਿਆਂ ਨਹੀਂ ਆਂਦੀ, ਇਹ ਅੱਲਾਹ ਦੀ ਦੇਣ ਏ"।

"ਸਹੀ ਆਹੰਦੇ ਓ ਭੈਣ ਜੀ, ਤੇ ਔਲਾਦ ਉਹਦੀਆਂ ਸੁਗ਼ਾਤਾਂ ਵਿੱਚੋਂ ਸੱਭ ਤੋਂ ਵੱਧ ਏ" ਮਾਂ ਜੀ ਕਹਿੰਦੇ ਨੇਂ ।

"ਖ਼ਾਸ ਕਰ ਪੁਤੱਰ" ਬੇਗਮ ਦੋਲਾ ਆਹੰਦੀ ਏ ।

"ਬੇਸ਼ੱਕ, ਮੇਰਾ ਇੱਕੋ ਇੱਕ ਏ, ਮੈਨੂੰ ਪਤਾ ਏ"।

"ਇੱਕ ਯਾਂ ਦੋ, ਮਾਂ ਦੇ ਦਿਲ ਵਿਚ ਹਰ ਕਿਸੇ ਦੀ ਆਪੋ ਅਪਣੀ ਥਾਂ ਏ"।

"ਬੇਸ਼ੱਕ"।

"ਮੈਂ ਆਪਣੇ ਵੱਡੇ ਪੁਤੱਰ ਲਈ ਤੁਹਾਡੇ ਦੱਰ ਤੇ ਆਈ ਆਂ । ਖ਼ਾਲਿਦ ਨੇ ਪਿਓ ਨਾਲ ਲਾਹੋਰ, ਲੈਲਪੁਰ ਤੇ ਕੁਜਰਾਂਵਾਲੇ ਜਿਹੜੀਆਂ ਫ਼ੈਕਟਰੀਆਂ ਲਾਈਆਂ ਨੇਂ, ਉਨ੍ਹਾਂ ਨੂੰ ਕੱਲਾ ਸੰਭਾਲਦਾ ਪਿਆ ਏ । ਉਹਨੇ ਗੋਰਮਿੰਟ ਕਾਲਜ ਤੋਂ ਚੰਗੇ ਨੰਬਰਾਂ ਨਾਲ ਬੀ–ਏ ਕੀਤਾ ਏ । ਧੀਆਂ ਆਵਦੇ ਭਾਗਾਂ ਦਾ ਲੈਣਾ ਈ ਏ ਪਰ ਉਨ੍ਹਾਂ ਦਾ ਪਿਓ ਕਹਿੰਦਾ ਏ ਫ਼ੈਕਟਰੀਆਂ ਦਾ ਕੰਟਰੋਲ ਖ਼ਾਲਿਦ ਕੋਲ ਰਹਵੇ ਗਾ"।

"ਦਿਲਬਹਾਰ ਕੋਲਾ ਦਾ ਨਾਂ ਕੋਣ ਨਹੀਂ ਜਾਣਦਾ? ਤੁਹਾਡੇ ਟੱਬਰ ਦਾ ਸੱਭ ਨੂੰ ਪਤਾ ਏ" ਮਾਂ ਜੀ ਕਹਿੰਦੇ ਨੇਂ ।

"ਬਰਾਦਰੀ ਵਿੱਚ ਤੁਹਾਡੀ ਵੀ ਵੱਡੀ ਸਾਖ ਏ, ਇਹ ਵਿਆਹ ਦੋਵੇਂ ਟੱਬਰਾਂ ਨੂੰ ਰੰਗ ਲਾ ਦੇਵੇ ਗਾ" ।

"ਇਨਸ਼ਾ ਅੱਲਾਹ । ਸਕੀਨਾ ਦਾ ਭਰਾ ਕਹਿੰਦਾ ਏ ਅਸੀਂ ਸਕੀਨਾ ਨੂੰ ਘੱਰ ਦੀ ਹਰ ਸ਼ੈਅ ਦੇਵਾਂਗੇ" ਮਾਂ ਜੀ ਕਹਿੰਦੇ ਨੇਂ ।

"ਸਾਡੇ ਕੋਲ ਅੱਲਾਹ ਦਾ ਦਿਤਾ ਸੱਭ ਕੁਝ ਏ । ਬਿਜ਼ਨਸ ਕਰਨ ਵਾਲੇ ਟੱਬਰਾਂ ਲਈ ਨਕਦ ਚੰਗਾ ਰਹਿੰਦਾ ਏ, ਨਾਲ ਕੋਠੀ ਤੇ ਕਾਰ" ਬੇਗਮ ਦੋਲਾ ਕਹਿੰਦੀ ਏ।

ਰਫ਼ੋ ਮੇਰੀ ਬਾਂਹ ਨੱਪ ਲੈਂਦੀ ਏ ।

ਕੁੱਝ ਪਲਾਂ ਮਗਰੋਂ ਮਾਂ ਜੀ ਦੀ "ਇਨਸ਼ਾ ਅੱਲਾਹ" ਸੁਣੀਂਦੀ ਏ ।

"ਜੇ ਘੱਰ ਗੁਲਬਰਗ ਵਿਚ ਨਾ ਹੋਇਆ ਤੇ ਭਾਵੇਂ ਮਹਿਲ ਹੋਵੇ, ਮੇਰੇ ਪੁਤੱਰ ਨਹੀਂ ਵਰਤਣਾ"।

"ਮੈਂ ਸਕੀਨਾ ਦੇ ਭਰਾ ਨੂੰ ਦਸ ਦਿਆਂਗੀ" ਮਾਂ ਜੀ ਦੀ ਅਵਾਜ਼ ਪਰਤ ਆਈ ਏ ।

"ਅਸੀਂ ਕੁੜੀ ਨੂੰ ਸ਼ਹਿਰ 'ਚ ਪਲਾਟ ਦਿਆਂਗੇ ਤੇ ਪੰਜ ਕਿਲੋ ਸੋਨਾ । ਇਹਦੇ ਸੁਹਾਗ ਦਾ ਜੋੜਾ ਈ ਸਾਨੂੰ ਪਛੱਤਰ ਹਜ਼ਾਰ ਦਾ ਪੈ ਜਾਣਾ ਏ" ।

"ਮਾਸ਼ਾ ਅੱਲਾਹ ਸਕੀਨਾ ਨੂੰ ਹੀਰੇ ਜਵਾਹਰਾਤ ਤੇ ਕਮਖ਼੍ਵਾਬ ਦੀ ਕੋਈ ਤਾਂਘ ਨਹੀਂ, ਉਹਨੂੰ ਕਦਰ ਕਰਨ ਵਾਲਾ ਟੱਬਰ ਤੇ ਨੇਕ ਵਰ ਚਾਹੀਦਾ ਏ" ।

"ਮੈਂ ਖ਼ਾਲਿਦ ਦੇ ਕਿਰਦਾਰ ਦੀ ਸਹੁੰ ਖਾਂਨੀ ਆਂ, ਉਹ ਆਪਣੇ ਕੰਮਾਂ ਕਾਰਾਂ ਵਿਚ ਰੁਝਿਆ ਰਹਿੰਦਾ ਏ"।

"ਅੰਮਾਂ ਕਿੰਨਾ ਝੂਠ ਪਈ ਬੋਲਦੀ ਏ" ਰੱਫ਼ੋ ਗੁੱਸੇ ਵਿਚ ਏ "ਮੈਂ ਕਹਿਆ ਸੀ, ਜੇ ਤੁਸੀਂ ਜਹੇਜ਼ ਦੇ ਮੁਤਾਲਬੇ ਕਰਨੇ ਤੇ ਖ਼ਾਲਿਦ ਬਾਰੇ ਝੂਠ ਬੋਲਣੇ ਨੇਂ ਤੇ ਮੈਂ ਨਹੀਂ ਜਾਣਾਂ। ਅੰਮਾਂ ਨੇਂ ਪਰੋਮਿਸ ਕੀਤਾ ਸੀ"।

"ਆ, ਚੱਲ ਚਲੀਏ" ਮੈਂ ਰੱਫ਼ੋ ਨੂੰ ਡਰਾਇੰਗ ਰੂਮ ਦੇ ਬੂਹੇ ਤੋਂ ਉਰੇ ਲਿਆਂਨੀ ਆਂ।

"ਹੋਲੀ ਕ੍ਰਾਇਸਟ ਸਕੀਨਾ, ਮੈਨੂੰ ਕੀ ਪਤਾ ਸੀ ਅਸੀਂ ਤੈਨੂੰ ਵੇਖਣ ਆਂਨੇ ਪਏ ਆਂ"।

"ਰੱਫ਼ੋ ਅਸੀਂ ਬਹੁਤੇ ਅਮੀਰ ਕੁ ਨੀ। ਰਿਸ਼ਤੇਦਾਰ ਭਾਵੇਂ ਹੋਣ, ਅੱਯੂਬ ਦੇ ਗਰੀਨ ਰੈਵੋਲੂਸ਼ਨ ਮਗਰੋਂ ਭਾ ਤੇ ਬੱਸ ਗੁਜ਼ਾਰਾ ਈ ਚਲਾਂਦਾ ਏ"।

"ਗਰੀਨ ਫ਼ਕਿੰਗ ਰੈਵੋਲੂਸ਼ਨ"।

"ਕੀ ਬੋਲਣੀ ਪਈ ਏਂ?"

"ਕੀ? ਫ਼ਕ? ਇਹ ਮਜਾਜ਼ ਨਾਲ ਰਹਿ ਕੇ ਮੂੰਹ ਤੇ ਚੜ੍ਹ ਗਿਆ ਏ। ਜਦੋਂ ਦਾ ਉਹ ਰਿਹਾ ਹੋਇਆ ਏ, ਅਸੀਂ ਕੱਠੇ ਈ ਹੋਨੇ ਆਂ"।

"ਉਹ ਕਦੋਂ ਰਿਹਾ ਹੋਇਆ?"

"ਡੇਢ੍ਹ ਸਾਲ ਪਹਿਲੋਂ"।

"ਮਜਾਜ਼ ਭਾਈ ਦਾ ਕੀ ਹਾਲ ਏ?"

"ਤੂੰ ਅੱਜ ਸ਼ਾਮੀਂ ਉਹਨੂੰ ਮਿਲ। ਅਸੀਂ ਇੱਥੇ ਐੱਮ–ਆਰ–ਡੀ ਦੀ ਰੈਲੀ ਆਰਗਨਾਇਜ਼ ਕਰਨ ਲਈ ਮੀਟਿੰਗ ਕਰਨੀ ਏ। ਇਹ ਵੱਡਾ ਐਕਸ਼ਨ ਏ, ਸਾਰੀਆਂ ਤੰਜ਼ੀਮਾਂ ਹਿੱਸਾ ਪਾਂਦੀਆਂ ਪਈਆਂ ਨੇਂ। ਮਜਾਜ਼ ਪੀਪਲਜ਼ ਪਾਰਟੀ ਦਾ ਰੈਪ ਏ"।

"ਤੈਨੂੰ ਮਜਾਜ਼ ਪਸੰਦ ਏ?"

"ਪਸੰਦ ਈ ਨਹੀਂ ਸਾਥੀ, ਆਈ ਐਮ ਇੰਨ ਲੱਵ"।

"ਸੱਚੀ?" ਖ਼ਬਰ ਇਕਸਾਈਟਿੰਗ ਏ ਪਰ ਮੈਂ ਆਪਣੇ ਲਈ ਲਫ਼ਜ਼ "ਸਾਥੀ" ਵੀ ਬੜੇ ਚਿਰ ਮਗਰੋਂ ਸੁਣਿਆ ਏ।

ਅਸੀਂ ਏਸ਼ੀਅਨ ਗੇਮਜ਼ ਵਿਚ ਨਹੀਂ ਜਾ ਸਕੇ ਪਰ ਮੈਂ ਰੱਫ਼ੋ ਨਾਲ ਇਕ ਸਟੂਡੰਟ ਕਾਕਸ ਵਿਚ ਸ਼ਾਮਲ ਹੋ ਗਈ ਜਿਹੜਾ ਮਜਾਜ਼ ਚਲਾਂਦਾ ਸੀ। ਅਸੀਂ ਮੰਗਲ ਨੂੰ ਕਦੇ ਇਕ ਸਾਥੀ ਦੇ ਘੱਰ ਮਿਲਦੇ ਜਿਹੜਾ ਪੰਜਾਬ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਸੀ ਤੇ ਕਦੀ ਇਕ ਹੋਰ ਸਾਥੀ ਦੇ ਘੱਰ ਜਿਹੜਾ ਨਿਊ ਕੈਂਪਸ ਲਾਗੇ ਰਹਿੰਦਾ ਸੀ। ਰੱਫ਼ੋ ਮੈਨੂੰ ਬਰੇਕ ਵਿਚ ਲੈ ਲੈਂਦੀ ਤੇ ਕਾਲਜ ਮੁੱਕਣ ਤੋਂ ਪਹਿਲੋਂ ਛੱਡ ਜਾਂਦੀ। ਉਹ ਮੇਰੇ ਸੁੱਚਲ ਤੇ ਸੋਹਣੇ ਦਿਹਾੜੇ ਸਨ, ਮੈਂ ਕਮਿਊਨਿਸਟ ਮੈਨੀਫ਼ੈਸਟੋ ਪੜ੍ਹਿਆ, ਮਾਉਜ਼ੇ ਤੁੰਗ ਦੇ ਖ਼ਿਆਲਾਤ ਪੜ੍ਹੇ, ਫ਼ੈਜ਼ ਤੇ ਉਸਤਾਦ ਦਾਮਨ ਦੀ ਸ਼ਾਇਰੀ ਤੇ ਵਡੇਰੇ ਸਾਥੀਆਂ ਜੀ ਐੱਮ ਸੱਈਅਦ, ਮੇਜਰ ਇਸਹਾਕ ਤੇ ਡਾਕਟਰ ਅਜ਼ੀਜ਼ੁਲ–ਹੱਕ ਦੇ ਲਿਖੇ ਪਮਫ਼ਲਟ ਪੜ੍ਹੇ।

ਕੁੱਝ ਮਹੀਨਿਆਂ ਵਿਚ ਜਨਰਲ ਜ਼ਿਆਅ ਨੇ ਸਿਆਸੀ ਵਰਕਰਾਂ ਆਗੂਆਂ ਦੀ ਫੜਾ ਫੜੀ ਸ਼ੁਰੂ ਕਰ ਦਿੱਤੀ, ਵਿਚ ਪੀਪਲਜ਼ ਪਾਰਟੀ ਦਾ ਮਜਾਜ਼ ਵੀ ਲਪੇਟਿਆ ਗਿਆ। ਸਾਡੇ ਵਰਗੇ ਨਿੱਕੇ

ਮੋਟੇ ਕਾਕਸ ਤੇ ਸਟੱਡੀ ਸਰਕਲ ਯੂਨੀਵਰਸਿਟੀ ਕਾਲਜ ਬੰਦ ਹੋਣ ਨਾਲ ਉੱਕਾ ਠੱਪੇ ਗਏ । ਰੱਫ਼ੋ ਅੰਡਰਗਰਾਉਂਡ ਚਲੀ ਗਈ, ਮੁੜ ਅੱਜ ਪਏ ਮਿਲਣੇ ਆਂ।

"ਤੂੰ ਕਾਲਜੋਂ ਆਕੇ ਕੀ ਕਰਨੀ ਏਂ?" ਰੱਫ਼ੋ ਪੌੜੀਆਂ ਚੜ੍ਹਦਿਆਂ ਪੁੱਛਦੀ ਏ ।

"ਪੜ੍ਹਾਈ, ਸਿਲਾਈ, ਸਫ਼ਾਈ" ਮੈਂ ਬੂਹਾ ਖੋਲਦਿਆਂ ਆਹਨੀ ਆਂ ।

"ਅੰਮਾਂ ਜਾਨ ਦੇ ਵੱਸ ਹੁੰਦਾ ਤੇ ਉਨ੍ਹਾਂ ਮੇਰੇ ਨਾਲ ਇਹੋ ਕਰਨਾ ਸੀ, ਸ਼ਮ੍ਹਾ ਵਾਂਗ ਸੋਲ੍ਹਾਂ ਸਤਰ੍ਹਾਂ ਸਾਲ ਦੀ ਉਮਰ ਵਿਚ ਕਿਸੇ ਉੱਲੂ ਦੇ ਪੱਠੇ ਨਾਲ ਵਿਆਹ । ਸ਼ਮ੍ਹਾ ਨੂੰ ਆਪਣੇ ਹਜ਼ਬੈਂਡ ਕੋਲੋਂ ਈਂ ਜਿਹੀ ਚਿੜ੍ਹ ਏ, ਜਦੋਂ ਸਹੁਰੇ ਜਾਂਦੀ ਏ ਬਿਮਾਰ ਹੋ ਕੇ ਆਂਦੀ ਏ । ਉੱਤੋਂ ਦੋਵੇਂ ਟੱਬਰ ਉਹਨੂੰ ਈ ਸ਼ਾਦੀ ਦੀ ਨਕਾਮੀ ਦਾ ਮਿਹਣਾ ਦਿੰਦੇ ਨੇਂ"।

"ਮੈਂ ਈਂ ਜਿਹੇ ਬੰਦੇ ਨਾਲ ਸ਼ਾਦੀ ਕਰਨਾ ਚਾਹੁਨੀ ਆਂ ਜਿਹੜਾ ਮੈਨੂੰ ਸਮਝਦਾ ਹੋਵੇ" ਮੈਂ ਕਹਿੰਨੀ ਆਂ ਤੇ ਸੋਚਣੀ ਆਂ, ਇਸ ਗੱਲ ਦਾ ਮਤਲਬ ਕੀ ਏ ।

"ਇਹ ਕਦੀ ਸਾਡੀ ਪਸੰਦ ਦੇ ਬੰਦੇ ਨਾਲ ਨਹੀਂ ਵਿਆਹੁਣ ਗੇ । ਸੌ ਬੱਝਾਂ ਲਾਣ ਗੇ, ਉਮਰ ਠੀਕ ਨਹੀਂ, ਨੌਦੋਲਤੀਏ ਨੇਂ, ਟੱਬਰ ਨੀਚ ਏ" ਰੱਫ਼ੋ ਸੋਫ਼ੇ ਤੇ ਬਹਿ, ਆਵਦੇ ਬੈਗ ਨੂੰ ਮੇਜ਼ ਤੇ ਉਲਟਾਂਦੀ ਏ । ਮੇਕ–ਅੱਪ ਦਾ ਸਮਾਨ, ਪੈਨਸਲਾਂ, ਬੈਨਸਨ ਐਂਡ ਹੇਜਿਜ਼ ਦਾ ਪੈਕਟ ਤੇ ਲਾਈਟਰ ਬਾਹਰ ਆ ਪੈਂਦੇ ਨੇਂ ।

"ਕੀ ਲੱਭਣੀ ਏਂ?" ਮੈਨੂੰ ਚੇਤੇ ਐ ਰੱਫ਼ੋ ਐਵੇਂ ਈ ਬੈਗ ਉਲਟਾ ਕੇ ਸ਼ੈਆਂ ਕੱਢਦੀ ਹੁੰਦੀ ਸੀ ।

"ਮੈਂ ਟੈਂਨਸ ਹੋ ਗਈ ਆਂ" ਉਹ ਗੋਲੀਆਂ ਦੀ ਨਿੱਕੀ ਸ਼ੀਸ਼ੀ ਖੋਲਦੀ ਏ ।

"ਪਾਣੀ ਦੇਵਾਂ?"

"ਨਹੀਂ" ਉਹ ਇਕ ਗੋਲੀ ਜੀਭ ਤੇ ਰੱਖ ਕੇ ਲੰਘਾ ਲੈਂਦੀ ਏ "ਤੂੰ ਲੈਣੀ ਏ?" ਉਹ ਹੱਥ ਤੇ ਕੁੱਝ ਗੋਲੀਆਂ ਪਾ ਕੇ ਪੁੱਛਦੀ ਏ ।

"ਇਹਦੇ ਨਾਲ ਕੀ ਹੋਵੇ ਗਾ?"

"ਤੂੰ ਰੀਲੈਕਸ ਹੋ ਜਾਵੇਂਗੀ" ਉਹ ਕਹਿੰਦੀ ਏ "ਲੈ, ਰੱਖ ਲੈ" ਉਹ ਮੈਨੂੰ ਪੰਜ ਛੇ ਗੋਲੀਆਂ ਦਿੰਦੀ ਏ ।

ਮੈਂ ਗੋਲੀਆਂ ਲੈ ਕੇ ਡੈਸਕ ਵੱਲ ਜਾਂਨੀ ਆਂ ।

ਰੱਫ਼ੋ ਮੇਰੇ ਮਗਰ ਆਂਦੀ ਏ ।

ਮੈਂ ਡੈਸਕ ਦਾ ਦਰਾਜ਼ ਖੋਲ ਕੇ ਗੋਲੀਆਂ ਰੱਖਣ ਲਈ ਕੋਈ ਸ਼ੈਅ ਲੱਭਣੀ ਆਂ।

"ਇਹ ਤੇਰੀ ਸਕਰੈਪ ਬੁੱਕ ਏ?" ਰੱਫ਼ੋ ਪੁੱਛਦੀ ਏ ।

"ਹਾਂ"।

"ਮੈਂ ਵੇਖ ਲਾਂ?"

"ਵੇਖ ਲੈ" ਮੈਂ ਨਾ ਤੇ ਨਹੀਂ ਕਰਦੀ ਪਰ ਮੈਨੂੰ ਅੱਚਵੀ ਹੁੰਦੀ ਏ । ਇਹ ਪੰਜਵੀਂ ਜਮਾਤ ਤੋਂ ਮੇਰੀ ਸਕਰੈਪ ਏ, ਇਹਦੇ ਵਿਚ ਕਿੰਨੇ ਈਂ ਜਿਹੇ ਲੋਕੀ ਨੇਂ ਜਿਹੜੇ ਮੈਨੂੰ ਹੁਣ ਨਹੀਂ ਭਾਂਦੇ ।

"ਸ਼ਾਇਰੇ ਮਸ਼ਰਕ ਅੱਲਾਮਾ ਡਾਕਟਰ ਸੱਰ ਮੁਹੰਮਦ ਇਕਬਾਲ" ਰੱਫ਼ੋ ਹੱਸ ਕੇ ਆਹੰਦੀ ਏ ।

ਮੈਂ ਵੀ ਹੱਸ ਪੈਨੀ ਆਂ ।

"ਫ਼ਿਲਮਸਟਾਰ ਦਲੀਪ ਕੁਮਾਰ। ਮਹਾਤਮਾ ਗਾਂਧੀ ਤੇ ਲੈਲਾ ਖ਼ਾਲਿਦ? ਚਲੋ ਦਲੀਪ ਕੁਮਾਰ ਤੇ ਫਿਰ ਵੀ ਠੀਕ ਏ, ਹਰ ਕਿਸੇ ਨੂੰ ਦਲੀਪ ਕੁਮਾਰ ਪਸੰਦ ਏ, ਪਰ ਗਾਂਧੀ ਤੇ ਲੈਲਾ ਖ਼ਾਲਿਦ ਇੱਕੋ ਵਰਕੇ ਤੇ?"

"ਮੈਂ ਜਾਣ ਕੇ ਨਹੀਂ ਕੀਤਾ ।।।।।।"

"ਮਿਰਜ਼ਾ ਗ਼ਾਲਿਬ ਤੇ ਫ਼ੈਜ਼ ਅਹਿਮਦ ਫ਼ੈਜ਼" ਰੱਫ਼ੋ ਵਰਕਾ ਉਲਟਾਂਦੀ ਏ ।

ਪੂਰੇ ਵਰਕੇ ਤੇ ਭੁੱਟੋ ਦੀ ਸਨ ਸੱਤਰ ਵਿਚ ਤਕਰੀਰ ਕਰਦੇ ਦੀ ਮੂਰਤ ਏ । ਰੱਫ਼ੋ ਸਕਰੈਪ ਬੁੱਕ ਬੰਦ ਕਰ, ਡੈਸਕ ਤੇ ਭੁਕਾ ਮਾਰਦੀ ਏ ।

"ਰੱਫ਼ੋ, ਤੋਂ ਭੁੱਟੋ ਨੂੰ ਗਾਂਧੀ ਤੋਂ ਵੱਡਾ ਸਿਆਸਤਦਾਨ ਕਿਉਂ ਸਮਝਣੀ ਏਂ?" ਮੈਂ ਪੁੱਛਣੀ ਆਂ ।

"ਅਵਾਮ ਦਾ ਚੋਣਵਾਂ ਨੁਮਾਇੰਦਾ ਭੁੱਟੋ ਸੀ ਗਾਂਧੀ ਨਹੀਂ"।

"ਪਰ ਗਾਂਧੀ ਨੂੰ ਜਿਵੇਂ ਅਵਾਮ ਦੀ ਸਪੋਰਟ ਮਿਲੀ ਉਹ ਤੇ ਬਰ-ਏ-ਸਗ਼ੀਰ ਦੇ ਕਿਸੇ ਸਿਆਸਤਦਾਨ ਨੂੰ ਨਹੀਂ ਮਿਲੀ"।

"ਉਹਦੀ ਸੱਪੋਰਟ ਜ਼ਰਏ ਮਜ਼ਦੂਰਾਂ ਵਿਚ ਸੀ ਪ੍ਰੋਲਤਾਰੀ ਵਿਚ ਨਹੀਂ, ਇੰਜ ਅਪਣੀ ਸਿਆਸਤ ਵਿਚ ਉਹ ਕੱਟਰ ਹਿੰਦੂ ਸੀ" ਰੱਫ਼ੋ ਬੈਨਸਨ ਐਂਡ ਹੇਜਿਜ਼ ਦਾ ਪੈਕਟ ਹੱਥਾਂ ਵਿਚ ਘੁਮਾਂਦੀ ਏ ।

ਇਸ ਤੋਂ ਪਹਿਲੋਂ ਕਿ ਉਹ ਮੇਰੇ ਕਮਰੇ ਵਿਚ ਸਿਗਰੇਟ ਬਾਲੇ, ਮੈਂ ਉਹਨੂੰ ਬਾਹਰ ਛੱਤ ਤੇ ਲੈ ਜਾਨੀ ਆਂ ।

ਇੱਥੇ ਬੁੱਲਿਆਂ ਵਿਚ ਭਾਵੇਂ ਗੈਸੋਲੀਨ ਦੀ ਹਮਕ ਹੋਵੇ, ਵਾਅ ਵੱਲ ਵੀ ਨਿਰੋਲ ਏ ।

ਅਸੀਂ ਵੇਲੋ ਪਾਸੇ ਦੇ ਬੰਨੇ ਜਾ ਕੇ ਬਹਿ ਜਾਂਨੇ ਆਂ ।

"ਸਕੀਨਾ ਤੈਨੂੰ ਸੱਚੀ ਦੱਸਾਂ, ਮੇਰਾ ਭਰਾ ਇਕ ਫ਼ਕਿੰਗ ਆਸ ਹੋਲ ਏ"।

"ਅੱਛਾ? ਕਿਵੇਂ?"

"ਪੈਸੇ ਪਿੱਛੇ ਲੱਗਾ ਰਹਿੰਦਾ ਏ । ਹੋਰ ਫ਼ੈਕਟਰੀਆਂ, ਹੋਰ ਮੁਨਾਫ਼ਾ" ਰੱਫ਼ੋ ਸਿਗਰਟ ਬਾਲਦੀ ਏ । "ਉਹਦੇ ਤੋਂ ਭੈੜੀ ਗੱਲ, ਰੋਜ਼ ਰਾਤੀਂ ਸ਼ਰਾਬ ਪੀਂਦਾ ਤੇ ਜੁਆ ਖੇਡਦਾ ਏ"।

"ਫਿਰ ਉਹ ਭਾਅ ਤੇ ਆਵਦੇ ਤਬਕੇ ਦੇ ਦੂਜੇ ਮਰਦਾਂ ਵਾਂਗਰ ਹੋਇਆ" ।

ਭਾਅ ਦਾ ਤਬਕਾ ਤੇ ਮੇਰਾ ਵੀ ਏ । ਆਵਦੇ ਮੇਲ ਦੇ ਜਿੰਨੇ ਮਰਦਾਂ ਨੂੰ ਮੈਂ ਜਾਨਣੀ ਆਂ, ਉਨ੍ਹਾਂ ਵਿੱਚੋਂ ਕਿਸੇ ਨਾਲ ਮੇਰੀ ਕੋਈ ਸਾਂਝ ਨਹੀਂ ਬਣਦੀ । ਭਾਅ, ਮੇਰੇ ਚਾਚਿਆਂ ਮਾਮਿਆਂ ਦੇ ਪੁੱਤਰ । ਮੇਰੇ ਮੇਲ ਦੀਆਂ ਔਰਤਾਂ? ਇਹ ਠੀਕ ਏ ਕਿ ਮੈਂ ਉਹ ਸੱਭ ਕਰਨ ਦੀ ਚਾਹੀਵਾਨ ਨਹੀਂ ਜੋ ਰੱਫ਼ੋ ਕਰਦੀ ਏ, ਜਿਵੇਂ ਬਿਨਾਂ ਨਿਕਾਹ ਕਿਸੇ ਮਰਦ ਨਾਲ ਤਾਅਲੁੱਕ ਰੱਖਣਾ, ਪਰ ਫਿਰ ਵੀ ਮੈਨੂੰ ਆਵਦਾ ਆਪ ਉਹਦੇ ਨੇੜੇ ਲਗਦਾ ਏ ।

ਸਾਹਮਣੇ ਸੀਮੰਟ ਦੀਆਂ ਛੱਤਾਂ, ਫ਼ਿਲਮ ਪ੍ਰੋਡਿਊਸਰ ਦੇ ਵੇੜ੍ਹੇ ਵਿਚ ਲੱਗੇ ਅੰਬਾਂ ਦੇ ਰੁੱਖ, ਤਨੂਰ ਆਲੀ ਗਲੀ ਤੋਂ ਪਾਰ ਉਗਰੇ ਬਰਗਦ ਤੇ ਬਾਬਾ ਸ਼ਾਹ ਜਮਾਲ ਦਾ ਸਾਵਾ ਗੁੰਬਦ, ਹੋਰ ਰੁੱਖ ਤੇ ਫਿਰ ਨਹਿਰ । ਜਾਪਦਾ ਏ, ਮੈਂ ਕਿਸੇ ਪਹਾੜ ਤੇ ਖਲੀ ਕੋਈ ਸੋਹਣਾ ਨਜ਼ਾਰਾ ਵੇਹਨੀ ਪਈ ਆਂ ।

ਮੇਲੇ ਤੇ ਢੋਲ ਵੱਜਣ ਲੱਗ ਪਿਆ ਏ ।

"ਕਿੰਨੀ ਅਨਸਪਾਈਰਿੰਗ ਵਾਜ ਏ" ਰੱਫ਼ੋ ਕੱਸ਼ ਲੈ ਕੇ ਸਿਗਰਟ ਮੈਨੂੰ ਦਿੰਦੀ ਏ । "ਸ਼ਾਹ ਜਮਾਲ ਇੱਥੋਂ ਕਿੰਨੀ ਦੂਰ ਏ?"

"ਦੂਰ ਅਸਲੋਂ ਨਹੀਂ, ਪਰਲੀ ਸੜਕ ਏ" ਮੈਂ ਬਲਦੀ ਸਿਗਰਟ ਨੂੰ ਫ਼ਿਲਟਰ ਤੋਂ ਫੜਨੀ ਆਂ ।

"ਤੂੰ ਮੇਲੇ ਤੇ ਜਾਂਨੀ ਏਂ?"

"ਅਖ਼ੀਰਲੇ ਦਿਹਾੜੇ" ਮੈਂ ਸਿਗਰਟ ਦਾ ਧੂਆਂ ਛਿੱਕ ਕੇ ਅੰਦਰ ਲਿਜਾਂਨੀ ਆਂ ਤੇ ਮੁੜ ਨੱਕੋਂ ਬਾਹਰ ਕੱਢ ਦੇਨੀ ਆਂ, ਖਾਂਸੀ ਨਹੀਂ ਆਂਦੀ । ਹੁੱਕਾ ਵੀ ਤਮਾਕੂ ਹੁੰਦਾ ਏ, ਮੈਂ ਨਿੱਕਿਉਂ ਲਾ ਉਹਦੇ ਤੇ ਗੁੜਗੁੜ ਕਰਦੀ ਰਹੀ ਆਂ ।

"ਅਖ਼ੀਰਲੇ ਦਿਨ ਕੀ ਰਹਿ ਜਾਂਦਾ ਏ?" ਰੱਫ਼ੋ ਹੱਸਦੀ ਏ "ਤੈਨੂੰ ਅੱਜ ਜਾਣਾ ਚਾਹੀਦਾ ਏ"।

"ਪਤਾ ਏ ਪਰ ਮੈਨੂੰ ਇਜਾਜ਼ਤ ਨਹੀਂ ਮਿਲਣੀ" ਮੈਂ ਸੁੱਕੇ ਗਲੇ ਨਾਲ ਕਹਿਨੀ ਆਂ ।

"ਕਿਉਂ?" ਰੱਫ਼ੋ ਸਿਗਰਟ ਵਾਪਸ ਲੈ ਲੈਂਦੀ ਏ ।

"ਮਾਂ ਜੀ ਕਹਿੰਦੇ ਨੇਂ ਸ਼ੁਰੂ ਦਿਨਾਂ ਵਿੱਚ ਫ਼ਕੀਰ ਤੇ ਗ਼ੁੰਡੇ ਬਹੁਤੇ ਹੁੰਦੇ ਨੇਂ" ।

"ਮੈਂ ਅੱਜ ਰਾਤੀਂ ਉੱਥੇ ਕਿਧਰੇ ਹੋਵਾਂਗੀ" ਉਹ ਸਾਹਮਣੇ ਘਰਾਂ ਵੱਲ ਉਂਗਲ ਕਰਦੀ ਏ "ਉੱਥੇ ਇਕ ਮੀਟਿੰਗ ਏ ਤੇ ਫਿਰ ਅਸੀਂ ਮੇਲੇ ਤੇ ਜਾਣਾ ਏ, ਤੂੰ ਵੀ ਚੱਲ"।

"ਮੈਨੂੰ ਇਜਾਜ਼ਤ ।।।।।" ਕਿੰਨਾ ਅਸਾਨ ਏ ਐਨੀ ਨੇੜੇ ਜਾਣਾ । ਇੰਜ ਹੋ ਸਕਦਾ ਏ ਕਿ ਮੈਂ ਅੱਜ ਮੀਟਿੰਗ ਤੇ ਵੀ ਪੁੱਜਾਂ ਤੇ ਮੇਲੇ ਤੇ ਵੀ? ਜੇ ਮੈਂ ਸਾਈਂ ਜੀ ਨੂੰ ਆਖਾਂ ਕਿ ਮਾਸੀ ਨੂੰ ਆਖਣ ਕਿ ਮਾਂ ਜੀ ਤੋਂ ਪੁੱਛੇ । ਛੱਡੋ ਪਰਾਂਹ, ਮੈਂ ਖਿੱਜ ਜਾਂਨੀ ਆਂ ।

"ਮੈਂ ਤੈਨੂੰ ਘਰੋਂ ਲੈ ਲਾਂਗੀ"।

"ਨਹੀਂ, ਤਨੂਰ ਆਲੀ ਗਲੀਉਂ"।

"ਠੀਕ ਏ, ਮੈਂ ਉਥੇ ਪੌਨੇ ਨੌਂ ਤੋਂ ਨੌਂ ਵਜੇ ਤਾਈਂ ਸੈਰ ਕਰਾਂਗੀ । ਹੋਰ?" ਰੱਫ਼ੋ ਮੈਨੂੰ ਮੁਕਦਾ ਸਿਗਰਟ ਵਿਖਾਂਦੀ ਏ।

"ਨਹੀਂ । ਅੰਦਰ ਚਲੀਏ?"

"ਮੈਂ ਗਲੀ ਵਿਚ ਪੰਦਰ੍ਹਾਂ ਵੀਹ ਮਿੰਟ ਰਹਵਾਂਗੀ" ਰੱਫ਼ੋ ਜੁੱਤੀ ਦੀ ਅੱਡੀ ਨਾਲ ਸਿਗਰਟ ਬੁਝਾਂਦੀ ਏ ।

ਅੰਮਾਂ ਜੀਵਾਂ ਮੇਰੇ ਕਮਰੇ ਦੇ ਬੂਹੇ ਵਿਚ ਖਲੀ ਸਾਨੂੰ ਚਾਅ ਪੀਣ ਲਈ ਬੁਲਾਂਦੀ ਪਈ ਏ । ਖ਼ੌਰੇ ਉਹਨੇ ਸਾਨੂੰ ਸਿਗਰਟ ਪੀਂਦੇ ਵੇਖ ਲਿਆ ਹੋਣਾ ਏ?

ਹੇਠਾਂ ਸਾਡੀਆਂ ਮਾਵਾਂ ਹਾਲੀ ਤੋੜੀ ਆਪਣੇ ਆਪਣੇ ਟੱਬਰਾਂ ਦੀ ਦੌਲਤ ਤੇ ਅਸਰ ਰਸੂਖ਼ ਦੀਆਂ ਗੱਲਾਂ ਕੀਤੀ ਆਂਦੀਆਂ ਨੇਂ । ਰੱਫ਼ੋ ਮਾਂ ਜੀ ਨੂੰ ਪੁੱਛਦੀ ਏ ਜੇ ਉਹ ਮੈਨੂੰ ਰਾਤੀਂ ਲਿਬਰਟੀ ਮਾਰਕੀਟ ਆਇਸ-ਕਰੀਮ ਖਾਣ ਲਈ ਲੈ ਜਾ ਸਕਦੀ ਏ ਪਰ ਮਾਂ ਜੀ ਇਨਕਾਰ ਕਰ ਦਿੰਦੇ ਨੇਂ ।

ਬੇਗਮ ਦੋਲਾ ਜਾਂਦਿਆਂ ਬੂਹੇ ਤੇ ਮੈਨੂੰ ਇਕ ਹੋਰ ਸਾਹ ਘੁੱਟ ਜੱਫੀ ਪਾਂਦੀ ਏ ਤੇ ਆਂਟੀ ਅਨੀਲਾ ਨੂੰ ਗੱਲ ਬਾਤ ਵਧਾਣ ਲਈ ਪਿੱਛੇ ਛੱਡ ਜਾਂਦੀ ਏ ।

ਮੈਂ ਭੱਜ ਕੇ ਉੱਤੇ ਜਾ, ਰੇਸ਼ਮੀ ਸੂਟ ਲਾਹ, ਕਾਟਨ ਦਾ ਸ਼ਲਵਾਰ ਕੁਰਤਾ ਪਾ ਲੈਨੀ ਆਂ ।

ਥੱਲੇ ਆਂਨੀ ਆਂ, ਮਾਂ ਜੀ ਦੇ ਕਮਰੇ ਵਿੱਚੋਂ ਆਂਟੀ ਅਨੀਲਾ ਦੀਆਂ ਅਵਾਜ਼ਾਂ ਆਂਦੀਆਂ ਪਈਆਂ ਨੇਂ ।

"ਪ੍ਰਵੀਨ, ਬਰਾਦਰੀ ਤੇ ਚੰਗੀ ਏ ਪਰ ਮੈਂ ਉਨ੍ਹਾਂ ਦੇ ਮੁਤਾਲਬਿਆਂ ਤੇ ਹਰਿਆਣ ਆਂ । ਗੁਲਬਰਗ ਵਿਚ ਘੱਰ ਈ ਕਰੋੜਾਂ ਦਾ ਪਵੇ ਗਾ ਤੇ ਉੱਤੋਂ ਨਕਦ ਵੀ ਲਾਓ ਤੇ ਕਾਰ ਵੀ ਦਿਓ । ਤੈਨੂੰ ਤੇ ਪਤਾ ਏ, ਅਸੀਂ ਸਿੱਧੇ ਜਿਹੇ ਜ਼ਿਮੀਂਦਾਰ ਆਂ, ਇਹ ਕਰਖ਼ਾਨਿਆਂ ਆਲੇ ਸਾਨੂੰ ਪੁੱਜਦੇ ਨਹੀਂ" ।

"ਆਪਾ ਜੀ, ਉਹਨੇ ਉਹੋ ਕੁੱਝ ਮੰਗਿਆ ਏ ਜਿਹੜਾ ਮਵਾਨਿਆਂ ਨੇ ਦੇਣ ਦਾ ਆਖਿਆ ਸੀ । ਗੁਲਬਰਗ ਵਿੱਚ ਕੋਠੀ, ਦਾਜ ਦੀ ਥਾਂ ਕੈਸ਼ ਤੇ ਨਵੀਂ ਕਾਰ" ।

"ਤੇ ਫਿਰ ਇਹ ਉੱਥੇ ਜਾਣ, ਮਵਾਣੇ ਵੀ ਤੇ ਜੱਦੀ ਪੁਸ਼ਤੀ ਅਮੀਰ ਨੇਂ" ।

"ਬੇਗਮ ਦੋਲਾ ਦੀ ਤੇ ਬੇਗਮ ਮਵਾਣਾ ਦੀ ਬਣਦੀ ਨਹੀਂ, ਨਾਲੇ ਉਨ੍ਹਾਂ ਦੀ ਧੀ ਮੇਰੀ ਤਰ੍ਹਾਂ ਸਾਦੀ ਸ਼ਕਲ ਦੀ ਏ । ਅਪਣੀ ਸਕੀਨਾ ਸੋਹਣੀ ਵੀ ਏ ਤੇ ਸਭਾਅ ਆਲੀ ਵੀ" ।

"ਉਹਨੇ ਇਹ ਆਖਿਆ?"

"ਜਾਂਦਿਆਂ ਬੇਗਮ ਦੋਲਾ ਮੇਰੇ ਕੰਨ ਵਿਚ ਆਖਿਆ, ਪ੍ਰਵੀਨ ਇਹ ਕੁੜੀ ਮੈਨੂੰ ਲੈ ਦੇ, ਇਹ ਸੋਹਣੀ ਵੀ ਏ ਤੇ ਤਾਬੇਅਦਾਰ ਵੀ"।

"ਮਾਸ਼ਾ ਅੱਲਾਹ"।

ਮੈਂ ਪਰਦਾ ਪਰੇ ਕਰ ਕੇ ਅੰਦਰ ਆਂਨੀ ਆਂ ।

"ਪਰ ਬੜੀ ਮਜਾਜਣ ਏ, ਜੇ ਉਹਦੀ ਧੀ ਨਾ ਉੱਠ ਖਲੋਂਦੀ ਤੇ ਉਹ ਜਾਂਦੀ ਸੀ" ਮਾਂ ਜੀ ਪਰਸ ਵਿੱਚੋਂ ਕੁੱਝ ਰੁਪਏ ਕੱਢ ਆਂਟੀ ਅਨੀਲਾ ਨੂੰ ਦਿੰਦੇ ਨੇਂ ।

"ਮਿਹਰਬਾਨੀ ਆਪਾ ਜੀ" ਉਹ ਬਿਨਾਂ ਗਿਣੇ ਬਟਵੇ ਵਿੱਚ ਪਾ ਲੈਂਦੀ ਏ "ਤੁਸੀਂ ਸੋਚ ਸਮਝ ਲਵੋ । ਈਂ ਜਿਹੇ ਵੱਡੇ ਖ਼ਾਨਦਾਨ ਦੀ ਨੂੰਹ ਬਣੀ ਤੇ ਸਕੀਨਾ ਨੂੰ ਭਾਗ ਲੱਗ ਜਾਣਗੇ । ਬੇਗਮ ਦੋਲਾ ਲਾਲਚੀ ਹੋਵੇਗੀ ਪਰ ਬੁਰ ਦਿਲੀ ਯਾ ਜ਼ਾਲਮ ਨਹੀਂ । ਇਹ ਗੱਲ ਵੱਡੀ ਬੇਗਮ, ਉਹਦੀ ਸੱਸ, ਆਪ ਆਹੰਦੀ ਏ" ।

ਅੰਮਾਂ ਜੀਵਾਂ ਤਾਜ਼ੀ ਚਾਅ ਦੀ ਟਰਾਲੀ ਲਈ ਆਂਦੀ ਏ ।

"ਮਾਸ਼ਾ ਅੱਲਾਹ ਪ੍ਰਵੀਨ, ਹੋਰ ਚਾ?"

"ਆਪਾ ਜੀ, ਮੈਂ ਹੁਣ ਚੱਲਾਂ, ਬੱਚੇ ਟਿਊਸ਼ਨ ਪੜ੍ਹ ਕੇ ਵਾਪਸ ਆ ਗਏ ਹੋਣੇ ਨੇਂ, ਸੱਤ ਵੱਜਦੇ ਪਏ ਨੇਂ" ।

"ਜੀਵਾਂ, ਪ੍ਰਵੀਨ ਦੇ ਬਾਲਾਂ ਲਈ ਡੱਬੇ ਵਿੱਚ ਮਠਿਆਈ ਪਾ ਦੇ ਤੇ ਫ਼ਤੂ ਮੁਹੰਮਦ ਨੂੰ ਆਖ ਰਿਕਸ਼ਾ ਲਿਆਵੇ" ।

ਜਿਵੇਂ ਈ ਆਂਟੀ ਅਨੀਲਾ ਤੇ ਅੰਮਾਂ ਜੀਵਾਂ ਜਾਂਦੇ ਨੇਂ, ਮਾਂ ਜੀ ਮੇਰੇ ਵੱਲ ਧਿਆਨ ਕਰਦੇ ਨੇਂ ।

"ਸਕੀਨਾ, ਇਕ ਵਡੇਰੀ ਔਰਤ ਅੱਗੇ ਜ਼ਬਾਨ ਚਲਾਣ ਤੇ ਮੁੜ ਉਹਦੇ ਨਾਲ ਆਢਾ ਲਾਣ ਦੀ ਕੋਈ ਲੋੜ ਨਹੀਂ ਸੀ । ਬੇਟਾ, ਮੈਂ ਤੈਨੂੰ ਕਿੰਨੀ ਵਾਰੀ ਸਮਝਾਇਆ ਏ ਬਈ ਪ੍ਰੋਹਣਿਆਂ ਅੱਗੇ ਬੋਲੀ ਦਾ ਨਹੀਂ, ਬਸ ਉਹ ਜੋ ਪੁੱਛਣ ਉਹਦਾ ਜਵਾਬ ਦਈ ਦਾ ਏ"।

"ਪਰ ਮਾਂ ਜੀ, ਐਵੇਂ ਮੈਂ ਉਨ੍ਹਾਂ ਨੂੰ ਧੋਖਾ ਦਿੰਦੀ ਪਈ ਹੋਵਾਂਗੀ" ।

"ਧੋਖਾ ਕਾਹਦਾ? ਅਸੀਂ ਕੋਈ ਅਪਾਹਜ ਪੁਨਾ ਲੁਕਾਂਨੇ ਪਏ ਆਂ ਯਾਂ ਸਾਡੇ ਕੋਲ ਤੇਰੇ ਦਾਜ ਲਈ ਪੈਸਾ ਕੁ ਨੀ?"

"ਮੈਂ ਆਵਦੇ ਆਪ ਨੂੰ ਕੋਈ ਹੋਰ ਬਣਾ ਕੇ ਵਖਾਵਾਂਗੀ ਤੇ ਬਾਅਦ ਵਿਚ ਉਨ੍ਹਾਂ ਨੂੰ ਅਸਲ ਪਤਾ ਲੱਗੇ ਗਾ" ।

"ਤੂੰ ਕੋਣ ਏਂ? ਇਕ ਨੇਕ ਬੱਚੀ ਜਿਹਨੇ ਅੱਜ ਤੋੜੀ ਕਿਸੇ ਦਾ ਦਿਲ ਨਹੀਂ ਦੁਖਾਇਆ ਤੇ ਜਿਹੜੀ ਹਰ ਵੇਲੇ ਦੂੱਜਿਆਂ ਦਾ ਭਲਾ ਚਾਹੁੰਦੀ ਏ । ਪਿੰਡ ਵਿਚ ਹਰ ਕੋਈ ।।।।।।"

"ਪਰ ਮਾਂ ਜੀ, ਮੈਂ ਆਵਦੀ ਹਯਾਤੀ ਬਾਰੇ ਆਪ ਸੋਚਣਾ ਚਾਹੁੰਨੀ ਆਂ, ਮੈਂ ।।।।।।"

"ਮੇਰੀ ਗੱਲ ਕੰਨ ਲਾ ਕੇ ਸੁਣ । ਜਵਾਨੀ ਬੇਲਗਾਮ ਘੋੜੀ ਹੁੰਦੀ ਏ, ਅਮੋੜ ਤੇ ਅੜੱਬ । ਪਰ ਹਯਾਤੀ ਆਪਣੀਆਂ ਮਰਜ਼ੀਆਂ ਕੀਤਿਆਂ ਨਹੀਂ ਲੰਘਦੀ । ਇਹਦੇ ਲਈ ਨਫ਼ਸ ਤੇ ਕਾਬੂ ਪਾਣਾ ਪੈਂਦਾ ਏ । ਆਵਦੀ ਚੰਗਿਆਈ ਲਈ ਤੈਨੂੰ ਨਫ਼ਸ ਨੂੰ ਜ਼ੇਰ ਕਰਨਾ ਪਏ ਗਾ । ਹੁਣ ਤੂੰ ਇਸ ਵਕਾਲਤ ਦੀ ਝੱਕ ਵਿਚ ਪਈ ਹੋਈ ਏਂ, ਮੇਰੀ ਗੱਲ ਲਿਖ ਕੇ ਰੱਖ ਲੈ, ਇਕ ਦੋ ਵਰ੍ਹਿਆਂ ਮਗਰੋਂ ਤੈਨੂੰ ਵਕਾਲਤਾਂ ਚੇਤੇ ਵੀ ਨਹੀਂ ਹੋਣੀਆਂ" ।

"ਮਾਂ ਜੀ ਇਹ ਕੋਈ ਝੱਕ ਨਹੀਂ, ਮੈਂ ਆਵਦੇ ਲਈ ਆਪ ਪੈਸੇ ਕਮਾਣਾ ਚਾਹੁੰਨੀ ਆਂ ।।।।।।"

"ਤੈਨੂੰ ਪੈਸਿਆਂ ਦੀ ਕੀ ਲੋੜ ਏ? ਕਦੀ ਤੈਨੂੰ ਦੂਜੀ ਵਾਰੀ ਮੰਗਣਾ ਪਿਆ ਏ? ਤੇਰਾ ਭਰਾ ਦੱਸ ਪਿਉਵਾਂ ਤੋਂ ਵੱਧ ਤੇਰੀ ਕਰਦਾ ਏ ਤੇ ਫਿਰ ਤੂੰ ਨਾਸ਼ੁਕਰੀ ਕਿਉਂ ਪਈ ਬਣਨੀ ਏਂ? ਸੋਚ, ਜੇ ਤੋਂ ਉਮਰਾਂ ਦੇ ਘੱਰ ਪੈਦਾ ਹੁੰਦੀਉਂ, ਨੂਰ ਜਮਾਲੋ ਦੀ ਭੈਣ ਬਣ ਕੇ, ਤੇਰੇ ਮਾਂ ਪਿਓ ਕੋਲ ਤੇਰੇ ਦਾਜ ਲਈ ਪੈਸੇ ਨਾ ਹੁੰਦੇ, ਤੇਰਾ ਸਾਈਂ ਰੋਜ਼ ਦਿਹਾੜੇ ਹੱਡੀਆਂ ਸੇਕ ਕੇ ਤੈਨੂੰ ਮਾਪਿਆਂ ਕੋਲ ਲਿਆ ਸੁੱਟਦਾ ਬਈ ਪੈਸੇ ਲਿਆ, ਤੇ ਮੁੜ?"

ਮੇਰਾ ਤਰਾਹ ਨਿਕਲ ਜਾਂਦਾ ਏ । ਮੈਨੂੰ ਨੂਰੋ ਨਾਲ ਬੜਾ ਪਿਆਰ ਏ ਪਰ ਨਹੀਂ ਆਖ ਸਕਦੀ ਕਿ ਜੇ ਮੈਂ ਉਹਦੀ ਭੈਣ ਹੁੰਦੀ ਤੇ ਮੇਰੀ ਹਯਾਤੀ ਕਿਵੇਂ ਲੰਘਦੀ ।

ਅੰਮਾਂ ਜੀਵਾਂ ਹੁੱਕਾ ਲਈ ਆਂਦੀ ਏ । ਪ੍ਰੋਹਣਿਆਂ ਪਾਰੋਂ ਅੱਜ ਉਸ ਮਾਂ ਜੀ ਦਾ ਪੁਰਾਣਾ ਆਂਖ ਕੇ ਨਸ਼ੇ ਦਾ ਕਲੇਜੀ ਰੰਗਾ ਸੂਟ ਪਾਇਆ ਹੋਇਆ ਏ ਤੇ ਬੋਛਣ ਤੇ ਬਰੀਕ ਸੁਨਹਿਰੀ ਫ਼ੀਤਾ ਏ । ਅੰਮਾਂ ਜੀਵਾਂ ਮਾਂ ਜੀ ਜਿੰਨੀ ਲੰਮੀ ਏ ਪਰ ਅੱਡੀਆਂ ਤੋਂ ਨਿਉਂਦੀ ਹੋਈ । ਮਾਂ ਜੀ ਦਾ ਰੰਗ ਖਿਲਦਾ ਹੋਇਆ ਏ, ਅੱਖੀਂ ਮੋਟੀਆਂ, ਬੁੱਲ੍ਹ ਮਲੂਕ ਤੇ ਨੱਕ ਸਿੱਧਾ । ਅੰਮਾਂ ਜੀਵਾਂ ਦਾ ਰੰਗ ਪੱਕਾ, ਚਿਹਰਾ ਗੋਲ, ਅੱਖੀਂ ਲੰਮੀਆਂ, ਬੁੱਲ੍ਹ ਭਰੇ ਭਰੇ ਤੇ ਨੂਰੋ ਵਾਂਗਰ ਨੱਕ ਜ਼ਰੀ ਫੀਨਾ ।

ਨੂਰੋ ਦਾ ਤੇ ਮੇਰਾ ਮੇਲ ਈ ਨਹੀਂ, ਨਸਲ ਵੀ ਵੱਖ ਏ ।

"ਬੇਟਾ, ਤੂੰ ਕਿਉਂ ਸੋਚੀਂ ਪੈ ਗਈ ਏਂ?" ਮਾਂ ਜੀ ਮੈਨੂੰ ਚਾਅ ਦਾ ਕੱਪ ਦਿੰਦੇ ਨੇਂ ।

"ਮੈਨੂੰ ਅਚਰਜ ਲਗਦਾ ਏ ਕਿ ਵੱਡੇ ਹੋ ਕੇ ਵੀ ਮੈਂ ਕਿਸੇ ਹੋਰ ਦੇ ਪੈਸੇ ਤੇ ਰਹਵਾਂਗੀ" ਚਾਹ ਦੇ ਕੱਪ ਦੀ ਗਰਮੈਸ਼ ਮੇਰੀਆਂ ਤਲੀਆਂ ਵਿੱਚ ਏ ।

"ਕਿਉਂ? ਤੇਰਾ ਟੱਬਰ ਕੋਈ ਭੁੱਖਾ ਨੰਗਾ ਏ? ਅਸੀਂ ਵਿਆਹ ਤੇ ਤੈਨੂੰ ਦਾਜ ਦਿਆਂਗੇ ਫਿਰ ਸਾਰੀ ਉਮਰ ਈਦਾਂ ਸ਼ਬਰਾਤਾਂ, ਖ਼ੁਸ਼ੀਆਂ ਗ਼ਮੀਆਂ ਤੇ ਵੱਖ ਦਿਆਂਗੇ" ।

ਨੂਰੋ ਬਾਰੇ ਮਾਂ ਜੀ ਦੇ ਸਵਾਲ ਦਾ ਮੈਂ ਜਵਾਬ ਨਹੀਂ ਦਿੱਤਾ, ਮਾਂ ਜੀ ਵੀ ਭੁਲ ਗਏ ਨੇਂ ਯਾਂ ਖ਼ੋਰੇ ਉਹ ਬੱਸ ਇਹ ਚਾਹੁੰਦੇ ਹੋਣ ਕਿ ਮੈਂ ਇਸ ਬਾਰੇ ਸੋਚਾਂ ।

"ਪਰ ਮਾਂ ਜੀ ਇਹ ਵੀ ਅਜਬ ਏ ਕਿ ਮੈਨੂੰ ਕਿਸੇ ਨਾਲ ਰਹਿਣਾ ਪਏ ਗਾ ਜਿਹਨੂੰ ਮੈਂ ਜਾਣਦੀ ਵੀ ਨਹੀਂ" ਮੈਂ ਘਾਬਰ ਕੇ ਆਹਨੀ ਆਂ ।

"ਤੂੰ ਮੁੰਡੇ ਤੇ ਮੁੰਡੇ ਆਲਿਆਂ ਨੂੰ ਸ਼ਾਦੀ ਤੋਂ ਪਹਿਲੋਂ ਮਿਲੇਂਗੀ। ਬੇਟਾ, ਜੱਦੀ ਪੁਸ਼ਤੀ ਘਰਾਣਿਆਂ ਦਾ ਰਹਿਣ ਸਹਿਣ ਇੱਕੋ ਜਿਹਾ ਹੁੰਦਾ ਏ । ਇਨ੍ਹਾਂ ਦੋਲਿਆਂ ਨੂੰ ਈ ਵੇਖ ਲੈ, ਤੂੰ ਉਨ੍ਹਾਂ ਦੀ ਧੀ ਨੂੰ ਇੱਕੋ ਵਾਰੀ ਮਿਲੀ ਸੈਂ ਪਰ ਤੁਸੀਂ ਐਵੇਂ ਘੁੱਲ ਮਿਲ ਗਈਆਂ ਜਿਵੇਂ ਗੂੜ੍ਹੀਆਂ ਸਹੇਲੀਆਂ"।

"ਪਰ ਮੁੰਡੇ ਕੁੜੀਆਂ ਤੋਂ ਅੱਡ ਹੁੰਦੇ ਨੇਂ" ਮੈਂ ਮਾਂ ਜੀ ਨੂੰ ਨਹੀਂ ਦੱਸਦੀ ਕਿ ਮੈਂ ਤੇ ਰੱਫ਼ੋ ਕਿੰਨੀ ਕੁ ਵਾਰ ਮਿਲੇ ਸਾਂ ।

"ਜਾਨਵਰਾਂ ਕੋਲ ਵੀ ਰਹੀਏ ਤੇ ਉਨ੍ਹਾਂ ਨਾਲ ਪਿਆਰ ਪੈ ਜਾਂਦਾ ਏ, ਤੂੰ ਐਵੇਂ ਫ਼ਿਕਰਾਂ ਲਾਈ ਰੱਖਣੀ ਏਂ" ।

ਜਾਨਵਰ? ਮਾਂ ਜੀ ਦਾ ਕੀ ਮਤਲਬ ਏ ? ਪਾਲਤੂ ਕੁੱਤੇ ? ਬਿੱਲੀਆਂ ?

"ਮੈਂ ਆਅਲਾ ਤਾਅਲੀਮ ਲਈ ਬਾਹਰ ਜਾਣਾ ਚਾਹੁੰਨੀ ਆਂ" ਮੈਂ ਆਹਨੀ ਆਂ ।

"ਨੀ ਕਮਲੀਏ, ਤੈਨੂੰ ਕੱਲਿਆਂ ਕਾਲਜ ਜਾਣ ਦੀ ਇਜਾਜ਼ਤ ਨਹੀਂ ਤੇ ਤੇਰੀ ਸੁਰਤ ਏ ਬਈ ਤੇਰਾ ਭਰਾ ਤੈਨੂੰ ਪੜ੍ਹਨ ਲਈ ਸੱਤ ਸਮੁੰਦਰ ਪਾਰ ਭੇਜੇ ਗਾ?"

"ਜ਼ਨਾਨੀਆਂ ਪੜ੍ਹਨ ਬਾਹਰ ਜਾਂਦੀਆਂ ਨੇਂ" ।

"ਤੂੰ ਬਾਹਰ ਜਾਣਾ ਚਾਹੁੰਨੀ ਏਂ, ਅਸੀਂ ਉੱਥੇ ਕੋਈ ਚੰਗਾ ਟੱਬਰ ਵੇਹਨੇ ਆਂ। ਮੈਂ ਤੇਰੀ ਆਂਟੀ ਸਾਬਰ ਨੂੰ ਕਨਾਡਾ ਵਿਚ ਚਿੱਠੀ ਪਾਵਾਂਗੀ, ਉਹਨੂੰ ਵਲੈਤ ਵਿਚ ਸਾਰੇ ਉੱਚੇ ਪੰਜਾਬੀਆਂ ਦੀ ਖ਼ਬਰ ਹੋਵੇਗੀ" ।

"ਮੇਰਾ ਖ਼ਿਆਲ ਸੀ ਅੰਕਲ ਸਾਬਰ ਇੰਗਲੈਂਡ ਨੇਂ" ।

"ਆਹੋ, ਉਹ ਤੇ ਉੱਥੇ ਈ ਏ, ਉਹਦੀ ਭੈਣ ਤੇ ਉਹਦਾ ਬਾਲ ਬੱਚਾ ਕਨਾਡਾ ਚਲੇ ਗਏ ਸਨ । ਇਹ ਦੋਲਿਆਂ ਦਾ ਟੱਬਰ ਚੰਗਾ ਏ ਪਰ ਮੁਤਾਲਬੇ ਵੀ ਵੱਧ ਨੇਂ । ਪਤਾ ਨਹੀਂ ਤੇਰਾ ਭਰਾ ਉਨ੍ਹਾਂ ਨੂੰ ਪੱਕਰ ਵੀ ਸਕਦਾ ਏ ਕਿ ਨਹੀਂ"।

"ਜਹੇਜ਼ ਦੀ ਜਾਅ ਕੈਸ਼, ਨਵੀਂ ਨਕੋਰ ਕਾਰ ਤੇ ਗੁਲਬਰਗ ਵਿਚ ਕੋਠੀ"।

"ਤੈਨੂੰ ਉਨ੍ਹਾਂ ਦੀ ਧੀ ਦੱਸਿਆ?"

"ਨਹੀਂ, ਅਸੀਂ ਦੋਵੇਂ ਗੈਲਰੀ ਵਿੱਚੋਂ ਸੁਣਿਆ ਸੀ"।

"ਬੇਟਾ, ਤੈਨੂੰ ਪਤਾ ਈ ਏ ਕਿ ਕਨਸੋਈਆਂ ਲੈਣਾ ਸ਼ੈਤਾਨ ਦੀ ਖ਼ਸਲਤ ਏ"।

"ਜੀ" ।

"ਅੱਜ ਕਲ੍ਹ ਦੁਨੀਆ ਵਿੱਚ ਲਾਲਚ ਦਾ ਰਾਜ ਏ । ਹਜ਼ੂਰ (ਸ) ਆਵਦੀ ਧੀ ਹਜ਼ਰਤ ਬੀਬੀ ਫ਼ਾਤਮਾ ਨੂੰ ਦਾਜ ਵਿਚ ਇੱਕ ਮਸ਼ਕੀਜ਼ਾ ਤੇ ਕੁੱਝ ਭਾਂਡੇ ਦਿੱਤੇ, ਸੁੰਨਤ ਇਹ ਏ ਪਰ ਅਸੀਂ ਹਿੰਦੂਆਂ ਤੇ ਕਾਫ਼ਰਾਂ ਪਿੱਛੇ ਲੱਗ ਕੇ ਸ਼ੈਤਾਨ ਦਾ ਆਖਾ ਕੀਤੀ ਜਾਂਨੇ ਆਂ । ਇਸਲਾਮ ਵਿਚ ਤੇ ਇਨ੍ਹਾਂ ਰਸੂਮਾਤ ਦੀ ਕੋਈ ਥਾਂ ਨਹੀਂ" ।

"ਮਾਂ ਜੀ ਵਾਅਦਾ ਕਰੋ, ਤੁਸੀਂ ਮੈਨੂੰ ਦਾਜ ਵਿੱਚ ਕੁੱਝ ਨਹੀਂ ਦਿਉਗੇ"।

"ਨਾ, ਮੈਂ ਇਹ ਵਾਅਦਾ ਨਹੀਂ ਕਰ ਸਕਦੀ" ਉਹ ਸਿਰ ਹਲਾ ਦਿੰਦੇ ਨੇਂ ।

"ਮਾਂ ਜੀ, ਇਨ੍ਹਾਂ ਰਸੂਮਾਤ ਨੂੰ ਖ਼ਤਮ ਕਰਨ ਲਈ ਸਾਨੂੰ ਵੀ ਕੁੱਝ ਕਰਨਾ ਪਏ ਗਾ । ਤੁਹਾਨੂੰ ਹਾਈ ਸਕੂਲ ਆਲੀ ਮੇਰੀ ਕਲਾਸ–ਫ਼ੈਲੋ ਸ਼ਹਿਜ਼ਾਦੀ ਚੇਤੇ ? ਕਿਵੇਂ ਉਹਦੇ ਪਿਓ ਖ਼ੁਦਕਸ਼ੀ ਕਰ ਲਈ ਕਿ ਉਹਦਾ ਦਾਜ ਪੂਰਾ ਨਹੀਂ ਕਰ ਸਕਿਆ ਤੇ ਮੁੜ ਸ਼ਹਿਜ਼ਾਦੀ ਨੂੰ ਘੱਰ ਬੈਠਿਆਂ ਤਲਾਕ ਹੋ ਗਈ" ।

"ਅੱਲਾਹ ਸਾਨੂੰ ਆਵਦੀ ਅਮਾਨ ਵਿੱਚ ਰੱਖੇ, ਅਸੀਂ ਜ਼ਮਾਨੇ ਨਾਲ ਚੱਲਣ ਦੀ ਪੂਰੀ ਵਾਹ ਲਾਵਾਂਗੇ । ਦਾਜ ਇਕ ਭੈੜੀ ਰਸਮ ਏ ਪਰ ਤੇਰੇ ਮੁਸਤਕਬਿਲ ਲਈ ਸਾਨੂੰ ਨਿਭਾਣੀ ਪੈਗੀ"।

"ਮਾਂ ਜੀ, ਮੈਂ ਥੱਕ ਗਈ ਆਂ, ਜਾ ਕੇ ਲੇਟ ਜਾਵਾਂ?" ਮੈਨੂੰ ਚੱਕਰ ਆਂਦੇ ਪਏ ਨੇਂ ।

"ਮਾਸ਼ਾ ਅੱਲਾਹ" ਮਾਂ ਜੀ ਇਜਾਜ਼ਤ ਦਿੰਦੇ ਨੇਂ ।

ਅੱਠ ਵਜੇ ਘਰ ਚੁੱਪ ਚਾਂ ਏ, ਮੇਲੇ ਦਾ ਢੋਲ ਸਾਹਵਾਂ ਪਿਆ ਸੁਣੀਂਦਾ ਏ । ਮੈਂ ਪੁੱਠੀ ਪੈ ਕੇ ਦਰੀ ਤੇ ਕੰਨ ਧਰਨੀ ਆਂ, ਢੋਲ ਦੀ ਧਮਕ ਜ਼ਮੀਨ ਤੋਂ ਏਨਾ ਉੱਤੇ ਵੀ ਮੈਨੂੰ ਲੱਭ ਲੈਂਦੀ ਏ । ਮੇਰੇ ਨਸੀਬ ਚੰਗੇ ਕਿ ਮੇਲੇ ਦੀ ਤੇ ਹਰ ਜੁਮੇਰਾਤ ਦੀ ਰਾਤ ਮੈਂ ਇਨ੍ਹਾਂ ਨੱਚਦੀਆਂ ਤਾਲਾਂ ਤੇ ਸੋਨੀ ਆਂ । ਇਹ ਸੁਗ਼ਾਤ ਮੈਨੂੰ ਇਸ ਘਰ ਆਂਦਿਆਂ ਈ ਮਿਲ ਗਈ ਸੀ । ਮੇਰੇ ਤਾਏ ਦੇ ਪੁਤੱਰ ਦੇ ਵਿਆਹ ਤੇ ਸਾਡਾ ਘਰ ਵੀ ਪ੍ਰੋਹਣਿਆਂ ਨਾਲ ਭਰਿਆ ਹੋਇਆ ਸੀ । ਮਹਿੰਦੀ ਦੀ ਰਾਤ ਜਦੋਂ ਅਸੀਂ ਮੁੰਡੇ ਆਲਿਆਂ ਵੋਹਟੀ ਦੇ ਘਰ ਮਹਿੰਦੀ ਲਾਣ ਜਾਣਾ ਸੀ, ਮੈਂ ਲੋਢੇ ਵੇਲੇ ਦੀ ਆਵਦਾ ਤਾਰਿਆਂ ਆਲਾ ਮਖ਼ਮਲ ਦਾ ਜੰਮੂ ਲਹਿੰਗਾ ਪਾ ਕੇ ਫਬਦੀ ਪਈ ਸਾਂ । ਨਮਾਸ਼ੀਂ ਜਦੋਂ ਮਾਂ ਜੀ ਤੇ ਦੂਜੀਆਂ ਜ਼ਨਾਨੀਆਂ ਬੂਹਿਉਂ ਬਾਹਰ ਪਈਆਂ ਜਾਂਦੀਆਂ ਸਨ, ਮਾਂ ਜੀ ਦੱਸਿਆ ਕਿ ਦੂਜੇ ਬਾਲਾਂ ਨਾਲ ਮੈਂ ਵੀ ਘਰੇ ਰਹਿਣਾ ਏ । ਮੈਂ ਲੇਟਣੀਆਂ ਮਾਰ ਮਾਰ ਕੇ ਰੋਣ ਲੱਗ ਪਈ । ਮਾਂ ਜੀ ਕਚੀਚੀਆਂ ਵੱਟਦੇ, ਮੈਨੂੰ ਚੀਕਦੀ ਨੂੰ ਛੱਡ ਕੇ ਚਲੇ ਗਏ । ਦੂਜੇ ਬਾਲ ਲੁੱਕਣ ਮੀਟੀ ਖੇਡਣ ਲੱਗ ਪਏ, ਮੈਂ ਫਿਰ ਵੀ ਭੁੰਜੇ ਪਈ ਰੋਂਦੀ ਰਹੀ । ਮੁੜ ਢੋਲ ਦਾ ਡੱਗਾ ਲੱਗ ਪਿਆ । ਮੇਰੀਆਂ ਹਿਟਕੀਆਂ ਨਾਲ ਤਾਲ ਮਿਲਾ, ਹੌਲੀ ਹੌਲੀ ਸਾਹ ਨਾਲ ਰਲਾ, ਧਮਕ ਦੀ ਕੁੰਡੀ ਮੈਨੂੰ ਮੱਛੀ ਵਾਂਗ ਅੜਾ, ਵਾਅ ਦੇ ਸਮੁੰਦਰ ਤੇ ਉਡਾਣ ਲੱਗ ਪਈ । ਤਾਲ ਉੱਚੀ ਹੁੰਦੀ, ਮੈਨੂੰ ਵੀ ਚੁੱਕਦੀ ਗਈ । ਜੰਮੂ ਲਹਿੰਗਾ ਚੇਤੇ ਰਿਹਾ ਨਾ ਤਾਰੇ, ਮਹਿੰਦੀਆਂ ਨਾ ਵਿਆਹ, ਉੱਕਾ ਮੇਰਾ ਦਿਲ ਕੋਈ ਥਾਂ ਟਿਕਾਣੇ ਆ ਪਿਆ ।

ਪਰ ਅੱਜ ਦੁਰਾਡੇ ਢੋਲਾਂ ਮੈਨੂੰ ਨਹੀਂ ਚਾਵਣਾ, ਖ਼ੌਰੇ ਮੇਰੇ ਨਾਲ ਕੀ ਹੋਣ ਆਲੀ ਏ । ਸਭੋ ਕੁਝ ਦੂਜਿਆਂ ਦੇ ਹੱਥੀਂ, ਤਾਅਲੀਮ, ਖੇਡਾਂ, ਵਿਆਹ, ਰੋਜ਼ਗਾਰ । ਫਿਰ ਮੇਰਾ ਦਿਲ ਡੁੱਬਣ ਲੱਗ ਪਿਆ ਏ ਜਿਵੇਂ ਬੇਗਮ ਦੋਲਾ ਨੂੰ ਉਠਦਿਆਂ ਵੇਖ ਕੇ ਡੁੱਬਿਆ ਸੀ । ਆਵਦੇ ਹੋਣ ਤੇ ਮਾਣ ਕਰਾਂ ਯਾਂ ਸ਼ਰਮ? ਅੰਦਰੋਂ ਮੈਨੂੰ ਮਾਣ ਏ ਪਰ ਬਾਹਰੋਂ ਸਿਰ ਤੋਂ ਲਾ ਪੈਰਾਂ ਤੋੜੀ ਸ਼ਰਮ ਵਿਚ ਡੁੱਬੀ ਪਈ ਆਂ ।

ਮੈਂ ਲੀੜਿਆਂ ਦੇ ਢੇਰ ਵਿੱਚੋਂ ਕਰੇਪ ਦਾ ਕਾਲਾ ਬੁਰਕ੍ਹਾ ਕੱਢਣੀ ਆਂ ।

ਦੋ ਤਰੈ ਵਰ੍ਹੇ ਹੋਏ, ਮਾਂ ਜੀ ਗੁਜਰਾਂਵਾਲੇ ਸਾਈਂ ਜੀ ਤੇ ਮਾਸੀ ਕੋਲ ਜਾਣ ਲਈ ਬਣਵਾਇਆ ਸੀ । ਉਸ ਵੇਲੇ ਮੈਨੂੰ ਰੱਤੀ ਖ਼ਿਆਲ ਨਹੀਂ ਸੀ ਕਿ ਇਹ ਲਾਹੌਰ ਵਿਚ ਵੀ ਪਾਣਾ ਪਏ ਗਾ । ਉਨ੍ਹਾਂ ਦਿਹਾੜਿਆਂ ਮੈਂ ਮੋਟਾ ਭੋਛਣ ਯਾਂ ਚਾਦਰ ਲੈਂਦੀ ਸਾਂ । ਹੁਣ ਕਾਲਜ ਜਾਂਦਿਆਂ ਚਾਦਰ ਤੇ ਰੱਸ਼ ਆਲੀਆਂ ਜਾਈਂ ਜਿਵੇਂ ਬਾਨੋ ਬਾਜ਼ਾਰ ਯਾਂ ਅਨਾਰਕਲੀ, ਬੁਰਕ੍ਹਾ ਲੈਨੀ ਆਂ । ਅੱਜ ਜੇ ਮੈਂ ਸਿਰ ਕੱਜੇ ਬਿਨਾਂ ਸੜਕ ਤੇ ਨਿਕਲ ਜਾਵਾਂ ਤੇ ਲੋਕੀ ਮੈਨੂੰ ਮੰਦੇ ਕੱਢਣਗੇ ਤੇ ਖ਼ੌਰੇ ਸੰਗਸਾਰ ਨਾ ਕਰ ਦੇਣ । ਦੋ ਵਰ੍ਹਿਆਂ ਵਿਚ ਇਹ ਫ਼ਰਕ ਜਨਰਲ ਜ਼ਿਆਅ ਪਾਇਆ ਏ ਜਿਹਨੇ ਮੌਲਵੀਆਂ ਨੂੰ ਸ਼ਰੀਅਤ ਨਾਫ਼ਿਜ਼ ਕਰਨ ਦੀ ਖੁੱਲ ਦੇ ਕੇ ਸ਼ਰੀਅਤ ਕੋਰਟ ਬਣਾ ਦਿੱਤੇ । ਮੈਨੂੰ ਜਾਪਦਾ ਏ, ਸਭੇ ਮੁੱਲਾਂ ਪਿੰਡ ਆਲੇ ਮੌਲਵੀ ਜੀ ਵਾਂਗਰ ਨੇਂ ਜਿਹੜਾ ਮੌਲਵਿਆਣੀ ਤੇ ਧੀ ਕਲਸੂਮ ਨੂੰ ਆਵਦਾ ਮਾਲ ਮਤਾਅ ਸਮਝਦਾ ਏ ਤੇ ਆਵਦੇ ਭਾਣੇ ਉਨ੍ਹਾਂ ਦਾ ਮਾਲਿਕ ਏ । ਕਿਸੇ ਦਾ ਮਾਲਿਕ ਬਣਨਾ ਯਾਂ ਬਣਨ ਦੀ ਚਾਹਤ ਕਰਨਾ ਕਿੰਨਾ ਵੱਡਾ ਧਰੋਹ ਏ ।

ਦਿਲ ਕਰਦਾ ਏ ਘਰੋਂ ਬਾਹਰ ਨਿਕਲ ਜਾਵਾਂ, ਪਰ ਮੈਂ ਬੁਰਕ੍ਹਾ ਇਸਤਰੀ ਕਰਨ ਥੱਲੇ ਚਲੀ ਜਾਂਨੀ ਆਂ ।

ਥੱਲੇ ਲਹਿੰਦਿਆਂ ਮੈਨੂੰ ਸਮਝ ਨਹੀਂ ਆਂਦੀ ਕਿ ਬੁਰਕ੍ਹੇ ਨੂੰ ਇਸਤਰੀ ਦੀ ਕੀ ਲੋੜ ਏ ।

ਕਿਚਨ ਵਿਚ ਅੰਮਾਂ ਜੀਵਾਂ ਕੰਮ ਕਾਰ ਕਰਦੀ ਪਈ ਏ, ਉਹਨੂੰ ਵੇਖ ਕੇ ਮੈਨੂੰ ਮਾਂ ਜੀ ਚੇਤੇ ਆਂਦੇ ਨੇਂ । ਮੈਂ ਪਿਛਲੇ ਪੈਰੀਂ ਪੌੜੀਆਂ ਚੜ੍ਹ ਜਾਂਨੀ ਆਂ ।

ਬੁਰਕ੍ਹਾ ਪਰਾਂਹ ਚਲਾ, ਆਵਦੇ ਆਪ ਨੂੰ ਸ਼ਾਂਤ ਕਰਨ ਲਈ ਬਾਰੀ ਵਲ ਜਾਂਨੀ ਆਂ । ਮੁਹੱਲਾ ਮੇਰੇ ਸਾਹਮਣੇ । ਪੰਜਵੀਂ ਪਾਸ ਕਰਨ ਤੋੜੀ ਮੈਂ ਦੂਜੀਆਂ ਕੁੜੀਆਂ ਨਾਲ ਇੱਥੇ ਖੇਡਦੀ ਹੁੰਦੀ ਸਾਂ । ਅਸੀਂ ਆਵਦੇ ਘਰਾਂ ਦੀਆਂ ਕੰਧਾਂ ਟੱਪਦੀਆਂ, ਸ਼ੀਸ਼ਆਂ ਡਿਗਦੀਆਂ, ਕਮਰਿਆਂ ਵਿੱਚੋਂ ਭੱਜਦੀਆਂ ਲੰਘਦੀਆਂ । ਮਾਵਾਂ, ਨੌਕਰ ਤੇ ਨੌਕਰਾਣੀਆਂ ਸਾਡੇ ਤੋਂ ਖਿੱਜ ਜਾਂਦੇ । ਮੈਨੂੰ ਸੁਰਤ ਏ ਬਈ ਇੱਥੋਂ ਬਾਬੇ ਸ਼ਾਹ ਜਮਾਲ ਜਾਣ ਦਾ ਸੌਖਾ ਰਾਹ ਫ਼ਿਲਮ ਪ੍ਰੋਡਿਊਸਰ ਦੇ ਪਿਛਲੇ ਵੇੜ੍ਹੇ ਥਾਣੀ ਏ । ਫ਼ਿਲਮ ਪ੍ਰੋਡਿਊਸਰ ਨਾਲ ਸਾਂਝੀ ਕੰਧ ਅਸਲੋਂ ਛੇ ਸੱਤ ਫ਼ੁੱਟ ਉੱਚੀ ਏ, ਮੈਂ ਇਸ ਤੋਂ ਡਬਲ ਆਵਦੀ ਪੀ–ਟੀ ਕਲਾਸ ਵਿਚ ਉਲਾਂਘਣੀ ਆਂ । ਫ਼ਿਲਮ ਪ੍ਰੋਡਿਊਸਰ ਦੇ ਘੱਰ ਕੁੱਤਾ ਕੁ ਨੀ ਤੇ ਉਨ੍ਹਾਂ ਦਾ ਚੌਕੀਦਾਰ ਬਾਬਾ ਫ਼ਤ੍ਹ ਹਾਰ ਗੇਟ ਅੱਗੇ ਸੌਂਦਾ ਏ । ਔਖਾ ਕੰਮ ਉਹਦੇ ਘਰੋਂ ਲੰਘ ਕੇ ਬਾਬੇ ਸ਼ਾਹ ਜਮਾਲ ਦੇ ਮਜ਼ਾਰ ਤੇ ਪੁੱਜਣਾ ਨਹੀਂ । ਔਖਾ ਕੰਮ ਏ ਬਾਬੇ ਫ਼ਤ੍ਹ, ਅੰਮਾਂ ਜੀਵਾਂ, ਖ਼ੋਰਸ਼ੈਦੀ, ਸਾਈਂ ਜੀ, ਮਾਸੀ ਤੇ ਮਾਂ ਜੀ ਤੋਂ ਚੋਰੀ ਇੱਥੋਂ ਨਿਕਲਣਾ । ਸ਼ੁੱਕਰ ਏ, ਭਾਅ ਤੇ ਬਾਉ ਅੱਜ ਇੱਥੇ ਕੁ ਨੀ ।

ਮੈਂ ਝੱਟ ਕੁ ਉਡੀਕਣੀ ਆਂ ਤੇ ਮੁੜ ਬੁਰਕ੍ਹਾ ਤਹਿ ਕਰ ਕੱਛੇ ਮਾਰ ਕੇ, ਪੌੜੀਆਂ ਲਹਿ ਜਾਂਨੀ ਆਂ ।

ਤੋਤੀ ਦੇ ਪਿੰਜਰੇ ਤੇ ਲੀੜਾ ਏ ਫਿਰ ਵੀ ਮੈਂ ਬੁੱਲ੍ਹਾਂ ਤੇ ਉਂਗਲ ਰੱਖ ਕੇ ਉਹਨੂੰ ਚੁੱਪ ਰਹਿਣ ਲਈ ਆਹਨੀ ਆਂ ।

ਸਾਡੇ ਘੱਰ ਦੇ ਸਾਰੇ ਬੂਹੇ ਕਰੀਚਦੇ ਨੇਂ, ਬੌਵਰਚੀ ਖ਼ਾਨੇ ਆਲਾ ਸੱਭ ਤੋਂ ਬਹੁਤਾ। ਇਸ ਵੇਲੇ ਢੋਲ ਦੀ ਅਵਾਜ਼ ਉੱਚੀ ਏ, ਮੈਂ ਹੌਲੀ ਹੌਲੀ ਕੁੰਡਾ ਖੋਲ ਬੂਹਾ ਖਸਕਾਨੀ ਆਂ ਤੇ ਬਾਹਰ ਨਿਕਲ ਜਾਂਨੀ ਆਂ ।

ਵੇਲੋ ਥੱਲੇ ਬਹਿ, ਬਾਬੇ ਫ਼ਤ੍ਹ ਨੂੰ ਗੇਟ ਅੱਗੇ ਮੰਜੀ ਤੇ ਪਿਆਂ ਵੇਹਨੀ ਆਂ । ਥੋੜਾ ਚਿਰ ਵੇਂਹਦੀ ਰਹਿਨੀ ਆਂ, ਉਹ ਹਿਲਦਾ ਕੁ ਨੀ ।

ਬਾਬੇ ਮਰਨੇ ਵਾਂਗਰ ਕੁੱਬ ਕੱਢ, ਮੈਂ ਪੱਬਾਂ ਭਾਰ ਸਬਜ਼ੀਆਂ ਦੀਆਂ ਕਿਆਰੀਆਂ ਵਲ ਭੱਜ ਉਠਣੀ ਆਂ ।

ਕਿਆਰੀਆਂ ਮਗਰ ਕੰਧ, ਇੱਕੋ ਛਾਲ ਵਿਚ ਉੱਤੇ, ਤੇ ਪਾਰ ।

ਕੰਧ ਦੇ ਪਰਲੇ ਪਾਸੇ ਗੁਲਾਬਾਂ ਦੀ ਵਾੜ ਪਿੱਛੇ ਲਹਿਨੀ ਆਂ । ਮੁੜ ਬਾਬੇ ਮਰਨੇ ਵਾਂਗਰ ਕੁੱਬੀ ਟੁਰਦੀ ਵਾੜ ਦੇ ਮਗਰੋਂ ਮਗਰ ਬਾਹਰਲੀ ਕੰਧ ਤੋੜੀ ਜਾਂਨੀ ਆਂ, ਤਨੂਰ ਆਲੀ ਗਲੀ ਨਾਲ ਪਈ ਵਗਦੀ ਏ ।

ਇੱਥੇ ਢੋਲ ਦੀ ਵਾਜ ਚੋਖੀ ਏ ਤੇ ਜੇ ਮੈਂ ਜਾਂਦਿਆਂ ਆਹਟ ਕਰਨੀ ਵੀ ਪਈ ਆਂ ਤੇ ਉਹ ਕਿਸੇ ਨੂੰ ਸੁਣੀਜਨੀ ਨਹੀਂ। ਪਰ ਜੇ ਕੋਈ ਵੇਖਣਾ ਚਾਹਵੇ ਤੇ ਚੰਨ ਦੀ ਚਾਨਣੀ ਵਿਚ ਕੰਧ ਤੇ ਬੈਠੀ ਮੈਂ ਇਕ ਵੱਡੀ ਸਾਰੀ ਬਿੱਲੀ ਆਂ ।

ਤਨੂੰਰ ਤੇ ਢੱਕਣ ਰੱਖਿਆ ਪਿਆ ਏ, ਫਿਰ ਵੀ ਲੋਕੀ ਉਹਦੇ ਦੁਆਲੇ ਬੈਠੇ ਨੇਂ । ਮੈਂ ਕੰਧ ਤੇ ਖਿਸਕਦੀ ਤਨੂੰਰ ਤੋਂ ਪਰਾਂਹ ਹੋ, ਥੱਲੇ ਛਾਲ ਮਾਰਨੀ ਆਂ ।

ਹਨੇਰੇ ਵਿੱਚੋਂ ਆਣ ਕੋਈ ਮੇਰੇ ਮੋਢੇ ਤੇ ਹੱਥ ਰੱਖਦਾ ਏ, ਮੇਰੀ ਚੀਕ ਨਿਕਲ ਜਾਂਦੀ ਏ ।

"ਹਾਏ, ਬੇਵਕੂਫ਼" ਰਫ਼ੋ ਮੇਰਾ ਮੋਢਾ ਹਿਲਾਂਦੀ ਏ ।

"ਸ਼ੁੱਕਰ ਏ, ਤੂੰ ਸੈਂ" ਮੈਂ ਦਿਲ ਤੇ ਹੱਥ ਰੱਖ, ਉਹਨੂੰ ਠੱਲਣ ਦੀ ਕਰਨੀ ਆਂ ।

"ਇਸ ਪਾਸੇ" ਰੱਫ਼ੋ ਮੈਨੂੰ ਬਾਹੋਂ ਫੜ ਕੇ ਪੱਕੀ ਸੜਕ ਵਲ ਮੋੜਦੀ ਏ ।

ਮੈਂ ਟੁਰਦਿਆਂ ਟੁਰਦਿਆਂ ਬੁਰਕ੍ਹਾ ਪਾ ਲੈਨੀ ਆਂ ।

ਪੱਕੀ ਸੜਕ ਪਾਰ ਕਰ ਕੇ ਅਸੀਂ ਸਿੱਧੇ ਚਲਦੇ ਰਹਿਨੇ ਆਂ ।

"ਇਹ ਐੱਫ਼–ਆਈ–ਏ ਦਾ ਹੈੱਡਕਵਾਰਟਰ ਏ" ਰੱਫ਼ੋ ਇੱਕ ਬਿਲਡਿੰਗ ਵੱਲ ਸੈਂਤ ਕਰਦੀ ਏ।

"ਸੱਚੀ?" ਮੈਨੂੰ ਯਕੀਨ ਨਹੀਂ ਆਂਦਾ ਕਿ ਛੱਤ ਤੋਂ ਜਿਹੜੀ ਬਿਲਡਿੰਗ ਨੂੰ ਮੈਂ ਕੋਈ ਪ੍ਰਾਈਵੇਟ ਕਾਲਜ ਸਮਝਦੀ ਸਾਂ ਉਹ ਫ਼ੈਡਰਲ ਇੰਟੈਲੀਜੈਂਸ ਏਜੰਸੀ ਦਾ ਦਫ਼ਤਰ ਏ ।

"ਸਿਕਸਟੀ ਨਾਇਨ ਵਿਚ ਬਿਨਾਂ ਚਾਰਜ ਕੀਤੇ ਉਨ੍ਹਾਂ ਮਜਾਜ਼ ਨੂੰ ਇੱਥੇ ਰੱਖਿਆ ਸੀ । ਕੁੱਝ ਹਫ਼ਤੇ ਸਾਨੂੰ ਪਤਾ ਈ ਨਾ ਲੱਗਾ ਕਿ ਉਹ ਅੰਦਰ ਏ । ਮੈਂ ਸਮਝਿਆ ਫ਼ੈਮਲੀ ਕੋਲ ਮੁਲਤਾਨ ਏ ਤੇ ਫ਼ੈਮਲੀ ਸਮਝੀ ਲਾਹੌਰ ਕੰਮ ਕਰਦਾ ਪਿਆ ਏ" ।

"ਰੂਸੀ ਹਮਲਾਆਵਰਾਂ ਦਾ ਮੁਕਾਬਲਾ ਕਰਨ ਲਈ ਅਫ਼ਗ਼ਾਨ ਗੋਰੀਲੇ ਵੀ ਇੱਥੇ ਈ ਟਰੇਨ ਹੁੰਦੇ ਨੇਂ?"

"ਰੂਸੀ 'ਹਮਲਾਆਵਰ' ਤੇ ਨਹੀਂ ਕਹਿ ਸਕਦੇ, ਰੈੱਡ ਆਰਮੀ ਅਫ਼ਗ਼ਾਨ ਪਰੋਲਤਾਰੀਆਂ ਦੀ ਮਦਦ ਲਈ ਆਈ ਏ" ।

"ਆਂਦੇ ਤੇ ਸਾਰੇ ਚੰਗੇ ਕੰਮਾਂ ਲਈ ਨੇਂ, ਅਮਰੀਕਾ ਵੇਤਨਾਮ ਵਿਚ ਵੇਤਨਾਮੀਆਂ ਨੂੰ ਬਚਾਣ ਗਿਆ ਸੀ" ।

"ਦੋਵਾਂ ਵਿਚ ਬੜਾ ਫ਼ਰਕ ਏ" ਰੱਫ਼ੋ ਆਹੰਦੀ ਏ ।

"ਫ਼ਰਕ ਅਸਲੋਂ ਬੋਲੀ ਦਾ ਏ" ।

"ਬੋਲੀ ਦਾ?"

ਇਹ ਰੂਸੀ ਬੋਲਦੇ ਨੇਂ, ਉਹ ਅੰਗਰੇਜ਼ੀ" ਮੈਂ ਕਹਿੰਨੀ ਆਂ ।

"ਤੂੰ ਮਾਉਇਸਟ ਹੋ ਗਈ ਏਂ?"

ਅਸੀਂ ਇਕ ਹੋਰ ਸੜਕ ਪਾਰ ਕਰਨੇ ਆਂ ।

"ਉੱਥੇ ਦੂੱਜੀਆਂ ਜ਼ਨਾਨੀਆਂ ਵੀ ਹੋਣ ਗੀਆਂ?" ਮੈਂ ਪੁੱਛਨੀ ਆਂ । ਮੈਨੂੰ ਰੱਫ਼ੋ ਦੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ, ਰੱਫ਼ੋ ਨੂੰ ਪਤਾ ਏ ਕਿ ਮੈਂ ਐਨ ਜਾਅ ਕੁੱਝ ਵੀ ਨਹੀਂ ।

"ਅੱਜ? ਨਹੀਂ, ਪਰ ਤੂੰ ਸਾਥੀ ਪੇਠੇ ਨੂੰ ਫਿਰ ਮਲੇਂਗੀ" ।

"ਫਿਰ? ਮੈਂ ਤੇ ਉਨ੍ਹਾਂ ਨੂੰ ਕਦੀ ਨਹੀਂ ਮਿਲੀ" ।

"ਅੱਛਾ? ਸਾਥੀ ਪੇਠਾ ਪਿਛਲੇ ਸਾਲ ਹੈਦਰਾਬਾਦ ਕੁਕੜੀਆਂ ਚੋਰੀ ਕਰਨ ਦੇ ਦੋਸ਼ ਵਿੱਚ ਫੜੇ ਗਏ ਤੇ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਵਿਚ ਟਾਰਚਰ ਕੀਤਾ ਗਿਆ" ।

"ਸਾਥੀ ਸ਼ਮਸ ਵਾਂਗਰ, ਜਿਨ੍ਹਾਂ ਤੇ ਗਾਂ ਚੋਰੀ ਕਰਨ ਦਾ ਇਲਜ਼ਾਮ ਸੀ" ।

ਅਸੀਂ ਬਿਨਾਂ ਖ਼ੁਸ਼ੀ ਦੰਦ ਪਟਣੇ ਆਂ ।

"ਮੀਟਿੰਗ ਵਿਚ ਕੀ ਹੋਇਆ?" ਮੈਂ ਪੁੱਛਨੀ ਆਂ ।

"ਚੱਲਦੀ ਪਈ ਏ। ਅਸੀਂ ਆਪਣੇ ਕੰਮ ਬਾਰੇ ਰਿਪੋਰਟ ਕੀਤੀ ਫਿਰ ਮੈਂ ਤੈਨੂੰ ਲੈਣ ਆ ਗਈ । ਸਾਥੀ ਪੇਠੇ ਗੱਲ ਬਾਤ ਕਰਨੀ ਏ ਤੇ ਫਿਰ ਅਸੀਂ ਜੁਮੇ ਦੀ ਰੈਲੀ ਲਈ ਕੰਮ ਵੰਡਾਂ ਗੇ"।

"ਤੇਰਾ ਕੀ ਕੰਮ ਏ?" ਮੈਨੂੰ ਰੱਫ਼ੋ ਨਾਲ ਰੀਸ ਆਂਦੀ ਏ ।

"ਮੈਂ ਔਰਤਾਂ ਦੇ ਸਟੱਡੀ ਸਰਕਲ ਆਰਗਨਾਇਜ਼ ਕਰਨੀ ਆਂ, ਉਹਦੇ ਵਿਚ ਮੈਨੂੰ ਤੇਰੀ ਲੋੜ ਏ" ।

"ਆਹੋ, ਮੈਂ ਕੰਮ ਕਰਨਾ ਚਾਹੁੰਨੀ ਆਂ, ਬੱਸ ਧਿਆਨ ਨਾਲ ਕਰਨਾ ਪਏ ਗਾ । ਘੱਰ ਵਿਚ ਮੇਰੀ ਸਿਚੁਏਸ਼ਨ ਪਹਿਲੋਂ ਤੋਂ ਭੈੜੀ ਏ ਯਾਂ ਸ਼ੋਰੇ ਮੇਰੇ ਵਿਚ ਸਬਰ ਘੱਟ ਗਿਆ ਏ"।

"ਭੈੜੀ ਕਿਵੇਂ?"

"ਦੋ ਵਰ੍ਹੇ ਪਹਿਲੋਂ ਤਾਈਂ ਮਾਂ ਜੀ ਫਿਰ ਵੀ ਮੈਨੂੰ ਕਾਲਜ ਦੇ ਕੰਮ ਪਾਰੋਂ ਬਾਹਰ ਜਾਣ ਦਿੰਦੇ ਸਨ ਪਰ ਹੁਣ ਮੈਂ ਕਿਧਦਰੇ ਨਹੀਂ ਜਾ ਸਕਦੀ । ਇਹ ਜਿਹੜਾ ਇਸਲਾਮੀ ਮੁਆਸ਼ਰਾ ਪਿਆ ਬੰਦਾ ਏ, ਇਹ ਮੇਰੇ ਲਈ ਤਾਂ ਗੱਲ ਘੋਟੂ ਏ"।

"ਹਾਂ ਜ਼ਨਾਨੀਆਂ ਤੇ ਗ਼ਰੀਬਾਂ ਲਈ" ।

"ਮਾਂ ਜੀ ਅਫ਼ਗ਼ਾਨ ਮੁਹਾਜਰਾਂ ਨੂੰ ਕੋਈ ਗ਼ੁੰਡੇ ਸਮਝਦੇ ਨੇਂ ਜਿਵੇਂ ਇੱਥੇ ਦੂੱਜਾ ਹਰ ਕੋਈ ਫ਼ਰਿਸ਼ਤਾ ਹੋਵੇ" ।

"ਯਾਰ ਇਹ ਮੁਸੱਲ੍ਹਾ ਤੇ ਹੈਂਡਸਮ ਜਵਾਨ ਨੇਂ" ਰੱਫ਼ੋ ਹੱਸ ਕੇ ਆਹੰਦੀ ਏ ।

"ਜ਼ਨਾਨੀਆਂ ਵੀ ਰੱਜ ਸੋਹਣੀਆਂ ਨੇਂ" ਮੈਂ ਆਹਨੀ ਆਂ ।

ਰੱਫ਼ੋ ਖੱਬੇ ਹੱਥ ਇਕ ਘੱਰ ਦਾ ਨਿੱਕਾ ਬੂਹਾ ਖੋਲਦੀ ਏ । ਮੇਰਾ ਮਨ ਫੁੱਲਾਂ ਦੀ ਵਾਸ਼ਨਾ ਨਾਲ ਭਰ ਜਾਂਦਾ ਏ ।

ਚੰਬੇਲੀ ਦੀ ਵਾੜ ਬੂਹੇ ਤੋਂ ਸਾਡੇ ਨਾਲ ਨਾਲ ਵਰਾਂਡੇ ਤੋੜੀ ਜਾਂਦੀ ਏ ।

"ਇਹ ਕਹਿਦਾ ਘੱਰ ਏ?" ਮੈਂ ਪੁੱਛਣੀ ਆਂ ।

"ਕਿਸੇ ਕਾਮਰੇਡ ਦੇ ਮਾਂ ਪਿਓ ਦਾ, ਉਹ ਅੱਜ ਕਲ੍ਹ ਸਾਹੀਵਾਲ ਗਏ ਹੋਏ ਨੇਂ" ।

ਚੰਬੇਲੀ ਦੀ ਖ਼ਸ਼ਬੋ ਵਰਾਂਡੇ ਵਿਚ ਵੀ ਮਚੀ ਪਈ ਏ ।

ਰੱਫ਼ੋ ਪੌੜੀਆਂ ਚੜ੍ਹ, ਬੂਹਾ ਖਟਕਾਂਦੀ ਏ ।

ਬੂਹਾ ਖੁਲਦਾ ਏ, ਅਸੀਂ ਅੰਦਰ ਜਾਂਨੇ ਆਂ, ਬੰਦ ਹੋ ਜਾਂਦਾ ਏ ।

"ਸਾਥੀ ਸਕੀਨਾ ਵੈਲਕਮ, ਤੁਸਾਂ ਵੱਲ ਓ?" ਮਜਾਜ਼ ਪੁੱਛਦਾ ਏ ।

"ਠੀਕ ਮਜਾਜ਼ ਭਾਈ, ਤੁਹਾਡਾ ਕੀ ਹਾਲ ਏ?" ਮੈਂ ਆਹਨੀ ਆਂ ।

ਕਮਰਾ ਮਰਦਾਂ ਨਾਲ ਭਰਿਆ ਹੋਇਆ ਏ, ਤਿੰਨ ਚਾਰ ਕਾਲੀਨ ਤੇ, ਚਾਰ ਪੰਜ ਸੋਫ਼ੇ ਵਿਚ । ਮੇਜ਼ ਤੇ ਚਾਅ ਦੇ ਬਰਤਨ ਤੇ ਮੇਲੇ ਦੇ ਕਤਲੰਮੇ ਪਏ ਨੇਂ । ਕੱਪਾਂ ਤੇ ਪਿਰਚਾਂ ਵਿਚ ਬਚੀ ਹੋਈ ਚਾਅ ਤੇ ਪੀਤੀਆਂ ਹੋਈਆਂ ਸਿਗਰਟਾਂ, ਕਾਲੀਨ ਦੇ ਵਿਚਕਾਰ ਕਿਤਾਬਾਂ ਤੇ ਪੈਮਫ਼ਲਟਾਂ ਦਾ ਢੇਰ ।

ਮਜਾਜ਼ ਹਾਲੀ ਵੀ ਚੀ–ਗੁਵੇਰਾ ਸਟਾਇਲ ਦਾੜ੍ਹੀ ਉਗਾਂਦਾ ਪਿਆ ਏ ਜਿਹੜੀ ਉਹਦੇ ਤੇ ਫ਼ੀਡਲ ਕਾਸਤਰੋ ਦੀ ਦਾੜ੍ਹੀ ਹਾਰ ਮੱਛਰੀ ਹੋਈ ਏ । ਉਹਦੇ ਪਿੱਛੋਂ ਉਹ ਪਹਿਲੋਂ ਤੋਂ ਮਾੜਾ ਜਾਪਦਾ ਏ ।

"ਤੁਹਾਕੂੰ ਡੇਖਣ ਦੀ ਖ਼ੁਸ਼ੀ ਤੇ ਬਹੂੰ ਹੈ ਪਰ ਅਜਨ ਤੁਸਾਂ ਨਜ਼ਰ ਨੀਵੇ ਆਏ" ਮਜਾਜ਼ ਮੇਰੇ ਨਕਾਬ ਤੇ ਮੁਸਕਦਾ ਏ।

ਮੈਨੂੰ ਸੁਰਤ ਆਂਦੀ ਏ, ਕਮਰੇ ਦੇ ਅੰਦਰ ਵੀ ਮੈਂ ਨਕਾਬ ਸੁੱਟੀ ਖਲੀ ਆਂ ।

"ਸਾਥੀ, ਬੈਠੋ ਸੈਂ" ਮਜਾਜ਼ ਆਹੰਦਾ ਏ ।

ਰਫ਼ੋ ਮੇਰਾ ਬੁਰਕ੍ਹਾ ਖਿੱਚ ਕੇ ਮੈਨੂੰ ਅੱਗੇ ਵੱਧਣ ਲਈ ਕਹਿੰਦੀ ਏ, ਪੈਰਾਂ ਦਾ ਲਹੂ ਮੇਰੇ ਸਿਰ ਨੂੰ ਉੱਠਦਾ ਏ ।

ਮੈਂ ਕਾਲੀ ਕਰੇਪ ਵਿਚ ਲੁਕਿਆ ਇਕ ਤਮਾਸ਼ਾ ਆਂ ਤੇ ਸਾਥੀਆਂ ਦਾ ਚਾਰਾ ਏ, ਮੇਰੇ ਪਾਸੇ ਨਿਗਾਹ ਨਾ ਪਾਵਣ । ਮੈਨੂੰ ਠੰਢੇ ਮੁੜ੍ਹਕੇ ਛੁੱਟ ਪੈਂਦੇ ਨੇਂ ਤੇ ਜੇ ਮੇਰੀਆਂ ਅੱਖੀਆਂ ਦਾ ਪਾਣੀ ਸੁੱਕ ਨਾ ਗਿਆ ਹੁੰਦਾ ਤੇ ਮੈਂ ਰੋਂਦੀ ਪਈ ਹੋਣਾ ਸੀ ।

"ਸਕੀਨਾ, ਇਹ ਲਾਹ ਦੇ" ਰਫ਼ੋ ਮੁੜ ਮੇਰਾ ਬੁਰਕ੍ਹਾ ਛਿੱਕਦੀ ਏ ।

"ਨਾ ਰਫ਼ੋ, ਰਹਿਣ ਦੇ" ਮੈਂ ਆਹਨੀ ਆਂ ।

"ਸੋਰੀ" ਉਹ ਮੇਰਾ ਹੱਥ ਫੜ ਕੇ ਮੈਨੂੰ ਸੋਫ਼ੇ ਵਲ ਲੈ ਜਾਂਦੀ ਏ "ਇੱਥੇ ਬਹਿੰਨੇ ਆਂ"।

"ਰਫ਼ੋ" ਮੈਂ ਕਨ ਸਨ ਵਿਚ ਆਹਨੀ ਆਂ "ਮੈਂ ਅੰਨ੍ਹੀ ਤੇ ਨਹੀਂ" ਮੈਂ ਨਕਾਬ ਨੱਕ ਉਪਰੋਂ ਲੈ ਜਾ ਕੇ ਤਣੀ ਵਿਚ ਫਸਾਂਨੀ ਆਂ ।

"ਹਾਲੀ ਸ਼ਿੱਟ ਸਕੀਨਾ, ਤੇਰੀਆਂ ਅੱਖਾਂ ਕਿੰਨੀਆਂ ਸੋਹਣੀਆਂ ਨੇਂ" ਰਫ਼ੋ ਉੱਚੀ ਸਾਰੀ ਕਹਿੰਦੀ ਏ ।

"ਹਾਏ ਰਫ਼ੋ, ਤੇਰਾ ਦਮਾਕ ਠੀਕ ਏ?" ਮੈਂ ਜਿੱਥੇ ਖਲੋਤੀ ਆਂ, ਉੱਥੇ ਬਹਿ ਜਾਂਨੀ ਆਂ ।

"ਸੋਰੀ ਯਾਰ" ਰਫ਼ੋ ਵੀ ਮੇਰੇ ਨਾਲ ਥੱਲੇ ਆਂਦੀ ਏ ।

ਹੁਣ ਅਸੀਂ ਸਾਰੇ ਕਾਲੀਨ ਤੇ ਬੈਠੇ ਆਂ ।

"ਸਾਥੀ ਸਕੀਨਾ ਕੂੰ ਏਤਲੀ ਲੇਟ ਮੀਟਿੰਗ ਤੇ ਆਉਣ ਦੀ ਪਰਮਿਸ਼ਨ ਕੈ ਨਾ ਮਿਲਸੀ । ਸਾਕੂੰ ਮੀਟਿੰਗ ਸੋਵਖ਼ਤੇ ਰੱਖਣੀ ਚਾਹੀਦੀ ਏ" ਮਜਾਜ਼ ਕਹਿੰਦਾ ਏ ।

ਕੋਈ ਚਾਹ ਦਾ ਕੱਪ ਮੇਰੇ ਅੱਗੇ ਕਰਦਾ ਏ, ਮੈਂ ਵੇਹਨੀ ਆਂ ਤੇ ਮੈਨੂੰ ਇੱਕ ਮੁਖ ਨਜ਼ਰੀਂਦਾ ਏ ਜਿਹੜਾ ਸੋਹਲਪ ਵਿਚ ਨੂਰੋ ਦਾ ਭਾ ਮਾਰਦਾ ਏ । ਚਮਕੀਲਾ ਪੱਕਾ ਰੰਗ, ਤਿੱਖੇ ਨੈਣ ਨਕਸ਼, ਉੱਚਾ ਮੱਥਾ । ਇੱਕ ਪੱਲ ਅਸੀਂ ਇਕ ਦੂੱਜੇ ਨੂੰ ਵੇਹਨੇ ਆਂ ਪਰ ਉਹ ਮੇਰੇ ਨਾਲ ਕੋਈ ਸਲਾਮ ਦੁਆ ਨਹੀਂ ਕਰਦਾ ।

"ਹੁਣ ਸਾਥੀ ਪੇਠਾ ਗੱਲ ਬਾਤ ਕਰਸਨ" ਮਜਾਜ਼ ਇਕ ਚਿਹਰੇ ਵੱਲ ਸੇਂਤਰ ਕਰਦਾ ਏ ਜਿਹੜਾ ਲੱਡੂ ਵਾਂਗਰ ਗੋਲ ਏ, ਪੇਠੇ ਹਾਰ ਚੋਨੁਕਰਾ ਨਹੀਂ ।

ਸਾਥੀ ਪੇਠੇ ਦੀ ਥਾਂ ਮੈਂ ਉਹੋ ਚਿਹਰਾ ਵੇਖਣਾ ਚਾਹੁੰਨੀ ਆਂ ਪਰ ਉਹਨੂੰ ਲੱਭਣ ਲਈ ਮੈਨੂੰ ਚਾਰੋਂ ਪਾਸੇ ਵੇਖਣਾ ਪਏ ਗਾ, ਉਹ ਚੰਗਾ ਨਹੀਂ ਲਗਦਾ । ਮੈਂ ਕੰਨ ਲਾ ਦੇਨੀ ਆਂ ਕਿ ਜੇ ਉਹ ਬੋਲੇ ਤੇ ਮੈਂ ਸੁਣ ਲਵਾਂ ।

ਸਾਥੀ ਪੇਠਾ ਕਾਗ਼ਜ਼ ਇੱਧਰ ਉੱਧਰ ਕਰਦੇ ਨੇਂ ।

ਕੋਈ ਸਾਡੇ ਸਾਹਮਣੇ ਥੱਦਾ ਪੈਮਫ਼ਲਟਾਂ ਦਾ ਰੱਖਦਾ ਏ, ਅਸੀਂ ਇਕ ਇਕ ਨੂੰ ਅੱਧਾ ਕਰ ਕਰ ਕੇ ਰੱਖਣਾ ਸ਼ੁਰੂ ਕਰ ਦੇਨੇ ਆਂ ।

ਇਹ ਐਮ–ਆਰ–ਡੀ ਦੀ ਜੁੰਮੇ ਆਲੀ ਰੈਲੀ ਦਾ ਸੱਦਾ ਏ । ਅਖ਼ੀਰ ਵਿਚ ਮੈਂਬਰਾਂ ਦੀ ਲਿਸਟ ਏ । ਡੀਫ਼ੰਕਟ ਪਾਰਟੀਆਂ, ਐਸੋਸੀਏਸ਼ਨਾਂ, ਕਿਸਾਨ ਜੱਥੇ, ਮਜ਼ਦੂਰ ਯੂਨੀਅਨਾਂ, ਸਟੂਡੰਟ ਤੇ ਔਰਤਾਂ ਦੀਆਂ ਤੰਜ਼ੀਮਾਂ ।

"ਸਾਥੀ ਸਕੀਨਾ, ਤੁਸੀਂ ਵੂਮਨ ਐਕਸ਼ਨ ਫ਼ੋਰਮ ਦੇ ਮੈਂਬਰ ਓ?" ਸਾਥੀ ਪੇਠਾ ਪੁੱਛਦੇ ਨੇਂ ।

"ਨਹੀਂ" ਮੈਂ ਸਿਰ ਹਲਾਂਨੀ ਆਂ ।

"ਸਾਥੀ ਸਕੀਨਾ ਨੇ ਵੇਫ਼ (WAF) ਨਾਲ ਔਰਤਾਂ ਦੀਆਂ ਖੇਲਾਂ ਤੇ ਪਾਬੰਦੀ ਦੇ ਖ਼ਿਲਾਫ਼ ਕੰਮ ਕੀਤਾ ਸੀ" ਰੱਫ਼ੋ ਕਹਿੰਦੀ ਏ ।

ਹਾਏ ਰੱਫ਼ੋ, ਇੱਕੋ ਦਿਹਾੜੇ ਵਿਚ ਵਲਾਅ?

ਪਰ ਮੈਂ ਭੁੱਲ ਗਈ ਸਾਂ ਕਿ ਮੈਂ ਕਿੱਥੇ ਆਂ । ਕਮਰੇ ਵਿਚ ਮੇਰੇ ਲਈ ਉੱਕਾ ਹੱਲਾਸ਼ੇਰੀ ਏ ।

ਮੈਂ ਉੱਚੇ ਮੱਥੇ ਤੇ ਇਸ ਗੱਲ ਦਾ ਅਸਰ ਵੇਖਣਾ ਚਾਹੁੰਨੀ ਆਂ ਪਰ ਉਹਦੇ ਲਈ ਮੈਨੂੰ ਪਾਸਾ ਪਰਤਣਾ ਪਏ ਗਾ ਤੇ ਇਹ ਕਰਨਾ ਠੀਕ ਨਹੀਂ । ਮੈਂ ਲੱਕ ਸਿੱਧਾ ਕਰ, ਨਿੱਠ ਕੇ ਬਹਿ ਜਾਂਨੀ ਆਂ ।

"ਸਾਨੂੰ ਸਿੰਧੀ ਬਲੋਚੀ ਕੌਮੀ ਲਹਿਰਾਂ ਦੇ ਨਾਲ ਨਾਲ ਔਰਤਾਂ ਦੀ ਤਹਿਰੀਕ ਵਿਚ ਵੀ ਹੱਥ ਪਵਾਣਾ ਚਾਹੀਦਾ ਏ, ਔਰਤਾਂ ਦੇ ਹੱਕਾਂ ਦਾ ਮਸਲਾ ਦੁਨੀਆ ਵਿੱਚ ਅੱਗੋ ਅੱਗੇ ਹੋਵੇ ਗਾ" ਸਾਥੀ ਪੇਠਾ ਤਕਰੀਰ ਦੇ ਸ਼ੁਰੂ ਵਿਚ ਆਹੰਦੇ ਨੇਂ ਤੇ ਫਿਰ ਮਾਅਰੂਜ਼ੀ ਸੂਰਤੇਹਾਲ ਦਾ ਤਜਜ਼ੀਆ ਕਰਨ ਲੱਗ ਪੈਂਦੇ ਨੇਂ ।

ਈਸਟ ਇੰਡੀਆ ਕੰਪਨੀ ਦੇ ਖ਼ਿਲਾਫ਼ ਅਠਾਰਾਂ ਸੌ ਸਤਵਿੰਜਾ ਦੀ ਨਾਬਰੀ ਤੋਂ ਛੋਹੰਦੇ, ਉਂਨੀ ਸੌ ਸੰਤਾਲੀ ਵਿਚ ਪਾਕਿਸਤਾਨ ਬਣਨ ਤੋੜੀ ਆਂਦੇ ਨੇਂ । ਮੁੜ ਇਕ੍ਹੱਤਰ ਵਿਚ ਬੰਗਲਾਦੇਸ਼, ਭੁੱਟੋ ਦੇ ਪੰਜ ਸਾਲ । ਜਨਰਲ ਜ਼ਿਆਅ ਦਾ ਭੁੱਟੋ ਨੂੰ ਫਾਏ ਚਾੜ੍ਹਨਾ ਤੇ ਫਿਰ ਹਦੂਦ ਆਰਡੀਨੈਂਸ ਰਾਹੀਂ ਇਸਲਾਮ ਲਾਗੂ ਕਰਨਾ । ਇਕ ਘੰਟਾ । ਇਹਦੇ ਵਿਚ ਭਾਰਤ, ਸੋਵੀਅਤ ਯੂਨੀਅਨ, ਚੀਨ, ਵੇਤਨਾਮ, ਅਮਰੀਕਾ, ਇੰਗਲੈਂਡ, ਫ਼ਲਸਤੀਨ, ਕਸ਼ਮੀਰ, ਈਰਾਨ ਤੇ ਅਫ਼ਗ਼ਾਨਿਸਤਾਨ ਬਾਰੇ ਵੀ ਗੱਲ ਹੋਈ ਏ, ਘੱਟੋ ਘੱਟ ਵੀਹ ਮਿੰਟ । ਯਾਂ ਖ਼ੌਰੇ ਇਹ ਮੇਰੀ ਆਸ ਵੰਦੀ ਹੋਵੇ ।

ਹੁਣ ਸਾਥੀ ਪੇਠਾ ਅਫ਼ਗ਼ਾਨਿਸਤਾਨ ਅਤੇ ਸੋਵੀਅਤ ਹਮਲੇ ਦੀ ਸੂਰਤੇਹਾਲ ਦੱਸਦੇ ਪਏ ਨੇਂ ਤੇ ਇਹ ਵੀ ਕਿ ਲੱਖਾਂ ਮੁਹਾਜਰਾਂ ਦੇ ਆਣ ਨਾਲ ਪਾਕਿਸਤਾਨ ਦੀ ਮਈਸ਼ਤ ਤੇ ਵਸੇਬ ਤੇ ਕੀ ਅਸਰ ਪੈਂਦੇ ਪਏ ਨੇਂ ।

ਇਸ ਸਾਰੀ ਗੱਲ ਬਾਤ ਵਿਚ ਉੱਚਾ ਮੱਥਾ ਆਵਦੇ ਆਪ ਵਿਚ ਬੈਠਾ ਕੰਧ ਨੂੰ ਵੇਂਹਦਾ ਰਹਿੰਦਾ ਏ । ਲਗਦਾ ਏ ਯਾਂ ਤੇ ਉਹਨੂੰ 'ਠੋਸ ਮਾਅਰੂਜ਼ੀ ਸੂਰਤੇਹਾਲ ਦੇ ਇਨਕਲਾਬੀ ਤਜਜ਼ੀਏ' ਨਾਲ ਕੋਈ ਗ਼ਰਜ਼ ਨਹੀਂ ਤੇ ਯਾਂ ਉਹਨੂੰ ਸਾਰਾ ਪਤਾ ਏ । ਮੇਰੇ ਲਈ ਅਫ਼ਸੋਸ ਦੀ ਗੱਲ ਇਹ ਏ ਕਿ ਉਸ ਇਸ ਡੇੜ੍ਹ ਦੋ ਘੰਟੇ ਵਿਚ ਇਕ ਵਾਰੀ ਵੀ ਮੇਰੇ ਪਾਸੇ ਨਹੀਂ ਤੱਕਿਆ । ਮੈਂ ਸੋਚਨੀ ਆਂ ਇਹ ਸ਼ਰੀਫ਼ ਏ ਯਾਂ ਲੱਜ ਮਾਰਿਆ । ਪਰ ਨਹੀਂ, ਇਹ ਨਾ ਸ਼ਰੀਫ਼ ਏ ਨਾ ਲੱਜ ਮਾਰਿਆ, ਇਹ ਪੱਥਰ ਏ ਜਿਵੇਂ ਮਹਾਤਮਾ ਬੁੱਧ ਦੀ ਮੂਰਤੀ, ਨਾ ਹਿੱਲੇ ਨਾ ਬੋਲੇ ।

ਮੈਂ ਪਹਿਲੋਂ ਜ਼ਰੀ ਘਾਬਰਨੀ ਆਂ ਤੇ ਮੁੜ ਬੇਦਿਲ ਹੋ ਕੇ ਸਾਥੀ ਪੇਠਾ ਦੀ ਗੱਲ ਤੇ ਧਿਆਨ ਦੇਣ ਦਾ ਆਹਰ ਕਰਨੀ ਆਂ, ਉਹ ਹੁਣ ਫ਼ਲਸਤੀਨੀ ਅਵਾਮ ਦੀ ਆਜ਼ਾਦੀ ਦੀ ਲਹਿਰ ਬਾਰੇ ਗੱਲ ਬਾਤ ਕਰਦੇ ਪਏ ਨੇਂ । ਮੈਂ ਐਨੀ ਸੁਰਤ ਮੰਦ ਨਹੀਂ ਪਰ ਉਨ੍ਹਾਂ ਮੈਨੂੰ ਵੀ 'ਪਾਕਿਸਤਾਨ ਕੇ ਬਾਸ਼ਊਰ ਅਵਾਮ' ਵਿਚ ਮਿਲਾ ਲਿਆ ਏ ।

ਅਸੀਂ ਤਹਿ ਕਰ ਕਰ ਕੇ ਪਅਮਫ਼ਲਟਾਂ ਦਾ ਢੇਰ ਮੁਕਾ ਦਿੱਤਾ ਏ ।

ਸਾਥੀ ਪੇਠਾ ਦੀ ਤਕਰੀਰ ਮਗਰੋਂ ਮਜਾਜ਼ ਮੈਨੂੰ ਰੈਲੀ ਔਰਗਨਾਇਜ਼ ਕਰਨ ਵਿਚ ਹੱਥ ਪਵਾਣ ਲਈ ਆਹੰਦਾ ਏ । ਮੈਂ ਆਵਦੇ ਕਾਲਜ ਪੈਮਫ਼ਲਟ ਵੰਡਣ ਦੀ ਹਾਮੀ ਭਰਨੀ ਆਂ । ਉਹ ਕੁੱਝ ਪੈਮਫ਼ਲਟ ਇਕ ਸ਼ਾਪਰ ਬੈਗ ਵਿੱਚ ਪਾ ਦਿੰਦਾ ਏ, ਮੈਂ ਉਨ੍ਹਾਂ ਨੂੰ ਛਾਤੀ ਨਾਲ ਲਾ ਲੈਨੀ ਆਂ, 'ਸਾਥੀ' ਅਖਵਾਣ ਦਾ ਕੋਈ ਕਾਰਨ ਵੀ ਤੇ ਹੋਵੇ ।

ਅਸੀਂ ਦੋ ਦੋ ਤਿੰਨ ਤਿੰਨ ਦੀਆਂ ਟੋਲੀਆਂ ਵਿਚ ਸੜਕ ਤੇ ਆ ਕੇ ਮੇਲੇ ਵਲ ਟੁੱਰ ਜਾਂਨੇ ਆਂ । ਮਜਾਜ਼ ਤੇ ਰੱਫ਼ੋ ਦੇ ਵਿਚਕਾਰ ਟੁਰਦਿਆਂ ਮੈਂ ਚੰਨ ਤਾਰੇ ਵੇਖਣ ਲਈ ਮੂੰਹ ਉਤਾਂਹ ਨੂੰ ਕਰਨੀ ਆਂ, ਕਾਲੇ ਬੱਦਲ ਮੇਲੇ ਦੀਆਂ ਪੀਲੀਆਂ ਸਾਵੀਆਂ ਰੋਸ਼ਨੀਆਂ ਵਿਚ ਲਿਸ਼ਕਦੇ ਪਏ ਨੇਂ ।

ਪਿੱਛੇ ਉੱਚਾ ਮੱਥਾ ਸਾਥੀ ਪੇਠੇ ਨਾਲ ਲੱਗਾ ਆਂਦਾ ਏ । ਉਹ ਏਨੀ ਹੋਲੀ ਬੋਲਦਾ ਏ ਕਿ ਮੈਂ ਉਹਦੀ ਵਾਜ ਨਹੀਂ ਸੁਣ ਸਕਦੀ । ਮੈਨੂੰ ਹਾਲੀ ਵੀ ਉਹਦਾ ਨਾਂ ਪਤਾ ਨਹੀਂ ਕਿਉਂ ਜੇ ਸਾਥੀ ਪੇਠੇ ਕਿਸੇ ਹੋਰ ਨੂੰ ਬੋਲਣ ਦਾ ਮੌਕਾ ਈ ਨਹੀਂ ਦਿੱਤਾ ।

ਪਿੱਛੋਂ ਇਕ ਸਾਥੀ ਟੁਰਦੇ ਟੁਰਦੇ ਪਸ਼ਤੋ ਵਿਚ ਗਾਵਣ ਛੋਹੰਦਾ ਏ 'ਪਾ ਵਰੂ ਵਰੂ ਕੀਦਾ ਕਲੋਮੋਨਾ ਲੈਲਾ ਸ਼ਿੰਗ ਦ ਪਾਜ਼ੇਬ ਦੀ ਆਲਮੋਨਾ ਖ਼ਬਰਵੀਨਾ' (ਅਨੁਵਾਦ)। ਮੈਂ ਮੁੜ ਕੇ ਵੇਹਨੀ ਆਂ, ਵੀਰਾਨ ਸੜਕ ਦੇ ਵਿਚਕਾਰ ਸਾਥੀਆਂ ਦੀ ਟੋਲੀ ਵਿਚ ਇੱਕ ਪਖ਼ਤੂਨ ਸਾਥੀ ਅੱਖੀ ਕਾਲੇ ਅਸਮਾਨ ਤੇ ਗੱਡ, ਉਦਾਸੀ ਤੇ ਉਮੀਦ ਦੇ ਇਹ ਬੋਲ ਗਾਂਦਾ ਪਿਆ ਏ ਜਿਹੜੇ ਸਮਝ ਨਾ ਆ ਕੇ ਵੀ ਦਿਲ ਵਿੱਚ ਲਹਿੰਦੇ ਨੇਂ । ਵਾਅ ਵੱਗ ਪੈਂਦੀ ਏ, ਇੱਕ ਬੁੱਲ੍ਹਾ ਮੇਰੇ ਨਾਲ ਖਹਿੰਦਾ ਅੱਗੇ ਮੇਲੇ ਨੂੰ ਨਿਕਲ ਜਾਂਦਾ ਏ ।

ਮੈਨੂੰ ਸੱਭ ਤੋਂ ਚੰਗੀਆਂ ਮੇਲੇ ਦੀਆਂ ਉਹ ਹੱਟੀਆਂ ਲਗਦੀਆਂ ਨੇਂ ਜਿਨ੍ਹਾਂ ਤੇ ਪੰਜਾਬ ਦੇ ਵੱਖੋ ਵਖ ਇਲਾਕਿਆਂ ਤੋਂ ਆਏ ਛਿੱਕੂ, ਚੰਗੇਰਾਂ, ਵੰਗਾਂ ਤੇ ਗਹਿਣੇ ਹੋਣ । ਅੱਧੀ ਰਾਤ ਏ, ਫੁੱਲਾਂ ਤੇ ਖਾਣ ਪੀਣ ਬਾਝ ਸਾਰੀਆਂ ਹੱਟੀਆਂ ਬੰਦ ਨੇਂ । ਕਤਲੰਮੇ ਹਾਲੀ ਤਲੀਂਦੇ ਪਏ ਨੇਂ ।

"ਖਾਣਾ ਈ?" ਰੱਫ਼ੋ ਮੈਥੋਂ ਪੁੱਛਦੀ ਏ ।

"ਆਹੋ" ਮੈਂ ਖਲੋ ਜਾਂਨੀ ਆਂ । ਤਾਜ਼ਾ ਤਲਿਆ ਕਤਲੰਮਾ ਛੱਡ ਕੇ ਜਾਣਾ ਸੌਖਾ ਨਹੀਂ ।

ਰੱਫ਼ੋ ਹੱਟੀ ਆਲੇ ਨੂੰ ਇਕ ਬਣਾਣ ਲਈ ਆਹੰਦੀ ਏ ।

"ਏਨੀ ਵੱਡੀ ਪਾਰਟੀ ਤੇ ਇਕ ਕਤਲੰਮਾ?" ਕਤਲੰਮੇ ਆਲਾ ਮੇਰੇ ਨਕਾਬ ਤੋਂ ਜਵਾਬ ਮੰਗਦਾ ਏ ।

ਮੈਂ ਮੁੜ ਕੇ 'ਪਾਰਟੀ' ਵੇਹਨੀ ਆਂ । ਕਾਲਜ ਸਟੂਡੰਟਾਂ ਵਰਗੀਆਂ ਸ਼ਕਲਾਂ ਦੇ ਏਨੇ ਸਾਰੇ ਵੰਨ ਸੁਵੰਨੇ ਮੁੰਡਿਆਂ ਨਾਲ ਅਸੀਂ ਜਵਾਨ ਪੁੱਤਰਾਂ ਆਲਾ ਇਕ ਭਾਗਵਾਨ ਟੱਬਰ ਲੱਗਣੇ ਆਂ ।

ਅਖ਼ਬਾਰ ਦੇ ਕਾਗਤ ਤੇ ਕਤਲੰਮਾ ਚਾ, ਮੈਂ ਰੱਫ਼ੋ ਦੇ ਪਿੱਛੇ ਮਜ਼ਾਰ ਦੀਆਂ ਪੌੜੀਆਂ ਚੜ੍ਹਨੀ ਆਂ । ਨਿੰਮ੍ਹੇ ਚਾਨਣ ਵਿੱਚ ਕਾਗਤ ਉੱਤੇ ਫ਼ੈਜ਼ ਅਹਿਮਦ ਫ਼ੈਜ਼ ਹੋਰਾਂ ਦੀ ਨਜ਼ਮ ਦਿਸਦੀ ਏ 'ਯੇ ਕੌਨ ਸਖ਼ੀ ਹੈਂ ਜਿਨ ਕੇ ਲਹੂ ਕੀ ਅਸ਼ਰਫ਼ੀਆਂ ਛਨ ਛਨ ਛਨ' ਫ਼ਲਸਤੀਨੀ ਆਜ਼ਾਦੀ ਪਸੰਦਾਂ ਲਈ ਇਹ ਨਜ਼ਮ ਦਿਲ ਟੁੰਬਦੀ ਏ । ਮੈਂ ਕਾਗਤ ਪੈਮਫ਼ਲਟਾਂ ਆਲੇ ਬੈਗ ਵਿੱਚ ਪਾ ਲੈਨੀ ਆਂ ।

ਮਜ਼ਾਰ ਦੇ ਇਸ ਪਾਸੇ ਬਿਜਲੀ ਦੇ ਬਲਬ ਕੁ ਨੀ, ਬੱਸ ਸਾਵੀਆਂ ਲਾਲ ਮਿਰਚਾਂ ਨੇਂ ਜਿਹੜੀਆਂ ਕਿਧਰੇ ਕਿਧਰੇ ਤਣੇ ਤੰਬੂਆਂ ਤੇ ਲੱਗੀਆਂ ਹੋਈਆਂ ਨੇਂ । ਇਸ ਤੋਂ ਪਹਿਲੋਂ ਕਿ ਮੇਰੀਆਂ ਅੱਖੀਂ ਵੇਖਣ ਜੋਗੀਆਂ ਹੋਣ, ਪਤਾ ਲਗਦਾ ਏ ਕਿ ਥਾਂ ਲੋਕਾਂ ਨਾਲ ਭਰੀ ਹੋਈ ਏ ।

ਅੱਗੇ, ਹਸ਼ੀਸ਼ ਦੀ ਬੋ ਨਾਲ ਵਾਅ ਭਰੀ ਹੋਈ ਏ । ਮੈਂ ਰੱਫ਼ੋ ਨਾਲ ਇਕ ਟਿੱਬੇ ਤੇ ਬਹਿ ਜਾਂਨੀ ਆਂ ਤੇ ਅਸੀਂ ਪੱਪੂ ਸਾਈਂ ਦੇ ਢੋਲ ਦੀ ਤਾਲ ਤੇ ਨੱਚਦੇ ਧਮਾਲੀ ਵੇਖਣ ਲੱਗ ਪੈਨੇ ਆਂ । ਮਾਂ ਜੀ ਨਾਲ ਤੇ ਚਾਨਣ ਵੇਲੇ ਆਈ ਦਾ ਏ, ਮਜ਼ਾਰ ਤੇ ਹਾਜ਼ਰੀ ਪਾਈ ਦੀ ਏ, ਹੱਟੀਆਂ ਤੇ ਫਿਰੀ ਦਾ ਏ ਤੇ ਚਾਨਣ ਵਿਚ ਈ ਘਰਾਂ ਨੂੰ ਪਰਤ ਜਾਈ ਦਾ ਏ । ਮੁੜ ਢੋਲ ਵੱਜਦੇ ਨੇਂ ਰਾਤਾਂ ਨੂੰ ।

ਢੋਲ ਦੀ ਧਮਕ ਵਿਚ ਰੁੱਝੀ ਮੈਂ ਟਿੱਬੇ ਤੇ ਰੱਫ਼ੋ ਨਾਲ ਬੈਠੀ ਇੰਜ ਮਸਤ ਹੋਨੀ ਆਂ ਜਿਵੇਂ ਚੇਨ ਦੀ ਕਿਸੇ ਚੌਧਵੀਂ ਨੂੰ ਪਿੰਡ ਦੀਆਂ ਪੈਲੀਆਂ ਵਿਚ ਜ਼ਨਾਨੀਆਂ ਨਾਲ ਗਿੱਧਾ ਪਾਂਦਿਆਂ, ਯਾਂ ਮੁੜ ਆਵਦੇ ਕਮਰੇ ਦੇ ਠੰਢੇ ਫ਼ਰਸ਼ ਤੇ ਅੱਖੀਂ ਨੂਟ ਕੇ ਪਈ ਇਸੇ ਤਾਲ ਤੇ ਤੁਰਦਿਆਂ ।

ਰੱਫ਼ੋ ਚਰਸ ਭਰੇ ਸਿਗਰਟ ਦੀ ਵਾਰੀ ਲੈ ਕੇ ਮੈਨੂੰ ਦਿੰਦੀ ਏ, ਮੈਂ ਵੀ ਦੋ ਕਸ਼ ਲੈ ਕੇ ਅੱਗੇ ਟੋਰ ਦੇਨੀ ਆਂ । ਇੰਜ ਕੁਝ ਦੇਰ ਚਲਦਾ ਏ, ਵੱਲ ਸਿਗਰਟ ਥਾਈਂ ਇਕ ਮਸ਼ਰੂਬ ਆਂਦਾ ਏ, ਭੰਗ । ਮੈਂ ਉਹ ਵੀ ਪੀਨੀ ਆਂ ।

ਟਿੱਬੇ ਦੀ ਸੀਤ ਮਾਸ ਅੰਦਰ ਵੜਦੀ ਮੇਰੇ ਹੱਡਾਂ ਨੂੰ ਛੂਹਣ ਲੱਗ ਪਈ ਏ । ਮੈਂ ਉੱਠ ਕੇ ਵੇਹਨੀ ਆਂ ਤੇ ਸੁਰਤ ਆਂਦੀ ਏ ਕਿ ਇਹ ਟਿੱਬਾ ਕਿਸੇ ਦੀ ਕਬਰ ਏ । ਅਸੀਂ ਇਕ ਕਬਰਸਤਾਨ ਵਿਚ ਰੰਗ ਲਾਈ ਪਏ ਆਂ ।

ਢੋਲ ਵੱਜਣਾ ਬੰਦ ਹੁੰਦਾ ਏ ਤੇ ਹਾਰਮੋਨੀਅਮ ਦੀ ਰਸਵੀਂ ਵਾਜ ਵਾਅ ਵਿੱਚ ਖਿੱਲਰ ਜਾਂਦੀ ਏ ।

ਮੈਂ ਅੱਗੇ ਜਾਨੀ ਆਂ, ਸਾਈਂ ਜੀ ਭੰਗ ਦਾ ਕੋਲਾ ਲਈ ਬੈਠੇ ਨੇਂ, ਉਨ੍ਹਾਂ ਦੀ ਕੱਛ ਵਿਚ ਮੇਰੀ ਨਿੱਕੀ ਜਿਹੀ ਮਾਸੀ ਸੁੱਖ ਚੈਨ ਨਾਲ ਸੁੱਤੀ ਪਈ ਏ ।

ਮੈਂ ਪਿਛਾਂਹ ਮੁੜਨੀ ਆਂ, ਕੋਈ ਗਾਵਣ ਛੋਹੰਦਾ ਏ ।

"ਝੁੰਮੇ ਝੁੰਮ ਖੇਡ ਲੈ ਮੰਝ ਵੇੜ੍ਹੇ, ਜਪਦਿਆਂ ਨੂੰ ਹਰ ਨੇੜੇ"

ਅੱਗੇ ਜਾ ਝਾਤੀ ਪਾਨੀ ਆਂ, ਉੱਚਾ ਮੱਥਾ ਗਾਂਦਾ ਪਿਆ ਏ ।

'ਝੁੰਮੇ ਝੁੰਮ ਖੇਲ ਲੈ ਮੰਝ ਵੇੜ੍ਹੇ, ਜਪਦਿਆਂ ਨੂੰ ਹਰ ਨੇੜੇ<br>
ਵੇੜ੍ਹੇ ਦੇ ਵਿੱਚ ਨਦੀਆਂ ਵਗਣ, ਬੇੜੇ ਲੱਖ ਹਜ਼ਾਰ<br>
ਕੇਤੀ ਇਸ ਵਿਚ ਡੁੱਬਦੀ ਵੇਖੀ, ਕੇਤੀ ਲੰਘੀ ਪਾਰ<br>
ਇਸ ਵੇੜ੍ਹੇ ਦੇ ਨੌਂ ਦਰਵਾਜ਼ੇ ਦਸਵੇਂ ਕੁਲਫ਼ ਚੜ੍ਹਾਈ<br>
ਤੁਸ ਦਰਵਾਜ਼ੇ ਦੇ ਮਹਿਰਮ ਨਾਹੀਂ, ਜਿਤ ਸ਼ੋਹ ਆਵੇ ਜਾਈ<br>
ਵੇੜ੍ਹੇ ਦੇ ਵਿੱਚ ਆਲਾ ਸੂਹੇ, ਆਲੇ ਦੇ ਵਿੱਚ ਤਾਕੀ<br>
ਤਾਕੀ ਦੇ ਵਿੱਚ ਸੇਜ ਵਛਾਵਾਂ, ਆਪਣੇ ਪਿਆ ਸੰਗ ਰਾਤੀ<br>
ਇਸ ਵੇੜ੍ਹੇ ਵਿਚ ਮੱਕਣਾ ਹਾਥੀ ਸੰਗਲ ਨਾਲ ਖਹਿਹੇੜੇ<br>
ਕਹੇ ਹੁਸੈਨ ਫ਼ਕੀਰ ਸਾਈਂ ਦਾ ਜਾਗਦਿਆਂ ਕੂੰ ਛੇੜੇ'

ਸੁਰਤ ਨਹੀਂ ਆਂਦੀ ਬਈ ਮਾਧੋ ਲਾਲ ਹੁਸੈਨ ਦੇ ਇਹ ਲਫ਼ਜ਼ ਮੈਨੂੰ ਕੀ ਆਹੰਦੇ ਨੇਂ । ਮੇਰਾ ਸਿਰ ਚਕਰਾਂਦਾ ਏ, ਲਗਦਾ ਏ ਜਿਵੇਂ ਉਲਟੀ ਆਂਦੀ ਏ । ਮਗਰੋਂ ਮੈਨੂੰ ਕੁੱਝ ਚੇਤੇ ਨਹੀਂ ਰਹਿੰਦਾ ।

ਰੱਫ਼ੋ ਤੇ ਮਜਾਜ਼ ਮੇਰੇ ਦੋਵੇਂ ਪਾਸੇ ਨੇਂ, ਅਸੀਂ ਤਨੂੰਰ ਆਲੀ ਗਲੀ ਵਿਚ ਖਲੇ ਆਂ।

ਕਬਰਸਤਾਨ ਵਿਚ ਸੌਖੀ ਪਰ ਆਵਦੇ ਘਰ ਨੇੜੇ ਔਖੀ, ਮੈਂ ਹਰ ਅਵਾਜ਼ ਤੇ ਠਠੰਬਰ ਜਾਂਨੀ ਆਂ । ਇਸ ਵੇਲੇ ਮੈਨੂੰ ਆਵਦਾ ਆਪ ਅਸਲੋਂ ਨਹੀਂ ਪਿਆ ਭਾਂਦਾ । ਕਿਵੇਂ ਭਾਵੇ ? ਮੈਂ ਡਿੱਗਦੀ, ਢਹਿੰਦੀ, ਉਲਟੀਆਂ ਕਰਦੀ ਫਿਰਨੀ ਆਂ । ਮਜਾਜ਼ ਤੇ ਰੱਫ਼ੋ ਵੱਲ ਵੀ ਮੈਨੂੰ ਇੱਜ਼ਤ ਪਿਆਰ ਨਾਲ ਸਾਂਭੀ ਖਲੇ ਨੇਂ ਕਿਉਂ ਜੇ ਉਹ ਮੇਰੇ ਸਾਥੀ ਕਾਮਰੇਡ ਨੇਂ ।

ਮੈਂ ਸੋਚਨੀ ਆਂ, ਕਿਹੜਾ ਇਨਸਾਨ ਇੱਜ਼ਤ ਪਿਆਰ ਦੇ ਕਾਬਲ ਨਹੀਂ? ਮੇਰੀਆਂ ਅੱਖੀਂ ਜਨਰਲ ਜ਼ਿਆਅ ਦੀ ਸ਼ਬਾਹਤ ਨਾਲ ਭਰੀਜ ਜਾਂਦੀਆਂ ਨੇਂ, ਮੈਂ ਮੱਲ ਮੱਲ ਕੇ ਉਨ੍ਹਾਂ ਨੂੰ ਖ਼ਾਲੀ ਕਰਨੀ ਆਂ ਤੇ ਉੱਥੇ ਅਮਲਤਾਸ ਦੀਆਂ ਲਗਰਾਂ ਵਿਚ ਗਾਮੂ ਆ ਬਹਿੰਦਾ ਏ । ਵੱਡਾ ਜ਼ੁਲਮ ਏ, ਗਾਮੂ ਨਾਲ ਅੱਯੋ ਚੇਤੇ ਆਂਦੀ ਏ । ਅਮਲਤਾਸ ਥੱਲੇ ਤਾਜ਼ੇ ਲਹੂ ਦੇ ਚਿੱਕੜ ਵਿਚ ਪਈ, ਸੰਘ ਵਿੱਚੋਂ ਅਚਰਜ ਅਵਾਜ਼ਾਂ । ਮੇਰਾ ਸਿਰ ਉੱਡਦਾ ਏ, ਢਿੱਡ ਦੀ ਹਰ ਸ਼ੈਅ ਉਗਲ ਕੇ ਗਲ ਵਿਚ ਆ ਫੱਸਦੀ ਏ 'ਓਏ ਭੈਣ ਚੋਦ' ਭਾ ਲਲਕਾਰ ਕੇ ਆਹੰਦਾ ਏ, ਮੈਂ ਭੁੰਜੇ ਬਹਿ ਕੇ ਉਬੱਤੇ ਲੈਣ ਲੱਗ ਪੈਨੀ ਆਂ ।

ਉਲਟੀਆਂ ਕਰਦਿਆਂ ਮੇਰੇ ਕੰਨਾਂ ਵਿਚ ਰੱਫ਼ੋ, ਮਜਾਜ਼, ਭਾ ਤੇ ਅੱਯੋ ਦੀਆਂ ਅਵਾਜ਼ਾਂ ਆਂਦੀਆਂ ਨੇਂ ।

ਸਵੇਰ ਦੇ ਦੋ ਢਾਈ ਵਜੇ ਮੈਂ ਆਵਦੇ ਕਮਰੇ ਅੱਪੜਨੀ ਆਂ ।

# ਅਗਲੇ ਦਿਹਾੜੇ

ਸਵੇਰ ਦੇ ਛੇ ਵਜੇ ਅੰਮਾਂ ਜੀਵਾਂ ਮੈਨੂੰ ਜਗੌਣ ਆਂਦੀ ਏ । ਮੇਰੇ ਸਿਰ ਵਿਚ ਪੀੜ ਦੇ ਪਟਾਕੇ ਪਏ ਵੱਜਦੇ ਨੇਂ, ਮੈਂ ਰਜ਼ਾਈ ਵਿੱਚੋਂ ਮੂੰਹ ਕੱਢੇ ਬਿਨਾਂ ਆਹਨੀ ਆਂ ਬਈ ਮੈਂ ਅੱਜ ਕਾਲਜ ਨਹੀਂ ਜਾਣਾ।

ਉਹ ਰਜ਼ਾਈ ਖਿੱਚਦੀ ਏ, ਮੈਂ ਅੰਦਰੋਂ ਘੁੱਟ ਕੇ ਫੜੀ ਰੱਖਨੀ ਆਂ, ਉਹ ਚਲੀ ਜਾਂਦੀ ਏ ।

ਉਲਟੀਆਂ ਚੇਤੇ ਕਰ ਮੇਰੇ ਢਿੱਡ ਵਿੱਚ ਮਰੋੜ ਉੱਠਣ ਲੱਗ ਪਏ ਨੇਂ । ਮੈਂ ਹੱਥ ਮੱਥੇ ਤੇ ਮਾਰਨੀ ਆਂ, ਹੂੜ ਮਤ, ਚਰਸ ਤੇ ਭੰਗ ਕਿਉਂ ਪੀਤੀ? ਮਰਦਾਂ ਵਿੱਚ ਕਿਉਂ ਨੱਚੀ?

ਬਾਕੀ ਤੇ ਠੀਕ ਏ, ਭਾਵੇਂ ਰਾਤ ਦਾ ਵੇਲਾ ਸੀ, ਕਿਸੇ ਸਟੱਡੀ ਸਰਕਲ ਤੇ ਜਾਣਾ ਕੋਈ ਗੁਨਾਹ ਤੇ ਨਹੀਂ ਪਰ ਬਾਬੇ ਸ਼ਾਹ ਜਮਾਲ ਦੇ ਕਬਰਸਤਾਨ ਵਿਚ? ਹਸ਼ੀਸ਼ ਪੀਣਾ? ਭੰਗ ਦੇ ਘੁੱਟ ਭਰਨਾ? ਨੱਚਣਾ? ਇਨ੍ਹਾਂ ਦਾ ਕੀ ਕਰਾਂ? ਜੇ ਮਾਂ ਜੀ ਤੇ ਭਾ ਨੂੰ ਪਤਾ ਲੱਗ ਗਿਆ? ਅੱਗੇ ਸੋਚਣ ਦੀ ਹਿੰਮਤ ਕੋ ਨੀ ।

"ਪੁੱਤਰ" ਮਾਂ ਜੀ ਅੰਮਾਂ ਜੀਵਾਂ ਤੇ ਨਾਸ਼ਤੇ ਦੀ ਟਰੇ ਦੇ ਅੱਗੋ ਅੱਗੇ ਨੇਂ "ਖ਼ੁਦਾ ਨ ਖ਼ਾਸਤਾ, ਤੇਰੇ ਵੈਰੀ ਬਿਮਾਰ ਤੇ ਨਹੀਂ?"

"ਜੀ" ਮੈਂ ਉੱਠ ਬਹਿਨੀ ਆਂ "ਸਿਰ ਪੀੜ ਏ, ਮੈਨੂੰ ਕਲਾਸ ਵਿਚ...."

"ਉਹੋ ਪੱਤਰ, ਪਈ ਰਹਿ" ਮਾਂ ਜੀ ਸਿਰਹਾਣਾ ਠੀਕ ਕਰ ਕੇ ਰੱਖਦੇ ਨੇਂ "ਤੇਰੀ ਮਾਹਵਾਰੀ ਦੇ ਦਿਨ ਆਣ ਆਲੇ ਨੇਂ" ਮਾਂ ਜੀ ਮੇਰੇ ਮੱਥੇ ਤੇ ਹੱਥ ਰੱਖਦੇ ਨੇਂ । "ਅਲਹਮਦੁ ਲਿੱਲਾਹ, ਤਾਪ ਤੇ ਨਹੀਂ ਪਰ ਤੂੰ ਫਿਰ ਵੀ ਨਿੰਮ ਦਾ ਪਾਣੀ ਪੀ ਲਵੀਂ, ਮੌਸਮ ਬਦਲਦਾ ਪਿਆ ਏ । ਜੀਵਾਂ, ਬੀਬੀ ਦੇ ਵਾਲਾਂ ਲਈ ਸਰੋਂਹ ਦਾ ਤੇਲ ਫੜਾ ਤੇ ਖ਼ੋਰਸ਼ੈਦੀ ਤੂੰ ਮੁੱਠ ਕੁ ਨਿੰਮ ਦੇ ਪੱਤਰ ਪਾ ਦੇ" ।

ਅੰਮਾਂ ਜੀਵਾਂ ਮਾਂ ਜੀ ਨੂੰ ਕੌੜੇ ਤੇਲ ਦੀ ਸ਼ੀਸ਼ੀ ਫੜਾ ਥੱਲੇ ਲਹਿ ਜਾਂਦੀ ਏ, ਮਾਂ ਜੀ ਸਿਰਹਾਣੇ ਬਹਿ ਕੇ ਮੇਰੇ ਸਿਰ ਵਿਚ ਤੇਲ ਪਾਣ ਲੱਗ ਪੈਂਦੇ ਨੇਂ ।

"ਸਕੀਨਾ, ਤੈਨੂੰ ਆਵਦੇ ਭਰਾ ਦੀਆਂ ਫ਼ਿਕਰਾਂ ਕਰਨ ਦੀ ਲੋੜ ਨਹੀਂ, ਉਹ ਵੱਡਾ ਜ਼ਿਮੀਂਦਾਰ ਏ ਤੇ ਕਿਸੇ ਵੀ ਟੱਬਰ ਦੇ ਮੁਤਾਲਬੇ ਪੂਰੇ ਕਰ ਸਕਦਾ ਏ" ਮਾਂ ਜੀ ਮੇਰੀ ਚੋਟੀ ਝੱਸਣ ਲੱਗ ਪੈਂਦੇ ਨੇਂ।

ਜਦੋਂ ਮਾਂ ਜੀ ਮੇਰੇ ਸਿਰ ਵਿਚ ਤੇਲ ਝੱਸਦੇ ਨੇਂ ਤੇ ਮੈਨੂੰ ਬੜਾ ਚੰਗਾ ਲਗਦਾ ਏ ਪਰ ਹੁਣ ਮੈਂ ਡਰੀ ਪਈ ਆਂ ਕਿ ਮਾਂ ਜੀ ਨੂੰ ਮੈਥੋਂ ਉਲਟੀ, ਤਮਾਕੂ ਯਾਂ ਚਰਸ ਦੀ ਬੋ ਨਾ ਆਵੇ । ਇਸੇ ਤੋਰਾ ਮੇਰੀ ਸਿਰ ਪੀੜ ਵਧਾ ਦਿੱਤੀ ਏ ।

ਝੱਸਣ ਮਗਰੋਂ ਮਾਂ ਜੀ ਸੂਰਤ ਅਲਹਮਦੁ ਪੜ੍ਹ ਕੇ ਮੇਰੇ ਸਿਰ ਤੇ ਫੂਕਦੇ ਨੇਂ ।

ਦਿਲ ਕਰਦਾ ਏ ਮੈਂ ਉਨ੍ਹਾਂ ਦੇ ਗਲ ਲੱਗ ਕੇ ਚੀਕਾਂ ਮਾਰਾਂ, ਪਰ ਮੈਂ ਅੱਖੀਂ ਮੀਟ ਕੇ ਅੱਲਾਹ ਤੋਂ ਮੁਆਫ਼ੀਆਂ ਮੰਗਣੀ ਆਂ ।

ਜਦੋਂ ਮਾਂ ਜੀ ਨੂੰ ਲਗਦਾ ਏ ਕਿ ਮੈਂ ਸੌਂ ਗਈ ਆਂ ਤੇ ਉਹ ਮੇਰੀਆਂ ਗੱਲਾਂ ਛੋਹੰਦੇ, ਵਾਲ ਮੂੰਹ ਤੋਂ ਪਰਾਂਹ ਕਰਦੇ, ਮੱਥਾ ਚੁੰਮਦੇ, ਰਜ਼ਾਈ ਪੱਧਰੀ ਕਰਦੇ ਚਲੇ ਜਾਂਦੇ ਨੇਂ ।

ਉਨ੍ਹਾਂ ਦੇ ਜਾਂਦਿਆਂ ਈ ਮੇਰੇ ਹੰਝੂ ਵਗਣ ਲੱਗ ਪੈਂਦੇ ਨੇਂ, ਅੱਖੀਂ ਤੋਂ ਗੱਲ੍ਹਾਂ, ਗੱਲਾਂ ਤੋਂ ਸਿਰਹਾਣੇ ਤੀਕਰ । ਤੋਲੀਆ ਫੜਨ ਲਈ ਪਲੰਗ ਥੱਲੇ ਹੱਥ ਮਾਰਨੀ ਆਂ, ਇਕ ਸ਼ਾਪਰ ਬੈਗ ਹੱਥ ਆਂਦਾ ਏ ।

ਨੀਉਂ ਕੇ ਵੇਹਨੀ ਆਂ, ਪਿਛਲੀ ਰਾਤ ਸੱਚੀ ਮੁੱਚੀ ਆਈ ਸੀ, ਐਮ ਆਰ ਡੀ ਦੇ ਪੈਮਫ਼ਲਟਾਂ ਨਾਲ ਬੈਗ ਭਰਿਆ ਪਿਆ ਏ । ਹਾਏ ਵੇ ਅੱਲਾਹ, ਇਹ ਮੈਂ ਕਿਵੇਂ ਕੀਤਾ? ਮਾਂ ਜੀ ਸੱਭ ਤੋਂ ਪਹਿਲੋਂ ਮੇਰੇ ਪਲੰਗ ਥੱਲੇ ਈ ਝਾਤੀ ਪਾਂਦੇ ਨੇਂ ।

ਮੈਂ ਬੈਗ ਪਲੰਗ ਥੱਲਿਓਂ ਕੱਢ ਕੇ ਟਰੰਕ ਵਿੱਚ ਸਾਂਭ ਦੇਂਨੀ ਆਂ ।

ਉੱਠ ਕੇ ਐਨਾ ਕੁ ਕਰਨ ਨਾਲ ਮੇਰੇ ਸਿਰ ਵਿਚ ਤਰਾਟਾਂ ਪੈਣ ਲੱਗ ਪਈਆਂ ਨੇਂ, ਮੈਂ ਬਿਸਤਰੇ ਤੇ ਢੈ ਕੇ ਅੱਖੀਂ ਮੀਟ ਲੈਂਨੀ ਆਂ ।

ਉਦੋਂ ਦੀ ਸੁੱਤੀ ਮੈਂ ਲੌਢੇ ਵੇਲੇ ਉਠਣੀ ਆਂ, ਕਿੰਨਾ ਚਿਰ ਮੈਨੂੰ ਸੁਰਤ ਨਹੀਂ ਆਂਦੀ ਬਈ ਮੇਰਾ ਢਿੱਡ ਖ਼ਾਲੀ ਏ ਯਾਂ ਖਾ ਖਾ ਆਫਰਿਆ ਹੋਇਆ । ਬਾਵਰਚੀ ਖ਼ਾਨੇ ਵਿੱਚੋਂ ਬਾਉ ਦੀ ਵਾਜ ਤੋਂ ਲਗਦਾ ਏ ਭਾ ਪਿੰਡੋਂ ਆ ਗਿਆ ਏ । ਮੈਂ ਖ਼ੁਸ਼ ਹੋਂਨੀ ਆਂ ਪਰ ਬਹੁਤੀ ਨਹੀਂ, ਭਾ ਦੇ ਲਾਹੋਰ ਹੋਣ ਦਾ ਮਤਲਬ ਏ ਕਿ ਮੈਂ ਅਸਲੋਂ ਬਾਹਰ ਨਹੀਂ ਜਾ ਸਕਦੀ । ਭਾ ਦੇ ਹੁੰਦਿਆਂ ਕੋਈ ਬਹਾਨਾ ਵੀ ਨਹੀਂ ਕਰਦੀ, ਪੱਕ ਏ ਮੈਨੂੰ ਇਜਾਜ਼ਤ ਨਹੀਂ ਮਿਲਣੀ । ਇੰਜ ਭਾ ਵੀ ਕਦੀ ਕਦਾਈਂ ਸਾਨੂੰ ਬਾਹਰ ਲਿਜਾਂਦਾ ਏ । ਇਕ ਵਾਰੀ ਅਸੀਂ ਹੜੱਪਾ ਦੇ ਖੰਡਰ ਵੇਖਣ ਗਏ, ਮੁੜ ਸ਼ਾਲਾਮਾਰ ਬਾਗ਼ ਪਿਕਨਿਕ ਮਣਾਈ, ਲਾਰੰਸ ਗਾਰਡਨ ਸੈਰ ਕੀਤੀ ਤੇ ਕਿੰਨੀ ਵਾਰੀ ਲਿਬਰਟੀ ਮਾਰਕੀਟ ਜਾ ਕੇ ਆਈਸ ਕਰੀਮ ਖਾਦੀ ।

ਹੜੱਪਾ ਕੋਈ ਜਾਦੂ ਆਲੀ ਥਾਂ ਸੀ, ਉਥੋਂ ਦੀਆਂ ਮੂਰਤਾਂ ਮੈਨੂੰ ਹੁਣ ਤਾਈਂ ਸੁਫ਼ਨਿਆਂ ਵਿਚ ਆਂਦੀਆਂ ਨੇਂ । ਰੰਗ ਵੀ ਡਾਢੇ ਭਾਏ ਸਨ ਪਰ ਮੈਂ ਖੁੱਲ ਕੇ ਉਨ੍ਹਾਂ ਨੂੰ ਵੇਖ ਨਹੀਂ ਸਕੀ, ਮਾਂ ਜੀ ਚੇਤਾ ਯਾਦ ਕਰਵਾਇਆ ਸੀ ਬਈ ਅੱਲਾਹ ਨੂੰ ਬੁੱਤ ਪਸੰਦ ਨਹੀਂ । ਮਾਂ ਜੀ ਤੇ ਭਾ ਸਿਧਾਰਥ ਗੋਤਮ ਬੁੱਧ ਦੇ ਮੁਜਸਮਿਆਂ ਦੀ ਵੀ ਫੱਕੜੀ ਲਾਂਦੇ ਪਏ ਸਨ ਜਿਹਨੇ ਵਸੇਬੀ ਬਰਾਬਰੀ ਲਈ ਆਵਦੀ ਬਾਦਸ਼ਾਹੀ ਛੱਡ ਦਿੱਤੀ ।

ਮੈਂ ਮੂੰਹ ਹੱਥ ਧੋ, ਤਿਆਰ ਹੋ ਕੇ ਥੱਲੇ ਜਾਂਨੀ ਆਂ । ਬਾਵਰਚੀ ਖ਼ਾਨੇ ਵਿਚ ਅੰਮਾਂ ਜੀਵਾਂ ਮੇਰਾ ਖੇੜਾ ਕਰਦੀ ਏ, ਮੈਂ ਕਰਨ ਦੇਣੀ ਆਂ ਕਿ ਕੁੱਝ ਵੇਲਾ ਹੋਰ ਲੰਘੇ।

ਬਾਉ ਭਾ ਦਾ ਹੁੱਕਾ ਤਾਜ਼ਾ ਕਰ ਕੇ ਲਈ ਜਾਂਦਾ ਏ, ਮੈਂ ਉਹਦੇ ਮਗਰ ਮਾਂ ਜੀ ਦੇ ਕਮਰੇ ਨੂੰ ਜਾਂਨੀ ਆਂ ।

"ਅੱਸਲਾਮੁ ਅਲੈਕੁਮ ਭਾ" ਮੈਂ ਆਹਨੀ ਆਂ ।

"ਵਾ ਅਲੈਕੁਮ ਅੱਸਲਾਮ ਕਾਕੀ, ਹੁਣ ਤੇਰੀ ਸਿਰ ਪੀੜ ਠੀਕ ਏ?" ਉਹ ਪੁੱਛਦਾ ਏ ।

"ਜੀ" ।

"ਤੇ ਉਹ ਕੀ ਸੀ ਬਈ ਮੂੰਗ ਫਲੀ ਮੇਂ ਦਾਨਾ ਨਹੀਂ, ਮੈਂ ਨੇ ਕਾਲਜ ਜਾਣਾ ਨਹੀਂ?" ਭਾ ਆਹੰਦਾ ਏ ।

ਮੈਂ ਹੱਸਣੀ ਆਂ, ਮੈਨੂੰ ਭਾ ਦੇ ਮਖ਼ੌਲਾਂ ਤੇ ਹਰ ਵਾਰੀ ਖਿਲ ਆ ਜਾਂਦੀ ਏ, ਉਹਦੇ ਤੇ ਮਖ਼ੌਲੀ ਮੁਖ ਡਾਢਾ ਫਬਦਾ ਏ।

"ਇਹਨੂੰ ਪਤਾ ਸੀ ਅੱਜ ਇਹਦੇ ਭਰਾ ਘਰਾਂ ਨੂੰ ਆਣਾ ਏ" ਮਾਂ ਜੀ ਮੈਨੂੰ ਸੋਫ਼ੇ ਤੇ ਬਹਿਣ ਲਈ ਸੈਨਤਰ ਕਰ, ਭਾ ਵੱਲ ਮੁੜਦੇ ਨੇਂ "ਪੁਤੱਰ ਤੂੰ ਫ਼ਸਲਾਂ ਦੀ ਸੁਣਾਂਦਾ ਪਿਆ ਸੈਂ" ।

"ਮਾਂ ਜੀ, ਫ਼ਸਲਾਂ ਦਾ ਹਾਲ ਐਦਕੀਂ ਮਾੜਾ ਏ" ਭਾ ਹੁੱਕੇ ਵਿਚ ਗੁੜਗੁੜ ਕਰਦਾ ਏ । "ਚਰਾਗੁ ਦੀ ਜ਼ਮੀਨ ਮੇਰੀ ਦਾ ਪੰਜਵਾਂ ਹਿੱਸਾ ਵੀ ਨਹੀਂ, ਫਿਰ ਵੀ ਉਹਦੀ ਫ਼ਸਲ ਮੇਰੇ ਤੋਂ ਵੱਧ ਏ । ਭੈਣਚੋਦ ਅਮਰੀਕੀ ਮਣਾਂ ਦੇ ਹਿਸਾਬ ਬੀ ਪਏ ਸੁੱਟਦੇ ਨੇਂ, ਹੁਣ ਚੱਪਾ ਜ਼ਮੀਨ ਤੇ ਹਰ ਕੋਈ ਸਾਲ ਦੀ ਕਣਕ ਉਗਾ ਸਕਦਾ ਏ" ।

"ਇਹ ਤੇ ਚੰਗੀ ਗੱਲ ਨਹੀਂ, ਭਾ?" ਮੈਂ ਪੁੱਛਣੀ ਆਂ ।

"ਕੀ ਕਾਕੀ?" ਭਾ ਸਿਰ ਚਾ ਕੇ ਮੈਨੂੰ ਖ਼ਾਲੀ ਅੱਖੀਂ ਵਿਹੰਦਾ ਏ ।

"ਕਿ.... ਬਈ .... ਕੋਈ ਵੀ ਆਪਣੇ ਲਈ ਸਾਲ ਦੀ ਕਣਕ ਉਗਾ ਸਕਦਾ ਏ .... ਨਿੱਕੀ ਜਿਹੀ ਥਾਂ ਤੇ .... ਕਿਸੇ ਨੂੰ ਭੁੱਖਾ ਨਹੀਂ ਰਹਿਣਾ ਪਏ ਗਾ" ਮੈਂ ਆਵਦੀ ਗੱਲ ਆਪ ਸੋਚਣ ਦਾ ਚਾਰਾ ਕਰਦੀ ਰਹਿੰਨੀ ਆਂ ।

"ਕਾਕੀ, ਇਹ ਬੀ ਠੀਕ ਨਹੀਂ" ਭਾ ਅੱਗੇ ਹੋ ਕੇ ਆਪਸੀ ਗੱਲ ਦੱਸਦਾ ਏ। ਇਥੋਂ ਮੈਨੂੰ ਜਾਪਦਾ ਏ, ਭਾ ਕੁੱਝ ਪੀਤੀ ਬੈਠਾ ਏ । ਪੀ ਕੇ ਈ ਉਹ ਕਦੀ ਕਦੀ ਉਚੇਚਾ ਮੇਰੇ ਨਾਲ ਗੱਲ ਬਾਤ ਕਰਦਾ ਏ ।

"ਇਹ ਬੀ ਜ਼ਮੀਨ ਦੀ ਸਾਰੀ ਮੋਹ ਇਕੋ ਫ਼ਸਲ ਵਿੱਚ ਖਿੱਚ ਲੈਂਦਾ ਏ, ਦੂਜੀ ਉਗਾਣ ਲਈ ਪੈਲੀਆਂ ਵਿਚ ਅਮਰੀਕੀ ਖਾਦ ਪਾਣੀ ਪੈਂਦੀ ਏ ਜਿਹੜੀ ਗੁਣਾ ਦਾ ਮੁਸ਼ਕ ਮਾਰਦੀ ਏ ਤੇ ਵੱਡੇ ਵੱਡੇ ਬੇਸਵਾਦੇ ਫਲ ਦਿੰਦੀ ਏ" ।

"ਤੁਸੀਂ ਕੱਦੂ ਤੇ ਅੰਬ ਦਾ ਫ਼ਰਕ ਨਹੀਂ ਦੱਸ ਸਕਦੇ" ਮਾਂ ਜੀ ਆਹੰਦੇ ਨੇਂ ।

"ਜ਼ਮੀਨ ਬੀ ਮਾੜੀ ਕੀਤੀ ਪਿਆ ਏ, ਖਾਦ ਏਨਾ ਮੁਕਾ ਦਿੱਤਾ ਏ ਕਿ ਹੁਣ ਫ਼ਸਲ ਨੂੰ ਬਿਮਾਰੀ ਤੇ ਕੀੜਾ ਛੇਤੀ ਪੈਂਦਾ ਏ । ਇਹਦੇ ਲਈ ਅਮਰੀਕੀ ਦਵਾ ਪਾਣੀ ਪੈਂਦੀ ਏ ਜਿਹੜੀ ਜ਼ਮੀਨ, ਵਾਅ ਤੇ ਪਾਣੀ ਨੂੰ ਸਗੋਂ ਚਿੱਥ ਕੇ ਰੱਖ ਦਿੰਦੀ ਏ । ਕਾਕੀ, ਅਸੀਂ ਗਰੀਨ ਰੈਵੋਲਿਊਸ਼ਨ ਵਿਚ ਫਸ ਗਏ ਆਂ" ।

"ਪਿਛਲੇ ਵਰ੍ਹੇ ਚੋਧਰੀ ਮਮਦੂ ਆਵਦੇ ਅੰਬਾਂ ਦੇ ਬਾਗ਼ ਵਿਚ ਅਮਰੀਕੀ ਖਾਦ ਪਾਈ ਸੀ, ਇਨ੍ਹਾਂ ਗਰਮੀਆਂ ਉਹਦੇ ਅੰਬ ਇੱਡੇ ਇੱਡੇ ਮੋਟੇ ਤੇ ਰੱਸ ਆਲੇ ਆਏ ਪਰ ਨਾ ਕੋਈ ਸਵਾਦ ਸੀ ਤੇ ਨਾ ਵਾਸ਼ਨਾ । ਉਹ ਅੰਬ ਸਾਡੇ ਕਮੀਆਂ ਵੀ ਨਾ ਖਾਦੇ, ਅਸੀਂ ਟੋਕਰੀਆਂ ਦੇ ਟੋਕਰੇ ਰੂੜੀ ਤੇ ਸੁਟਵਾਏ" ਮਾਂ ਜੀ ਆਹੰਦੇ ਨੇਂ ।

"ਚਾਚਾਜੀ ਤਾਂ ਖਾਦ ਲਾਈ ਏ" ਮੈਂ ਉਨ੍ਹਾਂ ਨੂੰ ਚੇਤੇ ਕਰਾਨੀ ਆਂ ।

"ਤੁਹਾਡੇ ਚਾਚੇ ਖਾਦ ਲਾਈ ਏ, ਬੀ ਯਾਂ ਦਵਾ ਨਹੀਂ" ।

"ਖਾਦ ਤੇ ਸਾਨੂੰ ਸਾਰਿਆਂ ਨੂੰ ਲਾਣੀ ਪਏਗੀ ਮਾਂ ਜੀ, ਸਾਡੇ ਕੋਲ ਕੋਈ ਚਾਰਾ ਨਹੀਂ" ਭਾ ਆਹੰਦਾ ਏ ।

"ਮਾਹੰਗੀ ਵੀ ਏ, ਕਿੰਨੇ ਕੁ ਦੀ ਲੱਗੇਗੀ?"

"ਬੱਸ ਇਹੋ ਚਾਲ੍ਹੀ ਪੰਜਾਹ ਹਜ਼ਾਰ" ।

"ਤੇਰੇ ਕੋਲ ਹੈਗਾ ਏ?"

''ਨਹੀਂ ਮਾਂ ਜੀ, ਸਰਦੀਆਂ ਦੀ ਫ਼ਸਲ ਮਾੜੀ ਸੀ, ਇਸ ਸਾਲ ਕੈਸ਼ ਨਹੀਂ ਬਚਿਆ'' ।

''ਚਾਚੇ ਤੋਂ ਕਰਜ਼ਾ ਚੁੱਕ ਲੈ'' ।

''ਮੈਂ ਹਾਲੀ ਉਹ ਸੱਠ ਹਜ਼ਾਰ ਨਹੀਂ ਮੋੜੇ ਜਿਹੜੇ ਉਨ੍ਹਾਂ ਦੋ ਸਾਲ ਪਹਿਲੋਂ ਦਿੱਤੇ ਸਨ'' ।

"ਓ ਹੋ, ਮੈਂ ਸਮਝਿਆ ਮੁੜ ਗਏ ਨੇਂ । ਸਕੀਨਾ ਦੇ ਦਾਜ ਆਲੀ ਰਕਮ ਵਿੱਚੋਂ ਤੈਨੂੰ ਲੱਖ ਡੇਢ੍ਹ ਲੱਖ ਕੱਢ ਦੇਂਨੀ ਆਂ, ਪੰਜਾਹ ਉੱਤੇ ਲਾ ਤੇ ਸੱਠ ਮੋੜ ਚਾ, ਫ਼ਸਲਾਂ ਲਹਿਣ ਗੀਆਂ ਤੇ ਪਾ ਦਿਆਂਗੇ" ।

"ਇਹ ਤੇ ਕੰਮ ਵਧੀਆ ਹੋ ਜਾਵੇਗਾ ਮਾਂ ਜੀ, ਫਿਰ ਫ਼ਸਲ ਵੀ ਕੁੱਝ ਦੇਵੇਗੀ। ਪਰ ਜੇ ਮੁਲਕ ਵਿਚ ਸੁੱਖ ਚੈਨ ਰਿਹਾ ਤੇ" ਭਾ ਮੈਨੂੰ ਵੇਹੰਦਾ ਏ "ਮੈਂ ਤੈਨੂੰ ਦੱਸਿਆ ਸੀ ਕਾਕੀ, ਭੁੱਟੋ ਕਦੀ ਵੀ ਆਪਣੀਆਂ ਜ਼ਮੀਨਾਂ ਮਜ਼ਾਰਿਆਂ ਨੂੰ ਨਹੀਂ ਦੇਣੀਆਂ । ਜ਼ਿਮੀਂਦਾਰ, ਜ਼ਿਮੀਂਦਾਰ ਈ ਹੁੰਦਾ ਏ" ਭਾ ਮੁਸਕਾਂਦਾ ਏ ਤੇ ਬਾਉ ਨੂੰ ਹੁੱਕਾ ਚਾਣ ਲਈ ਸੈਨਤ ਕਰਦਾ ਏ ।

"ਪੁਤਰੱ, ਇਕ ਗੱਲ ਹੋਰ ਵੀ ਏ" ਮਾਂ ਜੀ ਆਹੰਦੇ ਨੇਂ ।

"ਜੀ ਮਾਂ ਜੀ" ਭਾ ਉਠਦਿਆਂ ਉਠਦਿਆਂ ਬਹਿ ਜਾਂਦਾ ਏ ਤੇ ਬਾਉ ਨੂੰ ਵੀ ਖਲੋਣ ਲਈ ਆਹੰਦਾ ਏ ।

"ਬਾਉ, ਜੀਵਾਂ ਤੋਂ ਸਰਦਾਰ ਸਾਬ ਲਈ ਦੁੱਧ ਫੜ ਲਿਆ" ਮਾਂ ਜੀ ਬਾਉ ਨੂੰ ਕਹਿੰਦੇ ਨੇਂ ।

ਬਾਉ ਚਲਾ ਜਾਂਦਾ ਏ ।

"ਸਕੀਨਾ, ਜਾ ਵੇਖ ਤੇਰੇ ਭਰਾ ਦੇ ਬਿਸਤਰੇ ਤੇ ਬਾਉ ਧੋਤੀਆਂ ਚਾਦਰਾਂ ਪਾਈਆਂ ਨੇਂ ਯਾਂ ਨਹੀਂ" ਮਾਂ ਜੀ ਕਹਿੰਦੇ ਨੇਂ।

ਪਤਾ ਏ, ਮਾਂ ਜੀ ਮੈਨੂੰ ਭੇਜ ਕੇ ਭਾ ਨਾਲ ਮੇਰੇ ਬਾਰੇ ਗੱਲ ਬਾਤ ਕਰਨਗੇ । ਕਨਸੋਈਆਂ ਲੈਣਾ ਸ਼ੈਤਾਨ ਦੀ ਖ਼ਸਲਤ ਤੇ ਹੋਵੇਗੀ ਪਰ ਮੈਂ ਫਿਰ ਵੀ ਬੂਹੇ ਬਾਹਰ ਖਲੋ ਜਾਂਨੀ ਆਂ, ਖ਼ੋਰੇ ਕੋਈ ਸੂਹ ਮਿਲੇ ਕਿ ਮੇਰੇ ਨਾਲ ਕੀ ਹੋਣ ਆਲੀ ਏ ।

"ਪ੍ਰਵੀਨ ਸਕੀਨਾ ਲਈ ਦੋ ਲਿਆਂ ਦਾ ਰਿਸ਼ਤਾ ਲਿਆਈ ਸੀ" ਮਾਂ ਜੀ ਆਹੰਦੇ ਨੇਂ ।

"ਦੋਲਿਆਂ ਦੀ ਬੜੀ ਸਾਖ ਏ, ਮੁੰਡਾ ਕੀ ਕਰਦਾ ਏ?" ਭਾ ਪੁੱਛਦਾ ਏ ।

"ਉਹ ਪਿਓ ਨਾਲ ਫ਼ੈਕਟਰੀਆਂ ਚਲਾਂਦਾ ਏ, ਮਾਂ ਉਹਦੇ ਚਾਲ ਚੱਲਣ ਦੀ ਸੋਂਹ ਖਾਂਦੀ ਏ" ।

"ਅਸੀਂ ਵੀ ਕੋਈ ਭੈੜੀ ਨਹੀਂ ਸੁਣੀ । ਫਿਰ ਉਹ ਰਿਸ਼ਤਾ ਕਰਨਾ ਚਾਹੁੰਦੇ ਨੇਂ?"

"ਬੜੀ ਖ਼ਾਹਿਸ਼ ਰੱਖਦੇ ਨੇਂ । ਮੁੰਡੇ ਦੀ ਇਕ ਭੈਣ ਨੇ ਇਹ ਵੀ ਦੱਸ ਦਿੱਤਾ ਸੀ ਬਈ ਸਕੀਨਾ ਕਾਲਜ ਵਿਚ ਹਾਕੀ ਖੇਡਦੀ ਰਹੀ ਏ ਫਿਰ ਵੀ ਉਹਦੀ ਮਾਂ ਪ੍ਰਵੀਨ ਨੂੰ ਗੱਲ ਅੱਗੇ ਟੋਰਨ ਲਈ ਆਖ ਗਈ" ।

"ਇਹਦੇ ਤੋਂ ਲਗਦਾ ਏ, ਜੱਦੀ ਪੁਸ਼ਤੀ ਨੇਂ । ਹੁਣ ਕੀ ਕਰਨਾ ਏ? ਅਸੀਂ ਮੁੰਡਾ ਵੇਖਣ ਜਾਵਾਂਗੇ ਯਾਂ ਉਹ ਉਹਨੂੰ ਇੱਧਰ ਲਿਆਣਗੇ?"

"ਅਸੀਂ ਉਨ੍ਹਾਂ ਵੱਲ ਜਾਵਾਂਗੇ, ਪਰ ਪੁਤੱਰ ਜੇ ਤੇਰਾ ਵਿਆਹ ਪਹਿਲੋਂ ਹੋਵੇ ਤੇ ਮੁੜ ਗੱਲ ਏ, ਸਕੀਨਾ ਦੀ ਭਰਜਾਈ ਅੱਗੇ ਅੱਗੇ ਹੋ ਕੇ ਸਭੁ ਕੁੱਝ ਕਰਾ ਲੇਗੀ"।

"ਮਗਰੋਂ ਮਾਂ ਜੀ, ਅਸੀਂ ਇੱਕੋ ਵਰ੍ਹੇ ਦੋ ਵਿਆਹਵਾਂ ਦਾ ਖ਼ਰਚਾ ਨਹੀਂ ਚਾ ਸਕਦੇ" ।

"ਪੈਸਾ ਵੱਡਾ ਮਸਲਾ ਏ, ਮੁੰਡੇ ਆਲੇ ਗੁਲਬਰਗ ਵਿਚ ਕੋਠੀ ਮੰਗਦੇ ਨੇਂ, ਨਵੀਂ ਕਾਰ ਤੇ ਦਾਜ ਦੀ ਥਾਂ ਕੈਸ਼" ।

"ਵੱਡੇ ਭੈਣਚੋਦ ਨੇਂ .... ਮਾਫ਼ੀ ਮਾਂ ਜੀ" ।

ਮਾਂ ਜੀ ਹਮੇਸ਼ ਵਾਂਗਰ ਇੰਜ ਜ਼ਾਹਰ ਕਰਦੇ ਨੇਂ ਜਿਵੇਂ ਉਨ੍ਹਾਂ ਸੁਣਿਆ ਈ ਨਹੀਂ ।

"ਹਕੂਮਤ ਨੇ ਬਰਾਈਡਲ ਗਿਫ਼ਟਸ ਐਕਟ ਪਾਸ ਕਰ ਦਿੱਤਾ ਏ, ਹੁਣ ਪੰਜ ਹਜ਼ਾਰ ਤੋਂ ਉੱਤੇ ਦਾਜ ਦੇਣਾ ਕਾਨੂੰਨ ਦੀ ਖ਼ਿਲਾਫ਼ ਵਰਜ਼ੀ ਏ" ਭਾ ਮਾਂ ਜੀ ਨੂੰ ਚੇਤੇ ਦਵਾਂਦਾ ਏ ।

"ਪਰ ਪੁਤੱਰ, ਹੁਣ ਕੁੜੀ ਨੂੰ ਤੇ ਪੰਜ ਹਜ਼ਾਰ ਈ ਮਿਲਦਾ ਏ ਤੇ ਬਾਕੀ ਹਰ ਸ਼ੈਅ ਸੋਹਰਿਆਂ ਨੂੰ ਤੋਹਫ਼ਿਆਂ ਵਿਚ ਪਈ ਦਵੀਂਦੀ ਏ । ਜੋ ਕੁੱਝ ਦੋਲੇ ਮੰਗਦੇ ਨੇਂ ਉਹ ਸਕੀਨਾ ਨੂੰ ਨਹੀਂ ਉਹਦੇ ਸੋਹਰਿਆਂ ਨੂੰ ਜਾਵੇ ਗਾ" ।

"ਫਿਰ ਉਹ ਉਹ ਪਏ ਮੰਗਦੇ ਨੇਂ ਜੋ ਸਾਡੇ ਕੋਲ ਕੋ ਨੀ । ਏਨਾ ਪੈਸਾ ਫ਼ਸਲਾਂ ਵਿੱਚੋਂ ਤੇ ਨਹੀਂ ਨਿਕਲ ਸਕਦਾ, ਸਾਨੂੰ ਟੋਟਾ ਜ਼ਮੀਨ ਵੇਚਣੀ ਪਏਗੀ" ।

"ਠੀਕ ਆਹਨਾ ਏਂ, ਮੁੰਡੇ ਦੀ ਮਾਂ ਲਾਲਚੀ ਏ" । ?

"ਸਾਡੇ ਕੋਲ ਤੇ ਲਾਹੋਰ ਰਹਿਣ ਲਈ ਪੂਰਾ ਨਹੀਂ ਪੈਂਦਾ" ।

"ਮੈਂ ਕਲ੍ਹ ਪ੍ਰਵੀਨ ਨੂੰ ਬੁਲਾ ਕੇ ਜਵਾਬ ਦੇ ਦੇਵਾਂਗੀ" ।

ਇਹ ਸੁਣ ਕੇ ਕਿ ਮਾਂ ਜੀ ਤੇ ਭਾ ਦੋਲਿਆਂ ਦੀ ਦੋਲਤ ਪਿੱਛੇ ਅੰਨ੍ਹੇ ਨਹੀਂ ਹੋਏ, ਮੈਂ ਰੱਤੀ ਰਾਜ਼ੀ ਹੋ ਜਾਂਨੀ ਆਂ । ਮਾਂ ਜੀ ਦਾ ਬੂਹਾ ਛੱਡ, ਪ੍ਰੋਹਣਿਆਂ ਦੇ ਕਮਰੇ ਵਲ ਜਾਂਨੀ ਆਂ ਪਰ ਅੰਦਰੋਂ ਕਿਸੇ ਦੀ ਬਿੜਕ ਨਹੀਂ ਆਂਦੀ, ਜਾਪਦਾ ਏ ਸਾਈਂ ਜੀ ਤੇ ਮਾਸੀ ਹਾਲੀ ਤੋੜੀ ਮੇਲੇ ਤੋਂ ਨਹੀਂ ਮੁੜੇ ।

ਮੈਂ ਅੱਗੇ ਭਾ ਦੇ ਕਮਰਿਆਂ ਨੂੰ ਟੁਰ ਪੈਂਨੀ ਆਂ । ਗੈਲਰੀ ਤੋਂ ਭਾ ਦੇ ਕਿਚਨ ਵਿਚ ਜਾਂਨੀ ਆਂ ਤੇ ਖਲੋ ਕੇ ਪਕਾਣ ਆਲੇ ਚੁੱਲ੍ਹੇ ਤੇ ਚੋਨੁਕਰੇ ਕਾਊਂਟਰ ਵੇਹਨੀ ਆਂ । ਭਾ ਪਾਸੇ ਦੋ ਸੋਣ ਆਲੇ ਕਮਰੇ, ਦੋ ਗ਼ੁਸਲ ਖ਼ਾਨੇ, ਡਰਾਇੰਗ ਡਾਇਨਿੰਗ ਤੇ ਕਿਚਨ ਏ । ਸਾਰੀਆਂ ਕੰਧਾਂ ਆਫ਼ ਵ੍ਹਾਈਟ ਤੇ ਬੂਹੇ, ਬਾਰੀਆਂ, ਅਲਮਾਰੀਆਂ ਲੱਕੜ ਰੰਗੇ ।

ਡਰਾਇੰਗ ਰੂਮ ਵਿੱਚ ਮੇਜ਼ ਤੇ ਸਕਾਚ ਵ੍ਹਿਸਕੀ ਦੀ ਬੋਤਲ ਏ, ਨਾਲ ਇਕ ਅੱਧਾ ਭਰਿਆ ਗਲਾਸ ।

ਪਿਛਾਂਹ ਵੇਹਨੀ ਆਂ, ਕਿਚਨ ਖ਼ਾਲੀ ਏ ਤੇ ਗੈਲਰੀ ਆਲਾ ਬੂਹਾ ਬੰਦ ।

ਮੇਜ਼ ਕੋਲ ਨੀਉਂ ਕੇ ਮੈਂ ਗਲਾਸ ਫੜਨੀ ਆਂ ਤੇ ਇਕ ਨਿੱਕਾ ਘੁੱਟ ਲੈਂਨੀ ਆਂ । ਕੋੜਾ ਸੜਦਾ ਪਾਲੀ ਮੇਰੇ ਸੰਘੋਂ ਲੰਘਦਾ ਢਿੱਡ ਵਿੱਚ ਲਹਿੰਦਾ ਏ, ਮੈਨੂੰ ਉਬਤ ਆਂਦਾ ਏ ਤੇ ਮੈਂ ਘਾਬਰ ਕੇ ਪਿਛਾਂਹ ਟੁਰ ਜਾਂਨੀ ਆਂ ।

ਅਤੇ ਆਵਦੇ ਕਮਰੇ ਵਿਚ ਬਾਰੀਉਂ ਬਾਹਰ ਵੇਹਨੀ ਆਂ, ਲਿਸ਼ਕਦੇ ਸਾਵੇ ਗੁੰਬਦ ਤੋਂ ਮੈਨੂੰ ਰਾਤ ਚੇਤੇ ਆਂਦੀ ਏ ਤੇ ਮੇਰਾ ਦਿਲ ਕਰਦਾ ਏ ਮੈਂ ਮੁੜ ਉਥੇ ਜਾਵਾਂ । ਪਿਛਲੀ ਰਾਤ ਇਕ ਸੁਫ਼ਨਾ ਸੀ, ਸੋਹਣਾ ਤੇ ਡਰਾਕਲਾ ।

ਗੁੰਬਦ ਤੇ ਇਕ ਝੋਲਾ ਜਿਹਾ ਪੈਂਦਾ ਏ, ਉੱਚਾ ਮੱਥਾ। ਮੈਂ ਮੁੜ ਉਸੇ ਘੱਰ ਜਾਣ ਦੀ ਨੀਅਤ ਕਰ ਲੈਂਨੀ ਆਂ ।

ਅੱਜ ਰਾਤੀਂ ਘਰੋਂ ਬਾਹਰ ਜਾਣਾ ਸੋਖਾ ਏ, ਭਾ ਬਾਬੇ ਫ਼ਤਿਹ ਨੂੰ ਆਵਦੇ ਨਾਲ ਜਿਮਖ਼ਾਨਾ ਕਲੱਬ ਲੈ ਗਿਆ ਏ ਤੇ ਬਾਉ ਉਂਜ ਹਰ ਜਾ ਤੇ ਉਹਦੇ ਨਾਲ ਹੁੰਦਾ ਏ । ਮੈਂ ਬੁਰਕ੍ਹਾ ਤਹਿ ਕਰ ਕੇ ਪੈਮਫ਼ਲਟਾਂ ਆਲੇ ਸ਼ਾਪਰ ਬੈਗ ਵਿੱਚ ਪਾਂਨੀ ਆਂ ।

ਅੱਜ ਮੈਂ ਅੰਮਾਂ ਜੀਵਾਂ ਨੂੰ ਆਖ ਕੇ ਬਾਵਰਚੀ ਖ਼ਾਨੇ ਦੇ ਬੂਹੇ ਦੇ ਕੋਲਿਆਂ ਵਿਚ ਤੇਲ ਚਵਾਇਆ ਸੀ, ਹੁਣ ਜੋ ਮੈਂ ਬਾਹਰਲਾ ਬੂਹਾ ਖੋਲਨੀ ਬੰਦ ਕਰਨੀ ਆਂ ਤੇ ਇੰਨਾ ਸ਼ੋਰ ਨਹੀਂ ਪੈਂਦਾ ।

ਰਹਿੰਦਾ ਰਸਤਾ ਤੇਜ਼ੀ ਨਾਲ ਕਰਦੀ ਮੈਂ ਝਬਦੇ ਤਨੂਰ ਆਲੀ ਗਲੀ ਅੱਪੜ ਜਾਂਨੀ ਆਂ । ਉਤਰਦਿਆਂ ਜਾਪਦਾ ਏ, ਮੈਂ ਹਾਕੀ ਦੀ ਗੇਂਦ ਕੋਰਟ ਦੇ ਇਕ ਪਾਸਿਓਂ ਲਿਆ ਦੂਜੀ ਟੀਮ ਦੇ ਗੋਲ ਵਿਚ ਪਾ ਦਿੱਤੀ ਏ ।

ਬੁਰਕ੍ਹਾ ਉੱਤੇ ਲੈ ਕੇ ਨਕਾਬ ਦੀਆਂ ਤਣੀਆਂ ਬੰਨ੍ਹਦੀ ਮੈਂ ਉਸੇ ਘੱਰ ਵੱਲ ਟੁਰ ਪੈਂਨੀ ਆਂ ।

ਨਾ ਮੈਨੂੰ ਕੋਈ ਅਤਾ ਪਤਾ ਏ ਤੇ ਨਾ ਘੱਰ ਚੇਤੇ, ਬੱਸ ਇਹ ਕਿ ਦੋ ਪੱਕੀਆਂ ਸੜਕਾਂ ਕਰਾਸ ਕਰ ਕੇ ਖੱਬੇ ਹੱਥ ਗੇਟ ਨਾਲ ਇਕ ਨਿੱਕਾ ਬੂਹਾ ਸੀ ਤੇ ਰਾਤ ਦੀ ਰਾਣੀ ਦੀ ਖ਼ੁਸ਼ਬੂ ।

ਮੇਰੇ ਭਾਗ ਚੰਗੇ, ਹਰ ਘੱਰ ਵਿਚ ਨਾ ਤੇ ਨਿੱਕਾ ਬੂਹਾ ਏ ਤੇ ਨਾ ਰਾਤ ਦੀ ਰਾਣੀ, ਮੈਂ ਸਿੱਧੀ ਉਸੇ ਘੱਰ ਝਾਤੀ ਪਾਂਨੀ ਆਂ ।

ਵਰਾਂਡਾ ਸਾਹਮਣੇ ਨਜ਼ਰੀਂਦਾ ਏ ।

ਮੈਂ ਅੰਦਰ ਜਾ ਬੂਹਾ ਖੜਕਾਂਨੀ ਆਂ ।

ਰੱਫ਼ੋ ਬੂਹਾ ਖੋਲਦੀ ਏ ।

"ਸ਼ੁਕਰ ਏ ਤੂੰ ਇੱਥੇ ਈ ਏਂ ਯਾਰ" ਮੈਂ ਆਹਨੀ ਆਂ "ਮੈਂ ਬਿਮਾਰ ਸਾਂ, ਕਾਲਜ ਨਹੀਂ ਗਈ"।

"ਸਾਬੀ ਚਾਹ ਬਣਾਂਦੇ ਪਏ ਨੇਂ" ਰੱਫ਼ੋ ਮੈਨੂੰ ਜੱਫੀ ਪਾਂਦੀ ਏ ।

"ਉਹ...." ਮੈਂ ਉੱਚੇ ਮੱਥੇ ਬਾਰੇ ਪੁੱਛਦੀ ਪੁੱਛਦੀ ਰਹਿ ਜਾਂਨੀ ਆਂ, ਜੇ ਉਹ ਹੋਇਆ ਤੇ ਮਿਲ ਪਏ ਗਾ ਨਹੀਂ ਤੇ ਨਾ ਮਿਲੇ ਗਾ ।

"ਕੀ?" ਰੱਫ਼ੋ ਪੁੱਛਦੀ ਏ ।

"ਮੇਰਾ ਭਾ ਵਾਪਸ ਆ ਗਿਆ ਏ, ਮੈਂ ਬਹੁਤਾ ਚਿਰ ਨਹੀਂ ਠਹਿਰਨਾ" ਮੈਂ ਉਹਦੇ ਨਾਲ ਸੋਫ਼ੇ ਤੇ ਬਹਿ ਜਾਂਨੀ ਆਂ।

"ਬੁਰਕ੍ਹਾ ਤੇ ਲਾਹ ਲੈ" ਰੱਫ਼ੋ ਆਹੰਦੀ ਏ ।

"ਬੱਸ ਮੈਂ ਹੁਣੇ ਮੁੜ ਜਾਣਾ ਏ" ਮੈਂ ਨਕਾਬ ਸਿਰ ਤੋਂ ਲਾਹ ਮੋਢਿਆਂ ਤੇ ਰੱਖ ਲੈਂਨੀ ਆਂ "ਸੋਰੀ, ਮੈਂ ਅੱਜ ਪੈਮਫ਼ਲਟ ਨਹੀਂ ਵੰਡੇ, ਕਲ੍ਹ ਵੰਡਾਂਗੀ"।

"ਨੈਵਰ ਮਾਇੰਡ" ਰੱਫ਼ੋ ਬੈਗ ਵਿੱਚੋਂ ਲਿਪ–ਸਟਿਕ ਕੱਢ ਕੇ ਉਹਦਾ ਰੰਗ ਵੇਂਹਦੀ ਏ "ਸਾਡੇ ਕੋਲ ਕਲ੍ਹ ਦਾ ਦਿਨ ਹੈਗਾ ਏ। ਅਪਣੀ ਲਿਪ–ਸਟਿਕ ਵਿਖਾ, ਮੈਂ ਇਸ ਜੰਮੂੰ ਜਿਹੇ ਪਿੰਕ ਤੋਂ ਬੋਰ ਹੋ ਗਈ ਆਂ"।

"ਕੋ"।

"ਬੈਗ ਵਿਚ?"

"ਘੱਰ ਵਿਚ ਵੀ ਬੱਸ ਕੱਜਲ ਤੇ ਨੀਵੀਆ ਕਰੀਮ" ਮੈਂ ਆਹਨੀ ਆਂ, ਭਾਵੇਂ ਇਹ ਪੇਂਡੂ ਗੱਲ ਸਮਝੀ ਜਾਂਦੀ ਏ।

"ਕਿਉਂ?" ਰੱਫ਼ੋ ਪੁੱਛਦੀ ਏ।

"ਮੇਰਾ ਭਾ ਤੇ ਮਾਂ ਜੀ ਕਵਾਰੀਆਂ ਤੇ ਮੇਕ–ਅੱਪ ਪਸੰਦ ਨਹੀਂ ਕਰਦੇ" ਮੈਂ ਮੁਕਾਣ ਦੀ ਕਰਨੀ ਆਂ, ਫਿਰ ਵੀ ਮੈਨੂੰ ਇੱਕ ਡਰਾਕਲੀ ਗਲ ਚੇਤੇ ਆ ਜਾਂਦੀ ਏ।

ਜਦੋਂ ਮੇਰੀ ਕਜ਼ਨ ਆਪੀ ਸ਼ਾਹੀਨ ਦਾ ਵਿਆਹ ਹੋਇਆ, ਮੈਂ ਚੰਨ ਤਾਰਿਆਂ ਦੇ ਗੂੜ੍ਹੇ ਛੱਟੇ ਆਲਾ ਉਨਾਬੀ ਸਾਟਨ ਦਾ ਫ਼ਰਾਕ ਪਾਇਆ ਹੋਇਆ ਸੀ ਤੇ ਆਪੀ ਤਾਨੀ ਨੇ ਪਿਆਜ਼ੀ ਕਿਨਾਰੀ ਆਲਾ ਸੂਟ। ਅਸੀਂ ਦੋਵੇਂ ਆਪੀ ਸਲਮਾ ਦੇ ਮੇਕ–ਅੱਪ ਬਾਕਸ ਵਿੱਚੋਂ ਇੱਕ ਸੂਹੀ ਲਾਲ ਲਿਪ–ਸਟਿਕ ਕੱਢ ਚੋਰੀ ਚੋਰੀ ਲਾਈ। ਸੁਰਖ਼ੀ ਲਾ ਫਬਦੀਆਂ ਅਸੀਂ ਬੁੱਲ੍ਹ ਕੱਢ ਕੇ ਕਮਰੇ ਚੋਂ ਨਿਕਲੀਆਂ, ਅੱਗੋਂ ਭਾ ਆਂਦਾ ਪਿਆ ਸੀ। ਸਾਨੂੰ ਵੇਖ ਕੇ ਆਖਣ ਲੱਗਾ 'ਕਾਕੀ, ਤੁਸੀਂ ਆਦਮ ਖ਼ੋਰ ਚੁੜੇਲਾਂ ਲਗਦੀਆਂ ਪਈਆਂ ਓ ਜਿਹੜੀਆਂ ਹੁਣੇ ਕਈਆਂ ਦਾ ਲਹੂ ਪੀ ਕੇ ਆਈਆਂ ਨੇਂ"।

"ਇੰਜ ਮੇਰਾ ਆਵਦਾ ਜੀ ਵੀ ਨਹੀਂ ਕਰਦਾ ਸੁਰਖ਼ੀ ਪੋਡਰ ਤੇ" ਮੈਂ ਉਬੱਤ ਰੋਕ ਕੇ ਆਹਨੀ ਆਂ।

"ਮੇਰੇ ਪਾਪਾ ਵੀ ਇਹ ਲਾਇਨ ਕਰਾਈ ਸੀ ਪਰ ਮੈਂ ਨਹੀਂ ਲਿਫ਼ਟਾਇਆ" ਰੱਫ਼ੋ ਆਵਦਾ ਬੈਗ ਸੋਫ਼ੇ ਦੀ ਵਿਚਲੀ ਸੀਟ ਤੇ ਉਲਟਾਂਦੀ ਏ। ਕਿੰਨੀਆਂ ਸਾਰੀਆਂ ਸੁਰਖ਼ੀਆਂ, ਗ਼ਾਜ਼ੇ ਤੇ ਮਸਕਾਰੇ ਸਾਡੇ ਵਿਚਕਾਰ ਖਿੱਲਰ ਜਾਂਦੇ ਨੇਂ" ਮੈਂ ਮਜਾਜ਼ ਤੇ ਦੂਜੇ ਸਾਥੀਆਂ ਦੀ ਵੀ ਨਹੀਂ ਸੁਣਦੀ"।

"ਚੰਗਾ ਕਰਨੀ ਏਂ" ਮੈਂ ਲਿਪ–ਸਟਿਕਾਂ ਖੋਲ ਖੋਲ ਕੇ ਉਨ੍ਹਾਂ ਦੇ ਰੰਗ ਵੇਹਨੀ ਆਂ, ਕੋਲੋਨ ਤੇ ਸੈਂਟ ਸੁੰਘਣੀ ਆਂ।

"ਇਹ ਟਰਾਈ ਕਰ" ਰੱਫ਼ੋ ਮੈਨੂੰ ਇੱਕ ਫ਼ਾਉਨਡੇਸ਼ਨ ਕਰੀਮ ਖੋਲ ਕੇ ਦਿੰਦੀ ਏ।

"ਮੂੰਹ ਤੇ? ਮਾਂ ਜੀ ਆਹੰਦੇ ਨੇਂ ਗ਼ਾਜ਼ਾ ਮੁਸਾਮਾਂ ਵਿਚ ਬਹਿ ਜਾਂਦਾ ਏ ਤੇ ਚਮ ਸਾਹ ਨਹੀਂ ਭਰ ਸਕਦੀ"।

"ਬੁਲਸ਼ਿਟ, ਯਾਰ। ਮੈਂ ਤੈਨੂੰ ਲਾਂਨੀ ਆਂ" ਉਹ ਤਲੀ ਤੇ ਗੁਲਾਬੀ ਗ਼ਾਜ਼ਾ ਟਪਕਾ ਕੇ ਮੈਨੂੰ ਠੋਡੀ ਤੋਂ ਫੜ ਲੈਂਦੀ ਏ "ਮਾਵਾਂ ਦੀਆਂ ਗੱਲਾਂ ਦੀ ਨਫ਼ੀ ਕਰਨਾ ਕਿੰਨਾ ਔਖਾ ਏ" ਰੱਫ਼ੋ ਮੇਰੀ ਬਰਾਊਨ ਚਮ ਤੇ ਗੁਲਾਬੀ ਗ਼ਾਜ਼ਾ ਮਲਦੀ ਏ "ਪਿਉਵਾਂ ਤੇ ਭਰਾਵਾਂ ਨਾਲ ਗੱਲ ਬਾਤ ਹੋ ਈ ਨਹੀਂ ਸਕਦੀ"।

"ਆਹੋ, ਮੇਰਾ ਭਾ ਉਹੋ ਗੱਲ ਸੁਣਦਾ ਏ, ਜਿਹੜੀ ਉਹ ਸੁਣਨਾ ਚਾਹੁੰਦਾ ਹੋਵੇ" ਮੈਂ ਆਹਨੀ ਆਂ।

"ਜਿਵੇਂ?"

"ਜਿਵੇਂ 'ਭਾਅ ਆ ਆ" ਮੈਂ ਭਾ ਨੂੰ ਹਾਕ ਮਾਰਨੀ ਆਂ ।

"ਕੀ?"

"ਜਦੋਂ ਵੀ ਮੈਂ ਉੱਚੀ ਜਿਹੀ ਭਾ ਨੂੰ ਵਾਜ ਮਾਰਾਂ ਉਹ ਸੁਣ ਲੈਂਦਾ ਏ" ।

ਰੱਫ਼ੋ ਹੱਸਦੀ ਏ ।

"ਪਰ ਸੀਰੀਅਸਲੀ, ਭਾ ਤੇ ਮਾਂ ਜੀ ਨੂੰ ਇਹ ਵੀ ਸਮਝ ਨਹੀਂ ਆਂਦੀ ਕਿ ਮੈਂ ਇਸਲਾਮੀਆਤ ਯਾਂ ਇੰਗਲਿਸ਼ ਲਿਟਰੇਚਰ ਵਿਚ ਬੀ–ਏ ਐਮ–ਏ ਨਹੀਂ ਕਰਨਾ ਚਾਹੁੰਦੀ, ਲਾਅ ਕਰਨਾ ਚਾਹੁਨੀ ਆਂ" ।

"ਅੱਖਾਂ ਬੰਦ ਕਰ ਤੇ ਭਵਾਂ ਉੱਤੇ ਛਿੱਕ" ਰੱਫ਼ੋ ਆਈ ਸ਼ੈਡੋ ਖੋਲਦੀ ਏ "ਉਹ ਆਹੰਦੇ ਹੋਣੇ ਨੇਂ, ਉਹੋ ਸਬਜੈਕਟ ਲੈ ਜਿਹੜੇ ਕਿਸੇ ਗਰਲਜ਼ ਕਾਲਜ ਆਫ਼ਰ ਕੀਤੇ ਨੇਂ" ਰੱਫ਼ੋ ਮੇਰੇ ਭਰਵੱਟਿਆਂ ਪਪੋਟਿਆਂ ਤੇ ਰੰਗ ਲਾਂਦੀ ਏ" ਆਪਣੇ ਲਈ ਲਿਪ -ਸਟਿਕ ਚੂਜ਼ ਕਰ" ਰੱਫ਼ੋ ਥੱਬਾ ਸੁਰਖ਼ੀਆਂ ਦਾ ਮੇਰੇ ਅੱਗੇ ਕਰਦੀ ਏ ।

ਮੈਂ ਇਕ ਖੋਲਨੀ ਆਂ, ਅੰਦਰੋਂ ਮੂਵ ਸਾਟਨ ਦੀ ਇਕ ਮਧਰੀ ਕੁਲਫ਼ੀ ਨਿਕਲਦੀ ਏ "ਕਿੰਨਾ ਨਿਵੇਕਲਾ ਰੰਗ ਏ" ਮੈਂ ਆਹਨੀ ਆਂ ।

"ਤੇਰੀ ਏ" ਰੱਫ਼ੋ ਕਹਿੰਦੀ ਏ ।

"ਮੇਰੀ?" ਸਮਝ ਨਹੀਂ ਆਂਦੀ ਹੁਣ ਈਂ ਜਿਹੀ ਸੁਗ਼ਾਤ ਦਾ ਕੀ ਕਰਾਂ ।

"ਤੇਰੀ । ਅੱਛਾ ਹਾਂ, ਸਕੀਨਾ ਮੈਂ ਅਗਲੇ ਹਫ਼ਤੇ ਔਰਤਾਂ ਦਾ ਸਟੱਡੀ ਸਰਕਲ ਆਰਗਨਾਇਜ਼ ਕਰਨਾ ਏ, ਇੱਥੇ ਈ ਸ਼ਾਮੀਂ ਸੱਤ ਵਜੇ । ਠੀਕ ਏ?"

"ਸੱਤ ਵਜੇ ਔਖਾ ਏ, ਕਾਲਜ ਟਾਇਮ ਵਿਚ ਰੱਖ" ।

"ਔਖੇ ਤੋਂ ਡਰਨੀ ਏਂ? ਅਨਕਰੀਬ ਤੇਰੀ ਕੋਈ ਲਾਈਫ਼ ਨਹੀਂ ਹੋਣੀ । ਮੈਨੂੰ ਵੇਖ, ਮੈਂ ਰੋਜ਼ ਮਜਾਜ਼ ਨੂੰ ਮਿਲਣੀ ਆਂ" ।

"ਰੱਫ਼ੋ, ਜੇ ਤੋਂ.... ਪਰੈਗਨੰਟ ਹੋ ਗਈ ਫਿਰ?"

"ਮੈਂ ਕਾਂਟਰਾਸੈਪਟਿਵਜ਼ ਲੈਂਨੀ ਆਂ" ਰੱਫ਼ੋ ਮੇਰਾ ਮੇਕ–ਅੱਪ ਕਰਨਾ ਛੋੜ, ਸਿਗਰੇਟ ਬਾਲ ਲੈਂਦੀ ਏ ।

"ਤੇ ਤੂੰ .... ਵਰਜਨ ਨਹੀਂ?"

"ਹੋਲੀ ਸ਼ਿਟ ਸਕੀਨਾ, ਜੇ ਮੈਂ ਵਰਜਨ ਹੁੰਦੀ ਤੇ ਕਾਂਟਰਾਸੈਪਟਿਵਜ਼ ਕਿਉਂ ਲੈਂਦੀ?"

"ਜੇ ਉਹਨੇ ਤੇਰੇ ਨਾਲ ਵਿਆਹ ਨਾ ਕੀਤਾ ਫਿਰ?"

"ਕਰੇ ਗਾ" ।

"ਜੇ ਤੂੰ ਪਰੈਗਨੰਟ ਹੋ ਗਈਓਂ ਮੁੜ ਉਸ ਵਿਆਹ ਨਾ ਕੀਤਾ?"

"ਕਰੇ ਗਾ" ਰੱਫ਼ੋ ਖਿਜ ਕੇ ਸਿਰ ਹਿਲਾਂਦੀ ਏ "ਤੂੰ ਦਸ, ਤੂੰ ਜੇ ਆਪਣੇ ਮੁਹੱਲੇ ਦੇ ਸਟੱਡੀ ਸਰਕਲ ਵਿਚ ਵੀ ਨਹੀਂ ਆ ਸਕਦੀ ਤੇ ਫਿਰ ਕੀ ਕਰ ਸਕਣੀ ਏਂ?" ਉਹ ਆਵਦਾ ਮੂੰਹ ਸੰਗੋੜ ਲੈਂਦੀ ਏ ।

"ਪਤਾ ਨਹੀਂ, ਜ਼ਿਆਦਾ ਨਹੀਂ" ।

"ਤੇ ਫਿਰ, ਤੂੰ ਕਾਮਪਰੋਮਾਈਜ਼ ਲਈ ਤਿਆਰ ਏਂ? 'ਮਾਂ ਬਾਪ ਜਹਾਂ ਕਹਿਤੇ ਹੈਂ ਸ਼ਾਦੀ ਕਰ ਲੋ' ਆਲਾ ਫ਼ਾਰਮੂਲਾ ਏਟੀਜ਼ ਵਿਚ ਵੀ ਔਰਤਾਂ ਤੇ ਲਾਗੂ ਏ?"

"ਮੈਨੂੰ ਬੱਸ ਕੰਮ ਕਰਨ ਦੇ ਸੇਫ਼ ਰਸਤੇ ਲੱਭਣੇ ਪੈਣਗੇ" ਰੱਫ਼ੋ ਦੇ ਏਨਾ ਵਧ ਕੇ ਆਣ ਤੇ ਮੈਂ ਵੀ ਖਿਜ ਜਾਂਨੀ ਆਂ ।

ਬੂਹੇ ਕੋਲ ਖੜਾਕ ਹੁੰਦਾ ਏ ।

"ਚਾਹ ਆ ਗਈ ਏ" ਰੱਫ਼ੋ ਸਿਗਰੇਟ ਮੈਨੂੰ ਫੜਾ ਬੂਹੇ ਵਲ ਜਾਂਦੀ ਏ ।

ਉਹ ਅੱਲਾਹ ਪਲੀਜ਼, ਉਹ ਵੀ ਹੋਵੇ, ਮੈਂ ਦਿਲ ਵਿੱਚ ਦੁਆ ਕਰਨੀ ਆਂ ।

ਰੱਫ਼ੋ ਬੂਹਾ ਖੋਲਦੀ ਏ ਤੇ ਉਭਰ ਕੇ ਪਿੱਛੇ ਆ ਢਹਿੰਦੀ ਏ, ਮੈਂ ਸੋਫ਼ੇ ਤੋਂ ਉਠ ਖਲੋਨੀ ਆਂ ।

ਦੋ ਚਿੱਟ ਕੱਪੜੀਏ ਪਿਸਤੌਲਾਂ ਤਾਣੀ ਵੜਦੇ ਨੇਂ, ਚਾਰ ਬੰਦੂਕਾਂ ਆਲੇ ਪੁਲਸੀਏ ਪਿੱਛੋਂ ਨੇਂ ।

"ਕੋਈ ਨਾ ਹੱਲੇ, ਜਿੱਥੇ ਓ ਉਥੇ ਰਹਵੋ" ਇਕ ਆਹੰਦਾ ਏ ।

"ਵ੍ਹਾਟ ਦਾ ਫ਼ਕ?" ਰੱਫ਼ੋ ਕਾਵੜ ਨਾਲ ਕੰਬਦੀ ਕੋਏਂ ਤੋਂ ਉਠ ਖਲੋਂਦੀ ਏ ।

"ਤਲਾਸ਼ੀ ਲਵੋ" ਚਿੱਟ ਕੱਪੜੀਆ ਪੁਲਸੀਆਂ ਨੂੰ ਕਹਿੰਦਾ ਏ ।

"ਤੁਹਾਡੇ ਕੋਲ ਵਾਰੰਟ ਏ?" ਰੱਫ਼ੋ ਉਹਨੂੰ ਪੁੱਛਦੀ ਏ ।

ਜਵਾਬ ਵਿੱਚ ਉਹ ਬਾਕੀਆਂ ਨੂੰ ਸੈਨਤਰ ਕਰਦਾ ਏ । ਉਹ ਤਲਾਸ਼ੀ ਛੱਡ, ਮੈਨੂੰ ਤੇ ਰੱਫ਼ੋ ਨੂੰ ਕਮਰੇ ਦੀਆਂ ਦੋ ਨੁੱਕਰਾਂ ਵਿਚ ਧੱਕ, ਮੂੰਹ ਕੰਧ ਵੱਲ ਕਰਾ ਖਲਾਰਦੇ ਨੇਂ।

ਉਸੇ ਵੇਲੇ, ਕਮਰਾ ਹਥਿਆਰ ਬੰਦ ਪੁਲਸ ਨਾਲ ਭਰ ਜਾਂਦਾ ਏ । ਉਹ ਕਾਗ਼ਜ਼ਾਂ, ਕਿਤਾਬਾਂ, ਚਾਹ ਦੇ ਕੱਪਾਂ ਤੇ ਪਿਰਚਾਂ ਨੂੰ ਉਲਟਾਂਦੇ ਫਿਰਦੇ ਨੇਂ । ਵੇੜ੍ਹੇ ਵਿਚ ਦਸ ਬਾਰ੍ਹਾ ਪੁਲਸ ਆਲੇ ਟਾਰਚਾਂ ਨਾਲ ਕੁੱਝ ਲੱਭਦੇ ਫਿਰਦੇ ਨੇਂ, ਪਿੱਛੇ ਬਾਬੇ ਦਾ ਢੋਲ ਪਿਆ ਵਜਦਾ ਏ ।

"ਕਮਿਊਨਿਸਟ ਲਿਟਰੇਚਰ" ਇਕ ਪੁਲਸੀਆ ਮਾਰਕਸ ਤੇ ਐਂਗਲਜ਼ ਦਾ 'ਕਮਿਊਨਿਸਟ ਮੈਨੀਫ਼ੈਸਟੋ' ਤੇ ਮਾਉਜ਼ੇ ਤੁੰਗ ਦੇ ਕੁੱਝ ਕਿਤਾਬਚੇ ਉੱਚੇ ਕਰਕੇ ਵਿਖਾਂਦਾ ਏ ।

"ਬੰਦੇ ਕਿਧਰ ਨੇਂ?" ਇਕ ਰੱਫ਼ੋ ਨੂੰ ਪੁੱਛਦਾ ਏ ।

"ਕਿਹੜੇ ਬੰਦੇ?" ਰੱਫ਼ੋ ਆਹੰਦੀ ਏ ।

"ਇਨ੍ਹਾਂ ਨੂੰ ਲੈ ਚਲੋ" ਉਹ ਬਾਕੀਆਂ ਨੂੰ ਕਹਿੰਦਾ ਏ ।

"ਤੁਸੀਂ ਇਹ ਨਹੀਂ ਕਰ ਸਕਦੇ, ਮੈਂ ਚੋਧਰੀ ਹਸਨ ਦੋਲਾ ਦੀ ਧੀ ਆਂ ਤੇ ਮੇਰੀ ਸਹੇਲੀ ਸਰਦਾਰ ਅਬਦੁੱਲਾਹ ਦੀ ਭਤੀਜੀ ਏ ਜਿਹੜੇ ਅਸੰਬਲੀ ਦੇ ਮੈਂਬਰ ਨੇਂ" ਰੱਫ਼ੋ ਇੱਕੋ ਸਾਹ ਵਿੱਚ ਆਹੰਦੀ ਏ ।

"ਤੁਸੀਂ ਇੱਥੇ ਕੀ ਪਈਆਂ ਕਰਦੀਆਂ ਓ?" ਉਹ ਕਾਗ਼ਜ਼ ਛੱਡ ਕੇ ਰੱਫ਼ੋ ਨੂੰ ਪੁੱਛਦਾ ਏ ।

"ਅਸੀਂ ਕਾਲਜ ਪ੍ਰਾਜੈਕਟ ਤੇ ਕੰਮ ....."।

ਪੁਲਸ ਆਲਾ ਖਿਲ ਪੈਂਦਾ ਏ, "ਲੈ ਚੱਲੋ ਇਨ੍ਹਾਂ ਨੂੰ" ਉਹ ਕਹਿੰਦਾ ਏ ।

"ਚਲੋ" ਇਕ ਪੁਲਸ ਆਲਾ ਮੇਰੀ ਵੱਖੀ ਵਿਚ ਬੰਦੂਕ ਖਬੋਂਦਾ ਏ ।

"ਇਹਨੂੰ ਛੱਡ ਦਿਓ, ਇਹ ਕਿਸੇ ਸ਼ੈਅ ਵਿਚ ਨਹੀਂ" ਰੱਫ਼ੋ ਉਹਨੂੰ ਕਹਿੰਦੀ ਏ ।

"ਇਹ ਥਾਣੇ ਪਤਾ ਲੱਗੇ ਗਾ" ।

ਉਹ ਮੈਨੂੰ ਤੇ ਰੱਫ਼ੋ ਨੂੰ ਬੰਦੂਕਾਂ ਦੇ ਪਹਿਰੇ ਵਿਚ ਬਾਹਰ ਲਿਆ ਕੇ ਇਕ ਬਕਤਰ ਬੰਦ ਗੱਡੀ ਵਿੱਚ ਡੱਕ ਦਿੰਦੇ ਨੇਂ ।

ਦੋ ਪੁਲਸ ਆਲੇ ਮਜਾਜ਼ ਨੂੰ ਫੜੀ ਆਂਦੇ ਨੇਂ, ਉਹਦੇ ਲੀੜੇ ਪਾਟੇ ਹੋਏ ਨੇਂ, ਮੋਢੇ ਤੋਂ ਲਹੂ ਵਗਦਾ ਪਿਆ ਏ ।

ਅਸੀਂ ਪਰੇ ਹੋ ਮਜਾਜ਼ ਲਈ ਥਾਂ ਬਣਾਨੇ ਆਂ ਪਰ ਉਹ ਉਹਨੂੰ ਸਾਡੇ ਅੱਗੇ ਖਲੀ ਇਕ ਕਾਰ ਦੀ ਪਿਛਲੀ ਸੀਟ ਤੇ ਧੱਕ ਦਿੰਦੇ ਨੇਂ ।

"ਇਹਨੂੰ ਫਿਰ ਸ਼ਾਹੀ ਕਿਲ੍ਹੇ ਪਏ ਲਿਜਾਂਦੇ ਓ?" ਰੱਫ਼ੋ ਚੀਕ ਪੈਂਦੀ ਏ ।

ਕੋਈ ਜਵਾਬ ਨਹੀਂ ਆਂਦਾ ।

ਸਾਡੀ ਗੱਡੀ ਚੱਲ ਪੈਂਦੀ ਏ । ਰੱਫ਼ੋ ਪੁਲਸ ਆਲਿਆਂ ਅੱਗੇ ਇਕ ਦੋ ਜਰਨੈਲਾਂ ਦੇ ਨਾਂ ਲੈਂਦੀ ਏ ਜਿਹੜੇ ਲਾਹੌਰ ਵਿਚ ਵੱਡਿਆਂ ਅਹੁਦਿਆਂ ਤੇ ਨੇਂ । ਕੋਈ ਕੁੱਝ ਨਹੀਂ ਆਹੰਦਾ ।

ਥਾਣੇ ਅੱਪੜ ਕੇ ਚਿੱਟ ਕੱਪੜੀਆ ਸਾਨੂੰ ਦੱਸਦਾ ਏ ਕਿ ਇਕ ਰਾਇਟਿਸਟ ਪਾਰਟੀ ਦੇ ਅਖ਼ਬਾਰ ਦਾ ਖ਼ਬਰੀ ਅੱਗੇ ਖਲਾ ਏ, ਅਸੀਂ ਚਾਹੀਏ ਤਾਂ ਕੈਮਰੇ ਤੋਂ ਮੂੰਹ ਲਕੋ ਲਈਏ । ਪਹਿਲੀ ਵਾਰੀ ਇਸ ਗੱਲ ਦਾ ਸ਼ੁੱਕਰ ਕਰਨੀ ਆਂ ਕਿ ਮੈਂ ਬੁਰਕ੍ਹੇ ਵਿਚ ਆਂ ।

ਗੱਡੀ ਚੋਂ ਥੱਲੇ ਲਹਿੰਦਿਆਂ ਉਹੋ ਬੁਰਕ੍ਹਾ ਬੂਹੇ ਵਿਚ ਅੜਦਾ ਏ, ਮੈਂ ਮੂੰਹ ਪਰਨੇ ਸੜਕ ਤੇ ਜਾ ਡਿੱਗਣੀ ਆਂ ।

ਝੱਬਦੇ ਉਠਣੀ ਆਂ, ਪੁਲਸ ਆਲੇ ਖੀਸਾਂ ਕੱਢੀ ਖਲੇ ਨੇਂ । ਹੋਰ ਤੇ ਹੋਰ, ਰੱਫ਼ੋ ਵੀ ਮੁਸਕਾਂਦੀ ਪਈ ਏ ।

ਸਾਨੂੰ ਕੋਠੜੀ ਦੀ ਥਾਂ ਇਕ ਦਫ਼ਤਰੀ ਕਮਰੇ ਵਿਚ ਤਾੜ ਦਿੰਦੇ ਨੇਂ । ਮੈਨੂੰ ਫਿਰ ਸੁਰਤ ਆਂਦੀ ਏ ਕਿ ਕੀ ਹੋ ਗਿਆ ਏ ।

"ਰੱਫ਼ੋ" ਮੈਂ ਰੱਫ਼ੋ ਦਾ ਹੱਥ ਦੋਵੇਂ ਹੱਥਾਂ ਵਿਚ ਫੜ ਲੈਂਨੀ ਆਂ "ਮੇਰਾ ਟੱਬਰ...."

"ਫ਼ਿਕਰ ਨਾ ਕਰ ਸਕੀਨਾ ਤੂੰ ਕੋਈ ਗੁਨਾਹ ਨਹੀਂ ਕੀਤਾ"।

"ਪਰ ...."

"ਇਨ੍ਹਾਂ ਸਾਨੂੰ ਦੋਵਾਂ ਨੂੰ ਕੁੱਝ ਨਹੀਂ ਆਖਣਾ ਪਰ ਮਜਾਜ਼ ਨੂੰ ਇਹ ਇਸ ਵਾਰੀ ਮਾਰ ਦੇਣਗੇ। ਮੈਨੂੰ ਡਰ ਏ ਇਨ੍ਹਾਂ ਸਾਥੀ ਪੇਠੇ ਨੂੰ ਨਾ ਫੜ ਲਿਆ ਹੋਵੇ, ਉਹ ਇਸੇ ਤੋਂ ਬੱਚਦੇ ਸਿੰਧੋਂ ਪੰਜਾਬ ਆਏ ਸਨ" ਰੱਫ਼ੋ ਥਲਵੇਂ ਬੁਲ੍ਹ ਤੇ ਲੱਗੀ ਸੁਰਖ਼ੀ ਚੱਟ ਗਈ ਏ, ਹੁਣ ਥਲਵਾਂ ਗੁਲਾਬੀ ਏ ਤੇ ਉਤਲਾ ਉਨਾਬੀ ।

"ਉਹ ਸਾਰੇ ਉਥੇ ਸਨ?" ਮੇਰੀ 'ਸਾਰੇ' ਵਿਚ ਉੱਕਾ ਮਜਾਜ਼ ਤੇ ਪੇਠਾ ਨਹੀਂ, ਇਕ ਹੋਰ ਬੰਦਾ ਵੀ ਏ, ਉੱਚਾ ਮੱਥਾ ।

"ਬੱਸ ਦੋਵੇਂ"।

ਮੈਂ ਸੁੱਖ ਦਾ ਸਾਹ ਲੈਂਨੀ ਆਂ ।

ਮੈਂ ਤੇ ਰੱਫ਼ੋ ਕੁਰਸੀਆਂ ਛੱਡ, ਨੰਗੇ ਫ਼ਰਸ਼ ਤੇ ਚੁਪ ਚੁਪੀਤੇ ਬਹਿ ਜਾਂਨੇ ਆਂ ।

ਮੇਰਾ ਦਿਲ ਸਹਿਮ ਵਿਚ ਏ । ਭਾਵੇਂ ਰੱਫ਼ੋ ਸੱਚ ਆਹੰਦੀ ਏ, ਮੈਂ ਕੋਈ ਗੁਨਾਹ ਨਹੀਂ ਕੀਤਾ ਪਰ ਜਦੋਂ ਮਾਂ ਜੀ, ਭਾ, ਅੰਮਾਂ ਜੀਵਾਂ ਤੇ ਬਾਕੀਆਂ ਨੂੰ ਇਹ ਖ਼ਬਰ ਹੋਈ ਕਿ ਮੈਂ ਉੱਤੇ ਕਮਰੇ ਵਿਚ ਸੁੱਤੀ ਨਹੀਂ ਪਈ ਸਗੋਂ ਕਿਸੇ ਥਾਣੇ ਤੜੀ ਬੈਠੀ ਆਂ, ਤੇ ਮੁੜ ਕੀ ਹੋਵੇ ਗਾ ।

ਸਾਡੀ ਚੁੱਪ ਥਾਣੇ ਦੇ ਦੂਜੇ ਕਮਰਿਆਂ ਵਿੱਚੋਂ ਆਂਦੀਆਂ ਚੀਕਾਂ ਤੇ ਕੂਕਾਂ ਨੂੰ ਉੱਚਾ ਕਰ ਸੁਣਾਂਦੀ ਪਈ ਏ । ਅਸੀਂ ਦੋਵੇਂ ਇਕੱਠੇ ਬੋਲਣ ਲੱਗਣੇ ਆਂ, ਫਿਰ ਦੋਵੇਂ ਚੁੱਪ ਵੱਟ ਲੈਨੇ ਆਂ ।

ਸਵੇਰੇ ਚਾਰ ਪੁਲਸ ਆਲੀਆਂ ਆਂਦੀਆਂ ਨੇਂ ਤੇ ਸਾਨੂੰ ਦੋਵਾਂ ਨੂੰ ਵੱਖੋ ਵਖ ਕਰ ਲਿਜਾਂਦੀਆਂ ਨੇਂ ।

ਮੈਨੂੰ ਇੱਕ ਦਫ਼ਤਰ ਵਿੱਚ, ਜਿੱਥੇ ਥਾਣੇਦਾਰ ਡੈਸਕ ਪਿੱਛੇ ਤਸੱਲੀ ਨਾਲ ਬੈਠਾ ਏ ਤੇ ਉਹਦੇ ਮੂਹਰੇ ਮੇਰਾ ਭਾ ਜ਼ਹਿਰੀ ਨਾਗ ਤਰ੍ਹਾਂ ਵਿਸਦਾ ਖਲਾ ਏ ।

ਭਾ ਮੇਰੇ ਵੱਲ ਨਿਗਾਹ ਨਹੀਂ ਪਾਂਦਾ, ਮੈਂ ਬੁਰਕ੍ਹੇ ਵਿਚ ਆਂ ।

"ਮਿਸ ਸਕੀਨਾ, ਸਰਦਾਰ ਸਾਹਿਬ ਤੁਹਾਕੋਂ ਘਿਨਣ ਆਏ ਖੜੇ ਹਨ । ਇਥਾਂ ਤੁਸਾਡੇ ਖ਼ਿਲਾਫ਼ ਨਾ ਐੱਫ਼ ਆਈ ਆਰ ਦਰਜ ਥਈ ਏ ਤੇ ਨਾ ਤੁਹਾਡਾ ਨਾਂ ਪ੍ਰੈੱਸ ਕੂੰ ਰਿਲੀਜ਼ ਥਿਆ ਏ । ਮੈਂ ਤੁਹਾਕੋਂ ਸਟਰਿਕਟ ਵਾਰਨਿੰਗ ਡੇਸਾਂ, ਈਂ ਜੇ ਕੰਮ ਤੁਹਾਡੇ ਲਈ ਫ਼ਿੱਟ ਕੇ ਨਹੀਂ" ਉਹ ਮੇਰੇ ਨਕਾਬ ਨੂੰ ਦੱਸਦਾ ਏ ਤੇ ਮੁੜ ਭਾ ਨੂੰ ਆਹੰਦਾ ਏ "ਅਸਾਡੀ ਬੈਡ ਲੱਕ ਹੈ ਸਰਦਾਰ ਸਾਹਿਬ ਕਿ ਨਵੀਂ ਨਸਲ ਹੁਣ ਵੀ ਭੁੱਟੋ ਪਿੱਛੇ ਲੱਗੀ ਪਈ ਏ"।

"ਭੈਣਚੋਦ, ਠੱਗ" ਭਾ ਕਹਿੰਦਾ ਏ "ਮੈਂ ਤੁਹਾਡਾ ਵੱਡਾ ਮਸ਼ਕੂਰ ਆਂ ਥਾਣੇਦਾਰ ਸਾਬ, ਹੁਣ ਮੇਕੋਂ ਵੰਞਣ ਦੀ ਇਜਾਜ਼ਤ ਦਿਓ, ਮੈਂ ਕਿਧਰੇ ਪੁੱਜਣਾ ਏ" ਭਾ ਹੱਥ ਅੱਗੇ ਕਰ ਇਕ ਚਿੱਟਾ ਡਾਕ ਦਾ ਲਿਫ਼ਾਫ਼ਾ ਥਾਣੇਦਾਰ ਨੂੰ ਦਿੰਦਾ ਏ ।

ਸ਼ੋਰੇ ਮੈਨੂੰ ਛੁਡਾਣ ਲਈ ਭਾ ਨੂੰ ਕਿੰਨੇ ਹਜ਼ਾਰ ਦੇਣੇ ਪਏ ਨੇਂ ।

"ਬੇਸ਼ੱਕ ਸਰਦਾਰ ਸਾਹਿਬ, ਤੁਸਾਂ ਵੰਞੋ" ਥਾਣੇਦਾਰ ਲਿਫ਼ਾਫ਼ਾ ਲੈ ਕੇ ਬਿਨਾਂ ਵੇਖੇ ਆਵਦੇ ਡੈਸਕ ਦੀ ਦਰਾਜ਼ ਵਿਚ ਸੁੱਟ ਦਿੰਦਾ ਏ ।

ਭਾ ਤੇਜ਼ੀ ਨਾਲ ਥਾਣਿਓਂ ਨਿਕਲਦਾ ਏ, ਮੈਂ ਪਿੱਛੇ ਆਂ ।

ਜੀਪ ਤੋੜੀ ਜਾਂਦਾ ਏ ਤੇ ਬਾਬੇ ਫ਼ਤਿਹ ਦੇ ਨਿਕਲਣ ਤੋਂ ਪਹਿਲੋਂ ਪਿਛਲਾ ਬੂਹਾ ਖੋਲ ਦਿੰਦਾ ਏ, ਮੈਂ ਬਹਿੰਨੀ ਆਂ ਉਹ ਪਟਾਖ਼ ਬੂਹਾ ਮਾਰਦਾ ਏ, ਸਾਰੀ ਜੀਪ ਹਿੱਲ ਜਾਂਦੀ ਏ ।

"ਇਹਨੂੰ ਮਾਂ ਜੀ ਕੋਲ ਲੈ ਜਾ ਤੇ ਬਾਰਾਂ ਵਜੇ ਪਿੰਡ" ਭਾ ਇਹ ਕਹਿ ਕੇ ਕੋਲ ਪਾਰਕ ਹੋਈ ਆਵਦੀ ਕਾਰ ਵਿਚ ਬਹਿ ਕੇ ਚਲਾ ਜਾਂਦਾ ਏ ।

ਅਗਲਾ ਸਾਰਾ ਵੇਲਾ ਬਾਬਾ ਫ਼ਤਿਹ ਬਿਨਾਂ ਮੇਰੇ ਨਾਲ ਗੱਲ ਕੀਤੇ ਗੱਡੀ ਚਲਾਂਦਾ ਰਹਿੰਦਾ ਏ ।

ਅਸੀਂ ਘੱਰ ਪੁੱਜਣੇ ਆਂ ਤੇ ਉਹ ਗੱਡੀ ਪੋਰਚ ਵਿਚ ਖਲਾਰ ਪਿਛਲਾ ਬੂਹਾ ਖੋਲਣ ਜਾਈਂ, ਮੇਰੇ ਬਾਹਰ ਨਿਕਲ ਜਾਣ ਦੀ ਉਡੀਕ ਵਿਚ ਆਵਦੀ ਸੀਟ ਤੇ ਬੈਠਾ ਰਹਿੰਦਾ ਏ ।

ਇਕ ਰਾਤ ਵਿਚ ਮੇਰੇ ਸਾਰੇ ਪਿਆਰੇ ਮੈਥੋਂ ਜਿਵੇਂ ਰੁਸ ਗਏ ਨੇਂ ।

ਵਰਾਂਡੇ ਦੀਆਂ ਤਿੰਨ ਪੋੜ੍ਹੀਆਂ ਅਚਰਜ ਲਗਦੀਆਂ ਨੇਂ, ਮੈਂ ਕਦੇ ਖ਼ਿਆਲ ਨਾ ਕੀਤਾ ਕਿ ਉਨ੍ਹਾਂ ਤੇ ਖ਼ਾਕੀ ਚਿਪਸਾਂ ਦੁਆਲੇ ਲਾਲ ਲਕੀਰ ਦਾ ਬਾਰਡਰ ਵੀ ਏ ।

ਗੈਲਰੀ ਠੰਡੀ ਸੀਤ ਤੇ ਖ਼ਾਲੀ ਏ, ਅੱਜ ਕਿਸੇ ਉਹਦੇ ਤੇ ਪਿਆ ਘੱਟਾ ਵੀ ਨਹੀਂ ਝਾੜਿਆ ।

ਅੰਮਾਂ ਜੀਵਾਂ ਸਾਹਮਣਿਓਂ ਆਂਦੀ ਪਈ ਏ । ਉਹ ਚਲਦਿਆਂ ਖੜਾਕ ਨਹੀਂ ਕਰਦੀ, ਜਾਪਦਾ ਏ ਨੀਂਦਰ ਵਿਚ ਲਗੀ ਆਂਦੀ ਏ ।

"ਬੀਬੀ ਤੂੰ ਵੱਲ ਏਂ?" ਉਹ ਨੇੜੇ ਆ ਕੇ ਹੋਲੀ ਜਿਹਾ ਪੁੱਛਦੀ ਏ ।

ਮੈਂ ਹਾਂ ਵਿਚ ਸਿਰ ਹਲਾਂਨੀ ਆਂ ।

ਉਹ ਵੱਧ ਕੇ ਮੈਨੂੰ ਗੱਲ ਨਾਲ ਲਾ ਲੈਂਦੀ ਏ, ਮੇਰਾ ਸਾਹ ਛਿੱਲੇ ਗੰਡਿਆਂ ਦੀ ਤਾਜ਼ਾ ਹਮਕ ਨਾਲ ਭਰ ਜਾਂਦਾ ਏ, ਮੈਂ ਰੋਣ ਡਹਿ ਪੈਂਨੀ ਆਂ ।

"ਬੀਬੀ, ਕੀ ਹੋਇਆ ਸੀ? ਫ਼ਜਰ ਦੀਆਂ ਬਾਂਗਾਂ ਤੋਂ ਜ਼ਰੀ ਪਹਿਲੋਂ ਕਮਿਸ਼ਨਰ ਸਾਬ ਦੇ ਅਰਦਲੀ ਨੇ ਗੇਟ ਆ ਖੜਕਾਇਆ । ਫ਼ਤਿਹ ਮੁਹੰਮਦ ਬਾਉ ਨੂੰ ਵਾਜ ਮਾਰੀ 'ਬਾਉ ਸਰਦਾਰ ਸਾਬ ਨੂੰ ਜਗਾਵੀਂ, ਗੌਰਮਿੰਟ ਬਿਜਨਸ ਏ' ਬਾਉ ਸਰਦਾਰ ਨੂੰ ਜਗਾਇਆ, ਸਾਰਾ ਘੱਰ ਜਾਗ ਪਿਆ । ਸਰਦਾਰ ਬੈਠਕ ਵਿਚ ਅਰਦਲੀ ਨੂੰ ਮਿਲਿਆ ਤੇ ਮੁੜ ਆਕੇ ਮੈਨੂੰ ਆਖਿਓ ਸੁ 'ਅੰਮਾਂ, ਸਕੀਨਾ ਨੂੰ ਬੁਲਾ ਕੇ ਲਿਆਉ' ਮੈਂ ਭੱਜ ਉਠੀ, ਡਿੱਗਦੀ ਸਾਂ ਪਰ ਬੀਬੀ ਅਨਹੋਣੀ ਮੇਰੀਆਂ ਅੱਖਾਂ ਮੂਹਰੇ ਆਈ, ਤੇਰਾ ਪਲੰਗ ਖ਼ਾਲੀ" ਅੰਮਾਂ ਜੀਵਾਂ ਚੇਤਾ ਕਰ ਕੰਬ ਕੰਬ ਜਾਂਦੀ ਏ ।

"ਮੈਂ ਮੇਲੇ ਗਈ ਸਾਂ" ।

"ਅੱਧੀ ਰਾਤੀਂ?"

"ਉਥੇ ਢੇਰ ਲੋਕੀ ਸਨ" ।

"ਕਿਹੜੇ ਲੋਕੀ? ਨਾਚੀਆਂ, ਕੰਜਰ, ਬੁੱਡੇ ਹੋਏ ਮਲੰਗ ਤੇ ਗ਼ੁੰਡੇ? ਬੀਬੀ ਤੂੰ ਮੈਨੂੰ ਨਾਲ ਲੈ ਕੇ ਜਾਵੇਂ ਆ, ਮੈਂ ਕਿਸੇ ਨੂੰ ਤੇਰੇ ਨੇੜੇ ਨਹੀਂ ਸੀ ਲੱਗਣ ਦੇਣਾ" ।

"ਉਹ ਕੋਈ ਗ਼ੁੰਡੇ ਨਹੀਂ, ਸਿਆਸੀ ਕਾਰਕੁਨ ਨੇਂ" ।

"ਕੌਣ?"

"ਪੀਪਲਜ਼ ਪਾਰਟੀ ਦੇ ਸਿਆਸੀ ਕਾਰਕੁਨ" ।

"ਗ਼ੁੰਡੇ ਬਦਮਾਸ਼ਾਂ ਦੇ ਕਾਰਕੁਨਾਂ ਦੀ ਪਿੱਪਲ ਪਾਰਟੀ" ਅੰਮਾਂ ਜੀਵਾਂ ਮੈਨੂੰ ਝਾੜ ਕੇ ਰੱਖ ਦਿੰਦੀ ਏ ।

ਮੇਰੇ ਪਿੰਡੇ ਵਿਚ ਕਾਵੜ ਦੀ ਲਹਿਰ ਉਠਦੀ ਏ ।

"ਅਮਾਂ ਜੀਵਾਂ, ਜਿਹੜੀ ਸ਼ੈਅ ਦਾ ਪਤਾ ਨਾ ਹੋਵੇ ਉਹਦੇ ਬਾਰੇ ਗੱਲ ਨਾ ਕਰੀਏ" ਮੈਂ ਉਹਨੂੰ ਖਲੀ ਛੱਡ, ਟੁਰ ਪੈਂਨੀ ਆਂ ।

ਮਾਂ ਜੀ ਦੇ ਕਮਰੇ ਜਾਂਦਿਆਂ ਮੈਨੂੰ ਪੱਕ ਏ ਕਿ ਮੈਂ ਅੰਮਾਂ ਜੀਵਾਂ ਨੂੰ ਇਕ ਹੋਰ ਸੱਟ ਮਾਰੀ ਏ ।

"ਸਕੀਨਾ, ਅੰਦਰ ਆ" ਮਾਂ ਜੀ ਦੀ ਅਵਾਜ਼ ਆਂਦੀ ਏ ।

ਖ਼ੌਰੇ ਮਾਂ ਜੀ ਮੈਨੂੰ ਕੰਧਾਂ ਵਿੱਚੋਂ ਵੇਖ ਲਿਆ ਏ ।

ਮੈਂ ਧੱਕ ਕੇ ਬੂਹਾ ਖੋਲਨੀ ਆਂ ।

ਮਾਂ ਜੀ ਸਿਰ ਤੇ ਕਾਲਾ ਭੋਛਣ ਬੱਧੀ ਪਏ ਨੇਂ, ਲਗਦਾ ਏ ਮੇਰੇ ਕੰਨ ਵਜੇ ਸਨ । ਮਾਂ ਜੀ ਇੰਜ ਪਏ ਨੇਂ ਜਿਵੇਂ ਕੋਈ ਪੀੜਾਂ ਸਹਿੰਦਾ ਸੌਂ ਗਿਆ ਹੋਵੇ ।

"ਬਹਿ ਜਾ" ਉਹ ਅੱਖੀਂ ਖੋਲੇ ਬਿਨਾਂ ਆਹੰਦੇ ਨੇਂ ।

ਮੈਂ ਬੂਹੇ ਨਾਲ ਪਈ ਕੁਰਸੀ ਤੇ ਬਹਿ ਜਾਂਨੀ ਆਂ ।

"ਕਲ੍ਹ ਕਿੰਨੇ ਵਜੇ ਗਈ ਸੈਂ?"

"ਸਾਢੇ ਨੌਂ" ।

"ਕਿਸੇ ਮੁੰਡੇ ਨੂੰ ਮਿਲਣ?"

"ਨਹੀਂ" ।

"ਇਹ ਪਹਿਲੀ ਵਾਰੀ ਸੀ?"

"ਜੀ" ਮੈਂ ਝੂਠ ਬੋਲਣੀ ਆਂ ।

"ਕਿੱਥੇ?"

"ਮੇਲੇ ਤੇ"।
"ਕਿਹਦੇ ਨਾਲ?"
"ਰੱਫ਼ੋ"।
"ਰੱਫ਼ੋ?"
"ਦੋਲਾ"।
ਮਾਂ ਜੀ ਅੱਖੀਂ ਖੋਲਦੇ ਨੇਂ ਤੇ ਉਠ ਬਹਿੰਦੇ ਨੇਂ ।
"ਰਫ਼ੋ ਦੋਲਾ? ਉਹਦਾ ਭਰਾ ਵੀ ਉੱਥੇ ਸੀ?"
"ਨਹੀਂ"।
"ਤੁਹਾਡੇ ਨਾਲ ਜਿਹੜਾ ਬੰਦਾ ਫੜਿਆ ਗਿਆ, ਉਹ ਕੋਣ ਏ?"
"ਟਰੇਡ ਯੂਨੀਅਨ ਲੀਡਰ"।
"ਟਰੇਡ ਯੂਨੀਅਨ ਮਤਲਬ ਕਰਖ਼ਾਨੇ ਦੇ ਮਜ਼ਦੂਰਾਂ ਦੀ ਤਨਜ਼ੀਮ?"
"ਜੀ"।
"ਅੱਲਾਹ ਨਾ ਕਰੇ, ਉਹ ਤੈਨੂੰ ਪਸੰਦ ਤੇ ਨਹੀਂ?"
"ਨਹੀਂ"।
"ਕੋਈ ਤੈਨੂੰ ਪਸੰਦ ਕਰਦਾ ਏ?"
"ਨਹੀਂ" ਕਾਸ਼ ਮੈਂ ਇਸ ਸਵਾਲ ਦੇ ਜਵਾਬ ਵਿੱਚ 'ਹਾਂ' ਆਖ ਸਕਦੀ ।
"ਤੇ ਫਿਰ ਤੂੰ ਅੱਧੀ ਰਾਤੀਂ ਉਨ੍ਹਾਂ ਨਾਲ ਕਿਉਂ ਸੈਂ?"
ਮੇਰੇ ਕੋਲ ਮਾਂ ਜੀ ਲਈ ਕੋਈ ਜਵਾਬ ਨਹੀਂ ।
"ਜੇ ਤੇਰੇ ਕੋਲ ਮਜ਼ਦੂਰ ਤਨਜ਼ੀਮੀਆਂ ਨਾਲ ਮਿਲਣ ਦੀ ਕੋਈ ਦਲੀਲ ਸੀ ਤੇ ਤੂੰ ਉਨ੍ਹਾਂ ਨੂੰ ਦਿਨ ਵੇਲੇ ਇੱਥੇ ਆਵਦੇ ਘੱਰ ਕਿਉਂ ਨਾ ਮਿਲੀ?"
"ਸੋਰੀ" ਸੱਚ ਬੋਲਣ ਤੋਂ ਕਦੀ ਨਾ ਹਟਕੀਏ "ਉਥੇ ਇਕ ਸਟੱਡੀ ਸਰਕਲ ਸੀ"।
"ਕੀ ਸਰਕਲ?"
"ਸਟੱਡੀ। ਲੋਕੀ ਕੱਠੇ ਕੁੱਝ ਪੜ੍ਹਦੇ ਨੇਂ ਕਿ ਸਾਰੀਆਂ ਨੂੰ ਚੰਗੀ ਸਮਝ ਆਵੇ"।
"ਤੂੰ ਕੀ ਪੜ੍ਹਿਆ?"
"ਕੁੱਝ ਨਹੀਂ, ਮੈਂ ਲੇਟ ਸਾਂ । ਰੱਫ਼ੋ ਨੂੰ ਦੱਸਣਾ ਸੀ ਕਿ ਮੈਂ ਨਹੀਂ ਆ ਸਕਦੀ, ਉਹਨੇ ਚਾਹ ਲਈ ਰੋਕ ਲਿਆ। ਉਸੇ ਵੇਲੇ ਘੱਰ ਤੇ ਪੁਲਸ ਦਾ ਛਾਪਾ ਪੈ ਗਿਆ"।
"ਕਿਹੜਾ ਘੱਰ?"
"ਉਹ ਅਗਲੀ ਗਲੀ ਵਿਚ ਏ । ਉਨ੍ਹਾਂ ਮੈਨੂੰ ਤੇ ਰੱਫ਼ੋ ਨੂੰ ਫੜਿਆ ਪਰ ਮਜਾਜ਼ ਨੂੰ ਮਾਰ ਮਾਰ ਕੇ ਖ਼ੂਨੋ ਖ਼ੂਨ ਕਰ ਦਿੱਤਾ"।
"ਇਹ ਉਹਦਾ ਨਾਂ ਏ?"
"ਜੀ"।
"ਇਹ ਰੱਫ਼ੋ ਉਹਨੂੰ ਪਸੰਦ ਕਰਦੀ ਏ?"
"ਪਤਾ ਨਹੀਂ"।
"ਉਹਦੀ ਮਾਂ ਨੇ ਕਦੀ ਵੀ ਕਿਸੇ ਫ਼ੁਕਰੇ ਮਜ਼ਦੂਰ ਨਾਲ ਉਹਨੂੰ ਨਹੀਂ ਵਿਆਹੁਣਾ"।

"ਉਹ ਮੁਲਤਾਨ ਦੇ ਇਕ ਸੋਖੇ ਟੱਬਰ ਦਾ ਪੜ੍ਹਿਆ ਲਿਖਿਆ ਪੁਤੱਰ ਏ"।

"ਸੱਚ ਇਹ ਏ ਬਈ ਤੈਨੂੰ ਇਕ ਅਮੀਰ ਪਿਓ ਦੀ ਝੱਲੀ ਧੀ ਉੱਲੂ ਬਣਾ ਗਈ ਤੇ ਕਿੱਥੇ ਪਹੁੰਚਾਈਉ ਸੁ? ਥਾਣੇ"।

"ਮਾਂ ਜੀ ਮੈਨੂੰ ਰਾਤ ਨੂੰ ਕੱਲੀ ਕਿਧਰੇ ਨਹੀਂ ਸੀ ਜਾਣਾ ਚਾਹੀਦਾ, ਮੈਂ ਇਸ ਦੀ ਮਾਫ਼ੀ ਮੰਗਣੀ ਆਂ ਪਰ ਇਹ ਜੋ ਗੱਲਾਂ ਕਰਦੇ ਨੇਂ ਉਹ ਮੈਨੂੰ ਠੀਕ ਲਗਦੀਆਂ ਨੇਂ"।

"ਕਿਹੜੀਆਂ ਗੱਲਾਂ? ਮਜ਼ਾਰਿਆਂ ਨੂੰ ਜ਼ਮੀਨਾਂ ਦਿਓ, ਭੁੱਖਿਆਂ ਨੂੰ ਰੋਟੀ ਤੇ ਮਜ਼ਦੂਰ ਨੂੰ ਕਰਖ਼ਾਨਾ? ਇਹ ਸਾਰੀਆਂ ਫੋਕੀਆਂ ਗੱਲਾਂ ਨੇਂ ਜਿਹੜੀਆਂ ਕਦੇ ਨਹੀਂ ਹੋਣੀਆਂ । ਪੁਤੱਰ, ਸਿਆਸਤੀਆਂ ਤੋਂ ਖ਼ਬਰਦਾਰ ਰਹਿ । ਭਾਵੇਂ ਜ਼ਨਾਨੀਆਂ ਹੋਵਣ ਯਾਂ ਮਰਦ, ਇਹ ਦੋਮੂੰਹੇ ਨਾਗ ਨੇਂ, ਇਕ ਨਾਲ ਨਾ ਡੰਗੀ ਜੈਂਗੀ ਤੇ ਦੂਜੀ ਨਾਲ ਡੰਗਣਗੇ"।

"ਇਹਦਾ ਮਤਲਬ ਏ ਕਿ ਅਸੀਂ ਸੁਸਾਇਟੀ ਨੂੰ ਬਦਲ ਨਹੀਂ ਸਕਦੇ ਤੇ ਸਾਨੂੰ ਚਾਰਾ ਵੀ ਨਹੀਂ ਕਰਨਾ ਚਾਹੀਦਾ?"

"ਅੱਲਾਹ ਦੇ ਦੱਸੇ ਹੋਏ ਰਸਤਿਆਂ ਤੇ ਚੱਲ ਕੇ ਬਦਲੀ ਲਿਆਉ। ਆਵਦੇ ਕਿਰਦਾਰ ਤੇ ਚਾਲ ਚਲਣ ਦੀ ਬੁਲੰਦੀ ਨਾਲ। ਇਕ ਧੀ, ਨੂੰਹ ਤੇ ਮਾਂ ਦੀ ਹੈਸੀਅਤ ਵਿਚ । ਜੇ ਪਾਣੀ ਵਿੱਚ ਤੁਰਨਾ ਏ ਤੇ ਲਹਿੰਦੇ ਪਾਸੇ ਜਾਓ, ਚੜ੍ਹਦੇ ਪਾਸੇ ਡੁੱਬਣ ਏ"।

"ਜੀ" ਮੈਂ ਆਹਨੀ ਆਂ ਜਿਵੇਂ ਉਨ੍ਹਾਂ ਦੀ ਗੱਲ ਮਨ ਗਈ ਹੋਵਾਂ ।

ਮਾਂ ਜੀ ਤੇ ਮੇਰੇ ਵਿਚਕਾਰਲਾ ਪੰਧ ਵਧਦਾ ਜਾਂਦਾ ਏ। ਇਹਨੂੰ ਪੂਰਨ ਲਈ ਮੈਂ ਆਵਦੀ ਸੱਭ ਤੋਂ ਪਿਆਰੀ ਸੱਕੀ ਨੂੰ ਕੂੜ ਦਾ ਝਾਕਾ ਦੇਂਨੀ ਪਈ ਆਂ ।

"ਤੇਰੇ ਭਰਾ ਦੀ ਮਰਜ਼ੀ ਏ ਬਈ ਹੁਣ ਜਦ ਤਾਈਂ ਤੇਰਾ ਵਿਆਹ ਨਹੀਂ ਹੁੰਦਾ, ਤੂੰ ਪਿੰਡ ਰਹਵੇਂ" ਮਾਂ ਜੀ ਆਹੰਦੇ ਨੇਂ ।

"ਪਰ ਮਾਂ ਜੀ, ਮੇਰਾ ਕਾਲਜ? ਭਾ ਤਾਂ ਕਹਿੰਦਾ ਸੀ ...."

"ਉਹ ਪਹਿਲੋਂ ਦੀਆਂ ਗੱਲਾਂ ਨੇਂ । ਤੇਰੇ ਭਰਾ ਦੀ ਕਿੰਨੀ ਬੇਇੱਜ਼ਤੀ ਏ ਕਿ ਉਹਨੂੰ ਆਵਦੇ ਕਮਿਸ਼ਨਰ ਯਾਰ ਨੂੰ ਦੱਸਣਾ ਪਿਆ ਕਿ ਤੂੰ ਅੱਧੀ ਰਾਤੀਂ ਘਰੋਂ ਬਾਹਰ ਸੈਂ। ਉੱਤੋਂ ਪੰਦਰ੍ਹਾਂ ਹਜ਼ਾਰ ਥਾਣੇਦਾਰ ਨੂੰ ਦਿੱਤਾ । ਉਹਨੂੰ ਐਨਾ ਰੰਜ ਏ, ਉਸ ਮੈਨੂੰ ਆਖ ਦਿੱਤਾ ਏ ਬਈ ਦੋਲਿਆਂ ਨੂੰ ਹਾਂ ਕਰ ਦੇਵਾਂ। ਇਹਦਾ ਮਤਲਬ ਏ, ਉਹਨੂੰ ਜ਼ਮੀਨ ਦਾ ਟੋਟਾ ਵੇਚਣਾ ਪਏ ਗਾ"।

"ਮਾਂ ਜੀ, ਪਲੀਜ਼ ਇਹ ਨਾ ਹੋਣ ਦਿਓ"।

"ਟੱਬਰ ਤੇ ਤੇਰੇ ਲਈ ਚੰਗਾ ਏ, ਰੱਫ਼ੋ ਜਿਹੀ ਤੇਰੀ ਨਨਾਣ ਹੋਵੇਗੀ" ਮਾਂ ਜੀ ਦੰਦ ਕਚੀਚ ਕੇ ਆਹੰਦੇ ਨੇਂ ।

"ਮਾਂ ਜੀ, ਮੈਂ ਏਨੀ ਛੇਤੀ ਵਿਆਹ ਨਹੀਂ...."

"ਇਹ ਮੇਰਾ ਤੇ ਤੇਰੇ ਭਰਾ ਦਾ ਮਸਲਾ ਏ"।

"ਆਂਟੀ ਸਾਬਰ ਵੀ ਤੇ ਨੇਂ"।

"ਉਹਦਾ ਕੀ ਤਾਅਲੁੱਕ ਵਾਸਤਾ?"

"ਤੁਸੀਂ ਆਖਿਆ ਸੀ ਕਿ ਉਨ੍ਹਾਂ ਤੋਂ ਕੋਈ ਫ਼ੈਮਲੀ ਬਾਹਰ ਪਤਾ ਕਰੋਗੇ" ਮੈਂ ਰੋਣ ਲੱਗ ਪੈਂਨੀ ਆਂ "ਮੈਥੋਂ ਵੱਡੀ ਗ਼ਲਤੀ ਹੋਈ ਏ ਮਾਂ ਜੀ, ਪਰ ਇਹ ਵਿਆਹ ਮੇਰੀ ਹਯਾਤੀ ਬਰਬਾਦ ਕਰ ਦੇ ਗਾ"।

"ਬਾਹਰਲੇ ਟੱਬਰ ਸਾਥੋਂ ਅੱਡ ਹੁੰਦੇ ਨੇਂ, ਤੇਰਾ ਗੁਜ਼ਾਰਾ ਨਹੀਂ ਹੋਣਾ" ।

ਲਗਦਾ ਏ ਮਾਂ ਜੀ ਨੇ ਇਸ ਬਾਰੇ ਸੋਚਿਆ ਏ ।

"ਮੈਂ ਗੁਜ਼ਾਰਾ ਕਰ ਲਾਂਗੀ ਮਾਂ ਜੀ। ਅੱਲਾਹ ਦਾ ਨਾਂ ਜੇ ਇਕ ਵਾਰੀ ਮੇਰੀ ਮਦਦ ਕਰ ਦਿਓ, ਮੈਂ ਮੁੜ ਤੁਹਾਡੇ ਕੋਲੋਂ ਕੁੱਝ ਨਹੀਂ ਮੰਗਣਾ" ਮੈਂ ਸਿਸਕਣ ਲੱਗ ਪੈਂਨੀ ਆਂ ।

"ਮੈਂ ਪ੍ਰਵੀਨ ਨੂੰ ਫ਼ੋਨ ਕਰਵਾ ਦਿੱਤਾ ਸੀ, ਹੁਣ ਕੁੱਝ ਨਹੀਂ ਹੋ ਸਕਦਾ"।

"ਮਾਂ ਜੀ" ਮੈਂ ਉਨ੍ਹਾਂ ਦੇ ਪੈਰਾਂ ਤੇ ਹੱਥ ਰੱਖ ਦੇਂਨੀ ਆਂ "ਦੁਹਾਈ ਏ ਮਾਂ ਜੀ"।

ਅੰਮਾਂ ਜੀਵਾਂ ਬੂਹੇ ਪਿੱਛੋਂ ਰੋਂਦੀ ਆਂਦੀ ਏ ਤੇ ਮੈਨੂੰ ਆਵਦੀਆਂ ਬਾਹਵਾਂ ਵਿਚ ਲੈ ਲੈਂਦੀ ਏ ।

"ਤੂੰ ਇੰਜ ਵੈਣ ਪਈ ਪਾਂਨੀ ਏਂ ਜਿਵੇਂ ਤੇਰੀ ਮਾਂ ਮਰ ਗਈ ਹੋਵੇ" ਮਾਂ ਜੀ ਕਹਿੰਦੇ ਨੇਂ ਤੇ ਅੰਮਾਂ ਜੀਵਾਂ ਨੂੰ ਸੈਨਤਰ ਕਰਦੇ ਨੇਂ ।

ਉਹ ਮੈਨੂੰ ਮਾਂ ਜੀ ਦੀ ਸਿਰ੍ਹਾਂਦੀ ਲਿਆਂਦੀ ਏ ।

ਮਾਂ ਜੀ ਮੈਨੂੰ ਸੀਨੇ ਤੇ ਲਿਟਾ ਲੈਂਦੇ ਨੇਂ, ਅਸੀਂ ਕੱਠੇ ਰੋਂਨੇ ਆਂ ਪਰ ਸਾਡੇ ਵਿਚਕਾਰ ਪੰਧਾਂ ਦੀਆਂ ਕੰਧਾਂ ਉੱਚੀਆਂ ਹੁੰਦੀਆਂ ਜਾਂਦੀਆਂ ਨੇਂ ।

ਅਤੇ, ਮੈਂ ਸਮਿਆਣ ਸੂਟ ਕੇਸ ਵਿਚ ਪਾਂਨੀ ਆਂ । ਮੈਨੂੰ ਪਤਾ ਕੋ ਨੀ ਮੈਂ ਕਿੰਨੇ ਚਿਰ ਲਈ ਚੱਲੀ ਆਂ। ਵਿਆਹ ਦੀ ਗਲ ਤੇ ਕਲ੍ਹ ਵੀ ਪੱਕੀ ਹੋ ਸਕਦੀ ਏ ਤੇ ਵਰ੍ਹਿਆਂ ਵਿਚ ਵੀ ਨਹੀਂ ।

ਮੈਂ ਆਵਦੇ ਆਪ ਨੂੰ ਪਿੰਡ ਲਿਜਾ ਕੇ ਵੇਹਨੀ ਆਂ ਕਿ ਮੈਨੂੰ ਉੱਥੇ ਰਹਿਣ ਲਈ ਕੀ ਚਾਹੀਦਾ ਏ। ਉੱਥੇ ਘੱਟਾ ਬਹੁਤਾ ਹੁੰਦਾ ਏ, ਮੈਂ ਛੇ ਸੂਟ ਲੈਂਨੀ ਆਂ । ਪਲੇਨ ਤੇ ਪਰਿੰਟਿਡ ਕਾਟਨ, ਮਿਕਸ ਐਂਡ ਮੈਚ ਦੁਪੱਟੇ। ਮੈਂ ਇਨ੍ਹਾਂ ਨੂੰ ਆਪ ਡਿਜ਼ਾਈਨ ਕਰ ਕੇ ਮੇਨ ਮਾਰਕੀਟ ਦੇ ਇਕ ਦਰਜ਼ੀ ਤੋਂ ਸਵਾਇਆ ਸੀ ।

ਮੈਨੂੰ ਆਵਦੀ ਪਸੰਦ ਦੇ ਕੱਪੜੇ ਸਵਾਣ ਦਾ ਹੱਕ ਦੋ ਸਾਲ ਪਹਿਲੋਂ ਮਿਲਿਆ ਜਦ ਮੈਂ ਤ੍ਰੀਜਾ ਵਜ਼ੀਫ਼ਾ ਮੈਟ੍ਰਿਕ ਵਿਚ ਆਣ ਲਿਆ ਤੇ ਮੈਨੂੰ ਲਾਹੌਰ ਦੇ ਜ਼ਨਾਨੀਆਂ ਦੇ ਸਾਰੇ ਕਾਲਜਾਂ ਵਿਚ ਬਿਨਾਂ ਸਿਫ਼ਾਰਸ਼ ਯਾਂ ਵੱਢੀ, ਦਾਖ਼ਲਾ ਮਿਲ ਗਿਆ । ਭਾ ਤੇ ਆਵਦੀਆਂ ਸੋਹਣੀਆਂ ਸਾਵੀਆਂ ਅੱਖੀਂ ਨਾਲ ਇਹ ਨਹੀਂ ਸੀ ਕਰ ਸਕਿਆ ।

ਉਨ੍ਹਾਂ ਦਿਹਾੜਿਆਂ ਮੈਂ ਮਾਂ ਜੀ ਤੇ ਭਾਅ ਨਾਲ ਜਾ ਕੇ ਆਵਦਾ ਪਹਿਲਾ ਸੋਨੇ ਦਾ ਸੈੱਟ ਵੀ ਪਸੰਦ ਕੀਤਾ । ਹਾਰ ਵਿਚ ਉੱਪਲ ਤੇ ਜ਼ਮੁਰਦ ਦੀਆਂ ਨਿੱਕੀਆਂ ਨਿੱਕੀਆਂ ਅੰਬੀਆਂ ਸੋਨੇ ਦੀਆਂ ਕੋਲੀਆਂ ਨਾਲ ਜੁੜੀਆਂ ਹੋਈਆਂ ਨੇਂ, ਇਕ ਇਕ ਅੰਬੀ ਕੰਨਾਂ ਵਿਚ, ਇਕ ਵੱਡੀ ਅੰਬੀ ਮੁੰਦਰੀ ਤੇ । ਮਾਂ ਜੀ ਆਹੰਦੇ ਸਨ ਇਹ ਰੋਲਡ ਗੋਲਡ ਜਾਪਦਾ ਏ ਪਰ ਭਾ ਨੂੰ ਭਾਇਆ ਸੀ ।

ਹੁਣ ਡੱਬੇ ਵਿੱਚ ਨੀਲੀ ਸ਼ਨੀਲ ਤੇ ਪਿਆ ਲਗਦਾ ਏ ਜਿਵੇਂ ਕਿਸੇ ਹੋਰ ਦਾ ਹੋਵੇ । ਮੈਂ ਮੁੰਦਰੀ ਕੱਢ ਕੇ ਖੱਬੇ ਹੱਥ ਦੀ ਵਿਚਲੀ ਉਂਗਲ ਵਿਚ ਪਾਂਨੀ ਆਂ । ਇਹ ਇਸ ਉਂਗਲ ਵਿਚ ਪੂਰੀ ਏ ਤੇ ਦਿਸਦੀ ਏ ਕਿ ਮੈਂ ਮੰਗੀ ਹੋਈ ਨਹੀਂ ।

ਟਰੰਕ ਵਿਚ ਐਮ ਆਰ ਡੀ ਦੇ ਪੈਮਫ਼ਲਟਾਂ ਭਰਿਆ ਬੈਗ ਪਿਆ ਏ ਜਿਹੜਾ ਮੈਂ ਕਾਲਜ ਵਿਚ ਵੰਡਣ ਦਾ ਪੱਕ ਕੀਤਾ ਸੀ । ਜਿਹਦੇ ਨਾਲ ਇਹ ਪੱਕ ਪਕਾਇਆ ਸੀ ਉਹਨੂੰ ਜ਼ਿਆਅ ਉਲਹਕ ਨੇ ਅੰਦਰ ਕਰ ਦਿੱਤਾ ਏ ਕਿਉਂ ਜੇ ਉਹ ਇਸ ਮੁਲਕ ਵਿਚ ਇਲੈਕਸ਼ਨ ਮੰਗਦਾ ਸੀ । ਅੱਧਾ ਮੰਗਲ ਲੰਘ ਗਿਆ ਏ, ਮੈਂ ਇਨ੍ਹਾਂ ਨੂੰ ਹੁਣ ਕਿੱਥੇ ਵੰਡਾਂ।

ਮੈਂ ਬੈਗ ਨੂੰ ਸੂਟ ਕੇਸ ਵਿਚ ਰੱਖਲੀ ਆਂ, ਪਰ ਇਹਨੂੰ ਪਿੰਡ ਲੈ ਜਾਣਾ ਤੇ ਵੱਡੀ ਹੂੜ ਮੱਤੀ ਹੋਵੇਗੀ ।

ਮੈਨੂੰ ਖੋਖੇ ਦਾ ਖ਼ਿਆਲ ਆਂਦਾ ਏ । ਉਹ ਇਹ ਪੈਮਫ਼ਲਟ ਰੱਖ ਲੈਣਗੇ, ਉਹ ਤੇ ਹਫ਼ਤਾ ਵਾਰ "ਵੀਉ ਪੁਆਇੰਟ" ਵੀ ਰੱਖਦੇ ਨੇਂ ਜਿਹੜਾ ਹੁਣ ਲਾਹੋਰ ਦਾ ਕੱਲਾ ਅੰਗਰੇਜ਼ੀ ਲੈਫ਼ਟਿਸਟ ਰਸਾਲਾ ਏ ।

ਮੈਂ ਥੱਲੇ ਜਾਕੇ ਖ਼ੋਰਸ਼ੈਦੀ ਨੂੰ ਆਹਨੀ ਆਂ ਕਿ ਮੈਨੂੰ ਸਮਿਆਣ ਬੰਨ੍ਹਣ ਵਿਚ ਹੱਥ ਪੁਆਵੇ ।

ਉਹ ਉੱਤੇ ਆਂਦੀ ਏ ਤੇ ਮੈਂ ਉਹਨੂੰ ਪੈਮਫ਼ਲਟ ਖੋਖੇ ਵਾਲੇ ਕੋਲ ਲਿਜਾਣ ਲਈ ਆਹਨੀ ਆਂ । ਖ਼ੋਰਸ਼ੈਦੀ ਤਰਾਹੰਦੀ, ਹਾਮੀ ਭਰ ਲੈਂਦੀ ਏ । ਮੈਂ ਖੋਖੇ ਵਾਲੇ ਲਈ, ਜਿਹੜਾ ਮੈਨੂੰ ਨੌਂ ਵਰ੍ਹਿਆਂ ਤੋਂ ਜਾਣਦਾ ਏ, ਇਕ ਨੋਟ ਲਿਖਣੀ ਆਂ ਕਿ ਇਹ ਪੈਮਫ਼ਲਟ ਗਾਹਕਾਂ ਸਾਹਵੇਂ ਰੱਖੇ ।

ਅਖ਼ੀਰ ਵਿਚ ਪਮਫ਼ਲਟ ਅੱਧੋ ਅੱਧ ਕਰ, ਮੈਂ ਦੂਜਾ ਥੱਬਾ ਤਨੂਰ ਆਲੇ ਨੂੰ ਤਨੂਰ ਆਲੀ ਗਲੀ ਵਿਚ ਭਿਜਵਾ ਦੇਂਨੀ ਆਂ ।

ਬੈਗ ਵਿੱਚੋਂ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ ਆਲਾ ਕਾਗਤ ਨਿਕਲਦਾ ਏ, ਉਹ ਚਾ ਕੇ ਸਕਰੈਪ ਬੁੱਕ ਵਿਚ ਰੱਖ ਲੈਂਨੀ ਆਂ ।

ਥੱਲੇ ਮਾਂ ਜੀ ਕੱਪੜੇ ਬਦਲ ਸੋਫ਼ੇ ਤੇ ਬੈਠੇ ਭਾ ਦਾ ਹੁੱਕਾ ਪੀਂਦੇ ਪਏ ਨੇਂ । ਮੈਨੂੰ ਕੁਰਸੀ ਤੇ ਬਹਿਣ ਲਈ ਆਹੰਦੇ ਨੇਂ।

"ਸਕੀਨਾ ਮੈਂ ਜਾਣਦੀ ਆਂ ਤੂੰ ਕੋਈ ਗੁਨਾਹ ਨਹੀਂ ਕੀਤਾ ਪਰ ਜਿਹੜੀਆਂ ਕੁੜੀਆਂ ਰਾਤ ਬਰਾਤੇ ਘਰੋਂ ਬਾਹਰ ਪੈਰ ਰੱਖਦੀਆਂ ਨੇਂ, ਭਾਵੇਂ ਕਿਸੇ ਨੇਕ ਕੰਮ ਲਈ, ਅਖ਼ੀਰ ਵਸੇਬ ਦੇ ਗੰਦੇ ਪਾਸੇ ਢਹਿੰਦੀਆਂ ਨੇਂ । ਤੈਨੂੰ ਸੁਰਤ ਹੋਣੀ ਚਾਹੀਦੀ ਸੀ" ਮਾਂ ਜੀ ਆਹੰਦੇ ਨੇਂ "ਹੁਣ ਤੂੰ ਹਰ ਪੈਰ ਸੋਚ ਸਮਝ ਕੇ ਚਾਵੀਂ ਨਹੀਂ ਤੇ ਆਵਦੇ ਟੱਬਰ ਦੇ ਆਸਰੇ ਨਾਲ ਵੀ ਤੂੰ ਇਸ ਜੱਗ ਵਿਚ ਬਹੁਤਾ ਚਿਰ ਨਹੀਂ ਚੱਲ ਸਕਣਾ" ।

"ਜੀ" ਮੈਂ ਆਹਨੀ ਆਂ ।

"ਇਹ ਰੱਖ ਲੈ" ਉਹ ਮੈਨੂੰ ਕੁੱਝ ਰੁਪਈਏ ਫੜਾਂਦੇ ਨੇਂ ।

"ਤੇਰੇ ਭਰਾ ਨੇ ਜੀਨੋ ਨੂੰ ਇਕ ਮਹੀਨਾ ਪੇਸ਼ਗੀ ਦੇ ਦਿੱਤਾ ਏ ਤੇ ਮੁਨਸ਼ੀ ਨੇ ਸੌਦਾ ਸਲਫ਼ ਸੁਟਾ ਦਿੱਤਾ ਏ" ।

ਥੱਦੀ ਵਿਚ ਪੰਜ ਸੋ ਰੁਪਈਏ ਨੇਂ, ਮੈਨੂੰ ਪਹਿਲੋਂ ਏਨੇ ਪੈਸੇ ਕਦੀ ਨਹੀਂ ਮਿਲੇ । ਸਮਝ ਨਹੀਂ ਆਂਦੀ ਕਿ ਉਸ ਪਿੰਡ ਵਿੱਚ ਪੈਸੇ ਦੀ ਕੀ ਲੋੜ ਏ ਜਿੱਥੇ ਹੁਣ ਬਾਬੇ ਮਰਨੇ ਦੀ ਹੱਟੀ ਵੀ ਕੋ ਨੀ ।

"ਤੈਨੂੰ ਵਲੈਤ ਬਾਰੇ ਕੀ ਪਤਾ ਏ?" ਮਾਂ ਜੀ ਪੁੱਛਦੇ ਨੇਂ ।

"ਕੁੱਝ ਨਹੀਂ, ਬੰਦੇ ਤੇ ਜ਼ਨਾਨੀਆਂ ਚੰਗੇ ਪੈਸੇ ਬਣਾਂਦੇ ਨੇਂ, ਜਮਹੂਰੀ ਆਜ਼ਾਦੀ...."

"ਬੇਹਿਆਈ ਤੇ ਬੇਰਾਹ–ਰਵੀ ਦਾ ਕੀ ਆਖੀਏ?"

"ਆਂਟੀ ਸਾਬਰ ਵੀ ਤੇ ਉਥੇ ਰਹਿੰਦੇ ਨੇਂ, ਉਹ ਵੀ ਐਵੇਂ ਹੋ ਗਏ ਹੋਣਗੇ?"

"ਜੀਵਾਂ" ਮਾਂ ਜੀ ਆਵਦਾ ਧਿਆਨ ਮੈਥੋਂ ਹਟਾ ਲੈਂਦੇ ਨੇਂ "ਸਾਨੂੰ ਕੁੱਝ ਖਾਣ ਨੂੰ ਦੇ ਤੇ ਬੀਬੀ ਦਾ ਸੂਟਕੇਸ ਹੇਠਾਂ ਲੈ ਆ, ਇਹਨੇ ਬਾਰਾਂ ਵਜੇ ਤੋਂ ਪਹਿਲੋਂ ਟੁਰਨਾ ਏ" ।

ਮੈਨੂੰ ਲਗਦਾ ਏ ਜਿਵੇਂ ਮਾਂ ਜੀ ਮੈਨੂੰ ਛੁੱਟੀਆਂ ਮਨਾਣ ਲਈ ਮਰੀ ਭੇਜਦੇ ਪਏ ਨੇਂ ਯਾਂ ਮੈਂ ਹਾਕੀ ਖੇਡਣ ਕਿਸੇ ਦੂਜੇ ਸ਼ਹਿਰ ਵੇਹੰਦੀ ਪਈ ਆਂ ।

"ਮੈਂ ਕਲ੍ਹ ਨਾ ਚਲੀ ਜਾਵਾਂ?" ਮੈਂ ਪੁੱਛਣੀ ਆਂ ।

"ਨਹੀਂ ਤੇਰੇ ਭਰਾ ਆਖਿਆ ਸੀ, ਅਜੂ" ।

ਮੈਂ ਪਿੰਡ ਆਲੇ ਘਰ ਦਾ ਸੋਚਣੀ ਆਂ, ਅੱਚਨਚਿੱਤੀ ਖ਼ਿਆਲ ਆਂਦਾ ਏ ਕਿ ਮੈਂ ਉਥੇ ਮਹੀਨਿਆਂ ਯਾਂ ਸ਼ੋਰੇ ਵਰ੍ਹਿਆਂ ਲਈ ਕੱਲੀ ਹੋਵਾਂਗੀ ।

"ਮਾਂ ਜੀ, ਮੈਂ ਘਰ ਵਿਚ ਕੱਲੀ ਹੋਵਾਂਗੀ" ਮੈਂ ਆਹੰਨੀ ਆਂ ।

"ਬੱਸ ਅੱਜ ਤੇ ਕਲ੍ਹ । ਦੋਵੇਂ ਰਾਤਾਂ ਜੀਨੋ ਤੇਰੇ ਕੋਲ ਸੋਵੇ ਗੀ, ਪਰਸੋਂ ਫ਼ਤਿਹ ਮੁਹੰਮਦ ਕੁਜਰਾਂਵਾਲੇ ਤੋਂ ਸਾਈਂ ਜੀ ਨੂੰ ਲੈ ਆਵੇ ਗਾ । ਮੈਂ ਤੇਰੀ ਮਾਸੀ ਨੂੰ ਆਖਿਆ ਸੀ ਬਈ ਤੈਨੂੰ ਇਮਤਿਹਾਨ ਦੀ ਤਿਆਰੀ ਲਈ ਪਿੰਡ ਰਹਿਣ ਦੀ ਲੋੜ ਏ। ਉਹ ਕਹਿੰਦੀ ਏ, ਸਾਈਂ ਜੀ ਸੌ ਵਾਰੀ ਤੇਰੇ ਨਾਲ ਆ ਰਹਿਣਗੇ"।

"ਉਨ੍ਹਾਂ ਕੋਲ ਹੁਣ ਫ਼ੋਨ ਏ?"

"ਨਹੀਂ, ਇਕ ਬੇਵਾ ਕਿਵੇਂ ਫ਼ੋਨਾਂ ਦੇ ਬਿੱਲ ਦੇ ਸਕਦੀ ਏ । ਮੈਂ ਬਾਊ ਨੂੰ ਫ਼ਜਰੇ ਘੱਲਿਆ ਸੀ, ਉਹ ਹੁਣੇ ਜਵਾਬ ਲੈ ਕੇ ਮੁੜਿਆ ਏ"।

ਮੇਰੀ ਹਯਾਤੀ ਦੀ ਹਰ ਸ਼ੈਅ ਦੂਜਿਆਂ ਸੋਚ ਕੇ, ਪਲਾਨ ਕਰ ਕੇ, ਫ਼ੈਸਲੇ ਕਰ ਕੇ ਰੱਖੀ ਹੋਈ ਏ । ਕਾਵੜ ਮੇਰੀਆਂ ਹੱਡਾਂ ਵਿਚ ਸੀਤ ਬਣ ਕੇ ਫਿਰਨ ਲੱਗ ਪਈ ਏ ।

"ਮੈਂ ਕਿਸੇ ਮਰਦ ਨਾਲ ਨਹੀਂ ਰਹਿ ਸਕਦੀ ਭਾਵੇਂ ਉਹ ਕੋਈ ਮਸਤ ਹੋਵੇ" ਮੈਂ ਸੀਤ ਨੂੰ ਅੱਖਰਾਂ ਦੀ ਭਾਹ ਲਾ ਕੇ ਹਵਾੜ ਵਾਂਗਰ ਮੂੰਹੋਂ ਕੱਢਣੀ ਆਂ ।

"ਮਰਦ? ਕਿਹੜਾ ਮਰਦ?" ਮਾਂ ਜੀ ਅੰਮਾਂ ਜੀਵਾਂ ਤੋਂ ਜਵਾਬ ਮੰਗਦੇ ਨੇਂ ।

ਅੰਮਾਂ ਜੀਵਾਂ ਦਾ ਮੂੰਹ ਪੀਲਾ ਫਟਕ ਹੋ ਜਾਂਦਾ ਏ, ਉਹ ਮਾਂ ਜੀ ਵੱਲ ਡਰ ਕੇ ਵੇਹੰਦੀ ਏ ।

ਫਿਰ ਦੋਵੇਂ ਖਿਲ ਪੈਂਦੀਆਂ ਨੇਂ ।

"ਹਾਏ ਨੀ ਭੋਲੀ" ਅੰਮਾਂ ਜੀਵਾਂ ਮੇਰਾ ਸਿਰ ਫੜ ਕੇ ਮੱਥਾ ਚੁੰਮਦੀ ਏ ।

"ਕੀ ਏ?" ਮੈਂ ਉਹਨੂੰ ਪਰਾਂਹ ਧੱਕਾ ਦੇਂਨੀ ਆਂ ।

"ਬੇਟਾ, ਸਾਈਂ ਜੀ ਮਰਦ ਨਹੀਂ, ਔਰਤ ਨੇਂ" ਮਾਂ ਜੀ ਮਸਾਂ ਹਾਸਾ ਰੋਕ ਕੇ ਆਹੰਦੇ ਨੇਂ ।

"ਕੀ? ਤੇ ਅੱਜ ਤਾਈਂ ਮੈਨੂੰ ਕਿਸੇ ਦੱਸਿਆ ਨਹੀਂ?" ਮੈਂ ਉੱਚੀ ਉੱਚੀ ਰੋਣ ਡਹਿ ਪੈਂਨੀ ਆਂ ਜਿਵੇਂ ਇਸ ਤੋਂ ਵੱਡਾ ਭੁਲੇਖਾ ਮੈਨੂੰ ਪਿਆ ਈ ਨਾ ਹੋਵੇ ।

"ਕਿਸੇ ਨੂੰ ਕੀ ਪਤਾ ਬਈ ਤੈਨੂੰ ਨਹੀਂ ਪਤਾ?" ਮਾਂ ਜੀ ਪੁੱਛਦੇ ਨੇਂ ।

"ਮੈਨੂੰ ਆਪ ਕਿਵੇਂ ਪਤਾ ਲੱਗਣਾ ਸੀ? ਉਹ ਮਰਦਾਨੇ ਕੱਪੜੇ ਪਾਂਦੇ ਨੇਂ ਤੇ ਸਾਰੇ ਉਨ੍ਹਾਂ ਨੂੰ ਮਰਦ ਕਹਿੰਦੇ ਨੇਂ"।

"ਪਰ ਬੇਟਾ ਤੈਨੂੰ ਉਨ੍ਹਾਂ ਦੀਆਂ ਏਡੀਆਂ ਏਡੀਆਂ ਛਾਤੀਆਂ ਨਜ਼ਰ ਨਹੀਂ ਆਈਆਂ? ਮਰਦਾਂ ਦੀਆਂ ਛਾਤੀਆਂ ਵੱਡੀਆਂ ਨਹੀਂ ਹੁੰਦੀਆਂ" ਮਾਂ ਜੀ ਖਿਲਦੇ ਖਿਲਦੇ ਸਾਹਮਣੇ ਦੀ ਗੱਲ ਦੱਸਦੇ ਨੇਂ ।

"ਪਰ ...." ਇਹ ਠੀਕ ਏ ਕਿ ਸਾਈਂ ਜੀ ਦੀਆਂ ਛਾਤੀਆਂ ਵੱਡੀਆਂ ਨੇਂ, ਪਰ ਉਹ ਸਾਰੇ ਈ ਏਨੇ ਵੱਡੇ ਨੇਂ "ਉਹ ਆਪ ਵੀ ਤੇ ਆਵਦੇ ਆਪ ਨੂੰ ਮਰਦ ਕਹਿੰਦੇ ਨੇਂ"।

"ਉਹ ਮਜਜ਼ੂਬ ਨੇਂ, ਮਜਜ਼ੂਬ ਹੱਦਾਂ ਨਹੀਂ ਮੰਨਦੇ, ਉਨ੍ਹਾਂ ਲਈ ਮਰਦ ਤੇ ਜ਼ਨਾਨੀਆਂ ਇੱਕੋ ਕੁੱਝ ਨੇਂ"।

"ਤੇ ਫਿਰ ਖੁਸਰਾ ਕਿਉਂ ਨਹੀਂ?"

"ਖੁਸਰੇ ਤਾਂ ਘੱਟ ਹੁੰਦੇ ਨੇਂ, ਸਾਈਂ ਜੀ ਪੂਰੀ ਜ਼ਨਾਨੀ ਏ, ਤੇਰੇ ਵਾਂਗਰ । ਉਨ੍ਹਾਂ ਦਾ ਨਾਂ ਏ ਸੈਰਾਂ ਬੀਬੀ । ਇਹ ਤੇਰੀ ਮਾਸੀ ਖ਼ਦੀਜਾ ਦੇ ਖ਼ੌਂਦ, ਅੱਲਾਹ ਬਖ਼ਸ਼ੇ ਭਾਈ ਮੁਹੰਮਦ ਸ਼ਫ਼ੀ ਦੀ ਭਤੀਜੀ ਏ

ਜਿਹੜੀ ਉਨ੍ਹਾਂ ਦੀ ਵਫ਼ਾਤ ਮਗਰੋਂ ਖ਼ਦੀਜਾ ਕੋਲ ਆ ਕੇ ਰਹਿਣ ਲੱਗ ਪਈ ਸੀ ਬਈ ਉਹ ਕੱਲੀ ਨਾ ਹੋਵੇ । ਤੈਨੂੰ ਪਤਾ ਈ ਏ, ਖ਼ਦੀਜਾ ਨੂੰ ਬਾਲ ਬੱਚਾ ਨਹੀਂ ਹੋਇਆ" ।

"ਤੇਰੀ ਨੇਕ ਪਾਕ ਮਾਸੀ ਬੇਨਿਕਾਹੀ ਕਿਸੇ ਮਰਦ ਨਾਲ ਜਾ ਸੌਵੇਂਗੀ? ਨਾ ਬੀਬੀ ਨਾ, ਨਾਉਜ਼ੁ ਬਿੱਲਾਹ" ਅੰਮਾਂ ਜੀਵਾਂ ਕੰਨਾਂ ਨੂੰ ਹੱਥ ਲਾਂਦੀ ਏ ।

"ਓ ਹੋ ਜੀਵਾਂ, ਉਹ ਉਸ ਵੇਲੇ ਕੱਠੀਆਂ ਸੌਂਦੀਆਂ ਨੇਂ ਜਦੋਂ ਪ੍ਰਾਹੁਣੇ ਆਏ ਹੋਣ ਤੇ ਮੰਜੀਆਂ ਬਿਸਤਰਿਆਂ ਦੀ ਥੋੜ ਹੋਵੇ" ਮਾਂ ਜੀ ਕਹਿੰਦੇ ਨੇਂ ।

"ਮਾਂ ਜੀ, ਉਹ ਇੱਥੇ ਵੀ ਕੱਠੇ ਸੌਂਦੇ ਨੇ" ਮੈਂ ਆਹੰਨੀ ਆਂ ।

"ਉਸ ਵਾਰੀ ਤੇਰੇ ਚਾਚੇ ਦੇ ਪੁੱਤਰ ਦਾ ਵਿਆਹ ਸੀ ਤੇ ਸਾਡੇ ਘੱਰ ਬਿਸਤਰੇ ਪੂਰੇ ਨਹੀਂ ਸਨ ਪਏ ਪੈਂਦੇ" ।

"ਨਾ ਬੇਗ਼ਮ, ਉਹ ਪ੍ਰੋਹਣਿਆਂ ਦੇ ਕਮਰੇ ਵਿਚ ...."

"ਜੀਵਾਂ, ਤੇਰੀ ਅਕਲ ਗਿੱਟਿਆਂ ਵਿਚ ਲਹਿ ਗਈ ਏ । ਜਾ, ਜਾ ਕੇ ਬੀਬੀ ਦਾ ਸਮਿਆਨ ਲੈ ਕੇ ਆ" ਮਾਂ ਜੀ ਅੰਮਾਂ ਜੀਵਾਂ ਨੂੰ ਝਾੜਕੇ ਮੇਰੇ ਵੱਲ ਮੁੜਦੇ ਨੇਂ "ਬੇਟਾ ਯਾਦ ਰੱਖ, ਹਰ ਮਾਮਲੇ ਵਿਚ ਦਖ਼ਲ ਦੇਣਾ ਸ਼ੈਤਾਨ ਦੀ ਖ਼ਸਲਤ ਏ" ਉਹ ਹੁੱਕੇ ਦੀ ਨਾੜ ਸਿੱਧੀ ਕਰਦੇ ਨੇਂ ।

ਮੈਂ ਜਾਣ ਲੱਗਲੀ ਆਂ ਤੇ ਮਾਂ ਜੀ ਕਮਰਿਓਂ ਨਿਕਲ ਕੇ ਬਾਹਰ ਨਹੀਂ ਆਂਦੇ । ਅੰਮਾਂ ਜੀਵਾਂ ਮੈਨੂੰ ਆਲੂਆਂ ਦੇ ਚਿਪਸ, ਚਿਕਨ ਸੈਂਡਵਿਚ ਤੇ ਚਾਹ ਦੀ ਥਰਮਸ ਦਿੰਦੀ ਏ । ਇਹਦਾ ਮਤਲਬ ਏ, ਅਸੀਂ ਰਸਤੇ ਵਿਚ ਫ਼ਿਰੋਜ਼ਪੁਰ ਰੋਡ ਦੇ ਕਿਸੇ ਡਰੈਵਰ ਹੋਟਲ ਤੇ ਨਹੀਂ ਖਲੋਣਾ । ਉਂਜ ਮੇਰਾ ਕੋਈ ਦਿਲ ਵੀ ਨਹੀਂ ਸੀ ।

"ਖ਼ੁਦਾ ਹਾਫ਼ਿਜ਼" ਮੈਂ ਜੀਪ ਵਿਚ ਬਹਿੰਦਿਆਂ ਅਮਾਂ ਜੀਵਾਂ ਨੂੰ ਆਹੰਨੀ ਆਂ ।

ਅੱਜ ਭਾ ਦੀ ਜੀਪ ਦੀਆਂ ਬਾਰੀਆਂ ਤੇ ਪਰਦੇ ਵੀ ਲੱਗ ਗਏ ਨੇ ਕਿ ਮੈਂ ਰਾਹ ਵਿਚ ਪੁੱਠੇ ਪਾਸੇ ਭੱਜਦੇ ਰੁੱਖ ਵੀ ਨਾ ਵੇਖ ਸਕਾਂ ।

ਬਾਬਾ ਫ਼ਤਿਹ ਸੂਟਕੇਸ ਮੇਰੇ ਪੈਰਾਂ ਤੇ ਰੱਖ ਕੇ ਮੁੜ ਮੈਨੂੰ ਮੇਰੇ ਘਾਟੇ ਚੇਤੇ ਕਰਾਂਦਾ ਏ ।

ਮੈਂ ਪਿਛਾਂਹ ਵੇਂਹਨੀ ਆਂ, ਮੇਰੇ ਲਈ ਅਮਾਂ ਜੀਵਾਂ ਕੱਲੀ ਇਕ ਸੁਰਮਈ ਪੋਰਚ ਵਿਚ ਰੋਂਦੀ ਏ ਖਲੀ।

ਫ਼ਿਰੋਜ਼ਪੁਰ ਰੋਡ ਦਾ ਰੌਲਾ ਤੇ ਧੋਣ ਬੜੇ ਚਿਰ ਦਾ ਪਿੱਛੋਂ ਰਹਿ ਗਿਆ ਏ ਪਰ ਮੈਂ ਵੱਲ ਵੀ ਪਿੰਡ ਦੀ ਚੁੱਪ ਚਾਂ ਲਈ ਤਿਆਰ ਨਹੀਂ । ਸੂਰਜ ਡੁੱਬ ਗਿਆ ਏ, ਮਾਂਜੀ ਦੇ ਕਮਰੇ ਵਿਚ ਨਿਮਾ ਚਾਨਣ ਏ । ਬਾਬਾ ਫ਼ਤਿਹ ਜਿੰਦਰਾ ਖੋਲ ਕੇ ਮੇਰਾ ਸਮਿਆਨ ਰੱਖਦਾ, ਕੀਰੋਸੀਨ ਲੈਂਪ ਬਾਲਦਾ, ਭਾ ਦੀ ਲੋਹੇ ਦੀ ਲਮਾਰੀ ਦੀਆਂ ਕੁੰਜੀਆਂ ਰੱਖ, ਮੇਰੇ ਤੇ ਬੂਹਾ ਲਾਂਦਾ ਬਾਹਰ ਨਿਕਲ ਜਾਂਦਾ ਏ ।

ਕਮਰੇ ਵਿਚ ਖਲੋਤੀ ਆਂ ਲਗਦਾ ਏ ਕੋਈ ਜ਼ਨਾਨੀ ਕਿਸੇ ਉਜਾੜ ਮਕਬਰੇ ਵਿਚ ਆਈ ਖਲੀ ਏ ।

ਮੈਂ ਬਾਰੀ ਖੋਲ ਦੇਣੀ ਆਂ ।

ਬਾਬਾ ਫ਼ਤਿਹ ਬਾਹਰ ਜੀਪ ਮੁੜਦਾ ਪਿਆ ਏ । ਇਹ ਹੁਣ ਹਨੇਰੇ ਵਿਚ ਦੋ ਟੁੱਟੀਆਂ ਪੁਲਾਂ ਤੇ ਕਿੰਨੀਆਂ ਸਾਰੀਆਂ ਪੈਲੀਆਂ ਲੰਘਦਾ, ਜਾ ਫ਼ੈਰੋਜ਼ਪੁਰ ਰੋਡ ਤੇ ਪੰਜਾਹ ਮੀਲ ਸਫ਼ਰ ਕਰੇ ਗਾ, ਮੈਂ ਸੋਚ ਕੇ ਥੱਕ ਜਾਨੀ ਆਂ। ਲਗਦਾ ਏ, ਹੁਣ ਮੈਂ ਕਦੀ ਲਾਹੋਰ ਨਹੀਂ ਪੁਜ ਸਕਣਾ ।

ਕਮਰਾ ਵੱਡਾ, ਖ਼ਾਲੀ ਤੇ ਠੰਡਾ ਏ। ਬਾਹਰੋਂ ਡੱਡੂਵਾਂ ਤੇ ਝੀਨਗਰਾਂ ਬਿਨਾਂ ਕੋਈ ਵਾਜ ਨਹੀਂ ਪਈ ਆਂਦੀ । ਮੈਂ ਪੂਰੇ ਪਿੰਡ ਵਿੱਚ ਕੱਲੀ ਤੇ ਨਹੀਂ? ਮੈਨੂੰ ਉਲਟੀ ਆਨ ਲਗਦੀ ਏ, ਮੈਂ ਅੰਦਰਲੇ ਵੇੜ੍ਹੇ ਨਠਨੀ ਆਂ ।

ਵੇੜ੍ਹੇ ਵਿਚ ਕੁਝ ਕੁਕੜੀਆਂ ਇੱਧਰ ਉੱਧਰ ਠੂੰਗੇ ਮਾਰਦੀਆਂ ਫਿਰਦੀਆਂ ਨੇ। ਨਾ ਕਬੂਤਰ ਨਾ ਤੋਤੇ ਤੇ ਨਾ ਸ਼ਾਹ ਮੁਰਗ਼ । ਥੜੇ ਤੇ ਕਈਆਂ ਵਰ੍ਹਿਆਂ ਦੀ ਧੂੜ ਜੰਮੀ ਹੋਈ ਏ, ਮੈਂ ਉਹਦੇ ਤੇ ਬਹਿ ਜਾਨੀ ਆਂ ।

ਇੱਥੇ ਅਮਾਂ ਜੀਵਾਂ ਮਾਂਜੀ ਦਾ ਪੀੜ੍ਹਾ ਡਾਹ੍ਨਦੀ ਹੁੰਦੀ ਸੀ । ਮੇਰੀ ਤੱਕਲੀ ਮਾਂਜੀ ਤੋਂ ਡਾਢੀ ਵੱਖ ਨਹੀਂ ਹੋ ਸਕਦੀ, ਮੈਂ ਹਰ ਵੇਲੇ ਉਨ੍ਹਾਂ ਦੇ ਮਗਰ ਸਾਂ ।

"ਸਲਾਮ ਬੀਬੀ" ਜੀਨੋ ਚਾਹ ਦੀ ਟਰੇ ਲੈ ਕੇ ਆਂਦੀ ਏ ।

ਮੈਂ ਉਠ ਖਲੋਨੀ ਆਂ ।

ਉਹ ਟਰੇ ਥੜੇ ਤੇ ਰੱਖਦੀ ਏ, ਅਸੀਂ ਦੋਵੇਂ ਜੱਫੀ ਪਾਂਦੀਆਂ ਖਿਲ ਪੈਨੀਆਂ, ਭਾਵੇਂ ਖ਼ੁਸ਼ੀ ਦਾ ਕਾਰਨ ਕੁ ਨੀ ।

"ਨਿੱਕੀ ਬੀਬੀ" ਅਮਾਂ ਜ਼ੈਨਬ ਆਂਦੀ ਏ ।

ਅਮਾਂ ਜ਼ੈਨਬ ਨੂੰ ਮਿਲਦਿਆਂ ਜਾਪਦਾ ਏ ਮੈਂ ਕਿਸੇ ਵੱਡੇ ਸਾਰੇ ਕੁੱਕੜ ਦੇ ਪਜੋਂਗਲੇ ਨੂੰ ਜੱਫੀ ਵਿਚ ਲੈ ਲਿਆ ਹੋਵੇ।

"ਤੁਹਾਡੀ ਸਿਹਤ ਕਿਵੇਂ ਏ?" ਮੈਂ ਕੁੱਝ ਆਖਣ ਲਈ ਪੁੱਛਨੀ ਆਂ ।

''ਚੰਗੀ ਸੀ ਜਦੋਂ ਗਾਮੋ ਦਾਦੇ ਦਾੜ੍ਹੀ ਨਹੀਂ ਸੀ ਹਗਿਆ'' ਅੰਮਾਂ ਜ਼ੈਨਬ ਆਹੰਦੀ ਏ ।

"ਮਾਸੀ ਇਬਰਾ ਕਿੱਥੇ?" ਮੈਂ ਇਸ ਵੇਲੇ ਗਾਮੂ ਚੇਤੇ ਨਹੀਂ ਕਰਨਾ ਚਾਹੁੰਦੀ।

"ਆਂਦੀ ਹੋਣੀ ਏ" ਜੀਨੋ ਥੜੇ ਤੇ ਬਹਿ ਜਾਂਦੀ ਏ ।

ਅਸੀਂ ਦੋਵੇਂ ਵੇੜ੍ਹੇ ਦੇ ਅਖ਼ੀਰ ਤੇ ਬਣੇ ਟੱਟੀ ਖ਼ਾਨੇ ਨੂੰ ਵੇਹਨੇ ਆਂ ।

ਕੰਧਾਂ ਤੋਂ ਤੂੜੀ ਦਾ ਲੇਪ ਥਾਈਂ ਥਾਈਂ ਲੱਥਿਆ ਹੋਇਆ ਏ ਤੇ ਭੋਏਂ ਤੇ ਪਿਛਲੀ ਖ਼ਜ਼ਾਏਂ ਦਾ ਝਾੜ ਰੁਲਦਾ ਪਿਆ ਏ ।

ਜੀਨੋ ਉਠਦੀ ਏ ।

"ਕਿੱਥੇ ਚਲੀ ਏਂ ਵੋਹਟੀ?" ਅਮਾਂ ਜ਼ੈਨਬ ਜੀਨੋ ਨੂੰ ਪੁੱਛਦੀ ਏ ।

"ਕੁਕੜੀ ਪਕਾਣ" ਜੀਨੋ ਬਾਹਰ ਨਿਕਲ ਜਾਂਦੀ ਏ ।

"ਇਹ ਕੀਹਦੀ ਕੁਕੜੀ ਏ?" ਅਮਾਂ ਜ਼ੈਨਬ ਮੈਥੋਂ ਕਨਸੋ ਲੈਂਦੀ ਏ ।

"ਪਤਾ ਨਹੀਂ, ਤੁਹਾਡੀ ਹੋਵੇਗੀ" ਮੈਂ ਆਹੰਨੀ ਆਂ ।

"ਸਲਾਮ ਬੀਬੀ" ਮਾਸੀ ਉਮਰਾਂ ਅੰਦਰ ਵੜਦੀ ਏ ।

"ਮਾਸੀ ਉਮਰਾਂ" ਮੈਂ ਉਹਦੇ ਗਲ ਲੱਗਣੀ ਆਂ "ਨੂਰ ਜਮਾਲੋ ਦਾ ਕੀ ਹਾਲ ਏ?"

"ਅੱਜ ਤੋਂ ਤੀਜੇ ਚੰਨ ਉਹਨੂੰ ਬਾਲ ਜੰਮਣਾ ਏ" ਮਾਸੀ ਉਮਰਾਂ ਮੇਰਾ ਮੱਥਾ ਚੁੰਮਦੀ ਏ ।

ਨੂਰ ਜਮਾਲੋ ਛੇ ਮਹੀਨਿਆਂ ਦੀ ਪਰੈਗਨੰਟ ਏ ਤੇ ਕਿਸੇ ਮੈਨੂੰ ਦੱਸਿਆ ਨਹੀਂ ।

"ਬੀਬੀ ਤੈਨੂੰ ਪਤਾ ਏ, ਮੁਨਸ਼ੀ ਦੇ ਘਰ ਨਵੀਂ ਵੋਹਟੀ ਆਈ ਏ?" ਮਾਸੀ ਉਮਰਾਂ ਪੁੱਛਦੀ ਏ ।

"ਸੱਚੀ? ਤੇ ਬੂਆ ਮਜੀਦਨ ਕਿੱਥੇ?" ਮੈਂ ਨੂਰੋ ਦਾ ਖ਼ਿਆਲ ਪਰਾਂਹ ਕਰ ਕੇ ਮੁਣਸ਼ੀ ਜੀ ਆਲੀ ਕੰਧ ਵੇਂਹਨੀ ਆਂ ।

"ਪਿਛਲੇ ਚੰਨ ਮੁਣਸ਼ੀ ਉਹਨੂੰ ਕਰਾਚੀ ਪੇਕਿਆਂ ਵੱਲ ਟੋਰ ਆਇਆ ਸੀ" ਮਾਸੀ ਉਮਰਾਂ ਆਂਹਦੀ ਏ ।

''ਬੁਆ ਮਜੀਦਨ ਦੀ ਇਜਾਜ਼ਤ ਬਿਨਾਂ ਮੁਨਸ਼ੀ ਜੀ ਦੂਜਾ ਵਿਆਹ ਨਹੀਂ ਕਰ ਸਕਦੇ'' ਮੈਂ ਜਨਰਲ ਅੱਯੂਬ ਦਾ ਸਤਾਠ ਆਲਾ ਮੁਸਲਿਮ ਫ਼ੈਮਲੀ ਲਾਅ ਚੇਤੇ ਕਰਨੀ ਆਂ ।

"ਕਿਸੇ ਦਾ ਗੂਠਾ ਕਿਸੇ ਕਾਗਤ ਤੇ ਛਾਪ ਲੈਣਾ ਕੀ ਔਖਾ ਏ ਤੇ ਅੱਗੋਂ ਵੀ ਸ਼ੁਹਦੀ ਯਤੀਮ ਏ" ਅਮਾਂ ਇਬਰਾ ਆਂਹਦੀ ਏ ।

"ਕੌਣ ਏ?"

"ਬੰਗਾਲਣ" ।

"ਅੱਛਾ! ਉਹ ਇੱਥੇ?"

"ਆਹੋ, ਇਸੇ ਕੰਧ ਦੇ ਦੂਜੇ ਪਾਸੇ" ।

"ਮੁਨਸ਼ੀ ਤੇ ਕਸੂਰ ਗਿਆ ਏ, ਸੱਦਾਂ?" ਮਾਸੀ ਉਮਰਾਂ ਆਸ ਨਾਲ ਆਂਹਦੀ ਏ ।

ਜਾਪਦਾ ਏ, ਅਸੀਂ ਸਾਰੇ ਮੁਣਸ਼ੀ ਦੀ ਨਵੀਂ ਵੋਹਟੀ ਵੇਖਣਾ ਚਾਹਨੇ ਆਂ ।

"ਸੱਦ ਲਵੋ" ਮੈਂ ਆਂਹਨੀ ਆਂ ।

ਮਾਸੀ ਉਮਰਾਂ ਕੰਧ ਵਲੇ ਜਾਂਦੀ ਏ ।

"ਬੀਬੀ, ਮੁਣਸ਼ੀ ਇਹਨੂੰ ਪੈਸਿਆਂ ਨਾਲ ਖ਼ਰੀਦਿਆ ਏ" ਅਮਾਂ ਇਬਰਾ ਹੋਲੀ ਜਿਹੀ ਕਹਿੰਦੀ ਏ ।

"ਕਿਥੋਂ?" ਖ਼ਰੀਦਿਆ ਏ?

"ਕਰਾਚੀਉਂ। ਕੋਈ ਵੀ ਜਣਾ ਦਸ ਹਜ਼ਾਰ ਰੋਪੀਏ ਦੇ ਕੇ ਬੰਗਾਲਣ ਲਿਆ ਸਕਦਾ ਏ" ।

"ਤੇ ਕਰਾਚੀ ਵਿਚ ਇਕ ਪੰਜਾਬਣ ਕਿੰਨੇ ਦੀ ਏ?" ਮੈਂ ਪੁੱਛਣੀ ਆਂ ।

'ਤੋਬਾ ਕਰ ਨੀ ਬੀਬੀ, ਉਹ ਕੰਜਰਖ਼ਾਨਿਆਂ ਵਿਚ ਤੇ ਹੋਣਗੀਆਂ ਪਰ ਵਿਕਦੀਆਂ ਕੋ ਨੀ ਪਈਆਂ" ਅੰਮਾਂ ਇਬਰਾ ਆਂਹਦੀ ਏ ।

"ਭਾ ਨੂੰ ਪਤਾ ਏ?" ਕੰਜਰੀ ਹੋਣਾ ਵਿਕਣ ਤੋਂ ਕਿੰਨਾ ਕੁ ਵੱਖ ਏ?

"ਨੀ ਭੈਣ ਨਿਰਮਲਾ" ਮਾਸੀ ਉਮਰਾਂ ਉੱਚੀ ਸਾਰੀ ਵਾਜ ਮਾਰ ਕੇ ਪਿੰਜਰੇ ਵਿਚ ਬੰਦ ਪੱਖੀਆਂ ਨੂੰ ਡਰਾ ਦਿੰਦੀ ਏ ।

"ਇਸਲਾਮ ਵ ਅਲੈਕਮ" ਕੰਧ ਦੇ ਦੂਜੇ ਪਾਸਿਉਂ ਜਵਾਬ ਆਂਦਾ ਏ ।

ਮੈਂ ਕਿਸੇ ਨੂੰ ਵੇਖ ਨਹੀਂ ਸਕਦੀ ਪਰ ਅਵਾਜ਼ ਤੋਂ ਮੈਨੂੰ ਆਵਦੀ ਅੰਗਰੇਜ਼ੀ ਦੀ ਉਸਤਾਨੀ ਚੇਤੇ ਆਂਦੀ ਏ। ਪਰ ਨਹੀਂ, ਇਸ 'ਵਾਜ ਵਿਚ ਕਾਂਬਾ ਏ ਜਿਵੇਂ ਕੋਈ ਤਰੱਬਕਿਆ ਬਾਲ ਹੋਵੇ ।

''ਨਿੱਕੀ ਬੀਬੀ ਲਾਹੋਰੋਂ ਆਈ ਏ, ਤੈਨੂੰ ਸੱਦਦੀ ਏ ਪਈ'' ਮਾਸੀ ਉਮਰਾਂ ਆਂਹਦੀ ਏ ।

ਡੋਏਂ ਤੇ ਉਹੋ ਪੇਟੀ ਰੱਖਣ ਦੀ 'ਵਾਜ ਆਂਦੀ ਏ ਜਿਹੜੀ ਬੂਆ ਮਜੀਦਨ ਰੱਖਦੀ ਹੁੰਦੀ ਸੀ, ਫਿਰ ਲਾਲ ਚਾਦਰ ਵਿਚ ਵਲੇਟਿਆ ਇਕ ਸਿਰ ਮਿੱਟੀ ਦੀ ਕੰਧ ਉੱਤੋਂ ਨਜ਼ਰੀਂਦਾ ਏ ।

"ਯੇ ਹਮਾਰੀ, ਛੋਟੀ ਬੀਬੀ" ਮਾਸੀ ਉਮਰਾਂ ਉਰਦੂ ਵਿਚ ਆਹੰਦੀ ਏ ਮੇਰੇ ਪਾਸੇ ਮਾਣ ਨਾਲ ਸੈਨਤਰ ਕਰਦੀ ਏ ।

ਮੈਂ ਸ਼ਰਮਿੰਦੀ ਹੋ ਜਾਨੀ ਆਂ, ਇਸ ਵੇਲੇ ਮੈਨੂੰ ਆਵਦਾ ਆਪ ਕਿਸੇ ਮਾਣ ਜੋਗਾ ਨਹੀਂ ਪਿਆ ਲਗਦਾ ।

"ਅੱਸਲਾਮੁ ਅਲੈਕੁਮ ਨਿਰਮਲਾ ਭੈਣ" ਮੈਂ ਚਾਹ ਦਾ ਕੱਪ ਲੈ ਕੇ ਕੰਧ ਉਹਲੇ ਜਾਨੀ ਆਂ ।

"ਛੋਟੀ?" ਨਿਰਮਲਾ ਮੇਰੇ ਵੱਲ ਮੁੜੇ ਬਿਨਾਂ ਮਾਸੀ ਉਮਰਾਂ ਤੋਂ ਪੁੱਛਦੀ ਏ ।

"ਇਹ ਛੋਟੀ, ਵੱਡੀ ਲਾਹੋਰ ਐ" ਮਾਸੀ ਉਮਰਾਂ ਆਹੰਦੀ ਏ ।

"ਬੀਬੀ?" ਨਿਰਮਲਾ ਫਿਰ ਪੁੱਛਦੀ ਏ ।

ਲਗਦਾ ਏ ਨਿਰਮਲਾ ਨੂੰ 'ਛੋਟੀ ਬੀਬੀ' ਕਹਿਣਾ ਆਂਦਾ ਏ। ਸਨ ਇਕਹੱਤਰ ਤੋਂ ਲਾ ਹੁਣ ਤਾਈਂ, ਬੰਗਲਾ ਦੇਸ਼ ਤੋਂ ਪੰਜਾਬ ਦੇ ਵਿਚਕਾਰਲੇ ਹਜ਼ਾਰਾਂ ਕੋਹਾਂ ਮਗਰੋਂ, ਨਿਰਮਲਾ ਇਹ ਅੱਖਰ ਪਛਾਣ ਗਈ ਹੋਣੀ ਏ । ਏਂ ਜਿਹੇ ਅੱਖਰ ਬੱਰ–ਏ–ਸਗ਼ੀਰ ਵਿਚ ਉਨ੍ਹਾਂ ਜ਼ਨਾਨੀਆਂ ਲਈ ਵਰਤੀਂਦੇ ਨੇਂ ਜਿਹਨਾਂ ਦੀ ਥਾਂ ਤੇ ਹੁੰਦੀ ਏ ਪਰ ਵੱਸ ਵਿਚ ਕੁੱਝ ਨਹੀਂ ਹੁੰਦਾ। ਨਿਰਮਲਾ ਨੇ ਕਈ ਛੋਟੀਆਂ ਬੀਬੀਆਂ ਵੇਖੀਆਂ ਹੋਣੀਆਂ ਨੇਂ ।

ਮੈਂ ਚਾਹ ਦਾ ਕੱਪ ਉਹਦੇ ਅੱਗੇ ਕਰਨੀ ਆਂ ।

ਨਿਰਮਲਾ ਕੱਪ ਲੈ ਕੇ ਥੱਲੇ ਲਹਿ ਜਾਂਦੀ ਏ ।

ਉਹਦੇ ਪਾਸੇ, ਅੰਦਰ ਜਾਣ ਤੇ ਬਾਹਰ ਆਣ ਦੀਆਂ ਵਾਜਾਂ ਆਂਦੀਆਂ ਨੇ, ਮੁੜ ਉਹ ਪੇਟੀ ਤੇ ਚੜ੍ਹਦੀ ਏ ਤੇ ਮੈਨੂੰ ਕਰੋਸ਼ੀਏ ਦੇ ਚਿੱਟੇ ਰੁਮਾਲ ਆਲੀ ਇਕ ਪਿਰਚ ਦਿੰਦੀ ਏ ।

"ਸ਼ੁਕਰੀਆ" ਮਾਸੀ ਉਮਰਾਂ ਵਾਂਗਰ ਮੈਂ ਵੀ ਉਰਦੂ ਟੋਲਨੀ ਆਂ ।

ਪਿਰਚ ਵਿਚ ਮਿੱਠੇ ਚੋਲ ਨੇ ਉੱਤੇ ਬਦਾਮਾਂ ਦਾ ਛਿੜਕਾ ਲੱਗਿਆ ਹੋਇਆ ਏ ।

''ਬੰਗਲਾ ਭਾਸ਼ਾ?'' ਮੈਂ ਲਾਹੋਰ ਰੇਡੀਓ ਦੇ ਪ੍ਰੋਗਰਾਮ ਤੋਂ ਸਿਖੀ ਬੰਗਾਲੀ ਬੋਲਨੀ ਆਂ ।

ਨਿਰਮਲਾ ਕੁੱਝ ਨਹੀਂ ਆਹੰਦੀ, ਜਾਪਦਾ ਏ ਮੈਂ ਇਹ ਵੀ ਠੀਕ ਨਹੀਂ ਆਖਿਆ ।

"ਢਾਕਾ?" ਮੈਂ ਵਲਾ ਆਹਰ ਕਰਨੀ ਆਂ ।

"ਢਾਕਾ?" ਨਿਰਮਲਾ ਇਕੋ ਰੋਗੀ ਬੋਲ ਪੈਂਦੀ ਏ "ਨਾ, ਚਟਾਗਾਂਗ" ਉਹ ਚੱਦਰ ਪਰਾਂਹ ਕਰ, ਕਾਲੀਆਂ ਸ਼ਾਹ ਅੱਖਾਂ ਨਾਲ ਮੈਨੂੰ ਵੇਹੰਦੀ ਏ ।

ਸਾਡੇ ਪਾਸੇ ਲੋਕਾਂ ਦੀਆਂ ਬਰਾਉਨ ਅੱਖਾਂ ਹੁੰਦੀਆਂ ਨੇ ਜਿਹੜੀਆਂ ਹਨੇਰੇ ਵਿਚ ਕਾਲੀਆਂ ਦਿੱਸਦੀਆਂ ਨੇ । ਭਾ ਦੀਆਂ ਸਾਵੀਆਂ ਅੱਖਾਂ ਹਨੇਰੇ ਵਿਚ ਬਰਾਉਨ ਲਗਦੀਆਂ ਨੇ। ਨਿਰਮਲਾ ਦੀਆਂ ਅੱਖਾਂ ਉੱਕਾ ਕਾਲੀਆਂ ਨੇ।

"ਸਕੀਨਾ" ਮੈਂ ਆਵਦੇ ਵੱਲ ਸੈਨਤਰ ਕਰਨੀ ਆਂ ।

"ਸਕੀਨਾ" ਉਹ ਆਹੰਦੀ ਏ ।

"ਹਿੰਦੂ?" ਮੈਂ ਉਹਦੇ ਤੇ ਉਂਗਲ ਚਾਨੀ ਆਂ ।

"ਮੁਸਲਮਾਨ" ਉਹ ਆਹੰਦੀ ਏ "ਨਿਰਮਲਾ ਸ਼ਾਹੀਨ" ।

ਨਿਰਮਲਾ ਹਿੰਦੀ ਨਾਂ ਏ, ਮੁਨਸ਼ੀ ਜੀ ਨੇ ਨਿੱਕਾਅ ਵੇਲੇ ਉਹਨੂੰ ਮੁਸਲਮਾਨ ਕਰਨ ਲਈ ਸ਼ਾਹੀਨ ਲਾਇਆ ਹੋਣਾ ਏ । ਮੁਸਲਿਆਂ ਨੂੰ ਹਿੰਦੂਆਂ ਨਾਲ ਵਿਆਹ ਕਰਨ ਦੀ ਇਜਾਜ਼ਤ ਨਹੀਂ

ਪਰ ਕਿਸੇ ਗ਼ੈਰ ਮੁਸਲਿਮ ਨੂੰ ਮੁਸਲਮਾਨ ਕਰ ਲੈਣਾ ਆਵਦੀ ਆਖ਼ਰਤ ਸੰਵਾਰਨਾ ਏ। ਖ਼ੋਰੇ ਮੁਨਸ਼ੀ ਜੀ ਨੇ ਨਿਰਮਲਾ ਨੂੰ ਵਿਆਹ ਵੇਲੇ ਮੁਸਲਮਾਨ ਕਰਕੇ ਆਵਦੇ ਭਾਣੇ ਜੰਨਤ ਵਿਚ ਕੋਈ ਮਹਿਲ ਬਣਾ ਲਿਆ ਹੋਵੇ ।

"ਯੂ ਹੈਪੀ?" ਹੁਣ ਮੈਂ ਅੰਗਰੇਜ਼ੀ ਵਰਤਣੀ ਆਂ ।

"ਹੈਪੀ" ਉਹ ਮੁਸਕਾਂਦੀ ਏ ।

ਮੈਂ ਸੈਨਤਾਂ ਨਾਲ ਉਹਨੂੰ ਆਵਦੇ ਵੇੜ੍ਹੇ ਆਣ ਲਈ ਆਹਨੀ ਆਂ, ਉਹ ਮਨ ਲੈਂਦੀ ਏ ।

ਨਿਰਮਲਾ ਲੰਬੀ ਪਤਲੀ ਏ ਤੇ ਰੰਗ ਸੁਹਣਾ ਪੱਕਾ। ਲਾਲ ਚਾਦਰ ਉਹਦੀਆਂ ਅੱਖਾਂ ਦੇ ਕਾਲੇ ਸ਼ਾਹ ਨਗਾਂ ਨਾਲ ਫੱਬਦੀ ਪਈ ਏ ।

ਅਸੀਂ ਉਹਨੂੰ ਆਵਦੇ ਨਾਂ ਦੱਸਣੇ ਆਂ ਤੇ ਬਿਨਾਂ ਇਕ ਦੂਜੇ ਦੀ ਬੋਲੀ ਸਮਝੇ, ਗੱਲਾਂ ਕਰਦੇ ਤੇ ਗੱਲ ਗੱਲ ਤੇ ਖਿਲਨੇ ਆਂ ।

ਮਗਰੋਂ ਜੀਨੋ ਰੋਟੀ ਲਿਆਂਦੀ ਏ ਤੇ ਅਸੀਂ ਸਾਰੇ ਮਾਂਜੀ ਦੇ ਕਮਰੇ ਜਾਨੇ ਆਂ । ਅੰਮਾਂ ਇਬਰਾ ਅੰਗੀਠੀ ਤਾਅਦੀ ਏ, ਅਸੀਂ ਅੱਧੀ ਰਾਤ ਤਾਈਂ ਬੈਠੇ ਰਹਿਨੇ ਆਂ । ਜਦ ਸੌਣ ਲਈ ਮੰਜੇ ਤੇ ਪੈਨੀ ਆਂ, ਲਗਦਾ ਏ ਅੱਚਨਚਿੱਤੀ ਆਵਦੇ ਘਰ ਅੱਪੜ ਗਈ ਹੋਵਾਂ ।

ਸਵੇਰੇ ਮੇਰੀਆਂ ਅੱਖਾਂ ਦੀਆਂ ਪਪੜੀਆਂ ਵਿਚ ਦੁੱਖਦੀਆਂ ਪਈਆਂ ਨੇ। ਜੀਨੋ ਦਾ ਬਿਸਤਰਾ ਵਲੇਟਿਆ ਹੋਇਆ ਏ ਤੇ ਉਹ ਮੇਰੇ ਲਈ ਬਾਹਰੋਂ ਨਾਸ਼ਤਾ ਲਈ ਆਂਦੀ ਏ।

"ਜੀਨੋ, ਤੇਰਾ ਪੁਤੱਰ ਸਕੂਲੇ ਸ਼ੌਕ ਨਾਲ ਜਾਂਦਾ ਏ?" ਮੈਂ ਕੱਪ ਵਿਚ ਚਾਹ ਪਾਂਦੀ ਪੁੱਛਣੀ ਆਂ ।

"ਉਹ...."

"ਆਹੋ?"

"ਉਹ ਕੰਮ ਲੱਭਣ ਕਸੂਰ ਗਿਆ ਏ, ਪਿਛਲੇ ਵਰ੍ਹੇ ਉਸ ਸਕੂਲ ਛੱਡ ਦਿੱਤਾ ਸੀ। ਬੀਬੀ, ਸਾਡੇ ਕੋਲੋਂ ਪੂਰਾ ਨਹੀਂ ਸੀ ਪੈਂਦਾ। ਜਿਹੜੇ ਪੈਸੇ ਤੂੰ ਉਹਦੀ ਫ਼ੀਸ ਤੇ ਕਿਤਾਬਾਂ ਲਈ ਘੱਲੇ ਉਹੋ ਰੋਟੀ ਟੁੱਕਰ, ਦਵਾ ਦਾਰੂ ਤੇ ਲਾਣੇ ਪਏ। ਬੇਬੇ ਬਿਮਾਰ ਏ, ਉਹਦੀ ਦਵਾ ਮਾਹੰਗੀ ਏ। ਮੁਆਫ਼ ਕਰੀਂ...." ਜੀਨੋ ਰੋਣ ਲੱਗ ਪਈ ਏ ।

"ਜੀਨੋ, ਪਲੀਜ਼ ਤੂੰ ਨਾ ਰੋ। ਉਹ ਇਸ ਸਾਲ ਫਿਰ ਪੜ੍ਹਾਈ ਸ਼ੁਰੂ ਕਰ ਸਕਦਾ ਏ, ਇਹ ਮੇਰਾ ਵਾਅਦਾ ਏ" ਇਹ ਆਹੰਦੇ ਆਹੰਦੇ ਮੇਰਾ ਕੂੜ ਮੇਰੇ ਸਾਹਮਣੇ ਆ ਖਲੋਂਦਾ ਏ । ਮੇਰੇ ਵਾਅਦੇ ਦੀ ਕੀ ਔਕਾਤ ਏ?

"ਹੁਣ ਤੇ ਪਾਈਆ ਦੁੱਧ ਵੀ ਏਨਾ ਮਾਹੰਗਾ ਏ" ਜੀਨੋ ਕਹਿੰਦੀ ਏ ।

"ਤੇਰੀ ਗਾਂ ਕਿੱਥੇ?"

"ਹਾਏ ਨੀ ਬੀਬੀ, ਉਹ ਤੇ ਉਸੇ ਵਰ੍ਹੇ ਵਿਕ ਗਈ ਸੀ ਜਦ .... ਅਈਯੋ ਮੋਈ ਏ" ਜੀਨੋ ਆਹੰਦੀ ਏ ।

"ਆਹੋ ਮੈਨੂੰ ਚੇਤੇ" ।

"ਅਸੀਂ ਬੱਕਰੀ ਲਈ ਸੀ, ਉਹ ਵੀ ਵਿੱਕ ਗਈ। ਬੀਬੀ ਮੈਂ ਤੇਰੇ ਪੈਰੀਂ ਪੈਨੀ ਆਂ, ਮੈਨੂੰ ਸ਼ਹਿਰ ਲੈ ਚੱਲ । ਮੈਂ ਦਿਨ ਰਾਤ ਮਜ਼ੂਰੀ ਕਰਨੀ ਆਂ ਫਿਰ ਵੀ ਪੂਰਾ ਨਹੀਂ ਪੈਂਦਾ। ਉਥੇ ਮੈਂ ਪੈਸੇ ਕਮਾਵਾਂਗੀ ਤੇ ਲੋੜੀ ਦੀ ਹਰ ਸ਼ੈਅ ਲੈ ਲਵਾਂਗੀ। ਰੱਬ ਦਾ ਨਾਂ ਈ, ਮੈਨੂੰ ਨਾਲ ਲੈ ਚੱਲ"।

"ਜੀਨੋ ਅਸਲ ਵਿਚ, ਮੇਰੀ ਕੋਈ ਥਾਂ ਨਹੀਂ"।

"ਮੈਂ ਇਕ ਦੋ ਦਿਹਾੜੀਆਂ ਵਿਚ ਕੰਮ ਲੱਭ ਲਵਾਂਗੀ । ਨਹੀਂ ਤਾਂ ਤੂੰ ਮੈਨੂੰ ਇੱਥੇ ਮੋੜੀਂ ਚਾ"।

"ਮੈਂ.... ਮੇਰਾ ਕੋਈ ਘਰ ਨਹੀਂ"।

"ਤੇਰਾ ਹੋਇਆ ਤੇਰੇ ਭਰਾ ਦਾ ਹੋਇਆ, ਇੱਕੋ ਗੱਲ ਏ"।

ਮੈਂ ਜੀਨੋ ਨੂੰ ਆਵਦਾ ਹਾਲ ਦੱਸਦੇ ਦੱਸਦੇ ਰਹਿ ਜਾਨੀ ਆਂ, ਜੇ ਦੱਸਿਆ ਤੇ ਸ਼ੋਰੇ ਉਹਦੀਆਂ ਕੁੱਝ ਆਸਾਂ ਮੁੱਕ ਜਾਣ ।

"ਤੈਨੂੰ ਸ਼ਹਿਰ ਤੋਂ ਡਰ ਨਹੀਂ ਆਂਦਾ?" ਮੈਂ ਪੁੱਛਨੀ ਆਂ ।

"ਮੈਂ ਭੁੱਖ ਤੇ ਮਜਬੂਰੀ ਤੋਂ ਡਰਨੀ ਆਂ, ਰੱਬ ਵੀ ਆਹੰਦਾ ਏ ਬਈ ਜਿਹੜੀ ਥਾਂ ਰੁਜ਼ਗਾਰ ਨਾ ਦੇਵੇ ਉਹ ਛੱਡ ਦਿਓ"।

"ਜੀਨੋ, ਤੈਨੂੰ ਉਹ ਰਾਤ ਚੇਤੇ .... ਪੈਲੀਆਂ ਵਿਚ । ਤੂੰ ਪੀਲੀ ਚੁੰਨੀ ਲਈ ਹੋਈ ਸੀ, ਉਹਦੇ ਕਨਾਰਿਆਂ ਤੇ ਸੁਨਹਿਰੀ ਕੀਂਗਰੀ ਸੀ ...."

"ਆਹੋ" ਉਹ ਡੂੰਗਾ ਸਾਹ ਛਿੱਕਦੀ ਏ" ਅਯੋ ਤੇ ਨਾਚੋ ਘਰਾਂ ਨੂੰ ਆਂਦੀਆਂ ਪਈਆਂ ਸਨ ਬਈ ਰਹਿੰਦੀਆਂ ਨੂੰ ਗਿੱਧੇ ਦਾ ਸੱਦਾ ਦੇਣ । ਅਈਯੋ ਨੇ ਉਹੀਓ ਚੁੰਨੀ ਪਾਈ ਹੋਈ ਸੀ ਜਿਹੜੀ ਬੇਗ਼ਮ ਨੇ ਲੋਢੇ ਵੇਲੇ ਵੇਖੀ ਸੀ । ਡਰ ਸੀ ਬਈ ਬੇਗ਼ਮ ਕੋੜੀਜ ਕੇ ਗਿੱਧੇ ਤੋਂ ਮਨਾਈ ਨਾ ਕਰੇ ਚਾ । ਬੇਬੇ ਮੈਨੂੰ ਆਖਿਆ ਬਈ ਅਯੋ ਨਾਲ ਚੁੰਨੀ ਵੱਟਾ ਲਵਾਂ, ਇਹਓ ਮੇਰਾ ਭੈੜਾ ਨਸੀਬਾ ਸੀ"।

"ਪਤਾ ਨਹੀਂ ਜੀਨੋ, ਹੁਣ ਤੂੰ ਅਯੋ ਦੀ ਥਾਂ ਮੋਈ ਪਈ ਹੋਵੇਂ ਆ"।

"ਅਈਯੋ ਦਾ ਨਸੀਬਾ ਚੰਗਾ ਸੀ, ਉਹ ਜੰਨਤ ਵਿਚ ਬੈਠੀ ਐਸ਼ਾਂ ਪਈ ਕਰਦੀ ਏ ਤੇ ਮੈਂ ਇੱਥੇ ਗਾਮੂ ਦੇ ਗੁਨਾਹ ਭਰਨੀ ਪਈ ਆਂ" ਜੀਨੋ ਉਠ ਖਲੋਂਦੀ ਏ ।

ਉਸੇ ਸਵੇਰ ਮੈਂ ਛੱਤ ਤੇ ਜਾਨੀ ਆਂ, ਵਿਚਲੀਆਂ ਦੋ ਪੌੜੀਆਂ ਵਿੱਸਰ ਗਈਆਂ ਨੇ ਤੇ ਮੈਨੂੰ ਉਨ੍ਹਾਂ ਨੂੰ ਉਲਾਂਘਨਾ ਪੈਂਦਾ ਏ ।

ਮੇਰਾ ਟਰੰਕ ਹਾਲੀ ਵੀ ਨਿੰਮ ਥੱਲੇ ਪਿਆ ਏ, ਜਿਹੜਾ ਖੇਸ ਨੂਰੋ ਇਹਦੇ ਤੇ ਪਾਇਆ ਸੀ ਉਹ ਕੋ ਨੀ ਪਰ ਪੀਲਾ ਤੇ ਖ਼ਾਕੀ ਜੰਗਾਲ ਇਹਨੂੰ ਸਾਰੀਆਂ ਅਸਮਾਨੀ ਮਖ਼ਲੂਕਾਂ ਤੋਂ ਲੁਕਾਈ ਪਿਆ ਏ ।

ਪਤਾ ਨਹੀਂ ਇਹਦੇ ਵਿਚ ਕੁੱਝ ਹੈ ਕਿ ਨਾ, ਮੈਂ ਢੱਕਣ ਚਾਨੀ ਆਂ ।

ਖ਼ਾਲੀ ਖ਼ੋਲ, ਬਾਝ ਇਕ ਜੋਕਰ ਮਲਿਕਾ ਦੇ ਜਿਹੜੀ ਅੰਦਰਲੇ ਪਾਸੇ ਨਾਲ ਚਮੜੀ ਹੋਈ ਏ । ਮੈਂ ਤਾਸ਼ ਦਾ ਪੱਤਾ ਕੱਢ, ਅਮਲਤਾਸ ਥੱਲੇ ਬਹਿ ਜਾਨੀ ਆਂ ।

ਨੀਲਾ ਸਫ਼ਾ ਅਸਮਾਨ। ਠੰਡੀ ਸੀਤ ਵਾਅ ਪੱਤਰਾਂ ਤੇ ਫੁੱਲਾਂ ਦੀ ਵਾਸ਼ਨਾ ਚਾ, ਮੇਰੇ ਨਾਲ ਖਹਿੰਦੀ ਏ, ਮੇਰੀਆਂ ਅੱਖੀਂ ਹੰਝੂਆਂ ਨਾਲ ਭਰ ਜਾਂਦੀਆਂ ਨੇ ।

ਇੱਥੇ ਮੈਂ ਦੋ ਇਰਾਦੇ ਬੰਨਨੀ ਆਂ, ਇਕ ਵਲੈਤ ਜਾਣ ਦਾ ਤੇ ਦੂਜਾ ਜੀਨੋ ਨੂੰ ਲਾਹੌਰ ਪੁਚਾਣ ਦਾ । ਦੋਵੇਂ ਪੂਰੇ ਹੁੰਦੇ ਨੇ ਪਰ ਉਵੇਂ ਨਹੀਂ ਜਿਵੇਂ ਮੈਂ ਕਰਾਂ ਹਾ ।

ਉਸ ਦੁਪਹਿਰੀਂ ਨੂਰੋ ਵਾਪਸ ਆਂਦੀ ਏ ।

ਉਹਦਾ ਭਰਾ ਹੱਸੂ ਬੂਹਾ ਖਟਕਾ ਕੇ ਆਹੰਦਾ ਏ ਕਿ ਨੂਰੋ ਆਈ ਏ ਤੇ ਮਾਸੀ ਉਮਰਾਂ ਮੈਨੂੰ ਬੁਲਾਂਦੀ ਪਈ ਏ । ਮੈਂ ਇੰਜ ਰਾਜ਼ੀ ਹੁਨੀ ਆਂ, ਇਹ ਵੀ ਸੁਰਤ ਨਹੀਂ ਕਰਦੀ ਕਿ ਸਤਾਰ੍ਹਾਂ ਵਰ੍ਹਿਆਂ ਵਿਚ ਮਾਸੀ ਉਮਰਾਂ ਮੈਨੂੰ ਪਹਿਲੀ ਵਾਰ ਸੱਦਿਆ ਏ ।

ਗੇਟੋਂ ਨਿਕਲ ਜੀਨੋ ਦੇ ਘਰ ਅੱਗੋਂ ਹੁੰਦੀ ਮੈਂ ਗੋਲ ਬਾਗ਼ ਦੇ ਬਾਹਰੋਂ ਬਾਹਰ ਕਬਰਾਂ ਨੂੰ ਜਾਨੀ ਆਂ ।

ਕਬਰਸਤਾਨ ਵਿਚ ਉੱਕਾ ਤਰੈ ਕਬਰਾਂ ਦੀਹਦੀਆਂ ਨੇਂ । ਮੇਰੀ ਦਾਦੀ, ਮੇਰਾ ਪਿਓ ਤੇ ਚਾਚਾ ਮਰਨਾ । ਬਾਕੀ ਸਾਰੀਆਂ ਡੋਏਂ ਨਾਲ ਪੱਧਰ ਹੋਗੀਆਂ ਨੇਂ ।

ਨੂਰੋ ਦੇ ਘੱਰ ਕੋਲ ਦੋ ਓਪਰੇ ਮਰਦ ਦੀਹਦੇ ਨੇਂ ਜਿਹੜੇ ਮੈਨੂੰ ਆਂਦੀ ਨੂੰ ਘੂਰਦੇ ਪਏ ਨੇਂ । ਜੇ ਇਹ ਲਾਹੌਰ ਹੁੰਦਾ ਤੇ ਮੈਂ ਅਸਲੋਂ ਹਰਿਅਣ ਨਹੀਂ ਸੀ ਹੋਣਾ, ਆਵਦੇ ਪਿੰਡ ਵਿਚ ਇਹ ਪਹਿਲੀ ਵਾਰੀ ਏ ।

ਅੱਗੇ, ਮਾਸੀ ਉਮਰਾਂ ਦੀ ਝੁੱਗੀ ਮੂਹਰੇ ਇਕ ਮੰਜੀ ਏ, ਜੋ ਕੁਝ ਉਹਦੇ ਤੇ ਪਿਆ ਏ ਮਾਸੀ ਉਮਰਾਂ ਉਹਨੂੰ ਕੱਜੀ ਪਈ ਏ ।

ਮੈਂ ਨੇੜੇ ਜਾਨੀ ਆਂ, ਮਾਸੀ ਉਮਰਾਂ ਸਿੱਧੀ ਹੁੰਦੀ ਏ ।

ਇਕ ਮੁੱਖ ਦੀਹਦਾ ਏ ਜਿਨੂੰ ਮੈਂ ਰੱਜ ਪਛਾਨਣੀ ਆਂ, ਨੂਰੋ ।

ਲੀੜੇ ਲਹੂ ਨਾਲ ਲਿਬੜੇ ਹੋਏ ।

"ਉਹ ਆਂਹਦੇ ਨੇਂ, ਜਦ ਪੈਸਾ ਹੋਵੇ ਤੇ ਇਹਨੂੰ ਮੋੜ ਦੇਈਏ ਸੁ" ਮਾਸੀ ਉਮਰਾਂ ਆਹੰਦੀ ਏ ।

ਵਲਾਵੇਂ ਮੰਜੀ ਤੇ ਪਈ ਨੂਰੋ, ਚਿੱਕੜ ਵਿੱਚ ਮੋਈ ਪਈ ਅਈਯੋ ਨਾਲੋਂ ਵੱਧ ਏ । ਅਮਲਤਾਸ ਥੱਲੇ, ਭਾਵੇਂ ਆਵਦੇ ਪਿੰਡੇ ਤੋਂ ਕੱਟਿਆ, ਅਈਯੋ ਦਾ ਮੁੱਖ ਪੂਰਾ ਸੀ। ਫੱਟਾਂ, ਨੀਲਾਂ ਤੇ ਸੋਜ਼ਿਸ਼ ਵਿਚ ਨੂਰੋ ਦਾ ਮੁਹਾਂਦਰਾ ਵੀ ਨਹੀਂ । ਅਈਯੋ ਦੇ ਪਿੰਡੇ ਤੇ ਇਕੋ ਇਕ ਚੀਰਾ ਸੀ, ਇਹ ਪਿੰਡਾ ਚੀਰੋ ਚੀਰ ਏ ।

ਉਹ ਓਪਰੇ ਜਿਹੜੇ ਹੁਣ ਵੀ ਮੈਨੂੰ ਘੂਰਦੇ ਪਏ ਨੇ, ਨੂਰੋ ਦੇ ਖ਼ੋਵੰਦ ਨੇ ਭੇਜੇ ਸਨ। ਉਹ ਨੂਰੋ ਨੂੰ ਮੰਜੀ ਤੇ ਪਾ, ਕਸੂਰ ਕਿਸੇ ਹਸਪਤਾਲ ਲੈ ਜਾਣ ਥਾਈਂ ਇੱਥੇ ਚਾ ਆਏ ਜਿੱਥੇ ਨਾ ਕੋਈ ਹਕੀਮ ਡਾਕਟਰ ਏ, ਹਸਪਤਾਲ, ਦਵਾਖ਼ਾਨਾ ਨਾ ਦਾਈ ।

ਮੈਂ ਉਹਨੂੰ ਮੰਜੀ ਤੇ ਖ਼ੂਨੋ–ਖ਼ੂਨ ਵੇਹੰਨੀ ਆਂ ਤੇ ਜਾਪਦਾ ਏ ਨੂਰੋ ਮੋਈ ਪਈ ਏ ।

ਫਿਰ ਉਹਦੇ ਬੁੱਲ੍ਹਾਂ ਵਿਚੋਂ ਇੱਕ ਹਾ ਨਿਕਲਦੀ ਏ, ਨੂਰੋ ਜਿਉਂਦੀ ਏ ।

ਪਿੰਡ ਵਿਚ ਕਿਸੇ ਕੋਲ ਖੋਤਾ, ਘੋੜਾ ਯਾਂ ਸੈਕਲ ਨਹੀਂ, ਫ਼ੋਨ ਚਾਰ ਕੋਹਾਂ ਤੇ ਏ। ਨੂਰ ਜਮਾਲੋ ਦਾ ਭਰਾ ਹੱਸੂ ਚਰਾਗ਼ ਦੇ ਖੂਹ ਤੋਂ ਦਾਈ ਬੁਲਾਣ ਜਾਂਦਾ ਏ, ਜੇ ਉਹ ਉਥੇ ਹੋਈ ਤੇ ਅੱਧੇ ਘੰਟੇ ਵਿੱਚ ਪੁੱਜੇਗੀ ।

ਨੂਰੋ ਨੂੰ ਬਚਾਣ ਲਈ ਪਿੰਡ ਦੇ ਸਾਰੇ ਲੋਕੀ ਕੱਠੇ ਹੋ ਜਾਂਦੇ ਨੇਂ । ਕੋਈ ਐਨੇ ਨਹੀਂ ਰਹਿ ਗਏ, ਸ਼ਹਿਰ ਨੇ ਜਵਾਨ ਤੇ ਕੜੀਅਲ ਖਿੱਚ ਲਏ ਨੇ । ਵੱਡੇ ਵਡੇਰੇ, ਨਿੱਕੇ ਬਾਲ, ਬਾਲਾਂ ਆਲੀਆਂ ਜ਼ਨਾਨੀਆਂ, ਮਾੜੇ ਤੇ ਬਿਮਾਰ ਇਥਾਈਂ ਰਹਿਗੇ ਨੇ ।

ਨੂਰੋ ਲਈ ਸੱਭ ਤੋਂ ਚੰਗੀ ਥਾਂ ਭਾ ਦਾ ਕਮਰਾ ਰਹਿਣਾ ਸੀ ਜੀਹਦੇ ਨਾਲ ਗ਼ੁਸਲ ਖ਼ਾਨਾ ਏ ਪਰ ਮੈਂ ਭਾ ਦਾ ਕਮਰਾ ਵਰਤਣ ਤੋਂ ਘਾਬਰਕੇ ਨੂਰੋ ਨੂੰ ਮਾਂ ਜੀ ਦੇ ਕਮਰੇ ਪਵਾਨੀ ਆਂ, ਜਿਹੜਾ ਮੇਰਾ ਵੀ ਏ ।

ਨਿਰਮਲਾ ਪਿੰਡ ਆਈ ਤੇ ਉਹਨੂੰ ਤਾਪ ਸੀ, ਉਹ ਆਵਦੀ ਛੁੱਟੀ ਦਵਾ ਲਿਆਂਦੀ ਏ ਤੇ ਅੰਮਾਂ ਇਬਰਾ ਨਿੰਮ ਦਾ ਪਾਣੀ ਤੇ ਹਲਦੀ । ਜੀਨੋ ਪਾਣੀ ਉਬਾਲਦੀ ਏ। ਮੈਂ, ਨਿਰਮਲਾ ਤੇ ਮਾਸੀ ਇਬਰਾ ਪੁਰਾਣੀ ਚੱਦਰ ਦੀਆਂ ਲੀਰਾਂ ਨਾਲ ਨੂਰੋ ਦੇ ਫੱਟ ਸਾਫ਼ ਕਰਨੇ ਆਂ। ਨਾਚੋ ਲੀਰਾਂ ਧੋਂਦੀ ਏ । ਅੰਮਾਂ ਜ਼ੈਨਬ ਹਲਦੀ ਤੇ ਦੇਸੀ ਘਿਓ ਦਾ ਮਲ੍ਹਮ ਲੀਰਾਂ ਤੇ ਲਾ ਸਾਨੂੰ ਫੜਾਂਦੀ ਏ ਅਸੀਂ ਫੱਟਾਂ ਤੇ ਰੱਖੀ ਜਾਣੇ ਆਂ ।

ਦਾਈ ਆਕੇ ਨੂਰੋ ਦੀ ਚਮ ਵੇਂਹਦੀ ਏ, ਉਹਦੇ ਅੰਦਰ ਹੱਥ ਪਾਂਦੀ ਏ ਤੇ ਆਵਦਾ ਸਿਰ ਨਾ ਵਿਚ ਹਿਲਾਂਦੀ ਏ । ਆਹੰਦੀ ਏ ਬਾਲ ਨੂੰ ਮੋਏ ਚਿਰ ਹੋਇਆ, ਜ਼ਹਿਰ ਨੂਰੋ ਦੇ ਲਹੂ ਵਿੱਚ ਸਿਮ ਗਿਆ ਏ ।

"ਹੁਣ ਕਿਵੇਂ ਕਰੀਏ?" ਮੈਂ ਪੁੱਛਣੀ ਆਂ ।

"ਇਹਨੂੰ ਸ਼ਾਂਤੀ ਨਾਲ ਮਰਨ ਦਿਓ" ਉਹ ਆਹੰਦੀ ਏ ।

ਮੈਂ ਹੋਰ ਦੀ ਉਡੀਕ ਵਿਚ ਰਹਿਣੀ ਆਂ ।

"ਕੁੱਝ ਹੋਰ ਕਰਨਾ ਜੇ ਤੇ ਇਹਨੂੰ ਲਾਹੌਰ ਲੈ ਜਾਉ" ।

"ਠੀਕ ਏ" ।

"ਮੁੰਡਾ ਕਹਿੰਦਾ ਸੀ ਮੇਰੇ ਆਣ ਦਾ ਤੁਸੀਂ ਭਰੋਗੇ" ਦਾਈ ਕਹਿੰਦੀ ਏ।

"ਆਹੋ ਜੀ, ਕੀ ਹੋਵੇ?"

"ਬੱਸ ਜ਼ਰੀ ਚੋਲ ਦੇ ਦਿਓ, ਮੇਰਾ ਕੋਈ ਵਸ ਨਹੀਂ ਚਲਿਆ" ।

ਮੈਂ ਜੀਨੋ ਨੂੰ ਆਹੰਨੀ ਆਂ ਦਾਈ ਨੂੰ ਚੋਲ ਦੇਵੇ ।

ਜਦੋਂ ਮੈਂ ਨੂਰੋ ਨੂੰ ਲਾਹੋਰ ਲੈ ਜਾਣ ਦਾ ਕਹਿਨੀ ਆਂ ਤੇ ਮਾਸੀ ਉਮਰਾਂ ਉੱਚੀ ਉੱਚੀ ਰੋਣ ਲੱਗ ਪੈਂਦੀ ਏ ।

''ਮਾਸੀ ਇਬਰਾ, ਨੀ ਅੰਮਾਂ ਜ਼ੈਨਬ, ਵੇਖੋ ਇਹ ਹਜਾਰਾਂ ਦਾ ਖ਼ਰਚਾ ਮੁਰਦੇ ਤੇ ਪਈ ਕਰਦੀ ਏ ਜਦੋਂ ਮੇਰੇ ਕੋਲ ਪੰਜ ਜੀਂਦੇ ਤੜਫ਼ਦੇ ਪਏ ਨੇ'' ਮਾਸੀ ਉਮਰਾਂ ਆਹੰਦੀ ਏ ।

"ਮਾਸੀ ਜੇ ਅਸੀਂ ਇਹਨੂੰ ਅਜੂ ਲਾਹੌਰ ਨਾ ਲਗਏ ਤੇ ਇਹ ਮਰ ਜਾਵੇਗੀ" ਮੈਂ ਕਹਿੰਨੀ ਆਂ ।

"ਜਿੰਦਗੀ ਮੋਤ ਰੱਬ ਦੇ ਹੱਥੀਂ ਏ ਬੀਬੀ, ਹਸਤਪਤਾਲਾਂ ਕਿਸੇ ਨੂੰ ਨਹੀਂ ਬਚੋਣਾ । ਤੈਨੂੰ ਦੀਹਦਾ ਨਹੀਂ, ਇਹ ਤਾਂ ਮੋਈ ਪਈ ਏ" ਮਾਸੀ ਉਮਰਾਂ ਆਹੰਦੀ ਏ ।

ਖ਼ੋਰੇ ਦਿਲ ਤੇ ਕਿਹੜਾ ਪੱਥਰ ਰੱਖਿਆ ਸੁ ।

"ਇਹਓ ਪੈਸੇ ਇਹਦੇ ਜਨਾਜ਼ੇ ਲਈ ਰੱਖ ਚਾ" ਮਾਸੀ ਇਬਰਾ ਆਹੰਦੀ ਏ ।

"ਤੂੰ ਹਮੇਸ਼ ਇਹੀਆ ਕੀਤਾ ਈ, ਨੂਰੋ ਜਮਾਲੋ ਤੇ ਲਾ। ਵਣ ਸੁੰਨੀਆਂ ਸੁਗ਼ਾਤਾਂ, ਵਲੈਤੀ ਗੋਲੀਆਂ, ਲਹੋਰੀ ਮਿਠਾਈਆਂ । ਮੈਂ ਤੈਨੂੰ ਆਹੰਦੀ ਸਾਂ ਨੀ ਬੀਬੀ, ਇਹਦੇ ਭਰਾਵਾਂ ਨੂੰ ਦੇ ਉਹ ਵੱਡੇ ਹੋਣ ਤੇ ਚੰਗਾ ਕਮਾਉਣ । ਤੂੰ ਕਦੇ ਨਾ ਸੁਣੀ । ਹੁਣ ਵੇਖ ਲੈ, ਖ਼ੁਰਾਕਾਂ ਕਿੱਥੇ ਗਈਆਂ? ਖ਼ੁਹ

ਖਾਤੇ" ਮਾਸੀ ਉਮਰਾਂ ਆਵਦੇ ਹੱਥਾਂ ਤੇ ਚਾਦਰ ਪਾ ਕੇ ਮੂੰਹ ਤੇ ਮਾਰਦੀ ਏ ਤੇ ਵੈਣ ਪਾਣੇ ਸ਼ੁਰੂ ਕਰ ਦਿੰਦੀ ਏ ।

ਨੂਰੋ ਮੇਰੇ ਪਲੰਗ ਤੇ ਪਈ ਮੁਸਕਾਨ ਦਾ ਚਾਰਾ ਕਰਦੀ ਏ ਪਰ ਉਹਦਾ ਵਾਤ ਤੇ ਗੱਲਾਂ ਉਹਦੀ ਮਨਦੀਆਂ ਨਹੀਂ ।

ਮੈਂ ਸੋਚਣੀ ਆਂ ਜੇ ਨੂਰੋ ਬੱਚ ਗਈ ਤੇ ਮੈਂ ਇਹਨੂੰ ਕਦੀ ਵਖ ਨਹੀਂ ਹੋਣ ਦੇਣਾ।

ਨੂਰੋ ਦੇ ਵਿਆਹ ਤੇ ਮੈਂ ਨਾ ਆਈ, ਇਹਦੇ ਸਹੁਰੇ ਕਿਸੇ ਹੋਰ ਪਿੰਡੋਂ ਸਨ ਤੇ ਭਾ ਨੇ ਮੈਨੂੰ ਮਨਾਹੀ ਕਰ ਦਿੱਤੀ । ਮਾਂ ਜੀ ਦੇ ਆਖਿਆਂ ਮੈਂ ਲੀੜੇ, ਸਲਾਮੀ ਤੇ ਚਾਂਦੀ ਦੀਆਂ ਡੰਡੀਆਂ ਖ਼ੋਰਸ਼ੈਦੀ ਹੱਥ ਭੇਜੀਆਂ ਪਰ ਉਸ ਵੇਲੇ ਨੂਰੋ ਨਾਲ ਨਾ ਹੋਣ ਪਾਰੋਂ ਮੇਰਾ ਦਿਲ ਮਸੋਸਿਆ ਗਿਆ ਸੀ । ਵਿਆਹ ਮਗਰੋਂ ਇਨ੍ਹਾਂ ਛੇ ਮਹੀਨਿਆਂ ਵਿਚ ਨੂਰੋ ਚਾਰ ਵਾਰੀ ਆਈ ਏ ਪਰ ਅਸੀਂ ਇਕ ਵਾਰੀ ਵੀ ਨਹੀਂ ਮਿਲੇ ।

ਨੂਰੋ ਹਿਲਦੀ ਏ, ਮੈਂ ਉਹਦੇ ਵੱਲ ਜਾਨੀ ਆਂ ।

"ਬੀਬੀ" ਉਹ ਖਿਲਦੀ ਏ, ਮੂੰਹੋਂ ਲਹੂ ਛੁੱਟ ਪੈਂਦਾ ਏ ।

"ਕੀ ਹੋਇਆ ਸੀ?" ਮੈਂ ਉਹਦੇ ਮੂੰਹ ਤੋਂ ਨਿਗਾਹ ਹਟਾ, ਹੱਥ ਫੜਨੀ ਆਂ ।

"ਮੁਕੱਦਰ" ਨੂਰੋ ਆਵਦੇ ਸੁੱਜੇ ਭਰਵੱਟਿਆਂ ਵਿੱਚੋਂ ਮੈਨੂੰ ਵੇਂਹਦੀ ਏ ।

"ਇਹਦੇ ਦਾਜ ਦਾ ਇਕ ਹਜਾਰ ਦੇਣਾ ਸੀ, ਉਹ ਇਨ੍ਹਾਂ ਦਿੱਤਾ ਕੁ ਨੀ" ਮਾਸੀ ਇਬਰਾ ਆਹੰਦੀ ਏ ।

"ਆਲੂਆਂ ਦੀ ਫ਼ਸਲ ਚੁੱਕੀ ਏ ਤੇ ਨੂਰ ਜਮਾਲੋ ਦਾ ਅੱਬਾ ਢੈ ਪਿਆ ਤੇ ਲੱਤ ਤੁੜਾ ਲਈ ਸੂ, ਉਹਨੂੰ ਕਸੂਰ ਹਸਤਪਤਾਲ ਵਿਚ ਲਿਜਾ ਕੇ ਜੁੜਵਾਈ ਨੇ । ਅਸਾਂ ਸਰਦਾਰ ਕੋਲੋਂ ਉਧਾਰ ਚੁੱਕਿਆ ਏ ਤੇ ਉਹਨੂੰ ਘਰ ਲਿਆਏ ਆਂ । ਉਸ ਆਖਿਆ ਬਈ ਅਸੀਂ ਔਂਦੇ ਵਰ੍ਹੇ ਕਣਕਾਂ ਵੇਲੇ ਸਾਰੀ ਰਕਮ ਤਾਰ ਦਿਆਂਗੇ ਪਰ ਇਹਦਾ ਸਾਈਂ ਨਾ ਮੰਨਿਆ" ਮਾਸੀ ਉਮਰਾਂ ਅੱਖੀਂ ਪੂੰਝਦਿਆਂ ਦੱਸਦੀ ਏ ।

"ਉਨ੍ਹਾਂ ਇਕ ਹਜ਼ਾਰ ਰੁਪਈਏ ਲਈ ਤੇਰਾ ਇਹ ਹਾਲ ਕੀਤਾ ਏ?" ਮੈਂ ਨੂਰੋ ਪੁੱਛਣੀ ਆਂ, ਇਕ ਹਜ਼ਾਰ ਤੇ ਭਾ ਕਿਸੇ ਵੇਲੇ ਵੀ ਦੇ ਸਕਦਾ ਸੀ ।

"ਨਾ, ਨਿਬੂ" ਨੂਰੋ ਆਹੰਦੀ ਏ ।

"ਨਿੱਬੂ?"

"ਇਹਦੀ ਸੱਸ ਨੇ ਅਚਾਰ ਲਈ ਕੁਤਰ ਕੇ ਸੁਕਣੇ ਪਾਏ, ਭੈੜੇ ਨਸੀਬ ਇਹਨੇ ਉਠ ਕੇ ਇਕ ਦੋ ਚੱਟੇ ਚਾ" ਮਾਸੀ ਉਮਰਾਂ ਆਹੰਦੀ ਏ ।

"ਇੱਥੇ.... ਮੇਰੇ ਢਿੱਡ ਵਿੱਚ ...." ਨੂਰ ਜਮਾਲੋ ਆਵਦੇ ਢਿੱਡ ਤੇ ਹੱਥ ਰੱਖਦੀ ਏ "ਭੁੱਖੀ .... ਬਲਾ ਏ ....".

"ਤੈਨੂੰ ਕਿਨ੍ਹੇ ਮਾਰਿਆ?" ਮੈਂ ਪੁੱਛਣੀ ਆਂ ।

ਨੂਰੋ ਥੱਕ ਕੇ ਅੱਖਾਂ ਬੰਦ ਕਰ ਲੈਂਦੀ ਏ ।

"ਪਹਿਲੋਂ ਇਹਦੀ ਸੱਸ ਇੱਟ ਚਲਾਈ ਏ, ਇਹ ਬੋਲੀ ਤੇ ਤਿੰਨੇ ਨਨਾਣਾਂ ਪੈ ਗਈਆਂ ਬਈ ਸਾਡੀ ਮਾਂ ਅੱਗੋਂ ਨਾ ਬੋਲ । ਇਹਦੇ ਸਾਈਂ ਮੁੜ ਡੰਡੇ ਨਾਲ ਕੁੱਟਿਆ ਏ" ਮਾਸੀ ਉਮਰਾਂ ਆਹੰਦੀ ਏ ।

"ਅੱਖਾਂ ਖੋਲ੍ਹੀਆਂ ਤੇ ਜੰਨਤ ਵਿਚ । ਮੈਨੂੰ ਨਾ ਘੱਲੀਂ" ਨੂਰੋ ਮੇਰਾ ਹੱਥ ਫੜਨ ਦੀ ਕਰਦੀ ਏ ਪਰ ਉਹਦੀਆਂ ਉਂਗਲਾਂ ਅੰਦਰੋਂ ਖਿੱਚੀਆਂ ਪਈਆਂ ਨੇ ।

ਅਸੀਂ ਬਾਕੀ ਦਿਹਾੜਾ ਇੰਜ ਲੰਘਾਨੇ ਆਂ ਜਿਵੇਂ ਨੂਰੋ ਸਾਡੇ ਵਿਚ ਮਰਦੀ ਨਾ ਪਈ ਹੋਵੇ ।

ਜੀਨੋ ਮੇਰੇ ਲਈ ਇਕ ਹੋਰ ਕੁਕੜੀ ਕੋਹੰਦੀ ਏ ਤੇ ਬਾਹਰਲੇ ਚੁੱਲ੍ਹੇ ਤੇ ਪਕਾਣ ਲੱਗ ਪੈਂਦੀ ਏ। ਅਮਾਂ ਜ਼ੈਨਬ ਤੇ ਮਾਸੀ ਇਬਰਾ ਭੋਏਂ ਤੇ ਲੰਮਿਆਂ ਪੈ ਕੇ ਸੌਂਦੀਆਂ ਜਾਗਦੀਆਂ ਨੇ । ਮਾਸੀ ਉਮਰਾਂ ਆਵਦੇ ਬਾਲਾਂ ਨੂੰ ਟੁੱਕਰ ਖਵਾਨ ਜਾਂਦੀ ਏ ਤੇ ਝੱਟ ਪਿੱਛੋਂ ਮੁੜ ਆਂਦੀ ਏ। ਸਾਡੇ ਕੋਲ ਹਲਦੀ ਮੁੱਕ ਗਈ ਏ, ਹੱਸੂ ਪਿੰਡੋਂ ਲੱਭਣ ਟੁਰਦਾ ਏ । ਮੁਨਸ਼ੀ ਜੀ ਹਾਲੀ ਤੋੜੀ ਕਸੂਰੋਂ ਵਲੇ ਨਹੀਂ, ਉਨ੍ਹਾਂ ਬਿਨਾਂ ਨਾ ਅਸੀਂ ਨੂਰੋ ਨੂੰ ਹਸਪਤਾਲ ਲੈ ਜਾ ਸਕਨੇ ਆਂ ਨਾ ਰਪਟ ਲਿਖਵਾ ਸਕਨੇ ਆਂ ।

ਅੰਮਾਂ ਜ਼ੈਨਬ ਜ਼ਰੀ ਚਿਰ ਪਈ ਰਹਿੰਦੀ ਏ ਤੇ ਮੁੜ ਉਠ ਕੇ ਆਹੰਦੀ ਏ ਬਈ ਗਾਮੂ ਨੂੰਹ ਨੂੰ ਨਹੀਂ ਮਾਰਿਆ ਤੇ ਸੱਚ ਇਹ ਏ ਬਈ ਗਾਮੂ ਕਦੇ ਕਿਸੇ ਨੂੰ ਨਹੀਂ ਮਾਰਿਆ।

ਮੈਂ ਉਹਨੂੰ ਵੇੜ੍ਹੇ ਲੈ ਜਾ ਕੇ ਪੱਖੀਆਂ ਨੂੰ ਪਾਣ ਲਈ ਬਚਿਆ ਟੁੱਕਰ ਦੇਨੀ ਆਂ। ਨਿਰਮਲਾ ਚੁੱਪ ਕਰ ਕੇ ਨੂਰੋ ਦੇ ਫੱਟਾਂ ਤੇ ਹਲਦੀ ਦੇ ਫਾਹੇ ਰੱਖਦੀ ਰਹਿੰਦੀ ਏ ਤੇ ਮੁੜ ਚਲੀ ਜਾਂਦੀ ਏ। ਝੱਟ ਮਗਰੋਂ ਚਾਹ ਦੀ ਥਰਮੋਸ ਘਿਨ ਆਂਦੀ ਏ ।

ਅਸੀਂ ਇਕ ਦੂਜੇ ਨੂੰ ਚਾਹ ਦੇ ਕੱਪ ਤੇ ਗਲਾਸ ਫੜਾਨੇ ਆਂ, ਨੂਰੋ ਪਲੰਗ ਤੇ ਚੁੱਪ ਚੁਪੀਤੀ ਮਰਦੀ ਪਈ ਏ ।

ਨਿਕੀਉਂ ਲਾ ਮੈਨੂੰ ਨੂਰੋ ਨਾਲ ਸੌਣ ਦਾ ਚਾਹ ਸੀ, ਸਮਝ ਨਹੀਂ ਸੀ ਆਂਦੀ ਰੋਜ਼ ਨੂਰੋ ਨੂੰ ਘਰ ਕਿਉਂ ਵਲਨਾ ਪੈਂਦਾ ਏ । ਕਿਨੀ ਵਾਰੀ ਮੈਂ ਮਾਂਜੀ ਨੂੰ ਪੁੱਛਦੀ ਕਿ ਮੈਂ ਨੂਰੋ ਨਾਲ ਜਾ ਸਵਾਂ ਪਰ ਮਾਂਜੀ ਹਟਕ ਦਿੰਦੇ । ਨੂਰੋ ਕਈ ਵਾਰੀ ਸਾਡੇ ਘਰ ਰਾਤ ਰਹਿੰਦੀ ਪਰ ਨੀਂਦਰ ਵੇਲੇ ਸਟੋਰ ਵਿਚ ਖ਼ੋਰਸ਼ੈਦੀ ਨਾਲ ਜਾ ਪੈਂਦੀ ।

ਚਾਹ ਦੇ ਘੁੱਟ ਨਾਲ ਮੈਨੂੰ ਹਥੂ ਆਂਦਾ ਏ, ਮੈਂ ਉਭਰ ਕੇ ਵੇਹੰਨੀ ਆਂ, ਨੂਰੋ ਦੀ ਰੂਹ ਉੱਡ ਪਈ ਏ ।

ਮਗਰੋਂ ਸ਼ਈਆਂ ਆਵਦੇ ਆਪ ਹੋਣ ਲੱਗ ਪਈਆਂ ।

ਮਾਸੀ ਇਬਰਾ ਆਖਿਆ ਬਈ ਕੁੱਖ ਵਿਚ ਬਾਲ ਸਣੇ ਕਿਸੇ ਨੂੰ ਭੋਏਂ ਵਿਚ ਪੂਰਿਆ ਨਹੀਂ ਜਾ ਸਕਦਾ । ਨੂਰੋ ਦੀ ਕੁੱਖ ਸਫ਼ਾ ਕਰਾਣ ਲਈ ਜੀਨੋ ਚਰਾਗ਼ ਦੇ ਖੂਹ ਤੋਂ ਦਾਈ ਸੱਦਣ ਗਈ ।

ਘੰਟੇ ਤੋਂ ਉੱਤੇ ਹੋਇਆ, ਨਾ ਆਈ ।

ਅਸੀਂ ਸੋਚਣੀਆਂ ਪਈਆਂ ਆਂ ਬਈ ਉਹਦੇ ਮਗਰ ਕਿਹਨੂੰ ਭੇਜੀਏ ਕਿ ਬਾਹਰੋਂ ਅਚਰਜ ਵਾਜਾਂ ਆਂਦੀਆਂ ਨੇਂ, ਅਸੀਂ ਉਠ ਖਲੋਨੀਆਂ।

ਜਾਪਦਾ ਏ ਲੋਕਾਂ ਪਿੰਡੋਂ ਬਾਹਰ ਕੋਈ ਸੂਰ ਫੜਿਆ ਏ ਤੇ ਹੁਣ ਉਹਨੂੰ ਹਿੜ ਕੇ ਪਿੰਡ ਦੇ ਅੰਦਰ ਲਈ ਆਂਦੇ ਨੇਂ । ਪਰ ਇਸ ਪਾਸੇ ਸੂਰ ਤੇ ਉੱਕਾ ਘੱਟ ਗਏ ਨੇ ।

ਲੋਕਾਂ ਦਾ ਜਥਾ ਸਾਡੇ ਘਰ ਆਲੇ ਅਮਲਤਾਸ ਹੇਠੋਂ ਲੰਘਦਾ ਪਿਆ ਏ, ਨਿਰਮਲਾ ਨੱਸ ਕੇ ਨੂਰੋ ਦੇ ਪਲੰਗ ਥੱਲੇ ਲੁਕ ਜਾਂਦੀ ਏ ।

ਮੈਂ ਬਾਰੀਉਂ ਵੇਹੰਨੀ ਆਂ, ਜੀਨੋ ਇਕ ਵੱਡੀ ਸਾਰੀ ਸਰਚ ਲਾਈਟ ਦੇ ਘੇਰ ਵਿਚ ਏ, ਨਾਲ ਹੱਸੂ ਜਿੱਡਾ ਇੱਕ ਮੁੰਡਾ ਏ । ਕਿੰਨੇ ਸਾਰੇ ਮਰਦ, ਕੁੱਝ ਜ਼ਨਾਨੀਆਂ ਤੇ ਬਾਲ ਦੋਵਾਂ ਨੂੰ ਲੀੜਿਆਂ, ਸੋਟੀਆਂ ਤੇ ਰੋੜਿਆਂ ਨਾਲ ਮਾਰਦੇ ਪਏ ਨੇਂ ।

ਮੈਂ ਬਾਰੀ ਪਿਛੋਂ ਵੇਹੰਨੀ ਆਂ, ਲੋਕਾਂ ਦੇ ਮੂੰਹੋਂ ਕਾਵੜ ਵੱਸੇ ਅੱਖਰ ਝੱਗ ਬਣ ਕੇ ਨਿਕਲਦੇ ਪਏ ਨੇ, ਹੱਥ ਜੀਨੋ ਵਲ ਵਧਦੇ ਪਏ ਨੇਂ । ਰੋੜਿਆਂ ਤੇ ਸੋਟੀਆਂ ਤੋਂ ਬਚਣ ਦੀ ਰਾਹ ਕੁ ਨੀ, ਜੀਨੋ ਕੋਈ ਖ਼ੂਨੀਆਂ ਦੇ ਵਸ ਵਿਚ ਏ ।

ਮੈਂ ਪਿਛਾਂਹ ਵੇਹੰਨੀ ਆਂ, ਨੂਰੋ ਮੋਈ ਪਈ ਏ, ਨਿਰਮਲਾ ਪਲੰਗ ਥੱਲੇ ਲੁਕੀ ਹੋਈ ਏ, ਮੈਂ ਤੇ ਨਾਚੋ ਹੱਥਾਂ ਤੇ ਭੋਛਣ ਵਲਦੇ ਖਲੇ ਆਂ ।

"ਜ਼ੈਨਬੇ, ਇਹ ਮੋਲਬੀ ਏ" ਮਾਸੀ ਇਬਰਾ ਵੇੜ੍ਹਿਉਂ ਆਂਦੀ ਏ।

"ਕੋਣ?" ਮੈਂ ਪੁੱਛਣੀ ਆਂ ।

"ਇਹ ਉਹੀਓ ਏ ਪਿੰਡ ਦਾ ਮੋਲਬੀ ਬੀਬੀ, ਮਜ਼ੁਬੀ ਪੁਲਸ ਲੈ ਕੇ ਆਇਆ ਏ। ਇਨ੍ਹਾਂ ਨੂੰ ਪੁੱਛਣ ਆਲਾ ਕੁ ਨੀ, ਜੋ ਕਰਨ। ਪਤੋਕੀ ਵਿਚ ਮੇਰੀ ਭਣੇਵੀ ਨੂੰ ਫੜ ਕੇ ਪੱਕੀਆਂ ਸੜਕਾਂ ਤੇ ਰੁਲਾਇਓ ਨੇ, ਉਹਦੀਆਂ ਲੱਤਾਂ ਬਾਹਵਾਂ ਭੰਨ ਤਰੋੜ ਛਡਿਓ ਨੇ । ਹੁਣ ਉਹ ਸ਼ੁਹਦੀ ਕਮਲੀ ਹੋ ਕੇ ਲਾਹੋਰ ਦੇ ਪਾਗ਼ਲ ਖ਼ਾਨੇ ਡੱਕੀ ਪਈ ਏ" ਮਾਸੀ ਇਬਰਾ ਬਾਰੀ ਵਿੱਚੋਂ ਵਹਿੰਦਿਆਂ ਆਹੰਦੀ ਏ ।

ਲੋਕੀ ਜੀਨੋ ਤੇ ਉਸ ਮੁੰਡੇ ਨੂੰ ਡੰਗਰ ਮਾਲ ਵਾਂਗਰ ਥੜੇ ਤੇ ਚੜ੍ਹਾਦੇ ਨੇ ਤੇ ਆਪ ਦਵਾਲੇ ਘੇਰਾ ਪਾ ਕੇ ਖਲੋ ਜਾਂਦੇ ਨੇ ।

ਨੂਰੋ ਬਾਰੀ ਅੱਗੇ ਮੇਰੇ ਪਲੰਗ ਤੇ ਏ ਪਰ ਇਨ੍ਹਾਂ ਵਾਜਾਂ ਹੁਣ ਉਹਨੂੰ ਘਬਰਾ ਨਹੀਂ ਪਾਣਾ ।

"ਬੀਬੀ, ਰੈਫ਼ਲ ਲਿਆ" ਅਮਾਂ ਜ਼ੈਨਬ ਮੈਨੂੰ ਹਲਾ ਹਲਾ ਕੇ ਆਹੰਦੀ ਪਈ ਏ ।

ਬਾਹਰ ਥੜੇ ਤੇ ਲੋਕੀ ਵਧ ਵਧ ਕੇ ਜੀਨੋ ਤੇ ਆਂਦੇ ਪਏ ਨੇਂ ।

"ਰੀਫ਼ਲ ਲਿਆ ਨੀ ਬੀ ਬੀ" ਅੰਮਾਂ ਇਬਰਾ ਮੈਨੂੰ ਭਾ ਦੇ ਕਮਰੇ ਵੱਲ ਧੱਕਦੀ ਏ।

ਮੈਂ ਗਰਾਸਤੜੀ ਤੋਂ ਕੁੰਜੀਆਂ ਚਾ, ਭਾ ਦੇ ਕਮਰੇ ਵਿਚ ਲੋਹੇ ਦੀ ਲਮਾਰੀ ਖੋਹਲ, ਰਾਈਫ਼ਲ ਕੱਢਣੀ ਆਂ ।

ਲਕੜ ਦਾ ਦਸਤਾ ਮੇਰੇ ਹੱਥਾਂ ਵਿਚ ਗਰਮ ਏ, ਨਾਲੀ ਠੰਡੀ ਠਾਰ ।

ਅੰਮਾਂ ਜ਼ੈਨਬ ਗੋਲੀਆਂ ਦਾ ਡੱਬਾ ਕੱਢਦੀ ਏ, ਮੈਂ ਲੋਡ ਕਰਨੀ ਆਂ ।

ਕੀ ਕਰਾਂ? ਕਿਸੇ ਨੂੰ ਮਾਰ ਦੇਵਾਂ?

"ਬੀਬੀ, ਮੈਂ ਵੇੜ੍ਹੇ ਅੰਦਰੋਂ ਗੇਟ ਨੂੰ ਜੰਦਰਾ ਲਾ ਆਈ ਆਂ" ਅੰਮਾਂ ਇਬਰਾ ਤਿੰਨ ਚਾਰ ਸੋਟੀਆਂ, ਇਕ ਕੁਹਾੜੀ ਤੇ ਪਿੱਤਲ ਦੇ ਦੋ ਤਿਨ ਭਾਂਡੇ ਲਈ ਆਂਦੀ ਏ ।

ਅੰਦਰ ਆ, ਉਹ ਆਵਦੇ ਪਿੱਛੇ ਬੂਹਾ ਢੋ, ਕੁੰਡਾ ਲਾ ਦਿੰਦੀ ਏ ।

ਮੈਂ ਬੰਦ ਬੂਹਾ ਵੇਹੰਨੀ ਆਂ, ਅੰਮਾਂ ਇਬਰਾ ਸਾਨੂੰ ਸਾਂਭਣ ਲਈ ਸਾਡੇ ਭੱਜਣ ਦਾ ਇਕੋ ਰਾਹ ਡੱਕ ਦਿਤਾ ਏ ।

ਬਾਹਰ ਇਕ ਬੰਦਾ ਡੰਡਾ ਚਾ ਕੇ ਜੀਨੋ ਵੱਲ ਆਂਦਾ ਪਿਆ ਏ, ਕੁੱਝ ਉਹਨੂੰ ਵੱਟੇ ਮਾਰਦੇ ਪਏ ਨੇ, ਕੁੱਝ ਭੋਏਂ ਤੇ ਹੋਰ ਪਏ ਲੱਭਦੇ ਨੇ ।

"ਇਹ ਮੁੰਡਾ ਕੋਣ ਏ?" ਮੈਂ ਹੱਥਾਂ ਵਿਚ ਭਾ ਦੀ ਰਾਈਫ਼ਲ ਦਾ ਭਾਰ ਤੋਲਨੀ ਆਂ ।

"ਦਾਈ ਦਾ ਪੁਤੱਰ। ਦਾਈ ਸ਼ੋਹਦੀ ਹਿੰਦੂ ਏ ਬੀਬੀ" ਮਾਸੀ ਇਬਰਾ ਆਹੰਦੀ ਏ ।

"ਇਨ੍ਹਾਂ ਨੂੰ ਪਤਾ ਏ?"

"ਮੋਲਬੀ ਨੂੰ ਸੱਭ ਖ਼ਬਰ ਏ, ਉਹ ਇੱਥੇ ਕਿੰਨੇ ਵਰ੍ਹੇ ਰਿਹਾ ਏ"।

ਮੈਂ ਬੰਦੂਕ ਤਾਣ ਕੇ ਬਾਹਰ ਮੌਲਵੀ ਨੂੰ ਲੱਭਲੀ ਆਂ, ਉਹ ਸੱਭ ਤੋਂ ਅੱਗੋਂ ਬੋਲ ਬੋਲ ਕੇ ਮਾਰਨ ਆਲਿਆਂ ਦੀ ਹਲਾ ਸ਼ੇਰੀ ਪਿਆ ਕਰਦਾ ਏ ।

ਡੰਡੇ ਆਲਾ ਜੀਨੋ ਤੇ ਵਾਰ ਕਰਦਾ ਏ, ਜੀਨੋ ਦੇ ਮੂੰਹੋਂ ਚੀਕ ਨਿਕਲਦੀ ਏ ਤੇ ਉਹ ਢੈਹ ਪੈਂਦੀ ਏ ।

ਮੈਂ ਬਾਰੀ ਵਿੱਚੋਂ ਮੌਲਵੀ ਦੇ ਸਿਰ ਉੱਤੇ ਨਿਸ਼ਾਨਾ ਬੰਨ, ਫ਼ਾਇਰ ਕਰ ਦੇਣੀ ਆਂ ।

ਕੁੱਝ ਬੰਦੇ ਭੁੰਜੇ ਡਿਗਦੇ ਨੇ, ਇਕ ਦੋ ਪਿਸਤੌਲਾਂ ਤਾਣ ਲੈਂਦੇ ਨੇ ।

ਹੁਣ ਜੀਨੋ ਨੂੰ ਕੋਈ ਨਹੀਂ ਪਿਆ ਮਾਰਦਾ ।

"ਮੌਲਵੀ ਸਾਬ" ਮੈਂ ਹਾਕ ਮਾਰਨੀ ਆਂ ।

ਮੌਲਵੀ ਮੇਰੀ ਅਵਾਜ਼ ਸੁਣ ਹੱਥ ਉਚਾ ਕਰਕੇ ਪਿਸਤੌਲਾਂ ਆਲਿਆਂ ਨੂੰ ਹਟਕਦਾ ਏ ।

"ਮੌਲਵੀ ਸਾਬ, ਅੱਗੇ ਆ ਜਾਵੋ" ਮੈਂ ਉੱਚੀ ਸਾਰੀ ਆਹੰਨੀ ਆਂ ।

"ਕੌਣ ਏ?" ਉਹ ਬਾਰੀ ਵੱਲ ਆਂਦਿਆਂ ਪੁੱਛਦਾ ਏ ।

"ਇਸਲਾਮ ਵ ਅਲੈਕਮ ਵ ਰਹਿਮਤ ਅੱਲਾਹ ਵ ਬਰਕਾਤੂਹੂ, ਮੌਲਵੀ ਸਾਬ" ਮੈਂ ਕਾਵੜ ਨਾਲ ਆਹਨੀ ਆਂ ।

"ਵਾ ਅਲੈਕੁਮ ਇਸਲਾਮ ਵ ਰਹਿਮਤ ਅੱਲਾਹ ਵ ਬਰਕਾਤੂਹੂ । ਛੋਟੀ ਬੀ ਬੀ?" ਉਹ ਮੈਨੂੰ ਪਛਾਣ ਕੇ ਇੰਜ ਮੁਸਕਾਂਦਾ ਏ ਜਿਵੇਂ ਐਵੇਂ ਮਿਲਣ ਆਇਆ ਖਲਾ ਹੋਵੇ ।

"ਕੀ ਮਸਲਾ ਏ?" ਮੈਂ ਮਾਂਜੀ ਵਾਂਗਰ ਰੁਅਬ ਦਾਬ ਨਾਲ ਆਹੰਨੀ ਆਂ ।

"ਨਾਊਜ਼ੋ ਬਿੱਲਲਾ ਇਹ ਜ਼ਨਾ ਦਾ ਕੇਸ ਏ । ਇਹ ਜ਼ਨਾਨੀ ਤੇ ਇਹ ਮੁੰਡਾ...."

"ਇਹ ਮੇਰੀ ਨੌਕਰਾਣੀ ਏ ਜਿਹੜੀ ਦਾਈ ਦੇ ਪੁਤੱਰ ਨੂੰ ਬੁਲਾਈ ਆਂਦੀ ਸੀ ਕਿ ਅਸੀਂ ਇਕ ਜੱਚਾ ਨੂੰ ਦੂਜੇ ਕਮਰੇ ਵਿਚ ਪਾਇਆ ਏ। ਉਥੇ ਦਾਈ ਨੇ, ਜਿਹੜੀ ਇਸ ਮੁੰਡੇ ਦੀ ਮਾਂ ਏ, ਆਕੇ ਸਾਡੇ ਨਾਲ ਹੱਥ ਪਵਾਨਾ ਸੀ"।

"ਮੌਕੇ ਦੇ ਗਵਾਹ ...."

"ਮੌਲਵੀ ਸਾਬ ਬਾਹਰ ਹਨੇਰਾ ਏ ਫਿਰ ਵੀ ਤੁਸੀਂ ਸਮਝਦੇ ਓ ਕਿ ਗਵਾਹਾਂ ਸੱਚ ਵੇਖਿਆ ਏ ਤੇ ਫਿਰ ਸਿੱਧੀ ਤਰ੍ਹਾਂ ਕਨੂੰਨੀ ਕਾਰਵਾਈ ਕਰੋ"।

"ਕਾਨੂੰਨੀ ....?"

"ਮੈਂ ਇਸ ਲਈ ਆਹੰਨੀ ਆਂ ਕਿ ਇਸ ਜ਼ਨਾਨੀ ਦੀ ਪੂਰੇ ਵਰ੍ਹੇ ਦੀ ਤਨਖ਼ਾਹ ਮੇਰੇ ਭਾ ਨੇ ਇਹਦੇ ਟੱਬਰ ਨੂੰ ਪੇਸ਼ਗੀ ਦਿੱਤੀ ਹੋਈ ਏ ਤੇ ਜੱਚਾ ਔਰਤ ਲਾਹੌਰ ਦੇ ਨਾਜ਼ਿਮ ਕਰਨਲ ਸਮੀ–ਉਲਾਅ ਦੇ ਘਰ ਕੰਮ ਕਰਦੀ ਏ ...."

ਮੌਲਵੀ ਸਾਬ ਦੂਜਿਆਂ ਨਾਲ ਗੱਲ ਬਾਤ ਕਰਦੇ, ਕੁੱਝ ਅੱਗੇ ਪਿੱਛੇ ਜਾਂਦੇ, ਰਿਪੋਰਟ ਬਣਾ ਕੇ ਜੀਨੋ ਤੇ ਦਾਈ ਦੇ ਪੁਤੱਰ ਰਮਜ਼ੂ ਨੂੰ ਛੱਡ ਦਿੰਦੇ ਨੇ।

ਜੀਨੋ ਤੇ ਰਮਜ਼ੂ ਦੋਵੇਂ ਫੱਟੜ ਨੇਂ ਤੇ ਕਈਆਂ ਜਾਈਂ ਤੋਂ ਲਹੂ ਵਗਦਾ ਪਿਆ ਏ । ਮਾਸੀ ਇਬਰਾ ਨੂਰੋ ਤੋਂ ਬੱਚੀਆਂ ਟਾਕੀਆਂ ਤੇ ਹਲਦੀ ਦਾ ਮਲ੍ਹਮ ਉਨ੍ਹਾਂ ਨੂੰ ਲਾਂਦੀ ਏ ।

ਅਸੀਂ ਵੱਲ ਨੂਰੋ ਦੇ ਪਲੰਗ ਕੋਲ ਬਹਿ ਜਾਣੇ ਆਂ, ਮਾਸੀ ਉਮਰਾਂ ਰੋਣ ਸ਼ੁਰੂ ਕਰਦੀ ਏ । ਅੰਮਾਂ ਜ਼ੈਨਬ ਆਵਦੀ ਨੂੰਹ ਜੀਨੋ ਨੂੰ ਗਲ ਲਾ ਲੈਂਦੀ ਏ, ਅਸੀਂ ਸਿਸਕਨੇ ਆਂ ਤੇ ਫਿਰ ਢਾਈਂ ਮਾਰਨ ਪੈ ਜਾਣੇ ਆਂ ।

ਹੋਰ ਤੇ ਹੋਰ, ਰੋਣ ਲਈ ਸਾਡੇ ਕੋਲ ਇਕ ਜਵਾਨ ਮਰਗ ਵੀ ਏ ।

'ਉਛਲ ਨਦੀਆਂ ਤਾਰੂ ਹੋਈਆਂ, ਮੈਂ ਕੰਢੇ ਰਹੀ ਖਲੋ ।

ਅਗਲੇ ਦਿਹਾੜੇ ਭਾ ਤੇ ਮੁਨਸ਼ੀ ਜੀ ਦੋਵੇਂ ਆ ਜਾਂਦੇ ਨੇ । ਬਾਬਾ ਫ਼ਤਿਹ ਆਕੇ ਆਹੰਦਾ ਏ ਬਈ ਇਕ ਘੰਟੇ ਵਿਚ ਜਾਣ ਲਈ ਤਿਆਰ ਹੋ ਜਾਵਾਂ । ਮੈਂ ਭਾ ਨੂੰ ਕਿਵੇਂ ਆਖਾਂ ਕਿ ਮੈਨੂੰ ਨੂਰੋ ਦੇ ਜਨਾਜ਼ੇ ਤੇ ਕੁਲ ਲਈ ਇੱਥੇ ਰਹਿਣ ਦੇਵੇ, ਯਾਂ ਇਹ ਕਿ ਜੀਨੋ ਨੂੰ ਨਾਲ ਲਈ ਚਲੀਏ ।

ਮੈਂ ਜੀਨੋ ਨੂੰ ਲਾਹੌਰ ਆਣ ਦਾ ਕਿਰਾਇਆ ਦੇਣੀ ਆਂ ਤੇ ਰਮਜ਼ੂ ਨੂੰ ਬਾਰਡਰ ਕਰਾਸ ਕਰਕੇ ਅੰਮ੍ਰਿਤਸਰ ਜਾਣ ਦਾ। ਦਾਈ ਤੇ ਉਹਦਾ ਟੱਬਰ ਫਿਰ ਵੀ ਨਹੀਂ ਜਾਂਦੇ 'ਜਿਥੇ ਐਨੀ ਟੱਪ ਗਈ ਏ ਉਥੇ ਰਹਿੰਦੀ ਵੀ ਟੱਪ ਜਾਏਗੀ' ਦਾਈ ਆਹੰਦੀ ਏ ।

ਪੰਜ ਸੌ ਰੁਪਈਏ ਵਿਚ ਇਕ ਅੰਮ੍ਰਿਤਸਰ, ਦੂਜੀ ਲਾਹੌਰ ਤੇ ਤਰੀਜੀ ਕਬਰਾਂ ਨੂੰ । ਇਹਓ ਪੰਜ ਸੌ ਸਕਾਚ ਵ੍ਹਿਸਕੀ ਦੀ ਇਕ ਬੋਤਲ ਖ਼ਰੀਦਣ ਨੂੰ ਪੂਰੇ ਨਹੀਂ ਜਿਹੜੀ ਮੇਰੇ ਭਾ ਦੀ ਹਰ ਇਕ ਸ਼ਾਮ ਦੀ ਖੇਡ ਏ।

ਲਾਹੌਰ ਵਿਚ ਮਾਂ ਜੀ ਨਾ ਮੈਨੂੰ ਉਰੇ ਬੁਲਾਂਦੇ ਨੇ ਤੇ ਨਾ ਆਵਦੇ ਨਾਲ ਬਹਿਣ ਲਈ ਆਹੰਦੇ ਨੇ । "ਮਾਂ ਜੀ" ਮੈਂ ਬੂਹੇ ਕੋਲ ਖਲੀ ਰਹਿੰਨੀ ਆਂ ।

ਉਹ ਬੂਹੇ ਉੱਤੇ ਲੱਗੀ ਮੱਕੇ ਮਦੀਨੇ ਦੀ ਮੂਰਤ ਵੇਹੰਦੇ ਨੇ ।

"ਮਾਂ ਜੀ, ਨੂਰੋ ਮਰ ਗਈ ਏ" ਮੈਂ ਆਹੰਨੀ ਆਂ ।

"ਬਾਉ ਮੈਨੂੰ ਦੱਸਿਆ ਏ, ਇੰਨਾ ਲਿੱਲਾਹ ਵ ਇੰਨਾ ਲਿੱਲਹਿ ਰਾਜਿਊਨ" ਮਾਂ ਜੀ ਹੁੱਕੇ ਦੀ ਨਲੀ ਜ਼ਰੀ ਹਲਾ ਕੇ ਆਵਦੇ ਵੱਲ ਛਿੱਕਦੇ ਨੇਂ, "ਪੈਸੇ ਜਨਾਜ਼ੇ ਤੇ ਕੁਲਾਂ ਲਈ ਪੂਰੇ ਪੈ ਗਏ ਸਨ?"

"ਜੀ, ਮਿਹਰਬਾਨੀ । ਪਰ ਮਾਂ ਜੀ, ਨੂਰੋ ਕਤਲ ਹੋਈ ਏ ਤੇ ਕਿਸੇ ਉਹਦੇ ਕਤਲ ਦਾ ਮੁਕੱਦਮਾ ਦਰਜ ਨਹੀਂ ਕਰਾਇਆ...."

"ਤੇਰਾ ਭਰਾ ਕਰ ਲੈ ਗਾ" ਉਹ ਚਾਂਦੀ ਦੇ ਪੈਂਦੇ ਵਿੱਚ ਗੁੜਗੁੜ ਕਰਦੇ ਨੇਂ ।

"ਮਾਂ ਜੀ, ਮੌਲਵੀਆਂ ਜੀਨੋ ਤੇ ਜ਼ਨਾ ਦਾ ਮੁਕੱਦਮਾ ਕਰ ਦਿੱਤਾ ਏ" ।

"ਮੈਨੂੰ ਪਤਾ ਏ। ਤੇਰਾ ਭਰਾ ਨਿਬੜ ਲੈ ਗਾ" ਉਹ ਆਖ ਕੇ ਅੰਮਾਂ ਜੀਵਾਂ ਵੱਲ ਵੇਹੰਦੇ ਨੇਂ "ਇਹਨੂੰ ਉੱਤੇ ਲੈ ਜਾ" ।

ਦੋ ਦਿਨਾਂ ਵਿੱਚ ਮੇਰੇ ਕਮਰੇ ਨੇ ਘੱਟੇ ਦੀ ਸੁਰਮਈ ਤਹਿ ਜਮਾ ਕੇ ਆਵਦੇ ਆਪ ਨੂੰ ਬੁੱਸੀ ਵਾਅ ਨਾਲ ਭਰ ਲਿਆ ਏ ।

ਅੰਮਾਂ ਜੀਵਾਂ ਮੇਰਾ ਸੂਟਕੇਸ ਜ਼ਮੀਨ ਤੇ ਰੱਖ, ਅੱਖਾਂ ਚਾਦਰ ਨਾਲ ਪੂੰਝ, ਆਹੰਦੀ ਏ ਕਿ ਮਾਂ ਜੀ ਉਹਨੂੰ ਮੇਰਾ ਕਮਰਾ ਸਾਫ਼ ਕਰਨ ਯਾਂ ਵਾਅ ਲਵਾਣ ਤੋਂ ਡੱਕ ਦਿੱਤਾ ਸੀ ।

"ਮਾਫ਼ੀ ਦੇਵੀਂ ਬੀਬੀ, ਮੈਂ ਸਾਰੀ ਉਮਰਾਂ ਉਹਦਾ ਨਿਮਕ ਖਾਦਾ ਏ, ਉਹਦਾ ਆਖਾ ਮੈਂ ਮੋੜ ਨਹੀਂ ਸਕਦੀ" ਅੰਮਾਂ ਜੀਵਾਂ ਰੋਣ ਲੱਗ ਪਈ ਏ ।

ਖ਼ੋਰੇ ਉਹਨੂੰ ਕਿਸੇ ਮੈਨੂੰ ਜੱਫੀ ਪਾਣ ਤੋਂ ਵੀ ਰੋਕਿਆ ਹੋਵੇ, ਮੈਂ ਇਕ ਦੋ ਪਲ ਉਡੀਕ ਕੇ ਅੰਮਾਂ ਜੀਵਾਂ ਨੂੰ ਜੱਫੀ ਵਿਚ ਲੈ ਲੈਂਨੀ ਆਂ ਕਿ ਉਹਨੂੰ ਕਿਸੇ ਦਾ ਆਖਾ ਮੋੜਨਾ ਨਾ ਪਵੇ ।

"ਅੰਮਾਂ ਕੋਈ ਗਲ ਨਹੀਂ, ਮੈਂ ਤੇ ਕਦੀ ਵੀ ਨਹੀਂ ਚਾਹੁੰਦੀ ਸਾਂ ਕਿ ਤੂੰ ਮੇਰਾ ਕਮਰਾ ਸਾਫ਼ ਕਰੇਂ" ਮੈਂ ਆਹੰਨੀ ਆਂ ਜਿਵੇਂ ਇਹ ਵੱਡੀ ਗੱਲ ਹੋਵੇ ।

ਅੰਮਾਂ ਜੀਵਾਂ ਮੈਨੂੰ ਜੱਫੀ ਨਹੀਂ ਪਾਂਦੀ, ਆਵਦਾ ਸਿਰ ਮੇਰੇ ਮੋਢੇ ਤੇ ਰੱਖਦੀ ਏ ਤੇ ਸੁੰਘੜ ਕੇ ਮੇਰੀਆਂ ਬਾਹਵਾਂ ਵਿਚ ਨਿੱਕੀ ਜਿਹੀ ਹੋ ਜਾਂਦੀ ਏ। ਉਹ ਪਹਿਲੋਂ ਤੋਂ ਜ਼ਰੀ ਹੋਲੀ ਹੋ ਗਈ ਏ, ਤੇ ਜ਼ਰੀ ਵੀ ਉਹਦੇ ਪਿੰਡੇ ਵਿੱਚੋਂ ਬੜਾ ਸਾਰਾ ਏ ।

"ਅੰਮਾਂ ਤੂੰ ਫ਼ਿਕਰ ਨਾ ਕਰ, ਸੱਭ ਠੀਕ ਹੋ ਜਾਏ ਗਾ" ਮੈਂ ਉਹਦੀ ਕੰਡ ਤੇ ਖ਼ਾਲੀ ਅੱਖਰਾਂ ਦੀ ਇਕ ਹੋਰ ਥਾਪੀ ਲਾਂਨੀ ਆਂ ।

ਉਹਦੀ ਹਾਹ ਨਿਕਲ ਜਾਂਦੀ ਏ ।

ਅਜਬ ਗੱਲ ਏ, ਮੇਰੇ ਅੱਥਰੂ ਅੱਖਾਂ ਵਿਚ ਰਹਿੰਦੇ ਨੇਂ ਤੇ ਉਹਦੇ ਅੱਥਰੂਆਂ ਨਾਲ ਬਾਹਰ ਨਹੀਂ ਆਂਦੇ ।

ਖ਼ੋਰਸ਼ੈਦੀ ਬਾਵਰਚੀ ਖ਼ਾਨੇ ਵਿੱਚੋਂ ਅੰਮਾਂ ਜੀਵਾਂ ਨੂੰ ਹਾਕ ਮਾਰਦੀ ਏ, ਉਹ ਮੇਰੀਆਂ ਬਾਹਵਾਂ ਵਿੱਚੋਂ ਨਿਕਲ, ਸਿਰ ਸੁੱਟਦੀ ਏ ਤੇ ਕੁੱਬੀ ਜਿਹੀ ਹੋ ਕੇ ਪੌੜ੍ਹੀਆਂ ਵੱਲ ਟੁਰ ਪੈਂਦੀ ਏ।

ਇਹ ਵੀ ਅਚਰਜ ਏ, ਅੰਮਾਂ ਜੀਵਾਂ ਕਦੀ ਸਿਰ ਨਹੀਂ ਸੁੱਟਿਆ ਤੇ ਨਾ ਕਦੀ ਕੁੱਬ ਕੱਢਿਆ ਏ ।

ਉਹ ਬੂਹੇ ਵਿੱਚੋਂ ਲੰਘ ਕੇ ਮੂੰਹ ਮੇਰੇ ਵੱਲ ਕਰਦੀ ਏ ਤੇ ਬੂਹਾ ਹੋਲੀ ਹੋਲੀ ਮੇਰੇ ਤੇ ਬੰਦ ਕਰ ਦਿੰਦੀ ਏ ।

ਉਹਨੂੰ ਵੇਹੰਦਿਆਂ ਮੈਨੂੰ ਸੁਰਤ ਆਂਦੀ ਏ ਕਿ ਗੱਲ ਸਿਰਫ਼ ਕੰਡ ਤੇ ਸਿਰ ਦੀ ਨਹੀਂ, ਮੈਂ ਉਹਦੀ ਰੂਹ ਵਿੱਚੋਂ ਵੀ ਕੁਝ ਖਸ ਲਿਆ ਏ ।

ਅੰਮਾਂ ਜੀਵਾਂ ਦੇ ਆਵਦੇ ਬਾਲ ਬੱਚੇ ਕੋ ਨੀ, ਖ਼ੋਰੇ ਇਹਦਾ ਵਿਆਹ ਵੀ ਹੋਇਆ ਸੀ ਕਿ ਨਹੀਂ । ਉਹਨੇ ਭਾ ਨੂੰ ਵੀ ਪਾਲਿਆ ਏ ਪਰ ਭਾ ਨਿਕਿਉਂ ਲਾ ਉਹਦੇ ਲਈ ਵੱਡਾ ਸੀ ਤੇ ਮੈਂ ਹਮੇਸ਼ ਉਹਦੇ ਹੱਥਾਂ ਵਿਚ । ਉਹਨੇ ਮਾਂ ਜੀ ਤੇ ਭਾ ਵਾਂਗਰ ਸਤਾਰ੍ਹਾਂ ਵਰ੍ਹੇ ਮੈਨੂੰ ਪਿਆਰ ਦਿੱਤਾ ਏ ਤੇ ਮੇਰਾ ਧਿਆਨ ਰੱਖਿਆ ਏ। ਮੈਂ ਇਨ੍ਹਾਂ ਸਾਰਿਆਂ ਨੂੰ ਜਿਵੇਂ ਨਿਰਆਦਰ ਕਰ ਦਿੱਤਾ ਏ ।

ਪਰ ਮੈਂ ਇਹਨਾਂ ਤਿੰਨਾਂ ਨੂੰ ਈ ਬੇਇਜ਼ਤਾ ਨਹੀਂ ਕੀਤਾ । ਮਾਮਿਆਂ ਚਾਚਿਆਂ, ਫੁੱਫੀਆਂ ਮਾਸੀਆਂ ਨੂੰ, ਉਨ੍ਹਾਂ ਦੇ ਧੀਆਂ ਪੁੱਤਰਾਂ ਨੂੰ, ਸੋਹਰਿਆਂ ਮਾਪਿਆਂ ਨੂੰ .... ਲਿਸਟ ਵਧਦੀ ਜਾਵੇਗੀ ।

ਮੈਂ ਥੱਕ ਟੁੱਟ ਕੇ ਪਲੰਗ ਤੇ ਢੈਹ ਪੈਂਨੀ ਆਂ, ਸੁਰਮਈ ਘੱਟੇ ਦਾ ਬਦਲ ਉਠਦਾ ਏ, ਹੋਲਾ ਫੁਲ, ਤੇ ਮੇਰੇ ਕਲਬੂਤ ਤੇ ਬਹਿ ਜਾਂਦਾ ਏ ।

ਜੀਨੋ ਦੋ ਦਿਹਾੜੀਆਂ ਵਿਚ ਲਾਹੋਰ ਪੁੱਜਦੀ ਏ। ਮੈਨੂੰ ਆਵਦੇ ਬੂਹੇ ਤੇ ਉਹਦੀ ਵਾਜ ਸਵੇਰੇ ਯਾਰ੍ਹਾਂ ਵਜੇ ਆਂਦੀ ਏ ਪਰ ਉਹ ਆਪ ਦੁਪਹਿਰੀਂ ਤਿੰਨ ਵਜੇ ਨਜ਼ਰੀਂਦੀ ਏ । ਕਿਸੇ ਨੂੰ ਮੇਰੇ ਕੋਲ

ਆਣ ਦੀ ਇਜਾਜ਼ਤ ਨਹੀਂ, ਜੀਨੋ ਤੇ ਖ਼ੋਰਸ਼ੈਦੀ ਮਾਂ ਜੀ ਦੇ ਸੌਣ ਤੋੜੀ ਉਡੀਕਦੀਆਂ ਨੇਂ ਤੇ ਮੁੜ ਉੱਤੇ ਆਂਦੀਆਂ ਨੇਂ । ਜੀਨੋ ਨੂੰ ਮੇਰੇ ਕੋਲ ਛੱਡ, ਖ਼ੋਰਸ਼ੈਦੀ ਪੌੜੀਆਂ ਥੱਲੇ ਪਹਿਰੇ ਬਹਿ ਜਾਂਦੀ ਏ ।

ਬੁੱਲ੍ਹਾਂ ਤੇ ਡਰੀ ਹੋਈ ਮੁਸਕਾਨ, ਮੱਥੇ ਤੇ ਨਸਾਂ ਦੀਆਂ ਖਿੱਚੀਆਂ ਤਣਾਵਾਂ ਤੇ ਅੱਖਾਂ ਚਿੜੀਆਂ ਹਾਰ ਜ਼ਰੀ ਖੜਾਕ ਤੇ ਉੱਡ ਪੈਂਦੀਆਂ । ਅੰਮਾਂ ਜ਼ੈਨਬ ਦੇ ਚਿੱਟੇ ਟੋਪੀ ਆਲੇ ਬੁਰਕੇ ਹੇਠੋਂ ਜੀਨੋ ਤੇ ਰੱਤੀ ਲਾਲ ਸ਼ਨੀਲ ਤੇ ਸੁਨਹਿਰੀ ਗੋਟਾ ਝਾਤੀਆਂ ਮਾਰਦਾ ਪਿਆ ਏ ।

ਮੈਂ ਤੇ ਜੀਨੋ ਜੱਫੀ ਪਾਣ ਦੀ ਥਾਂ ਇਕ ਦੂਜੇ ਦੇ ਹੱਥ ਫੜ ਲੈਨੇ ਆਂ। ਜੀਨੋ ਦੀਆਂ ਤਲੀਆਂ ਵਿਚ ਠੰਢੇ ਮੁੜ੍ਹਕੇ ਨੇ, ਮੈਂ ਉਨ੍ਹਾਂ ਨੂੰ ਆਵਦੀਆਂ ਸੁੱਕੀਆਂ ਤੇ ਕੋਸੀਆਂ ਤਲੀਆਂ ਵਿਚ ਸਾਂਭਣੀ ਆਂ ।

"ਬੁਰਕਾ ਲਾਹ ਦੇ ਜੀਨੋ" ਮੈਂ ਆਹੰਨੀ ਆਂ ।

ਜੀਨੋ ਟੋਪੀ ਧਰੂ ਕੇ ਬੁਰਕਾ ਬਾਂਹ ਤੇ ਪਾ ਲੈਂਦੀ ਏ । ਉਹ ਆਵਦੇ ਵਿਆਹ ਦੇ ਲਾਲ ਜੋੜੇ ਵਿਚ ਏਨੀ ਫਬਦੀ ਪਈ ਏ ਪਰ ਉਹਦਾ ਮੁੱਖ ਪੀਲਾ ਫਟਕ ਏ । ਮੈਂ ਡੋਰ ਭੋਰੀ ਹੋ ਜਾਂਨੀ ਆਂ, ਸਮਝ ਨਹੀਂ ਆਂਦੀ ਕਿ ਜੀਨੋ ਆਵਦੇ ਵਿਆਹ ਦਾ ਜੋੜਾ ਕਿਉਂ ਪਾਈ ਖਲੀ ਏ ।

"ਹੋਰ ਕੀ ਪਾਂਦੀ? ਸਾਰੇ ਲੀੜੇ ਪੁਰਾਣੇ ਸਿਰਾਣੇ, ਪਾਟੇ ਟੁੱਕੇ ਹੋਏ ਨੇ" ਉਹ ਅੱਖੀਂ ਨੀਵੀਆਂ ਕਰ ਲੈਂਦੀ ਏ ।

ਜੀਨੋ ਮੇਰੇ ਦਿਲ ਦੀਆਂ ਬੁੱਝਣ ਲੱਗ ਪਈ ਏ ।

"ਤੂੰ ਇਸ ਜੋੜੇ ਵਿਚ ਫਬਣੀ ਪਈ ਏਂ" ਮੈਂ ਆਹੰਨੀ ਆਂ ।

ਦਾਈ ਨੇ ਨੂਰੋ ਦੀ ਕੁੱਖ ਵਿੱਚੋਂ ਮੋਇਆ ਬਾਲ ਕੱਢ ਲਿਆ ਸੀ ਤੇ ਉਹ ਉਸੇ ਦਿਹਾੜੇ ਦਫ਼ਨੀਜ ਗਈ ਸੀ। ਪਿੰਡ ਦੀਆਂ ਕਬਰਾਂ ਵਿਚ ਮੇਰੇ ਪਿਓ, ਦਾਦੀ ਤੇ ਚਾਚੇ ਮਰਨੇ ਨਾਲ ਉਹ ਚੌਥੀ ਕਬਰ ਹੋਵੇਗੀ। ਚਾਰਾਂ ਵਿਚ ਨੂਰੋ ਕੱਲੀ ਬਾਲੜੀ ਏ ਪਰ ਉਹਦੀ ਕਬਰ ਸੱਭ ਤੋਂ ਭੈੜੀ ਹੋਣੀ ਏ। ਬਾਕੀ ਤਿੰਨੇ ਪੈਸੇ ਆਲੇ ਸਨ, ਉਨ੍ਹਾਂ ਦੀਆਂ ਕਬਰਾਂ ਪੱਕੀਆਂ ਨੇ ਤੇ ਸੰਗੇ ਮਰਮਰ ਦੇ ਕਤਬੇ ਲੱਗੇ ਨੇ। ਨੂਰੋ ਦੀ ਐਵੇਂ ਮਿੱਟੀ ਦੀ ਢੇਰੀ ਹੋਣੀ ਏ ਜਿਹੜੀ ਦੂਜੇ ਮਰੇੜੇ ਲੋਕਾਂ ਦੀਆਂ ਕਬਰਾਂ ਵਾਂਗਰ ਤਰੈ ਚਾਰ ਮਹੀਨਿਆਂ ਵਿਚ ਭੁਰ ਖੁਰ ਕੇ ਨਿੱਸਲ ਹੋ ਜਾਵੇਗੀ। ਉਹ ਲੋਕੀ ਜਿਹੜੇ ਸਾਰੀ ਉਮਰਾਂ ਪਿੰਡ ਰਹੇ, ਉਹਦੀ ਭੋਏਂ ਤੇ ਵਾਹੀ ਬੀਜੀ ਕੀਤੀ, ਉਥੇ ਈ ਮਰੇ ਤੇ ਨੱਪੇ ਗਏ, ਉਨ੍ਹਾਂ ਦਾ ਈ ਕੋਈ ਝੌਲਾ ਉਸ ਜ਼ਮੀਨ ਤੇ ਨਹੀਂ ਮਿਲਣਾ।

ਜੀਨੋ ਨੇ ਡਰ ਦੀ ਮਾਰੀ ਮਾਂ ਜੀ ਨਾਲ ਜ਼ਨਾ ਦੇ ਕੇਸ ਦੀ ਗੱਲ ਨਹੀਂ ਕੀਤੀ, ਮੈਨੂੰ ਵੀ ਜਾਪਦਾ ਏ ਮਾਂ ਜੀ ਬਦਲ ਜਿਹੇ ਗਏ ਨੇ । ਉਨ੍ਹਾਂ ਹਮੇਸ਼ ਹਰ ਕਿਸੇ ਦੀ ਗੱਲ ਸੁਣੀ ਏ ਪਰ ਹੁਣ ਮੇਰੀ? ਜੀਨੋ ਦੀ? ਨਹੀਂ ।

ਨਮਾਸ਼ੀਂ ਮਾਂ ਜੀ ਮੈਨੂੰ ਆਵਦੇ ਕਮਰੇ ਬੁਲਾਂਦੇ ਨੇਂ । ਜੀਨੋ ਉਨ੍ਹਾਂ ਦੀ ਪਵਾਂਦੀ ਭੋਏਂ ਤੇ ਬੈਠੀ ਰੋਂਦੀ ਪਈ ਏ ।

"ਅੱਸਲਾਮੁ ਅਲੈਕੁਮ ਮਾਂ ਜੀ" ਮੈਂ ਆਹੰਨੀ ਆਂ ।

"ਵਾ ਅਲੈਕੁਮ" ਉਹ ਆਖ ਕੇ ਪਰਾਂਹ ਕਰਦੇ ਨੇ "ਤੂੰ ਮੈਨੂੰ ਦੱਸਿਆ ਕਿਉਂ ਨਹੀਂ ਬਈ ਤੂੰ ਮੌਲਵੀ ਤੇ ਫ਼ੈਰ ਕੀਤੇ ਸਨ?" ਉਹ ਪੁੱਛਦੇ ਨੇ ।

"ਮੈਂ.... ਜੀ ...."

"ਬਹਿ ਜਾ" ਉਹ ਬੂਹੇ ਕੋਲ ਪਈ ਕੁਰਸੀ ਵੱਲ ਉਂਗਲ ਕਰਦੇ ਨੇ "ਕੀ ਹੋਇਆ ਸੀ?"

"ਜੀਨੋ ਦਾਈ ਨੂੰ ਬੁਲਾਣ ਗਈ ਸੀ ਕਿ ਨੂਰੋ ਦੀ ...."

"ਮੈਨੂੰ ਪਤਾ ਏ"।

"ਉਹ ਘੰਟਾ ਡੇੜ੍ਹ ਮੁੜ ਕੇ ਨਹੀਂ ਆਈ, ਅਸੀਂ...."

"ਉਥੇ ਹੋਰ ਕੌਣ ਕੌਣ ਸੀ?"

"ਨੂਰੋ ਤੇ ...."

"ਉਹ ਉਸ ਵੇਲੇ ਤੋੜੀ ਜਿਉਂਦੀ ਸੀ?"

"ਮਾਸੀ ਇਬਰਾ, ਅੰਮਾਂ ਜ਼ੈਨਬ, ਨਿਰਮਲਾ ...."

"ਨਿਰਮਲਾ ਕਿਹੜੀ?"

"ਮੁਨਸ਼ੀ ਜੀ ਦੀ ਨਵੀਂ ਵੋਹਟੀ"।

"ਹੈਂ? ਉਹ ਮਜੀਦਨ ਤੇ ਸੌਕਣ ਲੈ ਆਇਆ ਏ?" ਉਹ ਜੀਨੋ ਵੱਲ ਮੁੜਦੇ ਨੇ : "ਤੇ ਹਿੰਦਨੀ ਏ?"

"ਮੁਸਲਮਾਨ ਏ, ਨਿਰਮਲਾ ਸ਼ਾਹੀਨ" ਮੈਂ ਆਹੰਨੀ ਆਂ।

"ਜਜ਼ਾਕ ਅੱਲਾਹ, ਮੁਨਸ਼ੀ ਇਕ ਹਿੰਦੂ ਮੁਸਲਮਾਨ ਕੀਤਾ ਏ" ਉਹ ਬੂਆ ਮਜੀਦਨ ਦਾ ਖ਼ਿਆਲ ਵਿਚੇ ਛੱਡ ਦਿੰਦੇ ਨੇਂ।

"ਮੁਨਸ਼ੀ ਕਰਾਚੀ ਵਿਚ ਦਸ ਹਜਾਰ ਦਿੱਤੇ ਨੇ ਅਗਲਿਆਂ ਨੂੰ, ਬੰਗਾਲਣ ਏ" ਜੀਨੋ ਆਹੰਦੀ ਏ।

"ਪਿੰਡ ਵਿਚ ਖੇਹ ਪਈ ਉੱਡਦੀ ਏ, ਜੇ ਮਾਲਿਕ ਸਿਰ ਤੇ ਨਾ ਹੋਣ ਤੇ ਸੱਭ ਵਿਗੜ ਜਾਂਦੀ ਏ। ਕੱਲਾ ਕਿਹੜੇ ਕਿਹੜੇ ਪਾਸੇ ਜਾਵੇ, ਇਹਦਾ ਕੋਈ ਭਰਾ ਹੋਵੇ ਆ...." ਮਾਂ ਜੀ ਆਵਦੇ ਫ਼ਿਕਰਾਂ ਵਿਚ ਪੈ ਜਾਂਦੇ ਨੇ।

ਇਸ ਵੇਲੇ ਇਸ ਸ਼ਹਿਰ ਵਿਚ ਈਂ ਜਿਹੀਆਂ ਜ਼ਨਾਨੀਆਂ ਵੀ ਨੇਂ ਜਿਹੜੀਆਂ ਬਪਾਰ ਕਰਦੀਆਂ ਤੇ ਫ਼ਾਰਮ ਚਲਾਂਦੀਆਂ ਨੇਂ, ਫਿਰ ਵੀ ਮਾਂ ਜੀ ਯਾਂ ਭਾ ਨਹੀਂ ਸੋਚਦੇ ਕਿ ਮੈਂ ਉਨ੍ਹਾਂ ਨਾਲ ਪਿੰਡ ਸੰਭਾਲ ਸਕਨੀ ਆਂ ਯਾਂ ਵਕੀਲ ਬਣ ਕੇ ਉਨ੍ਹਾਂ ਨਾਲ ਹੱਥ ਪਵਾ ਸਕਨੀ ਆਂ।

ਜਦੋਂ ਮੈਂ ਨਿੱਕੀ ਹੁੰਦੀ ਸਾਂ, ਭਾ ਤੇ ਮਾਂ ਜੀ ਮੈਨੂੰ ਦੱਸਦੇ ਰਹਿੰਦੇ ਸਨ ਕਿ ਤਾਲੀਮ ਕਿੰਨੀ ਜ਼ਰੂਰੀ ਏ, 'ਇਲਮ ਹਾਸਿਲ ਕਰਨ ਲਈ ਚੀਨ ਵੀ ਜਾਣਾ ਪਵੇ ਤੇ ਜਾਓ' ਤੇ 'ਤਾਲੀਮ ਔਰਤ ਕਾ ਜ਼ੇਵਰ ਹੈ'। ਮੈਂ ਹਰ ਦਿਹਾੜੇ ਛੇ ਸਤ ਘੰਟੇ ਪੜ੍ਹਨ ਲਿਖਣ ਵਿਚ ਲੰਘਾਂਦੀ ਸਾਂ। ਜਦੋਂ ਮੈਂ ਵੱਡੀ ਹੋਈ, ਮੇਰਾ ਮਤਲਬ ਏ ਜਦੋਂ ਮੈਂ ਜਵਾਨ ਹੋਈ, ਤੇ ਗੱਲ ਹੋਰ ਦੀ ਹੋਰ ਹੋ ਗਈ। ਹੁਣ ਤਾਲੀਮ ਇਕ ਗਹਿਣਾ ਨਹੀਂ, ਉਸ ਗਹਿਣੇ ਦਾ ਇਕ ਨਕਲੀ ਨੱਗ ਸੀ ਜਿਹਦੇ ਤੇ ਘਰ ਗ੍ਰਹਿਸਤੀ ਦੇ ਕਿੰਨੇ ਈ ਹੀਰੇ ਜੜੇ ਹੋਏ ਸਨ। ਔਰਤਾਂ ਦੀਆਂ ਖੇਡਾਂ ਬੇਹਯਾਈ ਸਮਝੀ ਗਈ ਤੇ ਮੈਨੂੰ ਪਤਾ ਏ ਕਿ ਹੁਣ ਮੈਂ ਕਦੇ ਵੀ ਨਹੀਂ ਖੇਡ ਸਕਾਂਗੀ। ਸਾਰੇ ਮੁੱਲਾਂ, ਜਨਰਲ ਜ਼ਿਆਅ, ਭਾ ਤੇ ਮਾਂ ਜੀ ਇਸ ਮਸਲੇ ਤੇ ਕੱਠੇ ਨੇਂ। ਅਚਰਜ ਏ ਕਿ ਮੈਂ ਜਦੋਂ ਵੀ ਮਾਂ ਜੀ ਨੂੰ ਇਸ ਵਟਾਵੇਂ ਦੀ ਵਜ੍ਹਾ ਪੁੱਛੀ ਏ, ਉਨ੍ਹਾਂ ਐਵੇਂ ਜ਼ਾਹਿਰ ਕੀਤਾ ਏ ਜਿਵੇਂ ਵਜ੍ਹਾ ਮੇਰੇ ਸਾਹਮਣੇ ਏ ਯਾਂ ਮੈਨੂੰ ਆਪੇ ਪਤਾ ਹੋਣੀ ਚਾਹੀਦੀ ਸੀ।

"ਇਸੇ ਲਈ ਤੇਰਾ ਭਰਾ ਮੈਨੂੰ ਉਸ ਦਿਨ ਤੋਂ ਮਿਲਿਆ ਨਹੀਂ, ਤੇਰੇ ਆਣ ਦਾ ਵੀ ਸੁਨੇਹਾ ਈ ਘੱਲਿਆ ਸੂ । ਮੈਂ ਹਰਿਆਣ ਸਾਂ ਬਈ ਮੇਰੇ ਨਾਲ ਸਲਾਹ ਕੀਤੇ ਬਿਨਾਂ ਉਹ ਤੈਨੂੰ ਪਿੰਡੋਂ ਕਿਉਂ ਪਿਆ ਲਿਆਂਦਾ ਏ। ਪਤਾ ਨਹੀਂ ਹੁਣ ਇਹਦੇ ਲਈ ਉਹਨੂੰ ਕੀ ਕੁੱਝ ਕਰਨਾ ਪਏ ਗਾ" ਮਾਂ ਜੀ ਆਹੰਦੇ ਨੇਂ ।

"ਜੀ?"

"ਉਹਦੀ ਰੈਫ਼ਲ ਨਾਲ ਮੌਲਵੀ ਤੇ ਫ਼ੈਰ ਕਰਨਾ" ਮਾਂ ਜੀ ਪ੍ਰੇਸ਼ਾਨ ਨੇਂ "ਤੈਨੂੰ ਪਤਾ ਈ ਏ ਇਸ ਹਕੂਮਤ ਵਿਚ ਉਹਦੀ ਸ਼ੁਨਵਾਈ ਨਹੀਂ, ਮੌਲਵੀ ਉਹਦੇ ਤੋਂ ਖ਼ਾਰ ਵੀ ਬੜੀ ਖਾਂਦਾ ਏ। ਤੂੰ ਕਿਵੇਂ ਨਿਡੱਰ ਹੋ ਕੇ ਮੌਲਵੀ ਤੇ ਗੋਲੀਆਂ ਚਲਾ ਦਿੱਤੀਆਂ ਜਦ ਕਿ ਤੈਨੂੰ ਆਵਦੇ ਭਰਾ ਦੀ ਪੁਜ਼ੀਸ਼ਨ ਦਾ ਪਤਾ ਸੀ?"

ਇਹਦੇ ਤੋਂ ਮੈਨੂੰ ਚੇਤੇ ਆਂਦਾ ਏ, ਭਾ ਕਿਵੇਂ ਹਫ਼ਤੇ ਵਿੱਚ ਦੋ ਤਿੰਨ ਵਾਰੀ ਮੈਨੂੰ ਬੰਦੂਕ ਚੁੱਕਣ, ਛਰੇ ਯਾਂ ਗੋਲੀਆਂ ਭਰਨ, ਨਿਸ਼ਾਨਾ ਲੈਣ ਤੇ ਬੰਦੂਕ ਚਲਾਣ ਦੀ ਮਸ਼ਕ ਕਰਾਂਦਾ ਹੁੰਦਾ ਸੀ। ਸਮਝ ਨਹੀਂ ਆਂਦੀ ਕਿ ਜੇ ਮੈਂ ਆਵਦੀ ਹਿਫ਼ਾਜ਼ਤ ਲਈ ਗੋਲੀ ਨਹੀਂ ਸੀ ਚਲਾਣੀ ਤੇ ਫਿਰ ਕਦੋਂ ਚਲਾਣੀ ਸੀ ।

"ਕਿਉਂ ਮਾਂ ਜੀ, ਉਹ ਸਾਡੇ ਗੇਟ ਤੇ ਜੀਨੋ ਨੂੰ ਘੇਰ ਕੇ ਮਾਰਦੇ ਪਏ ਸਨ ਤੇ ਮੁੜ ਉਨ੍ਹਾਂ ਸਾਡੇ ਪਾਸੇ ਆਣਾ ਸੀ" ਮੈਂ ਆਹੰਨੀ ਆਂ ।

"ਉਨ੍ਹਾਂ ਕਦੀ ਸਾਡੀ ਦਹਿਲੀਜ਼ ਨਹੀਂ ਸੀ ਟਿੱਪਣੀ, ਤੁਸਾਂ ਅੰਦਰ ਮਹਿਫ਼ੂਜ਼ ਸਾਉ" ।

"ਐਵੇਂ ਲਗਦਾ ਨਹੀਂ ਸੀ, ਨਾਲੇ ਅਸੀਂ ਜੀਨੋ ਨੂੰ ਤੇ ਦਾਈ ਦੇ ਪੁਤੱਰ ਨੂੰ ਕਿਵੇਂ ਛੁਡਾਂਦੇ? ਏਨੇ ਸਾਰੇ ਪਾਗਲ ਹੋਏ ਹੋਏ ਲੋਕੀ ਕੁਝ ਵੀ ਕਰ ਸਕਦੇ ਸਨ । ਨਿਰਮਲਾ ਤੇ ਏਨੀ ਡਰ ਗਈ ਸੀ ਕਿ ਨੂਰੋ ਆਲੇ ਪਲੰਗ ਥੱਲੇ ਲੁਕ ਗਈ । ਅੰਮਾਂ ਜ਼ੈਨਬ ਤੇ ਮਾਸੀ ਇਬਰਾ ਨੂੰ ਵੀ ਲੱਗਿਆ ਕਿ ਉਨ੍ਹਾਂ ਦੋਵਾਂ ਨੂੰ ਫੈਂਟ ਕੇ ਉਹ ਸਾਡੇ ਪਾਸੇ ਆਣਗੇ ਤੇ ਉਨ੍ਹਾਂ ਮੈਨੂੰ ਬੰਦੂਕ ਕੱਢਣ ਲਈ ਆਖਿਆ" ।

"ਤੇ ਫਿਰ ਮੌਲਵੀ ਤੇ ਗੋਲੀਆਂ ਤੈਥੋਂ ਇਬਰਾ ਤੇ ਜ਼ੈਨਬ ਚਲਵਾਈਆਂ ਨੇਂ?"

"ਨਹੀਂ ਮਾਂ ਜੀ, ਉਹ ਮੈਂ ਆਪੇ ਚਲਾਈਆਂ ਸਨ" ।

"ਤੂੰ ਪਿੰਡ ਜਾਣ ਲੱਗੀ ਸੈਂ ਤੇ ਮੈਂ ਤੈਨੂੰ ਸਮਝਾਇਆ ਸੀ ਬਈ ਹੁਣ ਪੈਰ ਸੋਚ ਸਮਝ ਕੇ ਚਾਵੀਂ, ਤੂੰ ਮੁੜ ਹੂੜਮੱਤੀ ਕੀਤੀ ਏ ਤੇ ਮੁੜ ਆਵਦੇ ਭਰਾ ਨੂੰ ਤੇ ਮੈਨੂੰ ਨਿਵਾਇਆ ਈ" ।

ਇਹਦੇ ਵਿਚ ਮੇਰੀ ਕੀ ਹੂੜ ਮੱਤੀ ਸੀ? ਮੈਂ ਹੋਰ ਕੀ ਕਰਦੀ? ਤੇ ਉਸ ਵੇਲੇ ਸੋਚ ਸਮਝ ਕੇ ਪੈਰ ਚਾਵਣ ਤੋਂ ਮਾਂ ਜੀ ਦਾ ਕੀ ਮਤਲਬ ਏ?

ਮਗਰੋਂ ਖ਼ੋਰਸ਼ੈਦੀ ਥਾਈਂ ਜੀਨੋ ਮੇਰੀ ਰਾਤ ਦੀ ਰੋਟੀ ਲਿਆਈ, ਮੈਂ ਸੋਚੀਂ ਪੈ ਗਈ ਕਿ ਇਹ ਬਦਲੀ ਕਿਵੇਂ ਆਈ ਏ । ਜੀਨੋ ਮੇਰਾ ਪੁਰਾਣਾ ਫ਼ੀਰੋਜ਼ੀ ਰੰਗ ਦਾ ਸੂਟ ਤੇ ਮਾਂ ਜੀ ਦਾ ਚਿੱਟਾ ਦੁਪੱਟਾ ਪਾਈ ਖਲੀ ਏ, ਲਗਦਾ ਏ ਮਾਂ ਜੀ ਉਹਨੂੰ ਘਰ ਰੱਖ ਲਿਆ ਏ ।

ਮੇਰਾ ਗ੍ਰੇੜ ਠੀਕ ਨਹੀਂ ਸੀ, ਜੀਨੋ ਮੇਰੀ ਰੋਟੀ ਇਸ ਲਈ ਲਿਆਈ ਕਿ ਖ਼ੋਰਸ਼ੈਦੀ ਮੇਰੇ ਐਮ–ਪੀ–ਏ ਤਾਏ ਦੇ ਘੱਰ ਇਹ ਪੁੱਛਣ ਗਈ ਏ ਕਿ ਜੀਨੋ ਨੂੰ ਥਾਣੇ ਘੱਲਣਾ ਏ ਯਾਂ ਦਾਰੁਲਅਮਾਨ ।

ਉਹ ਮੇਰੇ ਲੀੜੇ ਇਸ ਲਈ ਪਾਈ ਖਲੀ ਏ ਕਿ ਹੁਣ ਜਿੱਥੇ ਵੀ ਉਸ ਜਾਣਾ ਏ, ਉਥਾਂ ਲਈ ਸੁਹਾਗ ਦਾ ਜੋੜਾ ਮੁਨਾਸਬ ਨਹੀਂ।

"ਬੀਬੀ, ਬੇਗ਼ਮ ਮੇਰਾ ਯਕੀਨ ਨਹੀਉਂ ਨਾ ਕੀਤਾ" ਜੀਨੋ ਆਵਦੀ ਕਮੀਜ਼ ਦੀ ਬਾਂਹ ਨਾਲ ਅੱਖਾਂ ਪੂੰਝਦੀ ਏ "ਆਹੰਦੀ ਏ, ਮੈਂ ਰਮਜ਼ੂ ਨਾਲ ਗੰਦੀ ਹੋਵਾਂਗੀ। ਬੀਬੀ ਉਹ ਤੇ ਅਸਲੋਂ ਬਾਲ ਏ, ਮੇਰੇ ਪੁਤੱਰ ਤੋਂ ਵੀ ਨਿੱਕਾ। ਬੇਗ਼ਮ ਆਹੰਦੀ ਏ, ਮੌਲਬੀ ਅੱਗੇ ਮੇਰੀ ਕਿਹਨੇ ਸੁਨਣੀ ਏ?"

"ਜੀਨੋ ਤੂੰ ਰੋ ਨਾ, ਅਸੀਂ ਕੁੱਝ ਕਰਨੇ ਆਂ"।

"ਆਸ ਕੋ ਨੀ, ਮੌਲਬੀ ਦੀ ਗਵਾਹੀ ਉਨ੍ਹਾਂ ਨਹੀਂ ਮੋੜਨੀ। ਸਾਰੇ ਉਹਨੂੰ ਈ ਮੰਨਣ ਗੇ, ਮੇਰੀ ਸੱਸ, ਮੇਰਾ ਪੁਤੱਰ, ਬੇਗ਼ਮ"।

ਮੇਰਾ ਦਿਲ ਕਰਦਾ ਏ ਕਿ ਕਿਸੇ ਤਰ੍ਹਾਂ ਰੱਫ਼ੋ ਨੂੰ ਮਿਲਾਂ ਯਾਂ ਵੂਮਨ ਐਕਸ਼ਨ ਫ਼ੋਰਮ ਦੀ ਕਿਸੇ ਜ਼ਨਾਨੀ ਨੂੰ।

"ਤੂੰ ਰੋਟੀ ਖਾਦੀ ਏ?" ਮੈਂ ਉਹਨੂੰ ਮਾਂ ਜੀ ਵਾਂਗਰ ਪੁੱਛਣੀ ਆਂ।

"ਭੁੱਖ ਕੋ ਨੀ"।

"ਜੀਨੋ, ਜੇ ਅਸੀਂ ਕੁੱਝ ਕਰਨਾ ਏ ਤੇ ਸਾਨੂੰ ਤਾਕਤ ਦੀ ਲੋੜ ਏ" ਮੈਂ ਟਰੇ ਦੋਵਾਂ ਦੇ ਵਿਚਕਾਰ ਰੱਖ ਦੇਂਨੀ ਆਂ।

"ਕਰਨ ਨੂੰ ਕੀ ਪਿਆ ਏ?"

"ਅਸੀਂ ਦੋਵੇਂ ਖਾਵਾਂਗੇ ਨਹੀਂ ਤੇ ਮੈਂ ਵੀ ਨਹੀਂ ਖਾਣਾ" ਮੈਂ ਫੁਲਕਾ ਅੱਧਾ ਕਰ ਕੇ ਉਹਨੂੰ ਦੇਂਨੀ ਆਂ।

"ਇਹ ਤੇਰੀ ਰੋਟੀ ਏ"।

"ਮੈਂ ਚਾਰ ਫੁਲਕੇ ਕੱਲੀ ਤੇ ਨਹੀਂ ਖਾ ਸਕਦੀ, ਇਹ ਲੈ"।

ਜੀਨੋ ਫੁਲਕਾ ਲੈ ਕੇ ਉੱਤੇ ਭਾਜੀ ਰੱਖਦੀ ਏ।

ਅਸੀਂ ਦੋਵੇਂ ਰੋਟੀ ਚਗ਼ਲ ਚਗ਼ਲ ਕੇ ਸੰਘੋਂ ਲੰਘਾਣ ਲੱਗ ਪੈਂਨੇ ਆਂ।

"ਜੀਨੋ ਤੂੰ ਕਿਸੇ ਨੂੰ ਫ਼ੋਨ ਕਰ ਲਏਂਗੀ?" ਸਵਾਲ ਫ਼ਜ਼ੂਲ ਏ, ਜੇ ਸਾਡੇ ਘਰ ਫ਼ੋਨ ਹੁੰਦਾ ਤੇ ਮਾਂ ਜੀ ਵੀ ਨਹੀਂ ਮਿਲਾ ਸਕਦੇ ਸਨ।

"ਕੀ?"

"ਇਸੇ ਸ਼ਹਿਰ ਵਿਚ ਜ਼ਨਾਨੀਆਂ ਨੇਂ ਜਿਹੜੀਆਂ ਸਾਡੀ ਇਮਦਾਦ ਕਰ ਸਕਦੀਆਂ ਨੇਂ। ਮਸਲਾ ਏ ਉਨ੍ਹਾਂ ਤਾਈਂ ਅੱਪੜਨਾ"।

"ਸੱਚ ਆਹਨੀ ਏਂ?"

"ਆਹੋ, ਪਰ ਮਸਲਾ ...."

"ਤੂੰ ਮੈਨੂੰ ਦੱਸ ਕਿਹੜਾ ਘਰ ਏ ਤੇ ਵੇਖ ਮੈਂ ਕਿਵੇਂ ਅੱਪੜਨੀ ਆਂ" ਜੀਨੋ ਰੋਟੀ ਚੰਗੇਰ ਵਿਚ ਰੱਖ ਦਿੰਦੀ ਏ।

"ਇਕ ਘਰ ਤੇ ਇੱਥੇ ਗੁਲਬਰਗ ਏ, ਮੈਂ ਪਤਾ ਲੱਭਣੀ ਆਂ" ਮੈਂ ਵੀ ਰੋਟੀ ਛੱਡ ਦੇਂਨੀ ਆਂ।

ਦੋ ਵਰ੍ਹੇ ਹੋ ਗਏ ਨੇਂ ਮੈਂ ਵੈਫ਼ ਦੀਆਂ ਕੁੱਝ ਜ਼ਨਾਨੀਆਂ ਨੂੰ ਮਿਲੀ ਸਾਂ, ਹੁਣ ਤੇ ਮੈਨੂੰ ਉਨ੍ਹਾਂ ਦੇ ਨਾਂ ਵੀ ਚੇਤੇ ਨਹੀਂ। ਮੈਂ ਡੈਸਕ ਦੇ ਦਰਾਜ਼ ਫੋਲਣੀ ਆਂ, ਪੁਰਾਣੀਆਂ ਕਾਪੀਆਂ, ਪੈਮਫ਼ਲਟ। ਵੈਫ਼ ਦਾ ਪਤਾ ਕਿਧਰੇ ਨਹੀਂ ਮਿਲਦਾ।

"ਜੀਨੋ। ਥੱਲੋਂ ਅਖ਼ਬਾਰ ਲਿਆਈਂ । ਕਦੇ ਕਿਸੇ ਮੀਟਿੰਗ ਦੇ ਸੱਦੇ ਨਾਲ ਥਾਂ ਪਤਾ ਲਿਖਿਆ ਹੁੰਦਾ ਏ"।

"ਬੇਗ਼ਮ ਕੋਲ ਪਿਆ ਸੀ"।

"ਉਹੋ, ਹੁਣ ਸਾਨੂੰ ਉਨ੍ਹਾਂ ਦੇ ਸੌਣ ਤਾਈਂ ਉਡੀਕਣਾ ਪਏ ਗਾ" ਮੈਂ ਬਹਿ ਕੇ ਫਿਰ ਰੋਟੀ ਫੜ ਲੈਂਨੀ ਆਂ ।

"ਇਹ ਜ਼ਨਾਨੀਆਂ ਜਨਰਲ ਜ਼ਿਆਅ ਦੇ ਘਰੋਂ ਨੇਂ?" ਜੀਨੋ ਵੀ ਰੋਟੀ ਖਾਣ ਲੱਗ ਪੈਂਦੀ ਏ ।

"ਨਹੀਂ, ਅਜ਼ਾਦ ਨੇਂ...."

"ਤੇ ਮੁੜ ਉਨ੍ਹਾਂ ਦੀ ਕੀਹਨੇਂ ਸੁਨਣੀ ਏ?"

"ਉਨ੍ਹਾਂ ਬੜੀਆਂ ਦੀ ਇਮਦਾਦ ਕੀਤੀ ਏ। ਉਹ ਕੋਈ ਦੋ ਚਾਰ ਨਹੀਂ, ਕਈ ਜ਼ਨਾਨੀਆਂ ਨੇਂ ਜਿਹੜੀਆਂ ਮਿਲ ਕੇ ਇਨਸਾਫ਼ ਲਈ ਲੜਦੀਆਂ ਨੇਂ"।

''ਪਤਾ ਨਹੀਂ ਬੀਬੀ, ਮੈਂ ਘਰ ਲੱਭ ਲਾਂਗੀ ਪਰ ਉਨ੍ਹਾਂ ਵੀ ਮੇਰੇ ਤੇ ਯਕੀਨ ਨਾ ਕੀਤਾ ਤੇ ਮੁੜ? ਬੇਗ਼ਮ ਵੀ ਨਹੀਂ ਮੰਨੀ । ਤੂੰ ਲਿਖ ਕੇ ਦੇ ਚਾ, ਖ਼ੋਰੇ ਉਹ ਤੇਰੀ ਮਨ ਲੈਣ'' ।

ਜੀਨੋ ਨੂੰ ਮਾਂ ਜੀ ਦੇ ਨਾ ਮੰਨਣ ਦਾ ਸਦਮਾ ਏ ਤੇ ਮੈਨੂੰ ਵੀ, ਪਰ ਇਹ ਵੇਲਾ ਮਾਂ ਜੀ ਨੂੰ ਮਨਾਣ ਦਾ ਨਹੀਂ ।

"ਤੂੰ ਮੈਨੂੰ ਅਖ਼ਬਾਰ ਲਿਆ ਦੇ, ਮੈਂ ਚਿੱਠੀ ਲਿਖਣੀ ਆਂ"।

"ਸੋਵੀਂ ਨਾ" ਜੀਨੋ ਟਰੇ ਚੁੱਕਦੀ ਆਹੰਦੀ ਏ ।

"ਚੰਗਾ" ਜੀਨੋ ਨੂੰ ਕੀ ਪਤਾ, ਨੀਂਦਰ ਤੇ ਹੁਣ ਉਂਜੇ ਫੇਰਾ ਨਹੀਂ ਪਾਂਦੀ । ਮੈਂ ਡੈਸਕ ਅੱਗੇ ਬਹਿ ਕੇ ਖ਼ਤ ਲਿਖਣਾ ਛੋਹਨੀ ਆਂ ।

ਵੂਮਨ ਐਕਸ਼ਨ ਫ਼ੋਰਮ, ਲਾਹੋਰ

ਅੱਸਲਾਮੋ ਅਲੈਕੁਮ, ਹਾਮਲ ਰੁੱਕ੍ਹਾ ਜੰਨਤ ਬੀਬੀ ਉਰਫ਼ ਜੀਨੋ ਦੇ ਬਰਖ਼ਿਲਾਫ਼ ਪੱਤੋਕੀ ਦੇ ਇਕ ਪਿੰਡ ਵਿਚ ਜ਼ਨਾ ਬਿਲਰਜ਼ਾ ਦਾ ਉਲਾਹਮਾ ਏ ।

ਅਸੀਂ ਉਹਨੂੰ ਨਾਲ ਦੇ ਪਿੰਡੋਂ ਦਾਈ ਸੱਦਣ ਲਈ ਭੇਜਿਆ ਸੀ ਕਿ ਉਹ ਆ ਕੇ ਮੇਰੀ ਸਹੇਲੀ ਨੂਰ ਜਮਾਲੋ ਨੂੰ ਵੇਖੇ । ਨੂਰ ਜਮਾਲੋ ਛੇ ਮਹੀਨੇ ਪਰੈਗਨੰਟ ਸੀ, ਉਹਦੇ ਸੋਹਰਿਆਂ ਉਹਨੂੰ ਐਨਾ ਮਾਰਿਆ ਕਿ ਜੱਚਾ ਬੱਚਾ ਦੋ ਦਿਹਾੜੀਆਂ ਵਿਚ ਬਿਨਾਂ ਇਲਾਜ, ਮਰ ਗਏ । ਦਾਈ ਘਰ ਨਹੀਂ ਸੀ ਤੇ ਉਹਦਾ ਪੁਤੱਰ ਜਿਹੜਾ ਜੀਨੋ ਦੇ ਆਵਦੇ ਪੁਤੱਰ ਜਿੱਡਾ ਏ, ਉਹਨੂੰ ਵਾਪਸ ਛੱਡਣ ਆਂਦਾ ਪਿਆ ਸੀ । ਕੁੱਝ ਲੋਕਾਂ ਪਿੰਡ ਦੇ ਪੁਰਾਣੇ ਮੌਲਵੀ ਦੇ ਆਖੇ ਉਨ੍ਹਾਂ ਨੂੰ ਫੜ ਲਿਆ । ਜੰਨਤ ਬੀਬੀ ਤੇ ਰਮਜ਼ੂ ਨੂੰ ਲੋਕਾਂ ਮੰਦੇ ਕੱਢੇ, ਇੱਟਾਂ ਤੇ ਵੱਟੇ ਮਾਰੇ, ਸੋਟੀਆਂ ਤੇ ਡੰਡਿਆਂ ਨਾਲ ਕੁੱਟਿਆ, ਬੰਦੂਕਾਂ ਅੱਗੋਂ ਰੱਖਿਆ। ਹੁਣ ਉਨ੍ਹਾਂ ਤੇ ਜ਼ਨਾ ਦਾ ਇਲਜ਼ਾਮ ਏ ।

ਜੰਨਤ ਬੀਬੀ ਦਾ ਖ਼ੌਂਦ ਦਸ ਵਰ੍ਹੇ ਪਹਿਲੋਂ ਪਿੰਡ ਛੱਡ ਗਿਆ ਸੀ, ਇਹਨੇ ਈ ਆਵਦੀ ਸੱਸ ਤੇ ਪੁਤੱਰ ਦਾ ਭਾਰ ਚੁੱਕਿਆ ਏ । ਜੰਨਤ ਬੀਬੀ ਸੱਚੀ, ਮਿਹਨਤੀ ਤੇ ਈਮਾਨਦਾਰ ਏ, ਮੈਂ ਇਹਨੂੰ ਨਿਕੀਉਂ ਲਾ ਜਾਨਣੀ ਆਂ ।

ਪਲੀਜ਼ ਸਾਡੀ ਇਮਦਾਦ ਕਰੋ ।

ਜੀਨੋ ਕੋਲ ਪੈਸੇ ਕੋ ਨੀ ਪਰ ਜੇ ਕੋਈ ਵਕੀਲ ਕਰਨਾ ਪਿਆ ਤੇ ਅਸੀਂ ਉਹਦੀ ਫ਼ੀਸ ਦੇਵਾਂਗੇ ।

ਰੱਫ਼ੋ ਦੋਲਾ ਵੀ ਮੈਨੂੰ ਜਾਣਦੀ ਏ ।

ਤੁਸੀਂ ਦੋ ਵਰ੍ਹੇ ਪਹਿਲੋਂ ਜ਼ਨਾਨੀਆਂ ਦੀਆਂ ਖੇਡਾਂ ਲਈ ਸਾਨੂੰ ਹੈਲਪ ਕੀਤਾ ਸੀ, ਮੈਂ ਜ਼ਨਾਨੀ ਹਾਕੀ ਟੀਮ ਦੀ ਫ਼ਾਰਵਰਡ ਸਾਂ। ਅਸੀਂ ਕਾਮਯਾਬ ਨਹੀਂ ਹੋਏ ਪਰ ਤੁਹਾਡੀ ਇਮਦਾਦ ਦੀ ਵੱਡੀ ਮਿਹਰਬਾਨੀ ।

ਰੱਬ ਰਾਖਾ

ਸਕੀਨਾ ਬੁਰਹਾਨ

ਨੋਟ: ਮੇਰੀ ਸਹੇਲੀ ਨੂਰ ਜਮਾਲੋ ਜਿਹਨੂੰ ਉਹਦੇ ਖ਼ੌਂਦ ਤੇ ਸੋਹਰਿਆਂ ਮਾਰ ਦਿੱਤਾ ਏ, ਦਫ਼ਣਾਈ ਤੇ ਗਈ ਏ ਪਰ ਉਹਦੇ ਕਤਲ ਦਾ ਮੁਕੱਦਮਾ ਦਰਜ ਨਹੀਂ ਹੋਇਆ ।

ਮੈਂ ਚਿੱਠੀ ਪੜ੍ਹਨੀ ਆਂ, ਮੇਰੇ ਅੱਖਰ ਪੂਰੇ ਨਹੀਂ ਪਏ ਪੈਂਦੇ ।

ਅਖ਼ੀਰ ਵਿਚ ਇਕ ਦਿਲ ਬਣਾ, ਉਹਨੂੰ ਤੀਰ ਨਾਲ ਛੇਦ, ਥੱਲੇ ਦੋ ਤੁਬਕੇ ਲਹੂ ਦੇ ਡੇਗਣੀ ਆਂ। ਕਿਸੇ ਵੇਲੇ ਕੋਈ ਖ਼ਿਆਲ ਏਨਾ ਈ ਸਿੱਧਾ ਹੁੰਦਾ ਏ ।

ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ ਨੇ, ਮੈਂ ਚਿੱਠੀ ਤੋਂ ਪਰਾਂਹ ਹੋ ਜਾਂਨੀ ਆਂ। ਲਿਫ਼ਾਫ਼ਾ ਕੱਢਣ ਲਈ ਦਰਾਜ਼ ਖੋਲਨੀ ਆਂ ਤੇ ਰੱਫ਼ੋ ਆਲੀਆਂ ਗੋਲੀਆਂ ਚੇਤੇ ਆਂਦੀਆਂ ਨੇਂ । ਰੱਫ਼ੋ ਨੂੰ ਮਿਲਣ ਤੇ ਬੜਾ ਦਿਲ ਕਰਦਾ ਏ । ਮੈਂ ਡੂਸਕਾਰਾ ਭਰਨੀ ਆਂ ਤੇ ਚਿੱਠੀ ਦੇ ਅਖ਼ੀਰ ਵਿਚ ਫੱਟੜ ਦਿਲ ਸਾਹਵੇਂ ਉੱਡਦੀ ਚੱਦਰ ਦੇ ਪੱਲੂ ਵਿਚ ਇਕ ਜ਼ਨਾਨੀ ਦਾ ਸਿਰ ਬਨਾਣੀ ਆਂ ਤੇ ਉਹਦੀ ਸੱਜੀ ਬਾਂਹ ਦੀ ਮੁੱਠ ਮੀਟ ਕੇ ਅਸਮਾਨ ਵੱਲ ਤਾਣ ਦੇਂਨੀ ਆਂ । ਨਾਲ ਲਿਖਣੀ ਆਂ 'ਰੱਫ਼ੋ ਦੋੱਲਾ ਲਈ ਸੁਨੇਹਾ ਏ ਕਿ ਜੀਨੋ ਨੂੰ ਜ਼ਰੂਰੀ ਮਿਲੇ' ।

ਗੋਲੀਆਂ ਕੱਢ, ਮੈਂ ਚਿੱਠੀ ਲਿਫ਼ਾਫ਼ੇ ਵਿਚ ਪਾ ਦੇਂਨੀ ਆਂ। ਨਾਲ ਈ ਮੇਰੇ ਮੁਖ ਤੇ ਮੁਸਕਾਨ ਆ ਜਾਂਦੀ ਏ, ਮਾਂ ਜੀ ਹਰ ਉਹ ਸ਼ੈਅ ਅਲੋਪ ਨਹੀਂ ਕਰ ਸਕੇ ਜਿਹੜੀ ਰੱਫ਼ੋ ਨਾਲ ਯਾਂ ਮੇਰੇ ਉਸ ਪਾਸੇ ਨਾਲ ਮਿਲਦੀ ਏ ਜਿਹਦੀ ਹਾਲੀ ਮੈਨੂੰ ਵੀ ਇਤਲੀ ਸੁਰਤ ਨਹੀਂ ।

ਮੈਂ ਡੈਸਕ ਤੇ ਪਈ ਸਕਰੈਪ ਬੁੱਕ ਖੋਲਨੀ ਆਂ, ਅੱਲਾਮਾ ਇਕਬਾਲ ਦੀ ਮੂਰਤ ਉੱਤੇ ਅਖ਼ਬਾਰ ਦਾ ਇਕ ਕਾਗਤ ਏ, ਉਹਦੇ ਤੇ ਉਸ ਕਤਲੰਮੇ ਦੇ ਤੇਲ ਦੇ ਚਟਾਖ਼ ਨੇਂ ਜਿਹੜਾ ਰੱਫ਼ੋ ਮੇਰੇ ਲਈ ਬਾਬੇ ਸ਼ਾਹ ਜਮਾਲ ਦੇ ਮੇਲੇ ਤੇ ਲਿਆ ਸੀ ।

ਮੈਂ ਆਵਦੇ ਆਪ ਨੂੰ ਵਲਾ ਰੱਫ਼ੋ ਤੇ ਦੂਜੇ ਸਾਥੀਆਂ ਦੇ ਪਿੱਛੇ ਪਿੱਛੇ ਕਬਰਸਤਾਨ ਦੇ ਨਿੰਮੇ ਚਾਨਣ ਦੇ ਗੂੜ੍ਹੇ ਸਾਥ ਵਿਚ ਵੜਦਿਆਂ ਵੇਹੰਨੀ ਆਂ। ਇਸ ਵਾਰੀ ਮੈਂ ਕਬਰਾਂ ਅੰਦਰ ਨਹੀਂ ਜਾਂਦੀ, ਬਾਹਰ ਈ ਰਹਿੰਨੀ ਆਂ ਪਰ ਮੁੜਨ ਦੀ ਵੀ ਹਿੰਮਤ ਕੋ ਨੀ । ਰੱਫ਼ੋ ਦੀ ਕੰਡ, ਮੋਢੇ, ਉਨ੍ਹਾਂ ਤੇ ਟੱਪਦੇ ਕਾਲੇ ਵਾਲ, ਤਗੜੀ ਧੌਣ, ਉੱਚਾ ਸਿਰ। ਰੱਫ਼ੋ ਉਵੇਂ ਟੁਰਦੀ ਏ ਜਿਵੇਂ ਮਾਂ ਜੀ, ਮਾਸੀ ਇਬਰਾ, ਜੀਨੋ, ਅੰਮਾਂ ਜੀਵਾਂ .... ਨਹੀਂ । ਅੰਮਾਂ ਜੀਵਾਂ ਦਾ ਸਿਰ ਨੀਉਂ ਗਿਆ ਏ, ਅੰਮਾਂ ਜ਼ੈਨਬ ਤੇ ਜੀਨੋ ਦਾ ਵੀ। ਨੂਰ ਜਮਾਲੋ? ਕੋ ਨੀ। ਮੈਂ?

ਮੈਨੂੰ ਚੱਕਰ ਆਂਦਾ ਏ, ਜੀ ਕਰਦਾ ਏ ਲੰਮੀ ਪੈ ਜਾਂ ਤੇ ਕਦੇ ਨਾ ਉੱਠਾਂ।

ਗੋਲੀਆਂ ਅਖ਼ਬਾਰ ਦੇ ਟੋਟੇ ਤੇ ਸੱਟ, ਮੈਂ ਦੋਵਾਂ ਤੇ ਕਿਤਾਬ ਬੰਦ ਕਰਨੀ ਆਂ ਤੇ ਪਲੰਗ ਤੇ ਜਾ ਪੈਂਨੀ ਆਂ।

ਅੱਖਾਂ ਨੂਟ ਕੇ ਵੀ  ਮੈਨੂੰ ਲੋਕੀ ਦਿਸਦੇ ਰਹਿੰਦੇ ਨੇਂ । ਇਕ ਇਕ ਕਰ ਕੇ, ਅਸੀਂ ਸਾਰੇ । ਮੋਲਵਿਆਨੀ, ਜੀਨੋ, ਕਲਸੂਮ । ਮੈਂ, ਜਦੋਂ ਮਾਂ ਜੀ ਯਾਂ ਭਾ ਤੋਂ ਚੋਖੀ ਝਾੜ ਖਾਦੀ ਖਲੀ ਹੋਵਾਂ । ਮਾਸੀ ਇਬਰਾ, ਅੰਮਾਂ ਜ਼ੈਨਬ ਤੇ ਮਾਸੀ ਉਮਰਾਂ । ਨੂਰੋ .... ਇਹ ਨਾਂ ਹੰਝੂਆਂ ਵਾਂਗ ਮੇਰੀਆਂ ਮੀਟੀਆਂ ਅੱਖੀਂ ਵਿਚ ਆਂਦਾ ਏ ਤੇ ਹਾਅ ਬਣ ਕੇ ਦਿਲ ਵਿਚ ਲਹਿ ਜਾਂਦਾ ਏ।

ਜੀਨੋ ਅਖ਼ਬਾਰ ਲੈ ਕੇ ਦਸ ਵਜੇ ਆਂਦੀ ਏ । ਜੇ ਇਹਦੇ ਵਿਚ ਵੈਫ਼ ਬਾਰੇ ਕੁਝ ਨਾ ਹੋਇਆ? ਕਲ੍ਹ ਤੇ ਖ਼ੋਰੇ ਜੀਨੋ ਨੂੰ ਕਿੱਥੇ ਘੱਲ ਦੇਣ, ਮੈਂ ਅਖ਼ਬਾਰ ਧਿਆਨ ਨਾਲ ਵੇਖਣਾ ਸ਼ੁਰੂ ਕਰ ਦੇਂਨੀ ਆਂ।

ਅੰਦਰਲੇ ਵਰਕਿਆਂ ਤੇ ਵੈਫ਼ ਦੀ ਇਕ ਖ਼ਬਰ ਲੱਭਦੀ ਏ ਜਿਹਦੇ ਵਿੱਚ ਮੀਟਿੰਗ ਤੇ ਆਣ ਦਾ ਸੱਦਾ ਏ । ਗੁਲਬਰਗ ਦੇ ਕਿਸੇ ਘਰ ਦਾ ਪਤਾ ਏ ਤੇ ਫ਼ੋਨ ਨੰਬਰ । ਮੈਂ ਉਹ ਪਤਾ ਲਿਫ਼ਾਫ਼ੇ ਤੇ ਲਿਖ ਕੇ ਜੀਨੋ ਨੂੰ ਦੇਂਨੀ ਆਂ ।

"ਕਿੱਥੇ ਜਾਣਾ ਏ?" ਉਹ ਲਿਫ਼ਾਫ਼ਾ ਫੜ ਕੇ ਪੁੱਛਦੀ ਏ ।

ਮੈਂ ਉਹਨੂੰ ਦੱਸਣੀ ਆਂ ਪਰ ਮੇਰੇ ਵਾਂਗਰ ਜੀਨੋ ਨੂੰ ਵੀ ਸ਼ਹਿਰ ਦਾ ਪਤਾ ਕੋ ਨੀ।

"ਆ ਵੇਖੀਏ" ਮੈਂ ਵਿਲੋਅ ਆਲੀ ਬਾਰੀ ਜਾ ਖੋਲਨੀ ਆਂ।

ਜੀਨੋ ਮੇਰੇ ਨਾਲ ਆ ਖਲੋਂਦੀ ਏ।

ਰਾਤ ਦੇ ਹਨੇਰੇ ਵਿਚ ਬਾਬੇ ਦੀਆਂ ਬੱਤੀਆਂ ਦੀ ਲੋ ਸਫ਼ਾ ਦਿਸਦੀ ਪਈ ਏ । ਮੈਂ ਮਾਂ ਜੀ, ਅੰਮਾਂ ਜੀਵਾਂ ਤੇ ਖ਼ੋਰਸ਼ੈਦੀ ਨਾਲ ਮੇਲੇ ਤੇ ਜਾਣਾ ਸੀ । ਸਾਰਿਆਂ ਨੂੰ ਛੱਡ, ਮੈਂ ਆਪੋ ਆਪ ਹੋ ਆਈ ਆਂ ਹੁਣ ਖ਼ੋਰੇ ਸਾਡੇ ਘਰੋਂ ਕੋਈ ਮੇਲੇ ਜਾਵੇ ਨਾ ਜਾਵੇ ।

ਮੈਂ ਮਜ਼ਾਰੋਂ ਪਿੱਛੇ ਕਬਰਾਂ ਲੋਹਣੀ ਆਂ, ਖ਼ੋਰੇ ਉਹ ਇਸ ਵੇਲੇ ਉਥੇ ਹੋਵੇ, ਗੌਣ ਗੋਂਦਾ?

"ਊ ਕੂ, ਇਹ ਤਾਂ ਬੜਾ ਹਨੇਰਾ ਏ" ਜੀਨੋ ਡਰ ਕੇ ਕੰਬਦੀ ਏ ।

"ਡਰ ਨਾ, ਮੈਂ ਰਾਤ ਨੂੰ ਇਸ ਰਸਤੇ ਤੇ ਗਈ ਹੋਈ ਆਂ । ਉਹ ਤਨੂਰ ਆਲੀ ਗਲੀ ਤੇ ਤੈਨੂੰ ਪਤਾ ਏ, ਉਥੋਂ ਸੱਜੇ ਹੋ ਜਾਵੀਂ, ਖੱਬੇ ਹੱਥ ਮੇਲੇ ਦੀਆਂ ਬੱਤੀਆਂ ਦਿਸ ਪੈਣ ਗਿਆਂ, ਤੂੰ ਮੇਲੇ ਅੱਪੜ ਜਾਈਂ" ।

"ਮੇਲੇ?" ਜੀਨੋ ਦੀਆਂ ਅੱਖੀਂ ਅੱਡੀਆਂ ਦੀਆਂ ਅੱਡੀਆਂ ਰਹਿ ਜਾਂਦੀਆਂ ਨੇਂ, ਲਗਦਾ ਏ ਉਹ ਹੁਣੇ ਮੁਸਕਾਂਦੀ ਏ ।

"ਆਹੋ" ਮੈਂ ਵੀ ਮੁਸਕਾ ਪੈਂਨੀ ਆਂ ।

ਇੱਕ ਪਲ ਲਈ ਮੈਂ ਤੇ ਜੀਨੋ ਮੇਲੇ ਦੀਆਂ ਬੱਤੀਆਂ, ਗੁਲਾਬਾਂ ਦੇ ਹਾਰਾਂ, ਹਾਸਿਆਂ ਤੇ ਕੱਚ ਦੀਆਂ ਚੂੜੀਆਂ ਦੇ ਸੁਫ਼ਨੇ ਲੋਚਨੇ ਆਂ ।

ਫਿਰ ਜੀਨੋ ਬੁੱਲ੍ਹ ਸਕੋੜ ਕੇ ਮੂੰਹ ਮੀਟ, ਅੱਖਾਂ ਮੇਲੇ ਤੋਂ ਚਾ, ਮੈਨੂੰ ਵੇਂਹਦੀ ਏ ।

"ਫਿਰ?" ਉਹ ਪੁੱਛਦੀ ਏ ।

"ਫਿਰ?" ਮੈਂ ਵੀ ਮੁੜ ਆਹੰਨੀ ਆਂ ।

ਅਸੀਂ ਇਕ ਦੂਜੇ ਨੂੰ ਵੇਹਨੇ ਆਂ, ਮੁਖ ਫ਼ਿਕਰਾਂ ਦੀਆਂ ਹਵਾਈਆਂ ਤੇ ਅੱਖਾਂ ਆਸੇਬ।

"ਜੀਨੋ, ਤੈਨੂੰ ਪਤਾ ਏ" ਮੈਂ ਅੱਖ ਚੁਰਾ ਕੇ ਫਿਰ ਬਾਰੀਉਂ ਬਾਹਰ ਵੇਹਨੀ ਆਂ ''ਮਜ਼ਾਰ ਤੇ ਇਹ ਸੜਕ ਮੁੱਕ ਜਾਂਦੀ ਏ, ਅੱਗੇ ਨਹਿਰ ਏ। ਉਹਦੇ ਪਰਲੇ ਪਾਸੇ ਗੁਲਬਰਗ । ਜੇ ਤੂੰ ਮੇਲੇ ਅੱਗੋਂ ਰਿਕਸ਼ਾ ਲੈ ਲਵੇਂ ਤੇ ਚੰਗਾ ਏ, ਡਰੈਵਰ ਰਾਹ ਸਿਹਾਨਦੇ ਨੇਂ'' ।

"ਰਸ਼ਕਾ?"

ਮੈਨੂੰ ਚੇਤੇ ਆਂਦਾ ਏ, ਜੀਨੋ ਪਹਿਲੀ ਵਾਰੀ ਲਾਹੌਰ ਸ਼ਹਿਰ ਆਈ ਏ ।

"ਖ਼ੋਰਸ਼ੈਦੀ" ਮੈਂ ਆਹਨੀ ਆਂ ।

ਉਸ ਰਾਤ ਖ਼ੋਰਸ਼ੈਦੀ ਜੀਨੋ ਨੂੰ ਲੈ ਕੇ ਗੇਟੋਂ ਬਾਹਰ ਨਿਕਲਦੀ ਏ ਤੇ ਬਾਬਾ ਫ਼ਤਿਹ ਮੂੰਹ ਦੂਜੇ ਪਾਸੇ ਕਰ, ਪੋਰਚ ਵੱਲ ਟੁਰ ਪੈਂਦਾ ਏ । ਉਹ ਨਿਕਲ ਜਾਂਦੀਆਂ ਨੇਂ ਤੇ ਗੇਟ ਦਾ ਕੁੰਡਾ ਲਾ, ਫਿਰ ਸਾਡੀ ਰਾਖੀ ਬਹਿ ਜਾਂਦਾ ਏ ।

ਮੈਂ ਉਨ੍ਹਾਂ ਨੂੰ ਤਨੂਰ ਆਲੀ ਗਲੀ ਵਿਚ ਟੁਰਦਿਆਂ ਵੇਖਣ ਦੀ ਚਾਹਤ ਵਿਚ ਬਾਰੀ ਅੱਗੇ ਖਲੀ ਰਹਿੰਨੀ ਆਂ।

ਘੰਟੇ ਮਗਰੋਂ ਇਕ ਰਿਕਸ਼ਾ ਗਲੀ ਵਿਚ ਆਂਦਾ, ਖਲੋਂਦਾ ਤੇ ਧੂਏਂ ਉਡਾਂਦਾ ਮੁੜ ਜਾਂਦਾ ਏ। ਬਾਬਾ ਫ਼ਤਿਹ ਹੁਸ਼ਿਆਰ ਹੋ, ਗੇਟ ਲਾਗੇ ਆ ਖਲੋਂਦਾ ਏ । ਵੱਲ ਕੁੰਡਾ ਖੋਲ, ਖ਼ੋਰਸ਼ੈਦੀ ਨੂੰ ਅੰਦਰ ਕਰਦਾ ਏ ।

ਸ਼ੁੱਕਰ ਏ, ਉਹ ਕੱਲੀ ਏ। ਇਹਦਾ ਮਤਲਬ ਏ ਵੈਫ਼ ਦੀ ਜਿਸ ਮੈਂਬਰ ਦਾ ਉਹ ਘਰ ਸੀ, ਉਹਨੇ ਜੀਨੋ ਨੂੰ ਪਨਾਹ ਵਿਚ ਲੈ ਲਿਆ ਏ ।

ਹੁਣ ਬਾਬਾ ਫ਼ਤਿਹ ਵੀ ਕੁੰਡਾ ਲਾ, ਮੰਜੀ ਤੇ ਲੰਮਾ ਪੈ ਜਾਂਦਾ ਏ ।

ਮੈਂ ਉੱਤੋਂ ਖ਼ੋਰਸ਼ੈਦੀ ਨੂੰ ਆਂਦਿਆਂ ਵੇਹਨੀ ਆਂ । ਉਨਾਬੀ ਚੱਦਰ ਦੇ ਝੁੱਲ ਵਿਚ ਵੀ ਉਹਦਾ ਸਿਰ ਉੱਚਾ ਏ ਤੇ ਸਾਰਾ ਦਿਹਾੜਾ ਭੱਜ ਧਰੁਕ ਕਰਨ ਮਗਰੋਂ ਵੀ ਉਹਦੀ ਅੱਡੀ ਵਿਚ ਏਨਾ ਜ਼ੋਰ ਏ ਕਿ ਉਹ ਪੈਰ ਚਾ ਚਾ ਕੇ ਅੱਗੇ ਵਧਦੀ ਪਈ ਏ।

ਵਿਲੋਅ ਲਾਗੇ ਉਹ ਉਤਾਂਹ ਵੇਹੰਦੀ ਏ ।

ਮੈਂ ਖਿਲ ਪੈਂਨੀ ਆਂ ।

ਖ਼ੋਰਸ਼ੈਦੀ ਵੀ ਹੱਸ ਕੇ ਆਵਦੇ ਦੰਦਾਂ ਦੀ ਚਾਂਦੀ ਮੋਰੇ ਤੇ ਚਮਕਾਂਦੀ ਏ।

ਮੈਂ ਪਲੰਗ ਵੱਲ ਜਾਂਦਿਆਂ, ਡੈਸਕ ਤੇ ਪਈ ਸਕਰੈਪ ਬੁੱਕ ਖੋਲ, ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ ਆਲੇ ਕਾਗਤ ਉੱਤੇ ਪਈਆਂ ਨਿੰਦਰ ਦੀਆਂ ਪੰਜ ਗੋਲੀਆਂ ਵਿੱਚੋਂ ਇੱਕ ਚਾਂਨੀ ਆਂ ਤੇ ਜੀਭ ਤੇ ਰੱਖ ਕੇ ਅੰਦਰ ਲੰਘਾ ਲੈਂਨੀ ਆਂ ।

ਬਾਰੀ ਬੰਦ ਕਰ ਕੇ ਬਿਸਤਰਾ ਝਾੜ ਕੇ ਵਛਾਨੀ ਆਂ। ਬੱਤੀ ਬੰਦ ਕਰ, ਰਜ਼ਾਈ ਵਿਚ ਵੜ, ਅੱਖਾਂ ਨੂਟ ਲੈਂਨੀ ਆਂ ।

www.PunjabiLibrary.com

# ਉੱਨੀ ਸੌ ਬਿਆਸੀ

ਕਈ ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਘਰ–ਬੰਦੀ ਦਾ ਪਤਾ ਹੋਣਾ ਏ । ਸਰਕਾਰ ਕਿਸੇ ਨੂੰ ਉਹਦੇ ਘਰ ਵਿਚ ਕੈਦ ਕਰਦੀ ਏ, ਅਖ਼ਬਾਰਾਂ ਵਿਚ ਖ਼ਬਰਾਂ ਲਗਦੀਆਂ ਨੇਂ, ਲੋਕੀ ਲੀਡਰ ਨੂੰ ਅਜ਼ਾਦ ਕਰਾਣ ਲਈ ਸਰਕਾਰ ਤੇ ਜ਼ੋਰ ਪਾਂਦੇ ਨੇਂ । ਉਸ ਲੀਡਰ ਤੇ ਉਹਦੀ ਪਾਰਟੀ ਦਾ ਮੁੱਲ ਵੱਧ ਜਾਂਦਾ ਏ ।

ਪਰ ਮੈਂ, ਆਵਦੇ ਭਾ ਤੇ ਮਾਂ ਜੀ ਦੀ ਘਰ–ਬੰਦੀ ਵਿਚ ਬੱਸ ਇਕ ਈਂ ਜਿਹੀ ਜ਼ਨਾਨੀ ਆਂ ਜਿਹਨੂੰ ਆਵਦੇ ਆਪ ਨੂੰ ਦਰੁਸਤ ਕਰਨ ਦੀ ਲੋੜ ਏ । ਨਾ ਅਖ਼ਬਾਰ ਵਿਚ ਖ਼ਬਰ ਆਈ ਏ, ਨਾ ਕਿਸੇ ਨੇ ਮੇਰੀ ਅਜ਼ਾਦੀ ਲਈ ਕਿਸੇ ਨੂੰ ਕੁੱਝ ਆਖਿਆ ਏ ਤੇ ਨਾ ਮੇਰਾ ਮੁੱਲ ਵਧਿਆ ਏ ।

ਇਹ ਕੈਦਨ ਸੋਹਣਾ ਪਾਂਦੀ, ਚੰਗਾ ਖਾਂਦੀ ਤੇ ਸਾਂਭ ਕੇ ਰੱਖੀ ਜਾਂਦੀ ਏ । ਇਕ ਘਰ ਦੀ ਉਤਲੀ ਮੰਜ਼ਿਲ ਤੇ ਇਕ ਬੈੱਡ ਤੇ ਬਾਥ ਏ, ਕਮਰਾ ਸ਼ਾਹੀ ਕਿਲ੍ਹੇ ਦੀਆਂ ਕਈ ਕੋਠੜੀਆਂ ਤੋਂ ਵੱਡਾ ਹੋਣਾ ਏ । ਰੋਜ਼ ਸਵੇਰੇ ਸਾਢੇ ਛੇ ਵਜੇ ਚਾਂਦੀ ਦੇ ਟਰੇ ਤੇ ਨਾਸ਼ਤਾ ਆਂਦਾ ਏ । ਕੈਦਨ ਸੱਤ ਵਜੇ ਤੋੜੀ ਆਵਦੇ ਚਾਰ ਸਾਦੀ ਕਾਟਨ ਦੇ ਸੂਟਾਂ ਵਿੱਚੋਂ ਇੱਕ ਪਾ ਕੇ ਤਿਆਰ ਹੁੰਦੀ ਏ। ਨਮਾਜ਼ ਪੜ੍ਹ, ਕੁਰਆਨ ਸ਼ਰੀਫ਼ ਦੇ ਤੀਹਾਂ ਪਾਰਿਆਂ ਵਿੱਚੋਂ ਇੱਕ ਪੜ੍ਹਨਾ ਸ਼ੁਰੂ ਕਰਦੀ ਏ। ਉਹ ਪਾਰਾ ਦਸ ਯਾਰ੍ਹਾਂ ਵਜੇ ਤੋਂ ਪਹਿਲੋਂ ਖ਼ਤਮ ਹੋ ਜਾਂਦਾ ਏ, ਕੈਦਨ ਉਹਨੂੰ ਵਲਾ ਪੜ੍ਹਦੀ ਏ, ਇਸ ਵਾਰੀ ਉਰਦੂ ਵਿਚ ।

ਯਾਰ੍ਹਾਂ ਵਜੇ ਤੋਂ ਮਗਰੋਂ ਚਾਵਲਾਂ ਦਾਲਾਂ ਨੂੰ ਚੁਣਨ ਛੰਡਣ, ਸਬਜ਼ੀਆਂ ਕੱਟਣ ਤੇ ਆਟੇ ਦੇ ਪੇੜੇ ਬਣਾਨ ਦੇ ਕੰਮ ਉੱਤੇ ਆਂਦੇ ਨੇਂ । ਦੋ ਵਜੇ ਦੁਪਹਿਰ ਦਾ ਖਾਣਾ ਤੇ ਫਿਰ ਲੋਢੇ ਵੇਲੇ ਤਾਈਂ ਚੁਪ ਚਾਨ ।

ਸਾਢੇ ਚਾਰ ਵਜੇ ਚਾਹ ਨਾਲ ਬਿਸਕੁਟ, ਪਕੌੜੇ ਯਾਂ ਜੇ ਮੀਂਹ ਵਸਦਾ ਹੋਵੇ ਤਾਂ ਪੂੜੇ । ਪੰਜ ਤੋਂ ਸਾਢੇ ਸਤ ਵਜੇ ਇਕ ਯਾਂ ਦੋ ਗੱਠਾਂ ਕੱਪੜਿਆਂ ਦੀਆਂ ਇਸਤਰੀ, ਮੁਰੰਮਤ, ਸਿਲਾਈ ਯਾਂ ਕਢਾਈ ਲਈ ਆਂਦੀਆਂ ਨੇਂ ।

ਰਾਤ ਦਾ ਖਾਣਾ ਸਾਢੇ ਅੱਠ, ਫਿਰ ਮਿੱਠਾ ਦੁੱਧ ਤੇ ਬੂਹਾ ਰਾਤ ਲਈ ਬੰਦ।

ਹੋਰ ਤੇ ਹੋਰ, ਇਸ ਕਮਰੇ ਵਿਚ ਦੋ ਬਾਰੀਆਂ ਨੇਂ ਜਿਹਨਾਂ ਤੋਂ ਇਕ ਨਹੀਂ ਦੋ ਸੀਨ ਦਿਸਦੇ ਨੇਂ।

ਵਿਲੋਅ ਆਲੇ ਪਾਸੇ ਇਕ ਸੁੱਖਾ ਮੁਹੱਲਾ, ਅਤੇ ਰੁੱਖਾਂ ਦੀਆਂ ਛਤਰੀਆਂ । ਸਾਵੇ ਗੁੰਬਦ ਨੂੰ ਜਾਂਦੀ ਸੀਮੰਟ ਦੀ ਘੁੰਮਦੀ ਦਿਸਦੀ ਸੜਕ। ਪਿਛਲੇ ਸਾਲ ਦੀ ਗੱਲ ਏ, ਮੈਂ ਵੀ ਇਸ ਸੜਕ ਤੇ ਇਕ ਰਾਤੀਂ ਫਿਰੀ ਸਾਂ । ਮੇਰੇ ਨਾਲ ਰੱਫੋ ਤੇ ਮਜਾਜ਼, ਸਾਥੀ ਪੇਠਾ ਸਨ ਤੇ ਇਕ ਹੋਰ ਬੰਦਾ ਜਿਹੜਾ ਮੈਨੂੰ ਬੜਾ ਭਾਇਆ ਸੀ। ਅਸੀਂ ਕਤਲੰਮੇ ਆਲੇ ਕੋਲ ਗਏ ਤੇ ਫਿਰ ਮਜ਼ਾਰ ਤੋਂ ਹੁੰਦੇ ਕਬਰਾਂ ਵਿਚ। ਜੇ ਅਸੀਂ ਸੜਕ ਤੇ ਸਿੱਧੇ ਟੁਰਦੇ ਰਹਿੰਦੇ ਤੇ ਉਸੇ ਨਹਿਰ ਤੇ ਅੱਪੜ ਜਾਣਾ ਸੀ ਜਿਹੜੀ ਮੈਨੂੰ ਕਿਸੇ ਕਿਸੇ ਦਿਹਾੜੇ ਇਸ ਬਾਰੀ ਵਿੱਚੋਂ ਸਫ਼ਾ ਨਜ਼ਰੀਂਦੀ ਏ। ਪਾਣੀ ਦਾ ਰੰਗ ਸੂਰਜ ਦੇ ਨਾਲ ਨਾਲ ਵਟੀਂਦਾ ਰਹਿੰਦਾ ਏ । ਜਦੋਂ ਸੂਰਜ ਸਿਰ ਤੇ ਆਵੇ ਤੇ ਚਾਂਦੀ, ਬੱਦਲ ਪਿੱਛੇਂ ਲੁਕੇ ਤੇ ਖ਼ਾਕੀ, ਡੁੱਬਦਾ ਪਿਆ ਹੋਵੇ ਤੇ ਗੂੜ੍ਹਾ ਸਾਵਾ, ਨਮਾਸ਼ੀਂ ਨੀਲੋ ਨੀਲ ।

ਇਸ ਡੀਲਕਸ ਬੰਦੀ–ਖ਼ਾਨੇ ਦੀ ਦੂਜੀ ਬਾਰੀ ਨਿਗਾਹ ਨੂੰ ਇਸ ਕਮਰੇ ਤੋਂ ਬਾਹਰ ਸੀਮਿੰਟ ਦੀ ਪੱਧਰ ਛੱਤ ਤੇ ਲੈ ਜਾ, ਹਮਸਾਇਆਂ ਦੀ ਕੰਕਰੀਟ ਦੀ ਕੰਧ ਵਿਚ ਮਾਰ, ਫ਼ੈਰੋਜ਼ਪੁਰ ਰੋਡ ਦੀ ਜੀਬ ਤੋਂ ਹੁੰਦੀ ਇਕ ਸ਼ਾਪਿੰਗ ਪਲਾਜ਼ੇ ਦੀਆਂ ਬੱਤੀਆਂ ਤੇ ਜਾ ਬੁਖਾਂਦੀ ਏ ।

ਥੱਲੇ ਦੋ ਹਥਿਆਰ ਬੰਦ ਚੋਕੀਦਾਰ ਨੇਂ, ਉਨ੍ਹਾਂ ਵਿੱਚੋਂ ਇੱਕ ਹਰ ਵੇਲੇ ਜਾਗਦਾ ਰਹਿੰਦਾ ਏ। ਕਿਚਨ ਦਾ ਬਾਹਰਲਾ ਬੂਹਾ ਕਿੱਲਾਂ ਨਾਲ ਠੋਕ ਕੇ ਬੰਦ ਕਰ ਦਿੱਤਾ ਗਿਆ ਏ। ਕੈਦਨ ਨੂੰ ਮਿਲਣ ਕੋਈ ਨਹੀਂ ਆਂਦਾ।

ਇੰਨੇ ਮਹੀਨੇ ਮੈਂ ਖ਼ੋਰਸ਼ੈਦੀ ਯਾਂ ਅੰਮਾਂ ਜੀਵਾਂ ਬਿਨਾਂ ਕੋਈ ਤ੍ਰੀਜਾ ਨਹੀਂ ਵੇਖਿਆ । ਉੱਤੇ ਤੇ ਹੁਣ ਅਵਾਜ਼ਾਂ ਵੀ ਨਹੀਂ ਆਂਦੀਆਂ, ਮੇਰੇ ਟੱਬਰ ਬੋਲਣਾ ਬੰਦ ਨਾ ਕਰ ਦਿੱਤਾ ਹੋਵੇ। ਭਾ ਬਾਊ ਨੂੰ ਹਾਕ ਨਹੀਂ ਮਾਰਦਾ, ਖ਼ੋਰੇ ਉਹ ਹਰ ਵੇਲੇ ਉਹਦੇ ਕੋਲ ਈ ਹੁੰਦਾ ਏ । ਮਾਂ ਜੀ ਅੰਮਾਂ ਜੀਵਾਂ, ਖ਼ੋਰਸ਼ੈਦੀ ਯਾਂ ਬਾਬੇ ਫ਼ਤਿਹ ਨੂੰ ਮੰਦੇ ਨਹੀਂ ਕੱਢਦੇ, ਕੀ ਪਤਾ ਉਹ ਹਰ ਕੰਮ ਉਨ੍ਹਾਂ ਦੀ ਮਰਜ਼ੀ ਦਾ ਕਰਦੇ ਹੋਣ। ਪੁਰਾਣੇ ਅਖ਼ਬਾਰ ਕੱਠੇ ਕਰਨ ਆਲਾ, ਭਾਂਡੇ ਕਲ੍ਹੀ ਕਰਨ ਆਲਾ ਤੇ ਅਫ਼ਗ਼ਾਨ ਤਾਲਿਬ ਸਾਡੇ ਬੂਹੇ ਤੇ ਉੱਚਾ ਨਹੀਂ ਬੋਲਦੇ।

ਮੋਰੀਆਂ ਪੌੜੀਆਂ ਥੱਲੇ ਬਾਵਰਚੀ ਖ਼ਾਨੇ ਵਿਚ ਅੰਮਾਂ ਜੀਵਾਂ ਨਾ ਤੇ ਖ਼ੋਰਸ਼ੈਦੀ ਯਾਂ ਬਾਊ ਨੂੰ ਠਾਪਾਂ ਰੱਖਦੀ ਏ ਤੇ ਨਾ ਬਾਬਾ ਫ਼ਤਿਹ ਬੂਹੇ ਵਿਚ ਖਲੋ ਕੇ ਉਹਨੂੰ ਉਸ ਦਿਹਾੜੇ ਦੀਆਂ ਅਨਹੋਣੀਆਂ ਖ਼ਬਰਾਂ ਸੁਣਾਂਦਾ ਏ। ਸਵੇਰ ਨੂੰ ਬਾਬਾ ਮਾਹੰਗਾ ਤੇ ਉਹਦਾ ਘੋੜਾ ਬੱਗਾ ਤਿੰਨ ਹਿਸਿਆਂ ਵਿਚ ਵੰਡੀਜ ਕੇ ਨਹੀਂ ਦਿਸਦੇ ਭਾਵੇਂ ਮੈਂ ਰੋਜ਼ ਕਲੇਜੀ ਰੰਗੇ ਪਰਦੇ ਪਿੱਛੋਂ ਵੇਖਾਂ। ਮਾਂ ਜੀ ਨੂੰ ਸਿਰ ਪੀੜ ਬਹੁਤੀ ਪੈਂਦੀ ਏ, ਭਾ ਘਰ ਘੱਟ ਆਂਦਾ ਏ ।

ਮੈਂ ਮੰਨਣੀ ਆਂ, ਮੈਂ ਆਵਦੇ ਟੱਬਰ ਨੂੰ ਵਰਾਨ ਕਰ ਦਿੱਤਾ ਏ। ਮੇਰਾ ਇਹ ਮੰਨਣ ਮੈਨੂੰ ਡੋਰ ਭੋਰਾ ਕਰ ਦਿੰਦਾ ਏ, ਇਹ ਕਿਵੇਂ ਹੋਇਆ? ਮੈਂ ਜਿੰਨਾਂ ਸੋਚਾਂ ਮੈਨੂੰ ਕੁਝ ਨਹੀਂ ਜਾਪਦਾ। ਇੰਨੀ ਜਿੰਨੀ ਗੱਲ ਦਾ ਇਹ ਅਖ਼ੀਰ?

ਮੈਂ ਬਾਰੀ ਖੋਲਨੀ ਆਂ, ਵਿਲੋਅ ਦੀਆਂ ਲਗਰਾਂ ਅੰਦਰ ਆ ਕੇ ਮੈਨੂੰ ਛੋਹੰਦੀਆਂ ਨੇਂ। ਮੇਰਾ ਦਿਮਾਗ਼ ਮੈਨੂੰ ਵੇਖੀਆਂ ਅਨਵੇਖੀਆਂ ਥਾਵਾਂ ਤੇ ਲਈ ਫਿਰਦਾ ਏ।

ਇਕ ਦਿਹਾੜੇ ਮੈਨੂੰ ਹੇਠੋਂ ਇੰਜ ਵਾਜਾਂ ਆਂਦੀਆਂ ਨੇਂ ਜਿਵੇਂ ਕੋਈ ਈਦ ਸ਼ਬਰਾਤ ਹੋਵੇ, ਕਿੰਨੇ ਸਾਰੇ ਲੋਕੀ ਹੋਣ।

ਦੁਪਹਿਰ ਦੇ ਖਾਣੇ ਦਾ ਵੇਲਾ ਲੰਘ ਗਿਆ ਏ।

ਬੂਹਾ ਖੁਲਦਾ ਏ ਤੇ ਮਾਂ ਜੀ ।

ਮਾਂ ਜੀ ਫਲਾਂ ਤੇ ਮਿਠਾਈਆਂ ਦਾ ਟਰੇ ਚਾਈ ਆਂਦੇ ਨੇਂ ।

ਸੁਨਹਿਰੀ ਕੰਨੀ ਆਲੇ ਅਸਮਾਨੀ ਸ਼ਫ਼ੂਨ ਦੇ ਹਾਲੇ ਵਿਚ ਮਾਂ ਜੀ ਦੇ ਮੂੰਹ ਤੇ ਆਸਾਂ ਦੀ ਲੋਅ ਏ। ਅੰਮਾਂ ਜੀਵਾਂ ਤੇ ਖ਼ੋਰਸ਼ੈਦੀ ਨੇ ਗੋਟੇ ਕਿਨਾਰੀ ਆਲੇ ਦੁਪੱਟੇ ਲਏ ਹੋਏ ਨੇਂ ਤੇ ਮਹੀਨਿਆਂ ਮਗਰੋਂ ਮੈਨੂੰ ਉਨ੍ਹਾਂ ਦੇ ਦੰਦ ਨਜ਼ਰੀਂਦੇ ਨੇਂ ।

ਮਾਂ ਜੀ ਮੈਨੂੰ ਤੇ ਕੈਨੇਡਾ ਵਿਚ ਆਂਟੀ ਸਾਬਰ ਨੂੰ, ਮੁਬਾਰਕਾਂ ਦਿੰਦੇ ਨੇਂ ਕਿ ਮੇਰਾ ਰਿਸ਼ਤਾ ਟੋਰੰਟੋ ਵਿਚ ਡਾਕਟਰ ਇਹਤਸ਼ਾਮ ਨਾਲ ਹੋ ਗਿਆ ਏ।

ਵੱਲ ਉਹ ਮੇਰੇ ਮੂੰਹ ਮੂਹਰੇ ਇਕ ਵੱਡਾ ਮੋਤੀ ਚੂਰ ਲੱਡੂ ਕਰਦੇ ਨੇਂ।

ਖ਼ੋਰੇ ਮਾਂ ਜੀ ਨੂੰ ਚੇਤੇ ਕਿ ਨਹੀਂ, ਮੈਨੂੰ ਮਿੱਠਾ ਭਾਂਦਾ ਕੋ ਨੀ ਤੇ ਇਕ ਪੂਰਾ ਲੱਡੂ ਖਾਣਾ ਮੇਰੇ ਲਈ ਜਿਵੇਂ ਸਜ਼ਾ ਏ।

ਮੈਂ ਮਾਂ ਜੀ ਵਲ ਤੱਕਣੀ ਆਂ, ਉਨ੍ਹਾਂ ਦੀਆਂ ਅੱਖਾਂ ਖ਼ੁਸ਼ੀ ਨਾਲ ਭਖ਼ਦੀਆਂ ਪਈਆਂ ਨੇਂ।

ਮੈਂ ਮੂੰਹ ਅੱਡ ਦੇਂਨੀ ਆਂ । ਇਹੋ ਕਰਾਂ ਹਾ ਭਾਵੇਂ ਇਸ ਲੱਡੂ ਦੁਆਲੇ ਜ਼ਹਿਰ ਮੂਹਰੇ ਦਾ ਲੇਪ ਹੋਵੇ ਆ।

ਮਾਂ ਜੀ ਖਿਲਦੇ ਨੇਂ ਤੇ ਲੱਡੂ ਮੇਰੇ ਮੂੰਹ ਵਿਚ ਪਾ ਦਿੰਦੇ ਨੇਂ।

ਮੈਂ ਮੂੰਹ ਮੀਟਣੀ ਆਂ, ਲੱਡੂ ਮੇਰੀ ਜੀਭ ਤੇ ਨਿੱਸਲ ਹੋਣ ਥਾਈਂ ਭੋਰੇ ਹੋ ਕੇ ਮੇਰੇ ਵਾਤ ਤੇ ਸੰਗ ਵਿਚ ਫਸ ਜਾਂਦਾ ਏ।

ਮਾਂ ਜੀ, ਅੰਮਾਂ ਜੀਵਾਂ ਤੇ ਖ਼ੋਰਸ਼ੈਦੀ ਖਿਲਦੇ ਪਏ ਨੇਂ ।

ਮੈਂ ਆਂਦੇ ਹੋਏ ਉਬੱਤ ਨੂੰ ਰੋਕਣੀ ਆਂ, ਇਹ ਭੈੜਾ ਸ਼ਗਨ ਹੋਵੇ ਗਾ । ਤਲੀ ਮੂੰਹ ਤੇ ਰੱਖ, ਅੱਖਾਂ ਮੀਚ, ਉਸ ਮਿੱਠੀ ਡੈਣ ਨੂੰ ਭੋਰਾ ਭੋਰਾ ਲੰਘਾਣੀ ਆਂ ।

ਮਾਂ ਜੀ ਮੇਰੇ ਵਲ ਵੇਹੰਦੇ ਨੇਂ ।

ਮੈਂ ਨਿਗਲਣ ਛੋੜ, ਦੰਦ ਪੱਟ ਦੇਂਨੀ ਆਂ ।

ਉਹ ਮੇਰੇ ਤੇ ਮੁਸਕਾਂਦੇ ਨੇਂ, ਨਾਲ ਈ ਉਨ੍ਹਾਂ ਤੋਂ ਯਾਸ ਦਾ ਪਰਛਾਵਾਂ ਜਿਹਾ ਲੰਘਦਾ ਏ ।

ਮੈਂ ਉਨ੍ਹਾਂ ਨੂੰ ਜੱਫੀ ਪਾਣਾ ਚਾਹੁੰਨੀ ਆਂ ਪਰ ਉਹ ਪਹਿਲਾਂ ਟਰੇ ਸਾਡੇ ਵਿਚਕਾਰ ਰੱਖੀ ਰੱਖਦੇ ਨੇਂ ਤੇ ਮੁੜ ਉਹਨੂੰ ਡੈਸਕ ਤੇ ਛੋੜ, ਉਥੋਂ ਪੌੜੀਆਂ ਵਲ ਚਲੇ ਜਾਂਦੇ ਨੇਂ।

ਜਾਂਦਿਆਂ ਮੈਨੂੰ ਰਾਤ ਦਾ ਖਾਣਾ ਥੱਲੇ ਖਾਣ ਦਾ ਸੁਨੇਹਾ ਦਿੱਤੀ ਜਾਂਦੇ ਨੇਂ।

ਥੱਲੇ ਭਾ ਵੀ ਹੋਵੇ ਗਾ । ਹਾਏ, ਮੈਨੂੰ ਇਤਲੀ ਮੂੰਝ ਏ।

ਮਾਂ ਜੀ ਦੇ ਜਾਂਦਿਆਂ ਨਾਲ ਖ਼ੋਰਸ਼ੈਦੀ ਕੁੱਦ ਕੇ ਮੇਰੇ ਤੇ ਆਂਦੀ ਏ ਤੇ ਮੇਰਾ ਮੂੰਹ ਸਿਰ ਚੁੰਮਣ ਲੱਗ ਪੈਂਦੀ ਏ । ਅੰਮਾਂ ਜੀਵਾਂ ਉਹਨੂੰ ਮੰਦੇ ਕੱਢਦੀ ਏ ਬਈ ਮੇਰੇ ਬਿਸਤਰੇ ਤੋਂ ਲਹਵੇ ।

ਥੱਲੇ ਬਾਬਾ ਫ਼ਤਿਹ ਬਾਉ ਨੂੰ ਭਾ ਦਾ ਹੁੱਕਾ ਲਿਆਣ ਲਈ ਹਾਕ ਮਾਰਦਾ ਏ ।

ਇੱਕੋ ਵੇਰੀ ਮੇਰਾ ਘਰ ਵੱਲ ਵੱਸ ਪਿਆ ਏ ।

ਅੰਮਾਂ ਜੀਵਾਂ ਮੇਰੇ ਸਿਰ ਤੇ ਹੱਥ ਫੇਰ ਦੁਆਈਂ ਦਿੰਦੀ, ਮੱਥਾ ਚੁੰਮਦੀ, ਖੀਸੇ ਵਿੱਚੋਂ ਇੱਕ ਨੀਲਾ ਲਿਫ਼ਾਫ਼ਾ ਕੱਢਦੀ ਏ । ਬਿਸਮਿੱਲਾਹ ਪੜ੍ਹ, ਮੈਨੂੰ ਇੱਕ ਮੂਰਤ ਦਿੰਦੀ ਏ ।

ਫ਼ੋਟੋ ਵਿਚ ਡਾਕਟਰ ਇਹਤਸ਼ਾਮ ਕਿਸੇ ਵੀ ਮਿਡਲ ਕਲਾਸ ਪੰਜਾਬੀ ਟੱਬਰ ਦੇ ਪੁਤੱਰ ਵਾਂਗ ਮਾਣ ਨਾਲ ਆਵਦੀ ਨਵੀਂ ਕਾਰ ਅੱਗੇ ਖਲਾ ਏ । ਪਿੱਛੇ ਇਕ ਉੱਚਾ ਲੰਮਾ ਮੁਨਾਰਾ ਏ ਜਿਹਨੂੰ ਸੀ ਐਨ ਟਾਵਰ ਆਂਹਦੇ ਨੇਂ ਤੇ ਉਹ ਟੋਰੰਟੋ ਸ਼ਹਿਰ ਵਿਚ ਏ। ਅਸਮਾਨ ਦਾ ਰੰਗ ਗੂੜ੍ਹਾ ਫ਼ੈਰੋਜ਼ੀ ਏ, ਉੱਤੇ ਚਾਂਦੀ ਰੰਗੇ ਬੱਦਲ ਐਵੇਂ ਡੋਰ ਭੋਰੇ ਹੋਏ ਖਲੇ ਨੇਂ ਜਿਵੇਂ ਚੋਨ੍ਹਕਰੇ ਤਲਾਅ ਵਿਚ ਮੱਛੀਆਂ ।

ਜਾਪਦਾ ਏ, ਮੇਰੇ ਟੱਬਰ ਦੀਆਂ ਖ਼ੁਸ਼ੀਆਂ ਦੇ ਬੂਟੇ ਦੀ ਜੜ੍ਹ ਮੇਰੇ ਹੱਥ ਵਿਚ ਏ।

ਸ਼ਾਮ ਦੀ ਚਾਹ ਨਾਲ ਖ਼ੋਰਸ਼ੈਦੀ ਮੇਰੇ ਲਈ ਨਵੇਂ ਲੀੜੇ ਲਿਆਂਦੀ ਏ । ਇਹ ਉਨ੍ਹਾਂ ਲੀੜਿਆਂ ਤੋਂ ਉੱਕਾ ਵਖ ਨੇਂ ਜਿਹੜੇ ਉਹ ਕੁਝ ਮਹੀਨੇ ਪਹਿਲੋਂ ਇਥੋਂ ਲਗਈ ਸੀ । ਉਹ ਕਾਟਨ ਦੇ ਸਨ, ਨੀਲੇ ਸਾਵੇ, ਮੇਰੇ ਮਾਪ ਦੇ । ਇਹ ਰੇਸ਼ਮੀ, ਲਾਲ ਗੁਲਾਬੀ ਨੇਂ ਤੇ ਮੇਰੀ ਤੂਣ ਦੀ ਕਿਸੇ ਵੀ ਜ਼ਨਾਨੀ ਨੂੰ ਆ ਸਕਦੇ ਨੇਂ ।

"ਮੇਰੇ ਕੱਪੜੇ ਕਿਥੇ ਨੇਂ?" ਮੈਂ ਖ਼ੋਰਸ਼ੈਦੀ ਨੂੰ ਪੁੱਛਣੀ ਆਂ ਜਿਹਨੇ ਪਿਛਲੇ ਵਰ੍ਹੇ ਮੇਰੀ ਲਮਾਰੀ ਖ਼ਾਲੀ ਕੀਤੀ ਸੀ ਤੇ ਉਥੇ ਚਾਰ ਕਾਟਨ ਦੇ ਸੂਟ ਤੇ ਚਾਰ ਮਲਮਲ ਦੇ ਚਿੱਟੇ ਦੁਪੱਟੇ ਰੱਖੇ ਸਨ ।

"ਬੇਗ਼ਮ ਦੇ ਦਵਾ ਦਿੱਤੇ ਨੇਂ" ਖ਼ੋਰਸ਼ੈਦੀ ਆਹੰਦੀ ਏ ।

"ਕਿਹਨੂੰ?"

"ਗਰੀਬਾਂ ਨੂੰ, ਹੋਰ ਕਿਹਨੂੰ?"

"ਤੈਨੂੰ?"

"ਆਹੋ, ਦੋ । ਮੈਂ ਇਕ ਵਾਰੀ ਵੀ ਨਹੀਂ ਪਾਏ, ਤੇਰੇ ਲਈ ਸਾਂਭ ਰੱਖੇ ਨੇਂ । ਲਿਆਵਾਂ? ਪਾਏਂਗੀ?"

"ਹੋਰ? ਜੇ ਤੂੰ ਪਾਏ ਹੋਏ ਨੇਂ ਵੱਲ ਵੀ ਪਾਵਾਂਗੀ"।

"ਇੱਥੇ?"

"ਆਹੋ"।

"ਨਾ ਬੀਬੀ ਨਾ, ਬੇਗ਼ਮ ਮੈਨੂੰ ਗੁੱਤੋਂ ਫੜ ਕੇ ਗੇਟੋਂ ਬਾਹਰ ਕੱਢਣਾ ਏ"।

"ਚੰਗਾ, ਮੈਂ ਉਨ੍ਹਾਂ ਨੂੰ ਲਕੋ ਰੱਖਾਂਗੀ ਤੇ ਕੈਨੇਡਾ ਵੰਜ ਪਾਵਾਂਗੀ"।

"ਸੱਚੀ? ਤੂੰ ਮੇਰੀ ਇਕ ਨਿਸ਼ਾਨੀ ਵੀ ਲੈ ਜਾਵੇਂਗੀ?"

"ਆਹੋ ਕੀ ਏ?"

ਉਹ ਚੁੰਨੀ ਦੇ ਪੱਲੂ ਦੀ ਗੰਢ ਖੋਲ ਕੇ ਸਫ਼ੈਦ ਗੁੱਡੀ ਕਾਗ਼ਜ਼ ਦੀ ਪੁੜੀ ਕੱਢਦੀ ਏ। ਉਹਦੇ ਅੰਦਰ ਤਾਂਬੇ ਦੀਆਂ ਦੋ ਨਿੱਕੀਆਂ ਨਿੱਕੀਆਂ ਵਾਲੀਆਂ ਨੇਂ ।

"ਇਹ ਮੈਂ ਆਵਦੀ ਮਜ਼ੂਰੀ ਨਾਲ ਤੇਰੇ ਲਈ ਲਈਆਂ ਨੇਂ" ਖ਼ੋਰਸ਼ੈਦੀ ਉਨ੍ਹਾਂ ਨੂੰ ਕੁੰਡੀਆਂ ਤੋਂ ਫੜ ਕੇ ਮੈਨੂੰ ਦਿੰਦੀ ਏ।

ਦੋਵੇਂ ਵਾਲੀਆਂ ਵਿਚ ਇਕ ਇਕ ਤਾਂਬੇ ਦਾ ਪੱਤਰ ਹਲੋਰੇ ਲੈਂਦਾ ਪਿਆ ਏ ।

"ਹਾਏ ਕਿੰਨੀਆਂ ਸੋਹਣੀਆਂ ਨੇਂ" ਮੈਂ ਕੰਨ ਵਿਚ ਪਾਣ ਲੱਗਣੀ ਆਂ ।

"ਨਾ ਨਾ ਇੱਥੇ ਨਾ, ਉਥੇ ਜਾ ਪਾਵੀਂ" ਖ਼ੋਰਸ਼ੈਦੀ ਮੇਰਾ ਹੱਥ ਫੜ ਲੈਂਦੀ ਏ ।

"ਚੰਗਾ । ਪਾ ਕੇ ਥੱਲੇ ਨਹੀਂ ਜਾਂਦੀ, ਵੇਖਣ ਤੇ ਦੇ" ਮਾਂ ਜੀ ਮੈਨੂੰ ਸੋਨੇ ਬਿਨਾਂ ਕਿਸੇ ਸ਼ੈਅ ਦਾ ਗਹਿਣਾ ਨਹੀਂ ਪਾਣ ਦਿੰਦੇ ।

ਸੱਤਾਂ ਮਹੀਨਿਆਂ ਮਗਰੋਂ ਮੈਂ ਪੌੜੀਆਂ ਲਹਿੰਨੀ ਆਂ ।

ਗੂੜ੍ਹੇ ਗੁਲਾਬੀ ਰੰਗ ਦੇ ਰੇਸ਼ਮੀ ਸੂਟ ਨਾਲ ਮੇਰੇ ਲੰਮੇ ਕਾਲੇ ਵਾਲ ਸੁਨਹਿਰੀ ਛਬੇ ਆਲੇ ਉਸ ਪਰਾਂਦੇ ਵਿਚ ਵੱਟੇ ਹੋਏ ਨੇਂ ਜਿਹੜਾ ਮੈਂ ਕਦੀ ਪਸੰਦ ਨਹੀਂ ਕੀਤਾ । ਮੇਰੇ ਪੈਰਾਂ ਤੇ ਨਾਜ਼ੁਕ ਅੱਡੀ ਆਲੀ ਕਾਲੀ ਜੁੱਤੀ ਏ ਜਿਹੜੀ ਮੇਰੇ ਹੱਥਾਂ ਵਿਚ ਨੱਪੇ ਚੰਮ ਦੇ ਕਾਲੇ ਪਰਸ ਨਾਲ ਮੈਚ ਕਰਦੀ ਪਈ ਏ।

ਮੈਂ ਇਕ ਨਵੀਂ ਨਕੋਰ ਜ਼ਨਾਨੀ ਆਂ।

ਮਾਂ ਜੀ ਕਮਰੇ ਵਿਚ ਮੈਨੂੰ ਐਵੇਂ ਮਿਲਦੇ ਨੇਂ ਜਿਵੇਂ ਮੈਂ ਪਰਹੁਣੀ ਹੋਵਾਂ, ਮੈਨੂੰ ਬੈਠਣ ਲਈ ਲੱਕੜ ਆਲੀ ਕੁਰਸੀ ਮਿਲਦੀ ਏ ।

ਮਾਂ ਜੀ ਦੇ ਕਮਰੇ ਵਿਚ ਚਾਰ ਕਿਸਮਾਂ ਦੀਆਂ ਸੀਟਾਂ ਨੇਂ । ਨੁੱਕਰ ਵਿੱਚ ਇੱਕ ਵੱਡਾ ਤੇ ਇਕ ਕੱਲੇ ਬੰਦੇ ਦਾ ਸੋਫ਼ਾ, ਬੂਹੇ ਨਾਲ ਲੱਕੜ ਦੀ ਢੋਂ ਆਲੀ ਕੁਰਸੀ, ਬਿਸਤਰਾ ਤੇ ਕਲੀਨ । ਕੁੱਝ ਮਹੀਨੇ ਪਹਿਲੋਂ ਮੇਰੀ ਮਰਜ਼ੀ ਸੀ ਮੈਂ ਸੋਫ਼ੇ ਤੇ ਬਹਵਾਂ ਯਾਂ ਮਾਂ ਜੀ ਦੇ ਬਿਸਤਰੇ ਤੇ । ਪਿੰਡੋਂ ਆਈ ਕੋਈ ਜ਼ਨਾਨੀ ਕਲੀਨ ਤੇ ਬਹਿੰਦੀ, ਕੁਰਸੀ ਤੇ ਪਿੰਡ ਦੀਆਂ ਵਡੇਰੀਆਂ ਤੇ ਬਿਮਾਰ ਬਹਿੰਦੀਆਂ ਤੇ ਯਾਂ ਆਂਟੀ ਅਨੀਲਾ ਪ੍ਰਵੀਨ ।

"ਇਡੇ ਅਮੀਰ ਤੇ ਨਹੀਂ ਪਰ ਟੱਬਰ ਸ਼ਰੀਫ਼ ਤੇ ਤਾਅਲੀਮ ਯਾਫ਼ਤਾ ਏ" ਮਾਂ ਜੀ ਮੈਨੂੰ ਕਹਿੰਦੇ ਨੇਂ "ਮਾਂ ਜਵਾਨੀ ਵਿੱਚ ਬੇਵਾ ਹੋ ਗਈ ਸੀ ਤੇ ਉਸ ਆਪ ਦਫ਼ਤਰਾਂ ਵਿੱਚ ਕੰਮ ਕਰ ਕਰ ਕੇ ਦੋਵੇਂ ਮੁੰਡਿਆਂ ਨੂੰ ਪੜ੍ਹਾਇਆ ਲਿਖਾਇਆ ਏ । ਹੁਣ ਮਾਸ਼ਾ ਅੱਲਾਹ, ਵੱਡਾ ਇਕ ਮਸ਼ਹੂਰ ਡਾਕਟਰ ਏ ਤੇ ਨਿੱਕਾ ਅਕਾਉਂਟੈਂਟ ਪਿਆ ਬਣਦਾ ਏ। ਬੇਟਾ, ਤੈਨੂੰ ਫ਼ੋਟੋ ਪਸੰਦ ਆਈ ਏ?" ਉਹ ਪੁੱਛਦੇ ਨੇਂ ।

"ਜੀ?" ਇਸ ਬਾਰੇ ਮੇਰੀ ਕੋਈ ਰਾਏ ਹੋਣੀ ਚਾਹੀਦੀ ਸੀ?

"ਜੀਵਾਂ ਤੈਨੂੰ ਮੁੰਡੇ ਦੀ ਫ਼ੋਟੋ ਨਹੀਂ ਵਿਖਾਈ?" ਮਾਂ ਜੀ ਅੰਮਾਂ ਜੀਵਾਂ ਲਈ ਇੱਧਰ ਉੱਧਰ ਵੇਹੰਦੇ ਨੇਂ ।

"ਹਾਂ ਜੀ ਵਿਖਾਈ ਸੀ"।

"ਫਿਰ?"

"ਆ .... ਹਾਂ ਜੀ .... ਚੰਗੀ ਏ"।

"ਤੇਰਾ ਭਰਾ ਆਹੰਦਾ ਸੀ ਮੁੰਡਾ 'ਹੈਂਡਸਮ' ਏ"।

"ਜੀ"।

"ਤੁਹਾਡੀਆਂ ਉਮਰਾਂ ਵਿਚ ਫ਼ਰਕ ਏ ਪਰ ਉਹ ਜ਼ਨਾਨੀ ਲਈ ਚੰਗਾ ਹੁੰਦਾ ਏ, ਮਰਦ ਬੁੱਢਾ ਹੋ ਜਾਂਦਾ ਏ ਤੇ ਉਹ ਹਾਲੀ ਜਵਾਨ ਫਿਰਦੀ ਏ"।

"ਜੀ"।

''ਤੇਰਾ ਦਿਉਰ ਕਿਸੇ ਮੇਮ ਨਾਲ ਵਿਆਹਿਆ ਹੋਇਆ ਏ'' ਮਾਂ ਜੀ ਕਹਿੰਦੇ ਨੇਂ ।

ਬੂਹੇ ਤੇ ਖਟਕਾ ਹੁੰਦਾ ਏ, ਬਾਉ ਭਾ ਦਾ ਹੁੱਕਾ ਲਈ ਆਂਦਾ ਏ।

ਭਾ ਦੇ ਖੰਗੂਰੇ ਦੀ ਵਾਜ, ਮੈਂ ਉੱਠ ਖਲੋਨੀ ਆਂ ਪਰ ਮੇਰੀਆਂ ਲੱਤਾਂ ਵਿਚ ਜ਼ੋਰ ਕੋ ਨੀ, ਲਗਦਾ ਏ ਮੈਂ ਡਿਗ ਪਵਾਂਗੀ।

ਭਾ ਅੰਦਰ ਵੜਦਿਆਂ ਈ ਮੈਨੂੰ ਆਵਦੀਆਂ ਬਾਹਵਾਂ ਵਿਚ ਲੈ ਲੈਂਦਾ ਏ ਜਿਵੇਂ ਉਹਨੂੰ ਪਤਾ ਹੋਵੇ।

ਮੈਂ ਸਿਰ ਚਾ ਕੇ ਉਹਨੂੰ ਵੇਂਹਨੀ ਆਂ, ਉਹਦੀਆਂ ਸੋਹਣੀਆਂ ਸਾਵੀਆਂ ਅੱਖਾਂ ਵਿਚ ਹੰਝੂ ਨੇਂ।

"ਭਾ ਅ" ਮੈਂ ਕੁਰਲਾਨੀ ਆਂ।

"ਗੁੱਡੀ" ਉਹ ਆਹੰਦਾ ਏ ਤੇ ਮੈਨੂੰ ਸੀਨੇ ਨਾਲ ਲਾ ਲੈਂਦਾ ਏ ।

ਉਹਦੇ ਹੰਝੂ ਮੇਰੇ ਵਾਲਾਂ ਵਿੱਚ ਨੇਂ ਤੇ ਮੇਰੇ ਉਹਦੇ ਮੋਢੇ ਤੇ ।

ਫਿਰ ਮਾਂ ਜੀ ਆ ਸਾਨੂੰ ਦੋਵਾਂ ਨੂੰ ਜੱਫਾ ਮਾਰਦੇ ਨੇਂ ਤੇ ਢਾਈਂ ਮਾਰ ਮਾਰ ਕੇ ਰੋਣ ਲੱਗ ਪੈਂਦੇ ਨੇਂ।

ਮੈਂ ਤੇ ਭਾ ਚੁਪ ਵੱਟ ਜਾਂਨੇ ਆਂ, ਅਸੀਂ ਕਦੇ ਮਾਂ ਜੀ ਨੂੰ ਢਾਈਂ ਮਾਰਦਿਆਂ ਨਹੀਂ ਸੀ ਵੇਖਿਆ।

ਕੋਈ ਹੋਰ ਅੰਦਰ ਵੜਦਾ ਤੇ ਨਹੀਂ ਪਰ ਮੈਨੂੰ ਪਤਾ ਏ, ਅੰਮਾਂ ਜੀਵਾਂ ਤੇ ਖ਼ੋਰਸ਼ੈਦੀ ਪਰਦੇ ਪਿੱਛੇ ਰੋਂਦੀਆਂ ਪਈਆਂ ਨੇਂ।

ਭਾ ਪਹਿਲੋਂ ਤਰ੍ਹਾਂ ਮੈਨੂੰ ਆਵਦੇ ਨਾਲ ਸੋਫ਼ੇ ਤੇ ਬਹਾਉਂਦਾ ਏ, ਅਸੀਂ ਖਾਣਾ ਖਾਂਨੇ ਆਂ ਤੇ ਯਾਰ੍ਹਾਂ ਵਜੇ ਤੋੜੀ ਗੱਲਾਂ ਬਾਤਾਂ ਕਰਦੇ ਰਹਿੰਨੇ ਆਂ ।

ਭਾ ਦਾ ਜਿਮਖ਼ਾਨਾ ਕਲੱਬ ਜਾਣ ਦਾ ਵੇਲਾ ਹੋ ਜਾਂਦਾ ਏ। ਉਹ ਮੈਨੂੰ ਪਝੱਤਰ ਹਜ਼ਾਰ ਰੁਪਈਏ ਦਾ ਚੈੱਕ ਜ਼ੇਵਰਾਂ ਕੱਪੜਿਆਂ ਲਈ ਫੜਾਂਦਾ ਏ ਤੇ ਆਹੰਦਾ ਏ ਵੀਹ ਹਜ਼ਾਰ ਅਮਰੀਕੀ ਡਾਲਰ ਉਸ ਮੇਰੇ ਨਾਲ ਭੇਜਣ ਲਈ ਰੱਖੇ ਨੇਂ।

ਮੇਰੀ ਸਾਖ ਇੱਕੋ ਦਿਹਾੜੇ ਵਿਚ ਵੱਧ ਗਈ ਏ ਤੇ ਜੇ ਮੈਂ ਕੁੱਝ ਨਾ ਆਖਾਂ ਤੇ ਮੇਰੇ ਟੱਬਰ ਨੂੰ ਸੱਤੇ ਖ਼ੈਰਾਂ ਨੇਂ।

"ਤੇਰੇ ਦਾਦੇ ਦੇ ਮਤਰਏ ਭਰਾ ਦੀ ਔਲਾਦ ਏ ਜਿਹੜੇ ਸਨ ਸੰਤਾਲੀ ਵਿਚ ਮੁਲਕ ਛਡ ਗਏ ਸਨ" ਮਾਂ ਜੀ ਆਹੰਦੇ ਪਏ ਨੇਂ।

ਹੁਣ ਤੋਂ ਪਹਿਲੋਂ ਸਾਡੇ ਟੱਬਰ ਵਿੱਚੋਂ ਕਿਸੇ ਮੇਰੇ ਦਾਦੇ ਦੇ ਮਤਰਏ ਭਰਾ ਦੀ ਔਲਾਦ ਦਾ ਕੁੱਝ ਦੱਸਿਆ ਪੁੱਛਿਆ ਨਹੀਂ ਪਰ ਹੁਣ ਜੇ ਮੈਨੂੰ ਬੱਝ ਲੱਗ ਗਈ ਏ ਤੇ ਉਹ ਵੀ ਚੰਗੇ ਬਣ ਗਏ ਨੇਂ ।

"ਤੇਰਾ ਭਰਾ ਚਾਹੁੰਦਾ ਏ ਬਈ ਤੂੰ ਐਫ਼ ਏ ਦੇ ਪਰਾਈਵੇਟ ਇਮਤਿਹਾਨ ਲਈ ਬਹਵੇਂ। ਤੇਰੇ ਕੋਲ ਤਿਆਰੀ ਕਰਨ ਲਈ ਤਿੰਨ ਮਹੀਨੇ ਨੇਂ, ਉਹਨੇ ਦਾਖ਼ਲਾ ਸ਼ਾਖ਼ਲਾ ਜਮ੍ਹਾ ਕਰਾ ਦਿੱਤਾ ਏ"।

"ਕਿਉਂ ਮਾਂ ਜੀ?" ਮੇਰੇ ਢਿੱਡ ਵਿੱਚ ਕਾਵੜ ਦਾ ਛੁਰਾ ਆਣ ਲਗਦਾ ਏ ।

"ਤਾਅਲੀਮ ਔਰਤ ਦਾ ਜ਼ੇਵਰ ਏ, ਤੇਰੀ ਆਂਟੀ ਸਾਬਰ ਵੀ ਉਨ੍ਹਾਂ ਨੂੰ ਦੱਸਿਆ ਏ ਬਈ ਤੂੰ ਪੜ੍ਹਾਈ ਵਿੱਚ ਲੈਕ ਫ਼ੈਕ ਏਂ ਤੇ ਫ਼ਰਫ਼ਰ ਅੰਗਰੇਜ਼ੀ ਬੋਲਣੀ ਏਂ" ਮਾਂ ਜੀ 'ਪਾਕਿਸਤਾਨ ਟਾਈਮਜ਼' ਖੋਲਦੇ ਨੇਂ ਤੇ ਮੇਰੇ ਬੋਲਣ ਤੋਂ ਪਹਿਲੋਂ ਪੁੱਛਦੇ ਨੇਂ "ਇਹ ਕਨਾਡਾ ਦੀ ਮਲਿਕਾ ਏ?" ਉਹ ਮੈਨੂੰ ਇੱਕ ਗੋਰੀ ਦੀ ਤਸਵੀਰ ਵਿਖਾਂਦੇ ਨੇਂ। ਹੇਠਾਂ ਅੰਗਰੇਜ਼ੀ ਵਿਚ 'ਮਾਰਗਰੇਟ ਟਰੂਡੋ, ਪ੍ਰਾਈਮ ਮਨਿਸਟਰ ਦੀ ਵੋਹਟੀ, ਕੈਨੇਡਾ ਦੀ ਪਹਿਲੀ ਜ਼ਨਾਨੀ' ਲਿਖਿਆ ਏ।

"ਪ੍ਰਾਈਮ ਮਨਿਸਟਰ ਦੀ ਬੀਵੀ ਏ" ਮੈਂ ਆਹੰਨੀ ਆਂ ।

"ਤੇ ਫਿਰ ਮਲਿਕਾ ਈ ਹੋਈ । ਲਾਹੌਲ ਵਲਾ ਕੂਵੱਤ ਇੱਲਾ ਬਿੱਲਾਹ, ਇਸ ਮੁਲਕ ਦੀਆਂ ਜੁਆਨ ਕੁੜੀਆਂ ਦਾ ਕੀ ਹਾਲ ਹੋਵੇ ਗਾ ਜਿਹਨਾਂ ਸਾਹਮਣੇ ਇਹ ਨਮੂਨਾ ਏ?" ਮਾਂ ਜੀ ਅਖ਼ਬਾਰ ਮੇਰੇ ਵਲ ਚਲਾ ਕੇ ਸੁੱਟਦੇ ਨੇਂ "ਆਵਦੀਆਂ ਧੀਆਂ ਦੇ ਜਵਾਨ ਹੋਣ ਤੋਂ ਪਹਿਲੋਂ ਸੱਸ ਨੂੰ ਲੈ ਕੇ ਪਾਕਿਸਤਾਨ ਆ ਜਾਵੀਂ। ਖ਼ੁਦਾ ਨ ਖ਼੍ਵਾਸਤਾ ਜੇ ਉਨ੍ਹਾਂ ਤੇ ਈਂ ਜਹੀਆਂ ਦਾ ਝੋਲਾ ਪਵੇ"।

ਮੈਂ ਅਖ਼ਬਾਰ ਕੱਠਾ ਕਰਨੀ ਆਂ। ਫ਼ੋਟੋ ਨਾਲ ਦਿੱਤੀ ਨਿੱਕੀ ਜਿਹੀ ਖ਼ਬਰ ਬੱਸ ਮਾਂ ਜੀ ਵਾਂਗਰ ਇਹ ਦੱਸਦੀ ਏ ਕਿ ਕਿਵੇਂ ਮਾਰਗਰੇਟ ਨਾਈਟ ਕਲੱਬ ਵਿਚ ਗ਼ੈਰਾਂ ਨਾਲ ਨੱਚਦੀ ਪਈ ਏ ਜਦ ਕਿ ਟਰੂਡੋ ਮੁਲਕ ਚਲਾਣ ਦਾ ਆਹਰੂ ਏ । ਅਖ਼ੀਰ ਵਿਚ ਰਿਪੋਰਟਰ ਟਰੂਡੋ ਦੇ ਚਮਤਕਾਰ ਨੂੰ ਸਾਡੇ ਫਾਂਸੀ ਚਾੜ੍ਹੇ ਪ੍ਰਾਈਮ ਮਨਿਸਟਰ ਭੁੱਟੋ ਦੇ ਚਮਤਕਾਰ ਨਾਲ ਮਿਲਾਇਆ ਏ।

ਮਾਂ ਜੀ ਮੈਨੂੰ ਫ਼ੋਟੋ, ਆਂਟੀ ਸਾਬਰ ਦੀ ਚਿੱਠੀ ਤੇ ਅਖ਼ਬਾਰ ਲਿਜਾਣ ਦਿੰਦੇ ਨੇਂ।

ਉੱਤੇ ਜਾਂਦਿਆਂ ਮੇਰੇ ਹੱਥਾਂ ਵਿਚ ਭਾਰ ਏ। ਮੇਰਾ ਮਤਰਿਆ ਚਾਚੇ ਦਾ ਪੁੱਤ ਭਰਾ ਆਕੜੂ ਤੇ ਆਪ ਹੁਦਰਾ ਲਗਦਾ ਏ, ਆਂਟੀ ਸਾਬਰ ਦੀ ਚਿੱਠੀ ਕੋਈ ਬਪਾਰੀ ਨੁਸਖ਼ਾ ਏ । ਮੇਰੇ ਕੋਲ ਮਨ ਭਾਵਨਾ ਇਨਸਾਨ ਇੱਕੋ ਏ, ਖਿਲਦੀ ਤੇ ਨੱਚਦੀ ਮਾਰਗਰੇਟ ਟਰੂਡੋ।

ਇਹ ਸੋਚ ਕੇ ਕਿ ਮੈਂ ਚਾਰ ਪੰਜ ਮਹੀਨਿਆਂ ਵਿਚ ਇਕ ਹੋਰ ਮੁਲਕ ਈਂ ਜਿਹੇ ਲੋਕਾਂ ਨਾਲ ਜਾ ਰਹਿਣਾ ਏ ਜਿਨ੍ਹਾਂ ਨੂੰ ਮੈਂ ਕਦੇ ਵੇਖਿਆ ਵੀ ਨਹੀਂ, ਮੇਰੀ ਕਾਵੜ ਢਿੱਡ ਵਿੱਚ ਪੀੜ ਬਣ ਕੇ ਖੁੱਬ ਜਾਂਦੀ ਏ ।

## ਤੀਜਾ ਅੰਗ

# ਸੰਗਲ ਨਾਲ ਖਹੇੜੇ

ਟੋਰੰਟੋ 1991

ਸਤ ਹਜ਼ਾਰ ਵਰ੍ਹੇ ਪਹਿਲੋਂ ਜਦ ਟੋਰੰਟੋ ਵਸਿਆ ਤੇ ਇਹ ਮਿਸੀਸਾਗਾ ਕਬੀਲੇ ਦੇ ਲੋਕਾਂ ਦੀ 'ਮਿਲਣ ਦੀ ਥਾਂ' ਸੀ। 1793 ਵਿਚ ਫ਼ਰਾਂਸ ਤੇ ਫਿਰ ਇੰਗਲਿਸਤਾਨ ਨੇ ਟੋਰੰਟੋ ਤੇ ਮਲ੍ਹ ਮਾਰ ਲਿਆ। ਮਗਰੋਂ ਇੰਗਲਿਸਤਾਨ ਨੇ ਦੋ ਲੱਖ ਪੰਜਾਹ ਹਜ਼ਾਰ ਏਕੜ ਜ਼ਮੀਨ ਸਤਾਰ੍ਹਾਂ ਸੌ ਪੌਂਡ ਵਿਚ ਮਿਸੀਸਾਗਾ ਲੋਕਾਂ ਤੋਂ ਮੁੱਲ ਲੈ ਲਈ ।

1812 ਵਿਚ ਇਕ ਜ਼ਨਾਨੀ, ਲਾਰਾ ਸੀਕਵਰਡ, ਇੰਗਲਿਸਤਾਨੀ ਫ਼ੌਜਾਂ ਨੂੰ ਅਮਰੀਕੀ ਧਾਵੇ ਦੀ ਖ਼ਬਰ ਕਰਨ ਲਈ ਉੱਨੀ ਮੀਲ ਪੈਦਲ ਟੁਰੀ । ਮੰਮੀ ਜੀ ਦਾ ਖ਼ਿਆਲ ਏ ਕਿ ਉਹੀਓ ਉਸ ਚਾਕਲੇਟ ਫ਼ੈਕਟਰੀ ਦੀ ਮਾਲਿਕ ਏ ਜਿੱਥੇ ਉਹ ਤੀਹ ਵਰ੍ਹੇ ਕੰਮ ਕਰਦੇ ਰਹੇ ਨੇਂ ।

ਭਾਵੇਂ ਇਹ ਠੰਡਾ ਸੀਤ ਦੇਸ ਏ ਵੱਲ ਵੀ ਟੋਰੰਟੋ ਵਿਚ ਇਕ ਸੌ ਛੇ ਮੁਲਕਾਂ ਦੇ ਲੋਕੀ ਰਹਿੰਦੇ ਨੇਂ। ਮੈਂ 1982 ਵਿਚ ਟੋਰੰਟੋ ਆਈ ਤੇ ਹਵਾਈ ਅੱਡੇ ਤੇ ਦੋ ਉਪਰੇ ਬੰਦੇ ਮੈਨੂੰ ਲੈਣ ਆਏ ਹੋਏ ਸਨ, ਇਹਤਸ਼ਾਮ ਦਾ ਨਿੱਕਾ ਭਰਾ ਇਸਹਾਕ ਤੇ ਉਹਦੀ ਜ਼ਾਲ ਬਰੈਂਡਾ । ਉਸੇ ਰਾਤ ਮੈਂ ਆਵਦੇ ਖ਼ੌਂਦ ਇਹਤਸ਼ਾਮ ਨੂੰ ਮਿਲੀ, ਭਾਗ ਔਂਤਰੇ, ਮੈਨੂੰ ਉਹਦੇ ਨਾਲ ਸੌਣਾ ਵੀ ਸੀ ।

# ਸਵੇਰ

ਵਗਦੀ ਸੜਕ ਤੇ ਮੈਂ ਬੱਸਾਂ ਕਾਰਾਂ ਤੋਂ ਬੱਚ ਬਚਾ ਕੇ ਲੰਘਣੀ ਪਈ ਆਂ। ਕੋਈ ਸਾਰੀ ਟਰੈਫ਼ਿਕ ਰੋਕ, ਅਲੋਪ ਕਰ ਦਿੰਦਾ ਏ। ਉਹਦੀ ਥਾਂ ਤੇ ਇਕ ਨੀਵਨ ਸਾਈਨ ਆਂਦਾ ਏ ਜਿਹਦੇ ਤੇ 'ਐਗਜ਼ਿਟ, ਸੋਰਟੀ' ਲਿਖਿਆ ਏ । ਮੈਂ ਡੋਰ ਭੋਰੀ ਆਂ ਕਿ ਸਿਰਫ਼ ਮੈਂ ਟੋਰੰਟੋ ਦੀ ਹਾਕੀ ਟੀਮ ਦੇ ਮੈਦਾਨ ਵਿੱਚੋਂ ਕਿਉਂ ਕੱਢੀ ਜਾਂਨੀ ਪਈ ਆਂ? ਮੈਂ ਮੈਪਲ ਲੀਫ਼ ਗਾਰਡਨ ਛੋੜਨ ਤੋਂ ਇਨਕਾਰੀ ਹੋਨੀ ਆਂ, ਇਕ ਗ਼ਦਰ ਜਿਹਾ ਮੱਚ ਜਾਂਦਾ ਏ ਤੇ ਉਸ ਵੇਲੇ ਤਾਈਂ ਨਹੀਂ ਮੁਕਦਾ ਜਦ ਤੋੜੀ ਮੈਂ ਅੱਖਾਂ ਖੋਲ, ਮੰਮੀ ਜੀ ਨੂੰ ਆਵਦਾ ਬੂਹਾ ਭੰਨਦੇ ਨਹੀਂ ਵੇਂਹਦੀ।

"ਕੁੜੇ, ਤੂੰ ਉਠ ਗਈ ਇਆਂ?" ਮੰਮੀ ਜੀ ਮੈਨੂੰ ਉਠਦਿਆਂ ਵੇਖ ਕੇ ਪੁੱਛਦੇ ਨੇਂ।

"ਸਲਾਮੋ ਲੈਕੁਮ ਮੰਮੀ ਜੀ" ਮੈਂ ਪੈਰ ਰਜ਼ਾਈ ਵਿੱਚੋਂ ਕੱਢ ਕੇ ਸਿੰਥੈਟਿਕ ਕਲੀਨ ਤੇ ਰੱਖਣੀ ਆਂ । ਮੇਰਾ ਕਮਰਾ ਇੰਨਾ ਨਿੱਕਾ ਏ ਕਿ ਡਬਲ ਬੈੱਡ ਤੇ ਉਹਦੇ ਨਾਲ ਦੀ ਮੇਜ਼ ਰੱਖਣ ਮਗਰੋਂ ਟੁਰਨ ਦੀ ਥਾਂ ਵੀ ਨਹੀਂ ਬਚਦੀ। ਲਮਾਰੀ ਵਿੱਚੋਂ ਕੁਝ ਕੱਢਣਾ ਪਾਣਾ ਹੋਵੇ ਯਾਂ ਕਮਰੇ ਤੋਂ ਬਾਹਰ ਜਾਣਾ ਹੋਵੇ ਤੇ ਪਲੰਗ ਦੇ ਕੰਢੇ ਕੰਢੀ ਟੁਰਨਾ ਪੈਂਦਾ ਏ ਜਿਵੇਂ ਉਹ ਪਨੀਰੀ ਦੀ ਨਿੱਕੀ ਜਿਹੀ ਪੈਲੀ ਹੋਵੇ ।

"ਤੂੰ ਕਦੇ ਨਮਾਜ਼ ਵੀ ਪੜ੍ਹਦੀ ਇਆਂ? ਰੱਬ ਦਾ ਸ਼ੁੱਕਰ ਕਰ ਤੇਰੇ ਬਾਲ ਨਹੀਂ ਹੋਏ, ਉਹ ਭੁੱਖੇ ਮਰਦੇ ਤੇ ਤੂੰ ਸੁੱਤੀ ਰਹਿੰਦੀ ਇਆਂ" ।

"ਮੰਮੀ ਜੀ, ਚਾਹ ਪੀਵੋਗੇ?" ਮੈਂ ਵਾਸ਼ ਰੂਮ ਵਲ ਜਾਂਦੀ ਆਹੰਨੀ ਆਂ ।

''ਚਾਹ ਕਿਉਂ, ਜ਼ਹਿਰ ਇਆ?'' ਮੰਮੀ ਜੀ ਮੇਰੇ ਪਿੱਛੇ ਪਿੱਛੇ ਹਾਲ ਵੇ ਵਿਚ ਆਂਦੇ ਨੇਂ ।

ਮੈਂ ਵਾਸ਼ ਰੂਮ ਵੜਨੀ ਆਂ, ਮੰਮੀ ਜੀ ਮੇਰੇ ਮਗਰ ।

ਜੇ ਮੈਂ ਬੂਹਾ ਲਾਵਾਂ ਵੱਲ ਵੀ ਮੰਮੀ ਜੀ ਬੂਹਾ ਖਟਕਾ ਖਟਕਾ ਕੇ ਬੋਲਦੇ ਰਹਿਣਗੇ ਤੇ ਮੇਰੇ ਕੋਲੋਂ ਬਹਿਆ ਨਹੀਂ ਜਾਣਾ ।

ਮੈਂ ਮੁੜਨੀ ਆਂ ਤੇ ਮੰਮੀ ਜੀ ਦੇ ਵੇਂਹਦਿਆਂ ਵੇਂਹਦਿਆਂ ਪੌੜੀਆਂ ਉਤਰਨ ਲੱਗ ਪੈਂਨੀ ਆਂ।

"ਤੂੰ ਕਿਥਾਂ ਨੂੰ ਨੱਠੀ ਜਾਂਨੀ ਇਆਂ?"

ਮੈਂ ਕਿਚਨ ਵਿਚ ਜਾ ਕੇਤਲੀ ਲਾਵਾਂਗੀ, ਮੰਮੀ ਜੀ ਮੇਰੇ ਮਗਰੋ ਮਗਰ ਆਣਗੇ ਤੇ ਮੈਂ ਭੱਜ ਕੇ ਪੌੜੀਆਂ ਚੜ੍ਹ, ਵਾਸ਼ ਰੂਮ ਆ ਬਹਵਾਂਗੀ ।

"ਜਬਾਬ ਨਹੀਂ ਦਿੰਦੀ ਇਆਂ?" ਮੰਮੀ ਜੀ ਉੱਤੇ ਹਾਲ ਵੇ ਤੋਂ ਕਹਿੰਦੇ ਨੇਂ ।

ਮੈਂ ਥਲਵੀਂ ਪੌੜੀ ਤੇ ਆਂ ।

ਲਿਵਿੰਗ ਰੂਮ ਦਾ ਬੂਹਾ ਟੱਪਣੀ ਆਂ ਤੇ ਇਹਤਸ਼ਾਮ ਦੇ ਕਲੀਨਿਕ ਦੀ ਸੈਕਰੇਟਰੀ ਐਲਾਇਜ਼ਾ ਨਜ਼ਰੀਂਦੀ ਏ। ਉਹ ਇਹਤਸ਼ਾਮ ਮੂਹਰੇ ਸੋਫ਼ੇ ਤੇ ਬੈਠੀ ਕਾਫ਼ੀ ਪੀਂਦੀ ਪਈ ਏ ।

ਗਵਾਚੀ ਹੋਈ ਗਾਂ, ਮੈਂ ਖਲੀ ਦੀ ਖਲੀ ਰਹਿ ਜਾਂਨੀ ਆਂ ।

"ਗੁੱਡ ਮਾਰਨਿੰਗ ਮਿਸਿਜ਼ ਇਹਤਸ਼ਾਮ" ਐਲਾਇਜ਼ਾ ਕਹਿੰਦੀ ਏ ।

"ਮੋਰਨਿੰਗ" ਮੈਂ ਆਵਦੇ ਕਢਾਈ ਆਲੇ ਤਰਬੂਜ਼ੀ ਸੂਟ ਦੀ ਕਮੀਜ਼ ਠੀਕ ਕਰਨੀ ਆਂ ਜਿਹੜਾ ਮਾਂ ਜੀ ਨੌਂ ਵਰ੍ਹੇ ਪਹਿਲੋਂ ਮੈਨੂੰ ਦਾਜ ਵਿੱਚ ਦਿੱਤਾ ਸੀ ।

"ਮੈਂ ਬਿਮਾਰ ਹੋ ਜਾਵਾਂ ਤੇ ਕੌਣ ਜ਼ਿੰਮੇ ਦਾਰ ਇਆਂ?" ਪੌੜ੍ਹੀਆਂ ਤੋਂ ਮੰਮੀ ਜੀ ਦੀ ਵਾਜ ਆਂਦੀ ਏ ।

ਮੈਂ ਕਿਚਨ ਵੱਲ ਜਾਂਦਿਆਂ ਐਲਾਇਜ਼ਾ ਤੇ ਇਹਤਸ਼ਾਮ ਕੋਲੋਂ ਲੰਘਣ ਲੱਗਣੀ ਆਂ, ਇਹਤਸ਼ਾਮ ਖਲੋ ਜਾਂਦਾ ਏ ।

"ਤੂੰ ਹਾਲੀ ਮੰਮੀ ਨੂੰ ਨਾਸ਼ਤਾ ਨਹੀਂ ਦਿੱਤਾ?" ਉਹ ਪੁੱਛਦਾ ਏ ।

ਇਕ ਸਕਿੰਟ ਲਈ ਜਾਪਦਾ ਏ ਉਹ ਮੈਨੂੰ ਫੜ ਲਏ ਗਾ ।

"ਹਾਏ, ਮੈਂ ਭੁੱਖ ਪਾਰੋਂ ਡਿੱਗਣ ਲੱਗੀ ਇਆਂ" ਮੰਮੀ ਜੀ ਇਹਤਸ਼ਾਮ ਦੀ ਕੋ ਸੁਣ ਕੇ ਆਵਦੀ ਵਾਜ ਕਮਜ਼ੋਰ ਕਰ ਲੈਂਦੇ ਨੇਂ ।

ਮੈਂ ਕਿਚਨ ਵੱਲ ਟੁਰਦੀ ਜਾਂਨੀ ਆਂ ।

"ਸਕੀਨਾ" ਇਹਤਸ਼ਾਮ ਚੀੜ੍ਹਾ ਹੋ ਕੇ ਆਹੰਦਾ ਏ "ਛੇ ਵੱਜਣ ਆਲੇ ਨੇਂ"।

ਮੈਂ ਕਿਚਨ ਸਿੰਕ ਥੱਲੇ ਹੱਥ ਪਾ ਕੇ ਕੇਤਲੀ ਕੱਢਣੀ ਆਂ ਤੇ ਉਹਨੂੰ ਨਲਕੇ ਦੇ ਠੰਢੇ ਪਾਣੀ ਨਾਲ ਭਰਨਾ ਸ਼ੁਰੂ ਕਰ ਦੇਂਨੀ ਆਂ ।

''ਸਕੀਨਾ ਇੱਧਰ ਆ'' ਇਹਤਸ਼ਾਮ ਆਵਦਾ ਤਮੀਜ਼ ਆਲਾ ਸਭਾਅ ਵਰਤਦਾ ਏ ।

ਪਾਣੀ ਦੀ ਸ਼ੜ ਸ਼ੜ ਹੋਰ ਔਖਿਆਂ ਪਈ ਕਰਦੀ ਏ, ਮੈਨੂੰ ਇਸੇ ਵੇਲੇ ਵਾਸ਼ ਰੂਮ ਜਾਣ ਦੀ ਲੋੜ ਏ ।

"ਸਕੀਨਾ" ਇਹਤਸ਼ਾਮ ਕੋੜੀਜ ਕੇ ਆਹੰਦਾ ਏ ।

ਮੈਂ ਨਲਕਾ ਬੰਦ ਕਰਕੇ ਕੇਤਲੀ ਆਨ ਕਰਨੀ ਆਂ ਤੇ ਲਿਵਿੰਗ ਰੂਮ ਨੂੰ ਮੁੜ ਆਂਨੀ ਆਂ ।

"ਤੂੰ ਮੰਮੀ ਜੀ ਨੂੰ ਕੜਾਪ ਦੇ ਦੇ ਕੇ ਉਨ੍ਹਾਂ ਦੀਆਂ ਬਿਮਾਰੀਆਂ ਵਧਾ ਦਿਤੀਆਂ ਨੇ" ਇਹਤਸ਼ਾਮ ਆਹੰਦਾ ਏ ।

"ਛੇ ਵੱਜ ਕੇ ਪੰਜ ਮਿੰਟ ਈ ਹੋਏ ਨੇ" ਮੈਂ ਛੇਤੀ ਛੇਤੀ ਉਹਦੇ ਕੋਲੋਂ ਲੰਘਦਿਆਂ ਆਹੰਨੀ ਆਂ ।

"ਤੂੰ ਫਿਰ ਦੋ ਗੋਲੀਆਂ ਵੈਲੀਅਮ ਲੈਂਨੀ ਪਈ ਏਂ?" ਇਸ ਵਾਰੀ ਉਹ ਮੈਨੂੰ ਬਾਂਹੋਂ ਫੜ ਲੈਂਦਾ ਏ "ਉਹ ਫ਼ਾਈਵ ਮਿਲੀ ਗ੍ਰਾਮ ਦੀ ਏ, ਮੈਂ ਤੈਨੂੰ ਆਖਿਆ ਸੀ ਇਕ ਤੋਂ ਵੱਧ ਨਾ ਖਾਈਂ" ਉਹ ਮੈਨੂੰ ਦੋ ਤਰੈ ਝਟਕੇ ਦਿੰਦਾ ਏ ।

ਝਟਕੇ ਤੇ ਪੋਲੇ ਜਿਹੇ ਸਨ ਪਰ ਉਹਨੇ ਮੇਰੀ ਬਾਂਹ ਇੰਜ ਫੜੀ ਹੋਈ ਏ ਕਿ ਉਹਦੀਆਂ ਚਾਰੇ ਉਂਗਲਾਂ ਤੇ ਅੰਗੂਠਾ ਮੇਰੇ ਮਾਸ ਵਿਚ ਖੁੱਬੇ ਪਏ ਨੇਂ ।

"ਮੈਂ ਇੱਕੋ ਖਾਦੀ ਸੀ" ਮੈਂ ਆਵਦੇ ਆਪ ਨੂੰ ਛੁਡਾਣ ਲਈ ਬਾਂਹ ਹਲਾਨੀ ਆਂ ।

"ਕਿੱਥੇ ਚਲੀ ਏਂ? ਮੈਂ ਤੇਰੇ ਨਾਲ ਗੱਲ ਪਿਆ ਕਰਨਾਂ" ।

"ਸੋਰੀ...."

"ਸੋਰੀ ਨਾ ਆਖ, ਇਹਦਾ ਕੁਝ ਕਰ ਮੋਰੋਨ" ਇਹਤਸ਼ਾਮ ਮੈਨੂੰ ਝਟਕ ਕੇ ਛੱਡ ਦਿੰਦਾ ਏ ।

"ਤਮੀਜ਼ ਨਾਲ, ਇਹਤਸ਼ਾਮ" ਐਲਾਇਜ਼ਾ ਕਹਿੰਦੀ ਏ ।

"ਇਹ ਮੋਰੋਨ ਈ ਏ" ਇਹਤਸ਼ਾਮ ਉਹਨੂੰ ਆਹੰਦਾ ਏ ।

"ਫਿਰ ਬਦਤਮੀਜ਼ੀ" ਐਲਾਇਜ਼ਾ ਮਟਕ ਕੇ ਆਹੰਦੀ ਏ ।

ਯਾਂ ਇਹ ਮੇਰਾ ਖ਼ਿਆਲ ਸੀ?

ਮੈਨੂੰ ਇਹ ਵੀ ਲਗਦਾ ਏ ਕਿ ਐਲਾਇਜ਼ਾ ਨੇ ਉਸ ਵੇਲੇ ਤੇ ਕੁਝ ਨਹੀਂ ਆਖਿਆ ਜਦੋਂ ਇਹਤਸ਼ਾਮ ਮੇਰੀ ਬਾਂਹ ਨੱਪੀ ਹੋਈ ਸੀ ਪਰ ਮਗਰੋਂ ਆਖੇ ਇਕ ਫ਼ਜ਼ੂਲ ਅੱਖਰ ਤੇ ਅਟਕ ਗਈ ਏ। ਮੇਰੀ ਪੁੱਛੋ ਤੇ ਮੈਂ ਸ਼ੁਕਰ ਕਰਨੀ ਪਈ ਆਂ ਕਿ ਐਲਾਇਜ਼ਾ ਇਸ ਵੇਲੇ ਇੱਥੇ ਸੀ, ਨਾ ਹੁੰਦੀ ਤੇ ਇਹਤਸ਼ਾਮ ਮੈਨੂੰ ਗੰਦੇ ਮੰਦੇ ਕੱਢਣੇ ਸਨ ਤੇ ਖ਼ੋਰੇ ਧੱਕਾ ਦੇ ਕਿਸੇ ਸ਼ੈਅ ਵਿਚ ਮਾਰੇ ਆ ।

ਮੰਮੀ ਜੀ ਬੂਹੇ ਵਿੱਚੋਂ ਇਹ ਸੁਰਤ ਪਏ ਕਰਦੇ ਨੇਂ ਕਿ ਕਮਰੇ ਵਿਚ ਕੌਣ ਕੌਣ ਏ ।

"ਸ਼ਾਮੀ, ਮੈਨੂੰ ਚਮਚੀ ਦੇ" ਐਲਾਇਜ਼ਾ ਕਹਿੰਦੀ ਏ ।

"ਕਿਹੜਾ ਇਆ?" ਮੰਮੀ ਜੀ ਖਟਕ ਜਾਂਦੇ ਨੇਂ ਤੇ ਆਵਦੇ ਨੀਲੇ ਹਾਊਸ ਕੋਟ ਦਿਆਂ ਖੀਸਿਆਂ ਵਿਚ ਐਨਕ ਭਾਲਦੇ ਨੇਂ।

"ਗੁੱਡ ਮਾਰਨਿੰਗ ਮਮ" ਐਲਾਇਜ਼ਾ ਕਹਿੰਦੀ ਏ।

"ਉਹੋ ਬਰੈਂਡਾ" ਮੰਮੀ ਜੀ ਐਨਕ ਲੱਭਣੀ ਛੱਡ, ਮੈਨੂੰ ਲੰਘਦੀ ਨੂੰ ਫੜ ਆਵਦੇ ਅੱਗੇ ਕਰ ਲੈਂਦੇ ਨੇਂ "ਉਹੋ ਬਰੈਂਡਾ"।

"ਓ ਮੰਮੀ, ਹੱਦ ਕਰਦੇ ਆਂ । ਹਰ ਗੋਰੀ ਬਰੈਂਡਾ ਨਹੀਂ ਹੁੰਦੀ, ਇਹ ਐਲਾਇਜ਼ਾ ਹੈਗੀ, ਮੇਰੇ ਕਲੀਨਿਕ ਕੰਮ ਕਰਦੀ ਆ" ਇਹਤਸ਼ਾਮ ਸਾਡੇ ਵੱਲ ਆਂਦਿਆਂ ਕਹਿੰਦਾ ਏ ।

"ਉਹ ਅੱਛਾ, ਲੈਜ਼ਾ" ਮੰਮੀ ਜੀ ਮੇਰੀ ਬਾਂਹ ਛੱਡ ਇਹਤਸ਼ਾਮ ਦੀ ਫੜ, ਉਹਨੂੰ ਢਾਲ ਬਣਾ, ਸੋਫ਼ੇ ਵਲ ਟੁਰ ਪੈਂਦੇ ਨੇਂ।

ਮੰਮੀ ਜੀ ਟੁਰਦੇ ਜਾਂਦੇ ਨੇਂ ਪਰ ਉਨ੍ਹਾਂ ਦੀਆਂ ਅੱਖੀਂ ਐਲਾਇਜ਼ਾ ਤੇ ਟਿਕੀਆਂ ਹੋਈਆਂ ਨੇਂ ।

ਐਲਾਇਜ਼ਾ ਸਕਿੰਟਾਂ ਵਿਚ ਘਾਬਰ ਜਾਂਦੀ ਏ, ਮੰਮੀ ਜੀ ਦੀ ਨਿਗਾਹ ਜਿਹਦੇ ਤੇ ਜੰਮ ਜਾਵੇ ਉਹਦੇ ਨਾਲ ਇਹ ਈ ਹੁੰਦਾ ਏ । ਇਸ ਗੱਲ ਦਾ ਇਹਤਸ਼ਾਮ ਨੂੰ ਵੀ ਪਤਾ ਏ ਤੇ ਇੱਥੇ ਮੁੜ ਮੇਰਾ ਚੰਗਾ ਨਸੀਬਾ ਕੰਮ ਆਇਆ, ਉਹ ਭੁਲ ਗਿਆ ਏ ਕਿ ਉਹ ਮੇਰੇ ਨਾਲ ਕੋਈ 'ਗਲ' ਕਰਦਾ ਪਿਆ ਸੀ।

"ਮੰਮੀ ਜੀ ਨੂੰ 'ਮਮ' ਨਾ ਆਖਿਆ ਕਰ, ਇਨ੍ਹਾਂ ਨੂੰ ਬਰੈਂਡਾ ਚੇਤੇ ਆ ਜਾਂਦੀ ਏ । ਮੈਂ ਤੈਨੂੰ ਦੱਸਿਆ ਸੀ, ਬਰੈਂਡਾ ਮੰਮੀ ਨੂੰ ਕਰੇਜ਼ੀ ਬਣਾ ਸਕਦੀ ਏ। ਉਸ ਕੁੱਤੀ ਨੇ ਮੰਮੀ ਨੂੰ ਜ਼ਹਿਰ ਦੇ ਦਿੱਤਾ ਸੀ ਤੇ ਕਹਿੰਦੀ ਸੀ ਸੱਭ ਕੁਝ ਲੁੱਟ ਕੇ ਲੈ ਜਾਵੇਗੀ" ਇਹਤਸ਼ਾਮ ਐਲਾਇਜ਼ਾ ਨੂੰ ਦੱਸਦਾ ਏ ।

"ਇਹ ਇੱਥੇ ਕਿਵੇਂ ਆਈ ਇਆ?" ਮੰਮੀ ਜੀ ਇਹਤਸ਼ਾਮ ਨੂੰ ਪੁੱਛਦੇ ਨੇਂ ।

ਇਸ ਸਵਾਲ ਦਾ ਜਵਾਬ ਮੈਂ ਵੀ ਸੁਣਨਾ ਚਾਹੁੰਨੀ ਆਂ ਪਰ ਖੜ ਨਹੀਂ ਸਕਦੀ ।

"ਅਸੀਂ ਨਾਈਟ ਸ਼ਿਫ਼ਟ ਖ਼ਤਮ ਕੀਤੀ ਤੇ ਮੈਂ ਇਹਨੂੰ ਬਰੇਕ ਫ਼ਾਸਟ ਲਈ ਘਰ ਲੈ ਆਇਆ" ।

"ਬਰੇਕਫਸਟ, ਮੇਰਾ ਬਰੇਕਫਸਟ? ਸਕੀਨਾ, ਨੀ ਸਕੀਨੋ ਤੂੰ ਕਿਥਾਂ ਮਰ ਗਈ ਇਆਂ?"

ਮੈਂ ਮੰਮੀ ਜੀ ਦੀ ਵਾਜ ਉਤਲੀਆਂ ਪੌੜੀਆਂ ਤੇ ਸੁਣਨੀ ਆਂ ਤੇ ਸ਼ੁੱਕਰ ਕਰਨੀ ਆਂ, ਮੈਂ ਕਿਧਰੇ ਮਾਂ ਜੀ ਤੇ ਭਾ ਦੇ ਨੇੜੇ ਨਹੀਂ ਰਹਿੰਦੀ ਮਤਾਂ ਉਨ੍ਹਾਂ ਦੇ ਕੰਨਾਂ ਵਿਚ ਇਹ ਅੱਖਰ ਪੈਣ ਆ।

ਮੈਂ ਵਾਸ਼ ਰੂਮ ਦਾ ਬੂਹਾ ਬੰਦ ਕਰ ਲੈਂਨੀ ਆਂ, ਪਾਣੀ ਤਿਨ ਮਿੰਟ ਵਿਚ ਉਬਾਲਾ ਖਾਏ ਗਾ।

ਟਾਇਲਟ ਸੀਟ ਤੇ ਬਹਿੰਦਿਆਂ ਈ ਮੈਂ ਇਕਲਾਪੇ ਦੇ ਸੁਖ ਵਿਚ ਆ ਜਾਂਨੀ ਆਂ । ਜੇ ਮਾਂ ਜੀ ਤੇ ਭਾ ਨੂੰ ਇਹ ਪਤਾ ਲੱਗੇ ਬਈ ਮੈਂ ਕੈਨੇਡਾ ਬਿਨਾਂ ਤਨਖ਼ਾਹ ਦੀ ਨੌਕਰ ਯਾਂ ਗ਼ੁਲਾਮ ਆਂ ਤੇ ਉਨ੍ਹਾਂ ਨੂੰ ਕਿੰਨਾ ਦੁੱਖ ਹੋਵੇ ਗਾ । ਨਾ ਕੋਈ ਸੰਗੀ, ਨਾ ਕੋਈ ਸਾਕ। ਪਹਿਲੋਂ ਮੈਂ ਇਹਤਸ਼ਾਮ ਦੇ ਟੱਬਰ ਨੂੰ ਆਵਦਾ ਟੱਬਰ ਆਹੰਦੀ ਸਾਂ ਪਰ ਇਹ ਝੂਠ ਹੋ ਗਿਆ ਏ ।

ਮੈਨੂੰ ਥੱਲਿਓਂ ਇਹਤਸ਼ਾਮ ਤੇ ਮੰਮੀ ਜੀ ਦੀਆਂ ਵਾਜਾਂ ਆਂਦੀਆਂ ਨੇਂ, ਖ਼ੋਰੇ ਬਰੈਂਡਾ ਨੂੰ ਪੁਣਦੇ ਪਏ ਹੋਣ । ਜਦੋਂ ਉਹ ਬਰੈਂਡਾ ਦੀਆਂ ਗੱਲਾਂ ਕਰਦੇ ਨੇਂ ਤੇ ਮੈਂ ਖਿਜ ਜਾਂਨੀ ਆਂ । ਜੇ ਇੱਥੇ ਮੇਰਾ ਕੋਈ ਹੈਗਾ ਏ ਤੇ ਉਹ ਬਰੈਂਡਾ ਯਾਂ ਇਸਹਾਕ ਭਾਈ ਨੇਂ, ਦੋਵਾਂ ਨੂੰ ਮੰਮੀ ਜੀ ਤੇ ਇਹਤਸ਼ਾਮ ਨੇ ਮੈਥੋਂ ਦੂਰ ਕਰ ਦਿੱਤਾ ਏ ।

ਮੈਂ ਦੰਦ ਸਾਫ਼ ਕਰਕੇ ਮੂੰਹ ਤੇ ਦੋ ਛੱਟੇ ਪਾਣੀ ਮਾਰ, ਕੇਤਲੀ ਦੇ ਚੀਕਣ ਤੋਂ ਪਹਿਲੋਂ ਵਾਸ਼ ਰੂਮੋਂ ਬਾਹਰ ਆ ਜਾਂਨੀ ਆਂ ।

ਥੱਲੇ ਲਿਵਿੰਗ ਰੂਮ ਵੜਦਿਆਂ ਮੈਨੂੰ ਮੰਮੀ ਜੀ ਦੀ ਵਾਜ ਆਂਦੀ ਏ ।

"ਹੁਣ ਤੂੰ ਵੀ ਮੇਮ ਲਿਆਣੀ ਇਆ?"

"ਇਹ ਕੀ ਕਹਿੰਦੀ ਏ?" ਐਲਾਇਜ਼ਾ ਇਹਤਸ਼ਾਮ ਕੋਲੋਂ ਪੁੱਛਦੀ ਏ।

''ਢਿੱਡ ਪੀੜ'' ਇਹਤਸ਼ਾਮ ਐਲਾਇਜ਼ਾ ਨੂੰ ਕਹਿੰਦਾ ਏ ਤੇ ਫਿਰ ਮੈਨੂੰ ਆਂਦਿਆਂ ਵੇਖ ਕੇ ਪੁੱਛਦਾ ਏ ''ਤੂੰ ਰਾਤੀਂ ਡਿਨਰ ਵਿਚ ਕੀ ਪਾਇਆ ਸੀ? ਮੰਮੀ ਜੀ ਨੂੰ ਢਿੱਡ ਪੀੜ ਏ'' ।

ਜਵਾਬ ਦੇਣਾ ਫ਼ਜ਼ੂਲ ਏ, ਮੰਮੀ ਜੀ ਇਹ ਨਹੀਂ ਸਨ ਪਏ ਕਹਿੰਦੇ । ਪਰ ਜੇ ਉਹ ਇਹ ਕਹਿੰਦੇ ਵੀ ਹੁੰਦੇ ਤੇ ਇਹਤਸ਼ਾਮ ਦਾ ਖ਼ਿਆਲ ਹੁੰਦਾ ਕਿ ਮੈਂ ਮੰਮੀ ਜੀ ਨੂੰ ਤਕਲੀਫ਼ ਦੇਣ ਲਈ ਡਿਨਰ ਵਿੱਚ ਕੁੱਝ ਪਾ ਦਿੱਤਾ ਸੀ ਤੇ ਮੁੜ ਮੇਰੇ ਕਿਸੇ ਜਵਾਬ ਉਹਨੂੰ ਰਾਜ਼ੀ ਨਹੀਂ ਕਰਨਾ।

ਮੈਂ ਕਿਚਨ ਵਿਚ ਜਾ ਕੇਤਲੀ ਬੰਦ ਕਰ, ਮੰਮੀ ਜੀ ਦਾ ਨਾਸ਼ਤਾ ਬਣਾਣ ਲੱਗ ਪੈਂਨੀ ਆਂ।

ਮੰਮੀ ਜੀ ਦੀ ਢਿੱਡ ਪੀੜ ਦਾ ਕੀ ਆਖੀਏ, ਰੋਜ਼ ਦਿਹਾੜੇ ਇਹੋ ਸ਼ਕੈਤ ਹੁੰਦੀ ਏ ਪਰ ਪਰਾਠਿਆਂ, ਆਮਲੇਟਾਂ, ਕੇਕਾਂ ਤੇ ਆਈਸ ਕਰੀਮਾਂ ਨੂੰ ਨਾਗ਼ਾ ਨਹੀਂ ਪੈਂਦਾ।

"ਸਕੀਨਾ, ਮੰਮੀ ਜੀ ਨੂੰ ਕੁਝ ਖਾਣ ਨੂੰ ਦੇ" ਇਹਤਸ਼ਾਮ ਆਹੰਦਾ ਏ।

ਤੁਸੀਂ ਕੀ ਖਾਣਾ ਏ?" ਮੈਂ ਪੁੱਛਣੀ ਆਂ ।

"ਕੁਝ ਨਹੀਂ" ਇਹਤਸ਼ਾਮ ਆਹੰਦਾ ਏ ।

"ਸ਼ਾਮੀ ਸਾਡੇ ਲਈ ਕਰਾਰਾ ਸਵਾਦੀ ਆਮਲੇਟ ਬਣਾਇਆ ਸੀ" ਐਲਾਇਜ਼ਾ ਕਹਿੰਦੀ ਏ ।

ਸਾੜੇ ਦੀ ਇਕ ਚਿਣਗ ਮੇਰੇ ਦਿਲ ਤੇ ਵੱਜਦੀ ਏ । ਮੈਂ ਦੋ ਅੰਡਿਆਂ ਨੂੰ ਇਕ ਦੂਜੇ ਵਿੱਚ ਮਾਰ ਕੇ ਤੋੜਨੀ ਆਂ ਤੇ ਉਨ੍ਹਾਂ ਦੀਆਂ ਆਂਦਰਾਂ ਫ਼ਰਾਈ ਪੈਨ ਵਿੱਚ ਸੁਟ ਦੇਂਨੀ ਆਂ । ਤਪਿਆ ਹੋਇਆ ਤੇਲ ਸਕਿੰਟਾਂ ਵਿਚ ਉਨ੍ਹਾਂ ਨੂੰ ਤਲ ਦਿੰਦਾ ਏ । ਇਹਤਸ਼ਾਮ ਮੇਰੇ ਲਈ ਤੇ ਕਦੀ ਆਮਲੇਟ ਨਹੀਂ ਬਣਾਇਆ । ਮੇਰੇ ਬਾਲ ਹੁੰਦੇ, ਦੋ ਤਰੇ ਪੁਤੱਰ, ਫਿਰ ਮੈਂ ਵੇਹੰਦੀ । ਮੈਂ ਆਊਜ਼ੁ ਬਿੱਲਾਹ ਮਿਨਸ਼ ਸ਼ੈਤਾਨਿੱਰਜੀਮ ਪੜ੍ਹ ਕੇ ਮਨਫ਼ੀ ਸੋਚਾਂ ਨੂੰ ਪਰੇ ਕਰਨ ਦੀ ਕਰਨੀ ਆਂ ਤੇ ਮੰਮੀ ਜੀ ਲਈ ਵੰਡਰ ਬਰੈੱਡ ਦੇ ਦੋ ਸਲਾਇਸ ਟੋਸਟਰ ਵਿਚ ਪਾਂਨੀ ਆਂ ।

ਟਰੇ ਵਿਚ ਸਨੀ ਡੀਲਾਇਟ ਦਾ ਮਾਲਟੇ ਦਾ ਸ਼ਰਬਤ ਤੇ ਸੀਰੀਅਲ ਦਾ ਕੋਲਾ ਰੱਖਦਿਆਂ ਮੈਂ ਦਿਮਾਗ਼ ਵਿੱਚ ਕੋਈ ਈਂ ਜਿਹੀ ਗੱਲ ਲਿਆਣ ਦਾ ਚਾਰਾ ਕਰਨੀ ਆਂ ਜਿਹੜੀ ਇੰਨੀ ਕੁ ਮਨ ਭਾਵਨੀ ਹੋਵੇ ਕਿ ਦਿਲ ਵਿੱਚ ਖ਼ੁਸ਼ੀ ਦੀ ਕੋਈ ਨਿੱਕੀ ਮੋਟੀ ਲਹਿਰ ਲੈ ਆਵੇ। ਯਾਂ ਇਲਹਾਮੀ ਕਲਾਮ ਨਾਲ ਰਲ, ਭੈੜੀਆਂ ਸੋਚਾਂ ਮੈਥੋਂ ਦੂਰ ਕਰੇ। ਈਂ ਜਿਹੀ ਗੱਲ ਮੇਰੀ ਹਯਾਤੀ ਵਿੱਚੋਂ ਲੱਭਣਾ ਔਖਾ ਏ ਪਰ ਆਵਦੀ ਨਵੀਂ ਨਕੋਰ ਸਕਰੈਪ ਬੁੱਕ ਦੇ ਖ਼ਿਆਲ ਨਾਲ ਦਿਲ ਵਿੱਚ ਪ੍ਰੇਰਨਾ ਦਾ ਇਕ ਨਿੱਕਾ ਜਿਹਾ ਬੁੱਲ੍ਹਾ ਆਂਦਾ ਲਗਦਾ ਏ । ਖ਼ੋਰੇ ਪੁਰਾਣੀਆਂ ਸ਼ੈਆਂ ਵਿੱਚੋਂ ਕੋਈ ਸ਼ੈਅ ਲੱਭ ਜਾਵੇ ਯਾਂ ਕੋਈ ਗਲ ਚੇਤੇ ਆ ਜਾਵੇ ਜਿਹੜੀ, ਭਾਵੇਂ ਅਸਲੋਂ ਰੱਤੀ ਕੁ, ਮੇਰਾ ਦਿਲ ਮੋਹ ਲਵੇ।

ਟੋਸਟ ਤੇ ਅੰਡੇ ਬਣ ਗਏ ਨੇਂ, ਮੈਂ ਉਨ੍ਹਾਂ ਨੂੰ ਟਰੇ ਵਿਚ ਲਾ ਕੇ ਮੰਮੀ ਜੀ ਅੱਗੇ ਰੱਖਣੀ ਆਂ ।

ਮੰਮੀ ਜੀ ਹਾਲੀ ਤੋੜੀ ਇਹਤਸ਼ਾਮ ਦੀ ਬਾਂਹ ਫੜੀ ਬੈਠੇ ਨੇਂ ।

ਮੈਂ ਮੁੜ ਕਿਚਨ ਚਲੀ ਜਾਂਨੀ ਆਂ ।

ਜੇ ਇਹ ਇਹਤਸ਼ਾਮ ਦਾ ਸਕਾਰਬਰੋ ਆਲਾ ਘਰ ਹੁੰਦਾ ਤੇ ਮੰਮੀ ਜੀ ਨੂੰ ਨਾਸ਼ਤਾ ਫੜਾਨ ਲਈ ਮੈਨੂੰ ਇਸ ਤੋਂ ਡਬਲ ਟੁਰਨਾ ਪੈਣਾ ਸੀ । ਅਸੀਂ ਇਸ ਤਿੰਨ ਬੈੱਡਰੂਮ ਆਲੇ ਘਰ ਵਿਚ ਉਂਨੀ ਸੋ ਅਠਾਸੀ ਵਿਚ ਆਏ ਸਾਂ ਜਦੋਂ ਇਸਹਾਕ ਭਾਈ ਤੇ ਬਰੈਂਡਾ ਦਾ ਸਟੋਰ ਬਣਿਆ ਏ । ਇਹਤਸ਼ਾਮ ਸਕਾਰਬਰੋ ਆਲਾ ਵੱਡਾ ਘਰ ਕਰਾਏ ਤੇ ਚਾੜ੍ਹ, ਸਾਨੂੰ ਟੋਰੰਟੋ ਦੇ ਈਸਟ ਐਂਡ ਤੇ ਇਸ ਨਿੱਕੇ ਘਰ ਵਿਚ ਲੈ ਆਇਆ ।

ਮੈਨੂੰ ਇੱਥੇ ਚੰਗਾ ਲਗਦਾ ਏ, ਇਹ ਘਰ ਛੇਤੀ ਕੀਤੇ ਸਫ਼ਾ ਹੋ ਜਾਂਦਾ ਏ ਤੇ ਲਾਗੇ ਸ਼ਨਤਾਲ ਤੇ ਮਿਸ਼ੇਲ ਵੀ ਰਹਿੰਦੇ ਨੇਂ । ਇੱਥੇ ਈ ਮੈਂ ਇਸਹਾਕ ਭਾਈ ਤੇ ਬਰੈਂਡਾ ਦੇ ਪੁਤੱਰ ਡੇਵਿਡ ਨੂੰ ਆਵਦੇ ਕੋਲ ਰੱਖਣਾ ਸ਼ੁਰੂ ਕੀਤਾ, ਬਰੈਂਡਾ ਉਨ੍ਹਾਂ ਦਿਨਾਂ ਘਰ ਛੱਡ ਗਈ ਹੋਈ ਸੀ। ਬਰੈਂਡਾ ਦਨੂੰ ਮੈਂ ਮਿਸ

ਕਰਦੀ ਸਾਂ ਪਰ ਦੋ ਵਰ੍ਹਿਆਂ ਦੇ ਡੇਵਿਡ ਨੂੰ ਰੱਖਣਾ ਮੈਨੂੰ ਪਿਆਰ ਦਾ ਕੋਈ ਮੁਅੱਜਜ਼ਾ ਲਗਦਾ ਸੀ । ਉਨ੍ਹਾਂ ਛੇ ਮਹੀਨਿਆਂ ਮੇਰਾ ਕੰਮ ਵੱਧ ਗਿਆ ਪਰ ਮੈਨੂੰ ਮਹਿਸੂਸ ਵੀ ਨਹੀਂ ਹੋਇਆ। ਉਂਜ ਵੀ ਉਹਦੇ ਨਾਲ ਅਸੀਂ ਸਭੇ ਕੋਈ ਹੱਸ ਖੇਡ ਲੈਂਦੇ ਸਾਂ ।

ਵੇਹੰਦਿਆਂ ਈ ਬਰੈਂਡਾ ਮੈਨੂੰ ਭਾਈ ਸੀ । ਉਂਨੀ ਸੋ ਬਿਆਸੀ ਵਿਚ ਉਹ ਟੋਰੰਟੋ ਏਅਰਪੋਰਟ ਤੇ ਫ਼ਰ ਦਾ ਕੋਟ ਹੈਟ ਤੇ ਕਾਲੀ ਚਮ ਦੇ ਉੱਚੇ ਬੂਟਾਂ ਵਿਚ ਕਿਸੇ ਅੰਗਰੇਜ਼ੀ ਫ਼ਿਲਮ ਵਿਚ ਖਲੀ ਕੋਈ ਜ਼ਨਾਨੀ ਲਗਦੀ ਸੀ । ਮੁੜ ਉਸ ਹੱਸ ਕੇ ਆਖਿਆ 'ਸਲਾਮੋਲੈਕਮ' ਤੇ ਇਡਾ ਮਿੱਠਾ ਸਲਾਮ ਵੀ ਮੈਂ ਘੱਟ ਸੁਣਿਆ ਸੀ । ਬਰੈਂਡਾ ਦੇ ਬੋਲੇ ਸਭੇ ਪੰਜਾਬੀ ਉਰਦੂ ਅੱਖਰ ਮੈਨੂੰ ਮਿੱਠੇ ਲਗਦੇ ਨੇਂ, ਉਹ ਹਰਫ਼ ਹੋਰ ਥਾਵਾਂ ਕੱਟ ਹੋਰ ਥਾਈਂ ਜੋੜਦੀ ਏ । 'ਭੈਣ ਚੋਦ ' ਸੁਣਨਾ ਹੋਵੇ ਤੇ ਬਰੈਂਡਾ ਦਾ ਮਾਖੀ ਡੁੱਬਿਆ 'ਬਹਨਚੋ' ਸੁਣੀਏ ।

ਬਰੈਂਡਾ ਦੇ ਹੁੰਦਿਆਂ ਮੈਂ ਵੀ ਕੁਝ ਖ਼ੁਸ਼ ਰਹਿੰਦੀ ਸਾਂ । ਕੰਮ ਤੇ ਜਾਣਾ ਹੋਵੇ ਯਾਂ ਨਾ, ਮਾਂ ਜੀ ਤੇ ਭਰਜਾਈ ਹਾਰ ਉਹ ਵੀ ਸਵੇਰੇ ਨਹਾ ਧੋ ਤਿਆਰ ਹੋ ਖਲੋਂਦੀ । ਵੇਖਾ ਵੇਖੀ ਮੈਂ ਵੀ ਹੱਥ ਮੂੰਹ ਧੋ ਲੈਂਦੀ । ਹੁਣ ਉਹਦੇ ਜਾਣ ਮਗਰੋਂ ਮੈਨੂੰ ਨਿਰੋਲ ਹੋਣਾ ਯਾਂ ਲੀੜੇ ਵਟਾਣਾ ਉਸ ਵੇਲੇ ਚੇਤੇ ਆਂਦਾ ਏ ਜਦੋਂ ਮੂਹਰੇ ਹੈਰੀਅਟ, ਸ਼ਮੀਮ, ਸ਼ਨਤਾਲ, ਮਿਸ਼ੇਲ ਯਾਂ ਬਾਹਰੋਂ ਕੋਈ ਹੋਰ ਆ ਜਾਵੇ ।

ਉਨ੍ਹਾਂ ਦਿਹਾੜਿਆਂ ਰੋਜ਼ ਘਰ ਵਿਚ ਝੇੜਿਆਂ ਦੇ ਝੱਖੜ ਚਲਦੇ ਸਨ । ਮੰਮੀ ਜੀ ਬਰੈਂਡਾ ਦੇ ਪਿਛੇ ਪਏ ਰਹਿੰਦੇ, ਦੋਵੇਂ ਕਈ ਵਾਰੀ ਭਿੜਦੀਆਂ ਤੇ ਇਕ ਦੂਜੇ ਨੂੰ ਦੋ ਤਿੰਨ ਬੋਲੀਆਂ ਵਿਚ ਗਾਲ੍ਹ ਮੰਦੇ ਕੱਢਦੀਆਂ । ਮੰਮੀ ਜੀ ਬਰੈਂਡਾ ਤੋਂ ਇੰਨਾ ਤ੍ਰਾਹੰਦੇ ਕਿ ਉਨ੍ਹਾਂ ਨੂੰ ਪੱਕ ਸੀ ਬਈ ਉਹਨੂੰ ਕਾਲਾ ਜਾਦੂ ਆਂਦਾ ਏ । ਜਦ ਵੀ ਉਨ੍ਹਾਂ ਨੂੰ ਸਿਰ ਪੀੜ ਪੈਂਦੀ, ਤਾਪ ਚੜ੍ਹਦਾ, ਢਿੱਡ ਖ਼ਰਾਬ ਹੁੰਦਾ ਯਾਂ ਕੁੱਝ ਵੀ ਹੋਰ ਤੇ ਉਹ ਆਹੰਦੇ ਕਿ ਬਰੈਂਡਾ ਉਨ੍ਹਾਂ ਦੇ ਖਾਣੇ ਪੀਣੇ ਯਾਂ ਲਾਂਡਰੀ ਵਿਚ ਤਵੀਤ ਘੋਲ ਕੇ ਪਾਏ ਨੇਂ । ਬੜੀ ਵਾਰੀ ਦੋਵੇਂ ਮੈਨੂੰ ਝੇੜਿਆਂ ਵਿਚ ਉਲਝਾਵਣ ਦੀ ਕਰਦੀਆਂ, ਇਸ ਲਈ ਮੇਰੇ ਕੋਲ ਉਨ੍ਹਾਂ ਦਿਨਾਂ ਦੀਆਂ ਕੋੜੀਆਂ ਯਾਦਾਂ ਵੀ ਨੇਂ । ਮੰਮੀ ਜੀ ਤੇ ਖ਼ੈਰ ਈਂ ਜਹੀ ਬੋਲੀ ਬੋਲਦੇ ਨੇਂ ਕਿ ਮੈਂ ਸੁਣਦੀ ਰਹਿ ਜਾਂਨੀ ਆਂ ਪਰ ਜਦੋਂ ਬਰੈਂਡਾ ਮੈਨੂੰ ਮੰਮੀ ਜੀ ਨਾਲ ਰਲਣ ਦਾ ਮਿਹਣਾ ਮਾਰਦੀ ਯਾਂ ਸਾਰਿਆਂ ਨਾਲ ਮੈਨੂੰ ਵੀ 'ਪਾਕੀ' ਬਣਾਂਦੀ ਤੇ ਮੇਰਾ ਦਿਲ ਬੜਾ ਪਟੀਂਦਾ ਸੀ । ਜੇ ਕੋਈ ਬਾਹਰ ਸੜਕ ਤੇ ਮੈਨੂੰ 'ਪਾਕੀ' ਕਹਿੰਦਾ ਏ ਤੇ ਇਹ ਉਹਦਾ ਮਸਲਾ ਏ ਮੇਰਾ ਨਹੀਂ । ਪਰ ਜਦੋਂ ਮੇਰੀ ਦਰਾਨੀ ਤੇ ਸਹੇਲੀ ਬਰੈਂਡਾ ਮੈਨੂੰ 'ਪਾਕੀ' ਆਖੇ ਤੇ ਫਿਰ ਗੱਲ ਹੋਰ ਪਾਸੇ ਜਾ ਪੈਂਦੀ ਏ । ਅੱਠ ਵਰ੍ਹੇ ਮੈਂ ਤੇ ਬਰੈਂਡਾ ਇਕ ਡਾਢੇ ਕੁਰਾੜੇ ਸੋਹਰੇ ਘਰ ਵਿਚ ਇਕ ਦੂਜੇ ਦਾ ਸਾਥ ਦਿੱਤਾ ਏ, ਹੁਣ ਤੋੜੀ ਸਾਡੇ ਲਈ 'ਮੇਮ' ਤੇ 'ਪਾਕੀ' ਮੁੱਕ ਜਾਣੇ ਚਾਹੀਦੇ ਸਨ।

''ਸਕੀਨਾ'' ਲਿਵਿੰਗ ਰੂਮ ਵਿੱਚੋਂ ਮੰਮੀ ਜੀ ਵਾਜ ਮਾਰਦੇ ਨੇਂ ''ਸਕੀਨਾ, ਸਾਲਟ ਅ''।

''ਸਕੀਨਾ, ਸਾਲਟ ਐਂਡ ਪਿਪਰ'' ਇਹਤਸ਼ਾਮ ਆਹੰਦਾ ਏ ।

ਮੰਮੀ ਜੀ ਲਈ ਨਮਕ ਤੇ ਕਾਲੀ ਮਿਰਚ ਲਿਆਂਨੀ ਆਂ ।

ਇਹਤਸ਼ਾਮ ਉਨ੍ਹਾਂ ਨੂੰ ਮਿਲਦਾ ਪਿਆ ਏ ਤੇ ਐਲਾਇਜ਼ਾ ਬੂਹੇ ਕੋਲ ਖਲੀ ਉਡੀਕਦੀ ਏ ।

ਦੋਵਾਂ ਨੂੰ ਜਾਂਦਿਆਂ ਵੇਹੰਨੀ ਆਂ, ਮੁੜ ਕਿਚਨ ਵਿਚ ਜਾ ਉਨ੍ਹਾਂ ਦੇ ਜੂਠੇ ਭਾਂਡੇ ਧੋਣ ਲੱਗ ਪੈਂਨੀ ਆਂ ।

ਉੱਨੀ ਸੋ ਅਠਾਸੀ ਵਿਚ ਮੈਂ ਬਰੈਂਡਾ ਨੂੰ ਉਹਦੇ ਆਈਡੈਂਟਿਟੀ ਦੇ ਕਾਗਤ ਦੇਣ ਲਈ ਪੌੜੀਆਂ ਤੋਂ ਲਹਿੰਦੀ ਪਈ ਸਾਂ, ਇਹਤਸ਼ਾਮ ਮੈਨੂੰ ਡੱਕਣ ਲਈ ਧੱਕਾ ਦਿੱਤਾ ਤੇ ਮੈਂ ਢੈਹ ਪਈ । ਉਸ ਵੇਲੇ ਤਾਂ ਆਂਟੀ ਸਾਬਰ ਵੀ ਆਹੇਦੀ ਸੀ ਕਿ ਇਹਦੇ ਤੋਂ ਤਲਾਕ ਲੈ ਲਵਾਂ ਪਰ ਮੈਂ ਨਹੀਂ ਮੰਨੀ । ਛੇ ਵਰ੍ਹਿਆਂ ਵਿਚ ਸਭੁ ਕੁੱਝ ਸਾਹਮਣੇ ਸੀ, ਇਹ ਵੀ ਕਿ ਮੈਨੂੰ ਬਾਲ ਨਹੀਂ ਹੋਣਾ । ਮਾਂ ਜੀ ਇਹ ਸੋਚ ਕੇ ਸਬਰ ਕਰ ਲਿਆ ਕਿ ਮੇਰੇ ਬੀ ਵਿਚ ਵੀ ਮਾਸੀ ਹਾਰ ਵਿਗਾੜ ਏ । ਪਰ ਮੈਂ ਰਾਜ਼ੀ ਇਸ ਲਈ ਨਾ ਹੋਈ ਕਿਉਂ ਜੇ ਉਸ ਵੇਲੇ ਮੈਨੂੰ ਲੱਗਿਆ ਇਹਤਸ਼ਾਮ ਦੇ ਘਰ ਬਾਝ ਜਿਵੇਂ ਇਸ ਜਗ ਵਿਚ ਮੇਰੀ ਕੋਈ ਥਾਂ ਨਹੀਂ। ਮੁੜ ਮਾਂ ਜੀ ਤੇ ਭਾ ਕੋਲ ਜਾ ਰਹਿਣਾ ਇੰਨਾ ਔਖਾ ਤੇ ਹਾਂ ਤਰੋੜ ਲੱਗਿਆ ਕਿ ਮੈਂ ਜਿੱਥੇ ਸਾਂ, ਉੱਥੇ ਬੈਠੀ ਰਹੀ ।

ਮੰਮੀ ਜੀ ਕਿਚਨ ਵਿਚ ਆਂਦੇ ਨੇਂ ਪਰ ਬਾਰੀ ਮੂਹਰੇ ਆਵਦੀ ਕੁਰਸੀ ਦੀ ਥਾਂ, ਭੁੰਜੇ ਬਹਿ ਜਾਂਦੇ ਨੇਂ ।

"ਮੰਮੀ ਜੀ, ਤੁਸੀਂ ਵੱਲ ਓ?" ਮੈਂ ਪੁੱਛਣੀ ਆਂ ।

ਉਹ ਫ਼ਰਸ਼ ਨੂੰ ਘੂਰੀ ਪਾਈ ਪਏ ਨੇਂ, ਖ਼ੌਰੇ ਉਨ੍ਹਾਂ ਮੇਰੀ ਸੁਣੀ ਏ ਕਿ ਨਹੀਂ ।

ਮੈਂ ਮੁੜ ਭਾਂਡੇ ਧੋਣ ਲੱਗ ਪੈਂਨੀ ਆਂ ।

"ਬਰੈਂਡਾ ਵੱਢ ਕੇ ਅੱਧੀ ਕਰ ਦਿੱਤੀ ਇਆ" ਮੰਮੀ ਜੀ ਕਹਿੰਦੇ ਨੇਂ ।

ਮੈਂ ਪਿਛਾਂਹ ਵੇਹਨੀ ਆਂ, ਉਹ ਹੱਥ ਨਾਲ ਫ਼ਰਸ਼ ਦੀ ਟਾਇਲ ਮਾਪਦੇ ਪਏ ਨੇਂ।

"ਇਹ ਰੱਤੀ ਟੈਲ ਦੋ ਦੋ ਹੱਥ ਸੀਗੀ, ਹੁਣ ਇੱਕੋ ਹੱਥ ਇਆ" ਚਿੰਤਾ ਨਾਲ ਉਨ੍ਹਾਂ ਦੀਆਂ ਅੱਖਾਂ ਮੀਚੀਆਂ ਤੇ ਵਾਤ ਘੁੱਟਿਆ ਪਿਆ ਏ ।

"ਹੈਂ ਜੀ?" ਜਦ ਮੰਮੀ ਜੀ ਉੱਕਾ ਚਿੰਤਾ ਯਾਂ ਖ਼ੁਸ਼ੀ ਵਿੱਚ ਰੁੱਝੇ ਹੋਣ ਤੇ ਉਨ੍ਹਾਂ ਦੀ ਸੋੜ ਤੇ ਥੋੜਦਿਲੀ ਲੁਕ ਜਾਂਦੀ ਏ । ਮੈਨੂੰ ਇਹਨਾਂ ਦਾ ਇਹ ਮੁਖ ਵੇਖਣ ਦੀ ਆਦਤ ਕੋ ਨੀ, ਮੈਂ ਬੌਂਤਰ ਜਾਨੀ ਆਂ ।

"ਕੁੜੇ ਇਹ ਟੈਲਾਂ ਦੋ ਦੋ ਹੱਥ ਚੋੜੀਆਂ ਸੀਗੀਆਂ" ਉਹ ਆਵਦੇ ਕੰਬਦੇ ਪਰ ਤਗੜੇ ਹੱਥਾਂ ਨਾਲ ਇਕ ਟਾਇਲ ਤੇ ਸੈਂਤ ਕਰਦੇ ਨੇਂ "ਬਰੈਂਡੋ ਅੱਧੋ ਅੱਧ ਕਰ ਲਗਈ ਇਆ" ।

ਭਾਵੇਂ ਮੈਨੂੰ ਪੱਕ ਏ ਬਈ ਇਹ ਉਹੋ ਫ਼ਰਸ਼ ਏ ਜਿਹੜਾ ਜਦੋਂ ਦੇ ਅਸੀਂ ਆਏ ਆਂ ਇੱਥੇ ਸੀ, ਵੱਲ ਵੀ ਮੈਂ ਨਿਊਂ ਕੇ ਵੇਹਨੀ ਆਂ । ਬਰੈਂਡਾ ਇਸ ਘਰੋਂ ਗਈ ਏ ਤੇ ਮੁੜ ਅੰਦਰ ਨਹੀਂ ਵੜੀ, ਡੇਵਿਡ ਨੂੰ ਚਾਣ ਲਈ ਆਂਦੀ ਤੇ ਪੋਰਚੋਂ ਹਾਰਨ ਦਿੰਦੀ ਸੀ ।

"ਉਹੋ ਬਰੈਂਡਾ ਅੱਧੋ ਅੱਧ ਕਰ ਲਗਈ ਇਆ" ਮੰਮੀ ਜੀ ਹੁਣ ਫ਼ਰਿੱਜ ਤੋਂ ਖਲੋ ਦੱਸਦੇ ਨੇਂ ।

"ਜੀ?"

"ਇਹ ਫਰਿੱਜ ਏਡਾ ਉੱਚਾ ਸੀਗਾ" ਮੰਮੀ ਜੀ ਪੱਬਾਂ ਭਾਰ ਖਲੋ ਕੇ ਬਾਂਹ ਉੱਤੇ ਕਰਦੇ ਨੇਂ "ਬਰੈਂਡੋ ਅੱਧਾ ਕੱਟ ਲਗਈ ਇਆ" ।

ਫ਼ਰਿੱਜ ਓਨਾ ਈ ਏ ਜਿੰਨਾ ਪਹਿਲੋਂ ਸੀ । ਖ਼ੌਰੇ ਨਹਾਰ ਮੂੰਹ ਬਰੈਂਡਾ ਚੇਤੇ ਆਣ ਨਾਲ ਮੰਮੀ ਜੀ ਦੇ ਦਮਾਕ ਤੇ ਅਸਰ ਹੋ ਗਿਆ ਏ । ਜੇ ਮੰਮੀ ਜੀ ਨੂੰ ਕੁੱਝ ਹੋ ਗਿਆ ਤੇ ਉਲਾਹਮਾ ਮੇਰੇ ਸਿਰ ਆਣਾ ਏ ।

"ਹਾਏ ਨੀ ਮੇਰਾ ਸ਼ਿੰਕ" ਮੰਮੀ ਜੀ ਆਵਦੇ ਸੀਨੇ ਤੇ ਦੋਹੱਤੜ ਮਾਰਦੇ ਨੇਂ "ਨੀ ਉਹ ਇਕ ਸ਼ਿੰਕ ਕੱਢ ਲਗਈ ਇਆ" ।

"ਮੰਮੀ ਜੀ ਆਓ" ਮੈਂ ਬਾਂਹ ਫੜ ਕੇ ਉਨ੍ਹਾਂ ਨੂੰ ਲਿਵਿੰਗ ਰੂਮ ਵਿੱਚ ਲਿਆਨੀ ਆਂ । "ਘੁੱਟਾਂ ਮੰਮੀ ਜੀ?" ਮੈਂ ਉਨ੍ਹਾਂ ਨੂੰ ਸੋਫ਼ੇ ਤੇ ਬਾਹਨੀ ਆਂ ।

ਮੰਮੀ ਜੀ ਨੂੰ ਘੁਟਵਾਣਾ ਪਸੰਦ ਲਗਦਾ ਏ ਤੇ ਉਹਦੇ ਲੋਭ ਵਿਚ ਕੁਝ ਮੇਰੀ ਮੰਨ ਲੈਂਦੇ ਨੇਂ । ਮੈਂ ਟੀ ਵੀ ਨੂੰ ਮਲਟੀ ਕਲਚਰਲ ਚੈਨਲ ਤੇ ਲਾ, ਮੰਮੀ ਜੀ ਪਿੱਛੇ ਮੋਂਢੇ ਘੁੱਟਣ ਆਨੀ ਆਂ ।

"ਉਹੋ ਬਰੈਂਡਾ" ਉਹ ਸੋਫ਼ੇ ਦੀ ਢੋਂ ਤੇ ਸਿਰ ਰੱਖ ਕੇ ਉੱਤੇ ਵੇਹੰਦੇ ਪਏ ਨੇਂ "ਬਰੈਂਡਾ ਇਹ ਫ਼ਾਨੂਸ ਵੱਢ ਕੇ ਅੱਧਾ ਕਰ ਗਈ ਇਆ" ।

ਮੈਂ ਉੱਤੇ ਵੇਹਨੀ ਆਂ, ਇਹ ਸ਼ੈਂਡਲੀਅਰ ਵੀ ਟਾਈਲਾਂ, ਫ਼ਰਿੱਜ ਤੇ ਕਿਚਨ ਸਿੰਕ ਵਾਂਗਰ ਸੁੰਘੜ ਕੇ ਈ ਘੱਟ ਹੋ ਸਕਦਾ ਏ । ਸੋਚ ਆਂਦੀ ਏ ਕਿ ਮੰਮੀ ਜੀ ਨੂੰ ਇਕ ਵੈਲੀਅਮ ਦੇ ਦਵਾਂ, ਇਹਤਸ਼ਾਮ ਆਹੰਦਾ ਏ ਇਨ੍ਹਾਂ ਨੂੰ ਕਿਸੇ ਵੀ ਗੱਲ ਤੇ ਬੁਹਤੀ ਚਿੰਤਾ ਨਹੀਂ ਕਰਨੀ ਚਾਹੀਦੀ ।

"ਮੰਮੀ ਜੀ, ਗੋਲੀ?" ਮੈਂ ਪੁੱਛਨੀ ਆਂ ।

"ਕਿਹੜੀ? ਬੈਲੀਅਮ ਇਆ?"

"ਹਾਂ ਜੀ" ਮੈਂ ਕਿਚਨ ਦੀ ਦਵਾਈਆਂ ਆਲੀ ਲਮਾਰੀ ਵਿੱਚੋਂ ਵੈਲੀਅਮ ਦੀ ਸ਼ੀਸ਼ੀ ਕੱਢਨੀ ਆਂ ।

ਕਦੀ ਮੈਨੂੰ ਬਰੈਂਡਾ ਨਾਲ ਬੜੀ ਰੀਸ ਆਂਦੀ ਏ, ਕਿਵੇਂ ਉਹ ਮੰਮੀ ਜੀ ਲਈ ਅਨਹੋਣੀਆਂ ਕਰ ਵਿਖਾਂਦੀ ਏ । ਫ਼ਰਸ਼ ਤੇ ਲੱਗੀਆਂ ਟਾਈਲਾਂ ਵੱਡੀਆਂ ਤੋਂ ਨਿੱਕੀਆਂ ਕਰਨਾ, ਫ਼ਰਿੱਜ ਸੰਘੋੜਨਾ, ਦੋ ਵਿੱਚੋਂ ਇਕ ਸਿੰਕ ਕੱਢ ਲਿਜਾਣਾ, ਛੱਤ ਤੇ ਲੱਗੇ ਫ਼ਾਨੂਸ ਨੂੰ ਅੱਧਾ ਕਰਨਾ । ਖ਼ੋਰੇ ਮੰਮੀ ਜੀ ਜਿਹੀ ਜ਼ਨਾਨੀ ਦੇ ਪੱਥਰ ਦਿਲ ਵਿੱਚ ਉਹਨੇ ਇਹ ਵਿਸਵਾਸ ਕਿਵੇਂ ਪਾਏ । ਕਈ ਵਾਰੀ ਦਿਲ ਆਹੰਦਾ ਏ ਬਈ ਮੈਂ ਵੀ ਇਨ੍ਹਾਂ ਨੂੰ ਕੋਈ ਵਿਸਵਾਸ ਪਾਵਾਂ । ਦੱਸ ਨਹੀਂ ਸਕਦੀ ਮੈਨੂੰ ਕਿੰਨਾ ਰੰਜ ਹੋਇਆ ਜਦ ਇਨ੍ਹਾਂ ਮੈਨੂੰ ਇੱਕ ਰਾਤੀਂ ਇਸਹਾਕ ਭਾਈ ਦੇ ਕਮਰਿਓਂ ਨਿਕਲਦਿਆਂ ਵੇਖ, ਗੰਦਾ ਉਲਾਹਮਾ ਰੱਖਿਆ ਸੀ। ਮੈਂ ਆਹੰਦੀ ਰਹੀ ਬਈ ਉਹ ਹਾਕੀ ਦੇ ਸਟੈਨਲੇ ਕੱਪ ਦਾ ਫ਼ਾਇਨਲ ਸੀ ਤੇ ਇਸਹਾਕ ਭਾਈ ਕੋਲ ਵੱਡੀ ਸਕਰੀਨ ਆਲਾ ਟੀ ਵੀ ਏ, ਮਿਸ਼ੇਲ ਤੇ ਸ਼ਨਤਾਲ ਵੀ ਵੇਹੰਦੇ ਪਏ ਸਨ ਪਰ ਮੰਮੀ ਜੀ ਭਾਣੇ ਇਹ ਮੇਰਾ ਬਹਾਨਾ ਸੀ ।

"ਬਨੀਲਾ ਸਕਰੀਮ ਇਆ?" ਮੰਮੀ ਜੀ ਲਿਵਿੰਗ ਰੂਮ ਤੋਂ ਪੁੱਛਦੇ ਨੇਂ ।

"ਜੀ" ਮੈਂ ਦੁੱਧ ਪਾ ਕੇ ਕੱਪ ਮਾਈਕਰੋ ਵੇਵ ਵਿਚ ਰੱਖਣੀ ਆਂ ਤੇ ਲਮਾਰੀ ਵਿੱਚੋਂ ਆਈਸ ਕਰੀਮ ਦਾ ਕੋਲਾ ਚਾਂਨੀ ਆਂ ।

ਇਸਹਾਕ ਭਾਈ ਦਾ ਹੋਵਣ ਮੇਰੇ ਲਈ ਬੜਾ ਸ਼ੁੱਕਰ ਸੀ । ਮੰਮੀ ਜੀ ਤੇ ਇਹਤਸ਼ਾਮ ਹਰ ਗੱਲ ਤੇ ਮੈਨੂੰ ਈ ਮਿਹਣੇ ਦਿੰਦੇ ਤੇ ਗੰਦ ਮੰਦ ਕੱਢਦੇ, ਇਸਹਾਕ ਭਾਈ ਹਰ ਗੱਲ ਦਾ ਕਾਰਨ ਲੱਭਦੇ ਤੇ ਉਥੇ ਜ਼ਿੰਮਾ ਦਿੰਦੇ ਜਿੱਥੇ ਦੇਣਾ ਬਣਦਾ ਹੋਵੇ । ਮੰਮੀ ਜੀ ਜਿਹੜਾ ਇਲਜ਼ਾਮ ਮੇਰੇ ਤੇ ਲਾਇਆ ਉਹ ਉਨ੍ਹਾਂ ਤੇ ਵੀ ਆਇਆ, ਮਗਰੋਂ ਉਹ ਘਰ ਛੱਡ ਵਿੰਡਸਰ ਜਾ ਵੱਸੇ।

ਮੰਮੀ ਜੀ ਦੇ ਝੂਠਾਂ ਦਾ ਦੂਜਾ ਘਾਟਾ ਇਹ ਪਿਆ ਕਿ ਇਹਤਸ਼ਾਮ ਜਿਹੜਾ ਪਹਿਲੋਂ ਈ ਸ਼ੱਕ ਦੀ ਕਿਲਕਿਲ ਵਿਚ ਰਹਿੰਦਾ ਸੀ, ਹੁਣ ਮੇਰੇ ਤੇ ਹਰ ਕਿਸੇ ਨਾਲ ਸ਼ੱਕ ਕਰਨ ਲੱਗ ਪਿਆ । ਆਵਦੇ ਉਨ੍ਹਾਂ ਯਾਰਾਂ, ਸਕਿਆਂ ਤੇ ਗਵਾਂਢੀਆਂ ਨਾਲ ਜਿਹਨਾਂ ਨੂੰ ਮੈਨੂੰ ਮਿਲਣ ਦਾ ਮੌਕਾ ਵੀ ਨਹੀਂ ਮਿਲਦਾ । ਲੋਕਾਂ ਵਿਚ ਹੋਈਏ ਯਾਂ ਕੱਲੇ । ਉਹ ਦਮਾਕ ਦੇ ਗੰਦ ਸੁਣਾਂਦਾ ਰਹਿੰਦਾ । ਹਰ ਵਾਰੀ ਮੈਨੂੰ ਆਵਦਾ ਆਪ ਲਿਬੜਿਆ ਲਗਦਾ ਜਿਵੇਂ ਲਹੂ ਤੇ ਮਿੱਟੀ ਵਿਚ ਅੱਟੀਓ । ਹੁਣ ਜਾਨਣੀ ਆਂ

ਕ੍ਰੋਧ ਕੀ ਹੁੰਦੀ ਏ, ਇਹਤਸ਼ਾਮ ਲਈ ਇਹ ਜ਼ਹਿਰ ਮੈਂ ਆਵਦੇ ਦਿਲ ਵਿੱਚ ਸਫ਼ਾ ਮਹਿਸੂਸ ਕਰਨੀ ਆਂ ।

ਮੰਮੀ ਜੀ ਨੂੰ ਵੈਲੀਅਮ ਦੀ ਗੋਲੀ ਤੇ ਕੋਸਾ ਦੁੱਧ ਦੇ, ਕਿਚਨ ਆਂਨੀ ਆਂ ।

ਇਹਤਸ਼ਾਮ ਮੇਰੇ ਤੇ ਝੂਠ ਲਾਣੇ ਬੰਦ ਨਾ ਕੀਤੇ ਤੇ ਮੈਨੂੰ ਹਰ ਵਾਰੀ ਪਹਿਲੋਂ ਤੋਂ ਔਖੇ ਪੱਚਦੇ । ਇਕ ਦਿਹਾੜੇ ਜਦ ਮੰਮੀ ਜੀ ਦੁਪਹਿਰੀਂ ਸੁੱਤੇ ਹੋਏ ਸਨ, ਮੈਂ ਮਿਸ਼ੇਲ ਤੇ ਸ਼ਨਤਾਲ ਘਰੋਂ ਮਾਂ ਜੀ ਨੂੰ ਫ਼ੋਨ ਕੀਤਾ । ਉਨ੍ਹਾਂ ਆਖਿਆ ਬਈ ਮਰਦ ਸ਼ੱਕ ਕਰੇ ਤੇ ਉਹਦਾ ਮਤਲਬ ਏ ਉਹ ਆਵਦੀ ਜ਼ਨਾਨੀ ਨਾਲ ਡਾਢਾ ਪਿਆਰ ਕਰਦਾ ਏ । ਉਸ ਵੇਲੇ ਤੇ ਮੈਂ ਇਸ ਗੱਲ ਦਾ ਯਕੀਨ ਕਰ ਲਿਆ ਪਰ ਹੁਣ ਮੈਨੂੰ ਪਤਾ ਏ, ਇਸ ਬਾਰੇ ਮਾਂ ਜੀ ਦੀ ਸੁਰਤ ਠੀਕ ਕੋ ਨੀ । ਇਹਤਸ਼ਾਮ ਨਾ ਮੈਨੂੰ ਪਿਆਰ ਕੀਤਾ ਏ ਤੇ ਨਾ ਕਦੀ ਕਰੇ ਗਾ । ਜੇ ਮੰਮੀ ਜੀ, ਅੱਲਾਹ ਨਾ ਕਰੇ, ਹਯਾਤ ਨਾ ਹੁੰਦੇ ਤੇ ਖ਼ੋਰੇ ਹੁਣ ਤੋੜੀ ਇਹਤਸ਼ਾਮ ਮੈਨੂੰ ਛੱਡ ਛਡਾ ਦਿੰਦਾ । ਯਾਂ ਕੀ ਪਤਾ ਨਾ ਛੱਡੇ ਹਾ, ਉਹਨੂੰ ਵੀ ਮੌਲਵੀ ਜੀ ਵਾਂਗ ਦੂਜਿਆਂ ਤੇ ਰਾਜ ਕਰਨ ਦੀ ਚੱਸ ਏ । ਮੇਰੀ ਤੇ ਮੰਮੀ ਜੀ ਦੀ ਹਯਾਤੀ ਮੁੱਠ ਵਿਚ ਲਈ ਫਿਰਦਾ ਏ, ਉਹਦਾ ਵੱਸ ਚਲਦਾ ਤੇ ਇਸੇ ਵਿਚ ਇਸਹਾਕ ਭਾਈ ਤੇ ਬਰੈਂਡਾ ਵੀ ਹੁੰਦੇ ।

ਉੱਨੀ ਸੋ ਅੱਸੀ ਵਿਚ ਜਦ ਇਸਹਾਕ ਭਾਈ ਤੇ ਬਰੈਂਡਾ ਵਿਆਹ ਕੀਤਾ, ਦੋਵੇਂ ਕਾਲਜ ਵਿਚ ਆਪੋ ਅਪਣਾ ਪੜ੍ਹਦੇ ਸਨ। ਵਿਆਹ ਲਈ ਇਸਹਾਕ ਭਾਈ ਨੂੰ ਇਹਤਸ਼ਾਮ ਤੋਂ ਉਧਾਰ ਚੁੱਕਣਾ ਪਿਆ, ਮਗਰੋਂ ਇਹਤਸ਼ਾਮ ਨੇ ਬਰੈਂਡਾ ਨੂੰ ਆਵਦੇ ਕਲੀਨਿਕ ਵਿਚ ਘੱਟ ਤਨਖ਼ਾਹ ਤੇ ਰੀਸੈਪਸ਼ਨਿਸਟ ਦੀ ਜਾਬ ਦਿੱਤੀ । ਅਗਲੇ ਇਕ ਵਰ੍ਹੇ, ਬਰੈਂਡਾ ਆਹੰਦੀ ਏ, ਇਹਤਸ਼ਾਮ ਨੇ ਕਈ ਵਾਰੀ ਉਹਨੂੰ ਭੈੜੇ ਕੰਮ ਲਈ ਵਰਲਾਇਆ । ਜਦ ਉਸ ਇਸਹਾਕ ਭਾਈ ਨੂੰ ਦੱਸਿਆ ਤੇ ਇਹਤਸ਼ਾਮ ਸਫ਼ਾ ਮੁਕਰ ਗਿਆ, ਇਸਹਾਕ ਭਾਈ ਬਰੈਂਡਾ ਦੀ ਗੱਲ ਤੇ ਯਕੀਨ ਨਾ ਕੀਤਾ । ਫਿਰ ਬਰੈਂਡਾ ਤੇ ਇਸਹਾਕ ਭਾਈ ਮਿਲ ਕੇ ਡੈਨਫ਼ੋਰਥ ਐਵਿਨਿਊ ਤੇ ਇਕ ਕਨਵੀਨੀਅਨਸ ਸਟੋਰ ਲੈ ਲਿਆ ਜਿੱਥੇ ਬਰੈਂਡਾ ਕਦੀ ਕਦਾਈਂ ਮੈਨੂੰ ਵੀ ਲੈ ਚੱਲਦੀ ਸੀ । ਉਥੋਂ ਅਸੀਂ ਸ਼ਾਪਿੰਗ ਮਾਲ ਯਾਂ ਕੋਫ਼ੀ ਸ਼ਾਪ ਜਾਂਦੇ ।

ਬੂਹੇ ਟੱਲੀ ਵੱਜਦੀ ਏ, ਮੈਂ ਆਈਸ ਕਰੀਮ ਦਾ ਕੋਲਾ ਕਾਊਂਟਰ ਤੇ ਛੱਡ, ਬਾਹਰ ਨੂੰ ਜਾਂਨੀ ਆਂ ।

"ਕਿਹੜਾ ਇਆ?" ਮੰਮੀ ਜੀ ਮੈਨੂੰ ਲਿਵਿੰਗ ਰੂਮ ਤੋਂ ਲੰਘਦੀ ਨੂੰ ਪੁੱਛਦੇ ਨੇਂ।

"ਵੇਹਨੀ ਆਂ"।

"ਨੀ ਕਿਹੜਾ ਇਆ?" ਉਹ ਮੈਨੂੰ ਲਾਬੀ ਵਿਚ ਜਾਂਦੀ ਨੂੰ ਪੁੱਛਦੇ ਨੇਂ ।

ਬੂਹਾ ਖੋਲਣ ਤੋਂ ਪਹਿਲੋਂ ਮੈਂ ਸ਼ੀਸ਼ੇ ਵਿੱਚੋਂ ਹੈਰੀਅਟ ਨੂੰ ਵੇਖ ਲਿਆ ਏ ।

"ਡਾਕ ਏ" ਮੈਂ ਬੂਹਾ ਖੋਲਦਿਆਂ ਮੰਮੀ ਜੀ ਨੂੰ ਉੱਚੀ ਸਾਰੀ ਦੱਸਣੀ ਆਂ ।

"ਹੇ ਗਰਲ" ਹੈਰੀਅਟ ਬਰਫ਼ੀਲੀਆਂ ਹਵਾਵਾਂ ਵਿਚ ਵੀ ਹੱਸਦੀ ਖਲੀ ਏ "ਅੱਜ ਕੀ ਹਾਲ ਏ?" ਉਹ ਮੈਨੂੰ ਡਾਕ ਦਿੰਦੀ ਏ ।

"ਠੀਕ, ਥੈਂਕ ਯੂ" ਮੈਂ ਵੀ ਖਿਲ ਪੈਂਨੀ ਆਂ ਪਰ ਮੈਨੂੰ ਸੰਗਾ ਆਂਦੀ ਏ ਤੇ ਮੈਂ ਡਾਕ ਫਰੋਲਣ ਲੱਗ ਪੈਂਨੀ ਆਂ ।

"ਤੇਰੀ ਮਾਂ ਸਾਊਦੀ ਅਰਬ ਗਈ ਹੋਈ ਏ?" ਉਹ ਪੁੱਛਦੀ ਏ ।

"ਹਾਂ, ਉਮਰੇ ਲਈ" ।

"ਉਮਰਾ ਜਦ ਤੁਸੀਂ ਪਰਾਫ਼ਿਟ ਮੁਹੰਮਦ ਦੀ ਖ਼ਿਦਮਤ ਵਿਚ ਪੇਸ਼ ਹੁੰਦੇ ਓ?"

"ਹਾਂ, ਤੈਨੂੰ ਕਿਵੇਂ ਪਤਾ ਏ?"

"ਸੈਨੈਕਾ ਕਾਲਜ ਵਿਚ ਮੇਰਾ ਇੰਸਟਰਕਟਰ ਇਸਲਾਮ ਏ"।

"ਮੁਸਲਮਾਨ"।

"ਮੁਸਲਮਾਨ" ਉਹ ਆਹੰਦੀ ਏ ।

"ਨੀ ਕਿਹੜਾ ਇਆ?" ਮੰਮੀ ਜੀ ਹਾਕਾਂ ਮਾਰ ਮਾਰ ਪੁੱਛਦੇ ਪਏ ਨੇਂ ।

"ਮੰਮੀ ਜੀ ਡਾਕ ਏ" ਮੈਂ ਵੀ ਚੀਕਣੀ ਆਂ ।

"ਫਿਰ ਦੇਰ ਕਾਹਦੀ ਇਆ?" ਉਹ ਪਹਿਲੋਂ ਤੋਂ ਵੀ ਉੱਚੀ ਕਹਿੰਦੇ ਨੇਂ ।

"ਬੇਸਬਰੀ ਸ਼ੈਤਾਨ ਬੁੱਢੜੀ" ਹੈਰੀਅਟ ਆਹੰਦੀ ਏ ਤੇ 'ਬਾਏ' ਆਖ ਅੱਗੇ ਟੁਰ ਪੈਂਦੀ ਏ ।

"ਬਾਏ" ਮੈਂ ਬੂਹਾ ਲਾ ਦੇਂਨੀ ਆਂ ।

ਹੈਰੀਅਟ ਨਾਲ ਗੱਲ ਬਾਤ ਕਰਨ ਤੇ ਰੂਹ ਸੀ, ਉਹਦੀ ਭੈਣ ਜ਼ਨਾਨੀਆਂ ਦੀ ਹਾਕੀ ਟੀਮ ਵਿੱਚ ਏ ਤੇ ਮੈਂ ਮਿਲਣ ਦਾ ਕੋਈ ਸਬੱਬ ਬਨਾਣਾ ਚਾਹੁੰਦੀ ਸਾਂ, ਪਰ ਹੁਣ ਫਿਰ ਸਹੀ ।

ਮੰਮੀ ਜੀ ਲਈ ਇਸਹਾਕ ਭਾਈ ਦੀ ਚਿੱਠੀ, ਓਂਟੈਰੀਓ ਹਾਈਡ੍ਰੋ ਦਾ ਬਿਲ, ਐਨ ਡੀ ਪੀ ਦਾ ਨਿਊਜ਼ ਲੈਟਰ ਤੇ ਮਦੀਨੇ ਸ਼ਰੀਫ਼ੋਂ ਮਾਂ ਜੀ ਦਾ ਰੁੱਕ੍ਹਾ । ਮੈਂ ਰੁੱਕ੍ਹਾ ਨਿਊਜ਼ ਲੈਟਰ ਵਿਚ ਲਕੋ ਕੇ ਲਾਬੀ ਆਲੇ ਗੋਲ ਕਲੀਨ ਥੱਲੇ ਰੱਖਣੀ ਆਂ । ਜਿੰਨੇ ਵੀ ਮੁਫ਼ਤ ਰਸਾਲੇ ਅਖ਼ਬਾਰ ਆਂਦੇ ਨੇਂ ਉਨ੍ਹਾਂ ਵਿੱਚੋਂ ਮੈਨੂੰ ਨੈਸ਼ਨਲ ਡੈਮੋਕਰੈਟਿਕ ਪਾਰਟੀ ਦਾ ਇਹ ਖ਼ਬਰਨਾਮਾ ਚੰਗਾ ਲਗਦਾ ਏ । ਇਹਦੇ ਵਿਚ ਇਨਸਾਨੀ ਬਰਾਬਰੀ ਤੇ ਮਜ਼ਦੂਰਾਂ ਜ਼ਨਾਨੀਆਂ ਦੇ ਹੱਕਾਂ ਦੀ ਗੱਲ ਹੁੰਦੀ ਏ ।

"ਡਾਕ ਵਿਚ ਕੀ ਇਆ?" ਮੰਮੀ ਜੀ ਮੈਨੂੰ ਆਂਦੀ ਵੇਖ ਕੇ ਪੁੱਛਦੇ ਨੇਂ ।

"ਇਸਹਾਕ ਭਾਈ ਦੀ ਚਿੱਠੀ" ਮੈਂ ਉਨ੍ਹਾਂ ਨੂੰ ਲਿਫ਼ਾਫ਼ਾ ਫੜਾਨੀ ਆਂ ।

"ਮੇਰੀ ਐਨਕ ਇਆ?" ਮੰਮੀ ਜੀ ਅਸਮਾਨੀ ਹਾਊਸ ਕੋਟ ਦੇ ਖੀਸੇ ਫਰੋਲਦੇ ਨੇਂ ।

"ਲਿਆਨੀ ਆਂ" ਮੈਂ ਉੱਤੇ ਜਾਂਨੀ ਆਂ ।

ਇਸਹਾਕ ਭਾਈ ਨੂੰ ਮੈਂ ਨੌਂ ਵਰ੍ਹੇ ਪਹਿਲੋਂ ਟੋਰੰਟੋ ਏਅਰਪੋਰਟ ਤੇ ਵੇਖਿਆ, ਬਰੈਂਡਾ ਨਾਲ ਸੀ । ਉਹ ਮੈਨੂੰ ਵੇਖ ਕੇ ਖਿਲੇ ਤੇ ਆਖਿਓ ਨੇਂ 'ਹੈਲੋ ਪੁੱਤਰੀ' ਜਿਵੇਂ ਨਿੱਕੀਆਂ ਭੈਣਾਂ ਯਾਂ ਧੀਆਂ ਨੂੰ ਆਖੀ ਦਾ ਏ । ਉਸੇ ਰਾਤੀਂ ਅਸੀਂ ਟੀ ਵੀ ਤੇ ਹਾਕੀ ਦੀ ਇਕ ਖੇਡ ਵੇਖੀ ਜਿਹੜੀ ਬਰਫ਼ ਤੇ ਖੇਡੀ ਗਈ ਤੇ ਉਹਦੇ ਵਿਚ ਇਕ ਖਿਡਾਰੀ ਪੰਜ ਗੋਲ ਕੀਤੇ ਯਾਂ ਕਰਾਏ । ਉਹ ਸੀ ਐਡਮਿੰਟਨ ਆਈਲਰਜ਼ ਦਾ ਵੈਨ ਗਰੈਟਜ਼ਕੀ । ਇਸਹਾਕ ਭਾਈ ਮੈਨੂੰ ਦੱਸਿਆ ਕਿ ਗਰੈਟਜ਼ਕੀ ਇਕ ਹੋਰ ਵੱਡੇ ਖਿਡਾਰੀ, ਮੋਨਟਰਿਆਲ ਕੈਨੇਡੀਅੰਜ਼ ਦੇ ਰਾਕਟ ਰੀਸ਼ਾਰਦ, ਦਾ ਰਿਕਾਰਡ ਤੋੜਿਆ ਏ ।

ਬਰਫ਼ ਤੇ ਹਾਕੀ ਦੀ ਖੇਡ, ਬਰੈਂਡਾ ਦੀਆਂ ਮਨ ਭਾਵਨੀਆਂ ਬਾਤਾਂ ਤੇ ਇਸਹਾਕ ਭਾਈ ਦਾ ਆਵਦਾ ਪਨ ਰਲ ਰਲਾ ਕੇ ਕੈਨੇਡਾ ਵਿਚ ਮੇਰੀ ਪਹਿਲੀ ਸ਼ਾਮ ਸੁਖੀ ਤੇ ਕਰ ਦਿੱਤੀ ਪਰ ਇਸ ਸੁਖਿਆਈ ਦਾ ਸਾਂਗਾ ਨਾ ਮੇਰੇ ਖ਼ੋਂਦ ਨਾਲ ਸੀ ਤੇ ਨਾ ਮੇਰੀ ਹਯਾਤੀ ਨਾਲ ।

"ਕਿਥੇ ਮਰ ਗਈ ਇਆਂ?" ਮੰਮੀ ਜੀ ਬੋਲਦੇ ਨੇਂ ।

ਹੈਰੀਅਟ ਠੀਕ ਆਹੰਦੀ ਏ, ਇਹ ਬੇਸਬਰੀ ਸ਼ੈਤਾਨ ਬੁੱਢੜੀ ਨੇਂ ।

ਜਿਵੇਂ ਖ਼ਿਆਲ ਸੀ, ਮੰਮੀ ਜੀ ਦੀ ਗਵਾਚੀ ਐਨਕ ਉਨ੍ਹਾਂ ਦੀ ਮੇਜ਼ ਤੇ ਸਟੈਥੋਸਕੋਪ ਥੱਲੇ ਪਈ ਏ, ਮੈਂ ਖਿਲ ਪੈਂਨੀ ਆਂ । ਨਾ ਨੂਰੋ ਡਾਕਟਰ ਬਣੀ ਨਾ ਮੈਂ ਟੀਚਰ ਪਰ ਸਟੈਥੋਸਕੋਪ ਮੈਨੂੰ ਫਿਰ ਵੀ ਮਿੱਲ ਗਿਆ । ਮੈਂ ਐਨਕ ਨਾਲ ਰਜ਼ਾਈ ਤੇ ਸਿਰਹਾਣਾ ਵੀ ਚਾ ਲੈਂਨੀ ਆਂ ।

ਆਵਦੇ ਕਮਰੇ ਅੱਗੋਂ ਲੰਘਦਿਆਂ ਮੈਨੂੰ ਪਲੰਗ ਥੱਲੇ ਲੁਕੀ ਫੁੱਲਾਂ, ਪੱਤਿਆਂ ਤੇ ਤਿਤਲੀਆਂ ਦੀ ਕੁਲੈਕਸ਼ਨ ਚੇਤੇ ਆਂਦੀ ਏ । ਮੈਂ ਅੰਦਰ ਜਾਂਨੀ ਆਂ । ਬੈਲ ਕੈਨੇਡਾ ਦੀਆਂ ਛੇ ਪੁਰਾਣੀਆਂ ਡਾਇਰੈਕਟਰੀਆਂ ਵਿਚ ਰੱਖੀਆਂ ਇਹ ਪਿਸ਼ਲੇ ਨੌਂ ਵਰ੍ਹਿਆਂ ਦੀਆਂ ਮਨ ਭਾਵਨੀਆਂ, ਪਲੰਗ ਥੱਲੇ ਪਰਲੀ ਨੁਕਰੇ ਪਈਆਂ ਮੈਨੂੰ ਇੰਜ ਉਡੀਕਦੀਆਂ ਨੇਂ ਜਿਵੇਂ ਲਾਂਡਰੀ ਰੂਮ ਦੀ ਲਮਾਰੀ ਵਿਚ ਸਾਂਭੀ ਮੇਰੀ ਨਵੀਂ ਨਕੋਰ ਸਕਰੈਪ ਬੁੱਕ ।

ਮੈਂ ਬੂਹਾ ਲਾ ਕੇ ਪੌੜੀਆਂ ਨੂੰ ਟੁਰ ਜਾਂਨੀ ਆਂ ।

ਹੇਠਾਂ ਮੰਮੀ ਜੀ ਨੂੰ ਐਨਕ ਦੇ, ਪਿੱਛੇ ਸਿਰਹਾਣਾ ਰੱਖ, ਉੱਤੇ ਰਜ਼ਾਈ ਪਾ, ਕਿਚਨ ਜਾਂਨੀ ਆਂ ।

ਨਿਊਜ਼ੀ ਲੈਂਡ ਦੀ ਦੋ ਪੌਂਡ ਹਲਾਲ ਭੇਡ ਲੰਚ ਤੇ ਰਾਤ ਦੇ ਖਾਣੇ ਲਈ ਪੂਰੀ ਏ, ਮੈਂ ਦੋ ਹਿੱਸੇ ਬਾਹਰ ਕੱਢ ਰੱਖਣੀ ਆਂ । ਦਿਲ ਕਰਦਾ ਏ ਛੇਤੀ ਨਾਲ ਮਾਂ ਜੀ ਦੀ ਚਿੱਠੀ ਪੜ੍ਹ ਲਵਾਂ ਪਰ ਉਡੀਕ ਵੀ ਮਿੱਠੀ ਹੁੰਦੀ ਏ, ਮੰਮੀ ਜੀ ਵੈਲੀਅਮ ਖਾਈ ਪਏ ਨੇਂ ਹੁਣੇ ਸੌਂ ਜਾਣਗੇ ਤੇ ਰਮਾਨ ਨਾਲ ਪੜ੍ਹਾਂਗੀ ।

ਮੈਂ ਟੀ ਵੀ ਲੱਗਿਆ ਰਹਿਣ ਦਿਤਾ ਏ, ਕਿਚਨ ਵਿੱਚੋਂ ਸਕਰੀਨ ਤੇ ਬਰਾਇਨ ਮਲਰੂਨੀ ਦੀ ਮੂਰਤ ਨਜ਼ਰੀਂਦੀ ਏ, ਮੈਨੂੰ ਉਹ ਪਹਿਲਾ 'ਕੈਨੇਡੀਅਨ' ਵੀਜ਼ਾ ਆਫ਼ੀਸਰ ਚੇਤੇ ਆਂਦਾ ਏ ਜਿਸ ਇਸਲਾਮਾਬਾਦ ਵਿਚ ਮੇਰਾ ਇੰਟਰਵਿਊ ਲਿਆ। ਉਹ ਰੱਜਿਆ ਪੁੱਜਿਆ ਸੀ ਤੇ ਅੰਗਰੇਜ਼ ਮਿਸਟਰ ਵੈਬਸਟਰ ਤੋਂ ਕਿਧਰੇ ਵੱਧ ਖਿਲਵਾਵਉਣਾ । ਮੇਰੀ ਤ੍ਰਾਹੰਦੀ ਝੁਣ ਵੇਖ, ਉਸ ਫਕੜੀ ਲਾਣੀ ਸ਼ੁਰੂ ਕੀਤੀ ਤੇ ਰੁਕਿਆ ਜਦੋਂ ਮੈਂ ਖਿਲ ਪਈ ਸਾਂ ।

ਮੈਨੂੰ ਦਿਨੇ ਕੋਈ ਸਾਹ ਨਹੀਂ ਪੈਂਦਾ ਪਰ ਜਦੋਂ ਮੰਮੀ ਜੀ ਦੁਪਹਿਰੀਂ ਸੌਂ ਜਾਂਦੇ ਨੇਂ ਤੇ ਇਹਤਸ਼ਾਮ ਕਲੀਨਿਕ ਹੁੰਦਾ ਏ, ਮੈਂ ਝੱਟ ਬਹਿ ਲੈਂਨੀ ਆਂ ।

ਮੰਮੀ ਜੀ ਸੌਂ ਗਏ ਨੇਂ । ਘੜੀ ਪੌਣੇ ਬਾਰ੍ਹਾਂ ਵਜਾਂਦੀ ਪਈ ਏ ।

ਮੈਂ ਸੋਫ਼ੇ ਤੇ ਬਹਿ, ਸਿਰ ਢੌਂ ਨਾਲ ਲਾ, ਅੱਖਾਂ ਮੀਟ ਲੈਂਨੀ ਆਂ । ਮੇਰੀਆਂ ਅੱਖਾਂ ਦੇ ਪਪੋਟਿਆਂ ਅੱਗੇ ਪੀਲੇ ਰੰਗ ਦੇ ਛਿੱਟੇ ਆਂਦੇ ਨੇਂ । ਮੁੜ ਸਿਰ ਦੇ ਧੁਰ ਅੰਦਰ ਕੋਈ ਸ਼ੈਅ ਵੱਜਦੀ ਏ, ਮੈਂ ਉਠ ਬਹਿੰਨੀ ਆਂ ।

ਮੂਹਰੇ ਰਜ਼ਾਈ ਵਿਚ ਮੰਮੀ ਜੀ ਦਾ ਮਾੜਾ ਪਿੰਡਾ ਪਿਆ ਏ, ਮੈਨੂੰ ਮਾਂ ਜੀ ਚੇਤੇ ਆਂਦੇ ਨੇਂ । ਛੇ ਵਰ੍ਹੇ ਲੰਘ ਗਏ ਨੇਂ, ਮੈਂ ਉਨ੍ਹਾਂ ਨੂੰ ਨਹੀਂ ਮਿਲੀ । ਉਹ ਵੀ ਇਨ੍ਹਾਂ ਹਾਰ ਮਾੜੇ ਹੋ ਗਏ ਹੋਣੇ ਨੇਂ? ਭਰਜਾਈ ਉਨ੍ਹਾਂ ਦਾ ਚੋਖਾ ਖ਼ਿਆਲ ਰੱਖਦੀ ਹੋਣੀ ਏ? ਮੇਰੇ ਹੰਝੂ ਗੱਲ੍ਹਾ ਤੇ ਵਗਦੇ ਪਏ ਨੇਂ । ਰੂਹ ਕਰਦਾ ਏ, ਮਾਂ ਜੀ ਨਾਲ ਗੱਲ ਕਰਾਂ ਪਰ ਉਹ ਲਾਹੌਰ ਕੋ ਨੀ ਤੇ ਮੈਨੂੰ ਸਾਊਦੀ ਅਰਬ ਉਨ੍ਹਾਂ ਦਾ ਫ਼ੋਨ ਨੰਬਰ ਪਤਾ ਨਹੀਂ । ਮਾਂ ਜੀ ਦੀ ਚਿੱਠੀ, ਮੈਨੂੰ ਚੇਤੇ ਆਂਦਾ ਏ ।

ਮੂੰਹ ਤੇ ਠੰਢੇ ਪਾਣੀ ਦੇ ਛਿੱਟੇ ਮਾਰ, ਕਲੀਨ ਥੱਲੋਂ ਚਿੱਠੀ ਕੱਢ, ਮੈਂ ਪੌੜੀਆਂ ਤੇ ਬਹਿ ਕੇ ਪੜ੍ਹਨ ਲੱਗ ਪੈਂਨੀ ਆਂ । ਮਾਂ ਜੀ ਦੀ ਟੁੱਟੀ ਟੁੱਟੀ ਉਰਦੂ ਲਿਖਾਈ ਵੇਖ ਕੇ ਮੇਰੀਆਂ ਅੱਖਾਂ ਵਲਾ ਹੰਝੂਆਂ ਨਾਲ ਭਰ ਜਾਂਦੀਆਂ ਨੇਂ ।

'ਪਿਆਰੀ ਧੀ ਸਕੀਨਾ, ਮੇਰੀ ਅੱਖੀਆਂ ਕਾ ਨੂਰ

'ਉਮੀਦਵਾਰੀ ਹੈ ਯੇ ਖ਼ਤ ਆਪ ਕੋ ਆਵਦੀ ਸੱਸ ਔਰ ਸ਼ੌਹਰ ਕੇ ਹਮਰਾਹ ਖ਼ੁਸ਼ ਓ ਖ਼ੁੱਰਮ ਪਾਵੇ ਗਾ ।

'ਅੱਲਾਹ ਕੇ ਮਹਿਬੂਬ ਮੁਹੰਮਦ ਮੁਸਤਫ਼ਾ ਕੇ ਦਰਵਾਜ਼ੇ ਪਰ ਮੈਂ ਆਪ ਕੀ ਸਿਹਤ ਔਰ ਕਾਮਯਾਬੀ ਕੀ ਦੁਆ ਮਾਂਗ ਰਹੀ ਥੀ, ਜਬ ਆਂਖੇਂ ਖੁਲੀਂ ਤੋ ਬੁੱਕ ਮੈਂ ਰੱਤੇ ਲਾਲ ਗੁਲਾਬ ਕੀ ਪੱਤੀ ਥੀ । ਬੇਟੀ ਸਕੀਨਾ, ਆਪ ਕੋ ਮਨ ਕੀਆਂ ਸਾਰੀਆਂ ਮੁਰਾਦਾਂ ਮਿਲਣ ਗੀਆਂ, ਅਬ ਮੁਝੇ ਯਕੀਨਿ ਕਾਮਿਲ ਹੈ ।

'ਮੈਂ ਬਗ਼ਦਾਦ ਮੈਂ ਪੀਰ ਦਸਤਗੀਰ ਕੇ ਦਰਬਾਰ ਮੈਂ ਹਾਜ਼ਰੀ ਦੇ ਕਰ ਆਪ ਕੀ ਗੋਦ ਹਰੀ ਹੋਨੇ ਕੀ ਦਰਖ਼ਵਾਸਤ ਕਰਨਾ ਚਾਹਤੀ ਹੂੰ । ਮਗਰ ਆਪ ਕਾ ਪਿਆਰਾ ਭਾਈ ਚਾਹੁੰਦਾ ਏ ਬਈ ਮੈਂ ਵਾਪਸ ਆ ਜਾਵਾਂ ਕਿਉਂ ਜੇ ਕੁਵੇਤ ਮੈਂ ਜੰਗ ਲੱਗੀ ਹੋਈ ਹੈ । ਜ਼ਿੰਦਗੀ ਮੌਤ ਅੱਲਾਹ ਕੇ ਹੱਥ ਹੈ ਬੇਟੀ, ਮੈਂ ਜਾਣੇ ਕਾ ਤੈਅ ਕਰ ਚੁਕੀ ਹੂੰ ।

'ਅਫ਼ਸੋਸਨਾਕ ਖ਼ਬਰ ਹੈ ਜਬ ਮੈਂ ਅਰਬ ਸ਼ਰੀਫ਼ ਕੇ ਲੀਏ ਰਵਾਨਾ ਹੂਈ ਤੋ ਵੋਮਨਜ਼ ਐਕਸ਼ਨ ਕੀ ਵਕੀਲ ਜ਼ਨਾ ਕਾ ਇਕ ਔਰ ਕੇਸ ਹਾਰ ਚੁਕੀ ਥੀਂ । ਔਰ ਦਿਲ ਥਾਮ ਕਰ ਸੁਣੋ ਬੇਟੀ, ਵੋਹ ਚੋਹੱਤਰ ਵਰ੍ਹਿਆਂ ਕੀ ਵਹੀ ਦਾਈ ਥੀ ਜੋ ਪਿੰਡ ਕੇ ਪਾਸ ਚਰਾਗ਼ ਕੇ ਖੂਹ ਪਰ ਰਹਿਤੀ ਥੀ । ਸ਼ੋਹਦੀ ਕੋ ਇਸ ਉਮਰੇਂ ਡੇੜ੍ਹ ਸੋ ਕੋੜੋਂ ਕੀ ਸਜ਼ਾ ਹੋਈ ਹੈ । ਇਸ ਕਾ ਗੁਨਾਹ ਜ਼ਨਾ ਨਹੀਂ, ਯੇ ਥਾ ਕਿ ਵੋਹ ਹਿੰਦੂ ਰਹੀ ਮੁਸਲਮਾਨ ਨਾ ਹੂਈ। ਬੇਟਾ ਪਾਂਚੋਂ ਵਕਤ ਨਮਾਜ਼ ਕੇ ਬਾਅਦ ਉਸ ਕੀ ਸਿਹਤ ਔਰ ਤੰਦਰੁਸਤੀ ਕੀ ਦੁਆ ਕਰੋ, ਕੋੜੇ ਤੋ ਕੜੀਅਲ ਜਵਾਨ ਕੋ ਢਾਹ ਲੇਤੇ ਹੈਂ, ਕੀ ਪਤਾ ਦਾਈ ਸਹਾਰ ਸਕੇਗੀ  ਕਿ ਨਹੀਂ। ਉਨ੍ਹੀਂ ਵਜੂਹਾਤ ਕੀ ਬਿਨਾ ਪਰ ਸ਼ਰੀਅਤ ਕੋਰਟੋਂ ਸੇ ਮੈਂ ਬਦ–ਜ਼ਨ ਹੋ ਗਈ ਹੂੰ ਬਈ ਸੱਭ ਤੋਂ ਪਹਿਲੋਂ ਅੱਲਾਹ ਮੁਨਸਫ਼ ਹੈ ।

'ਜੰਨਤ ਬੀ, ਅਗਰ ਯਾਦ ਹੋ ਤੋ ਆਵਦੀ ਜੀਨੋ ਦਾ ਅਸਲੀ ਨਾਂ, ਤੁਮਹਾਰੇ ਭਾਈ ਕੇ ਘੱਰ ਮੁਝੇ ਮਿਲਨੇ ਕੋ ਆਈ ਥੀ । ਇਸ ਨੇ ਕਿਹਾ ਬਈ ਮੈਂ ਆਪ ਕੋ ਬਿਲਜ਼ਰੂਰ ਬਤਾਊਂ ਕਿ ਉੱਸ ਕੇ ਬੇਟੇ ਮਿੱਠੂ ਨੇ ਪਰੈਵਟ ਮੈਟ੍ਰਿਕ ਕਾ ਇਮਤਿਹਾਨ ਫ਼ਸਟ ਡਵੀਯਨ ਮੈਂ ਪਾਸ ਕਰ ਲਿਆ ਹੈ । ਸੱਭ ਲੜਕੀਓ ਮੇਂ ਸੇ ਬੇਟਾ, ਮੁਝੇ ਜੰਨਤ ਬੀ ਪਰ ਫ਼ਖ਼ਰ ਹੈ ਜੈਸੇ ਇਸ ਨੇ ਅਪਣੀ ਜ਼ਿੰਦਗੀ ਕੀ ਬਾਗ ਡੋਰ ਆਵਦੇ ਹੱਥੀਂ ਲੀ ਔਰ ਕਿੰਜ ਉਹ ਆਵਦੇ ਬਿਨ ਬਾਪ ਕੇ ਬੇਟੇ ਔਰ ਸੱਸ ਜ਼ੈਨਬ ਬੀ ਕਾ ਧਿਆਨ ਰੱਖਤੀ ਹੈ ।

'ਇਧਰ ਹੱਜ ਕੇ ਮੁਨਤਜ਼ਮੀਨ ਅਰਬੀ ਇਤਨੇ ਮਗ਼ਰੂਰ ਹੈਂ ਬਈ ਆਵਦੇ ਆਪ ਨੂੰ ਤਮਾਮ ਅਨਸਾਨੋਂ ਸੇ ਅੱਫ਼ਜ਼ਲ ਸਮਝਦੇ ਨੇਂ । ਵੋਹ ਹਮ ਸੱਭ ਕੋ ਜੋ ਅਰਬੀ ਨਹੀਂ, 'ਅਜਮੀ' ਯਾਨੀ 'ਜਾਹਲ' ਕਹਿਤੇ ਹੈਂ । ਅੱਲਾਹ ਗਵਾਹ ਹੈ, ਇਸਲਾਮ ਇਨਸਾਨੋਂ ਮੇ ਬਰਾਬਰੀ ਸਿਖਲਾਤਾ ਹੈ ਕਿਸੀ ਏਕ ਨਸਲ ਕੀ ਫ਼ਜ਼ੀਲਤ ਨਹੀਂ ।

ਦੁਆਗੋ

ਤੁਮਹਾਰੀ ਮਾਂ '

ਮੇਰਾ ਦਿਲ ਘਟਦਾ ਪਿਆ ਏ, ਮੈਨੂੰ ਚਰਾਗ਼ ਦੇ ਖੂਹ ਆਲੀ ਦਾਈ ਚੰਗੀ ਯਾਦ ਏ । ਮੈਂ ਉਹਨੂੰ ਉਸ ਦਿਹਾੜੇ ਅਖ਼ੀਰਲੀ ਵਾਰ ਡਿੱਠਾ ਜਦ ਨੂਰੋ ਮੋਈ ਏ । ਤੇਰੀਆਂ ਖ਼ੈਰਾਂ, ਨੂਰੋ । ਉਸ ਵੇਲੇ ਦਾਈ ਸੱਠਾਂ ਤੋਂ ਉੱਤੇ ਸੀ ਤੇ ਆਵਦੇ ਪੁਤੱਰ ਰਮਜ਼ੂ ਨਾਲ ਅੰਮ੍ਰਿਤਸਰ ਜਾਣ ਤੋਂ ਇਨਕਾਰੀ । ਉਹਦਾ

ਖ਼ਿਆਲ ਸੀ ਬਈ ਇਸ ਤੋਂ ਵੱਡੀ ਆਫ਼ਾਤ ਉਹਦੇ ਤੇ ਕੀ ਆਣੀ ਏ ਕਿ ਉਹਦੇ ਪੁਤੱਰ ਤੇ ਜ਼ਨਾ ਦਾ ਝੂਠਾ ਮੁਕੱਦਮਾ ਬਣ ਜਾਵੇ। ਖ਼ੋਰੇ ਹੁਣ ਉਹਨੂੰ ਕਿੰਜ ਲਗਦਾ ਹੋਵੇ ਗਾ?

ਮੈਂ ਜੀਨੋ ਤੇ ਰਫ਼ੋ ਨੂੰ ਉੱਨੀ ਸੌ ਚੌਰਾਸੀ ਵਿਚ ਮਿਲੀ ਸਾਂ। ਜੀਨੋ ਅੰਮਾਂ ਜੀਵਾਂ ਤੇ ਖ਼ੋਰਸ਼ੈਦੀ ਨਾਲ ਭਾ ਦੇ ਵਿਆਹ ਦਾ ਕੰਮ ਕਾਰ ਕਰਾਂਦੀ ਫਿਰਦੀ ਸੀ, ਰਫ਼ੋ ਯਾਂ ਉਹਦੇ ਟੱਬਰ ਨੂੰ ਸੱਦਿਆ ਨਹੀਂ ਸੀ ਗਿਆ। ਮਾਂ ਜੀ ਠੀਕ ਆਹੰਦੇ ਨੇਂ, ਜੀਨੋ ਨੂੰ ਵੇਖ ਕੇ ਹਾਂ ਠਰਦਾ ਏ। ਮਿੱਠੇ ਰੰਗਾਂ ਦੇ ਕਾਟਨ ਦੇ ਸੂਟਾਂ ਨਾਲ ਚਿੱਟੀ ਚਾਦਰ ਲੈ ਕੇ ਕੰਮਾਂ ਵਿਚ ਰੁੱਝੀ ਇਕ ਰੱਜ ਸੋਹਣੀ ਜ਼ਨਾਨੀ, ਅਸਲੀ ਜੀਨੋ। ਸਵੇਰੇ ਉਹ ਕਿਸੇ ਦੇ ਘੱਰ ਨੌਕਰੀ ਕਰਦੀ ਤੇ ਸ਼ਾਮਾਂ ਨੂੰ ਆਵਦੇ ਮੁਕੱਦਮੇ ਲਈ ਲੋਕਾਂ ਨਾਲ ਮਿਲਦੀ ਜਿਹਦਾ ਉਸ ਵੇਲੇ ਤਿੰਨ ਸਾਲ ਬਾਅਦ ਵੀ ਕੋਈ ਫ਼ੈਸਲਾ ਨਹੀਂ ਸੀ ਹੋਇਆ। ਉਹਨੇ ਪੁਤੱਰ ਨੂੰ ਮਿਹਨਤ ਦੇ ਪੈਸਿਆਂ ਨਾਲ ਕਲੀਨਾਂ ਆਲਿਆਂ ਤੋਂ ਛੁਡਾ ਲਿਆ ਤੇ ਅੰਮਾਂ ਜ਼ੈਨਬ ਦਾ ਇਲਾਜ ਲਾਹੌਰ ਦਾ ਇਕ ਵੱਡਾ ਡਾਕਟਰ ਕਰਦਾ ਪਿਆ ਸੀ। ਮੈਨੂੰ ਪੱਕ ਏ ਜੇ ਮੈਂ ਲਾਹੌਰ ਹੋਵਾਂ ਤੇ ਜੀਨੋ ਨਾਲ ਕੰਮ ਕਰਾਂ।

ਜੀਨੋ ਈ ਮੈਨੂੰ ਰਫ਼ੋ ਨਾਲ ਮਿਲਾਇਆ। ਰਫ਼ੋ ਮਜਾਜ਼ ਦੇ ਰਿਹਾ ਹੋਣ ਮਗਰੋਂ ਇੰਗਲੈਂਡ ਟੁਰ ਜਾਣ ਲਈ ਤਿਆਰ ਸੀ। ਅਸੀਂ ਕਲਾਸਿਕ ਕਿਤਾਬ ਘੱਰ ਮੂਹਰੇ ਮਿਲੇ, ਅੰਦਰ ਗਏ ਤੇ ਸਾਰੀਆਂ ਨਵੀਆਂ ਕਿਤਾਬਾਂ ਵੇਖੀਆਂ। ਮੈਨੂੰ ਸੁਰਤ ਆਈ ਬਈ ਮੈਂ ਉੱਨੀ ਸੌ ਇਕਾਸੀ ਮਗਰੋਂ ਛਪਣ ਆਲੀ ਕੋਈ ਕਿਤਾਬ ਨਹੀਂ ਪੜ੍ਹੀ।

ਰਫ਼ੋ ਪੀਲੀ ਪਈ ਹੋਈ ਸੀ ਪਰ ਉਹਦੇ ਕੱਪੜੇ ਸ਼ੋਖ਼ ਸਨ ਤੇ ਮੇਕ–ਅੱਪ ਚੋਖਾ, ਮੈਨੂੰ ਉਹ ਪਹਿਲੋਂ ਤੋਂ ਵੀ ਸੋਹਣੀ ਲੱਗੀ। ਉਹ ਮੈਨੂੰ ਹੀਕੋ ਸ਼ੈਲੇ ਕੈਫ਼ੇ ਵਿਚ ਲੈ ਗਈ ਤੇ ਆਹੰਦੀ ਏ 'ਖ਼ੋਰੇ ਅਗਲੀ ਵਾਰੀ ਤੂੰ ਆਵੇਂ ਤੇ ਇਹ ਇੱਥੇ ਹੋਵੇ ਨਾ ਹੋਵੇ, ਪਾਕ ਟੀ ਹਾਊਸ ਉਜੜਿਆ ਪਿਆ ਏ'। ਅੰਦਰ ਬਾਰੀ ਅੱਗੇ ਇੱਕੋ ਮੇਜ਼ ਤੋਂ ਮਾਲ ਰੋਡ ਨਜ਼ਰੀਂਦੀ ਸੀ, ਉਥੇ ਹਫ਼ਤਾ ਵਾਰ 'ਵੀਉ ਪਵਾਇੰਟ' ਵਿਚ ਕੰਮ ਕਰਦੇ ਕੁਝ ਸਾਥੀ ਬੈਠੇ ਸਨ। ਉਨ੍ਹਾਂ ਰਫ਼ੋ ਨੂੰ ਵੇਖ, ਸਾਡੇ ਲਈ ਮੇਜ਼ ਖ਼ਾਲੀ ਚਾ ਕੀਤੀ। ਰਫ਼ੋ ਮੈਨੂੰ ਲੰਚ ਖਵਾਇਆ, ਅਸੀਂ ਦੋ ਤਿੰਨ ਘੰਟੇ ਬੈਠੇ ਸਿਗਰਟਾਂ ਫੂਕਦੇ ਤੇ ਗੱਲਾਂ ਕਰਦੇ ਰਹੇ।

ਪਿਛਲੇ ਤਰੈਹ ਵਰ੍ਹੇ ਰਫ਼ੋ ਲਈ ਔਖੇ ਸਨ, ਮਜਾਜ਼ ਦੀ ਚਿੰਤਾ ਦੇ ਨਾਲ ਨਾਲ ਉਹਦੇ ਟੱਬਰ ਦਾ ਜ਼ੋਰ ਸੀ ਕਿ ਉਹ ਸਿਆਸੀ ਕੰਮ ਛੱਡ ਕੇ ਜਿੱਥੇ ਉਹ ਕਹਿੰਦੇ ਨੇਂ ਵਿਆਹ ਕਰ ਲਵੇ। ਉਹ ਕਿਸੇ ਮਨਫ਼ੀ ਸ਼ੈਅ ਨੂੰ ਬਹੁਤਾ ਵਧਾਂਦੀ ਨਹੀਂ ਫਿਰ ਵੀ ਮੈਨੂੰ ਲੱਗਾ, ਉਹ ਦੁੱਖਾਂ ਦੇ ਘੁੰਮਣ ਘੇਰ ਵਿਚ ਏ। 'ਇਸ ਮੁਲਕ ਵਿਚ ਕੁਝ ਨਹੀਂ ਬਦਲਣਾ' ਲੰਚ ਤੋਂ ਪਹਿਲੋਂ ਦੋ ਗੋਲੀਆਂ ਫੱਕ ਉਸ ਆਖਿਆ 'ਮੈਂ ਮਜਾਜ਼ ਨੂੰ ਹਰ ਹਫ਼ਤੇ ਦੋ ਹਫ਼ਤੇ ਬਾਅਦ ਮਿਲਣੀ ਆਂ, ਹਰ ਵਾਰੀ ਉਹ ਪਹਿਲੋਂ ਤੋਂ ਵਧ ਟੁੱਟਿਆ ਹੁੰਦਾ ਏ। ਉਹ ਹੋਲੀ ਹੋਲੀ ਉਹਦੇ ਟੋਟੇ ਕਰਦੇ ਪਏ ਨੇਂ, ਇਸ ਵੇਲੇ ਇਸੇ ਸ਼ਹਿਰ ਵਿਚ। ਉਨ੍ਹਾਂ ਨੂੰ ਕੋਈ ਨਹੀਂ ਡੱਕ ਸਕਦਾ'। ਉਸ ਬੈਗ ਵਿੱਚੋਂ ਲੱਭ ਕੇ ਗੂੜ੍ਹੀ ਰੱਤੀ ਲਿਪ–ਸਟਿਕ ਕੱਢੀ ਤੇ ਇੱਕੋ ਹੱਥੀਂ ਦੋਵੇਂ ਬੁੱਲ੍ਹਾਂ ਤੇ ਲਾ, ਵਾਪਸ ਸੁਟ ਦਿੱਤੀ। 'ਕੀ ਗੱਲ ਏ ਰਫ਼ੋ?' ਮੈਂ ਪੁੱਛਿਆ। 'ਉਹ ਰਿਹਾ ਹੋਵੇ ਗਾ ਤੇ ਫਿਰ ਅਸੀਂ ਬਾਹਰ ਜਾਵਾਂਗੇ ਪਰ ਪੱਕ ਕੋ ਨੀ ਕਿ ਉਸ ਵੇਲੇ ਤੋੜੀ ਉਹਦੇ ਵਿਚ ਕੀ ਰਹਿ ਗਿਆ ਹੋਵੇ ਗਾ' ਉਹ ਇਕ ਪਲ ਮੂੰਹ ਮੀਟ ਕੇ ਅੱਖਾਂ ਵਿਚ ਆਂਦੇ ਹੰਝੂ ਰੋਕਦੀ ਏ 'ਉਹ ਸਾਥੀ ਜਿਹੜੇ ਇਸ ਤੋਂ ਘੱਟ ਟਾਰਚਰ ਕੀਤੇ ਗਏ, ਉਹ ਵੀ ਪੂਰੇ ਠੀਕ ਨਹੀਂ ਹੋ ਸਕਦੇ। ਕਿਸੇ ਦੇ ਨ੍ਰਵਜ਼ ਤਬਾਹ ਨੇਂ, ਲੱਤ ਯਾਂ ਬਾਂਹ ਕੰਮ ਨਹੀਂ ਕਰਦੀ, ਦਿਮਾਗ਼ ਭੌਂ ਗਿਆ ਏ ਯਾ ਨਾਮਰਦ ਹੋ ਗਏ ਨੇਂ'। ਮੈਨੂੰ ਲੱਗਾ ਰਫ਼ੋ ਆਵਦੇ ਈ ਮੁਲਕ ਵਿਚ ਫਸੀ ਪਈ ਏ। ਆਵਦੇ ਮੁਲਕ ਫੱਸਣ ਵਿਚ

ਬਹੁਤੀ ਪੀੜ ਏ ਯਾਂ ਬਾਹਰ ਦੇ ਮੁਲਕ? ਮੈਂ ਆਵਦੇ ਆਪ ਨੂੰ ਪੁੱਛਿਆ। ਇਸ ਸਵਾਲ ਦਾ ਜਵਾਬ ਸੋਚਣ ਦੀ ਥਾਂ ਮੈਂ ਰੱਫ਼ੋ ਨੂੰ ਆਖਿਆ ਕਿ ਮੈਨੂੰ ਦੱਸੇ ਜੇ ਮੈਂ ਕੈਨੇਡਾ ਤੋਂ ਕੁਝ ਕਰ ਸਕਣੀ ਆਂ, ਉਸ ਆਖਿਆ ਉਨ੍ਹਾਂ ਦੇ ਇੰਗਲੈਂਡ ਜਾਣ ਦਾ ਬੰਦੋਬਸਤ ਹੋਇਆ ਪਿਆ ਏ ਬਸ ਮਜਾਜ਼ ਦੇ ਨਿਕਲਣ ਦੀ ਉਡੀਕ ਏ ।

ਮੈਂ ਪੌੜੀਆਂ ਤੋਂ ਉਠ, ਮਾਂ ਜੀ ਦੀ ਚਿੱਠੀ ਲੁਕਾਣ ਲਈ ਲਾਂਡਰੀ ਰੂਮ ਨੂੰ ਜਾਂਨੀ ਆਂ । ਲਿਵਿੰਗ ਰੂਮ ਵਿੱਚੋਂ ਲੰਘਦਿਆਂ ਮੰਮੀ ਜੀ ਤੇ ਨਿਗਾਹ ਪਾਂਨੀ ਆਂ, ਉਹ ਘੂਕ ਸੁੱਤੇ, ਨਿੱਕੇ ਨਿੱਕੇ ਘੁਰਾੜੇ ਮਾਰਦੇ, ਅਸਲੋਂ ਬੀਬੇ ਲਗਦੇ ਪਏ ਨੇਂ । ਪਰ ਜੇ ਜਾਗਦੇ ਹੋਣ ਤਾਂ ਮੰਮੀ ਜੀ ਦੀ ਸਾਜ਼ਸ਼ੀ ਸੋਚ ਤੇ ਗੰਦੀ ਬੋਲੀ ਪਚਾਣਾ ਔਖਾ ਏ। ਆਉਜ਼ੁ ਬਿੱਲਾਹ ਮਿਨੱਸ਼ ਸ਼ੈਤਾ ਨਿੱਰਜੀਮ, ਮੈਂ ਮਨਫ਼ੀ ਸੋਚਾਂ ਨੂੰ ਪਰਾਂਹ ਕਰਨ ਲਈ ਪੜ੍ਹਦੀ ਲਾਂਡਰੀ ਰੂਮ ਜਾਂਨੀ ਆਂ।

ਡਰਾਇਰ ਪਿੱਛੇ ਦੀ ਲਮਾਰੀ ਖੋਲ ਕੇ ਥਲਵੇਂ ਦਰਾਜ਼ ਵਿੱਚੋਂ ਇੱਕ ਵੱਡਾ ਸਾਰਾ ਡੱਬਾ ਕੱਢਣੀ ਆਂ । ਮਾਂ ਜੀ ਦੀ ਚਿੱਠੀ ਮੇਰੇ ਹੱਥ ਵਿਚ ਏ, ਮੈਨੂੰ ਚੇਤੇ ਆਂਦਾ ਏ ਕਿਵੇਂ ਸਾਡੇ ਟੱਬਰ ਦੇ ਲੋਕੀ ਆਵਦੇ ਆਪ ਨੂੰ 'ਅਰਬੀ' ਤੇ ਦੂਜਿਆਂ ਨੂੰ 'ਅਜਮੀ' ਸਮਝਦੇ ਸਨ । ਦੂਜੇ ਉਹ ਸਨ ਜਿਹੜੇ ਸਾਡੇ ਟੱਬਰ ਵਿਚ ਨਹੀਂ ਜੰਮੇ ਤੇ ਨਾ ਬਹੁਤੇ ਅਮੀਰ ਹੋਏ। ਮਾਂ ਜੀ ਲਈ ਨੂਰੋ ਦਾ ਸੋਹਣਾ ਮੁਖੜਾ ਬਦ ਸ਼ਕਲਾ ਸੀ ਕਿ ਉਹਦਾ ਰੰਗ ਪੱਕਾ ਤੇ ਅੱਖਾਂ ਛੋਟੀਆਂ ਸਨ । ਜਦੋਂ ਬਰੈਂਡਾ ਕਾਵੜ ਵਿਚ ਆਂਦੀ ਤੇ ਇਹਤਸ਼ਾਮ, ਮੰਮੀ ਜੀ, ਇਸਹਾਕ ਭਾਈ ਤੇ ਮੈਨੂੰ ਸਾਰਿਆਂ ਨੂੰ 'ਅਗਲੀ' ਕੋਝਾ ਤੇ 'ਈਡੀਅਟ' ਬੇਵਕੂਫ਼ ਆਹੰਦੀ।

ਮੈਂ ਡੱਬਾ ਖੋਲਣੀ ਆਂ, ਸੰਦਲ ਦੀ ਖ਼ੁਸ਼ਬੂ ਮੇਰੀਆਂ ਕਮੀਨੀਆਂ ਸੋਚਾਂ ਅਲੋਪ ਕਰ ਦਿੰਦੀ ਏ ।

ਡੱਬੇ ਵਿੱਚ ਸੱਭ ਤੋਂ ਵੱਡੀ ਸ਼ੈਅ ਮੇਰੀ ਸਕਰੈਪ ਬੁੱਕ ਏ । ਮਾਂ ਜੀ ਦੀ ਫ਼ੋਟੋ ਥੱਲੇ ਮੇਰੀਆਂ ਸਾਰੀਆਂ ਚਿੱਠੀਆਂ, ਅਖ਼ਬਾਰਾਂ ਦੇ ਕਾਗਤ ਤੇ ਫ਼ੋਟੋਆਂ ਸਾਂਭੀਆਂ ਹੋਈਆਂ ਨੇਂ । ਪੰਜਵੀਂ, ਅੱਠਵੀਂ ਤੇ ਦਸਵੀਂ ਵਿਚ ਮੇਰੇ ਸਕਾਲਰਸ਼ਿਪ ਦੀਆਂ ਰਸੀਦਾਂ, ਸਾਡੀ ਹਾਕੀ ਟੀਮ ਦਾ ਫ਼ੋਟੋ, ਇੰਟਰ–ਕਾਲਜੀਅਟ ਤਕਰੀਰਾਂ ਦੇ ਮੁਕਾਬਲੇ ਵਿਚ 'ਇਸਲਾਮ ਔਰ ਪਾਕਸਤਾਨ ਕਾ ਇਤਹਾਦ' ਦੇ ਮੋਜ਼ੂਅ ਤੇ ਦੂਜੇ ਨੰਬਰ ਦੀ ਇਨਾਮ ਜਿੱਤੁ ਸਨਦ । ਨੁੱਕਰ ਵਿੱਚ ਰੱਫ਼ੋ ਦੀ ਲਾਹੌਰ ਵਿਚ ਦਿੱਤੀ ਜੰਮੂੰ ਰੰਗੀ ਲਿਪ–ਸਟਿਕ ਜਿਹੜੀ ਮੈਂ ਹਾਲੀ ਤੋੜੀ ਨਹੀਂ ਖੋਲੀ ।

ਮੈਂ ਰੱਫ਼ੋ ਬਾਰੇ ਮਗਰੋਂ ਵੀ ਸੁਣਿਆ ਏ, ਮੈਨੂੰ ਖ਼ਬਰ ਏ, ਉਹ ਤੇ ਮਜਾਜ਼ ਲੰਦਨ ਨੇਂ । ਖ਼ੋਰੇ ਰੱਫ਼ੋ ਦੇ ਬਾਲ ਵੀ ਹੋਵਣ । ਮੇਰੇ ਸਕੂਲ ਤੇ ਕਾਲਜ ਦੀਆਂ ਸਾਰੀਆਂ ਕੁੜੀਆਂ ਦੇ ਦੋ ਦੋ ਚਾਰ ਚਾਰ ਬਾਲ ਨੇਂ ਪਰ ਮਾਂ ਬਣੀ ਹੋਈ ਰੱਫ਼ੋ ਮੇਰੀ ਖ਼ਿਆਲ ਉਡਾਰੀ ਵਿਚ ਨਹੀਂ ਆਂਦੀ । ਮੈਨੂੰ ਉਹਦੀ ਵੱਡੀ ਮੁੰਝ ਏ, ਕੋਈ ਫ਼ੋਟੋ ਹੋਵੇ ਆ, ਜਾਪਦਾ ਏ ਮੈਨੂੰ ਉਹਦੇ ਨੈਣ ਨਕਸ਼ ਚੇਤੇ ਕੋ ਨੀ ।

ਬਾਬੇ ਸ਼ਾਹ ਜਮਾਲ ਦੇ ਕਤਲੰਮੇ ਆਲੇ ਕਾਗਤ ਤੇ ਲਿਖੀ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ, ਖ਼ੋਰਸ਼ੈਦੀ ਦੀ ਦਿੱਤੀ ਨਿਸ਼ਾਨੀ ਲੁਕਾਈ ਪਈ ਏ ।

ਪੁੜੀ ਖੋਲਨੀ ਆਂ, ਚਿੱਟੇ ਗੁੱਡੀ ਕਾਗ਼ਜ਼ ਵਿਚ ਵਲ੍ਹੇਟੀਆਂ ਤਾਂਬੇ ਦੀਆਂ ਨਿੱਕੀਆਂ ਨਿੱਕੀਆਂ ਡੰਡੀਆਂ ਇਵੇਂ ਦਮਕਦੀਆਂ ਨੇਂ ਜਿਵੇਂ ਤਪਿਆ ਲਾਲ ਲੋਹਾ ਕੱਚੀ ਬਰਫ਼ ਦੀ ਸਿੱਲ ਉੱਤੇ ।

ਡੰਡੀਆਂ ਚਾਂਨੀ ਆਂ । ਤਾਂਬੇ ਦਾ ਰੰਗ ਅਚਰਜ ਏ, ਅਨ–ਸੁੱਝੇ ਖ਼ਿਆਲਾਂ ਵੱਲ ਧਿਆਨ ਲਿਜਾਂਦਾ ਏ । ਚਾਂਦੀ ਵੇਖਾਂ ਤੇ ਕਨਾਅਤ ਦੀਆਂ ਸ਼ਾਂਤ ਝੀਲਾਂ, ਸੋਨਾ ਉਠਦਾ ਸਮੁੰਦਰ ਯਾਂ ਲਹਿੰਦੇ ਦਰਿਆਵਾਂ ਦਾ ਹੜ੍ਹ । ਪਰ ਤਾਂਬਾ ਖ਼ਿਆਲ ਹੱਥੀਂ ਆਵਣ ਤੋਂ ਪਹਿਲੋਂ ਖੜੀਜ ਜਾਂਦਾ ਏ ।

ਡੰਡੀਆਂ ਦਾ ਜੋੜਾ ਸਾਹਮਣੇ ਕਰਨੀ ਆਂ, ਨਿੱਕੜੇ ਪੱਤਰ ਹਿੱਲ ਜੋ ਪਏ ਨੇਂ ਤੇ ਹੁਣ ਠੱਲੇ ਨਹੀਂ ਜਾਣੇ । ਇਹ ਖ਼ੋਰਸ਼ੈਦੀ ਦੀ ਨਿਸ਼ਾਨੀ ਏ ਜਿਹੜੀ ਮੇਰੇ ਨਾਲ ਉਸ ਘੱਰ ਦੀ ਦੂਜੀ ਜਵਾਨ ਕੁੜੀ ਸੀ । ਮੇਰੇ ਕੈਨੇਡਾ ਆਣ ਦੇ ਇਕ ਵਰ੍ਹੇ ਅੰਦਰ ਖ਼ੋਰਸ਼ੈਦੀ ਨੂੰ ਵੀ ਵਿਆਹ ਕੇ ਲਾਹੋਰੋਂ ਬਾਹਰ ਟੋਰ ਦਿੱਤਾ ਗਿਆ ।

ਮੈਂ ਡੰਡੀਆਂ ਪਾਂਨੀ ਆਂ । ਤਾਂਬਾ ਕੰਨਾਂ ਵਿੱਚ ਠੰਡਾ ਤੇ ਹੋਲਾ ਏ, ਇਹ ਮੇਰੇ ਤੇ ਫਬਦੇ ਪਏ ਨੇਂ, ਮੈਂ ਮੁਸਕ ਪੈਂਨੀ ਆਂ। ਉਸੇ ਘੜੀ ਮੇਰੇ ਅੱਗੇ ਇਕ ਝੁਣ ਜਿਹੀ ਬਣਦੀ ਏ, ਮੈਂ ਸਿਹਾਨਣ ਦਾ ਚਾਰਾ ਕਰਨੀ ਆਂ । ਇਹ ਨੂਰੋ ਨਹੀਂ, ਉਹਦੀ ਸ਼ਕਲ ਮੈਨੂੰ ਚੇਤੇ । ਕੋਈ ਹਾਰਮੂਨੀਅਮ ਤੇ ਪੰਜਾਬੀ ਗੋਣ ਗਾਂਦਾ ਪਿਆ ਏ ।

ਛੱਡੋ, ਜੋ ਵੀ ਏ । ਮੈਂ ਡੱਬਾ ਅੱਗੇ ਰੱਖ, ਫ਼ਰਸ਼ ਤੇ ਚੋਕੜੀ ਮਾਰ ਬਹਿ ਜਾਂਨੀ ਆਂ । ਮੇਰੀ ਸਕਰੈਪ ਬੁੱਕ ਦੀਆਂ ਸ਼ੈਆਂ ਇਸ ਡੱਬੇ ਵਿੱਚ ਕਈ ਮਹੀਨਿਆਂ ਤੋਂ ਪਈਆਂ ਨੇਂ। ਇਹਤਸ਼ਾਮ ਖਿਲਾਰੀਆਂ ਸਨ । ਉਸ ਮੂਰਤਾਂ ਛਿੱਕ ਲਈਆਂ, ਚਿੱਠੀਆਂ ਪਾੜ ਦਿਤੀਆਂ ਤੇ ਰਹਿੰਦੀਆਂ ਸ਼ੈਆਂ ਗਾਰਬੇਜ ਵਿਚ ਸੁੱਟਦਾ ਸੀ । ਮੁੜ ਉਸ ਮੇਰੇ ਤੇ ਪਲਾਸਟਿਕ ਦੀ ਪਲੇਟ ਮਾਰੀ ਜਿਹੜੀ ਮੇਰੇ ਮੂੰਹ ਤੇ ਵੱਜੀ । ਸੋਜ਼ਿਸ਼ ਜਾਂਦਿਆਂ ਕਿੰਨੇ ਦਿਹਾੜੇ ਲੱਗ ਗਏ । ਮੈਨੂੰ ਇਹਤਸ਼ਾਮ ਤੇ ਡਾਢੀ ਕਾਵੜ ਆਈ ਪਰ ਮੈਂ ਪੀ ਗਈ । ਫਿਰ ਮੈਂ ਇਹਤਸ਼ਾਮ ਦਾ ਭਾਨ ਚੋਰੀ ਕਰ ਕਰ ਕੇ ਪੰਦਰਾਂ ਡਾਲਰ ਕੀਤੇ ਤੇ ਹੈਰੀਅਟ ਨੂੰ ਆਖ ਕੇ ਸ਼ਾਪਰਜ਼ ਡਰੱਗ ਮਾਰਟ ਤੋਂ ਇਹ ਸਕਰੈਪ ਬੁੱਕ ਮੰਗਾਈ ।

ਇਹ ਉਹੀਓ ਹਫ਼ਤਾ ਸੀ ਜਦ ਮਾਂ ਜੀ ਲਾਹੋਰੋਂ ਅਰਬ ਲਈ ਰਵਾਨਾ ਹੋਏ ਨੇਂ । ਮੈਂ ਵੇਲੇ ਸਿਰ ਉਨ੍ਹਾਂ ਨੂੰ ਫ਼ੋਨ ਵੀ ਨਾ ਕੀਤਾ । ਮਾਂ ਜੀ ਨਾਲ ਫ਼ੋਨ ਤੇ ਗੱਲ ਕਰਨਾ ਅਸਾਨ ਨਹੀਂ, ਮੰਮੀ ਜੀ ਤੇ ਇਹਤਸ਼ਾਮ ਨਹੀਂ ਚਾਹੁੰਦੇ ਕਿ ਮੈਂ ਪਿੱਛੇ ਫ਼ੋਨ ਕਰਾਂ । ਸ਼ੁਰੂ ਵਿਚ ਮੈਂ ਜਦ ਲਾਹੋਰ ਫ਼ੋਨ ਕਰਦੀ, ਸਾਡੇ ਘੱਰ ਫ਼ਸਾਦ ਪੈ ਜਾਂਦਾ । ਮੈਂ ਮਾਂ ਜੀ ਨੂੰ ਆਖਿਆ ਬਈ ਫ਼ੋਨ ਤੁਸੀਂ ਕਰਿਆ ਕਰੋ ਖ਼ੋਰੇ ਇਹ ਖ਼ਰਚੇ ਤੋਂ ਡਰਦੇ ਹੋਣ । ਫਿਰ ਵੀ ਉਹੀਓ ਹਾਲ । ਜਿਹੜੇ ਦਿਹਾੜੇ ਮਾਂ ਜੀ ਦਾ ਫ਼ੋਨ ਆਣਾ, ਮੰਮੀ ਜੀ ਬੋਲਣਾ ਸ਼ੁਰੂ ਕਰਦੇ ਤੇ ਦੋ ਤਰੈ ਘੰਟੇ ਬੋਲੀ ਜਾਂਦੇ, ਇਹਤਸ਼ਾਮ ਹੁੰਦਾ ਤੇ ਉਹ ਵੀ ਮੈਨੂੰ ਤਸੀਹੇ ਦਿੰਦਾ । ਕਈ ਵਾਰੀ ਇਵੇਂ ਹੋਇਆ ਤੇ ਮੈਂ ਇਹਤਸ਼ਾਮ ਦੇ ਘਰੋਂ ਫ਼ੋਨ ਕਰਨਾ ਸੁਣਨਾ ਛੱਡ ਦਿੱਤਾ, ਕਦੀ ਹੁੰਦਾ ਤੇ ਭੱਜ ਕੇ ਸ਼ਨਤਾਲ ਵੱਲ ਜਾ ਉਹਦਾ ਫ਼ੋਨ ਵਰਤਦੀ ।

ਮੈਂ ਸੁਣਿਆ ਸੀ ਸਾਡੇ ਜੇਹੇਆਂ 'ਜੱਦੀ ਪੁਸ਼ਤੀ' ਟੱਬਰਾਂ ਵਿਚ ਬੀਵੀਆਂ ਨੂੰ ਹਰ ਮਹੀਨੇ ਖ਼ਰਚੀ ਮਿਲਦੀ ਏ, ਉਨ੍ਹਾਂ ਕੋਲ ਆਵਦੇ ਗਹਿਣੇ ਕੱਪੜੇ ਲੱਤੇ ਤੇ ਘੱਰ ਕਾਰਾਂ ਹੁੰਦਿਆਂ ਨੇਂ । ਪਰ ਮੈਨੂੰ ਕੋਈ ਜੇਬ ਖ਼ਰਚ ਨਹੀਂ ਮਿਲਦਾ, ਗਰੋਸਰੀ ਸੋਦਾ ਇਹਤਸ਼ਾਮ ਜੁਮ੍ਹੇ ਦੇ ਜੁਮ੍ਹੇ ਆਪ ਲਿਆਂਦਾ ਏ । ਲਾਹੋਰ ਹੁੰਦਿਆਂ ਮੈਂ ਫਿਰ ਵੀ ਕਿਧਰੇ ਚਲੀ ਜਾਂਦੀ ਸਾਂ, ਇੱਥੇ ਮੰਮੀ ਜੀ ਪਾਰੋਂ ਘਰੋਂ ਨਹੀਂ ਨਿਕਲ ਸਕਦੀ । ਜਦੋਂ ਕਦੀ ਮੈਨੂੰ ਗਾਇਨਾਕਾਲੋਜਿਸਟ ਕੋਲ ਜਾਣਾ ਹੋਵੇ, ਇਹਤਸ਼ਾਮ ਮੰਮੀ ਜੀ ਦੀ ਸਹੇਲੀ ਖ਼ਾਲਾ ਇਫ਼ਤੀ ਨੂੰ ਜਿਹੜੀ ਸ਼ਮੀਮ ਦੀ ਮਾਂ ਏ, ਲਿਆ ਕੇ ਘੱਰ ਛੱਡਦਾ ਏ ਤੇ ਮੁੜ ਅਸੀਂ ਜਾਂਨੇ ਆਂ । ਭਾ ਦੇ ਪਾਏ ਸਾਰੇ ਗਹਿਣੇ ਇਹਤਸ਼ਾਮ ਨੇ ਟੋਰੰਟੋ ਡੋਮੀਨੀਅਨ ਬੈਂਕ ਦੇ ਲਾਕਰ ਵਿਚ ਰਖਵਾ ਦਿੱਤੇ । ਉਹ ਸਨ ਚੁਰਾਸੀ ਵਿਚ ਭਾ ਦੇ ਵਿਆਹ ਲਈ ਕਢਵਾਏ, ਮੁੜ ਆਈ ਆਂ ਤੇ ਇਹਤਸ਼ਾਮ ਉਨ੍ਹਾਂ ਨੂੰ ਵੇਚ ਵੱਟ ਕੇ ਕਿਸੇ ਕਾਂਡੋਮੀਨੀਅਮ ਫ਼ਲੈਟ ਦੀ ਠੱਪੀ ਦੇ ਦਿੱਤੀ ਜਿਹੜਾ ਮੈਂ ਅੱਜ ਤਾਈਂ ਨਹੀਂ ਵੇਖਿਆ ।

ਲਿਵਿੰਗ ਰੂਮ ਵਿੱਚ ਫ਼ੋਨ ਦੀ ਘੰਟੀ ਵੱਜਦੀ ਏ ।

ਮੈਂ ਉਛਲ ਕੇ ਉਠ ਖਲੋਨੀ ਆਂ ਤੇ ਲਿਵਿੰਗ ਰੂਮ ਵਲ ਭੱਜ ਉਠਣੀ ਆਂ, ਫ਼ੋਨ ਦੀ ਵਾਜ ਤੇ ਮੰਮੀ ਜੀ ਝੱਟ ਜਾਗ ਪੈਂਦੇ ਨੇਂ ।

ਸ਼ੁੱਕਰ ਏ ਉਹ ਹਾਲੀ ਸੁੱਤੇ ਪਏ ਨੇਂ ।

"ਹੈਲੋ" ਮੈਂ ਰਿਸੀਵਰ ਚਾ ਕੇ ਹੋਲੇ ਆਹਨੀ ਆਂ ।

"ਸਕੀਨਾ ਹਾਓ ਇਜ਼ ਮੰਮੀ?" ਇਹਤਸ਼ਾਮ ਮੇਰੀ ਵਾਜ ਪਛਾਣਦਾ ਏ ।

"ਸੁੱਤੇ ਪਏ ਨੇਂ, ਮੈਂ ਉਨ੍ਹਾਂ ਨੂੰ ਦੋ ਮਿਲੀ ਗ੍ਰਾਮ ਵੈਲੀਅਮ ਦਿੱਤੀ ਸੀ"।

"ਓਕੇ। ਕੀ ਪੱਕਾ ਏ?"

"ਆਲੂ ਗੋਸ਼ਤ, ਮਟਰ ਪਲਾਅ, ਰਾਇਤਾ ਤੇ ਖੀਰ"।

"ਚਿਕਨ ਟਿੱਕੇ ਤੇ ਸ਼ਾਮੀ ਕਬਾਬ ਵੀ ਬਣਾ ਲੈ, ਮੇਰੇ ਗੈਸਟ ਆਂਦੇ ਪਏ ਨੇਂ । ਚਾਰ ਬੰਦੇ, ਕੋਈ ਦਸ ਵਜੇ ਆਵਾਂਗੇ" ਉਹ ਫ਼ੋਨ ਬੰਦ ਕਰ ਦਿੰਦਾ ਏ ।

ਮੈਂ ਫ਼ੋਨ ਰੱਖ ਕੇ ਘੰਟੀ 'ਮੀਊਟ' ਤੇ ਕਰਨੀ ਆਂ ਤੇ ਮੁੜ ਲਾਂਡਰੀ ਨੂੰ ਜਾਂਨੀ ਆਂ।

ਜਿਹੜੇ ਭੋਰਾ ਵੇਲੇ ਦੀ ਉਡੀਕ ਵਿਚ ਮੈਂ ਸਾਰਾ ਦਿਹਾੜਾ ਗੁਜ਼ਾਰਿਆ, ਉਹ ਹੁਣ ਹੋਰ ਖਾਣੇ ਪਕਾਣ ਤੇ ਲੱਗੇ ਗਾ । ਜਿਹੜਾ ਕੰਮ ਕਰਨੀ ਆਂ, ਇਵੇਂ ਫ਼ਜ਼ੂਲ ਜਾਂਦਾ ਏ ।

ਮੈਂ ਗੱਤੇ ਦੇ ਕਿਸੇ ਡੱਬੇ ਕੋਲ ਖਲੀ ਆਂ, ਨਾਲ ਕਾਗਤਾਂ ਦਾ ਢੇਰ ਏ । ਢੇਰ ਏਨਾ ਬਣਿਆ ਪਿਆ ਏ ਜਿਵੇਂ ਨਿਖੜਨ ਦੀ ਉਡੀਕ ਵਿਚ ਹੋਵੇ, ਮੈਂ ਪੈਰ ਚਾ ਕੇ ਢੇਰ ਤੇ ਮਾਰਨੀ ਆਂ । 'ਹਰ ਕਿਤਾਬ ਵਿਚ ਅੱਲਾਹ ਦੇ ਨਨਾਨਵੇ ਨਾਂਵਾਂ ਵਿੱਚੋਂ ਕੋਈ ਤੇ ਹੋਵੇ ਗਾ' ਮੈਂ ਨਿਊਂ ਕੇ ਕਾਗਤ ਕੱਠੇ ਕਰਨ ਲੱਗਣੀ ਆਂ ਪਰ ਮੇਰੇ ਹੱਥ ਉਨ੍ਹਾਂ ਨੂੰ ਮਚੋੜ ਮਚੋੜ ਸੁੱਟਦੇ ਨੇਂ । ਸ਼ੈਤਾਨ ਮੇਰੇ ਤੇ ਹਾਵੀ ਏ 'ਆਊਜ਼ੁ ਬਿੱਲਾਹ ਮਿਨੱਸ਼ ਸ਼ੈਤਾਨਿੱਰਜੀਮ' ਪੜ੍ਹਨੀ ਆਂ ਪਰ ਉਹ ਕੰਮ ਨਹੀਂ ਕਰਦਾ ਕਿਉਂ ਜੇ ਹੁਣ ਮੈਂ ਕਾਗਤ ਪਾੜਨੇ ਸ਼ੁਰੂ ਕਰ ਦਿੱਤੇ ਨੇਂ । ਦਿਲ ਏ, ਉੱਚੀ ਉੱਚੀ ਚੀਕਾਂ ਮਾਰਾਂ ਪਰ ਮੰਮੀ ਜੀ ਲਿਵਿੰਗ ਰੂਮ ਵਿੱਚ ਸੁੱਤੇ ਪਏ ਨੇਂ ।

ਮੇਰਾ ਸਾਹ ਔਖਾ ਹੋ ਜਾਂਦਾ ਏ, ਢਿੱਡ ਵਿੱਚੋਂ ਇੱਕ ਵਾਅ ਵਰੋਲਾ ਉਠਦਾ ਏ ਤੇ ਮੇਰੀ ਸੁਰਤ ਤੇ ਖਿੱਲਰ ਜਾਂਦਾ ਏ । ਮੈਂ ਮੂੰਹ ਪਰਨੇ ਢਹਿਨੀ ਆਂ, ਕੋਈ ਸ਼ੈਅ ਮੱਥੇ ਤੇ ਵੱਜਦੀ ਏ ।

ਗਲ੍ਹ ਥੱਲੇ ਫ਼ਰਸ਼ ਠੰਡਾ ਸੀਤ ਏ, ਚਿੱਟੀ ਖੀਰ ਕੰਧ ਉੱਤੇ ਉਲਾਰ । ਜਾਪਦਾ ਏ ਮੈਂ ਕਿਸੇ ਹਸਪਤਾਲ ਵਿਚ ਆਂ । ਹਰ ਸ਼ੈਅ ਚਿੱਟੀ ਏ । ਕੰਧਾਂ, ਛੱਤ, ਵਾਸ਼ਰ, ਡਰਾਇਰ। ਇਹ ਲਾਂਡਰੀ ਰੂਮ ਏ ।

ਖਾਣਾ?

ਮੈਂ ਉਠ ਖਲੋਨੀ ਆਂ ਤੇ ਭੱਜ ਕੇ ਲਿਵਿੰਗ ਰੂਮ ਦੀ ਕਲਾਕ ਵੇਹਨੀ ਆਂ, ਡੇਢ੍ਹ ਵੱਜਿਆ ਪਿਆ ਏ । ਸਵੇਰ ਆਲਾ ਮਟਰ ਪਲਾਅ ਤੇ ਆਲੂ ਗੋਸ਼ਤ ਫ਼ਜ਼ੂਲ ਏ । ਤਰੈ ਲਈ ਬਣਾਇਆ ਸੀ, ਚਾਰ ਭਾਵੇਂ ਖਾ ਲੈਣ ਪਰ ਸੱਤ ਨਹੀਂ ।

ਮੈਂ ਫ਼ਰੀਜ਼ਰ ਵਿੱਚੋਂ ਚਿਕਨ ਦੇ ਦੋ ਪੈਕਟ ਕੱਢ ਕੇ ਠੰਡ ਮਾਰਨ ਲਈ ਮਾਈਕਰੋਵੇਵ ਔਵਨ ਵਿਚ ਰੱਖਣੀ ਆਂ । ਬਾਸਮਤੀ ਨਿਤਾਰ ਕੇ ਭਿਓਨੀ ਆਂ ਤੇ ਗੰਡੇ ਕੱਪ ਕੇ ਮਸਾਲ੍ਹਾ ਬਣਾਣ ਲੱਗ ਪੈਂਨੀ ਆਂ । ਸ਼ਾਮੀ ਕਬਾਬ ਪਹਿਲੋਂ ਈ ਫ਼ਰੀਜ਼ਰ ਵਿਚ ਬਣੇ ਪਏ ਨੇਂ, ਵੇਲੇ ਸਿਰ ਕੱਢ ਕੇ ਤੱਲ

ਲਵਾਂਗੀ । ਜਦੋਂ ਇਹਤਸ਼ਾਮ ਆਹੰਦਾ ਏ ਰਾਤੀਂ ਦਸ ਵਜੇ ਆਵੇ ਗਾ, ਸਵੇਰੇ ਤਿੰਨ ਵਜੇ ਅੱਪੜਦਾ ਏ । ਇੱਥੋਂ ਮੈਨੂੰ ਮੰਮੀ ਜੀ ਚੇਤੇ ਆਂਦੇ ਨੇਂ ।

ਲਿਵਿੰਗ ਰੂਮ ਜਾਂਨੀ ਆਂ, ਮੰਮੀ ਜੀ ਸੋਫ਼ੇ ਤੇ ਕੋ ਨੀ ।

ਥਲਵਾਂ ਵਾਸ਼ ਰੂਮ ਵੇਹਨੀ ਆਂ, ਮੁੜ ਭੱਜ ਉੱਤੇ ।

ਸਾਰੇ ਕਮਰਿਆਂ ਦੇ ਬੂਹੇ ਲੱਗੇ ਹੋਏ ਨੇਂ, ਇੱਕੋ ਮੇਰਾ ਖੁੱਲਾ ਏ ।

ਮੰਮੀ ਜੀ ਪਲੰਗ ਤੇ ਬੈਠੇ ਮੇਰੀ ਦਰਾਜ਼ ਫਰੋਲਦੇ ਪਏ ਨੇਂ । ਜਦੋਂ ਵੀ ਮੰਮੀ ਜੀ ਨੂੰ ਆਵਦੀਆਂ ਸ਼ੈਆਂ ਫਰੋਲਦਿਆਂ ਵੇਹਨੀ ਆਂ, ਮੈਨੂੰ ਓਪਰਾ ਜਿਹਾ ਲਗਦਾ ਏ ਪਰ ਅੱਜ .... ਕਾਵੜ ਏ ।

"ਮੰਮੀ ਜੀ" ਮੈਂ ਇੰਨੀ ਉੱਚੀ ਕਹਿਨੀ ਆਂ ਕਿ ਉਨ੍ਹਾਂ ਦੇ ਹੱਥੋਂ ਮੇਰੇ ਕਾਂਟਿਆਂ ਦਾ ਜੋੜਾ ਨਿਕਲ ਕੇ ਉਹ ਜਾਂਦਾ ਏ ।

"ਤੂੰ ਕਿੱਥੇ ਮਰ ਗਈ ਇਆਂ?" ਮੰਮੀ ਜੀ ਹਮੇਸ਼ ਵਾਂਗ ਲੜਨ ਲਈ ਤਿਆਰ ਬੈਠੇ ਨੇਂ ।

"ਲਾਂਡਰੀ" ਮੈਂ ਆਵਦੀ ਕਾਵੜ ਸਾਂਭਨੀ ਆਂ ।

"ਝੂਠ ਇਆ । ਇਹ ਡੰਡੀਆਂ ਕਿੱਥੋਂ ਲਿਆਈ ਇਆਂ?"

"ਤੁਸੀਂ ਸੁੱਤੇ ਹੋਏ ਸੀ ਤੇ ...."

"ਮੈਂ ਕਦੇ ਨਹੀਂ ਸੌਂਦੀ, ਮੈਨੂੰ ਪਤਾ ਏ ਤੂੰ ਕੀ ਕਰਦੀ ਰਹਿੰਨੀ ਇਆਂ" ।

"ਮੰਮੀ ਜੀ, ਚਲੋ ਹੇਠਾਂ ਚਲੋ ...."

"ਤੂੰ ਆਪਣੇ ਜਾਰ ਨੂੰ ਮਿਲਣ ਜਾਂਨੀ ਇਆਂ" ।

"ਓਕੇ, ਓ ਕੇ" ਮੈਂ ਉਨ੍ਹਾਂ ਨੂੰ ਲੈ ਕੇ ਥੱਲੇ ਜਾਂਨੀ ਆਂ ।

ਮੇਰੇ ਮੱਥੇ ਤੇ ਚਿਣਗਾਂ ਮੱਚਦੀਆਂ ਪਈਆਂ ਨੇਂ, ਟੋਹਣੀ ਆਂ ਤੇ ਗੋਮੜ ਏ । ਹੋਣਾ ਈ ਸੀ, ਮੂੰਹ ਪਰਨੇ ਜੋ ਡੱਠੀ ਸਾਂ ।

ਮੰਮੀ ਜੀ ਨੂੰ ਟੀ ਵੀ ਮੂਹਰੇ ਬਹਾ ਕੇ ਕਿਚਨ ਆਂਨੀ ਆਂ, ਬਾਰੀ ਤੇ ਠੱਕ ਠੱਕ ਹੁੰਦੀ ਪਈ ਏ ।

"ਸਕੀਨਾ" ਮਿਸ਼ੇਲ ਬਾਹਰ ਦੰਦ ਪੱਟੀ ਖਲਾ ਏ ।

"ਹੈਲੋ ਮਿਸ਼ੇਲ" ਮੈਂ ਬਾਰੀ ਦਾ ਸ਼ੀਸ਼ਾ ਖੋਲਨੀ ਆਂ ।

"ਹਾਉ ਆਰ ਯੂ, ਤੁਹਾਡਾ ਕੀ ਹਾਲ ਏ?" ਉਹ ਪੁੱਛਦਾ ਏ ।

"ਮਰਸੀ ਬਿਕੂ, ਵੱਡੀ ਮਿਹਰਬਾਨੀ" ਮੈਂ ਮਿਸ਼ੇਲ ਤੇ ਸ਼ਨਤਾਲ ਦੀ ਮਾਂ ਬੋਲੀ ਫ਼੍ਰੈਂਚ ਵਿਚ ਆਹਨੀ ਆਂ । ਦੋਵੇਂ ਕਿਊਬਿਕ ਸਿਟੀ ਤੋਂ ਨੇਂ ਜਿੱਥੇ ਫ਼ਰਾਂਸੀਸੀ ਅਲਾਈ ਜਾਂਦੀ ਏ । ਆਂਟੀ ਸਾਬਰ ਵੀ ਕਿਊਬਿਕ ਦੇ ਵੱਡੇ ਸ਼ਹਿਰ ਮੋਨਟਰਿਆਲ ਵਿਚ ਰਹਿੰਦੇ ਨੇਂ ਇਸ ਲਈ ਉਹ ਤੇ ਉਨ੍ਹਾਂ ਦੇ ਦੋਵੇਂ ਬਾਲ ਪਾਣੀ ਵਾਂਗਰ ਫ਼੍ਰੈਂਚ ਬੋਲਦੇ ਨੇਂ ।

"ਸ਼ਨਤਾਲ ਨਾਟ ਹੇਅਰ, ਇਥਾਂ ਕੋ ਨੀ?"

"ਉਹ ਬਾਲਾਂ ਨੂੰ ਸਕੂਲੋਂ ਲੈਣ ਗਈ ਏ" ਉਹ ਆਹੰਦਾ ਏ ।

"ਤੁਸੀਂ ਅਜੂ ਆਏ ਓ?"

"ਰਾਤੀਂ । ਸ਼ਨਤਾਲ ਇਹ ਭੇਜਿਆ ਏ" ਉਹ ਮੈਨੂੰ ਪਲਾਸਟਿਕ ਦਾ ਡੱਬਾ ਦਿੰਦਾ ਏ ਜਿਹਦੇ ਵਿੱਚ ਅੱਧਾ ਚਾਕਲੇਟ ਕੇਕ ਏ ।

"ਮਰਸੀ, ਪਰ ਠਹਿਰੋ" ਮੈਂ ਫ਼ਰੀਜ਼ਰ ਵਿੱਚੋਂ ਆਲੂ ਗੋਭੀ ਦੇ ਸਾਲਣ ਦਾ ਡੱਬਾ ਕੱਢ ਕੇ ਉਹਨੂੰ ਦੇਂਨੀ ਆਂ ।

"ਮਰਸੀ ਬਿਕੂ" ਉਹ ਆਹੰਦਾ ਏ ।

"ਕਿਹੜਾ ਇਆ?" ਮੰਮੀ ਜੀ ਬੂਹੇ ਵਿਚ ਮੂੰਹ ਤੇ ਹੱਥ ਰੱਖ, ਅੱਖੀਂ ਪੱਟ ਕੇ ਖਲੋ ਨੇਂ ।

"ਹੈਲੋ ਮੰਮੀ" ਮਿਸ਼ੇਲ ਹੱਥ ਹਲਾ ਕੇ ਚਲਾ ਜਾਂਦਾ ਏ ।

"ਇਹੋ ਤੇਰਾ ਯਾਰ ਇਆ?"

"ਓ ਹੋ, ਇਹ ਮਿਸ਼ੇਲ ਏ, ਸ਼ਨਤਾਲ ਦਾ ਬ਼ੋਂਦ"।

"ਸ਼ਨਤਾਲਾ?"

"ਹਾਂ, ਜਿਹੜੀ ਨਾਲ ਦੇ ਘੱਰ ਰਹਿੰਦੀ ਏ ਫ਼੍ਰੈਂਚ ਕੈਨੇਡੀਅਨ । ਉਹਨੇ ਇਹ ਕੇਕ ਭੇਜਿਆ ਏ" ਮੈਂ ਉਨ੍ਹਾਂ ਨੂੰ ਡੱਬਾ ਦੇਂਨੀ ਆਂ ।

"ਇਹ ਕੇਕ ਇਆ?" ਮੰਮੀ ਜੀ ਡੱਬਾ ਮੇਜ਼ ਤੇ ਮਾਰਦੇ ਨੇਂ "ਕੰਜਰੀਏ, ਝੂਠ ਮਾਰਦੀ ਇਆਂ?"

"ਮੰਮੀ ਜੀ ਮੈਨੂੰ ਮੰਦੇ ਨਾ ਕੱਢੋ, ਇਹ ਸ਼ਨਤਾਲ ਦਾ ਬ਼ੋਂਦ ਮਿਸ਼ੇਲ ਸੀ"।

"ਨਾ । ਮਿਸ਼ੇਲ ਦੀ ਭੂਰੀ ਦਾੜ੍ਹੀ ਇਆ"।

"ਉਹਨੇ ਮੁਣਾ ਦਿੱਤੀ ਹੋਣੀ ਏ"।

"ਬੱਕ ਬੱਕ ਨਾ ਕਰ, ਮੈਨੂੰ ਬੁੱਢੜੀ ਜਾਣ ਕੇ ਧੋਖੇ ਦੇਂਨੀ ਇਆਂ?"

"ਮੰਮੀ ਜੀ, ਮੈਨੂੰ ਕੰਮ ਕਰਨ ਦਿਓ" ਮੈਂ ਤੱਤੇ ਤੇਲ ਵਿੱਚ ਪਿਆਜ਼ ਸੁੱਟਣੀ ਆਂ ।

"ਕੰਮ? ਤੈਨੂੰ ਕੀ ਪਤਾ ਕੰਮ ਕੀ ਹੁੰਦਾ ਇਆ? ਇਹ ਕੰਮ ਇਆ? ਸੁਸਤੀ ਡੰਗੀ, ਤੂੰ ਮੇਰੇ ਪੁਤੱਰ ਨੂੰ ਬਲੱਡੀ ਫ਼ੂੱਲ ਬਣਾਂਦੀ ਆਂ? ਮੈਂ ਸਬੇਰੇ ਛੇ ਵਜੇ ਸ਼ਿਫ਼ਟ ਤੇ ਜਾਂਦੀ, ਦਸ ਵਜੇ ਰਾਤੀਂ ਆਂਦੀ । ਆ ਕੇ ਹਾਂਡੀ ਰੋਟੀ, ਸਫਾਈ ਧੁਲਾਈ ਕਰ, ਦੋ ਵਜੇ ਸੌਂਦੀ, ਐਨ ਚਾਰ ਵਜੇ ਉਠਦੀ । ਮਿਸ਼ ਲਾਰਾ ਮੈਨੂੰ ਕਹਿੰਦੀ ਰਹਿੰਦੀ 'ਹਲੀਮਾ, ਟੇਕ ਬਰੇਕ' ਪਰ ਨਾ । ਤੀਹਾਂ ਵਰ੍ਹਿਆਂ ਬਿੱਚ ਕਦੀ ਐਬਸੰਟ ਨਹੀਂ ਲੱਗੀ"।

"ਤੁਹਾਡੇ ਝੂਠ ਮੰਮੀ ਜੀ, ਉਂਨੀ ਸੋ ਇਕਵਿੰਜਾ ਵਿਚ ਲਾਰਾ ਸੀਕਵਰਡ ਕਦੋਂ ਦੀ ਮਰ ਗਈ ਹੋਈ ਸੀ"।

"ਸ਼ੱਟ ਅੱਪ ਯੂ ਸਟੂਪਿਡ ਇਆ"।

ਜੀ ਕਰਦਾ ਏ ਤਲੀਂਦੇ ਗੰਡਿਆਂ ਦਾ ਪੈਨ ਚੁਕ ਕੇ ਙੋਏਂ ਤੇ ਮਾਰਾਂ, ਪਰ ਮੈਂ ਉਹਦੇ ਵਿੱਚ ਹੋਲੀ ਹੋਲੀ ਡੋਈ ਚਲਾਂਦੀ ਰਹਿਨੀ ਆਂ ।

"ਮੈਂ ਹੈਰੀਅਟ ਨੂੰ ਪੁੱਛਿਆ, ਉਸ ਆਖਿਆ, ਲਾਰਾ ਸੀਕਵਰਡ ਬੜੀ ਦੇਰ ਹੋਈ ਮਰ ਗਈ ਏ । ਚਾਕਲੇਟ ਦੀ ਫ਼ੈਕਟਰੀ ਉਹਦੇ ਨਾਂ ਤੇ ਏ ਪਰ ਉਹਦੀ ਨਹੀਂ"।

"ਕੌਣ?"

ਫ਼ੋਨ ਦੀ ਘੰਟੀ ਵੱਜਦੀ ਏ ਤੇ ਮੰਮੀ ਜੀ ਨੂੰ ਮੈਥੋਂ ਪਰੇ ਖਿੱਚ ਲਿਜਾਂਦੀ ਏ ।

"ਜੈੱਸ?" ਮੰਮੀ ਜੀ ਨਰਮੀ ਨਾਲ ਪੁੱਛਦੇ ਨੇਂ "ਕੌਣ? ਸਕੀਨਾ?" ਉਨ੍ਹਾਂ ਦੀ ਵਾਜ ਮੁੜ ਕੁਰਾੜੀ ਹੋ ਜਾਂਦੀ ਏ "ਖ਼ੂ ਆਰ ਜੂ?" ਉਹ ਸਖ਼ਤੀ ਨਾਲ ਪੁੱਛਦੇ ਨੇਂ ।

ਮੈਂ ਵੀ ਕੰਮ ਛੱਡ ਕੇ ਜਾਂਨੀ ਆਂ ਕਿ ਵੇਖਾਂ ਕੌਣ ਏ ।

"ਖੋ? ਅੱਛਾ, ਅੱਛਾ.... ਡੀਅਰਾ, ਇਸ ਬਾਰੀ ਅੰਬ ਨਹੀਂ ਆਏ? ਖ਼ੀਉਂ?" ਉਹ ਚੁੱਪ ਕਰ ਕੇ ਸੁਣਦੇ ਨੇਂ "ਜੈੱਸ, ਜੈੱਸ" ਉਹ ਫ਼ੋਨ ਮੈਨੂੰ ਦੇ ਦਿੰਦੇ ਨੇਂ ।

"ਸਕੀਨਾ, ਮਾਂ ਜੀ" ਲਾਹੋਰੋਂ ਮੇਰੀ ਭਰਜਾਈ ਰੋਂਦੀ ਪਈ ਏ ।

ਫਿਰ ਕੋਈ ਆਹੰਦਾ ਏ 'ਇੰਨਾ ਲਿੱਲਾਹ ਵ ਇੰਨਾ ਇਲੇਹਿ ਰਾਜਿਊਨ'।

ਮੈਂ ਸੁਨਣੀ ਆਂ ਪਰ ਸੁਰਤ ਨਹੀਂ ।

ਫ਼ੋਨ ਬੰਦ ਹੋ ਜਾਂਦਾ ਏ, ਮੈਂ ਉਹਨੂੰ ਹੱਥ ਵਿਚ ਲਈ ਰੱਖਣੀ ਆਂ । ਸੋਫ਼ੇ ਤੇ ਬਹਿੰਨੀ ਆਂ, ਸਿਰ ਸੁੱਟ ਕੇ ਅੱਖਾਂ ਮੀਟ ਲੈਂਨੀ ਆਂ ।

ਕਿਸੇ ਜ਼ਨਾਨੀ ਨੂੰ ਦੌਰਾ ਪਿਆ ਹੋਇਆ ਏ, ਪੁੱਛੀ ਜਾਂਦੀ ਏ "ਕੀ ਆਹੰਦਾ ਇਆ ਤੇਰਾ ਭਰਾ, ਅੰਬ ਕਿੱਦਣ ਆਉਣੇ ਇਆ?"

www.PunjabiLibrary.com

# ਰਾਤ

ਲੋਕਾਂ ਸ਼ੋਰ ਪਾਇਆ ਹੋਇਆ ਏ, ਕੋਈ ਮੈਨੂੰ ਖਿੱਚ ਕੇ ਖਲਾਰਦਿਆਂ ਕਹਿੰਦਾ ਏ "ਗੈਟ ਅੱਪ ਸਲੱਟ, ਉਠ ਕੰਜਰੀ"।

ਖਲੋਂਦਿਆਂ ਢਿੱਡ ਵਿੱਚ ਪੀੜ ਦਾ ਘਸੁੰਨ ਵੱਜਦਾ ਏ, ਆਂਦਰਾਂ ਪਿੰਜਰ ਨੂੰ ਵੱਜਦੀਆਂ ਨੇਂ, ਮੈਂ ਕੁੱਬੀ ਹੋ ਜਾਂਨੀ ਆਂ।

ਕੋਈ ਵਾਲ ਧਰੂ ਕੇ ਮੈਨੂੰ ਸਿੱਧਾ ਕਰਦਾ ਏ, ਮੱਥਾ ਕਿਸੇ ਮੋਢੇ ਦੇ ਹੱਡ ਵਿਚ ਵਜਦਾ ਏ, ਗੁੰਮੜ ਦੀਆਂ ਮਿਸਮਦੀਆਂ ਚਿੱਣਗਾਂ ਮੱਚ ਪੈਂਦੀਆਂ ਨੇ।

ਇਹਤਸ਼ਾਮ ਮੈਨੂੰ ਕਲੀਨ ਤੇ ਛਿਕਦਾ, ਕਿਚਨ ਦੇ ਫ਼ਰਸ਼ ਤੇ ਲਿਆ ਸੁੱਟਦਾ ਏ। ਟਾਈਲਾਂ ਉਭਰ ਕੇ ਮੇਰੇ ਮੂੰਹ ਤੇ ਵੱਜਦੀਆਂ ਨੇਂ, ਮੰਮੀ ਜੀ ਇਹ ਕਿਵੇਂ ਸੋਚਿਆ ਕਿ ਬਰੈਂਡਾ ਇਨ੍ਹਾਂ ਨੂੰ ਅੱਧੋ ਅੱਧ ਕਰ ਲਗਈ ਏ?

ਟਾਈਲਾਂ ਦੂਰ ਜਾਣ ਲੱਗ ਪਈਆਂ ਨੇਂ, ਕੋਈ ਮੈਨੂੰ ਖਲਾਰਦਾ ਪਿਆ ਏ।

"ਵ੍ਹਾਟ ਦੀ ਫ਼ਕ ਇਜ਼ ਦਿਸ?" ਉਹ ਮੇਰਾ ਸਿਰ ਮਾਈਕਰੋਵੇਵ ਵਿਚ ਤੁੰਨ ਦਿੰਦਾ ਏ। ਨਾਸਾਂ ਮੇਰੀਆਂ ਕੱਚੇ ਚਿਕਨ ਦੀਆਂ ਬੋਟੀਆਂ ਵਿਚ ਖੁਬ ਕੇ ਫੇਫੜਿਆਂ ਨੂੰ ਸੜੇ ਲਹੂ ਦੀ ਹਵਾੜ ਨਾਲ ਭਰ ਦਿੰਦਿਆਂ ਨੇ।

"ਤੇ ਇਹ?" ਉਹ ਮੈਨੂੰ ਘਸੀਟ ਕੇ ਚੁੱਲ੍ਹੇ ਕੋਲ ਲਿਜਾਂਦਾ ਏ, ਦੇਗੜੀ ਦਾ ਢੱਕਣ ਚਾ, ਧੌਣ ਤੇ ਹੱਥ ਰੱਖ, ਮੇਰਾ ਮੂੰਹ ਵਿਚ ਵਾੜ ਦਿੰਦਾ ਏ। ਗਿੱਚੀ ਪੀੜ ਦਾ ਸ਼ਿਕੰਜਾ, ਸਿਰ ਖੂਹੀ ਦਾ ਡੋਲ, ਦਮਾਕ ਵਿਚ ਸੜੇ ਲਹੂ ਦੀ ਬੋ।

"ਤੇਰੀ ਇਹ ਜੁਰਅਤ, ਤੂੰ ਮੇਰੀ ਮਾਂ ਨੂੰ ਭੁੱਖਿਆਂ ਮਾਰੇਂ?" ਕੋਈ ਮੈਨੂੰ ਟਾਈਲਾਂ ਤੇ ਸੁੱਟਦਾ ਏ । ਵੱਖੀਆਂ ਫ਼ਰਸ਼ ਨੂੰ ਲਗਦੀਆਂ ਨੇ, ਕਿਸੇ ਦੀ ਮਾਂ ਤੇ ਨਹੀਂ ਮਰ ਗਈ ਏ?

"ਨਾ ਲੰਚ, ਨਾ ਚਾਹ ਤੇ ਨਾ ਰਾਤ ਦਾ ਖਾਣਾ । ਮੈਂ ਤੈਨੂੰ ਰੱਖਿਆ ਕਾਹਦੇ ਲਈ ਏ?" ਕੋਈ ਮੇਰੀ ਧੌਣ ਤੇ ਠੁਡਾ ਮਾਰਦਾ ਏ ।

ਮੇਰਾ ਸਿਰ ਅੱਗੇ ਆਣ ਥਾਈਂ ਉੱਤੇ ਜਾਂਦਾ ਏ, ਮੰਮੀ ਜੀ ਮੈਨੂੰ ਵਾਲਾਂ ਤੋਂ ਖਿੱਚ ਕੇ ਉਠਾਂਦੇ ਪਏ ਨੇ ।

"ਮੰਮੀ ਬਸ ਕਰ, ਕੋਈ ਆਇਆ ਏ । ਇਹਨੂੰ ਕੁੱਝ ਹੋਗਿਆ ਤੇ ਹੋਰ ਵਖ਼ਤ ਪੈ ਜਾਵੇ ਗਾ । ਮਦਰ ਫ਼ਕਿੰਗ ਨੇਬਰਜ਼" ਉਹ ਚਲਾ ਜਾਂਦਾ ਏ ।

ਮੰਮੀ ਜੀ ਬਾਹਰ ਕੰਨ ਲਾ ਕੇ ਖਲੋ ਗਏ ਨੇ ।

ਸੜੇ ਲਹੂ ਤੇ ਗੰਡਿਆਂ ਦੀ ਹਵਾੜ ਮੇਰੀਆਂ ਸੱਟਾਂ ਤੋਂ ਡੋਂਦੀ, ਠੰਡੇ ਫ਼ਰਸ਼ ਤੇ ਮੇਰੇ ਨਾਲ ਆ ਪਈ ਏ ।

'ਹੈਲੋ ਡਾਕਟਰ ਇਹਤਸ਼ਾਮ' ਮੈਨੂੰ ਸ਼ਨਤਾਲ ਦੀ ਵਾਜ ਆਂਦੀ ਏ ਯਾਂ ਖ਼ੋਰੇ ਹੈਰੀਅਟ ਏ। 'ਸੱਭ ਠੀਕ ਏ? ਸਾਨੂੰ ਕੋਈ ਅਵਾਜ਼ਾਂ ਆਈਆਂ ਨੇ' ਉਹ ਪੁੱਛਦੀ ਏ। 'ਨਹੀਂ ਇੱਥੋਂ ਨਹੀਂ। ਗੁੱਡ ਨਾਈਟ' ਕੋਈ ਆਹੰਦਾ ਏ ।

ਬੂਹਾ ਠਾ ਬੰਦ ਹੁੰਦਾ ਏ ।

ਕੋਈ ਮੁੜਿਆ ਆਂਦਾ ਏ ।

"ਇਹ ਬੇਹੋਸ਼ ਏ?" ਮੰਮੀ ਜੀ ਆਵਦੇ ਸਲੀਪਰ ਨਾਲ ਮੇਰਾ ਢਿੱਡ ਟੋਹੰਦੇ ਨੇ।

"ਨਹੀਂ, ਐਵੇਂ ਨਖ਼ਰਾ ਕਰਦੀ ਪਈ ਏ" ਕੋਈ ਮੇਰੇ ਲੱਕ ਵਿਚ ਠੁੱਡਾ ਮਾਰਦਾ ਏ "ਮੰਮੀ, ਚਲੋ ਆਓ ਉੱਤੇ"।

"ਹਾਏ ਭੁੱਖ ਲੱਗੀ ਆ"।

"ਕੈਂਟਕੀ ਖਾਣਾ?"

ਉਹ ਦੋਵੇਂ ਮੇਰੇ ਵਲ ਨਿਗਾਹ ਪਾਏ ਬਿਨਾਂ ਚਲੇ ਜਾਂਦੇ ਨੇ, ਫ਼ਰਸ਼ ਠੰਡਾ ਏ ਜਿਵੇਂ ਭੋਏਂ ਥੱਲੇ ਹੋਵੇ ।

ਪੌੜੀਆਂ ਚੜ੍ਹਨ ਦਾ ਖੜਾਕ, ਇਹ ਕੌਣ ਨੇ?

ਕਿਚਨ ਚੁਪ ਚਾਂ । ਕਲੇਜੀ ਟਾਈਲਾਂ ਵਿਚ ਨਿੱਕੇ ਨਿੱਕੇ ਚੋਰਕਰੇ ਮੁੱਢ ਉੱਗ ਪਏ ਨੇ, ਚਾਰ ਭੂਰੇ ਤੇ ਬਾਕੀ ਚਿੱਟੇ । ਥੱਲੇ, ਪਰਾਂਹ ਨੁੱਕਰ ਵਿੱਚ ਮਕੜੇ ਦਾ ਜਾਲਾ। ਇਹ ਅੱਜ ਸਵੇਰੇ ਇੱਥੇ ਕੋ ਨੀ ਸੀ, ਕਿਸੇ ਕਾਰੀਗਰ ਇਹ ਦਿਨੇ ਦਿਨ ਵਲਿਆ ਏ। ਮੈਨੂੰ ਪਤਾ ਏ ਕੀ ਕਰਨਾ ਏ, ਬੁਰਸ਼ ਤੇ ਪੈਨ ਲਿਆ, ਜਾਲੇ ਨੂੰ ਹੂੰਝ, ਕੂੜੇ ਦੇ ਕੈਨ ਵਿਚ ਸੁੱਟਣਾ ਏ ।

ਕੋਈ ਕੋੜੀਲ ਪੈਰਾਂ ਨਾਲ ਪੌੜ੍ਹੀਆਂ ਲਹਿੰਦਾ ਏ, ਲੱਕੜ ਦੇ ਤਖ਼ਤੇ ਚੀਕ ਚੀਕ ਪੈਂਦੇ ਨੇ ।

ਬੂਹਾ ਖੁਲਦਾ ਏ । ਸ਼ਨਤਾਲ?

ਬੂਹਾ ਘਰ ਤੇ ਵੱਜ ਕੇ ਬੰਦ ਹੋ ਜਾਂਦਾ ਏ ।

ਕਾਰ ਸਟਾਰਟ ਹੁੰਦੀ ਏ, ਕਿਚਨ ਦੀ ਬਾਰੀ ਦਾ ਪਰਦਾ ਮਾਲਟੇ ਰੰਗਾ ਹੁੰਦਾ ਏ ਫਿਰ ਰੱਤਾ, ਮਜਾਜ਼ ਦੇ ਮੋਢੇ ਤੋਂ ਲਹੂ ਵਗਦਾ ਪਿਆ ਏ ।

ਬਾਰੀ ਅਲੋਪ ਤੇ ਮੁੜ ਚਿੱਟੀ ਹੋ ਗਈ ਏ ।

ਵਲਾ ਚੁੱਪ।

ਫ਼ਰਸ਼ ਤੋਂ ਸਿਰ ਚਾਂਨੀ ਆਂ, ਮੈਂ ਕੁਝ ਕਰਨਾ ਸੀ, ਆਹੋ ਬੁਰਸ਼ ਤੇ ਪੈਨ। ਚੇਤੇ? ਲਾਬੀ ਦੀ ਲਮਾਰੀ।

ਖਲੋਣ ਲੱਗਣੀ ਆਂ, ਪੈਰ ਥੱਲਿਓਂ ਤਿਲਕ ਜਾਂਦੇ ਨੇ।

ਪੱਥਰ ਦੇ ਫ਼ਰਸ਼ ਤੇ ਮੱਛੀ ਵਾਂਗ ਤਰਦੀ, ਮੈਂ ਪੀਲੇ ਕਲੀਨ ਨੂੰ ਹੱਥ ਪਾਂਨੀ ਆਂ। ਅੱਗੇ ਲਾਲ ਰੱਤੇ ਸੋਫ਼ਿਆਂ ਦੀਆਂ ਕੰਧਾਂ। ਮੈਂ ਘਾਬਰ ਕੇ ਥੱਲੇ ਵੇਹਨੀ ਆਂ, ਕਲੀਨ। ਇਹਦੇ ਤੇ ਤਰਨਾ ਔਖਾ ਏ। ਗੋਡਿਆਂ ਭਾਰ ਹੋ ਕੇ ਮੈਂ, ਗਊ ਮਾਤਾ ਦੀ ਕੁੱਖ ਵਿੱਚੋਂ ਹੁਣੇ ਹੁਣੇ ਡਿੱਗੀ ਕੋਈ ਵੱਛੀ ਬਣ ਜਾਂਨੀ ਆਂ। ਮੂੰਹ ਪਰਨੇ, ਸੱਜੇ ਖੱਬੇ ਢਹਿੰਦੀ ਉਠਦੀ, ਲਾਲ ਸੁਨਹਿਰੀ ਸੋਫ਼ਿਆਂ ਤੋਂ ਬਚਦੀ ਬਚਾਂਦੀ ਮੈਂ ਅਗਲੇ ਬੂਹੇ ਤੇ ਆਂਨੀ ਆਂ। ਉਥੋਂ ਆਵਦੇ ਆਪ ਨੂੰ ਛਿੱਕ ਗੋਲ ਕਲੀਨ ਤਾਈਂ ਲਿਆਨੀ ਆਂ, ਥੱਕਾ ਟੁੱਟਾ ਸਿਰ ਬਾਂਹੀਂ ਤੇ ਰੱਖ, ਅੱਖਾਂ ਨੂਟ ਲੈਂਨੀ ਆਂ।

ਰਮਾਨ ਦਾ ਵੇਲਾ।

ਇਕ ਜ਼ਨਾਨੀ ਖੰਘਦੀ ਏ। ਖੰਗਾਰ ਸਾਵੇ ਪਲਾਸਟਿਕ ਦੇ ਉਗਾਲਦਾਨ ਵਿਚ ਜਾਂਦਾ ਏ, ਰੋਜ਼ ਦੋ ਵੇਲੇ ਮੈਂ ਇਹ ਉਹਦੇ ਲਈ ਸਫ਼ਾ ਕਰਨੀ ਆਂ।

ਸਿਰ ਚਾਨੀ ਆਂ, ਲਮਾਰੀ ਹਾਲੀ ਪਰਾਂਹ ਏ।

ਰਿੜ੍ਹਦੀ ਅੱਪੜ, ਬੂਹਾ ਫੜ, ਆਵਦੇ ਆਪ ਨੂੰ ਉੱਤੇ ਛਿਕਣੀ ਆਂ।

ਬੂਹਾ ਖੜਕ ਪੈਂਦਾ ਏ।

"ਕਿਹੜਾ ਇਆ?" ਕੋਈ ਜ਼ਨਾਨੀ ਕੁਰਾੜੀ ਵਾਜ ਕੱਢਦੀ ਏ।

"ਮੈਂ" ਮੇਰੀ ਵਾਜ ਸੰਘ ਵਿਚ ਖ਼ੁਸ਼ਕ ਛੋਡੇ ਹਾਰ ਖੜਕਦੀ ਏ। ਜੀਭ ਵਿੱਚੋਂ ਸਿੰਮਦੇ ਨਮਕ ਦੇ ਤਲਾਅ ਨੂੰ ਮੈਂ ਥੁੱਕ ਕਾਰ ਲੰਘਾਨੀ ਆਂ, ਮੇਰਾ ਲਹੂ ਚੰਗਾ ਸਵਾਦੀ ਏ।

"ਨੀ ਸਕੀਨੋ, ਉਠ ਗਈ ਇਆ?"

ਸਾਹਮਣੇ ਲਮਾਰੀ ਵਿਚ ਮੇਰਾ ਬੂਟ ਤੇ ਚਪਲੀ ਪਏ ਨੇ।

"ਫਰਿੱਜ ਵਿੱਚ ਕੇਲਾ ਇਆ?" ਉਹੋ ਜ਼ਨਾਨੀ ਏ।

ਮੈਂ ਜੁੱਤੀ ਫੜਨੀ ਆਂ ਤੇ ਪੌੜੀਆਂ ਦੇ ਜੰਗਲੇ ਨੂੰ ਹੱਥ ਪਾ ਖਲੋ ਜਾਂਨੀ ਆਂ, ਸਿਰ ਚਕਰਾਂਦਾ ਏ।

"ਤੂੰ ਸੁਣਦੀ ਇਆਂ?" ਵਾਜ ਫਿਰ ਬੁਲਾਂਦੀ ਏ।

ਕਿਵੇਂ ਜਾਵਾਂ, ਟੁਰਾਂ ਕਿਵੇਂ।

"ਨੀ ਸਕੀਨੋ, ਬੋਲੀ ਹੋ ਗਈ ਇਆਂ?"

ਪੈਰ ਪੱਟਣੀ ਆਂ, ਪਿੰਡਾ ਸਾਥ ਨਹੀਂ ਦਿੰਦਾ। ਗੋਡੇ ਡੋਏਂ ਤੇ ਜਾ ਟਿਕਦੇ ਨੇ।

"ਨੀ ਸਕੀਨੋ"।

ਗੋਡਿਆਂ ਭਾਰ ਮੈਂ ਰਿੜ੍ਹਦੀ ਨੱਸ ਉਠਣੀ ਆਂ। ਲਾਬੀ ਤੋਂ ਲਿਵਿੰਗ ਰੂਮ, ਉਥੋਂ ਕਿਚਨ। ਕਿਚਨ ਤੋਂ ਲਾਂਡਰੀ।

ਫ਼ਰਸ਼ ਤੇ ਕਾਗਤ ਈ ਕਾਗਤ।

ਸਭੋ ਕੁੱਝ ਪਲਾਸਟਿਕ ਬੈਗ ਵਿੱਚ ਪਾ, ਮੁੜ ਲਾਬੀ।

ਬੂਹਾ ਖੋਲ ਬਾਹਰ, ਡਿੱਗਦੀ ਢਹਿੰਦੀ ਸ਼ਨਤਾਲ ਦੇ ਘਰ।

ਫ਼ਰੰਟ ਵਰਾਨ ਸਰਾਨ ਏ । ਘੰਟੀ ਵਜਾਂਦਿਆਂ ਸੁਰਤ ਆਂਦੀ ਏ, ਸ਼ਨਤਾਲ ਦੀ ਕਾਰ ਕੋ ਨੀ ਤੇ ਘਰ ਅੰਦਰ ਹਨੇਰਾ ਏ ।

ਸਾਹਮਣੇ ਸੜਕ ਸੁੰਨਸਾਨ ।

ਤ੍ਰਾਹ ਦੀ ਸੀਤ ਲਹੂ ਨਾਲ ਰਲ ਮੇਰੇ ਪਿੰਡੇ ਅੰਦਰ ਵਗਦੀ, ਸੱਟਾਂ ਜਗੋਂਦੀ, ਜੀਭ ਖਿੱਚ ਕੇ ਤਾਲੂ ਨਾਲ ਲਾ ਦਿੰਦੀ ਏ ।

ਕਾਰ ਇੱਧਰ ਮੁੜੀ ਏ, ਮੈਂ ਘਾਹ ਤੇ ਲੰਮੀ ਪੈ ਜਾਂਨੀ ਆਂ ।

ਕਾਰ ਦੋਵੇਂ ਘਰਾਂ ਤੋਂ ਅੱਗੇ ਚਲੀ ਜਾਂਦੀ ਏ ।

ਪੱਬਾਂ ਭਾਰ ਨੱਸਦੀ ਪਿਛਲੇ ਵੇੜ੍ਹੇ ਦੀ ਵਾੜ ਟੱਪ, ਅੰਦਰ ।

ਬਾਲਾਂ ਦੇ ਖਡੋਨਿਆਂ ਭਰੀ ਨਿੱਕੀ ਜਿਹੀ ਗਰੋਂਡ ਵਿਚ ਬਹਿ, ਅੱਖੀਂ ਬੰਦ ਕਰ ਲੈਂਨੀ ਆਂ । ਜੇ ਮੇਰੇ ਬਾਲ ਹੁੰਦੇ ਤੇ ਮੇਰੇ ਨਾਲ ਇਹ ਨਹੀਂ ਸੀ ਹੋਣਾ ।

"ਉਹ ਤਾਂ ਬੁਆਏ ਫਰੈਂਡ ਨਾਲ ਨੱਸ ਗਈ ਇਆ" ਉਸੇ ਜ਼ਨਾਨੀ ਦੀ ਵਾਜ ਆਂਦੀ ਏ ।

ਏਨੀ ਨੇੜੇ? ਮੈਂ ਤ੍ਰਭਕ ਕੇ ਸਿੱਧੀ ਹੋ ਬਹਿੰਨੀ ਆਂ ।

ਮੰਮੀ ਜੀ ਦੇ ਕਮਰੇ ਦੀ ਬੰਦ ਬਾਰੀ ਸਫ਼ਾ ਨਜ਼ਰੀਂਦੀ ਪਈ ਏ, ਇਹਤਸ਼ਾਮ ਪਹਿਲੋਂ ਮੈਨੂੰ ਇੱਧਰ ਈ ਲੱਭਣ ਆਵੇ ਗਾ । ਹੂੜ ਮੱਤ ।

"ਮੈਂ ਲੱਭ ਲਉਂ ਗਾ ਉਸ ਬਿੱਚ ਨੂੰ" ਉਹ ਆਹੰਦਾ ਏ ।

ਮੈਂ 'ਆਉਜ਼ੁ ਬਿਲਲਾਹ' ਪੜ੍ਹਨ ਲੱਗਣੀ ਆਂ ਪਰ ਵੇਲਾ ਕੋ ਨੀ । ਸ਼ਨਤਾਲ ਦੀ ਪਿਛਲੀ ਕੰਧ ਛੇ ਸਤ ਫ਼ੁੱਟ ਉੱਚੀ ਹੋਣੀ ਏ, ਦੂਜੇ ਪਾਸੇ ਅੰਗਰੇਜ਼ ਗੋਰਿਆਂ ਦਾ ਵੇੜ੍ਹਾ ਏ ।

ਮੈਂ ਖਡੋਨਿਆਂ ਵਿੱਚੋਂ ਨਠਦੀ ਉਛਲ ਕੇ ਕੰਧ ਨੂੰ ਹੱਥ ਪਾਂਨੀ ਆਂ ਤੇ ਉੱਤੇ, ਮੁੜ ਨਾਲ ਈ ਲਮਕ ਕੇ ਥੱਲੇ, ਦੂਜੇ ਪਾਸੇ ।

ਜਾਪਦਾ ਏ ਇਸ ਘਰ ਵੀ ਲੋਕੀ ਕੋ ਨੀ, ਮੈਂ ਕੰਡੇ ਕੰਡੇ ਟੁਰਦੀ ਬਾਹਰ ਸੜਕ ਤੇ ਆਂਨੀ ਆਂ ।

ਕੀ ਕਰਾਂ? ਭਾ ਨੂੰ ਫ਼ੋਨ? ਇਸ ਵੇਲੇ ਇੰਨੀ ਦੂਰੋਂ ਉਹ ਕੀ ਕਰੇ ਗਾ? ਉੱਕਾ ਮਸੋਸਿਆ ਜਾਵੇ ਗਾ । ਬਰੈਂਡਾ, ਮੈਂ ਉਹਨੂੰ ਫ਼ੋਨ ਕਰਨੀ ਆਂ । '911' ਵੀ ਕਰ ਸਕਨੀ ਆਂ ਪਰ ਖ਼ੋਰੇ ਪੁਲਿਸ ਨੂੰ ਬੁਲਾਣਾ ਚਾਹੀਦਾ ਏ ਯਾਂ ਨਹੀਂ । ਅੱਗੇ ਟੀ–ਟੀ–ਸੀ ਦਾ ਸਟਾਪ ਏ, ਉਥੇ ਫ਼ੋਨ ਹੋਵੇ ਗਾ । ਮੇਰੇ ਪਿੰਡੇ ਵਿਚ ਪੀੜ ਦੀਆਂ ਟੀਸਾਂ ਨੇ, ਮੈਨੂੰ ਰੋਣ ਆਂਦਾ ਏ ਪਰ ਬਹਿਣ ਦੀ ਜਾ ਕੋ ਨੀ । ਮੈਂ ਟੁਰਦੀ ਰਹਿੰਨੀ ਆਂ, ਸੜਕ ਦੇ ਕੰਡੇ ਕੰਡੇ, ਰੁੱਖਾਂ ਦੇ ਪਿੱਛੇ, ਕਾਰਾਂ ਤੋਂ ਤ੍ਰਾਹੰਦੀ, ਲੁਕਦੀ ਲੁਕਾਂਦੀ ।

ਪੈਰ ਦੁੱਖਣ ਲਗ ਪਏ ਨੇਂ, ਏਨੀ ਠੰਡ ਵਿਚ ਉਨ੍ਹਾਂ ਤੇ ਨਾ ਜੁਰਾਬਾਂ ਨੇ ਨਾ ਜੁੱਤੀ । ਮੇਰੀ ਚਪਲੀ ਪਲਾਸਟਿਕ ਬੈਗ ਥੱਲੇ ਮੇਰੇ ਸੀਨੇ ਨਾਲ ਲੱਗੀ ਪਈ ਏ ।

ਇਕ ਫ਼ਕੀਰ ਮੂਹਰੇ ਆਂਦਾ ਏ, ਦੂਰੋਂ ਮਸਤ ਲੱਗਿਆ ਪਰ ਸ਼ਰਾਬ ਦੀ ਹਵਾੜ ਉਹਦੇ ਅੱਗੇ ਅੱਗੇ ਏ ।

"ਸਪੇਅਰ ਚੇਂਜ" ਉਹ ਹੱਥ ਅੱਗੇ ਕਰਦਾ ਏ ।

"ਸੋਰੀ, ਨੋ" ਮੈਂ ਸ਼ਰਮਿੰਦੀ ਆਂ ਕਿ ਮੇਰੇ ਕੋਲ ਛੁੱਟਿਆ ਭਾਨ ਕੋ ਨੀ । ਅਚਰਜ ਏ ਕਿ ਮੈਂ ਆਪ ਦੂਜਿਆਂ ਦੇ ਛੁੱਟੇ ਭਾਨ ਤੇ ਉਮਰ ਲੰਘਾਈ ਏ ।

"ਪਾਕੀ ਬਿੱਚ" ਸ਼ਰਾਬ ਦਾ ਬੁਡਿਆ ਫ਼ਕੀਰ ਮੇਰੇ ਕੰਨ ਤੇ ਰੁੱਗ ਭਰਦਾ ਏ ।

ਮੈਂ ਜ਼ਰੀ ਪਿਛਾਂਹ ਹੋਨੀ ਆਂ, ਉਹਦਾ ਹੱਥ ਮੈਥੋਂ ਗਜ਼ ਪਰੇ ਪੈਂਦਾ ਏ ।

ਮੈਂ ਲੰਘ ਜਾਂਨੀ ਆਂ । ਮੁਸਕਾਨ ਆਂਦੀ ਏ ਕਿ ਇਸ ਜਾਨਿਆ ਮੈਂ ਸੋਨੇ ਦੀਆਂ ਵਾਲੀਆਂ ਪਾਈਆਂ ਹੋਈਆਂ ਨੇਂ ।

ਅਗਲੇ ਚੌਕ ਤੇ ਬੱਸ ਸਟਾਪ ਲਾਗੇ ਫ਼ੋਨ ਬੂਥ ਏ ।

ਬਰੈਂਡਾ ਨੂੰ ਕੁਲੈੱਕਟ ਕਾਲ ਕਰਨੀ ਆਂ । ਆਪ੍ਰੇਟਰ ਆਵਦਾ ਨਾਂ ਬੋਲਣ ਲਈ ਆਹੰਦੀ ਏ ਮੈਂ 'ਸਕੀਨਾ' ਆਹੰਨੀ ਆਂ ਪਰ ਮੇਰੇ ਮੂੰਹੋਂ 'ਥੀਨਾ' ਨਿਕਲਦਾ ਏ, ਉਹ ਵੀ ਸੰਗ ਵਿਚ ਫਸਿਆ ਹੋਇਆ । ਕਾਲ ਰੱਦੀ ਜਾਂਦੀ ਏ ।

ਮੈਂ ਵਲਾ ਨੰਬਰ ਮਿਲਾਂਨੀ ਆਂ ਤੇ ਰਿਸੀਵਰ ਵਿੱਚ ਮੂੰਹ ਦੇ, ਆਵਦਾ ਨਾਂ ਖੋਲ ਕੇ ਬੋਲਣੀ ਆਂ 'ਸਾ ਕੀ ਨਾ' ਜਿਵੇਂ ਬਰੈਂਡਾ ਆਹੰਦੀ ਏ । ਬਰੈਂਡਾ ਪਲੀਜ਼ ਪਛਾਣ ਲੈ।

"ਹੈਲੋ" ਬਰੈਂਡਾ ਦੀ ਵਾਜ ਆਂਦੀ ਏ "ਸਾਕੀਨਾ?"

"ਬਰੈਂਡਾ ਕਮ ਕੁਇਕ, ਛੇਤੀ ਆ" ਮੈਂ ਰੋ ਪੈਂਨੀ ਆਂ ।

"ਵੈਅਰ ਆਰ ਯੂ, ਤੂੰ ਕਿੱਥੇ ਏਂ?"

"ਫ਼ੋਨ ਬੂਥ ਐਟ ਪੈਪ ਐਂਡ ਡੈਨਫ਼ੋਰਥ" ।

"ਉਸ ਆਲ ਨਾਈਟ ਕੈਫ਼ੇ ਕੋਲ?"

ਮੈਂ ਆਲੇ ਦਵਾਲੇ ਵੇਹੰਨੀ ਆਂ । ਰਾਤ ਸੜਕਾਂ ਨੂੰ ਹੋਰ ਦਾ ਹੋਰ ਬਣਾ ਦਿੰਦੀ ਏ, ਪਤਾ ਨਹੀਂ ਉਹ ਕੈਫ਼ੇ ਕਿੱਥੇ ।

''ਯਾਦ ਏ ਇਕ ਵਾਰੀ ਅਸੀਂ ਡੇਵਿਡ ਨੂੰ ਆਇਸ ਕਰੀਮ ਖਵਾਣ ਲਗਏ ਸਾਂ?''

"ਆਹੋ ਮੈਨੂੰ ਚੇਤੇ" ਕਿਵੇਂ ਨਾ ਹੋਵੇ, ਇਹ ਮੈਕਡੋਨਲਡ ਤੇ ਕੈਨਟਕੀ ਮਗਰੋਂ ਟੋਰੰਟੋ ਵਿੱਚ ਖਾਣ ਪੀਣ ਦੀ ਤਰੀਜੀ ਜਾ ਏ ਜਿੱਥੇ ਮੈਂ ਗਈ ਹੋਈ ਆਂ । ਵੱਲ ਵੀ ਮੈਨੂੰ ਇਹ ਨਹੀਂ ਪਤਾ ਕਿ ਹੁਣ ਉਥੇ ਪੁੱਜਣਾ ਕਿਵੇਂ ਏ, ਬਰੈਂਡਾ ਮੈਨੂੰ ਦੱਸਦੀ ਏ ।

"ਇਹਤਸ਼ਾਮ ਕਿੱਥੇ?" ਉਹ ਪੁੱਛਦੀ ਏ ।

"ਪਤਾ ਨਹੀਂ"।

"ਮੈਂ ਪੰਤਾਲੀ ਮਿੰਟਾਂ ਵਿਚ ਤੇਰੇ ਕੋਲ ਹੋਵਾਂਗੀ" ।

"ਏਨੀ ਦੇਰ?"

"ਮੈਂ ਮਿਸੀਸਾਗਾ ਵਿਚ ਆਂ, ਤੂੰ ਸਕਾਰਬਰੋ ਦੇ ਨੇੜੇ" ਬਰੈਂਡਾ ਕਹਿੰਦੀ ਏ । "ਤੂੰ ਘਰ ਕਿਉਂ ਛੱਡਿਆ? ਉਸ ਤੇਰੇ ਤੇ ਹੱਥ ਚਾਇਆ ਸੀ?"

"ਆਹੋ" ।

"ਤੂੰ ਪੁਲਿਸ ਨੂੰ ਕਾਲ ਕੀਤਾ?"

"ਨਹੀਂ" ।

"ਕਿਉਂ?"

"ਬਰੈਂਡਾ ਪਲੀਜ਼, ਮੈਂ ਥੱਕੀ ਪਈ ਆਂ" ।

"ਓਕੇ, ਤੇ ਤੂੰ ਅਸਾਲਟਿਡ ਵੂਮਨਜ਼ ਹੈਲਪ ਲਾਇਨ ਨੂੰ ਕਾਲ ਕਰ ਦੇ" ।

"ਕਿਹੜੀ ਹੈਲਪ ਲਾਇਨ?"

"ਅਸਾਲਟਿਡ ਵੂਮਨਜ਼ । ਬੂਥ ਵਿਚ ਫ਼ੋਨ ਬੁੱਕ ਹੋਣੀ ਏ, ਹੰਗਾਮੀ ਨੰਬਰਾਂ ਵਿਚ ਵੇਖ" ।

"ਨੋ"।

"ਓ ਕੇ। ਤੂੰ ਆਈ ਡੀ ਪੇਪਰ ਲਿਆਈ ਏਂ?"

"ਨਹੀਂ ਬੱਸ ਫ਼ੋਟੋ ਕਾਪੀਆਂ"।

"ਹੈਂਗ ਇਨ ਦੇਅਰ, ਕੈਮ ਰਹਿ"।

ਫ਼ੋਨ ਰੱਖਣੀ ਆਂ ਤੇ ਮੇਰੀਆਂ ਅੱਖਾਂ ਵਿਚ ਤੱਤੇ ਤੱਤੇ ਹੰਝੂ ਨੇ। ਬੂਥ ਬਾਹਰੋਂ ਫ਼ੋਨ ਦੀ ਉਡੀਕ ਵਿਚ ਕੋ ਨੀ, ਮੈਂ ਹੇਠਾਂ ਬਹਿ ਜਾਂਨੀ ਆਂ। ਹੰਝੂਆਂ ਨਾਲ ਮਲ ਮਲ ਮੂੰਹ ਸਫ਼ਾ ਕਰਨੀ ਆਂ। ਵਾਲ ਪੱਧਰ, ਲੀੜੇ ਸਿੱਧੇ, ਚੱਦਰ ਲਪੇਟ, ਕੰਬਦੀ ਕੰਬਦੀ ਫਿਰ ਸੜਕ ਤੇ ਆਂਨੀ ਆਂ।

ਖੰਬਿਆਂ ਦੀਆਂ ਪੀਲੀਆਂ ਬੱਤੀਆਂ ਥੱਲੇ ਸੜਕ ਕਿਸੇ ਫ਼ਿਲਮ ਦਾ ਸੈੱਟ ਲਗਦੀ ਏ। ਬਰਫ਼ੀਲੀ ਵਾਅ ਦਾ ਬੁੱਲ੍ਹਾ ਮੈਨੂੰ ਜੈਕਟਾਂ, ਹੈਟਾਂ, ਸਵੈਟਰਾਂ, ਬੂਟਾਂ ਤੇ ਦਸਤਾਨਿਆਂ ਦੀ ਥੁੜ ਚੇਤੇ ਕਰਾਂਦਾ ਏ।

ਮੈਂ ਕੈਫ਼ੇ ਵਲ ਭੱਜ ਉਠਣੀ ਆਂ ਪਰ ਲੱਕ, ਲੱਤਾਂ ਤੇ ਸੀਨੇ ਵਿੱਚੋਂ ਪੀੜਾਂ ਨਿਕਲ ਨਿਕਲ ਕੇ ਮੇਰੇ ਪੈਰ ਡੱਕ ਲੈਂਦੀਆਂ ਨੇ।

ਮੈਂ ਹੌਲੇ ਹੌਲੇ ਟੁਰਦੀ ਕੈਫ਼ੇ ਨੂੰ ਜਾਂਨੀ ਆਂ।

ਅੰਦਰ ਵੜਦਿਆਂ ਕੈਫ਼ੇ ਦੀ ਕੋਸੀ ਵਾਅ ਮੇਰੇ ਦੁੱਖਦੇ ਪਿੰਡੇ ਨੂੰ ਇਕ ਪਲ ਲਈ ਸੌਖਾ ਕਰ ਦਿੰਦੀ ਏ।

"ਸੱਤ ਸ੍ਰੀ ਅਕਾਲ" ਇਕ ਜਾਣਿਆ ਪਛਾਣਿਆ ਮੁੱਖ ਮੈਨੂੰ ਹੱਸ ਕੇ ਵੇਹੰਦਾ ਏ।

ਮੈਂ ਕਿੱਥੇ ਆਂ? ਇਹ ਟੋਰੰਟੋ ਵਿਚ ਕੋਈ ਮੈਨੂੰ ਪਿਆਰ ਨਾਲ ਵੇਹੰਦਾ ਪਿਆ ਏ?

"ਤੁਸੀਂ ਓ ਕੇ ਓ?" ਉਹ ਮੁੱਖ ਵਸਵਸੇ ਵਿਚ ਪੈ ਗਿਆ ਏ।

"ਹਾਂ ਜੀ"।

"ਕੱਲੀ?" ਉਹ ਮੇਰੇ ਲਈ ਕੁਰਸੀ ਖਿੱਚਦੀ ਏ।

"ਨਹੀਂ, ਫ਼ਰੈਂਡ ਕਮਿੰਗ" ਮੈਂ ਬਹਿ ਜਾਂਨੀ ਆਂ ਪਰ ਹਾਏ, ਅਚਰਜ ਪੀੜਾਂ ਪਿੰਡੇ ਵਿੱਚੋਂ ਨਿਕਲਦੀਆਂ ਨੇਂ।

"ਚਾਹ ਪੀਓਗੇ ਯਾਂ ਕੌਫ਼ੀ?"

"ਨੋ ਮਨੀ"।

"ਨੋ ਵਰੀ, ਤੁਹਾਡੇ ਲਈ ਫ਼ਰੀ" ਉਹ ਮੇਜ਼ ਤੇ ਲੀੜਾ ਫੇਰਦੀ ਮੈਨੂੰ ਆਵਦਾ ਆਪ ਚੇਤੇ ਕਰਾਂਦੀ, ਕਾਊਂਟਰ ਪਿੱਛੇ ਚਲੀ ਜਾਂਦੀ ਏ।

ਇਹ ਤੇ ਇੱਥੇ ਕੰਮ ਕਰਦੀ ਏ, ਖ਼ੌਰੇ ਇਹਦਾ ਆਵਦਾ ਵਪਾਰ ਹੋਵੇ ਪਰ ਮੈਂ ਕਿਵੇਂ ਏਨੇ ਵਰ੍ਹੇ ਇਹਤਸ਼ਾਮ ਤੇ ਉਹਦੇ ਟੱਬਰ ਦੀ ਖ਼ਾਤਿਰ ਖ਼ਿਦਮਤ ਕੀਤੀ।

"ਚਾਹ?" ਉਹ ਕਾਊਂਟਰ ਪਿਛੋਂ ਪੁੱਛਦੀ ਏ।

"ਕੌਫ਼ੀ" ਮੈਂ ਆਹਨੀ ਆਂ, ਇਹਤਸ਼ਾਮ ਨੂੰ ਕੌਫ਼ੀ ਤੋਂ ਖਿੱਜ ਸੀ।

'ਸੀ' ਯਾਂ 'ਏ'?

ਮੈਂ ਆਲੇ ਦਵਾਲੇ ਵੇਹਨੀ ਆਂ। ਅੱਠ ਦਸ ਮੇਜ਼ਾਂ, ਦੋ ਦੋ ਚਾਰ ਚਾਰ ਕੁਰਸੀਆਂ, ਸ਼ੀਸ਼ੇ ਦੀ ਕੰਧ ਤੇ ਕਾਊਂਟਰ। ਸ਼ੀਸ਼ੇ ਵਿਚ ਮੇਰਾ ਆਵਦਾ ਝੌਲਾ। ਪਹਿਲੋਂ ਜਾਪਿਆ, ਇਹ ਕੋਈ ਹੋਰ ਜ਼ਨਾਨੀ ਏ। ਖ਼ੌਰੇ ਜੀਨੋ ਯਾਂ ਅੱਈਓ। ਨੀਲੋ ਨੀਲ, ਸੁੱਜਿਆ ਮੁਖ, ਲਾਲ ਅੱਖੀਂ। ਜਿਵੇਂ ਸ਼ਰਾਬੀ ਫ਼ਕੀਰ ਯਾਂ ਮੁੜ ਨੂਰੋ।

"ਕਨਾਡਾ ਕਿੱਦਣ ਆਏ?" ਉਹ ਕੌਫ਼ੀ ਦਾ ਮਗ ਲੈ ਕੇ ਮੁਸਕਾਂਦੀ ਆਂਦੀ ਏ।

"ਨੌਂ ਵਰ੍ਹੇ" ਮਗ ਫੜਦਿਆਂ ਮੈਂ ਵੀ ਮੁਸਕਾਨ ਲਗ ਪੈਂਨੀ ਆਂ, ਤਰਾਟਾਂ ਵਾਤ ਛਾਨਣੀ ਕਰ ਦਿੰਦੀਆਂ ਨੇ।

"ਨੌ?" ਉਹ ਹਰਿਆਣ ਹੋ ਕੇ ਮੈਨੂੰ ਸਿਰ ਤੋਂ ਲਾ ਪੈਰਾਂ ਤੋੜੀ ਵੇਂਹਦੀ ਏ ।

ਮੈਂ ਵੀ ਵੇਂਹਨੀ ਆਂ। ਫ਼ਰਵਰੀ ਦੇ ਠੰਢੇ ਬਰਫ਼ ਟੋਰੰਟੋ ਵਿਚ ਮੇਰੇ ਪੈਰ ਬੂਟਾਂ ਜੁਰਾਬਾਂ ਥਾਈਂ ਲਾਹੌਰੀ ਚੱਪਲ ਵਿਚ ਨੇ, ਜੈਕਟ ਥਾਈਂ ਕਾਲੀ ਕਸ਼ਮੀਰੀ ਸ਼ਾਲ, ਥੱਲੇ ਸਿਲਕ ਦੀ ਸ਼ਲਵਾਰ ਕਮੀਜ਼ ਦਾ ਮੁਚੜਿਆ ਹੋਇਆ ਪਿਆਜ਼ੀ ਜੋੜਾ, ਖਿੱਲਰੇ ਪੁਟਰੇ ਵਾਲ । ਮੈਂ ਧੌਣ ਨਿਵਾ ਲੈਂਨੀ ਆਂ। ਨੌਂ ਵਰ੍ਹਿਆਂ ਵਿਚ ਕੋਈ ਵੀ ਪ੍ਰਦੇਸੀ ਬਹੁਤਿਆਂ ਪੈਸਿਆਂ ਆਲਾ ਨਹੀਂ ਫਿਰ ਵੀ ਸੌਖਾ ਤੇ ਹੋ ਈ ਜਾਂਦਾ ਏ ।

"ਇੰਡੀਆ ਤੋਂ?" ਉਹ ਪੁੱਛਦੀ ਏ ।

"ਪਾਕਿਸਤਾਨੋਂ" ਮੈਂ ਆਂਹਨੀ ਆਂ ।

"ਪਾਕਿਸਤਾਨ ਵਿਚ ਕਿਥੋਂ?"

"ਲਾਹੌਰੋਂ" ।

"ਲਾਹੌਰੋਂ?" ਉਹ ਕੁਰਸੀ ਛਿੱਕ, ਲਾਗੇ ਬਹਿ ਜਾਂਦੀ ਏ "ਮੇਰੇ ਪਾਪਾ ਜੀ ਵਰ੍ਹੇ ਦੇ ਵਰ੍ਹੇ ਅਮਰਸਰੋਂ ਲਾਹੌਰ ਜਾਂਦੇ ਸੀਗੇ । ਤੁਹਾਡਾ ਨਾਂ ਕੀ ਆ?"

"ਸਕੀਨਾ" ।

"ਮੈਂ ਬਲਵਿੰਦਰ" ।

ਤੁਸੀਂ ਕਦੋਂ ਆਏ ਬਲਵਿੰਦਰ?"

"ਪੰਜ ਵਰ੍ਹੇ ਹੋਏ । ਸੱਰ੍ਹੀ ਮੇਰੀ ਆਂਟੀ ਰਹਿੰਦੀ ਆ" ।

"ਸੱਰ੍ਹੀ ਕਿੱਥੇ?"

"ਬ੍ਰਿਟਿਸ਼ ਕੋਲੰਬੀਆ, ਵੈਨਕੋਵਰ ਲਾਗੇ । ਕੈਨੇਡਾ ਦਾ ਦੂਜਾ ਕੰਢਾ ਆ" ।

"ਤੁਹਾਨੂੰ ਟੋਰੰਟੋ ਭਾਂਦਾ ਏ?"

"ਹਾਂ ਪਰ ਵੈਨਕੋਵਰ ਮਿਸ ਕਰਦੀ ਆਂ, ਉਥੇ ਆਪਣੇ ਲੋਕੀ ਬਹੁਤੇ ਆ" ।

"ਆਵਦੇ ਪੰਜਾਬੀ?"

"ਆਹੋ, ਉਹ ਤਾਂ ਇੱਥੇ ਦਾ ਪੰਜਾਬ ਆ, ਪਹਾੜਾਂ ਤੇ ਸਮੁੰਦਰਾਂ ਵਿਚ" ।

ਪੰਜਾਬ ਵਿੱਚ ਪੰਜ ਦਰਿਆਵਾਂ ਬਾਝ ਯਾਂ ਉਨ੍ਹਾਂ ਸਣੇ, ਪਹਾੜਾਂ ਸਮੁੰਦਰਾਂ ਦਾ ਹੋਵਣ ਅਜਬ ਸੁਣੀਂਦਾ ਏ ।

"ਫ਼ਰੈਂਡ ਗੋਰਾ ਆ?"

"ਨਹੀਂ, ਗੋਰੀ" ।

"ਉਹ ਆ ਗਈ" ਬਲਵਿੰਦਰ ਉਠ ਜਾਂਦੀ ਏ ।

ਬਰੈਂਡਾ ਵੜਦੀ ਏ, ਮੈਂ ਬੂਹੇ ਦੇ ਅਸਲੋਂ ਸਾਹਮਣੇ ਆਂ ।

ਅਸੀਂ ਜੱਫੀ ਪਾਂਨੇ ਆਂ, ਉਹ ਮੈਨੂੰ ਪਰਲੀ ਨੁੱਕਰੇ ਮੇਜ਼ ਤੇ ਲਿਜਾਂਦੀ ਏ ।

"ਸਕੀਨਾ ਵਾਟ ਹੈਪੰਡ, ਕੀ ਹੋਇਆ?" ਉਹ ਕੁਰਸੀ ਖਿੱਚ, ਮੈਨੂੰ ਬਹਾਂਦੀ ਏ ।

"ਫ਼ਾਰਗੌਟ ਟੂ ਫ਼ੀਡ, ਮੰਮੀ ਜੀ ਨੂੰ ਖਾਣਾ ਖਵਾਣਾ ਭੁੱਲ ਗਈ ਸਾਂ" ।

"ਉਹ ਸ਼ਿੱਟ, ਰੀਅਲੀ?" ਬਰੈਂਡਾ ਡੇਲੇ ਉੱਤੇ ਨੂੰ ਭਵਾਂਦੀ ਏ ।

"ਯਸੱ"।

"ਹੂੰ" ਉਹ ਉਰਦੂ ਵਿਚ ਹੁੰਗਾਰਾ ਭਰਦੀ ਏ 'ਡਾਕਟਰ ਕੋਲ ਚਲੀਏ?"

"ਨੋ ਡਾਕਟਰ, ਬੱਸ ਪੀੜਾਂ ਦੀ ਦਵਾ ਪੇਨ ਕਿਲਰਜ਼ ਵਿਲ ਡੂ" ।

"ਹੁਣ ਤੇ ਤੈਨੂੰ 'ਡਾਕਟਰ' ਦੇ ਅੱਖਰ ਤੋਂ ਵੀ ਡਰ ਆਂਦਾ ਹੋਣਾ ਏ?" ਉਹ ਮੁਸਕਾਂਦੀ ਏ "ਕੁੱਝ ਦਿਹਾੜੇ ਮੇਰੇ ਕੋਲ ਆ ਰਹੋ, ਡੇਵਿਡ ਪਿਓ ਕੋਲ ਗਿਆ ਹੋਇਆ ਏ, ਪਰਸੋਂ ਆ ਜਾਵੇ ਗਾ" ।

"ਆਈ ਮਿਸ ਡੇਵਿਡ" ।

"ਮੀ ਟੂ, ਮੈਂ ਵੀ" ।

"ਬਰੈਂਡਾ ਤੂੰ ਜਦ ਇਸਹਾਕ ਭਾਈ ਨੂੰ ਛੱਡਿਆ ਤੇ ਇਕ ਸ਼ੈਲਟਰ ਗਈ ਸੈਂ?"

"ਹਾਂ, ਉਨ੍ਹਾਂ ਈ ਮੈਨੂੰ ਇਸ ਜੋਗਾ ਕੀਤਾ ਕਿ ਮੈਂ ਆਪਣੇ ਪੈਰੀਂ ਖਲੋਵਾਂ । ਕਾਲ ਕਰਾਂ?" ਬਰੈਂਡਾ ਪਰਸ ਵਿੱਚੋਂ ਸੈੱਲ ਫ਼ੋਨ ਕੱਢਦੀ ਏ ।

"ਹਾਂ" ਮੈਂ ਆਹੰਨੀ ਆਂ ।

"ਪਹਿਲੋਂ ਅਸਾਲਟਿਡ ਵੂਮਨਜ਼ ਹੈਲਪ ਲਾਇਨ ਨੂੰ ਕਰਨੇ ਆਂ, ਉਹ ਅੱਗੋਂ ਦੱਸਣ ਗੀਆਂ" ਬਰੈਂਡਾ ਫ਼ੋਨ ਕਰਨ ਲੱਗ ਪੈਂਦੀ ਏ ।

ਮੈਨੂੰ ਟੋਰੰਟੋ ਦੇ ਸ਼ੈਲਟਰਾਂ ਦਾ ਪਤਾ ਲੱਗਿਆ ਜਦ ਬਰੈਂਡਾ ਇਸਹਾਕ ਭਾਈ ਨੂੰ ਛੱਡਿਆ ਪਰ ਮੈਂ ਵੇਖਿਆ ਕੋਈ ਨਹੀਂ। ਹੁਣ ਸੋਚਾਂ ਤੇ ਮੈਨੂੰ ਲਾਹੌਰ ਦਾ ਦਾਰੁਲ– ਅਮਾਨ ਚੇਤੇ ਆਂਦਾ ਏ, ਬਾਹਰੋਂ ਵੇਖਿਆ ਏ ਤੇ ਸੁਣਿਆ ਏ ਕਿ ਬੇ–ਘਰ ਨਿਮਾਣੀਆਂ ਜ਼ਨਾਨੀਆਂ ਦਾ ਇਹ ਆਰਜ਼ੀ ਠਿਕਾਣਾ ਵਾਸੀਆਂ ਦੀ ਸੱਚੀ ਸੇਵਾ ਨਾ ਕਰਨ ਪਾਰੋਂ ਬਦਨਾਮ ਏ । ਮੈਂ ਡਰ ਕੇ ਦਾਰੁਲ–ਅਮਾਨ ਜਿਹੇ ਸ਼ੈਲਟਰ ਦਾ ਖ਼ਿਆਲ ਛੱਡ ਦੇਂਨੀ ਆਂ । ਵੱਲ ਦਮਾਕ ਵਿਚ ਅਫ਼ਗ਼ਾਨ ਮੁਹਾਜਰਾਂ ਦਾ ਕੈਂਪ ਆਂਦਾ ਏ ਜਿਹਦੇ ਵਿਚ ਅਮਰੀਕੀ ਤੰਬੂ ਲੱਗੇ ਹੋਏ ਨੇ । ਉਥੋਂ ਚੇਤੇ ਆਇਆ ਕਿ ਚੁਰਾਸੀ ਵਿਚ ਭਾ ਦੇ ਵਿਆਹ ਲਈ ਲਾਹੌਰ ਗਈ ਸਾਂ ਤੇ ਬਾਬੇ ਸ਼ਾਹ ਜਮਾਲ ਦੇ ਮਜ਼ਾਰ ਦਾ ਪਿਛਲਾ ਪਾਸਾ ਅਫ਼ਗ਼ਾਨੀ ਮੁਹਾਜਰਾਂ ਦੇ ਤੰਬੂਆਂ ਨਾਲ ਭਰਿਆ ਪਿਆ ਸੀ ।

"ਬਾਲ ਕੋ ਨੀ" ਬਰੈਂਡਾ ਫ਼ੋਨ ਤੇ ਕਿਸੇ ਨੂੰ ਦਸਦੀ ਪਈ ਏ "ਸ਼ਨਾਖ਼ਤੀ ਕਾਗਤਾਂ ਦੀਆਂ ਫ਼ੋਟੋ ਕਾਪੀਆਂ ਨੇਂ" ਬਰੈਂਡਾ ਸੁਣਦੀ ਏ ਤੇ ਮੁੜ ਸਾਹਮਣਿਉਂ ਟਿਸ਼ੂ ਪੇਪਰ ਚਾ, ਨਾਂ ਤੇ ਫ਼ੋਨ ਨੰਬਰ ਲਿਖਣੇ ਸ਼ੁਰੂ ਕਰ ਦਿੰਦੀ ਏ ।

ਮੈਂ ਸ਼ੈਲਟਰਾਂ ਦੇ ਨਾਂ ਪੜ੍ਹਨੀ ਆਂ । ਸ਼ਰਲੀ ਸੈਮਰੋ, ਇੰਟਰਵਲ ਹਾਊਸ, ਨਾਰਥ ਯਾਰਕ, ਐਮਲੀ ਸਟੋ ਤੇ ਨੈਲੀਜ਼।

"ਨਹੀਂ ਪੁਲਿਸ ਵਿਚ ਰਿਪੋਰਟ ਨਹੀਂ ਕਰਾਈ, ਡਾਕਟਰ ਤੇ ਵੀ ਨਹੀਂ ਗਈ" ਬਰੈਂਡਾ ਰੁਕ ਕੇ ਮੈਨੂੰ ਇੱਕ ਨਜ਼ਰ ਵੇਂਹਦੀ ਏ ਤੇ ਮੁੜ ਫ਼ੋਨ ਵਿਚ ਆਹੰਦੀ ਏ "ਇਹਨੂੰ ਚੰਗੀਆਂ ਭਲੀਆਂ ਸੱਟਾਂ ਲੱਗੀਆਂ ਹੋਈਆਂ ਨੇਂ" ।

ਬਰੈਂਡਾ ਕਾਲਾਂ ਕਰਦੀ, ਪੰਦਰ੍ਹਾਂ ਵੀਹ ਮਿੰਟ ਵਿਚ ਇਕ ਸ਼ੈਲਟਰ ਲੱਭ ਲੈਂਦੀ ਏ ਜਿਥਾਂ ਮੇਰੇ ਲਈ ਥਾਂ ਏ ।

"ਇਹ ਸਕਾਰਬਰੋ ਵਿਚ ਏ, ਮੈਂ ਤੈਨੂੰ ਲੈ ਚੱਲਨੀ ਆਂ" ਬਰੈਂਡਾ ਪਤਾ ਵੇਂਹਦੀ ਏ।

"ਤੂੰ ਇੱਥੇ ਰਹੀ ਸੈਂ?"

"ਨਹੀਂ, ਉਹ ਸ਼ੈਲਟਰ ਡਾਊਨ ਟਾਊਨ ਏ। ਤੂੰ ਆਵਦੀ ਮਾਂ ਨੂੰ ਦੱਸਿਆ?" ਬਰੈਂਡਾ ਪੁੱਛਦੀ ਏ ।

"ਕੀ?" ਦਿਲ ਤੇ ਪਿਆ ਯਾਸ ਦਾ ਪਹਾੜ ਮੈਨੂੰ ਚੇਤੇ ਵੀ ਨਹੀਂ ਸੀ ।

"ਯਾਦ ਏ ਜਦ ਇਹਤਸ਼ਾਮ ਤੈਨੂੰ ਪੌੜ੍ਹੀਆਂ ਤੋਂ ਧੱਕਾ ਦਿੱਤਾ ਤੇ ਤੇਰੇ ਲੱਕ ਦੀ ਹੱਡੀ ਜਾ ਤੋਂ ਹਿੱਲ ਗਈ?"

"ਉਹ .... ਐਕਸੀਡੈਂਟ ਸੀ" ।

"ਜੋ ਵੀ । ਤੂੰ ਕਹਿੰਦੀ ਸੈਂ, ਇਹਤਸ਼ਾਮ ਨੂੰ ਛੱਡ ਦੇਵੀਂ ਪਰ ਤੇਰੀ ਮਾਂ ਸਦਮੇ ਵਿਚ ਆ ਜਾਵੇਗੀ। ਤੇ ਹੁਣ?"

"ਉਨ੍ਹਾਂ ਨੂੰ ਪਤਾ ਏ" ਮੈਂ ਆਹੰਨੀ ਆਂ ।

"ਤੇ ਉਹਨੇ ਕੀ ਕਿਹਾ?"

"ਕੁੱਝ ਨਹੀਂ" ਏੀਂ ਜਿਹੇ ਭਾਰਾਂ ਨੂੰ ਨਾ ਫਰੋਲ ਬਰੈਂਡਾ "ਤੂੰ ਇਸਹਾਕ ਭਾਈ ਨਾਲ ਮਿਲਣੀ ਏਂ?" ਮੈਂ ਪੁੱਛਣੀ ਆਂ।

"ਹਾਂ, ਵੀਕ ਐਂਡ ਤੇ ਜਦ ਉਹ ਡੇਵਿਡ ਨੂੰ ਚਾਵਣ ਛੋੜਨ ਆਂਦਾ ਏ" ।

"ਉਹ ਠੀਕ ਨੇਂ?"

"ਲਗਦਾ ਤੇ ਠੀਕ ਏ ਪਰ ...." ਬਰੈਂਡਾ ਠਠੰਬਰਦੀ ਏ ।

"ਕੀ?"

"ਜ਼ੈਕ ਹਾਲੀ ਵੀ ਮੇਰੇ ਨਾਲ ਪਿਆਰ ਜਤਾਂਦਾ ਰਹਿੰਦਾ ਏ" ।

"ਤੈਨੂੰ ਕੂੜ ਜਾਪਦਾ ਏ?"

"ਨਹੀਂ ਪਰ ਅਸੀਂ ਤਲਾਕੇ ਹੋਏ ਆਂ ਤੇ ਮੈਂ ਇਸ ਰੀਲੇਸ਼ਨਸ਼ਿਪ ਤੋਂ ਨਿਕਲ, ਅੱਗੇ ਵਧਣਾ ਚਾਹੁੰਨੀ ਆਂ । ਉਹ ਕਿਸੇ ਨੂੰ ਡੇਟ ਨਾ ਕਰ ਕੇ ਮੇਰੇ ਤੇ ਵੱਡਾ ਅਹਿਸਾਨ ਕਰਦਾ ਏ । ਦੱਸਦਾ ਏ, ਉਹ ਕਿਵੇਂ ਮੇਰੇ ਬਿਨਾਂ ਉਦਾਸ ਏ । ਕਮੀਨਾ" ।

"ਕੋਈ ਹੋਰ ਜ਼ਨਾਨੀ ਤੇ ਖ਼ੁਸ਼ ਹੁੰਦੀ" ।

"ਮੈਂ ਵੀ ਖ਼ੁਸ਼ ਹੋਣਾ ਸੀ ਪਰ ਮੈਨੂੰ ਭੁਲਦਾ ਨਹੀਂ ਕਿ ਇਹ ਉਹੋ ਬੰਦਾ ਏ ਜਿਹਨੇ ਮੈਥੋਂ ਮੇਰਾ ਪੁੱਤਰ ਖੋਹਣ ਦੀ ਕੀਤੀ ਤੇ ਮਗਰੋਂ ਜੇ ਸਰਕਾਰ ਪਕੜ ਨਾ ਕਰਦੀ ਤੇ ਉਸ ਸਾਨੂੰ ਗੁਜ਼ਾਰੇ ਲਈ ਧੇਲਾ ਵੀ ਨਹੀਂ ਸੀ ਦੇਣਾ" ।

"ਹੁਣ ਤੇ ਉਹ ਖ਼ਰਚਾ ਦਿੰਦੇ ਨੇਂ?"

"ਕੋਰਟ ਆਰਡਰ ਆਇਆ ਏ ਤੇ ਮਗਰੋਂ । ਉਸ ਮੇਰੇ ਤੇ ਕਦੀ ਹੱਥ ਨਹੀਂ ਚਾਇਆ ਇਸ ਲਈ ਕਿ ਉਹ ਚਾ ਨਹੀਂ ਸਕਦਾ ਸੀ । ਉਹਨੂੰ ਪੱਕ ਸੀ ਕਿ ਮੈਂ ਉਹਨੂੰ ਅੰਦਰ ਕਰਾ ਦਿਆਂਗੀ ਪਰ ਜਿੱਥੇ ਉਹਦਾ ਵਸ ਲੱਗਾ ਏ ਉਸ ਰੱਜ ਕਮੀਨਗੀਆਂ ਕੀਤੀਆਂ ਨੇਂ" ।

"ਬਰੈਂਡਾ ਤੇਰੀ ਕੀ ਸੁਰਤ ਏ, ਇਹਤਸ਼ਾਮ ਮੇਰੇ ਤੇ ਹੱਥ ਕਿਉਂ ਚਾਇਆ?"

"ਕਿਉਂ ਜੇ ਤੂੰ ਚੰਗਾ ਭਲਾ ਫ਼ੁੱਟ ਮੈਟ ਏਂ, ਜਿਹਦੇ ਅੱਗੇ ਵਿਛੇਗੀ ਉਹ ਪੈਰ ਘਸਾਂਦਾ ਉੱਤੋਂ ਲੰਘ ਜਾਵੇ ਗਾ। ਸ਼ਾਮੀ ਤੇ ਫਿਰ ਵੱਡਾ ਚੱਤਰ ਚਲਾਕ ਏ, ਹਰ ਵਾਰੀ ਐਕਸੀਡੈਂਟ ਬਣਾ ਕੇ ਤੈਨੂੰ ਮਾਰਦਾ ਸੀ । ਉਹਨੂੰ ਵੀ ਪਤਾ ਏ, ਇੱਥੇ ਜੇ ਗੱਲ ਵੱਧ ਗਈ ਤੇ ਪੁੱਠੀ ਪੈ ਜਾਵੇਗੀ" ।

ਮੇਰੇ ਲਈ ਸਿਰ ਉੱਚਾ ਰੱਖਣਾ ਔਖਾ ਏ, ਧੌਣ ਆਕੜੀ ਹੋਈ, ਦਮਾਕ ਜੰਗੀ ਜਹਾਜ਼ਾਂ ਨਾਲ ਖਹਿੰਦਾ ਤੇ ਪਿੰਡਾ ਕਿਸੇ ਅਨਜਾਣ ਏਅਰ ਪੋਰਟ ਤੇ ਠਰੀਂਦਾ ਪਿਆ ਏ। ਸੀਨੇ ਵਿੱਚ ਪੀੜ ਏ । ਲੱਕ, ਮੱਥਾ, ਸਿਰ, ਮੌਢੇ, ਬਾਹਵਾਂ, ਗਿੱਚੀ, ਮੂੰਹ, ਜੀਭ, ਨੱਕ, ਹੱਥ, ਕੋਈ ਅੰਗ ਨਹੀਂ ਜਿਹੜਾ ਦੁੱਖਦਾ ਨਾ ਹੋਵੇ । ਵੱਲ ਵੀ ਨੂਰੋ, ਮੈਂ ਆਹੰਨੀ ਆਂ ਇਹ ਸੱਟਾਂ ਉਨ੍ਹਾਂ ਸੱਟਾਂ ਅੱਗੇ ਰੱਤੀ ਵੀ ਨਹੀਂ ਜਿਹੜੀਆਂ ਮਰਨ ਤੋਂ ਪਹਿਲੋਂ ਤੂੰ ਸਹਾਰੀਆਂ ਸਨੇ । ਤੇਰੇ ਫੱਟ ਜਿੰਦ ਲੈ ਗਏ, ਮੇਰੇ ਐਵੇਂ ਨਿਸ਼ਾਨ ਨੇ । ਤੇਰੀਆਂ ਸੱਟਾਂ ਤੇਰੇ ਨਾਲ ਪੂਰੀਆਂ ਗਈਆਂ, ਮੇਰੀਆਂ ਕੁਝ ਦਿਹਾੜੀਆਂ ਵਿਚ ਖੜੀਜ ਜਾਣਾ ਏ । ਸੁਰਤ ਆਂਦੀ ਏ, ਨੂਰੋ ਦੀ ਮੌਤ ਤੇ ਮੇਰੀ ਹਯਾਤੀ ਵਿਚ ਫੱਟਾਂ ਦਾ ਨਹੀਂ, ਪੈਸੇ ਦਾ ਫ਼ਰਕ ਸੀ । ਮੇਰੇ ਟੱਬਰ ਕੋਲ ਹੈਗਾ ਏ, ਉਹਦੇ ਕੋਲ ਕੋ ਨੀ ਸੀ । ਦੁੱਖ ਦਿਲ ਮਿੱਧ ਕੇ ਸਿਰ ਤੇ ਢਹਿੰਦਾ ਏ, ਮੈਂ ਤ੍ਰਬਕ ਕੇ ਨਿਗਾਹ ਬਾਹਰ ਲਿਆਂਨੀ ਆਂ ।

ਬਰੈਂਡਾ ਕਾਊਂਟਰ ਕੋਲ ਖਲੀ ਬਿਲ ਦਿੰਦੀ ਪਈ ਏ । ਉਹ ਮੁੜ ਕੇ ਮੈਨੂੰ ਵੇਹੰਦੀ ਏ, ਉਹਦੀਆਂ ਅੱਖੀਂ ਵਿਚ ਚਮਕ ਏ ਤੇ ਬੁੱਲ੍ਹ ਕਿਸੇ ਹਾਸੇ ਦੀ ਉਡੀਕ ਵਿਚ ਖੁੱਲੇ ਹੋਏ ਨੇ। ਖ਼ੁਸ਼ ਹੋਵੇ ਤੇ ਬਰੈਂਡਾ ਕਹਿਰ ਦੀ ਸੋਹਣੀ ਲਗਦੀ ਏ । ਡੇਵਿਡ  ਵਿਚ ਵੀ ਇਹੋ ਰਮਜ਼ ਏ, ਦੋਵੇਂ ਆਵਦੀ ਖ਼ੁਸ਼ੀ ਵੇਖਣ ਆਲਿਆਂ ਨੂੰ ਦੇ ਦਵਾ ਦਿੰਦੇ ਨੇ। ਮੈਂ ਉਹਦੇ ਤੇ ਮੁਸਕਾਂਨੀ ਆਂ, ਵੱਲ ਮੇਰਾ ਵਾਤ ਦੁੱਖਦਾ ਏ।

ਮੈਂ ਜਾਣ ਲਈ ਉਠਨੀ ਆਂ ਤੇ ਬਲਵਿੰਦਰ ਕਾਊਂਟਰ ਪਿੱਛੋਂ ਨਿਕਲ, ਮੈਨੂੰ ਨੀਲੇ ਲਿਫ਼ਾਫ਼ੇ ਦਾ ਇਕ ਟੋਟਾ ਦਿੰਦੀ ਏ ਜਿਹਦੇ ਤੇ ਉਹਦਾ ਨਾਂ ਤੇ ਫ਼ੋਨ ਨੰਬਰ ਲਿਖਿਆ ਏ ।

"ਇਹ ਬਲਵਿੰਦਰ ਐ" ਮੈਂ ਬਰੈਂਡਾ ਨੂੰ ਦੱਸਣੀ ਆਂ "ਬਲਵਿੰਦਰ, ਇਹ ਬਰੈਂਡਾ ਏ, ਮੇਰੀ ਦਰਾਨੀ"।

"ਹੁੰਦੀ ਸਾਂ" ਬਰੈਂਡਾ ਖਿਲ ਕੇ ਬਲਵਿੰਦਰ ਨਾਲ ਹੱਥ ਮਿਲਾਂਦੀ ਏ ।

ਅਸੀਂ ਬਾਹਰ ਆਂਨੇ ਆਂ, ਉੱਕਾ ਬਰੈਂਡਾ ਦੀ ਚਿੱਟੀ ਟਿਓਟਾ ਪਾਰਕਿੰਗ ਲਾਟ ਵਿਚ ਖਲੀ ਏ।

"ਤੂੰ ਇਹਨੂੰ ਜਾਣਦੀ ਏਂ?" ਉਹ ਮੇਰੇ ਲਈ ਅਗਲਾ ਬੂਹਾ ਖੋਲਦੀ ਏ ।

"ਅੱਜੋ ਮਿਲੇ ਆਂ" ਮੈਂ ਬਹਿ ਜਾਂਨੀ ਆਂ ।

"ਉਹਨੇ ਬਿਲ ਨਹੀਂ ਲਿਆ" ਬਰੈਂਡਾ ਕਾਰ ਸਟਾਰਟ ਕਰਦੀ ਏ ।

"ਨਹੀਂ?" ਮੈਂ ਪੀੜਾਂ ਸਹਿੰਦੀ ਮੁਸਕਾ ਪੈਂਨੀ ਆਂ, ਹਾਂ ਠਾਰਿਆ ਈ ਪੰਜਾਬਣ ਏ ਰਹਿੰਦਾ ਪੰਧ ਮੂੰਹ ਤੇ ਠੋਡੀ ਹੱਥਾਂ ਵਿਚ ਫੜ ਕੇ ਕਰਨਾ ਪੈਂਦਾ ਏ ।

ਅਸੀਂ ਇਕ ਵੱਡੇ ਸਾਰੇ ਘਰ ਮੂਹਰੇ ਖਲੋਂਨੇ ਆਂ । ਇਹ ਨਾ ਤੇ ਦਾਰੁਲ–ਅਮਾਨ ਲਗਦਾ ਏ ਤੇ ਨਾ ਅਫ਼ਗ਼ਾਨ ਮਹਾਜਰ ਕੈਂਪ । ਬਾਹਰਲੀ ਗਰੋਂਡ ਸਾਵੀ ਘਾਹ ਤੇ ਫੁੱਲਾਂ ਦਾ ਬਗ਼ੀਚਾ, ਬਾਰੀਆਂ ਤੇ ਰੰਗੇ ਹੋਏ ਸ਼ੀਸ਼ੇ, ਬੂਹੇ ਤੇ ਰਾਖਵਾਂ ਸਪੀਕਰ ਸਿਸਟਮ।

ਇਕ ਕਾਊਂਸਲਰ ਜਿਹਦਾ ਨਾਂ ਲੀ ਏ, ਬੂਹਾ ਖੋਲ ਸਾਨੂੰ ਉਤਲੀ ਮੰਜ਼ਿਲ ਤੇ ਇਕ ਦਫ਼ਤਰੀ ਕਮਰੇ ਵਿਚ ਲਿਜਾਂਦੀ ਏ ।

ਉਹਦਾ ਪਹਿਲਾ ਸਵਾਲ ਏ ਬਈ ਮੈਂ ਡਾਕਟਰ ਨੂੰ ਵਿਖਾਇਆ ਯਾਂ ਨਹੀਂ । ਮੈਂ ਆਹੰਨੀ ਆਂ, ਮੈਨੂੰ ਐਸਪਰੀਨ ਯਾਂ ਟਾਇਲਾਨੋਲ ਦੀ ਲੋੜ ਏ । ਉਹਨੂੰ ਵਸਾਹ ਨਹੀਂ ਹੁੰਦਾ ਪਰ ਵੱਲ ਵੀ ਉਹ ਮੈਨੂੰ ਦੋ ਗੋਲੀਆਂ ਐਸਪਰੀਨ ਤੇ ਪਾਣੀ ਦਾ ਗਲਾਸ ਦੇ, ਮੁੜ ਫ਼ਾਰਮ ਪੁਰ ਕਰਨ ਲੱਗ ਪਈ ਏ।

ਥਕੇੜਾ ਮੈਨੂੰ ਜ਼ੇਰ ਕੀਤੀ ਪਿਆ ਏ, ਬਰੈਂਡਾ ਈ ਸਾਰੀ ਗੱਲ ਬਾਤ ਕਰਦੀ ਏ ।

ਰਾਤ ਦਾ ਇਕ ਵੱਜਿਆ ਏ ਜਦ ਬਰੈਂਡਾ ਘਰਾਂ ਨੂੰ ਵਲਦੀ ਏ ।

ਲੀ ਮੈਨੂੰ ਚੱਦਰਾਂ, ਤੋਲੀਆ, ਟਾਈਲੀਟਰੀਜ਼ ਤੇ ਸਾਵੀ ਪਲਾਸਟਿਕ ਦੇ ਛੱਲੇ ਵਿਚ ਇਕ ਚਾਬੀ ਫੜਾਂਦੀ ਏ । ਮੁੜ ਪੌੜੀਆਂ ਚੜ੍ਹ, ਮੈਨੂੰ ਇੱਕ ਕਮਰੇ ਵਿਚ ਲਿਆਂਦੀ ਏ ਜਿੱਥੇ ਇਕ ਡਬਲ ਤੇ ਦੋ ਸਿੰਗਲ ਬੈੱਡ ਪਏ ਨੇ ।

ਮੈਂ ਨੇੜੇ ਆਲੇ ਸਿੰਗਲ ਤੇ ਲੇਟ ਇੰਜ ਸੋਂਨੀ ਆਂ ਜਿਵੇਂ ਵੈਲੀਅਮ ਦੀਆਂ ਤਰੈ ਚਾਰ ਗੋਲੀਆਂ ਖਾਦੀ ਪਈ ਹੋਵਾਂ ।

# ਸਰਗੀ ਵੇਲੇ

ਮੈਂ ਮੰਮੀ ਜੀ ਦਾ ਨਾਸ਼ਤਾ ਬਣਾਣ ਉਠਨੀ ਆਂ ਪੈਰ ਕਲੀਨ ਵਿਚ ਖੁੱਬਣ ਥਾਈਂ ਲੱਕੜ ਦੇ ਠੰਢੇ ਤਿਲਕ੍ਹਨੇ ਫ਼ਰਸ਼ ਤੇ ਪੈਂਦੇ ਨੇ । ਮੈਂ ਅੱਖਾਂ ਖੋਲਨੀ ਆਂ, ਕੋਈ ਕੰਧ ਮੇਰੀ ਨਿਗਾਹ ਨੂੰ ਨਹੀਂ ਡੱਕਦੀ ।

ਇਕ ਬਾਰੀ ਦੇ ਚੋਖਟੇ ਵਿੱਚੋਂ ਸਾਵੇ ਉਚੇ ਰੁੱਖਾਂ ਔਲ੍ਹੇ, ਮੇਰੀ ਨਿਗਾਹ ਨੀਲੇ ਅਸਮਾਨ ਦੇ ਪਤਾਲਾਂ ਵਿਚ ਜਾਂਦੀ ਏ। ਅਸਮਾਨ ਇੱਕੋ ਏ ਵੱਲ ਵੀ ਕਿਧਰੇ ਹੋਰ ਤੇ ਕਿਧਰੇ ਹੋਰ । ਇਹਤਸ਼ਾਮ ਦੀ ਮੂਰਤ ਆਲਾ ਅਸਮਾਨ ਫ਼ੈਰੋਜ਼ੇ ਦਾ ਚੋਨੁਕਰਾ ਨਗ ਸੀ ਜਿਹਦੇ ਤੇ ਬੱਦਲਾਂ ਦੀਆਂ ਚਾਂਦੀ ਰੰਗੀਆਂ ਦਰਾੜਾਂ ਸਨ। ਇਹ ਫਿੱਕਾ ਨੀਲਾ ਅਸਮਾਨ ਘਸਮੈਲੇ ਬੱਦਲਾਂ ਦੀਆਂ ਗਵਾਚੀਆਂ ਗਾਵਾਂ ਦੇ ਖੁਰਾਂ ਥੱਲੇ ਇੱਕ ਟੁੰਡ ਮੁੰਡ ਕਿੱਲਾ ਏ । ਮੈਂ ਅੱਗੇ ਵੇਖਣ ਤੋਂ ਘਾਬਰਨੀ ਆਂ, ਸਾਹ ਔਖਾ ਹੋ ਜਾਂਦਾ ਏ ।

ਇਹ ਕਮਰਾ ਵੱਡਾ ਏ, ਫ਼ਰਨੀਚਰ ਨਾਲ ਵੀ ਖ਼ਾਲੀ ਖ਼ਾਲੀ । ਨਿੱਕੀ ਮੇਜ਼ ਤੇ ਤਹਿ ਕੀਤੇ ਹੋਏ ਸਫ਼ਾ ਉੂਦੇ ਤੋਲੀਏ ਤੇ ਕਿੰਨੀਆਂ ਵਡੀਆਂ ਸ਼ੀਸ਼ੀਆਂ ਤੇ ਟਿਊਬਾਂ ਨੇ । ਨਵੀਆਂ ਲਗਦੀਆਂ ਨੇ, ਮੈਨੂੰ ਰੱਫ਼ੋ ਦੇ ਤੇ ਆਵਦੇ ਵਿਚਕਾਰ ਖਿੱਲਰੇ ਮੇਕ ਅੱਪ ਦਾ ਸਮਿਆਣ ਚੇਤੇ ਆਂਦਾ ਏ ।

ਮੈਂ ਤੋਲੀਆ ਚਾ ਕੇ ਪਲੰਗ ਤੇ ਰੱਖ ਲੈਂਨੀ ਆਂ। ਇਕ ਨਿੱਕੀ ਕੋਲਗੇਟ ਟੁੱਥ ਪੇਸਟ, ਦੰਦਾਂ ਦਾ ਬਿੱਡਾ ਬੁਰਸ਼, ਰਵਾਲ ਕੂ ਚੱਕੀ ਸਾਬਣ ਦੀ । ਸ਼ੈਂਪੂ ਤੇ ਕੰਡੀਸ਼ਨਰ ਦੀਆਂ ਬੋਤਲਾਂ, ਖੀਸੇ ਆਲੀ ਕੰਘੀ ਤੇ ਮੂੰਹ ਆਲਾ ਤੋਲੀਆ। ਇਹ ਰੱਫ਼ੋ ਦੇ ਸਮਿਆਣ ਵਾਂਗ ਨਹੀਂ, ਉਸ ਸਫ਼ਰੀ ਕਿੱਟ ਵਾਂਗ ਏ ਜਿਹੜੀ ਪੀ ਆਈ ਏ ਆਲਿਆਂ ਮੈਨੂੰ ਭਾ ਦੇ ਵਿਆਹ ਤੋਂ ਮੁੜਦਿਆਂ ਦਿੱਤੀ ਸੀ ।

ਮੈਂ ਸ਼ੀਸ਼ੀਆਂ ਟੋਹਨੀ ਆਂ, ਖੋਲ ਖੋਲ ਕੇ ਸੁੰਘਣੀ ਆਂ । ਹੁਣ ਮੈਂ ਉਨ੍ਹਾਂ ਨੂੰ ਤੋਲੀਏ ਦੇ ਮੈਦਾਨ ਵਿਚ ਹਾਕੀ ਪੱਕਾਂ ਹਾਰ ਰੇੜ੍ਹਨ ਲੱਗ ਪਈ ਆਂ । ਵੱਲ ਮੈਨੂੰ ਅਚਰਜ ਲਗਦਾ ਏ, ਖ਼ੋਰੇ ਇਹ ਸ਼ੈਆਂ ਮੈਨੂੰ ਇਤਲੀਆਂ ਭਾਅ ਗਈਆਂ ਨੇ ਕਿਉਂ ਜੇ ਇਸ ਅਮੀਰ ਵਸੇਬੇ ਵਿਚ ਨੌਂ ਦਸ ਵਰ੍ਹੇ ਮੈਂ ਬਿਨਾਂ ਸ਼ੈਆਂ ਲੋਚੇ ਰਹਿੰਦੀ ਰਹੀ ਆਂ ।

ਪਰ ਗੱਲ ਅਸਲੋਂ ਏਨੀ ਨਹੀਂ। ਇਹ ਸ਼ੈਆਂ ਇਕ ਮੇਰੇ ਲਈ ਨੇ। ਇਹ ਉਹ ਥੋਕ ਦਾ ਸਾਬਣ, ਸ਼ੈਂਪੂ ਤੇ ਲੋਸ਼ਨ ਨਹੀਂ ਜਿਹੜਾ ਇਹਤਸ਼ਾਮ ਸਾਡੇ ਲਈ ਗਰੋਸਰੀ ਨਾਲ ਲਿਆਂਦਾ ਏ। ਇਹ ਉੱਕਾ ਮੇਰੇ ਵਰਤਣ ਲਈ ਨੇ।

ਮੈਂ ਹਰ ਸ਼ੈਅ ਸਮੇਟ, ਬੂਹਿਉਂ ਬਾਹਰ ਨਿਕਲ ਜਾਂਨੀ ਆਂ ।

ਵਾਸ਼ ਰੂਮ ਮੂਹਰੇ ਏ ਪਰ ਖ਼ਾਲੀ ਨਹੀਂ ।

ਹਾਲ ਵੇ ਵਿਚ 'ਐਗਜ਼ਿਟ ਸੋਰਟੀ' ਮੇਰੇ ਸੱਜੇ ਹੱਥ ਦੇ ਬੂਹੇ ਤੇ ਲਿਖਿਆ ਏ, ਮੈਂ ਪੌੜੀਆਂ ਲਈ ਖੱਬੇ ਮੁੜਨੀ ਆਂ ।

ਉਸੇ ਵੇਲੇ ਅਖ਼ੀਰਲਾ ਬੂਹਾ ਖੁਲ੍ਹਦਾ ਏ ਤੇ ਇਕ ਨਿੱਕੇ ਸੁਨਹਿਰੀ ਬੋਦੀਆਂ ਆਲੀ ਜ਼ਨਾਨੀ ਪੌੜੀਆਂ ਚੜ੍ਹ ਆਂਦੀ ਏ।

ਉਹ ਬਰੈਂਡਾ ਹਾਰ ਗੋਰੀ ਏ ਪਰ ਉਹਦੇ ਜਿਹੀ ਨਹੀਂ ।

"ਗੁੱਡ ਮਾਰਨਿੰਗ" ਉਹ ਮੈਨੂੰ ਹੱਥ ਹਿਲਾਂਦੀ ਏ ।

ਮੇਰਾ ਖ਼ਿਆਲ ਆਵਦੇ ਲੀੜਿਆਂ ਵੱਲ ਪੈਂਦਾ ਏ, ਮੈਂ ਹਾਲੀ ਵੀ ਉਹੋ ਪਿਆਜ਼ੀ ਸ਼ਲਵਾਰ ਕਮੀਜ਼ ਪਾਈ ਖਲੀ ਆਂ ਜਿਹੜਾ ਮਾਂ ਜੀ ਮੇਰੇ ਦਾਜ ਵਿਚ ਦਿੱਤਾ ਸੀ। ਦਿਲ ਕਰਦਾ ਏ ਅੱਜ ਮੈਂ ਆਵਦਾ ਡਿਜ਼ਾਈਨ ਕੀਤਾ ਹੋਇਆ ਕਾਟਨ ਦਾ ਸੂਟ ਪਾਇਆ ਹੋਵੇ ਆ ।

"ਸਾ.... ਕੀਨਾ, ਇਜ਼ ਇੱਟ?" ਜ਼ਨਾਨੀ ਨੇੜੇ ਆਂਦੀ ਏ ।

"ਯੈਸ"।

"ਮੈਂ ਜੋਈਨੀ ਆਂ, ਰਾਤੀਂ ਤੂੰ ਲੀ ਨੂੰ ਮਿਲੀ ਸੈਂ" ।

"ਆਹੋ" ਮੈਂ ਤੋਲੀਆ ਹੱਥਾਂ ਵਿਚ ਮਲਣੀ ਆਂ ।

"ਇੱਥੇ ਇੱਧਰ ਇਕ ਹੋਰ ਵਾਸ਼ ਰੂਮ ਵੀ ਏ" ।

"ਨੋ ਥੈਂਕ ਯੂ" ਮੈਨੂੰ ਆਵਦੀ ਲੋੜ ਤੇ ਸੰਗ ਆਂਦੀ ਏ "ਕਿਚਨ?"

"ਹਾਂ, ਤੈਨੂੰ ਭੁੱਖ ਲੱਗੀ ਹੋਣੀ ਏ" ਜੋਈਨੀ ਮੈਨੂੰ ਪੌੜੀਆਂ ਵੱਲ ਲਿਜਾਂਦੀ ਏ ।

ਜੋਈਨੀ ਦੀਆਂ ਅੱਖਾਂ ਨਿਰਮਲਾ ਹਾਰ ਵੱਡੀਆਂ ਨੇਂ ਪਰ ਨੀਲੀਆਂ ਟੀਟ, ਜਿਹੜੀ ਸ਼ੈਅ ਵੇਖਣ ਲੱਗ ਪੈਣ ਜਾਪਦਾ ਏ ਵੇਖਣ ਹਾਰ ਤੇ ਉਹੀਓ ਏ। ਉਹਨੇ ਜਿਹੜੇ ਲੀੜੇ ਪਾਏ ਹੋਏ ਨੇ ਉਹ ਮੈਂ ਬਰੈਂਡਾ ਦੇ ਕਿਸੇ ਫ਼ੈਸ਼ਨ ਰਸਾਲੇ ਵਿਚ ਨਹੀਂ ਡਿੱਠੇ । ਘਸਮੈਲੀ ਟੀ–ਸ਼ਰਟ ਤੇ ਚੂਹੇ ਰੰਗੀ ਜੀਨ, ਕਾਲੇ ਬੂਟ, ਲੱਕ ਤੇ ਗੂੜ੍ਹੇ ਜੰਮੂੰ ਰੰਗ ਦੀ ਖੱਡੀ ਤੇ ਬਣੀ ਬੈਲਟ, ਗਿੱਚੀ ਦੁਆਲੇ ਸ਼ੋਖ਼ ਨੀਲੇ ਤੇ ਜੰਮੂੰ ਰੰਗੀਆਂ ਲੀਹਾਂ ਆਲਾ ਊਨੀ ਮਫ਼ਲਰ। ਖ਼ੋਰੇ ਮੈਨੂੰ ਉਹਦੇ ਲੀੜੇ ਬਰੈਂਡਾ ਦੇ ਲੀੜਿਆਂ ਤੋਂ ਵੱਧ ਚੰਗੇ ਇਸ ਲਈ ਪਏ ਲਗਦੇ ਨੇ ਕਿ ਮੇਰੀ ਹਾਰ ਨਾ ਤੇ ਉਹਦਾ ਪਿੰਡਾ ਕਿਧਰੋਂ ਨੰਗਾ ਏ ਤੇ ਨਾ ਲੀੜੇ ਡਾਢੇ ਤੰਗ ।

"ਅੰਡੇ ਟੋਸਟ ਤੇ ਸੀਰੀਅਲ?" ਕਿਚਨ ਵੜਦਿਆਂ ਜੋਈਨੀ ਪੁੱਛਦੀ ਏ ।

"ਸੀਰੀਅਲ" ਮੈਂ ਆਹੰਨੀ ਆਂ ।

ਵਿਚਕਾਰਲਾ ਕਾਊਂਟਰ ਮੈਨੂੰ ਭਾ ਪਾਸੇ ਦਾ ਕਿਚਨ ਚੇਤੇ ਕਰਾਂਦਾ ਏ। ਅਲਮਾਰੀਆਂ ਸੁੱਕੇ ਰਾਸ਼ਨ ਨਾਲ ਭਰੀਆਂ ਹੋਈਆਂ ਨੇ। ਕੰਧਾਂ ਤੇ ਪੋਸਟਰ, ਚਾਰਟ, ਕੈਲੰਡਰ ਤੇ ਬਾਲਾਂ ਦੀਆਂ ਮੂਰਤਾਂ ਨੇ । ਫ਼ਰਿੱਜ ਤੇ ਲੱਗੇ ਇਕ ਪੋਸਟਰ ਤੇ ਲਿਖਿਆ ਏ 'ਨੋ ਟੂ ਵਾਈਫ਼ ਅਸਾਲਟ, ਵੋਹਟੀਆਂ ਤੇ ਹੱਥ ਚਾਵਨ ਨੂੰ ਨਾ ਆਖੀਏ ।

ਜੋਈਨੀ ਮੈਨੂੰ ਇੱਕ ਕੇਲਾ ਫੜਾ, ਲਮਾਰੀ ਖੋਲ ਕੇ ਸੀਰੀਅਲਾਂ ਦੇ ਡੱਬੇ ਵਿਖਾਂਦੀ ਏ । ਮੈਂ ਘਾਬਰ ਜਾਂਨੀ ਆਂ ਤੇ ਮੰਮੀ ਜੀ ਦੀ ਪਸੰਦ ਦੇ ਹਨੀ ਨਟ ਚੀਰੀਓਜ਼ ਦਾ ਡੱਬਾ ਫੜ ਲੈਂਨੀ ਆਂ ।

"ਕੋਫ਼ੀ?"

"ਨੋ ਥੈਂਕ ਯੂ" ਮੈਂ ਚੀਰੀਓਜ਼ ਤੇ ਦੁੱਧ ਪਾ, ਕੁਰਸੀ ਤੇ ਬਹਿ ਜਾਂਨੀ ਆਂ ।

"ਅੱਜ ਦਾ ਕੀ ਪਲਾਨ ਏ?" ਜੋਈਨੀ ਮੱਗੇ ਵਿੱਚ ਕੋਫ਼ੀ ਪਾਂਦਿਆਂ ਪੁੱਛਦੀ ਏ।

ਪਲਾਨ? ਮੈਂ ਦੁੱਧ ਤੇ ਤੁਰਦੇ ਚੀਰੀਓਜ਼ ਦੇ ਨਿੱਕੇ ਨਿੱਕੇ ਛੱਲਿਆਂ ਨੂੰ ਚਮਚੀ ਨਾਲ ਧੱਕ ਧੱਕ ਕੇ ਡੋਬਣੀ ਆਂ, ਉਹ ਮੁੜ ਤਰ ਪੈਂਦੇ ਨੇ। ਅੱਜ ਦਾ ਪਲਾਨ?

ਜੋਈਨੀ ਮੂਹਰੇ ਕੁਰਸੀ ਤੇ ਬਹਿ ਜਾਂਦੀ ਏ ।

"ਬਰੈਂਡਾ ਨੂੰ ਕਾਲ ਕਰਨੀ ਏ" ਮੈਂ ਚੀਰੀਓਜ਼ ਲੰਘਾਨੀ ਆਂ ।

"ਬਰੈਂਡਾ ਉਹ ਸਹੇਲੀ ਜਿਹੜੀ ਕਲ੍ਹ ਤੈਨੂੰ ਇੱਥੇ ਲਿਆਈ ਸੀ?" ਜੋਈਨੀ ਮੇਜ਼ ਤੇ ਪਈ ਪਨੀਰ ਦਾ ਟੋਟਾ ਕੱਟ ਕੇ ਮੂੰਹ ਵਿਚ ਰੱਖਦੀ ਏ ।

"ਦਰਾਨੀ" ਮੈਂ ਆਹਨੀ ਆਂ "ਹੁੰਦੀ ਸੀ"।

"ਮੁਸਲਮਾਨ ਏ?"

"ਨਹੀਂ, ਕਰਿਸਚਨ । ਵਿਆਹ ਲਈ ਮੁਸਲਮਾਨ ਹੋਈ ਸੀ, ਨਾਂ ਏ ਅਨਜੁਮਨ ਬਰੈਂਡਾ ਸਿਲਵਰਸਮਿਥ ਅਹਿਮਦ । ਮੇਰੇ ਖ਼ੌਂਦ ਦੇ ਨਿੱਕੇ ਭਰਾ ਨਾਲ ਲਵ ਮੈਰਿਜ ਹੋਈ ਸੀ, ਹੁਣ ਤਲਾਕ ਹੋ ਗਈ ਏ"।

"ਤੇਰਾ ਉਹਦੇ ਨਾਲ ਸਾਂਗਾ ਚੰਗਾ ਲਗਦਾ ਏ"।

"ਹਾਂ, ਬੜਾ ਚੰਗਾ" ਸ਼ਨਤਾਲ, ਮਿਸ਼ੇਲ ਤੇ ਹੈਰੀਅਟ ਨਾਲ ਵੀ ਪਰ ਖ਼ੋਰੇ ਮੈਂ ਹੁਣ ਉਨ੍ਹਾਂ ਨੂੰ ਕਦੇ ਮਿਲਾਂ ਕਿ ਨਾ । "ਫ਼ੋਨ?" ਮੈਂ ਸੀਰੀਅਲ ਮੁਕਾ ਦਿੱਤਾ ਏ ।

"ਚੱਲਣੇ ਆਂ । ਕੋਫ਼ੀ?"

"ਆਹੋ" ਮੈਂ ਕੋਲਾ ਧੋ ਕੇ ਰੱਖਣੀ ਆਂ, ਜੋਈਨੀ ਮੈਨੂੰ ਕੋਫ਼ੀ ਬਣਾ ਕੇ ਦਿੰਦੀ ਏ ।

ਦਫ਼ਤਰ ਆਲੇ ਕਮਰੇ ਵਿਚ ਉਹ ਬਰੈਂਡਾ ਦਾ ਨੰਬਰ ਮਿਲਾਂਦੀ ਏ, ਉਹ ਅੱਗੋਂ ਚੁੱਕਦੀ ਨਹੀਂ । ਮੈਂ ਮਸ਼ੀਨ ਤੇ ਸੁਨੇਹਾ ਛੱਡ ਦੇਂਨੀ ਆਂ ।

"ਤੂੰ ਘਰ ਕਿਉਂ ਛੱਡਿਆ?" ਜੋਈਨੀ ਡੈਸਕ ਪਿੱਛੋਂ ਪੁੱਛਦੀ ਏ ।

"ਮੈਂ .... ਉਹ .... ਮੇਰੇ ਮਾਂ ਜੀ .... ਫ਼ੋਤ ਹੋ ਗਏ ਨੇ"।

"ਤੂੰ ਮਾਂ ਨਾਲ ਰਹਿੰਦੀ ਸੈਂ?"

"ਨਹੀਂ । ਉਹ ਬਗ਼ਦਾਦ ਗਏ ਹੋਏ ਸਨ"।

"ਪਰ ਤੂੰ ਪਾਕਿਸਤਾਨੀ ਏਂ?"

"ਹਾਂ । ਮਾਂ ਜੀ ਕਲ੍ਹ ਬਗ਼ਦਾਦ ਵਿਚ ਅਮਰੀਕੀ ਬਮ ਨਾਲ ਮਰ ਗਏ ਨੇ"।

"ਬਗ਼ਦਾਦ? ਖ਼ਬਰਾਂ ਵਿਚ ਆਇਆ ਸੀ, ਅਮਰੀਕੀਆਂ ਦਾ ਆਪ੍ਰੇਸ਼ਨ ਡੈਜ਼ਰਟ ਸਟਾਰਮ। ਦੋ ਸੋ ਤੋਂ ਵੱਧ ਨਹੱਥੇ ਸ਼ਹਿਰੀ ਮਾਰੇ ਗਏ ਨੇ । ਉਨ੍ਹਾਂ ਵਿਚ ਤੇਰੀ ਮਾਂ ਵੀ ਸੀ?"

"ਹਾਂ "।

"ਬੜਾ ਅਫ਼ਸੋਸ ਏ ਜਿੰਦ" ।

"ਉਹ ਹੁਣ ਬਹਿਸ਼ਤਾਂ ਵਿਚ ਨੇ" ।

"ਅੱਛਾ?" ਜੋਈਨੀ ਲੋਹੇ ਦੀ ਫ਼ਾਇਲਾਂ ਆਲੀ ਲਮਾਰੀ ਉੱਤੇ ਰੱਖਿਆ ਇੱਕ ਨਿੱਕਾ ਜਿਹਾ ਟੀ ਵੀ ਲਾਂਦੀ ਏ "ਸਾਨੂੰ ਪੱਕ ਕਿਵੇਂ?"

"ਜਿਹੜਾ ਮਾਅਸੂਮ ਅੱਲਾਹ ਰਾਹੀਂ ਮਾਰਿਆ ਜਾਂਦਾ ਏ, ਸ਼ਹੀਦ ਹੁੰਦਾ ਏ ਤੇ ਸ਼ਹੀਦ ਸਿੱਧੇ ਬਹਿਸ਼ਤ ਵਿਚ ਜਾਂਦੇ ਨੇਂ" ।

ਟੀ ਵੀ ਤੇ ਅਮਰੀਕਾ ਦਾ ਕੋਈ ਜਰਨੈਲ ਆਪ੍ਰੇਸ਼ਨ ਡੈਜ਼ਰਟ ਸਟਾਰਮ ਵਿਚ ਵਰਤੇ ਗਏ ਹਥਿਆਰਾਂ ਦੀ ਕਾਰਗੁਜ਼ਾਰੀ ਬਾਰੇ ਦੱਸਦਾ ਪਿਆ ਏ । ਵੱਲ ਇਕ ਡਰਾਕਲਾ ਜੰਗੀ ਜਹਾਜ਼ ਕਿਸੇ ਅੱਡੇ ਤੋਂ ਉੱਡਦਾ ਏ ਤੇ ਇਕ ਸ਼ਹਿਰ ਤੇ ਬੰਮ ਸੁੱਟਦਾ, ਧਮਾਕੇ ਕਰਦਾ ਮੁੜ ਜਾਂਦਾ ਏ । ਮਰਨ ਤੋਂ ਪਹਿਲੋਂ ਮਾਂ ਜੀ ਮੌਤ ਦੀ ਇਹ ਵਾਜ ਸੁਣੀ ਹੋਣੀ ਏ?

ਮੇਰੇ ਫੇਫੜੇ ਸੁੰਗੜਦੇ ਨੇ ਤੇ ਉਨ੍ਹਾਂ ਵਿੱਚੋਂ ਇੱਕ ਘੁੱਟੀ ਵਾਜ ਨਿਕਲਦੀ ਏ, ਜਿਵੇਂ ਗੱਲ ਘੋਟੂ ਚੀਕ ਹੋਵੇ ।

"ਸਾਕੀਨਾ" ਜੋਈਨੀ ਡੈਸਕ ਮਗਰੋਂ ਆ ਕੇ ਮੈਨੂੰ ਜੱਫੀ ਪਾ ਲੈਂਦੀ ਏ ।

ਮੈਨੂੰ ਪਤਾ ਨਹੀਂ ਪਰ ਸੋਗ ਮਨਾਣ ਦਾ ਵੇਲਾ ਆਗਿਆ ਏ ।

"ਦਿਲ ਕਰਦਾ ਈ ਤੇ ਰੋ ਲੈ ਜਿੰਦ, ਇਹ ਥਾਂ ਰਾਖਵੇਂ ਏ" ।

ਮੇਰੇ ਹੰਝੂ ਕਿਰਨ ਲੱਗ ਪੈਂਦੇ ਨੇਂ ।

"ਮੈਂ ਟੀ ਵੀ ਬੰਦ ਕਰ ਦੇਂਨੀ ਆਂ" ।

"ਨਹੀਂ" ਮੈਂ ਸਿਰ ਹਲਾਂਨੀ ਆਂ, ਖ਼ੋਰੇ ਕੋਈ ਜ਼ਖ਼ਮੀਆਂ ਨੂੰ ਵਿਖਾਉਣ ।

ਵੇਖਣ ਦਾ ਹੋਸਲਾ ਏ?

ਬੰਮਾਂ ਦੇ ਡੱਠਣ, ਧਮਾਕਿਆਂ, ਅੱਗਾਂ ਤੇ ਵਗਦੇ ਖ਼ੂਨ ਆਲੇ ਸੀਨਾਂ ਮਗਰੋਂ ਸੀ ਐਨ ਐਨ ਆਲੇ ਅਮਰੀਕਾ ਦੇ ਇਕ ਪੱਬ ਵਿਚ ਬੈਠੇ ਕੁੱਝ ਬੰਦੇ ਤੇ ਜ਼ਨਾਨੀਆਂ ਵਿਖਾਂਦੇ ਨੇ ਜਿਹੜੇ ਇਸ ਐਕਸ਼ਨ ਦੀ ਹਲਾ ਸ਼ੇਰੀ ਪਏ ਕਰਦੇ ਨੇਂ ।

ਇਹ ਅਮਰੀਕਾ ਵੀ ਕੀਂ ਜਿਹਾ ਵੰਡਰਲੈਂਡ ਏ, ਮੇਰਾ ਲਹੂ ਮੇਰੀਆਂ ਅੱਖੀਂ ਵਿਚ ਬਲਦਾ ਏ।

'ਦੁਸ਼ਮਣ ਮਰੇ ਤੇ ਖ਼ੁਸ਼ੀ ਨਾ ਕਰੀਏ, ਸੱਜਣਾਂ ਵੀ ਮਰ ਜਾਣਾ' ਮੈਂ ਜੋਈਨੀ ਨੂੰ ਆਹਨੀ ਆਂ, ਹੰਝੂ ਮੇਰੀ ਗੋਦੀ ਵਿੱਚ ਢਹਿੰਦੇ ਪਏ ਨੇ।

"ਸੋਰੀ ਜਿੰਦ, ਮੈਨੂੰ ਤੇਰੀ ਬੋਲੀ ਸਮਝ ਨਹੀਂ ਆਈ" ਜੋਈਨੀ ਮੇਰੇ ਮੱਥੇ ਤੋਂ ਵਾਲ ਪਰਾਂਹ ਕਰਦੀ ਏ, ਮੈਨੂੰ ਮਾਂ ਜੀ ਚੇਤੇ ਆਂਦੇ ਨੇ।

"ਡੋਂਟ ਸੈਲੀਬਰੇਟ ਦੀ ਡੈੱਥ ਆਫ਼ ਐਨ ਐਨਿਮੀ, ਫ਼ਰੈਂਡਜ਼ ਆਰ ਗੋਇੰਗ ਟੂ ਡਾਏ ਟੂ" ।

ਜੋਈਨੀ ਟੀ ਵੀ ਬੰਦ ਕਰਦੀ ਏ ਤੇ ਮੈਨੂੰ ਰੋਵਣ ਦਿੰਦੀ ਏ ।

"ਤੈਨੂੰ ਕੀ ਜਾਪਦਾ ਏ, ਤੂੰ ਆਵਦੀ ਮਾਂ ਪਾਰੋਂ ਇੰਨਾ ਚਿਰ ਇਕ ਮਾਰੂ ਤਾਅਲੁੱਕ ਵਿਚ ਰਹਿੰਦੀ ਰਹੀ ਏਂ?" ਉਹ ਪੁੱਛਦੀ ਏ ।

"ਹੋ ਸਕਦਾ ਏ ਪਰ ਕਾਰਨ ਇਹ ਨਹੀਂ ਸੀ"। ਮੈਂ ਹੰਝੂ ਪੂੰਝਦੀ ਆਹਨੀ ਆਂ।

"ਤੇਰੀ ਫ਼ਾਈਲ ਵਿਚ ਲਿਖਿਆ ਏ, ਇਜਾਜ਼ਤ ਦੇਵੇਂ ਤੇ ਪੜ੍ਹਾਂ?"

"ਆਹੋ"।

"ਇੱਥੇ ਲਿਖਿਆ ਏ ਕਿ ਤੂੰ ਬਿਆਸੀ ਵਿਚ ਕੈਨੇਡਾ ਆਈ, ਤੇਰਾ ਵਿਆਹ ਹੋਇਆ ਹੋਇਆ ਸੀ ਤੇ ਉਮਰ ਅਠਾਰ੍ਹਾਂ ਵਰ੍ਹੇ ਸੀ"।

"ਹਾਂ"।

"ਤੇਰਾ ਖ਼ੋਂਦ ਨਾਲ ਆਇਆ ਸੀ?"

"ਨਹੀਂ ਉਹ ਇੱਥੇ ਈ ਜੰਮਿਆ ਪਲਿਆ ਏ"।

"ਅੱਛਾ, ਉਹ ਵਿਆਹ ਕਰਨ ਲਈ ਵਾਪਸ ਗਿਆ ਹੋਣਾ ਏ?"

"ਨਹੀਂ, ਸਾਡਾ ਨਿਕਾਹ ਫ਼ੋਨ ਤੇ ਹੋਇਆ ਸੀ" ਮੈਂ ਉਹਦਾ ਮੁੱਖ ਵੇਖ ਕੇ ਖਿਲ ਪੈਂਨੀ ਆਂ।

"ਮੈਨੂੰ ਇੱਕ ਪਲ ਸਮਝਣ ਦੇ, ਤੇਰਾ ਵਿਆਹ ਫ਼ੋਨ ਤੇ ਕਿਸੇ ਈਂ ਜਿਹੇ ਮਰਦ ਨਾਲ ਹੋਇਆ ਜਿਹਨੂੰ ਤੂੰ ਪਹਿਲੋਂ ਕਦੀ ਵੇਖਿਆ ਨਹੀਂ ਸੀ?"

"ਹਾਂ, ਮੈਂ ਲਾਹੌਰੋਂ ਟੋਰੰਟੋ ਦੇ ਹਵਾਈ ਅੱਡੇ ਤੋੜੀ ਕੱਲੀ ਆਈ। ਅੱਗੋਂ ਮੈਨੂੰ ਬਰੈਂਡਾ ਤੇ ਇਸਹਾਕ ਭਾਈ ਲੈਣ ਆਏ ਹੋਏ ਸੀ"।

"ਮੈਨੂੰ ਦੱਸ, ਇਹ ਇਕ ਆਮ ਪਾਕਿਸਤਾਨੀ ਮੁਸਲਮਾਨ ਟੱਬਰ ਏ?"

"ਨਹੀਂ, ਬੜੇ ਘੱਟ ਟੱਬਰ ਗੋਰੀ ਨੂੰ ਲਿਆਂਦੇ ਨੇਂ"।

"ਤੇ ਉਹ ਚਲਿਆ ਵੀ ਨਹੀਂ। ਤੇਰਾ ਕੀ ਖ਼ਿਆਲ ਏ ਇਹ ਵਿਆਹ ਕਿਉਂ ਨਾ ਚਲਿਆ?"

"ਖ਼ਬਰ ਕੋ ਨੀ। ਪਹਿਲੋਂ ਮੈਂ ਸਮਝਦੀ ਸਾਂ, ਜੇ ਬਰੈਂਡਾ ਧਿਆਨ ਕਰੇ ਤੇ ਅਸੀਂ ਸਕੂਨ ਨਾਲ ਰਹਿ ਸਕਣੇ ਆਂ। ਮਾਂ ਜੀ ਤੇ ਮੰਮੀ ਜੀ ਦੀ ਵੀ ਇਹੋ ਸੂਰਤ ਸੀ। ਹੁਣ ਮੈਨੂੰ ਲਗਦਾ ਏ ਅਸੀਂ ਸਾਰੇ ਗ਼ਲਤ ਸੋਚਦੇ ਸਾਂ"।

"ਹੁਣ ਤੇਰਾ ਕੀ ਖ਼ਿਆਲ ਏ?"

"ਨੌਂ ਵਰ੍ਹੇ ਹਯਾਤੀ ਦਾ ਚੋਖਾ ਵੇਲਾ ਏ ਪਰ ਉਹ ਫਿਰ ਵੀ ਮੇਰੇ ਤੇ ਖ਼ੁਸ਼ ਨਹੀਂ"।

ਜੋਈਨੀ ਦੀ ਸ਼ਕਲ ਤੋਂ ਲਗਦਾ ਏ ਉਹਨੂੰ ਗੱਲ ਸਮਝ ਨਹੀਂ ਆਈ।

"ਮੇਰੀ ਪਰਵਿਰਸ਼ ਗ਼ਲਤ ਏ, ਮੈਨੂੰ ਦੂਜਿਆਂ ਦੀ ਤਾਬੇਦਾਰੀ ਸਿਖਾਈ ਗਈ ਏ"।

"ਕਿਹਦੀ ਤਾਬੇਦਾਰੀ?"

"ਵਡੇਰੀਆਂ ਜ਼ਨਾਨੀਆਂ ਤੇ ਮਰਦਾਂ ਦੀ"।

"ਅੱਛਾ। ਤੂੰ ਆਵਦੀ ਸੱਸ ਤੇ ਖ਼ੋਂਦ ਦੀ ਨੌਂ ਵਰ੍ਹੇ ਤਾਬੇਦਾਰੀ ਕੀਤੀ ਪਰ ਉਹ ਮੁੜ ਵੀ ਖ਼ੁਸ਼ ਨਹੀਂ ਹੋਏ"।

"ਆਹੋ" ਮੈਂ ਉੱਚੀ ਸਾਰੀ ਆਹਨੀ ਆਂ "ਮੁਸਲਮਾਨ ਮਰਦਾਂ ਲਈ ਤਾਬੇਦਾਰ ਜ਼ਨਾਨੀਆਂ ਹੋਣੀਆਂ ਚਾਹੀਦੀਆਂ ਨੇ, ਕੁਰਆਨ ਵਿਚ ਇਹੋ ਲਿਖਿਆ ਏ"।

"ਕੋਈ ਹੋਰ ਕਾਰਨ ਵੀ ਹੋਵੇ ਗਾ?"

"ਮੇਰੇ ਬਾਲ ਨਹੀਂ ਹੋਏ, ਦੋ ਚਾਰ ਪੁੱਤਰ ਹੁੰਦੇ ਤੇ ਮੈਂ ਮਲਕਾ ਬਣ ਕੇ ਆਵਦੇ ਘੱਰ ਬੈਠੀ ਹੋਣਾ ਸੀ"।

"ਇਹ ਤੇ ਪਤਾ ਕੋ ਨੀ" ਜੋਈਨੀ ਖਿਲ ਪੈਂਦੀ ਏ, ਵੱਲ ਗੰਭੀਰ ਹੋ ਕੇ ਆਹੰਦੀ ਏ "ਮੈਂ ਇਹ ਨਹੀਂ ਮਨ ਸਕਦੀ ਕਿਉਂ ਜੇ ਸ਼ੈਲਟਰਾਂ ਵਿਚ ਆਣ ਆਲੀਆਂ ਨੱਬੇ ਫ਼ੀਸਦੀ ਜ਼ਨਾਨੀਆਂ ਬਾਲਾਂ ਆਲੀਆਂ ਹੁੰਦੀਆਂ ਨੇ"।

"ਤੂੰ ਠੀਕ ਆਹਨੀ ਏਂ, ਬਰੈਂਡਾ ਦਾ ਵੀ ਪੁੱਤਰ ਏ ਤੇ ਜੀਨੋ ਦਾ ਵੀ। ਕਾਰਨ ਮੇਰੇ ਤੇ ਬਰੈਂਡਾ ਪਾਰੋਂ ਨਹੀਂ, ਮੁਸਲਮਾਨ ਟੱਬਰਾਂ ਪਾਰੋਂ ਏ"।

ਅੱਛਾ? ਕਿਵੇਂ?" ਜੋਈਨੀ ਆਵਦੀਆਂ ਨੀਲੀਆਂ ਅੱਖੀਂ ਪੂਰੀਆਂ ਖੋਲ ਦਿੰਦੀ ਏ।

"ਮੁਸਲਮਾਨ ਟੱਬਰ ਜ਼ਨਾਨੇ ਗ਼ੁਲਾਮ ਮੰਗਦਾ ਏ, ਕਿੰਨੇ ਸਾਰੇ"।

"ਇਹ ਤੁਹਾਡੀ ਬਾਇਬਲ ਵਿਚ ਲਿਖਿਆ ਹੋਇਆ ਏ?"

"ਬਾਇਬਲ ਨਹੀਂ, ਹੋਲੀ ਕੁਰਆਨ"।

"ਹੋਲੀ ਕੁਰਆਨ"।

"ਹਜ਼ਰਤ ਮੁਹੰਮਦ (ਸ) ਤੇ ਮੱਕੇ ਵਿਚ ਉਤਰਿਆ ਸੀ"।

"ਥੈਂਕਸ। ਹੋਲੀ ਕੁਰਆਨ ਵਿਚ ਲਿਖਿਆ ਏ ਕਿ ਜ਼ਨਾਨੀਆਂ ਨੂੰ ਗ਼ੁਲਾਮ ਬਣਾ ਕੇ ਰੱਖੋ?"

"ਨਹੀਂ ਪਰ ਜੋ ਵੀ ਲਿਖਿਆ ਏ, ਉਹਦਾ ਮਤਲਬ ਇਹ ਈ ਬਣਦਾ ਏ। ਜਿਹੜੀ ਜ਼ਨਾਨੀ ਆਵਦੀ ਮਰਜ਼ੀ ਕਰੇ, ਉਹਦੇ ਨਾਲ ਉਹਦਾ ਆਵਦਾ ਟੱਬਰ ਈ ਭੈੜੀ ਕਰਦਾ ਏ"।

"ਤੁਸੀਂ ਕੌਣ ਓ?"

"ਮੁਸਲਮਾਨ ਪੰਜਾਬੀ"।

"ਅੱਛਾ ਤੇ ਬਰੈਂਡਾ ਜਿਹੜੀ ਮੁਸਲਮਾਨ ਪੰਜਾਬੀ ਨਹੀਂ ਗੋਰੀ ਈਸਾਈ ਏ, ਆਵਦੀ ਸੱਸ ਤੇ ਖ਼ੌਂਦ ਦੀ ਤਾਬੇਦਾਰ ਨਹੀਂ ਸੀ"।

"ਨਾ, ਬਰੈਂਡਾ ਕਿਸੇ ਲਈ ਕੁਰਬਾਨੀ ਨਹੀਂ ਕਰਦੀ"।

"ਫਿਰ ਤੂੰ ਜਿਹੜੀ ਉਨ੍ਹਾਂ ਦਾ ਆਖਾ ਮੰਨਦੀ ਤੇ ਕੁਰਬਾਨੀਆਂ ਕਰਦੀ ਸੈਂ, ਤੈਨੂੰ ਵੀ ਕਿਉਂ ਸੋਹਰਿਆਂ ਦਾ ਘਰ ਛੱਡਣਾ ਪਿਆ?"

ਮੇਰੇ ਮੂੰਹੋਂ ਕੋਈ ਜਵਾਬ ਨਹੀਂ ਨਿਕਲਦਾ ਪਰ ਮੈਨੂੰ ਪੱਕ ਏ ਕਿ ਉਹ ਮੈਨੂੰ ਉਵੇਂ ਘੇਰੀ ਖੜਾ ਏ ਜਿਵੇਂ ਟੋਰੰਟੋ ਤੇ ਲਹਿੰਦਾ ਠੰਡਾ ਸੀਤ ਪਾਲਾ। ਕੋਸੇ ਕੋਮਲ ਸੋਫ਼ੇ ਵਿਚ ਬੈਠੀ ਮੈਂ ਕੰਬਣੀ ਆਂ।

"ਤੈਨੂੰ ਠੰਡ ਲਗਦੀ ਪਈ ਏ ਜਿੰਦ ?" ਜੋਈਨੀ ਪੁੱਛਦੀ ਏ।

"ਥੱਕ ਗਈ ਆਂ"।

"ਸੋਫ਼ੇ ਤੇ ਲੇਟ ਜਾ" ਜੋਈਨੀ ਮੇਰੀ ਫ਼ਾਈਲ ਦਰਾਜ਼ ਵਿਚ ਰੱਖ, ਲਮਾਰੀ ਵਿੱਚੋਂ ਕੰਬਲ ਕੱਢ ਲਿਆਂਦੀ ਏ "ਤੂੰ ਕੀ ਮਹਿਸੂਸ ਕਰਨੀ ਏਂ?"

ਮਹਿਸੂਸ? ਕਾਵੜ, ਗ਼ਮ, ਵਸਵਸੇ।

"ਅਜ਼ਾਦ" ਮੈਂ ਆਹੰਨੀ ਆਂ। ਇਹਤਸ਼ਾਮ ਤੋਂ, ਮੰਮੀ ਜੀ ਤੇ ਮਾਂਜੀ ਤੋਂ, ਭਾ ਤੋਂ। ਮੇਰੀ ਅਜ਼ਾਦੀ, ਸੀਨੇ ਤੇ ਭਾਰੀ ਸਿੱਲ, ਮੇਰਾ ਦਿਲ ਫਹਿੰਦੀ ਪਈ ਏ।

ਅਨਜਾਣੇ ਚੁੱਪ ਚਾਂ ਘਰ ਵਿਚ ਇਕ ਬਿਨ-ਵਾਜ ਦੇ ਸੁਫ਼ਨੇ ਵਿਚ ਟੁਰਦੀ, ਇੱਕੋ ਜਿਹੇ ਕਮਰਿਆਂ ਦੀਆਂ ਪੈਲੀਆਂ ਲੰਘਦੀ, ਮੈਂ ਆਵਦੇ ਕਮਰੇ ਮੂਹਰੇ ਆ ਖਲੋਨੀ ਆਂ।

ਮੰਮੀ ਜੀ ਨੂੰ ਸ਼ਾਮਾਂ ਦੀ ਚਾਅ ਦੇਵਣ ਉਠਨੀ ਆਂ ਤੇ ਇਹ ਜਾਣ ਵਲਾ ਝਟਕੇ ਵਿਚ ਆਜਾਨੀ ਆਂ ਕਿ ਮੈਂ ਉਨ੍ਹਾਂ ਤੋਂ ਅਜ਼ਾਦ ਆਂ । ਘਾਬਰਕੇ ਜੋਈਨੀ ਨੂੰ ਲੱਭਣ ਟੁਰ ਪੈਂਨੀ ਆਂ ।

ਜੋਈਨੀ ਡਿਊਟੀ ਮੁਕਾ, ਕੱਦ ਦੀ ਘਰਾਂ ਨੂੰ ਚਲੀ ਗਈ ਏ ।

"ਹੈਲੋ, ਆਈ ਐਮ ਮਾਰਲੀਨ" ਨਵੀਂ ਕਾਊਂਸਲਰ ਆਹੰਦੀ ਏ ।

"ਸਕੀਨਾ" ।

ਮਾਰਲੀਨ ਦੇ ਵਾਲ ਹੈਰੀਅਟ ਹਾਰ ਕਾਲੇ ਸ਼ਾਹ ਤੇ ਕੁੰਡਲਾਂ ਆਲੇ ਨੇ। ਨਿੱਕੀਆਂ ਨਿੱਕੀਆਂ ਮੀਂਢੀਆਂ ਤੋਂ ਮੈਨੂੰ ਨੂਰੋ ਦੀਆਂ ਗੁੱਤਾਂ ਚੇਤੇ ਆਂਦੀਆਂ ਨੇ । ਨੂਰੋ ਆਵਦੇ ਕਾਲੇ, ਚੋਖੇ ਲੰਮੇ ਤੇ ਸਿੱਧੇ ਵਾਲਾਂ ਨੂੰ ਇਕ ਯਾਂ ਦੋ ਲਾਲ ਸਾਵੇ ਪਰਾਂਦਿਆਂ ਵਿਚ ਵਟ ਲੈਂਦੀ, ਮਾਰਲੀਨ ਨੇ ਹਜ਼ਾਰਾਂ ਮੀਂਢੀਆਂ ਵਿਚ ਲੱਖਾਂ ਲਾਲ ਸਾਵੇ ਮਣਕੇ ਪਰੋ ਕੇ ਮੋਢਿਆਂ ਤੇ ਛਡ ਦਿੱਤਾ ਹੋਇਆ ਏ । ਲਾਲ ਸਾਵਾ ਕਾਲਾ ਪਿੱਛੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਰੰਗ ਨੇ, ਇੱਥੇ ਕੁੱਝ ਹੋਰ ।

"ਸਕੀਨਾ, ਮੇਰੇ ਕੋਲ ਤੇਰੇ ਲਈ ਇਕ ਸੁਨੇਹਾ ਏ, ਪਲੀਜ਼ ਅੰਦਰ ਆਜਾ" ਮਾਰਲੀਨ ਆਹੰਦੀ ਏ ।

ਕਮਰਾ ਤਾਜ਼ੇ ਬੇਕ ਕੀਤੇ ਕੇਕ ਦੀ ਵਾਸ਼ਨਾ ਨਾਲ ਮਹਿਕਿਆ ਪਿਆ ਏ ।

"ਬਰੈਂਡਾ ਤਰਫ਼ੋਂ ਏ, ਉਹ ਛੇ ਵਜੇ ਆਵੇਗੀ" ਮਾਰਲੀਨ ਮੇਜ਼ ਤੋਂ ਪੀਲੇ ਰੰਗ ਦਾ ਸਟਿਕ ਆਨ ਨੋਟ ਚਾ, ਮੈਨੂੰ ਦਿੰਦੀ ਏ ।

ਲਾਗੇ ਇਕ ਵੱਡੀ ਪਲੇਟ ਵਿੱਚ ਕਿੰਨੀ ਵਡੀ ਕਰੀਮ ਆਲਾ ਕੇਕ ਏ ।

"ਓ ਕੇ" ਮੈਂ ਨੋਟ ਫੜਨੀ ਆਂ ਪਰ ਮੇਰੀਆਂ ਅੱਖੀਂ ਕੇਕ ਦੀਆਂ ਹਿਰਸੀ ਨੇਂ । ਮਾਰਲੀਨ ਮੁਸਕਾ ਕੇ ਕੇਕ ਕੱਟਣ ਲੱਗ ਪੈਂਦੀ ਏ ।

ਮੈਨੂੰ ਉਹ ਕੇਕ ਚੇਤੇ ਆਂਦਾ ਏ ਜਿਹੜਾ ਮਿਸ਼ੇਲ, ਖ਼ੋਰੇ ਵਰ੍ਹਿਆਂ ਪਹਿਲੋਂ, ਕਲ੍ਹ ਲਿਆਇਆ ਸੀ । ਸ਼ਨਤਾਲ ਦਾ ਬਣਿਆ, ਮੈਂ ਸਾਰਾ ਆਪ ਖਾਂਦੀ ਕਿਉਂ ਜੇ ਮੰਮੀ ਜੀ ਤੇ ਇਹਤਸ਼ਾਮ ਚਾਕਲੇਟ ਪਸੰਦ ਨਹੀਂ ਕਰਦੇ । ਹੁਣ ਉਹ ਕੂੜੇ ਵਿਚ ਹੋਣਾ ਏ ।

"ਡੋਨਾ ਨੇ ਬਣਾਇਆ ਏ, ਤੂੰ ਡੋਨਾ ਨੂੰ ਮਿਲੀ ਐਂ?" ਮਾਰਲੀਨ ਮੈਨੂੰ ਕੇਕ ਦਿੰਦੀ ਏ ।

"ਨਾ" ਕੇਕ ਏਨਾ ਤਾਜ਼ਾ ਏ, ਪਲੇਟ ਵਿਚ ਸਾਹ ਪਿਆ ਭਰਦਾ ਏ ।

"ਡੋਨਾ ਦੀਆਂ ਦੋ ਧੀਆਂ ਨੇਂ" ਮਾਰਲੀਨ ਕਾਂਟਾ ਚਾ, ਮੇਰੇ ਪਾਸੇ ਆਂਦੀ ਏ ।

ਕੇਕ ਦਾ ਅਖ਼ੀਰੀ ਚੱਕ ਮੇਰੇ ਮੂੰਹ ਵਿਚ ਏ ਤੇ ਮੈਂ ਉਂਗਲਾਂ ਖਿਲਾਰ ਕੇ ਚੱਟਣੀ ਪਈ ਆਂ ।

ਮਾਰਲੀਨ ਖਿਲ ਪੈਂਦੀ ਏ, ਮੈਂ ਵੀ ਸ਼ਰਮਿੰਦਾ ਹਾਸਾ ਹੱਸਣੀ ਆਂ ।

"ਧੋਣ ਆਲਾ ਇਕ ਭਾਂਡਾ ਘੱਟ" ਉਹ ਕਾਂਟਾ ਮੇਜ਼ ਤੇ ਰੱਖ ਦਿੰਦੀ ਏ ।

"ਬੜਾ ਸਵਾਦੀ ਏ" ਮੈਂ ਆਹਨੀ ਆਂ ।

ਮਾਰਲੀਨ ਇਕ ਹੋਰ ਪੀਸ ਕੱਟਦੀ ਏ ।

"ਇਹ ਬਾਬ ਮਾਰਲੀ ਦੇ ਰੰਗ ਨੇ?" ਮੈਂ ਪੁੱਛਣੀ ਆਂ ।

"ਤੂੰ ਬਾਬ ਮਾਰਲੀ ਨੂੰ ਜਾਣਦੀ ਏਂ? ਹਾਂ ਇਹ 'ਰਾਸਤਾ' ਰੰਗ ਨੇ" ।

"ਮੈਨੂੰ ਉਹ ਗੌਣ ਪਸੰਦ ਏ 'ਨੋ ਵੋਮਨ ਨੋ ਕਰਾਈ' ਕਹਿੰਦਿਆਂ ਕਹਿੰਦਿਆਂ ਜਾਪਦਾ ਏ, ਮੇਰਾ ਦਿਲ ਰੋਣ ਨੂੰ ਏ "ਮੈਂ ਪਾਕਿਸਤਾਨ ਫ਼ੋਨ ਕਰਨਾ ਏ" ।

"ਸਾਡੇ ਫ਼ੋਨ ਤੇ ਦੁਰਾਡੀ ਕਾਲ ਨਹੀਂ ਹੋ ਸਕਦੀ ਪਰ ਫ਼ੋਨ ਕਾਰਡ ਹੋਵੇ ਵੱਲ ਠੀਕ ਏ" ।

"ਪੈਸੇ ਕੋ ਨੀ"।

"ਜੋਈਨੀ ਆਖਿਆ ਸੀ ਤੈਨੂੰ ਵੈਲਫ਼ੇਅਰ ਬਾਰੇ ਦੱਸਾਂ ਤੇ ਲੀ ਲਈ ਸੁਨੇਹਾ ਛੱਡਾਂ ਕਿ ਉਹ ਕਲ੍ਹ ਵੈਲਫ਼ੇਅਰ ਵਰਕਰ ਨਾਲ ਮਿਲਣ ਦਾ ਵੇਲਾ ਕਰ ਲਵੇ। ਪਾਕਿਸਤਾਨ ਕਾਲ ਬਾਰੇ ਕੀ ਕਰਨਾ ਏ?"

"ਪਤਾ ਨਹੀਂ"।

"ਮੈਂ ਹਰ ਹਫ਼ਤੇ ਜਮੇਕਾ ਕਾਲ ਕਰਨੀ ਆਂ, ਦੱਸਾਂ ਡਾਲਰਾਂ ਦਾ ਕਾਰਡ ਲਗਦਾ ਏ। ਮੈਂ ਤੈਨੂੰ ਪੈਟੀ–ਕੈਸ਼ ਤੋਂ ਦੱਸ ਡਾਲਰ ਉਧਾਰ ਦੇਂਨੀ ਆਂ, ਤੈਨੂੰ ਰਸੀਦ ਤੇ ਦਸਤਖ਼ਤ ਕਰਨੇ ਪੈਣਗੇ ਤੇ ਸ਼ੈਲਟਰੋਂ ਜਾਣ ਤੋਂ ਪਹਿਲੋਂ ਮੋੜਨੇ ਹੋਣਗੇ"।

"ਓ ਕੇ, ਥੈਂਕਸ"।

"ਨੋ ਪ੍ਰਾਬਲਮ" ਮਾਰਲੀਨ ਇੱਕ ਲੋਹੇ ਦੀ ਸੰਦੂਕੜੀ ਕੱਢਦੀ ਏ ਜਿਹਦੇ ਤੇ ਹੱਥ ਨਾਲ ਅੰਗਰੇਜ਼ੀ ਵਿਚ ਵੱਡਾ ਵੱਡਾ 'ਪੈਟੀ ਕੈਸ਼' ਲਿਖਿਆ ਏ ।

"ਸ਼ਾਪਰਜ਼ ਡਰੱਗ ਮਾਰਟ ਚੌਂਕ ਤੇ ਏ" ਉਹ ਆਹੰਦੀ ਏ ਤੇ ਮੈਨੂੰ ਗੁਲਾਬੀ ਕਾਗਤ ਦੀ ਰਸੀਦ ਦਿੰਦੀ ਏ ।

ਮੈਂ ਆਕੜੀਆਂ ਉਂਗਲਾਂ ਨਾਲ ਰਸੀਦ ਤੇ ਨਾਂ ਲਿਖਣੀ ਆਂ । ਮੈਨੂੰ ਆਵਦਾ ਨਾਂ ਲਿਖਿਆਂ ਇੰਨਾ ਚਿਰ ਹੋਇਆ ਏ, ਜਾਪਦਾ ਏ ਮੈਂ ਕਿਸੇ ਹੋਰ ਦਾ ਨਾਂ ਲਿਖ ਦਿੱਤਾ ਏ 'ਸਕੀਨਾ ਅਹਿਮਦ'।

ਇਹੋ ਮੇਰਾ ਨਾਂ?

ਨਹੀਂ, ਮੇਰਾ ਨਾਂ ਸਕੀਨਾ ਬੁਰਹਾਨ ਏ । ਮੈਂ ਕੱਟ ਕੇ ਠੀਕ ਕਰਨੀ ਆਂ ।

"ਤੈਨੂੰ ਅਪਣਾ ਨਾਂ ਭੁੱਲ ਗਿਆ ਸੀ?" ਮਾਰਲੀਨ ਮੁਸਕਾਂਦੀ ਏ ।

"ਹਾਂ" ਮੈਂ ਵੀ ਮੁਸਕਾ ਦੇਣੀ ਆਂ, ਵਾਤ ਵਿਚ ਤਰਾਟਾਂ ਵੱਜਦੀਆਂ ਨੇ।

''ਚਿੰਤਾ ਨਾ ਕਰ, ਇਹ ਵਿਆਹ ਦੇ ਨਤੀਜੇ ਨੇ। ਮੈਂ ਵੀ ਭੁੱਲ ਗਈ ਸਾਂ, ਪੰਜ ਛੇ ਵਰ੍ਹੇ ਨਾ ਅਪਣਾ ਆਪ ਚੇਤੇ ਰਿਹਾ ਨਾ ਨਾਂ'' ਉਹ ਰਸੀਦ ਲੈ ਕੇ ਮੈਨੂੰ ਦੱਸ ਡਾਲਰ ਦਿੰਦੀ ਏ ।

ਮੈਨੂੰ ਆਵਦਾ ਆਪ ਚੇਤੇ? ਆਵਦਾ ਆਪ ਕੀ ਹੁੰਦਾ ਏ?

"ਸ਼ਾਪਰਜ਼ ਡਰੱਗ ਮਾਰਟ ਕਿੱਥੇ?" ਮੈਂ ਪੁੱਛਣੀ ਆਂ ।

"ਚੌਂਕ ਤੋਂ ਖੱਬੇ"।

"ਹਾਈ ਮਾਰਲੀਨ" ਇਕ ਉੱਚੀ ਲੰਮੀ ਸਵਾਣੀ ਕਾਲੀ ਚੰਮ ਦੀ ਜੈਕਟ ਤੇ ਪਤਲੂਨ, ਸੁਨਹਿਰੀ ਵਾਲ, ਬੂਹੇ ਵਿਚ ਖਲੀ ਏ ।

"ਹੈਲੋ ਡੋਨਾ, ਤੂੰ ਡਾਢਾ ਸਵਾਦੀ ਕੇਕ ਬਣਾਇਆ ਏ" ਮਾਰਲੀਨ ਆਹੰਦੀ ਏ ।

"ਚਾਓ" ਡੋਨਾ ਅੰਦਰ ਆ ਜਾਂਦੀ ਏ ।

"ਇਹ ਸਕੀਨਾ ਏ, ਇਹਨੂੰ ਵੀ ਤੇਰਾ ਕੇਕ ਪਸੰਦ ਆਇਆ ਏ"।

"ਹਾਈ" ਡੋਨਾ ਮੈਨੂੰ ਆਖ ਕੇ ਇੰਨੀ ਛੇਤੀ ਮੁੜਦੀ ਏ ਕਿ ਮੈਂ ਜਵਾਬ ਨਹੀਂ ਦੇ ਸਕਦੀ ।

"ਸਕੀਨਾ ਰਾਤੀਂ ਆਈ ਏ । ਇਹਨੇ ਸ਼ਾਪਰਜ਼ ਡਰੱਗ ਮਾਰਟ ਜਾਣਾ ਏ । ਤੂੰ ਬਾਹਰ ਚੱਲੀ ਏਂ?"

"ਜੇ ਮੇਰੀਆਂ ਛੋਕਰੀਆਂ ਤੋਂ ਤੰਗ ਨਾ ਹੋਵੇ ਤੇ ਆ ਜਾਵੇ" ਉਹ ਮੈਨੂੰ ਵੇਹੰਦੀ ਏ ।

"ਨੋ" ਬਾਲ ਤੇ ਕੋਈ ਮਸਲਾ ਨਹੀਂ ।

"ਇਹ ਤੇ ਬੱਸ ਇੱਕੋ 'ਨੋ' ਆਹੰਦੀ ਏ" ਡੋਨਾ ਮਾਰਲੀਨ ਨੂੰ ਕਹਿੰਦੀ ਏ ।

ਮੈਨੂੰ ਸਫ਼ਾ ਸੁਣੀਂਦਾ ਏ ਕਿ ਮੇਰੇ ਕੋਲ 'ਨੋ' ਤੇ ਹੈਗੀ ਏ ਪਰ ਹੈ ਅਸਲੋਂ ਮਰੇੜੀ ।

"ਰਾਈਡ ਚਾਹੀਦੀ ਏ ਕਿ ਨਹੀਂ?" ਡੋਨਾ ਮੈਥੋਂ ਪੁੱਛਦੀ ਏ "ਇਹਨੂੰ ਅੰਗਰੇਜ਼ੀ ਆਂਦੀ ਏ?" ਉਹ ਵੱਲ ਝੱਬਦੇ ਮਾਰਲੀਨ ਵੱਲ ਮੁੜ ਗਈ ਏ ।

"ਅਸੀਂ ਹੁਣੇ ਅੰਗਰੇਜ਼ੀ ਵਿਚ ਈ ਗੱਲ ਬਾਤ ਕਰਦੀਆਂ ਪਈਆਂ ਸਾਂ" ਮਾਰਲੀਨ ਖਿੱਝ ਕੇ ਆਹੰਦੀ ਏ ।

"ਹਾਂ, ਮੈਨੂੰ ਰਾਈਡ ਚਾਹੀਦੀ ਏ" ਮੈਂ ਅੱਖਰਾਂ ਨੂੰ ਧੱਕ ਧੱਕ ਮੂੰਹੋਂ ਕੱਢਣੀ ਆਂ, ਖ਼ੋਰੇ ਮੈਨੂੰ ਬਹੁਤਾ ਡਰ ਜਾਹਲ ਮੰਨੀ ਜਾਣ ਦਾ ਏ ਯਾਂ ਕਿਸੇ ਅਨਜਾਣੂੰ ਸੜਕ ਤੇ ਕੱਲੀ ਟੁਰਨ ਦਾ ।

"ਓ ਕੇ, ਫਿਰ ਥੱਲੇ ਮਿਲਾਂਗੇ, ਚਾਓ ਮਾਰਲੀਨ" ਡੋਨਾ ਚਲੀ ਜਾਂਦੀ ਏ ।

"ਤੈਨੂੰ ਪਤਾ ਏ ਡੋਨਾ ਗੱਡੀ ਕਿਥੇ ਪਾਰਕ ਕੀਤੀ ਏ? ਚੱਲ ਮੈਂ ਵਖਾਂਨੀ ਆਂ"

ਮਾਰਲੀਨ ਮੈਨੂੰ ਥੱਲੇ ਬੇਸਮੰਟ ਵਿੱਚੋਂ ਪਿਛਲੇ ਵੇੜ੍ਹੇ ਲਿਆਂਦੀ ਏ ।

ਡੋਨਾ ਦੋਵੇਂ ਧੀਆਂ ਨੂੰ ਬਾਲਾਂ ਆਲੀਆਂ ਸੀਟਾਂ ਵਿਚ ਬਿਠਾ, ਮੇਰੇ ਲਈ ਅਗਲਾ ਬੂਹਾ ਖੋਹਲ, ਡਰਾਇਵਿੰਗ ਸੀਟ ਤੇ ਬੈਠੀ ਏ ।

"ਇਹ ਔਟਮ ਏ, ਉਹ ਸਕਾਈ" ਡੋਨਾ ਮੈਨੂੰ ਧੀਆਂ ਦੇ ਨਾਂ ਦੱਸਦੀ ਏ ।

"ਹੈਲੋ" ਮੈਂ ਆਹੰਦਿਆਂ ਬੋਂਤਰ ਵੀ ਜਾਂਨੀ ਆਂ । ਪਿਛਲੀ ਸੀਟ ਤੇ ਨਾਲੋ ਨਾਲ ਸੁਨਹਿਰੀ ਵਾਲਾਂ ਤੇ ਨੀਲੀਆਂ ਅੱਖਾਂ ਵਾਲੀਆਂ ਚਾਰ ਪੰਜ ਸਾਲਾਂ ਦੀਆਂ ਜੋੜੀਆਂ ਬੈਠੀਆਂ ਨੇ ।

"ਹਾਈ । ਤੇਰੇ ਬਾਲ ਬੱਚੇ ਕਿੱਥੇ ਨੇਂ?" ਔਟਮ ਪੈਂਦਿਆਂ ਈ ਪੁੱਛਦੀ ਏ ।

"ਕੋ ਨੀ" ਕਾਸ਼ ਲੋਕੀ ਮੈਨੂੰ ਇਹ ਨਾ ਪੁੱਛਿਆ ਕਰਨ । ਮੈਂ ਡੋਨਾ ਵੱਲ ਮੁੜਨੀ ਆਂ "ਤੂੰ ਸ਼ੈਲਟਰ ਕੰਮ ਕਰਨੀ ਏਂ?" ਮੈਂ ਪੁੱਛਣੀ ਆਂ ।

"ਨਹੀਂ, ਮੈਨੂੰ ਤੀਜਾ ਮਹੀਨਾ ਏ ਮੈਂ ਓਨਟਰੀਓ ਹਾਉਸਿੰਗ ਉਡੀਕਣੀ ਪਈ ਆਂ" ।

"ਓਨਟਾਰਿਓ ਕੀ?"

"ਹਾਉਸਿੰਗ । ਉਹ ਸਾਡੇ ਵਰਗਿਆਂ ਨੂੰ ਕਰਾਏ ਤੇ ਸਸਤੇ ਘਰ ਦਿੰਦੇ ਨੇਂ" ਡੋਨਾ ਗੱਡੀ ਰੀਵਰਸ ਕਰਕੇ ਗੇਟੋਂ ਕੱਢਦੀ ਏ "ਤੇਰੇ ਬਾਲ ਕੋ ਨੀ?"

"ਨਾ" ।

"ਵਾਹ, ਵੱਲ ਤੇ ਤੂੰ ਪੱਖੀਆਂ ਹਾਰ ਅਜ਼ਾਦ ਏਂ" ।

"ਮੈਨੂੰ ਵੀ ਓਨਟਾਰਿਓ ਹਾਉਸਿੰਗ ਮਿਲੇਗੀ?"

"ਕੱਲੀ ਜ਼ਨਾਨੀ ਨੂੰ? ਲੱਖ ਵਰ੍ਹਿਆਂ ਵਿਚ ਵੀ ਨਹੀਂ" ।

ਮੈਂ ਮਸੋਸੀ ਜਾਂਨੀ ਆਂ, ਉਸ ਪੱਖੀ ਨੂੰ ਖੁੱਲ੍ਹ ਮਾਨਣ ਦੀ ਕੀ ਚੱਸ ਆਂਨੀ ਜਿਹਦਾ ਆਲ੍ਹਣਾ ਈ ਨਾ ਹੋਵੇ ।

"ਮੈਨੂੰ ਤੇ ਲਿਸਟ ਤੇ ਆਣ ਲਈ ਆਪਣੇ ਬੁਆਏ ਫ਼ਰੈਂਡ ਨੂੰ ਵੀ ਛੱਡਣਾ ਪਿਆ" ।

"ਇਨ੍ਹਾਂ ਦਾ ਪਿਓ?"

"ਪਿਓ? ਫ਼ਕਿੰਗ ਜਰਕ" ਉਹ ਟਰੈਫ਼ਿਕ ਲਾਈਟ ਤੇ ਬਰੇਕ ਮਾਰਦੀ ਏ "ਕੋਈ ਕੰਮ ਨਹੀਂ ਸੀ ਕਰਦਾ ਤੇ ਸਵੇਰੇ ਯਾਰ੍ਹਾਂ ਵਜੇ ਬੋਤਲ ਖੋਹਲ ਲੈਂਦਾ ਸੀ" ।

"ਤੇਰਾ ਪਹਿਲਾ ਬੰਦਾ?"

"ਪਹਿਲਾ ਬੰਦਾ" ਉਹ ਖਿਲਦੀ ਏ "ਗਿਣਤੀ ਕੌਣ ਪਿਆ ਕਰਦਾ ਏ?"

"ਉਮਰ ਕੀ ਏ?"

"ਕਿਹਦੀ?"

"ਤੇਰੀ"।

"ਬਾਈ ਵਰ੍ਹੇ"।

ਡੋਨਾ ਮੇਰੇ ਤੋਂ ਪੰਜ ਵਰ੍ਹੇ ਨਿੱਕੀ ਏ ਵੱਲ ਵੀ ਇਹਨੇ ਘੱਟੋ ਘੱਟ ਦੋ ਬੰਦੇ ਹੰਢਾਏ ਨੇਂ, ਦੋ ਬਾਲ ਜਾਏ ਨੇਂ ਤੇ ਹੁਣ ਓਨਟਾਰਿਓ ਹਾਉਸਿੰਗ ਦਾ ਘਰ ਉਡੀਕਦੀ ਪਈ ਏ।

"ਤੂੰ ਲੈਂਡਿਡ ਏਂ?" ਉਹ ਪੁੱਛਦੀ ਏ।

"ਆਹੋ"।

"ਕਦੋਂ ਦੀ?"

"ਅੱਠ ਨੌਂ ਵਰ੍ਹਿਆਂ ਦੀ"।

"ਤੈਨੂੰ ਇੱਥੇ ਨੌਂ ਵਰ੍ਹੇ ਹੋ ਗਏ ਨੇਂ?" ਡੋਨਾ ਵੀ ਬਲਵਿੰਦਰ ਹਾਰ ਹਰਿਆਣ ਏ "ਤੂੰ ਵਿਆਹੀ ਹੋਈ ਏਂ?"

"ਆਹੋ"।

"ਤੇਰਾ ਬੰਦਾ ਕੀ ਕਰਦਾ ਏ?"

"ਫ਼ੈਮਲੀ ਡਾਕਟਰ ਏ"।

"ਡਾਕਟਰ?" ਉਹ ਕਾਰ ਪਾਰਕ ਕਰ ਕੇ ਭੌਂ ਕੇ ਮੈਨੂੰ ਵੇਂਹਦੀ ਏ, ਸਿਰ ਹਿਲਾਂਦੀ ਏ ਤੇ ਬਾਹਰ ਨਿਕਲ ਜਾਂਦੀ ਏ "ਕੁੱਝ ਜ਼ਨਾਨੀਆਂ ਜੰਮਦਿਆਂ ਈ ਫ਼ਕਿੰਗ ਲੱਕੀ ਨੇਂ" ਉਹ ਕਾਰ ਦੀ ਡਿੱਗੀ ਵਿੱਚੋਂ ਜੁੜੀਆਂ ਹੋਈਆਂ ਦੋ ਪੁਸ਼ ਚੇਅਰਾਂ ਕੱਢਦੀ ਏ "ਤੂੰ ਉਹਨੂੰ ਕਿਉਂ ਛੱਡਿਆ?"

ਮੈਨੂੰ ਕੋਈ ਕਾਰਨ ਨਹੀਂ ਮਿਲਦਾ ਯਾਂ ਇੰਨੇ ਮਿਲਦੇ ਨੇਂ ਕਿ ਦੱਸਣਾ ਔਖਾ ਏ।

"ਉਸ ਤੈਨੂੰ ਮਾਰਿਆ ਸੀ?"

"ਆਹੋ" ਮੇਰੀ ਧੌਣ ਲੱਜੋਂ ਨੀਵੀਂ ਹੋ ਜਾਂਦੀ ਏ।

"ਸ਼ਰਮਿੰਦਾ ਨਾ ਹੋ, ਅਸੀਂ ਇੱਕੋ ਬੇੜੀ ਵਿਚ ਆਂ" ਉਹ ਆਵਦੇ ਪਾਸੇ ਦਾ ਪਿਛਲਾ ਬੂਹਾ ਖੋਹਲਦੀ ਏ।

ਮੈਂ ਆਵਦੇ ਪਾਸੇ ਆਲਾ ਖੋਹਲਨੀ ਆਂ।

ਉਹ ਔਟਮ ਨੂੰ ਚਾ ਕੇ ਪੁਸ਼ ਚੇਅਰ ਵਿਚ ਬਠਾਂਦੀ ਏ, ਮੈਂ ਸਕਾਈ ਨੂੰ।

"ਤੂੰ ਕੀ ਲੈਣਾ ਏ? ਨੁਸਖ਼ੇ ਦੀਆਂ ਦਵਾਈਆਂ?" ਉਹ ਪੁੱਛਦੀ ਏ।

"ਫ਼ੋਨ ਕਾਰਡ" ਮੈਂ ਆਹਨੀ ਆਂ।

ਸ਼ਾਪਰਜ਼ ਡਰੱਗ ਮਾਰਟ ਦਾ ਇਹ ਸਟੋਰ ਡੈਨਫ਼ੋਰਥ ਐਵਿਨਿਊ ਆਲੇ ਤੋਂ ਵੱਡਾ ਏ ਤੇ ਰਸ਼ ਘੱਟ। ਡੋਨਾ ਮੈਨੂੰ ਫ਼ੋਨ ਕਾਰਡਾਂ ਆਲਾ ਕਾਊਂਟਰ ਵਿਖਾਂਦੀ ਏ। ਕਾਰਡ ਖ਼ਰੀਦਣ ਵਿਚ ਮਸਲਾ ਨਹੀਂ ਹੁੰਦਾ, ਸੇਲਜ਼ ਮੈਨ ਇੰਡੀਆ ਦਾ ਮੁਸਲਮਾਨ ਏ, ਉਰਦੂ ਬੋਲਦਾ ਏ ਤੇ ਉਸ ਇਲਾਕੇ ਲਈ ਚੰਗੇ ਕਾਰਡਾਂ ਬਾਰੇ ਜਾਣਦਾ ਏ।

ਮੁੜਦਿਆਂ ਡੋਨਾ ਤੇ ਮੈਂ ਸ਼ੈਲਟਰ ਸਟਾਫ਼ ਬਾਰੇ ਗੱਲ ਬਾਤ ਕਰਨੇ ਆਂ।

"ਤੈਨੂੰ ਮਾਰਲੀਨ ਪਸੰਦ ਆਈ?" ਉਹ ਪੁੱਛਦੀ ਏ ।

"ਆਹੋ, ਪਰ ਜੋਈਨੀ ਵੱਧ ਏ" ।

"ਅੱਛਾ?" ਉਹ ਟੁਰਦਿਆਂ ਟੁਰਦਿਆਂ ਖਲੋ ਜਾਂਦੀ ਏ ।

"ਹਾਂ । ਕਿਉਂ?" ਮੈਂ ਵੀ ਖਲੋ ਜਾਂਨੀ ਆਂ ।

"ਤੈਨੂੰ ਨਹੀਂ ਪਤਾ?" ਉਹ ਪੁੱਛਦੀ ਏ ।

"ਕੀ?"

"ਜੋਈਨੀ ਲੈਜ਼ਬੀਅਨ ਏ" ਉਹ ਮੇਰੇ ਕੰਨ ਵਿਚ ਉੱਚੀ ਸਾਰੀ ਕਹਿੰਦੀ ਏ ।

"ਜ਼ਨਾਨੀਆਂ ਨੂੰ ਪਿਆਰ ਕਰਨ ਆਲੀ?"

"ਤੂੰ ਲੈਜ਼ਬੀਨ ਤਾਂ ਨਹੀਂ?" ਉਹ ਮੇਰੇ ਤੇ ਸ਼ੱਕ ਦੀ ਨਿਗਾਹ ਪਾਂਦੀ ਏ ।

"ਨਹੀਂ" ਮੈਂ ਘਾਬਰ ਕੇ ਪਿਛਾਂਹ ਹੋ ਜਾਂਨੀ ਆਂ ।

"ਉਹ ਕੱਠੀਆਂ ਰਹਿੰਦੀਆਂ ਨੇਂ, ਬੰਦੇ ਤੇ ਜ਼ਨਾਨੀ ਹਾਰ" ਡੋਨਾ ਵੱਲਾ ਪੁਸ਼ ਚੇਅਰ ਰੇੜ੍ਹਨ ਲੱਗ ਪੈਂਦੀ ਏ ।

ਅਸੀਂ ਬੂਹੇ ਨੂੰ ਟੁਰ ਪੈਂਨੇ ਆਂ ।

ਤੇ ਜੋਈਨੀ ਇੰਜ ਏ ਜਿਵੇਂ ਮਾਸੀ ਤੇ ਸਾਈਂ ਜੀ, ਪਰ ਜ਼ਰੀ ਖੁੱਲ੍ਹ ਕੇ । ਭਾ ਦੇ ਵਿਆਹ ਮਗਰੋਂ ਮਾਸੀ ਨਾਲ ਮੇਰਾ ਕੋਈ ਰਾਬਤਾ ਨਹੀਂ ਹੋਇਆ। ਮੇਰਾ ਹਾ ਤਰੁਟਦਾ ਏ ਸੋਚ ਕੇ ਬਈ ਕਿਵੇਂ ਉਹ ਸਾਡੀਆਂ ਹਯਾਤੀਆਂ, ਮੇਰੀ ਹਯਾਤੀ, ਤੋ ਅੱਡ ਏ। ਵਿਆਹਵਾਂ ਸ਼ਾਦੀਆਂ ਤੇ ਉਹ ਹੁੰਦੀ ਤੇ ਸੀ ਪਰ ਸਾਈਂ ਜੀ ਦੇ ਦੂਰੋਂ ਦਿੱਸਦੇ, ਕੱਲਮ ਕੱਲੇ ਪਰਛਾਵੇਂ ਵਿਚ । ਖ਼ੋਰੇ ਮਾਸੀ ਕੋਲ ਹੁਣ ਫ਼ੋਨ ਹੋਵੇ, ਉਹਦੇ ਨਾਲ ਗੱਲ ਕਰਨ ਤੇ ਬੜੀ ਰੂਹ ਏ । ਮਾਂ ਜੀ ਚੇਤੇ ਆਂਦੇ ਨੇ, ਸ਼ੈਲਟਰ ਕੋਲ ਅੱਪੜਦਿਆਂ ਮੇਰੀਆਂ ਅੱਖਾਂ ਹੰਝੂਆਂ ਨਾਲ ਭਰ ਜਾਂਦੀਆਂ ਨੇ ।

ਮੈਂ ਸ਼ਾਵਰ ਲੈ, ਕਮਰੇ ਵਿਚ ਕੱਲੀ ਬਹਿ ਜਾਂਨੀ ਆਂ ।

ਸਾਢੇ ਪੰਜ ਤਾਈਂ ਮੈਂ ਤਿਆਰ ਆਂ ਪਰ ਠੰਡ ਏ ਤੇ ਮੈਂ ਚੱਪਲ ਪਾਈ ਹੋਈ ਏ। ਫ਼ਰਵਰੀ ਦੇ ਟੋਰੰਟੋ ਵਿਚ ਫਿਰ ਚੱਪਲ ਪਾ ਕੇ ਬਾਹਰ ਨਿਕਲ ਜਾਣਾ ਹੂੜ ਮੱਤੀ ਹੋਵੇਗੀ ।

ਮੈਂ ਦਫ਼ਤਰ ਜਾਂਨੀ ਆਂ, ਲੀ ਜਿਹਨੇ ਮੇਰੇ ਫ਼ਾਰਮ ਭਰੇ ਸਨ, ਕੰਮ ਪਈ ਕਰਦੀ ਏ। ਮੈਂ ਉਹਨੂੰ ਦੱਸਣੀ ਆਂ ਬਈ ਮੈਂ ਬਰੈਂਡਾ ਨੂੰ ਮਿਲਣ ਜਾਣਾ ਏ ਪਰ ਬੂਟ ਜੁਰਾਬਾਂ ਕੋ ਨੀ । ਉਹ ਮੈਨੂੰ 'ਖ਼ੈਰਾਤੀ ਕਮਰਾ' ਵਿਖਾਂਦੀ ਏ । ਇਹ ਸਾਲਵੇਸ਼ਨ ਆਰਮੀ ਦਾ ਨਿੱਕਾ ਸਟੋਰ ਜਾਪਦਾ ਏ ਜਿਥਾਂ ਫ਼ਰਨੀਚਰ ਬਾਝ ਹਰ ਕੁੱਝ ਏ ਪਰ ਜੋ ਕੁਝ ਵੀ ਏ, ਮੁਫ਼ਤ ਏ ।

ਮੈਨੂੰ ਜੁੱਤੀਆਂ ਦੀ ਢੇਰੀ ਵਿੱਚੋਂ ਆਵਦੇ ਮਾਪ ਦਾ ਇਕ ਬੂਟ ਲੱਭਦਾ ਏ ਤੇ ਜੁਰਾਬਾਂ ਆਲੀ ਪੱਛੀ ਵਿੱਚੋਂ ਜੋੜਾ ਜੁਰਾਬਾਂ ਦਾ । ਨਾਲ ਸਵੈਟਰਾਂ ਦੀ ਪੰਡ ਵਿੱਚੋਂ ਦੋ ਸਵੈਟਰ, ਰੈਕ ਤੋਂ ਜੈਕਟ ਤੇ ਸ਼ੈਲਫ਼ ਵਿੱਚੋਂ ਦੋ ਜੀਨਾਂ । ਉਥੇ ਸਕਾਰਫ਼, ਹੈਟ, ਹਾਰ, ਕੰਨਾਂ ਦੇ ਗਹਿਣੇ, ਵਾਲਾਂ ਦੇ ਕਲਿਪ ਵੀ ਨੇ । ਮੈਂ ਹਰ ਸ਼ੈਅ ਛੋਹਨੀ ਆਂ ਤੇ ਕੁੱਝ ਚਾ ਲੈਂਨੀ ਆਂ। ਮੁਫ਼ਤੇ ਦੀਆਂ ਸ਼ੈਆਂ ਮੇਰੇ ਸੁੱਤੇ ਤਮ੍ਹੇ ਨੂੰ ਜਗਾ ਜਿਹਾ ਦਿੰਦੀਆਂ ਨੇਂ ਤੇ ਮੈਂ ਲੋੜ ਤੋਂ ਵੱਧ ਸਮੇਟ ਲੈਂਨੀ ਆਂ ।

ਸੜਕ ਤੇ ਬਰਫ਼ ਦੇ ਫੁਲ ਮਿੱਠੇ ਮਿੱਠੇ ਵਸਦੇ ਪਏ ਨੇ । ਮੈਂ ਸਰਦੀ ਦੀ ਵਰਦੀ ਵਿਚ ਪਿੰਡੇ ਦੀ ਗਰਮੀ ਸਾਂਭ, ਸੀਡਰ ਐਵਿਨਿਊ ਨੂੰ ਜਾਂਨੀ ਆਂ ।

ਵੱਡੀ ਚੋੜੀ ਸੜਕ, ਕੰਢੇ ਤੇ ਨਿੱਕੇ ਨਿੱਕੇ ਰੁੱਖ, ਪਿੱਛੇ ਇੱਕੋ ਤਰ੍ਹਾਂ ਦੇ ਘਰਾਂ ਦੀਆਂ ਲੀਕਾਂ । ਵਿਚ ਦਫ਼ਤਰ, ਸ਼ਾਪਿੰਗ ਮਾਲ ਪਲਾਜ਼ੇ, ਫਿਰ ਹੋਰ ਘਰ । ਮਾਰਲੀਨ ਦੱਸਿਆ ਸੀ, ਮੈਨੂੰ ਤਰੈ ਬਲਾਕ ਟੁਰਨਾ ਪਏ ਗਾ । ਸਕਾਰਬਰੋ ਦੀਆਂ ਸੜਕਾਂ ਤੇ ਘਰਾਂ ਦੇ ਪਲਾਟ ਵੱਡੇ ਨੇ, ਇੱਥੋਂ ਦੇ ਤਿੰਨ ਬਲਾਕ ਚੰਗਾ ਭਲਾ ਪੰਧ ਏ ।

ਰੈਸਟੋਰੰਟ ਬਾਹਰ ਪਾਰਕਿੰਗ ਲਾਟ ਵਿਚ ਖਲੀ ਬਰੈਂਡਾ ਦੀ ਕਾਰ ਦਿੱਸਦੀ ਏ, ਉਹ ਲਾਗੇ ਸੈੱਲ ਫ਼ੋਨ ਤੇ ਗੱਲ ਪਈ ਕਰਦੀ ਏ ।

ਇੰਨਾ ਅਗੇਰੇ ਰੈਸਟੋਰੰਟ ਵਿੱਚ ਅਸੀਂ ਈ ਆਂ ਤੇ ਵੇਟਰਸ ਵੀ ਚੈਨ ਸਕੂਨ ਨਾਲ ਟੁਰੀ ਫਿਰਦੀ ਏ । ਕਾਊਂਟਰ ਆਲੀ ਜ਼ਨਾਨੀ ਕੰਪਿਊਟਰ ਤੇ ਕੰਮ ਪਈ ਕਰਦੀ ਏ।

"ਤੂੰ ਵੈਲਫ਼ੇਅਰ ਲਈ ਅਪਲਾਈ ਕੀਤਾ ਏ?" ਬਰੈਂਡਾ ਫ਼ੋਨ ਫ਼ੈਨੀ ਬੈਲਟ ਵਿਚ ਪਾਂਦੀ ਏ ।

"ਕਲ੍ਹ । ਪਰ ਮੈਂ ਵੈਲਫ਼ੇਅਰ ਨਹੀਂ ਲੈਣਾ ਚਾਹੁੰਦੀ" ਮੈਂ ਆਹਨੀ ਆਂ ।

"ਫ਼ੱਕ ਆਫ਼ ਸਕੀਨਾ। ਤੂੰ ਗੱਲ ਐਵੇਂ ਕਰਨੀ ਏਂ ਜਿਵੇਂ ਕਿਸੇ ਸ਼ੀਪਸਤਾਨ ਯਾਂ ਸ਼ਮੀਬੀਆ ਦੇ ਸ਼ਾਹੀ ਟੱਬਰ ਵਿੱਚੋਂ ਹੋਵੇਂ ਜਦ ਕਿ ਤੇਰੇ ਕੋਲ ਮਾਂ ਨੂੰ ਫ਼ੋਨ ਕਰਨ ਜੋਗੇ ਪੈਸੇ ਨਹੀਂ ਹੁੰਦੇ, ਜਦੋਂ ਦੀ ਮੈਂ ਤੈਨੂੰ ਜਾਣਦੀ ਆਂ ਤੂੰ ਉਹੀ ਲੀੜੇ ਪਾਂਨੀ ਪਈ ਏਂ ਜਿਹੜੇ ਦਸ ਵਰ੍ਹਿਆਂ ਪਹਿਲੋਂ ਤੀਜੀ ਦੁਨੀਆ ਦੇ ਕਿਸੇ ਮੁਲਕ ਦੇ ਫ਼ੈਸ਼ਨ ਮੁਤਾਬਿਕ ਬਣੇ ਸਨ । ਵ੍ਹਾਟ ਦਾ ਫ਼ਕ? ਯੂ ਗਿਵ ਮੀ ਦਾ ਕਰੀਪਸ, ਮੈਨ" ਬਰੈਂਡਾ ਕੰਬਣੀ ਲੈਂਦੀ ਏ ।

"ਬਰੈਂਡਾ ਤੇਰਾ ਕੀ ਖ਼ਿਆਲ ਏ, ਮੈਨੂੰ ਪੈਸੇ ਕਮਾਨ ਲਈ ਕੀ ਕਰਨਾ ਚਾਹੀਦਾ ਏ?" ਮੈਂ ਪੁੱਛਨੀ ਆਂ, ਬਰੈਂਡਾ ਦੀ ਈਂ ਜਿਹੀ ਤਕਰੀਰ ਮੈਂ ਪਹਿਲੋਂ ਵੀ ਸੁਣੀ ਹੋਈ ਏ ।

ਉਹ ਮੇਰੇ ਤੇ ਇਕ ਨਿਗਾਹ ਸੁੱਟਦੀ ਏ । ਜਾਪਦਾ ਏ ਉਹਨੂੰ ਕੈਨੇਡਾ ਵਿਚ ਮੇਰੀ ਕੋਈ ਜਾ ਨਹੀਂ ਨਜ਼ਰੀਂਦੀ ।

ਇਹਤਸ਼ਾਮ ਦੇ ਘਰੋਂ ਬਾਹਰ ਮੈਂ ਕਿੱਥੇ ਫ਼ਿਟ ਆਂਨੀ ਆਂ?

"ਚਾਇਲਡ ਕੇਅਰ ਵਰਕਰ । ਡਰਾਇਵਿੰਗ ਲਾਇਸੰਸ ਲੈ ਲੈ ਤੇ ਅੰਗਰੇਜ਼ੀ ਬੋਲਣ ਦੀ ਪ੍ਰੈਕਟਿਸ ਕਰ" ਬਰੈਂਡਾ ਕਹਿੰਦੀ ਏ ।

"ਕੁਝ ਹੋਰ?"

"ਸਿਲਾਈ । ਬੁਹਤੇ ਨਹੀਂ ਪਰ ਪੈਸੇ ਤੇ ਮਿਲਦੇ ਨੇ" ।

"ਮੈਨੂੰ ਪਤਾ ਸੀ ਇਹ ਤੂੰ ਕਰਾਇਆ ਏ ਬਰੈਂਡਾ" ਕੰਨਾਂ ਦੇ ਪਰਦਿਆਂ ਤੇ ਇਹਤਸ਼ਾਮ ਦੀ ਵਾਜ ਚਰੀਠਾਂ ਮਾਰਦੀ ਲੰਘਦੀ ਏ, ਮੈਂ ਮੁੜਨੀ ਆਂ, ਉਹ ਮੇਜ਼ ਦੇ ਪਰਲੇ ਪਾਸੇ ਖਲਾ ਏ ।

ਹੱਥਾਂ ਵਿਚ ਖਾਣੇ ਦੀ ਟਰੇ ਏ ।

ਮੈਂ ਪਿੱਛੇ ਹਟਣਾ ਚਾਹੁੰਨੀ ਆਂ ਪਰ ਪਿੰਡਾ ਵੱਟਾ ਬਣ ਗਿਆ ਏ, ਕੋਈ ਅੰਗ ਨਹੀਂ ਹਿਲਦਾ।

"ਮੈਂ ਮੰਮੀ ਨੂੰ ਆਖਿਆ ਸੀ ਸਕੀਨਾ ਵਿਚ ਇੰਨੀ ਹਿੰਮਤ ਨਹੀਂ, ਇਹ ਬਰੈਂਡਾ ਕਰਾਇਆ ਏ । ਸਕੀਨਾ, ਚੱਲ ਘਰ ਚਲੀਏ । ਬਰੈਂਡਾ ਤੈਥੋਂ ਸੜਦੀ ਏ ।

"ਇਹਦੇ ਤੋਂ?" ਬਰੈਂਡਾ ਮੇਰੇ ਵਲ ਹੱਥ ਕਰ ਕੇ ਇਹਤਸ਼ਾਮ ਤੋਂ ਪੁੱਛਦੀ ਏ।

"ਤੂੰ ਸਹਾਕੇ ਦੀ ਲਾਈਫ਼ ਬਰਬਾਦ ਕਰ ਲਈ ਏ ਹੁਣ ਤੂੰ ਮੇਰੀ ਕਰਨਾ ਚਾਹੁੰਨੀ ਏਂ?" ਬਰੈਂਡਾ ਨੂੰ ਇਹ ਆਖ, ਉਹ ਮੇਰੇ ਵਲ ਮੁੜਦਾ ਏ "ਤੇ ਤੂੰ ਮੋਰੋਨ, ਤੈਨੂੰ ਹਾਲੀ ਤੋੜੀ ਪਤਾ ਨਹੀਂ ਤੇਰੇ ਲਈ ਕੀ ਚੰਗਾ ਏ? ਬਰੈਂਡਾ ਚਾਹੁੰਦੀ ਏ ਤੈਨੂੰ ਵੀ ਤਲਾਕ ਹੋ ਜਾਵੇ"।

ਮੈਥੋਂ ਕੋਈ ਜਵਾਬ ਨਹੀਂ ਦਵੀਂਦਾ ।

"ਸਕੀਨਾ ਤੇਰੇ ਨਾਲ ਗੱਲ ਨਹੀਂ ਕਰਨਾ ਚਾਹੁੰਦੀ, ਹੁਣ ਜਾ" ਬਰੈਂਡਾ ਕਹਿੰਦੀ ਏ ।

"ਮੰਮੀ ਜੀ ਵੀ ਤੇਰੀ ਖ਼ੈਰ ਮੰਗਦੇ ਨੇਂ ਬਰੈਂਡਾ ਬਿੱਚ" ਉਹ ਆਵਦਾ ਟਰੇ ਸਾਡੀ ਮੇਜ਼ ਤੇ ਮਾਰ ਕੇ ਰੱਖਦਾ ਏ ।

"ਫ਼ਕ ਮੰਮੀ ਐਂਡ ਫ਼ਕ ਯੂ" ਬਰੈਂਡਾ ਉਠ ਖਲੋਂਦੀ ਏ ।

ਕਾਊਂਟਰ ਤੇ ਬੈਠੀ ਜ਼ਨਾਨੀ ਬਾਹਰ ਨੂੰ ਆਂਦੀ ਏ ।

"ਸਕੀਨਾ, ਚੱਲ ਚਲੀਏ" ਇਹਤਸ਼ਾਮ ਆਹੰਦਾ ਏ ।

"ਸਕੀਨਾ" ਬਰੈਂਡਾ ਕਾਵੜ ਵਿਚ ਏ, ਜਾਪਦਾ ਏ ਜੇ ਹੁਣ ਮੈਂ ਇਹਤਸ਼ਾਮ ਨਾਲ ਚਲੀ ਗਈ ਤੇ ਬਰੈਂਡਾ ਮੈਨੂੰ ਫਿਰ ਕਦੀ ਨਹੀਂ ਮਿਲੇਗੀ ।

"ਚੱਲ ਚਲੀਏ" ਇਹਤਸ਼ਾਮ ਆਵਦਾ ਹੱਥ ਅੱਗੇ ਕਰਦਾ ਏ ।

ਮੇਰੀ ਨਿਗਾਹ ਹੀਰੇ ਦੀ ਉਸ ਮੁੰਦਰੀ ਤੇ ਪੈਂਦੀ ਏ ਜਿਹੜੀ ਮੇਰੇ ਭਰਾ ਵਿਆਹ ਤੇ ਇਹਨੂੰ ਪਾਈ ਸੀ ਪਰ ਮੇਰੇ ਪਿੰਡੇ ਦਾ ਕੋਈ ਅੰਗ ਇਸ ਹੱਥ ਦਾ ਚਾਹੀਵਾਨ ਨਹੀਂ ।

"ਉਠ, ਛੇਤੀ ਕਰ"।

"ਫ਼ਕ ਯੂ" ਮੈਨੂੰ ਆਵਦੀ ਵਾਜ ਆਂਦੀ ਏ ਪਰ ਇੰਜ ਜਿਵੇਂ ਬਰੈਂਡਾ ਦੀ ਹੋਵੇ।

ਇਹਤਸ਼ਾਮ ਦੇ ਡੇਲੇ ਪਾਟੇ ਦੇ ਪਾਟੇ ਰਹਿ ਗਏ ਨੇ, ਉਹ ਕੰਬਣ ਲੱਗ ਪਿਆ ਏ । ਕੰਬਦੇ ਹੱਥਾਂ ਨਾਲ ਮੇਜ਼ ਤੇ ਪਏ ਟਰੇ ਨੂੰ ਫੜਦਾ ਏ, ਭਾਂਡੇ ਖੜਕਣ ਲੱਗ ਪੈਂਦੇ ਨੇਂ ।

"ਮੇਰਾ ਖ਼ਿਆਲ ਸੀ ਤੂੰ ਕਿਸੇ ਖ਼ਾਨਦਾਨੀ ਟਬਰੋਂ ਏਂ ਪਰ ਨਹੀਂ, ਤੂੰ ਇਕ ਮੂੰਹ ਫੱਟ ਕੰਜਰੀ ਏਂ" ਉਹ ਆਹੰਦਾ ਏ।

"ਤੂੰ ਕੰਜਰੀ" ਮੈਂ ਬੈਠੇ ਬੈਠੇ ਤੋਤੀ ਹਾਰ ਆਹਨੀ ਆਂ ।

"ਮੈਂ ਤੇਰੇ ਖ਼ਰਚੇ ਭਰਨ ਲਈ ਕੰਮ ਕਰ ਕਰ ਅਪਣੀ ਢੂਈ ਮਰਾਂਦਾ ਪਿਆ ਸਾਂ ਤੇ ਤੂੰ ਮਿਸ਼ੇਲ ਨਾਲ ਮੂੰਹ ਕਾਲਾ ਕਰਦੀ ਪਈ ਸੈਂ"।

"ਮੈਂ ਘਰ ਦੇ ਕੰਮ ਕਰ ਕਰ ਆਵਦੀ ਢੂਈ ਮਰਾਂਦੀ ਪਈ ਸਾਂ ਜਦੋਂ ਤੂੰ ਐਲਾਈਜ਼ਾ ਤੇ ਸ਼ਮੀਮ ਨਾਲ ਮੂੰਹ ਕਾਲਾ ਕਰਦਾ ਪਿਆ ਸੈਂ" ਮੈਂ ਆਹਨੀ ਆਂ ।

ਇੱਕੋ ਰੋਰੀ ਖੜਕਦੇ ਭਾਂਡਿਆਂ ਆਲਾ ਟਰੇ ਵਾਅ ਵਿਚ ਉੱਡਦਾ ਮੇਰੇ ਵਲ ਆਂਦਾ ਏ ।

ਬਰੈਂਡਾ ਮੇਰੀ ਕੁਰਸੀ ਪੈਰ ਮਾਰ ਡੇਗਦੀ ਏ, ਮੈਂ ਫ਼ਰਸ਼ ਤੇ ਢਹਿਨੀ ਆਂ ।

ਟਰੇ ਮੈਥੋਂ ਉੱਤੇ ਜਾਂਦਾ, ਥਿੜਕ, ਪਿਛਲੀ ਕੰਧ ਤੇ ਵਜਦਾ ਏ ।

"ਤੂੰ ਹੁਣ ਹਿਲਿਆ ਤੇ ਮੈਂ ਨਾਇਨ–ਵਨ–ਵਨ ਕਾਲ ਕਰ ਦਿਆਂਗੀ" ਬਰੈਂਡਾ ਆਵਦਾ ਸੈੱਲ ਫ਼ੋਨ ਬੰਦੂਕ ਹਾਰ ਕੱਢ, ਉਹਦੇ ਤੇ ਤਾਣ ਲੈਂਦੀ ਏ ।

ਭੋਏਂ ਤੋਂ ਮੈਨੂੰ ਇਹਤਸ਼ਾਮ ਦੇ ਕਾਲੇ ਬੂਟਾਂ ਪਿੱਛੇ ਚਾਰ ਖ਼ਾਕੀ ਬੂਟ ਨਜ਼ਰੀਂਦੇ ਨੇਂ। ਮੈਂ ਸਿਰ ਚਾ ਕੇ ਵੇਹਨੀ ਆਂ, ਇਹ ਮਾਲ ਦੇ ਰਖਵਾਲੇ ਨੇਂ । ਜਾਪਦਾ ਏ ਕਾਊਂਟਰ ਆਲੀ ਨੇ ਬੁਲਾਇਆ ਏ ।

ਇਹਤਸ਼ਾਮ ਪੰਜਾਬੀ, ਅੰਗਰੇਜ਼ੀ, ਫ਼੍ਰੈਂਚ ਤੇ ਉਰਦੂ ਵਿਚ ਮੰਦੇ ਕੱਢਦਾ ਪਿਛਲੇ ਪੈਰੀਂ ਰੈਸਟੋਰੈਂਟ ਵਿੱਚੋਂ ਨਿਕਲ ਜਾਂਦਾ ਏ ।

"ਐਵਰੀ ਥਿੰਗ ਓ ਕੇ, ਲੇਡੀਜ਼?" ਇਕ ਗਾਰਡ ਬਰੈਂਡਾ ਤੋਂ ਪੁੱਛਦਾ ਏ ।

"ਗੈੱਸ ਸੋ" ਬਰੈਂਡਾ ਹੱਥ ਪਵਾ, ਮੈਨੂੰ ਖਲਿਆਰਦੀ ਏ ਤੇ ਲਾਗੇ ਕੁਰਸੀ ਤੇ ਬਿਠਾ ਦਿੰਦੀ ਏ ।

"ਪੁਲਿਸ ਨੂੰ ਕਾਲ ਕਰ ਦੇ" ਬਹਿੰਦਿਆਂ ਈ ਮੈਂ ਬਰੈਂਡਾ ਨੂੰ ਕਹਿਨੀ ਆਂ ।

"ਕਲ੍ਹ ਤੇ ਤੂੰ ਪੁਲਿਸ ਨਹੀਂ ਬੁਲਾਈ ਜਦ ਉਹਨੇ ਤੈਨੂੰ ਸੱਚੀ ਮੁੱਚੀ ਕੁੱਟਿਆ ਸੀ" ਬਰੈਂਡਾ ਖਿੱਝ ਕੇ ਆਹੰਦੀ ਏ ।

"ਹੁਣ ਮੈਂ ਬੁਲਾਣਾ ਚਾਹੁਨੀ ਆਂ" ਇੰਨੇ ਵਰ੍ਹੇ ਮੈਂ ਪਿੰਡ ਆਲੇ ਮੋਲਵੀ ਨਾਲ ਰਹਿੰਦੀ ਪਈ ਸਾਂ ਜਿਹਨੂੰ ਹਯਾਤੀ ਮਾਨਣ ਲਈ ਘੱਟੋ ਘੱਟ ਦੋ ਇਨਸਾਨਾਂ ਤੇ ਰਾਜ ਕਰਨ ਦੀ ਲੋੜ ਏ ।

"ਠਹਿਰ, ਮੈਨੂੰ ਜ਼ਰਾ ਸੁਰਤ ਲੱਗਣ ਦੇ, ਲੈੱਟ ਮੀ ਹੈਵ ਏ ਡ੍ਰਿੰਕ" ਬਰੈਂਡਾ ਆਹੰਦੀ ਏ ।

"ਮੈਂ ਵੀ"।

"ਸ਼ਰਾਬ?" ਬਰੈਂਡਾ ਡੇਲੇ ਕੱਢਦੀ ਏ ।

"ਐਵੇਂ ਇਕ ਅੱਧਾ ਪੈੱਗ" ਮੈਂ ਆਹਨੀ ਆਂ ।

ਬਰੈਂਡਾ ਜਿਹੜੀ ਡ੍ਰਿੰਕ ਲਿਆਂਦੀ ਏ ਉਹ ਨਾ ਇਹਤਸ਼ਾਮ ਤੇ ਭਾ ਆਲੀ ਸਕਾਚ ਏ ਨਾ ਜਿਨ ਤੇ ਨਾ ਵੋਡਕਾ । ਇਹ ਲਾਲ ਯਾਂ ਚਿੱਟੀ ਵਾਈਨ ਵੀ ਨਹੀਂ ਜਿਹੜੀ ਆਂਟੀ ਸਾਬਰ ਤੇ ਸ਼ਨਤਾਲ ਪੀਂਦੀਆਂ ਨੇਂ। ਨਾ ਬੀਅਰ ਯਾਂ ਐਲ ਏ ਜਿਹੜੀ ਮਿਸ਼ੇਲ, ਇਸਹਾਕ ਭਾਈ ਤੇ ਬਰੈਂਡਾ ਪੀਂਦੇ ਨੇਂ । ਵਾਸ਼ਨਾ ਤੋਂ ਬਦਾਮਾਂ ਪਿਸਤਿਆਂ ਆਲਾ ਦੁੱਧ ਜਾਪਦਾ ਏ ।

"ਹੋਲੇ ਪੀਵੀਂ" ਬਰੈਂਡਾ ਆਹੰਦੀ ਏ ।

ਮੈਂ ਇਕ ਨਿੱਕਾ ਘੁੱਟ ਲਾਂਨੀ ਆਂ । ਦੋਧੀ ਏ ਪਰ ਠੰਡੀ ਤੇ ਘਾਟੀ, ਮਾਂ ਜੀ ਕਦੀ ਮੈਨੂੰ ਠੰਡੀ ਦੋਧੀ ਨਾ ਪੀਣ ਦੇਣ ਆ । ਬੜੀ ਸਵਾਦੀ, ਮੈਂ ਵੱਡਾ ਘੁੱਟ ਭਰਨੀ ਆਂ ।

"ਸਕੀਨਾ ਗਲਪ ਨਾ ਕਰ" ਬਰੈਂਡਾ ਦੇ ਅੱਗੇ ਪਈ ਲਬਾਤ ਬਲੂ ਦੀ ਬੋਤਲ ਅੱਧੀ ਹੋਈ ਪਈ ਏ ।

"ਪ੍ਰੇਸ਼ਾਨ ਨਾ ਹੋ ਬਰੈਂਡਾ, ਮੈਂ ਪਹਿਲੋਂ ਵੀ ਸ਼ਰਾਬਾਂ ਪੀਤੀਆਂ ਹੋਈਆਂ ਨੇਂ" ਮੈਂ ਕਹਿਨੀ ਆਂ ।

"ਨਾਹੀਂ" ਬਰੈਂਡਾ ਉਰਦੂ ਵਿਚ ਹਰਿਆਣ ਹੁੰਦੀ ਏ "ਤੂੰ ਮੈਨੂੰ ਕਿਉਂ ਨਹੀਂ ਦੱਸਿਆ?"

"ਪਤਾ ਨਹੀਂ" ਖ਼ੋਰੇ ਮੈਂ ਆਵਦੇ ਆਪ ਨੂੰ ਵੀ ਦੱਸਿਆ ਸੀ ਕਿ ਨਹੀਂ ।

ਤੀਆ ਮਾਰੀਆ ਤੇ ਦੋਧੀ ਵਿਚ ਫ਼ਰਕ ਏ । ਇਕ ਠੰਡ ਵਿਚ ਲੁਕੀ ਭਾਹ ਏ, ਦੂਜੀ ਤੱਤੀ ਸਰਦਾਈ ।

"ਹੁਣ ਤੈਨੂੰ ਅੱਲਾਹ ਤੋਂ ਡਰ ਨਹੀਂ ਪਿਆ ਆਂਦਾ?" ਬਰੈਂਡਾ ਪੁੱਛਦੀ ਏ ।

ਹਾਏ ਨੀ ਬਰੈਂਡਾ, ਕੀ ਆਖ ਦਿੱਤਾ ਈ ਜ਼ਾਲਮੇ । ਹੁਣ ਤੀਆ ਮਾਰੀਆ ਦਾ ਕੀ ਮਜ਼ਾ ਆਣਾ ।

"ਤੂੰ ਪਹਿਲੋਂ ਕੀ ਪੀਤਾ ਏ?"

"ਵ੍ਹਿਸਕੀ, ਵੋਡਕਾ, ਵਾਈਨ, ਬੀਅਰ"।

"ਲੁਕਾ ਕੇ ਪੀਵਣ ਦੀ ਕੀ ਲੋੜ ਸੀ?"

ਜਦੋਂ ਮੈਂ ਲਾਹੌਰ ਭਾ ਦੇ ਗਲਾਸਾਂ ਵਿੱਚੋਂ ਪੀਂਦੀ ਤੇ ਕਿੰਨਾ ਚਿਰ ਕਰੂਲੀਆਂ ਕਰਦੀ, ਕਚੀਚੀਆਂ ਆਂਦੀਆਂ । ਟੋਰੰਟੋ ਵਿਚ ਉੱਤੋਂ ਇੱਕ ਘੁੱਟ ਜੂਸ ਯਾਂ ਦੁੱਧ ਕਾਫ਼ੀ ਲਗਦਾ । ਕਈ ਵਾਰੀ ਆਂਟੀ ਸਾਬਰ, ਬਰੈਂਡਾ, ਮਿਸ਼ੇਲ ਤੇ ਸ਼ਨਤਾਲ ਮੈਨੂੰ ਨਾਲ ਪੀਵਣ ਲਈ ਆਂਹਦੇ ਪਰ ਮੈਂ ਕਦੀ ਨਾ ਮੰਨਦੀ।

ਹੁਣ ਕਾਂਬਾ ਘੱਟ ਏ, ਮੈਂ ਬਰੈਂਡਾ ਦੇ ਸੈੱਲ ਫ਼ੋਨ ਤੇ ਸ਼ੈਲਟਰ ਕਾਲ ਕਰ ਕੇ ਉਨ੍ਹਾਂ ਨੂੰ ਇਹਤਸ਼ਾਮ ਦਾ ਦੱਸਣੀ ਆਂ ।

ਮਗਰੋਂ ਦੋ ਪੁਲਸ ਆਲੇ ਆਂਦੇ ਨੇਂ, ਇਕ ਬੰਦਾ ਤੇ ਜ਼ਨਾਨੀ । ਲਾਹੌਰ ਦੀ ਪੁਲਿਸ ਦੇ ਬਰਖ਼ਿਲਾਫ਼ ਇਹ ਮੇਰੇ ਨਾਲ ਤਮੀਜ਼ ਨਾਲ ਅਲੀਂਦੇ ਨੇਂ । ਜੇ ਮੈਂ ਇੱਥੋਂ ਦੀ ਮਜਾਜ਼ ਯਾਂ ਰੱਫ਼ੋ ਹੋਵਾਂ, ਵੱਲ ਵੀ ਐਵੇਂ ਬੋਲਣ ਹਾ?

ਉਸ ਰਾਤੀਂ ਮੈਂ ਇਕ ਲਿਸਟ ਬਣਾਨੀ ਆਂ ਜਿਹਦੇ ਵਿਚ ਉਹ ਸਾਰੇ ਮੌਕੇ ਨੇ ਜਦ ਇਹਤਸ਼ਾਮ ਮੇਰੇ ਪਿੰਡੇ ਯਾਂ ਦਿਲ ਨੂੰ ਸੱਟ ਮਾਰੀ ।

ਕਹਿਣਾ ਚਾਹੀਦਾ ਏ ਬਈ ਮੈਂ ਈਂ ਜਿਹੀ ਲਿਸਟ ਬਣਾਣ ਦਾ ਚਾਰਾ ਕੀਤਾ।

ਪਹਿਲਾ ਮੌਕਾ 'ਸੁੱਤੀ ਨੂੰ ਮਾਰਿਆ' ਪਰਸੋਂ ਦੀ ਗੱਲ ਏ ਜਦ ਮੈਂ ਇਹਤਸ਼ਾਮ ਦਾ ਘੱਰ ਛੱਡਿਆ । 'ਭਾਂਡਿਆਂ ਭਰਿਆ ਟਰੇ ਚਲਾਇਆ' ਅੱਜ ਦੀ ਗੱਲ ਏ । ਪਰ ਇਨ੍ਹਾਂ ਦੋ ਮਗਰੋਂ ਕੋਈ ਤ੍ਰੀਜਾ ਆਈਟਮ ਚੇਤੇ ਨਹੀਂ ਆਂਦਾ, ਮੈਂ ਬੇ ਸਕੂਨੀ ਹੋ ਜਾਂਨੀ ਆਂ ਕਿਉਂ ਜੇ ਮੈਨੂੰ ਪਤਾ ਏ ਇਹਤਸ਼ਾਮ ਮੇਰੇ ਨਾਲ ਇਨ੍ਹਾਂ ਦੋ ਤੋਂ ਵੱਧ ਕੀਤੀ ਏ । ਕਾਗਤ ਮੂਹਰੇ ਏ ਪਰ ਸੁਰਤ ਨਹੀਂ ।

ਫਿਰ ਮੈਨੂੰ ਬਰੈਂਡਾ ਦੀ ਗੱਲ ਚੇਤੇ ਆਂਦੀ ਏ ਕਿ ਕਿਵੇਂ ਇਹਤਸ਼ਾਮ ਮੈਨੂੰ ਮਾਰਨ ਲਈ ਕੋਈ ਐਕਸੀਡੰਟ ਬਣਾਂਦਾ ਸੀ । ਮੈਂ ਸੋਚਣੀ ਆਂ ਤੇ ਰੋਣ ਆਂਦਾ ਏ ।

ਟੋਰੰਟੋ ਵਿਚ ਮੇਰਾ ਪਹਿਲਾ 'ਐਕਸੀਡੰਟ' ਉਸ ਰਾਤੀਂ ਹੋਇਆ ਜਦ ਮੈਂ ਪੁੱਜੀ ਆਂ। ਏਅਰਪੋਰਟੋਂ ਆ ਕੇ ਮੈਂ ਸਾਰਾ ਵੇਲਾ ਬਰੈਂਡਾ ਤੇ ਇਸਹਾਕ ਭਾਈ ਪਾਸੇ ਬੇਸਮੰਟ ਵਿਚ ਲੰਘਾਇਆ। ਆਂਟੀ ਸਾਬਰ, ਜਿਹੜੇ ਮੋਨਟਰਿਆਲ ਤੋਂ ਆਂਦਿਆਂ ਲੇਟ ਸਨ, ਮੇਰਾ ਸੁਹਾਗ ਦਾ ਜੋੜਾ ਤੇ ਜ਼ੇਵਰ ਲੈ ਕੇ ਥੱਲੇ ਆਏ। ਬਰੈਂਡਾ ਮੈਨੂੰ ਤਿਆਰ ਕਰਾਇਆ। ਮੇਰਾ ਜੋੜਾ ਗੂੜ੍ਹਾ ਗੁਲਾਬੀ ਸੀ, ਉੱਤੇ ਸੁਨਹਿਰੀ ਸਲਮੇ ਸਿਤਾਰੇ ਵਿਚ ਸਿਲਵਰ ਨਗਾਂ ਦਾ ਕੰਮ। ਗਲੇ ਵਿਚ ਪਏ ਹਾਰਾਂ ਤੋਂ ਜਾਪਿਆ, ਮੈਂ ਜ਼ੇਵਰਾਂ ਦੇ ਨੌਂ ਸੈੱਟ ਪਾਏ ਹੋਏ ਸਨ । ਇਹਤਸ਼ਾਮ ਤੇ ਮੰਮੀ ਜੀ ਉੱਤੇ ਮਹਿਮਾਨਾਂ ਨੂੰ ਭੁਗਤਾਂਦੇ ਰਹੇ ਤੇ ਥੱਲੇ ਅਸੀਂ ਹਾਕੀ ਮੈਚ ਵੇਂਹਦੇ ਰਹੇ । ਉਹ ਮੁੱਕਿਆ ਤੇ ਇਹਤਸ਼ਾਮ, ਮੰਮੀ ਜੀ, ਸ਼ਮੀਮ ਤੇ ਖ਼ਾਲਾ ਇਫ਼ਤੀ ਆਏ । ਇਹਤਸ਼ਾਮ ਵੀ ਸ਼ੇਰਵਾਨੀ ਤੇ ਸਿਹਰਾ ਪਾ, ਲਾੜ੍ਹਾ ਬਣਿਆ ਹੋਇਆ ਸੀ । ਬੇਸਮੰਟ ਵਿੱਚੋਂ ਨਿਕਲਦਿਆਂ ਸਾਡੇ ਉਤੇ ਕੁਰਆਨ ਕਰੀਮ ਤੇ ਗੋਟੇ ਆਲਾ ਰੱਤਾ ਦੁਪੱਟਾ, ਬੂਹੇ ਵੜਦਿਆਂ ਸਰਹੂੰ ਦਾ ਤੇਲ, ਵੱਲ ਮੈਂ ਕਿੰਨੇ ਸਾਰੇ ਦੇਸੀ ਤੇ ਅੰਗਰੇਜ਼ ਜ਼ਨਾਨੀਆਂ, ਬੰਦਿਆਂ ਤੇ ਬਾਲਾਂ ਨੂੰ ਵੇਖਿਆ ਜਿਨ੍ਹਾਂ ਵਿੱਚੋਂ ਕਿਸੇ ਨੂੰ ਮੈਂ ਫਿਰ ਨਹੀਂ ਮਿਲੀ ।

ਪਰੋਹਣੇ ਚਲੇ ਗਏ ਤੇ ਸ਼ਮੀਮ ਮੈਨੂੰ ਉੱਤੇ ਇਹਤਸ਼ਾਮ ਦੇ ਕਮਰੇ ਲਗਈ । ਚਮਕੀਲਾ ਬੈੱਡਕਵਰ ਤੇ ਪਲੰਗ ਦੀਆਂ ਢੋਵਾਂ ਤੇ ਚਾਰੋਂ ਪਾਸੇ ਫੁੱਲਾਂ ਦੇ ਹਾਰ ਸਨ । ਮੈਨੂੰ ਬਠਾਂਦਿਆਂ ਸ਼ਮੀਮ ਆਖਿਆ 'ਸ਼ਾਮੀ ਬੜਾ ਬਿਜ਼ੀ ਏ, ਉਹਦੀ ਬੀਵੀ ਨੂੰ ਉਡੀਕਣਾ ਪਏ ਗਾ' ਤੇ ਬੂਹਾ ਲਾਂਦੀ, ਚਲੀ ਗਈ । ਮਗਰੋਂ, ਕਿਸੇ ਪਸ਼ੀਨ ਗੋਈ ਹਾਰ ਇਹ ਅੱਖਰ ਰੋਜ਼ ਦਿਹਾੜੇ ਸੱਚੇ ਹੋ ਹੋ ਮੇਰੇ ਅੱਗੇ ਆਏ ।

ਉਸ ਰਾਤੀਂ ਕਿਸੇ ਅਨਜਾਣੂੰ ਮੁਲਕ ਦੇ ਓਪਰੇ ਘਰੀਂ, ਇਕ ਅਨਜਾਣੇ ਦੀ ਉਡੀਕ ਵਿਚ ਖ਼ੌਫ਼ ਤੇ ਵਸਵਸਿਆਂ ਦੀ ਚਾਮ ਚਿੱਠ ਮੈਨੂੰ ਘੜੀ ਮੁੜੀ ਚਮੜਦੀ ਰਹੀ ਪਰ ਮੈਂ ਵੱਲ ਵੀ ਆਵਦੇ ਆਪ ਨੂੰ

ਥਾਪੜ ਥਾਪੜ ਕੇ ਸਵਾਂ ਦਿੱਤਾ । ਅੱਖ ਖੁੱਲੀ ਤੇ ਪੀੜ ਜਿਹੀ ਪਈ ਹੋਈ ਸੀ, ਜਿਵੇਂ ਕੋਈ ਨਹੁੰਦਰਾਂ ਮਾਰਦਾ ਪਿਆ ਹੋਵੇ । ਇਹਤਸ਼ਾਮ ਨਹੁੰਆਂ ਦੀਆਂ ਚਰੀਠਾਂ ਨਾਲ ਪਿੱਛੋਂ ਮੇਰੇ ਲੀੜੇ ਲਾਹੁਣ ਦੀ ਕਰਦਾ ਪਿਆ ਸੀ । ਚੜ੍ਹਦੇ ਲਹਿੰਦੇ ਸਾਹਵਾਂ ਵਿਚ ਸ਼ਰਾਬ ਦੀ ਬੋ, ਠਠੰਬਰਦੇ ਹੱਥ, ਖ਼ੋਰੇ ਉਹਨੂੰ ਮੈਂ ਨਜ਼ਰੀਂਦੀ ਵੀ ਪਈ ਸਾਂ । ਮੇਰਾ ਸਾਹ ਥੱਲੇ ਦਾ ਥੱਲੇ ਤੇ ਉੱਤੇ ਦਾ ਉੱਤੇ ਰਹਿ ਗਿਆ, ਪਿੰਡਾ ਲੱਕੜ ਦੇ ਮੁੱਢ ਹਾਰ ਆਕੜ ਗਿਆ । ਉਹ ਇੱਧਰ ਉੱਧਰ ਹੱਥ ਮਾਰਦਾ । ਅਖ਼ੀਰ ਮੇਰੇ ਤੇ ਡੱਠਾ । ਮੈਂ ਪੂਰਾ ਜ਼ੋਰ ਲਾ ਥੱਲਿਓਂ ਨਿਕਲੀ, ਉਹ ਪਿੱਛੇ ਆਂਦਿਆਂ ਢਹਿ ਪਿਆ ਤੇ ਉਥੇ ਈ ਸੌਂ ਗਿਆ । ਮੈਂ ਭੱਜ ਕੇ ਥੱਲੇ ਬਰੈਂਡਾ ਕੋਲ ਜਾਣ ਲੱਗੀ, ਮੈਨੂੰ ਸ਼ਮੀਮ ਦੀ ਗੱਲ ਚੇਤੇ ਆਈ ਤੇ ਖ਼ੋਰੇ ਕਿਉਂ, ਮੈਂ ਬੂਹਾ ਭੀੜ ਤੇ ਕੁੰਡੀ ਲਾ ਕੇ ਮੁੜ ਆਈ । ਇਹਤਸ਼ਾਮ ਨੂੰ ਕੋਈ ਸੁਰਤ ਨਹੀਂ ਸੀ, ਮੈਂ ਉਹਦੇ ਤੇ ਰਜ਼ਾਈ ਪਾ, ਸਿਰਹਾਣਾ ਤੇ ਕੰਬਲ ਚਾ, ਕਲੀਨ ਤੇ ਸੌਂ ਗਈ ।

ਅੱਜ ਦੱਸਾਂ ਵਰ੍ਹਿਆਂ ਮਗਰੋਂ ਸੱਟਾਂ ਮਾਰੀਆਂ, ਮੈਂ ਖ਼ਾਲੀ ਕਾਗਤ ਅੱਗੇ ਬੈਠੀ ਆਂ ।

ਹੰਝੂ ਪੂੰਝ, ਮੈਂ ਲਿਖਣਾ ਛੋਹਨੀ ਆਂ। ਮਾਵਾਂ ਕੋਲੋਂ ਤੇ ਹੋਵੇ ਗਾ, ਕਾਗਤਾਂ ਤੋਂ ਕਿਹਾ ਓਹਲਾ?

ਅੱਧੀ ਰਾਤੀਂ ਜੋਈਨੀ ਮੇਰਾ ਬੂਹਾ ਆ ਖੜਕਾਂਦੀ ਏ, ਉਸ ਸ਼ੈਲਟਰ ਬਾਹਰ ਸੜਕ ਤੇ ਇਹਤਸ਼ਾਮ ਦੇ ਨੰਬਰ ਤੇ ਮਾਡਲ ਆਲੀ ਕਾਰ ਵੇਖੀ ਏ ।

ਅਸੀਂ ਭੱਜ ਕੇ ਦਫ਼ਤਰ ਪੁੱਜਣੇ ਆਂ ।

"ਬਾਰੀ ਵਿੱਚੋਂ ਵੇਖ, ਉਹੋ ਲਾਇਸੰਸ ਪਲੇਟ ਏ" ਜੋਈਨੀ ਆਹੰਦੀ ਏ ।

ਮੈਂ ਬਾਰੀ ਦੇ ਇਕਵਾਸੀ ਤਾਕ ਆਲੇ ਸ਼ੀਸ਼ੇ ਵਿੱਚੋਂ ਵੇਹਨੀ ਆਂ, ਇਹਤਸ਼ਾਮ ਈ ਏ । ਚਾਹਵਾਂ ਤੇ ਹੁਣੇ ਹੇਠਾਂ ਜਾ, ਅਗਲਾ ਬੂਹਾ ਖੋਲ, ਗੱਡੀ ਵਿੱਚ ਬਹਿ, ਵੱਲ ਉਸੇ ਥਾਈਂ ਚਲੀ ਜਾਵਾਂ ਜਿਹਨੂੰ ਲੋਕੀ ਮੇਰਾ ਘਰ ਆਹੰਦੇ ਨੇਂ ।

ਇਹ ਖ਼ਿਆਲ ਮੇਰੇ ਪਿੰਡੇ ਵਿੱਚੋਂ ਤਾਕਤ ਇੰਜ ਖਿੱਚਦਾ ਏ ਜਿਵੇਂ ਸਿਆਹੀ ਨੂੰ ਸਿਆਹੀ ਚੂਸ । ਮੈਂ ਬਾਰੀ ਤੋਂ ਪਰੇ ਜਾ ਸੋਫ਼ੇ ਤੇ ਢਹਿਨੀ ਆਂ ।

ਇਕ ਸਕਿੰਟ ਅੰਦਰ ਇਹ ਸ਼ੈਲਟਰ ਮੇਰੇ ਲਈ ਰਾਖਵਾਂ ਨਹੀਂ ਰਹਿ ਗਿਆ ।

"ਤੈਨੂੰ ਦੱਸੇ ਬਿਨਾਂ ਮੈਂ ਪੁਲਿਸ ਨੂੰ ਕਾਲ ਕਰ ਦਿੱਤਾ ਸੀ, ਇਹ ਹਰ ਕਿਸੇ ਲਈ ਖ਼ਤਰਾ ਏ । ਟੋਰੰਟੋ ਦੀ ਇਕ ਸ਼ੈਲਟਰ ਸਟਾਫ਼ ਇਸੇ ਤਰ੍ਹਾਂ ਫੱਟੜ ਹੋ ਗਈ ਸੀ" ਜੋਈਨੀ ਸ਼ਾਂਤ, ਮੈਨੂੰ ਦੱਸਦੀ ਏ ।

ਮੈਂ ਵੀ ਸ਼ਾਂਤ ਹੋਣਾ ਚਾਹੁੰਨੀ ਆਂ, ਚਿੰਤਾ ਮਾਰੀ ਸਿੱਧਾ ਸੋਚ ਨਹੀਂ ਸਕਦੀ ।

ਬਾਹਰ ਇਹਤਸ਼ਾਮ ਦੀ ਗੱਡੀ ਸਟਾਰਟ ਹੁੰਦੀ ਏ ਤੇ ਚਲੀ ਜਾਂਦੀ ਏ, ਜਿਵੇਂ ਉਹਨੂੰ ਪਤਾ ਲੱਗ ਗਿਆ ਹੋਵੇ ਕਿ ਮੈਂ ਉਹਨੂੰ ਵੇਹੰਦੀ ਪਈ ਸਾਂ ।

ਜੋਈਨੀ ਪੁਲਿਸ ਨੂੰ ਕਾਲ ਕਰ ਕੇ ਦੱਸਦੀ ਏ ਕਿ ਇਹਤਸ਼ਾਮ ਚਲਾ ਗਿਆ ਏ ।

ਪੁਲਿਸ ਆਂਦੀ ਏ ਤੇ ਪਤਾ ਲਗਦਾ ਏ ਉਹ ਕਲ੍ਹ ਰੈਸਟੋਰੰਟ ਆਲੀ ਗੱਲ ਮਗਰੋਂ ਇਹਤਸ਼ਾਮ ਦੇ ਘਰ ਜਾ ਕੇ ਉਹਨੂੰ ਵਾਰਨਿੰਗ ਦੇ ਕੇ ਆਏ ਸਨ ।

ਵਾਰਨਿੰਗ ਦਾ ਇਹ ਅਸਰ ਹੋਇਆ ਕਿ ਉਹ ਅੱਜ ਸ਼ੈਲਟਰ ਪੁਜ ਗਿਆ?

ਚੇਤੇ ਆਂਦਾ ਏ ਕਿ ਗਾਮੂ ਤੇ ਮਾਰ ਦਾ ਕੀ ਅਸਰ ਹੋਇਆ ਸੀ, ਉਸ ਇਕ ਜ਼ਨਾਨੀ ਦਾ ਖ਼ੂਨ ਕਰ ਦਿੱਤਾ । ਕਿਹੜੀ ਜ਼ਨਾਨੀ?

"ਮੈਂ ਕੀ ਕਰਾਂ?" ਮੈਂ ਜੋਈਨੀ ਨੂੰ ਪੁੱਛਨੀ ਆਂ ।

"ਤੈਨੂੰ ਇਹ ਸ਼ੈਲਟਰ ਛੱਡਣਾ ਪਏ ਗਾ" ।

"ਹਾਂ, ਤਲਾਕ ਵੀ ਲੈਣੀ ਚਾਹੀਦੀ ਏ" ਇਹ ਆਖਣ ਹੁਣ ਕਿੰਨਾ ਸੌਖਾ ਏ, ਮਾਂ ਜੀ ਜੋ ਕੋਨੀ ।

"ਤੂੰ ਸੋਚ ਲਿਆ ਏ?" ਜੋਈਨੀ ਪੁੱਛਦੀ ਏ ।

"ਤੂੰ ਵਿਆਹੀ ਹੋਈ ਏਂ?" ਮੈਂ ਉਹਨੂੰ ਪੁੱਛਦੀ ਆਂ ।

"ਨਹੀਂ, ਪਰ ਅਸੀਂ ਸੋਚਣੇ ਪਏ ਆਂ । ਮੇਰੀ ਸਾਥੀ ਵੀ ਜ਼ਨਾਨੀ ਏ, ਮੈਂ ਲੈਜ਼ਬੀਅਨ ਆਂ"।

"ਮੈਨੂੰ ਪਤਾ ਏ" ।

"ਤੈਨੂੰ ਇਹਦੇ ਨਾਲ ਕੋਈ ਮਸਲਾ ਤੇ ਨਹੀਂ?"

"ਨਹੀਂ" ।

"ਸ਼ੁਕਰ ਏ" ।

"ਵਿਆਹ ਜ਼ਨਾਨੀ ਲਈ ਤੇ ਗ਼ੁਲਾਮੀ ਏ" ।

"ਸਕੀਨਾ, ਮੈਂ ਕਹਿਣਾ ਚਾਹੁੰਨੀ ਆਂ ਕਿ ਸ਼ੁਮਾਲੀ ਅਮਰੀਕਾ ਵਿਚ ਕਾਲੇ ਲੋਕਾਂ ਦੀ ਤ੍ਵਾਰੀਖ਼ ਪਾਰੋਂ 'ਗ਼ੁਲਾਮ' ਦਾ ਅੱਖਰ ਦਬਾਅ ਦੀ ਰਮਜ਼ ਬਣਾ ਕੇ ਨਾ ਵਰਤੀਏ ਤੇ ਚੰਗਾ ਏ" ।

"ਦਬਾਅ ਦੀ ਰਮਜ਼?"

"ਜਿਵੇਂ ਕਿਸੇ ਵਿਆਹੀ ਜ਼ਨਾਨੀ ਦੀ ਹਯਾਤੀ ਦਾ ਦਬਾਅ ਕਿਸੇ ਗ਼ੁਲਾਮ ਦੀ ਹਯਾਤੀ ਹਾਰ ਹੋਵੇ" ।

"ਅੱਛਾ" ਮੈਨੂੰ ਕੋਈ ਫ਼ਰਕ ਨਹੀਂ ਪਿਆ ਜਾਪਦਾ "ਤੂੰ ਕਲ੍ਹ ਕੰਮ ਤੇ ਆਏਂਗੀ?"

"ਆਹੋ ਪਰ ਇਸੇ ਹਫ਼ਤੇ, ਮਗਰੋਂ ਮੈਂ ਵੈਨਕੋਵਰ ਜਾ ਰਹਿਣਾ ਏ" ।

ਵਿਸ਼ਵਾਸ਼ ਨਹੀਂ ਆਂਦਾ ਕਿ ਕੀ ਸੁਣਨੀ ਪਈ ਆਂ ।

"ਮੇਰੀ ਪਾਰਟਨਰ ਮੈਗੀ ਨੂੰ ਤੇ ਮੈਨੂੰ ਉਥੇ ਜਾਬ ਮਿੱਲ ਗਿਆ ਏ" ।

ਹੰਝੂਆਂ ਵਿੱਚੋਂ ਪਲ ਦੋ ਪਲ ਮੈਨੂੰ ਕੁੱਝ ਨਹੀਂ ਦਿੱਸਦਾ ।

ਮੈਂ ਉਠ, ਦਫ਼ਤਰੋਂ ਨਿਕਲ ਜਾਂਨੀ ਆਂ ।

ਸ਼ੁਕਰ ਏ ਪੌੜ੍ਹੀਆਂ ਸੌੜੀਆਂ ਨੇਂ, ਮੈਂ ਦੋਵੇਂ ਪਾਸੇ ਕੰਧਾਂ ਨੂੰ ਹੱਥ ਪਾ ਸਕਣੀ ਆਂ। ਜੋਈਨੀ ਚਲੀ ਗਈ ਤੇ ਮੈਂ ਕਿਹਦੇ ਨਾਲ ਗੱਲ ਬਾਤ ਕਰਾਂਗੀ? ਸ਼ੈਲਟਰ ਦੀਆਂ ਸਾਰੀਆਂ ਜ਼ਨਾਨੀਆਂ ਚੰਗੀਆਂ ਸੁਰਤ ਆਲੀਆਂ ਨੇਂ ਪਰ ਹਰ ਕੋਈ ਹਰ ਕਿਸੇ ਨਾਲ ਦਿਲ ਤੇ ਨਹੀਂ ਖੋਹਲ ਸਕਦਾ ।

ਮੈਂ ਉੱਤੇ ਆ, ਕਮਰੇ ਦਾ ਬੂਹਾ ਲਾ ਲੈਂਨੀ ਆਂ ।

ਜੋਈਨੀ ਦੇ ਜਾਣ ਦਾ ਸਦਮਾ ਮੈਨੂੰ ਦੂਜੀਆਂ ਫ਼ਿਕਰਾਂ ਵਿਚ ਲੈ ਜਾਂਦਾ ਏ । ਜੇ ਮੈਂ ਰੈਸਟੋਰੇਂਟ ਵਿੱਚ ਫੱਟੜ ਹੋ ਜਾਂਦੀ? ਬਰੈਂਡਾ ਨਾਲ ਨਾ ਹੁੰਦੀ? ਸੜਕ ਤੇ ਸੈਰ ਕਰਦੀ ਹੋਵਾਂ ਤੇ ਉਹ ਆ ਜਾਵੇ ਫਿਰ? ਯਾਂ ਹੁਣ ਮੈਨੂੰ ਸੜਕ ਤੇ ਨਿਕਲਣਾ ਈ ਨਹੀਂ ਚਾਹੀਦਾ? ਮੁੜ ਅੰਦਰ ਬੰਦ ਹੋ ਕੇ ਰਹਿਣ ਦੇ ਖ਼ਿਆਲ ਨਾਲ ਮੇਰਾ ਹਿਆ ਮੁੱਠ ਵਿਚ ਆ ਜਾਂਦਾ ਏ । ਮੇਰਾ ਚੇਤਾ ਹਾਲੀ ਮੇਰੇ ਨਾਲ ਏ, ਕਿੰਨਿਆਂ ਵਰ੍ਹਿਆਂ ਪਿੱਛੋਂ ਵੀ ਨੂਰ ਜਮਾਲੋ, ਜੀਨੋ, ਅੱਈਓ ਤੇ ਸ਼ਮ੍ਹਾ ਦੀਆਂ ਸ਼ਕਲਾਂ ਮੇਰੇ ਦਿਲ ਵਿੱਚ ਨੇਂ । ਇੱਥੋਂ ਮੈਨੂੰ ਬਰੈਂਡਾ, ਡੋਨਾ ਤੇ ਸ਼ੈਲਟਰ ਵਿਚ ਦੂਜੀਆਂ ਜ਼ਨਾਨੀਆਂ ਦਾ ਖ਼ਿਆਲ ਆਂਦਾ ਏ ।

ਇਹਤਸ਼ਾਮ ਦਾ ਘਰ ਛੱਡ ਕੇ ਆਵਦੇ ਲਈ ਇਕ ਨਵੀਂ ਹਯਾਤੀ ਬਣਾਉਣ ਦੀ ਆਸ ਮੈਨੂੰ ਛੱਡਦੀ ਜਾਂਦੀ ਏ । ਗ਼ਮ ਆਂਦਾ ਏ ਇਤਲਾ । ਜੋ ਵੀ ਸੀ, ਕੈਨੇਡਾ ਵਿਚ ਉਹੋ ਮੇਰਾ ਘਰ ਸੀ ।

ਦੁੱਖ ਇਹ ਆਂਦਾ ਏ ਬਈ ਕਿਵੇਂ ਹਯਾਤੀ ਦੀ ਤਾਸ਼ ਵਿੱਚੋਂ ਮੇਰੇ ਦੋਵੇਂ ਟੱਬਰਾਂ ਮੈਨੂੰ ਗ਼ੁਲਾਮੀ ਦਾ ਪੱਤਾ ਦਿੱਤਾ। ਇਹਤਸ਼ਾਮ ਤੇ ਮੰਮੀ ਜੀ ਬਗਾਨਿਆਂ ਵਾਂਗਰ ਦਿੰਦੇ ਰਹੇ, ਮਾਂ ਜੀ ਤੇ ਭਾ ਮੋਹ ਨਾਲ। ਪੱਤਾ ਇੱਕੋ ਸੀ, ਦੂਜਿਆਂ ਲਈ ਹਯਾਤੀ ਗੁਜ਼ਾਰਨ ਦਾ ਪੱਤਾ । ਜਿਹਨੇ ਵੀ ਮੈਨੂੰ ਇਹ ਦਿੱਤਾ ਉਹਨੂੰ ਸੱਭ ਖ਼ਬਰ ਸੀ ਤੇ ਇਹਦੇ ਵਿਚ ਉਹਦਾ ਵੀ ਕੋਈ ਲਾਭ ਫ਼ੈਦਾ ਸੀ ।

ਮੈਨੂੰ ਮਸਲਾ ਇਹ ਵੀ ਏ ਕਿ ਕਿਵੇਂ ਮੈਂ ਪਿਆਰਿਆਂ ਪਾਰੋਂ ਗ਼ੁਲਾਮੀ ਦੇ ਰੋਲ ਕੀਤੀ ਗਈ । ਤੇ ਕੀ ਮੈਂ ਮਾਪਿਆਂ ਸੋਹਰਿਆਂ ਨੂੰ ਇੱਕੋ ਤਕੜੀ ਵਿਚ ਤੋਲ ਸਕਣੀ ਆਂ? ਜੇ ਮੈਂ ਇੱਥੇ ਭਾ ਤੇ ਮਾਂ ਜੀ ਨਾਲ ਰਹਿੰਦੀ ਹੁੰਦੀ ਤੇ ਕੀ ਭਾ ਮੈਨੂੰ ਕਿਸੇ ਕੰਮ ਤੋਂ ਰੋਕਣ ਲਈ ਪੌੜੀਆਂ ਤੋਂ ਧੱਕਾ ਦੇ ਦਿੰਦਾ? ਜੇ ਮੈਂ ਉਹਦਾ ਆਖਾ ਨਾ ਮੰਨਦੀ ਤੇ ਉਸ ਮੇਰੇ ਤੇ ਭਾਂਡਿਆਂ ਆਲਾ ਟਰੇ ਚਲਾਣਾ ਸੀ? ਤੇ ਜੇ ਉਹ ਇੰਜ ਕਰਦਾ ਤੇ ਕੀ ਮੈਂ ਉਹਦੇ ਤੇ ਪੁਲਿਸ ਬੁਲਾਂਦੀ?

ਇਹ ਸਵਾਲ ਮੇਰੇ ਤੋਂ ਰੱਜ ਵੱਡੇ ਨੇਂ । ਜਾਪਦਾ ਏ, ਇਹ ਮੈਂ ਆਵਦੇ ਆਪ ਤੋਂ ਪੁੱਛੇ ਈ ਨਹੀਂ, ਜੇ ਪੁੱਛੇ ਨੇ ਤੇ ਫਿਰ ਜਵਾਬ ਦੇਣ ਦੀ ਲੋੜ ਕੋ ਨੀ ।

ਪਰ ਇਨ੍ਹਾਂ ਸਵਾਲਾਂ ਨੂੰ ਪਰਾਂਹ ਕਰ ਕੇ ਹਯਾਤੀ ਲੰਘਾਵਣ ਲਈ ਦਿਲ ਪੱਥਰ ਕਰਨਾ ਪਏ ਗਾ। ਇੱਕੋ ਪਾਸੇ ਉਂਗਲ ਚਾਵਣ ਸੌਖਾ ਏ, ਜਦ ਕਿ ਉਹ ਪਾਸਾ ਮੇਰੇ ਦਰਦਾਂ, ਪੀੜਾਂ, ਕਾਵੜਾਂ ਤੇ ਬੇਵਸੀਆਂ ਦਾ ਕਾਰਨ ਵੀ ਏ, ਮੰਮੀ ਜੀ ਤੇ ਇਹਤਸ਼ਾਮ ਦਾ ਪਾਸਾ । ਮਾਂ ਜੀ, ਭਾ ਤੇ ਆਵਦੇ ਆਪ ਤੇ ਉਂਗਲ ਚਾਵਣਾ ਡਾਢਾ ਔਖਾ ਏ । ਕਿਉਂ ਜੇ ਅਸੀਂ ਇੱਕੋ ਮਿੱਕੋ ਆਂ । ਵੱਲ ਵੀ ਅਜਬ ਏ ਜੇ ਆਵਦੀ ਹੀਣ ਨਿਮਾਣੀ ਹਯਾਤੀ ਵਿਚ ਮੇਰਾ ਅਸਲੋਂ ਕੋਈ ਹੱਥ ਨਾ ਹੋਵੇ ।

ਰਹਿੰਦੀ ਰਾਤ ਲੰਮੀ ਸੀ, ਸਵੇਰ ਤਾਈਂ ਮੈਂ ਟੋਰੰਟੋ ਛੱਡਣਾ ਮਿੱਥ ਲਿਆ ।

ਸਵੇਰੇ ਮੈਂ ਜੋਈਨੀ ਨੂੰ ਦੱਸਣੀ ਆਂ ਬਈ ਮੈਂ ਵੀ ਬ੍ਰਿਟਿਸ਼ ਕੋਲੰਬੀਆ ਜਾਣਾ ਏ ਤੇ ਉਹ ਘਾਬਰ ਜਾਂਦੀ ਏ ।

"ਤੂੰ ਉਥੇ ਕਿਸੇ ਨੂੰ ਜਾਣਦੀ ਏਂ?" ਉਹ ਪੁੱਛਦੀ ਏ ।

"ਹਾਂ" ਮੈਂ ਕੂੜ ਆਹਨੀ ਆਂ ਕਿਉਂ ਜੇ ਉਹਦੇ ਨਾਲ ਫ਼ਰਕ ਕੋ ਨੀ ਪੈਂਦਾ । ਟੋਰੰਟੋ ਵਿਚ ਮੇਰਾ ਕੌਣ ਏ? ਜੇ ਆਂਟੀ ਸਾਬਰ ਇੱਥੇ ਰਹਿੰਦੀ ਹੁੰਦੀ ਤੇ ਵੱਲ ਵੀ ਮੈਂ ਰਹਿਣ ਦਾ ਸੋਚਦੀ । ਉਹ ਮੇਰੇ ਵਿਆਹ ਮਗਰੋਂ ਦੋ ਤਰੈ ਵਰ੍ਹੇ ਮਿਲਣ ਆਂਦੀ ਰਹੀ, ਉਨਾਸੀ ਵਿਚ ਮੋਨਟਰਿਆਲ ਕਤਲਾਮ ਹੋਇਆ ਜਿਹਦੇ ਵਿਚ ਇਕ ਪੜ੍ਹਿਆਰ ਨੇ ਕਾਲਜ ਵਿਚ ਫ਼ਾਇਰ ਕਰਕੇ ਚੌਦਾਂ ਜ਼ਨਾਨੀਆਂ ਨੂੰ ਕਤਲ ਕਰ ਦਿੱਤਾ । ਆਂਟੀ ਸਾਬਰ ਦੇ ਦੋਵੇਂ ਬਾਲ ਉੱਥੇ ਪੜ੍ਹਦੇ ਸਨ, ਇਸ ਮਗਰੋਂ ਉਹ ਤ੍ਰਭਕ ਗਏ ਤੇ ਆਂਟੀ ਸਾਬਰ ਆਪਣਿਆਂ ਮਾਮਲਿਆਂ ਵਿੱਚ ਫਸ, ਮੈਥੋਂ ਪਰਾਂਹ ਹੋ ਗਈ ।

"ਕਿੱਥੇ?"

ਜੋਈਨੀ ਪੁੱਛਦੀ ਪਈ ਏ ਕਿ ਮੈਂ ਬ੍ਰਿਟਿਸ਼ ਕੋਲੰਬੀਆ ਵਿੱਚ ਕਿੱਥੇ ਕਿਸੇ ਨੂੰ ਜਾਣਦੀ ਆਂ ।

"ਸੱਰ੍ਹੀ" ਮੈਂ ਬਲਵਿੰਦਰ ਚੇਤੇ ਕਰਨੀ ਆਂ ।

"ਸੱਰ੍ਹੀ ਕਿੱਥੇ?"

"ਕੀ ਖ਼ਬਰ" ।

ਅਸੀਂ ਟਰਾਂਸ ਕੈਨੇਡਾ ਨਕਸ਼ੇ ਤੇ ਲੱਭਣੇ ਆਂ, ਸੱਰੀ ਲੱਭਣਾ ਸੌਖਾ ਨਹੀਂ ਪਰ ਅਖ਼ੀਰ ਉਹ ਸਾਨੂੰ ਵੈਨਕੋਵਰ ਦੇ ਦੱਖਣ ਤੇ ਲਹਿੰਦੇ ਆਲੇ ਪਾਸੇ ਮਿਲਦਾ ਏ ।

ਹੋਇਆ ਇਹ ਕਿ ਮੈਂ ਜੋਈਨੀ ਤੋਂ ਵੀ ਅੱਗੇ ਬ੍ਰਿਟਿਸ਼ ਕੋਲੰਬੀਆ ਅੱਪੜ ਗਈ ਤੇ ਉਹਦੇ ਪੁੱਜਣ ਤਾਈਂ ਮੇਰੇ ਕੋਲ ਇਕ ਜਾਬ ਵੀ ਸੀ ।

ਚੌਥਾ ਅੰਗ

# ਜਾਗਦਿਆਂ ਕੂੰ ਛੇੜੇ

ਸਰ੍ਰੀ 2001

ਵੈਨਕੋਵਰ ਲਾਗੇ ਸ਼ਹਿਰ ਸਰ੍ਰੀ, ਜਿਹਦਾ ਨਾਂ ਇੰਗਲਿਸਤਾਨ ਦੀ ਸਰ੍ਰੀ ਕਾਊਂਟੀ ਮਗਰ ਏ, ਅਠਾਰ੍ਹਵੀਂ ਸਦੀ ਵਿਚ ਆਬਾਦ ਤੇ ਹੋਗਿਆ ਪਰ ਇਹਨੂੰ ਸ਼ਹਿਰ ਦਾ ਦਰਜਾ ਮਿਲਿਆ ਉਂਨੀ ਸੋ ਤਰਾਨਵੇ ਵਿਚ ਜਦ ਮੈਨੂੰ ਟੋਰੰਟੋ ਤੋਂ ਆਏ ਦੋ ਵਰ੍ਹੇ ਹੋਏ ਸਨ ।

ਪੈਸੈਫ਼ਿਕ ਓਸ਼ਨ, ਅਮਰੀਕਾ ਤੇ ਵੈਨਕੋਵਰ ਨਾਲ ਖਹਿੰਦੇ ਇਸ ਸ਼ਹਿਰ ਵਿਚ 350000 ਲੋਕੀ ਵਸਦੇ ਨੇਂ । ਯੋਰਪੀਆਂ ਦੇ ਕਬਜ਼ੇ ਤੋਂ ਛੇ ਹਜ਼ਾਰ ਵਰ੍ਹੇ ਪਹਿਲੋਂ ਇਹ ਸਾਰੀ ਧਰਤੀ ਸੈਮੀਹਾਮੂ ਤੇ ਕਵਾਂਟਲਨ ਲੋਕਾਂ ਦੀ ਸੀ । ਮੇਰੀ ਗਵਾਂਢਣ ਲਿੰਡਾ ਸੈਮੀਹਾਮੁਆਂ ਦੇ ਸਤੈਸ਼ ਸਾਲਿਸ਼ ਮੁੱਢ ਤੋਂ ਏ, ਇਹ ਉਹ ਲੋਕੀ ਨੇ ਜਿਹਨਾਂ ਦੇ ਸਤਾਰ੍ਹਾਂ ਸੋ ਅੱਸੀ ਵਿਚ ਗਿਣੇ ਗਏ ਤਿੰਨ ਸੋ ਜੀ, ਉਂਨੀ ਸੋ ਇਕ੍ਹੱਤਰ ਤਾਈਂ ਘੱਟ ਕੇ ਚੱਵੀ ਰਹਿ ਗਏ ਸਨ ।

ਉਂਨੀ ਸੋ ਸੱਤਰ ਵਿਚ ਮੇਰੇ ਸਾਥੀ ਇਕਬਾਲ ਸਿੰਘ ਦਾ ਟੱਬਰ ਭਾਰਤੀ ਸਰਕਾਰ ਹੱਥੋਂ ਮਾਰਿਆ ਗਿਆ । ਉਹ ਜਿੰਦ ਬਚਾ ਕੈਨੇਡਾ ਆ ਵਸਿਆ ਤੇ ਹੁਣ ਉਹਦੇ ਕੋਲ ਸੱਰ੍ਹੀ ਵਿਚ ਆਵਦਾ ਘਰ, ਹਵਾਈ ਅੱਡੇ ਦੀ ਲੀਮੂੰ ਸਰਵਿਸ ਤੇ ਕਲੋਵਰਡੇਲ ਵਿਚ ਬਲੂ ਬੈਰੀਆਂ ਦਾ ਫ਼ਾਰਮ ਏ ।

# ਨਾਂ

ਗਵਾਂਢ ਵਿਚ ਰੌਲਾ ਏ ਪਰ ਇਹ ਕਮਰਾ ਮੇਰਾ ਨਹੀਂ, ਨਾ ਟੋਰੋਂਟੋ ਨਾ ਲਾਹੌਰ।

ਲੱਕ ਤੇ ਇਕਬਾਲ ਦੀ ਬਾਂਹ ਦੇ ਭਾਰ ਦੀ ਸੁਰਤ ਕਰ ਮੈਨੂੰ ਠੰਡੇ ਮੁੜ੍ਹਕੇ ਲਹਿ ਪੈਂਦੇ ਨੇਂ । ਇਹ ਸੱਰ੍ਹੀ ਦੀ ਸਕਾਟ ਰੋਡ ਤੇ ਮੇਰਾ ਅਪਾਰਟਮੇਂਟ ਏ ਤੇ ਇਕਬਾਲ ਰਾਤੀਂ ਇੱਥੇ ਈ ਰਹਿ ਗਿਆ ਸੀ ।

ਮੈਂ ਉਹਦੀ ਬਾਂਹ ਚਾ ਕੇ ਹੌਲੇ ਜਿਹਾ ਗੱਦੇ ਤੇ ਰੱਖਣੀ ਆਂ, ਉਹ ਨੀਂਦਰੀਂ ਮੁਸਕਦਾ ਏ ।

ਮੈਂ ਪਲੰਗ ਛੱਡ ਦੇਂਨੀ ਆਂ ।

ਹਨੇਰੇ ਲਿਵਿੰਗ ਰੂਮ ਵਿੱਚੋਂ ਲੰਘ, ਬਾਲਕਨੀ ਦੇ ਬੂਹੇ ਦੀਆਂ ਬਲਾਇੰਡਾਂ ਚਾਂਨੀ ਆਂ ।

ਡੂੰਘੀ ਘਾਟੀ ਵਿਚ ਚੀੜ ਤੇ ਸਪਰੂਸ ਦੇ ਰੁੱਖ ਧੁੰਦੀਂ ਡੁੱਬੇ ਖੜੇ ਨੇਂ । ਪਾਰਕਿੰਗ ਲਾਟ ਵਿਚ ਉਗਰੇ ਮਧਰੇ ਜਪਾਨੀ ਮੇਪਲ ਦਾ ਰੱਤਾ ਪਿੰਡਾ ਕਿਧਰੋਂ ਕਿਧਰੋਂ ਦਿਸਦਾ ਏ ਜਿਵੇਂ ਕੋਈ ਯਾਰ ਅੱਗੇ ਆਵਦੇ ਆਪ ਨੂੰ ਜ਼ਰੀ ਜ਼ਰੀ ਵਿਖਾਵੇ । ਇੰਜ ਜਾਪਦਾ ਏ, ਇਹ ਇਕ ਨਜ਼ਮ ਏ ਜਿਹਨੂੰ ਕੋਈ ਚਿੱਤਰਕਾਰ ਮਲਗਜੀ ਧੁੰਦ ਦੇ ਵਰਕੇ ਤੇ ਰੱਤੇ ਲਾਲ ਰੰਗ ਨਾਲ ਲਿਖਦਾ ਪਿਆ ਏ । ਅੱਖਰਾਂ ਦੀ ਸੂਰਤ ਕੋ ਨੀ ਤੇ ਨਾ ਸਹੀ, ਅੱਖਾਂ ਤੇ ਵੇਖ ਵੇਖ ਠਰਦੀਆਂ ਨੇਂ ।

ਮੈਂ ਸ਼ੀਸ਼ੇ ਦਾ ਬੂਹਾ ਖੋਲ ਬਾਲਕਨੀ ਤੇ ਆਂਨੀ ਆਂ ।

ਥੱਲੇ ਖਲੋਤੀਆਂ ਕਾਰਾਂ ਧੁੰਦ ਦੇ ਸਮੁੰਦਰੀਂ ਤਰਦੀਆਂ ਰੰਗ ਬਰੰਗੀਆਂ ਮੱਛੀਆਂ ਨੇਂ, ਲੱਕੜ ਤੇ ਸੀਮਿੰਟ ਦੇ ਬੇੜੇ ਵਿਚ ਖਲੋਤੀ ਮੈਂ ਘਾਟੀ ਦੇ ਨਾਲ ਨਾਲ ਤਰਨੀ ਆਂ ।

ਵਾਓ, ਚੱਕਰ ਆਣ ਲੱਗ ਪਏ ਨੇਂ।

ਲਿਵਿੰਗ ਰੂਮ ਦੀ ਘੜੀ ਸਵੇਰ ਦੇ ਨੌਂ ਵਜਾਂਦੀ ਪਈ ਏ । ਜੇ ਧੁੰਦ ਐਵੇਂ ਰਹੀ ਤੇ ਸਾਨੂੰ ਬਲੂ ਬੇਰੀਆਂ ਦੇ ਬਾਗ਼ ਦੀ ਸਫ਼ਾਈ ਕਿਸੇ ਹੋਰ ਦਿਹਾੜੇ ਕਰਨੀ ਪਏ ਗੀ। ਹਰ ਵਰ੍ਹੇ ਸਤੰਬਰ ਵਿਚ ਰੁੱਖਾਂ ਨੂੰ ਸਫ਼ਾ ਕਰ, ਪੱਕਾ ਕੱਚਾ ਗੰਦਾ ਫਲ ਲਾਹ, ਲਗਰਾਂ ਛਾਂਟ, ਮਿੱਟੀ ਪਾ, ਪਾਲੇ ਲਈ ਤਿਆਰ ਕਰਨੇ ਆਂ । ਸ਼ਾਮੀਂ ਕੰਮ ਪੂਰਾ ਹੋਣ ਮਗਰੋਂ ਇਕੱਠ ਹੁੰਦਾ ਏ । ਮੈਂ ਬੇਰੀਆਂ ਚੁਣਨ ਆਲੀ ਆਂ ਨਾ ਬਾਗ਼ ਦੀ ਰਾਖੀ, ਮਜ਼ੂਰਾਂ ਦੀ ਠੇਕੇਦਾਰ ਨਾ ਫ਼ਾਰਮ ਦੀ ਮਾਲਿਕ, ਵੱਲ ਵੀ ਮੈਨੂੰ ਇਸ ਇਕੱਠ ਵਿਚ ਹੋਣ ਦਾ ਮਾਣ ਏ । ਸੋਚਾਂ ਤੇ ਆਖਾਂ ਬਈ ਮੈਨੂੰ ਇਸ ਇਕੱਠ ਵਿਚ ਹੋਣ ਦਾ ਮਾਣ ਏ ਭਾਵੇਂ ਮੈਂ ਉੱਕਾ ਬਾਗ਼ ਦੇ ਮਾਲਿਕ ਦੀ ਮਾਅਸ਼ੂਕ ਆਂ ।

ਕਮਰੇ ਦੀ ਬਾਹਰਲੀ ਕੰਧ ਤੋਂ ਘੜੀ ਮੈਨੂੰ ਘੂਰੀ ਪਾਈ ਪਈ ਏ, ਸਵੇਰ ਦੇ ਸਵਾ ਨੌਂ ਵਜੇ ਨੇ । ਲਾਹੋਰ ਵਿਚ ਰਾਤ ਦੇ ਸਵਾ ਨੌਂ ਹੋਣਗੇ ।  ਭਰਜਾਈ ਜਾਗਦੀ ਹੋਵੇਗੀ, ਮੈਂ ਉਹਨੂੰ ਇਕਬਾਲ ਦਾ ਦੱਸਣਾ ਚਾਹੁੰਨੀ ਆਂ । ਭਾ ਨੇ ਖ਼ੁਸ਼ ਨਹੀਂ ਹੋਣਾ, ਇਸੇ ਪਾਰੋਂ ਪੰਜ ਵਰ੍ਹਿਆਂ ਤੋਂ ਹਰ ਹਫ਼ਤੇ ਇਹ ਵੇਲਾ ਆਂਦਾ ਤੇ ਟੁਰ ਜਾਂਦਾ ਏ, ਮੈਂ ਫ਼ੋਨ ਕਰਨੀ ਆਂ ਪਰ ਇਹ ਗੱਲ ਨਹੀਂ ਕਰਦੀ ।

ਕਮਰੇ ਝਾਤੀ ਪਾਂਨੀ ਆਂ, ਇਕਬਾਲ ਸੁੱਖ ਨਾਲ ਸੁੱਤਾ ਪਿਆ ਏ । ਮੈਂ ਮੁਸਕਾ ਪੈਂਨੀ ਆਂ, ਕਿੱਡਾ ਮਿੱਠਾ ਲਗਦਾ ਏ ਜਿਵੇਂ ਵੱਡਾ ਵੜਾ ਬਾਲ ਹੋਵੇ । ਨੀਂਦਰ ਵਿਚ ਤੇ ਮੰਮੀ ਜੀ ਵੀ ਮਾਅਸੂਮ ਲੱਗਣ ਲੱਗ ਪੈਂਦੇ ਸਨ, ਮੈਂ ਬੂਹਾ ਲਾ ਦੇਂਨੀ ਆਂ।

ਕੌਫ਼ੀ ਟੇਬਲ ਤੋਂ ਫ਼ੋਨ ਚਾ, ਨੰਬਰ ਮਿਲਾਣ ਤੋਂ ਪਹਿਲੋਂ ਮੈਂ ਸੋਫ਼ੇ ਵਿੱਚ ਨਿੱਠ ਕੇ ਬਹਿ ਜਾਂਨੀ ਆਂ ।

ਇਹਤਸ਼ਾਮ ਨੂੰ ਛੱਡਣ ਮਗਰੋਂ ਮੇਰੇ ਟੱਬਰ ਦੇ ਤੇ ਮੇਰੇ ਵਿਚਕਾਰਲਾ ਪੰਧ ਵਧਦਾ ਗਿਆ। ਜਿਹੜੀ ਰਾਤੀਂ ਮੈਂ ਇਹਤਸ਼ਾਮ ਦੀ ਗੱਡੀ ਸ਼ੈਲਟਰ ਮੂਹਰੇ ਸੜਕ ਤੇ ਖਲੀ ਵੇਖ ਟੋਰੰਟੋ ਤੋਂ ਇੱਥੇ ਆਣਾ ਮਿਥਿਆ, ਅਗਲੇ ਦਿਹਾੜੇ ਭਾ ਨੂੰ ਫ਼ੋਨ ਕੀਤਾ ਬਈ ਮੈਨੂੰ ਬ੍ਰਿਟਿਸ਼ ਕੋਲੰਬੀਆ ਜਾਣ ਤੇ ਕੁਝ ਚਿਰ ਗੁਜ਼ਾਰਾ ਚਲਾਣ ਲਈ ਪੈਸੇ ਭੇਜੇ । ਉਹਨੇ ਆਖਿਆ, ਜਿੰਨੇ ਪੈਸੇ ਕਹਵਾਂ ਉਹ ਦੇਵੇ ਗਾ ਜੇ ਮੈਂ ਇਹਤਸ਼ਾਮ ਦੇ ਘਰ, ਜਿਹਨੂੰ ਉਹ ਮੇਰਾ ਘਰ ਸਮਝਦਾ ਰਹਿਣਾ ਚਾਹੁੰਦਾ ਸੀ, ਮੁੜ ਜਾਵਾਂ । ਮੇਰਾ ਦਿਲ ਹੋਰ ਮੰਦਾ ਪੈ ਗਿਆ । ਦੋ ਚਾਰ ਦਿਹਾੜੇ ਜੇ ਜੋਈਨੀ ਮੇਰੇ ਗ਼ਮਾਂ ਦਾ ਭਾਰ ਨਾ ਸਹਾਰਦੀ ਤੇ ਮੈਂ ਮੰਜੇ ਨਾਲ ਲੱਗ ਜਾਣਾ ਸੀ । ਅਖ਼ੀਰ ਵੈਲਫ਼ੇਅਰ ਆਲਿਆਂ ਮੈਨੂੰ ਵੈਨਕੋਵਰ ਪੁੱਜਣ ਦਾ ਕਿਰਾਇਆ ਦਿੱਤਾ ਤੇ ਮੈਂ ਇੱਥੇ ਆਈ ।

ਇਹਦੇ ਤੋਂ ਵੱਧ ਦੁੱਖ ਵਾਲੀ ਗੱਲ ਕਿ ਆਣ ਤੋਂ ਪਹਿਲੋਂ ਮੈਂ ਆਂਟੀ ਸਾਬਰ ਨੂੰ ਫ਼ੋਨ ਕੀਤਾ, ਉਨ੍ਹਾਂ ਵੀ ਉਹੋ ਪੁੱਛਿਆ ਜੋ ਜੋਈਨੀ, ਬਈ ਮੈਂ ਉੱਥੇ ਕਿਸੇ ਨੂੰ ਜਾਣਦੀ ਆਂ । ਮੈਂ ਉਨ੍ਹਾਂ ਨੂੰ ਵੀ ਉਹੀ ਜਵਾਬ ਦਿੱਤਾ, ਆਹੋ । ਵੱਲ ਆਂਟੀ ਸਾਬਰ ਇਕ ਅਜਬ ਗੱਲ ਦੱਸੀ । ਇਹਤਸ਼ਾਮ ਨੇ ਛਿਆਸੀ ਵਿਚ ਹੈਦਰਾਬਾਦ ਦੂਜਾ ਵਿਆਹ ਕਰ ਲਿਆ ਤੇ ਮੇਰੇ ਟੱਬਰ ਨੂੰ ਪਤਾ ਸੀ । ਨਾ ਕਿਸੇ ਮੈਨੂੰ ਦੱਸਿਆ, ਨਾ ਕੁੱਝ ਕੀਤਾ । ਮੁਨਸ਼ੀ ਜੀ ਹਾਰ ਇਹਤਸ਼ਾਮ ਨੇ ਵੀ ਕੁੱਝ ਵਰ੍ਹਿਆਂ ਦੀ ਬੇਉਲਾਦੀ ਮਗਰੋਂ ਪੁੱਛੇ ਦੱਸੇ ਬਿਨਾਂ ਦੂਜੀ ਵੋਹਟੀ ਕਰ ਲਈ । ਉਹਨੇ ਇਹ ਕੰਮ ਪਾਕਿਸਤਾਨ ਤੇ ਕੈਨੇਡਾ ਦੋਵੇਂ ਦੇ ਕਨੂਨਾਂ ਦੇ ਬਰਖ਼ਿਲਾਫ਼ ਕੀਤਾ। ਘੋਰੇ ਭਾ ਨੂੰ ਪਤਾ ਸੀ ਕਿ ਨਹੀਂ ਜਦ ਅਕਾਨਵੇ ਵਿਚ ਉਸ ਮੈਨੂੰ ਇਹਤਸ਼ਾਮ ਕੋਲ ਮੁੜ ਜਾਣ ਤੇ ਉਹਦੇ ਨਾਲ ਰਹਿੰਦੇ ਰਹਿਣ ਲਈ ਆਖਿਆ ।

ਇਹਤਸ਼ਾਮ ਨੂੰ ਆਵਦੀ ਹਯਾਤੀ ਲੰਘਾਣ ਲਈ ਕਿੰਨੀਆਂ ਜ਼ਨਾਨੀਆਂ ਚਾਹੀਦੀਆਂ ਸਨ? ਹੁਣ ਜੋ ਸੋਚਾਂ ਤੇ ਸੁਰਤ ਆਂਦੀ ਏ ਬਈ ਅਕਾਨਵੇ ਤੋੜੀ ਇਹਤਸ਼ਾਮ ਉਹੀਓ ਕਰਦਾ ਪਿਆ ਸੀ

ਜਿਹੜਾ ਇਸਲਾਮ ਵਿਚ ਜਾਇਜ਼ ਏ, ਇਕ ਵੇਲੇ ਵਿਚ ਚਾਰ ਜ਼ਨਾਨੀਆਂ। ਪਹਿਲੀ ਮੈਂ, ਦੂਜੀ ਕਰਾਚੀ ਆਲੀ ਜਿਹਦਾ ਨਾਂ ਮੈਂ ਹੁਣ ਵੀ ਨਹੀਂ ਜਾਣਦੀ, ਸੈਕਰੇਟਰੀ ਐਲਾਈਜ਼ਾ ਜਿਹਦੇ ਨਾਲ ਵੱਲ ਉਹਨੇ ਵਿਆਹ ਕੀਤਾ ਤੇ ਖ਼ਾਲਾ ਇਫ਼ਤੀ ਦੀ ਧੀ ਸ਼ਮੀਮ ਜਿਹਦੇ ਨਾਲ ਖੇਡਦਾ ਉਹ ਵੱਡਾ ਹੋਇਆ ਸੀ ।

ਇਸਲਾਮ ਵਿਚ ਇਕ ਵੇਲੇ ਇਕ ਤੋਂ ਵੱਧ ਜ਼ਨਾਨੀ ਕਰਨ ਦੀਆਂ ਦੋ ਸ਼ਰਤਾਂ ਨੇਂ, ਖ਼ਰਚਾ ਤੇ ਇਨਸਾਫ਼ । ਇਹਤਸ਼ਾਮ ਸਾਡਾ ਚਾਰਾਂ ਦਾ ਖ਼ਰਚਾ ਚੁੱਕਦਾ ਤੇ 'ਇਨਸਾਫ਼' ਰੱਖਣ ਲਈ ਚਾਰਾਂ ਵੱਲ ਫੇਰਾ ਰੱਖਦਾ । ਮੇਰੇ ਸੁਫ਼ਨਿਆਂ ਵਿਚ ਵੀ ਨਹੀਂ ਸੀ ਕਿ ਮੈਂ ਅੱਠ ਵਰ੍ਹੇ ਇਕ ਰਵਾਲ ਕੁ ਜਿੰਨੇ ਹਰਮ ਦੀ ਪਹਿਲੀ ਵਿਆਹੀ ਜ਼ਨਾਨੀ ਸਾਂ । ਉਸ ਹਰਮ ਨੂੰ ਮੈਂ ਅਕਾਨਵੇ ਵਿਚ ਛੱਡ ਦਿਤਾ ਪਰ ਜਾਣਦੀ ਆਂ ਕਿ ਪਹਿਲੀ ਯਾਂ ਅਖ਼ੀਰਲੀ, ਮੈਂ ਨੌਂ ਵਰ੍ਹਿਆਂ ਵਿਚ ਕਦੀ ਖ਼ੁਸ਼ ਨਹੀਂ ਸਾਂ।

ਜੇ ਨਿਕਾਹ ਤੇ ਬਹੁਤਾ ਜ਼ੋਰ ਨਾ ਪਾਈਏ ਤੇ ਸ਼ਮੀਮ ਸ਼ੁਰੂ ਤੋਂ ਲਾ ਅਖ਼ੀਰ ਤੋੜੀ ਪਹਿਲੋਠੀ ਦੀ ਸੀ, ਐਵੇਂ ਮੈਂ ਹਮੇਸ਼ ਦੂਜੀ, ਜਿਹੜਾ ਰੁਤਬਾ ਉਸ ਵੇਲੇ ਤੋੜੀ ਠਾਂਦਾ ਏ ਜਦ ਕੋਈ ਤਰੀਜੀ ਯਾਂ ਚੋਥੀ ਨਾ ਹੋਵੇ । ਡੰਗਰਾਂ ਨੂੰ ਮਜਬੂਰ ਕਰ ਕੇ ਬਾੜੇ ਵਿਚ ਬਰੋਬਰ ਪੱਠੇ ਸ਼ੱਠੇ ਪਾ, ਹੱਥ ਸ਼ਥ ਫੇਰੀ ਰੱਖੀਏ ਤੇ ਇਹ ਮਾਲਕਾਂ ਭਾਣੇ ਤੇ 'ਇਨਸਾਫ਼' ਹੋ ਸਕਦਾ ਏ ਪਰ ਉਨ੍ਹਾਂ ਭਾਣੇ ਕਿਆ ਹੋਸੀ?

ਮੈਨੂੰ ਧਰੋਹ ਲਗਦਾ ਏ ਬਈ ਮੇਰੇ ਟੱਬਰ ਨਾ ਮੈਨੂੰ ਇਹਤਸ਼ਾਮ ਦੇ ਦੂਜੇ ਵਿਆਹ ਦਾ ਦੱਸਿਆ ਤੇ ਨਾ ਉਸ ਬਾਰੇ ਕੁੱਝ ਕੀਤਾ । ਹੁਣ ਸੋਚਣੀ ਆਂ, ਜੇ ਉਹ ਦੱਸ ਵੀ ਦਿੰਦੇ ਤੇ ਮੈਂ ਕੀ ਕਰ ਲੈਂਦੀ । ਸ਼ਮੀਮ ਤੇ ਮੁੜ ਐਲਾਈਜ਼ਾ ਨਾਲ ਉਹਦੇ ਖੇਡ ਮੈਨੂੰ ਦਿੱਸਦੇ ਸਨ ਪਰ ਮੈਂ ਵੇਖੇ ਨੂੰ ਅਨ–ਵੇਖਾ ਕਰਨ ਬਿਨਾਂ ਕੁੱਝ ਵੀ ਨਾ ਕੀਤਾ । ਮੇਰਾ ਟੱਬਰ ਵੀ ਇਹੋ ਕਰੇ ਆ? ਵੇਖੇ ਨੂੰ ਅਨ–ਵੇਖਿਆ ਤੇ ਡੂੰਘੀ ਚੁੱਪ । ਮੈਨੂੰ ਸ਼ਮੀਮ ਨੇ ਮੇਰੀ 'ਸੁਹਾਗ' ਰਾਤੀਂ ਦੱਸ ਦਿੱਤਾ ਕਿ ਮੈਂ ਕੱਲੀ ਨਹੀਂ, ਤੇ ਮੈਂ ਕੀ ਕੀਤਾ? ਕੁੱਝ ਵੀ ਨਹੀਂ। ਉਸ ਸਾਂਗੇ ਵਿਚ ਮੇਰੀ ਸੱਭ ਤੋਂ ਵੱਡੀ ਮਾਨਤਾ ਇਹ ਬਣੀ ਕਿ ਮੈਂ ਇਹਤਸ਼ਾਮ ਤੋਂ ਪਰੇ ਸੋਣ ਲੱਗ ਪਈ । ਇਹ ਮੈਨੂੰ ਇਸ ਲਈ ਵੀ ਪੁੱਜਦਾ ਸੀ ਕਿ ਮੇਰੇ ਟੱਬਰ ਨੂੰ ਖ਼ਬਰ ਨਾ ਹੋਈ ।

ਪਰ ਮੈਨੂੰ ਇਹ ਗੱਲ ਪਚਾਣੀ ਔਖੀ ਏ ਬਈ ਇਹਤਸ਼ਾਮ ਨੇ ਜੋ ਕੀਤਾ ਉਹ ਮੇਰੇ ਟੱਬਰ ਨੂੰ ਫਿਰ ਵੀ ਪੁੱਜਦਾ ਸੀ ਪਰ ਹੁਣ ਜੇ ਮੈਂ ਇੱਥੇ ਇਕ ਸਿੱਖ ਨਾਲ ਰਹਿੰਦੀ ਰਹਵਾਂ ਤੇ ਭਾ ਤੇ ਭਰਜਾਈ ਖ਼ੋਰੇ ਮੈਨੂੰ ਕਦੀ ਮਿਲਣ ਕਿ ਨਾ । ਹੰਝੂਆਂ ਦੀ ਸੀਤ ਮੇਰੀਆਂ ਗੱਲਾਂ ਤੇ ਏ ਪਰ ਅੱਖਾਂ ਸੁੱਕੀਆਂ ।

ਫ਼ੋਨ ਦੇ ਨੰਬਰ ਘੁਮਾਣ ਤੋਂ ਪਹਿਲੋਂ ਮੈਂ ਟੀ ਵੀ ਚੈਨਲ ਛੱਬੀ ਤੇ ਕਰ, ਵਾਜ ਉੱਚੀ ਕਰ ਦੈਨੀ ਆਂ ।

ਇਕਬਾਲ ਲੁਧਿਆਣੇ ਜੰਮਿਆ ਤੇ ਉਹਦੀ ਇੱਕ ਮਾਸੀ ਉਹਨੂੰ ਪਾਲਿਆ । ਉਹ ਤੀਹ ਬੱਤੀ ਵਰ੍ਹੇ ਪਹਿਲੋਂ ਬੀ ਸੀ ਆਇਆ ਤੇ ਮੁੜ ਨਾ ਗਿਆ । ਸਕੂਲੇ ਪੜ੍ਹਿਆ ਹੋਇਆ ਨਹੀਂ ਪਰ ਫ਼ਰ–ਫ਼ਰ ਅੰਗਰੇਜ਼ੀ ਬੋਲਦਾ ਸੋਖਾ ਜ਼ਿਮੀਂਦਾਰ ਤੇ ਬਪਾਰੀ ਏ । ਸੱਭ ਤੋਂ ਵੱਡੀ ਗੱਲ, ਕੋਮਲ ਪਿਆਰ ਦਾ ਖਿਡਾਰੀ ਏ। ਪਰ ਭਾ ਤੇ ਭਰਜਾਈ ਨੂੰ ਇਹ ਕਿਵੇਂ ਦੱਸਾਂ?

"ਅੱਸਲਾਮੁ ਅਲੈਕਮ" ਭਰਜਾਈ ਫ਼ੋਨ ਚਾਂਦੀ ਏ ।

"ਭਰਜਾਈ, ਤੁਸਾਂ ਵੱਲ ੳ?" ਮੈਂ ਪੁੱਛਣੀ ਆਂ ।

"ਆਹੋ, ਮੈਂ ਤੈਨੂੰ ਫ਼ੋਨ ਕਰਨ ਆਲੀ ਸਾਂ" ।

"ਮੈਥੋਂ ਉਦਾਸ ਹੋ ਗਏ ਸੋ?"

"ਹਾਂ, ਪਰ ਮੇਰੇ ਕੋਲ ਇਕ ਖ਼ੁਸ਼ ਖ਼ਬਰੀ ਵੀ ਏ"।

"ਦੱਸੋ" ।

"ਆਂਟੀ ਅਨੀਲਾ ਤੇਰੇ ਲਈ ਇਕ ਕਰਨਲ ਦਾ ਰਿਸ਼ਤਾ ਲਿਆਈ ਏ" ਭਰਜਾਈ ਆਹੰਦੀ ਏ ।

ਆਂਟੀ ਅਨੀਲਾ ਪ੍ਰਵੀਨ, ਪਲੀਜ਼ ਮੈਨੂੰ ਭੁਲ ਜਾਓ, ਮੈਂ ਦਿਲ ਵਿੱਚ ਆਹਨੀ ਆਂ।

"ਲਾਹੌਰ ਦਾ ਸੌਖਾ ਅਰਾਈਂ ਟੱਬਰ ਏ ਤੇ ਮੁੰਡਾ ਬਲੋਚਿਸਤਾਨ ਪੋਸਟਿਡ ਏ" ।

"ਉਹਨੂੰ ਪਤਾ ਏ ਮੈਂ ਤਲਾਕੀ ਹੋਈ ਆਂ ਤੇ ਬਾਲ ਨਹੀਂ ਜਣ ਸਕਦੀ?"

"ਆਹੋ ਆਂਟੀ ਅਨੀਲਾ ਉਹਦੀ ਮਾਂ ਨੂੰ ਸੱਭ ਕੁੱਝ ਦੱਸ ਦਿੱਤਾ ਸੀ, ਮੁੰਡੇ ਦੀ ਵੀ ਤਲਾਕ ਹੋਈ ਹੋਈ ਏ । ਦੋ ਬਾਲ ਨੇ, ਦੋਵੇਂ ਸਕੂਲ ਜਾਂਦੇ ਨੇ" ।

"ਮੈਂ ਇਕ ਗੱਲ ਕਰਨਾ ਚਾਹਨੀ ਆਂ, ਤੁਸੀਂ ਫ਼ਾਰਗ਼ ਓ?"

"ਆਹੋ ਦਸ, ਤੇਰਾ ਭਰਾ ਕਲੱਬ ਗਿਆ ਹੋਇਆ ਏ ਤੇ ਬਾਲ ਟੀ ਵੀ ਅੱਗੇ ਬੈਠੇ ਨੇ"।

"ਭਰਜਾਈ, ਮੈਂ ਕਿਸੇ ਗ਼ੈਰ ਨਾਲ ਵਿਆਹ ਕਰਨਾ ਚਾਂਹੁਨੀ ਆਂ" ।

"ਗ਼ੈਰ? ਤੈਨੂੰ ਪਤਾ ਈ ਏ ਬਈ ਅਹਲਿ ਕਿਤਾਬ ਨਾਲ ਵਿਆਹ ਜਾਇਜ਼ ਏ" ।

"ਆਹੋ, ਇਬਰਾਹੀਮ ਦੀ ਲੜੀ ਦੇ ਤਿੰਨਾਂ ਮਜ਼ਹਬਾਂ ਦੇ ਲੋਕ ਆਪਸੀ ਵਿਆਹ ਕਰ ਸਕਦੇ ਨੇਂ" ।

"ਸਕੀਨਾ" ਭਰਜਾਈ ਖਿੱਝ ਜਾਂਦੀ ਏ।

"ਮੈਂ ਮੁਸਲਮਾਨ, ਯਹੂਦੀ ਯਾਂ ਈਸਾਈ ਨਾਲ ਵਿਆਹ ਕਰ ਸਕਨੀ ਆਂ" ਮੈਂ ਝੱਬਦੇ ਆਹਨੀ ਆਂ ।

"ਯਹੂਦੀ ਨਹੀਂ। ਤੈਨੂੰ ਅਸਲੋਂ ਸੁੰਨੀ ਮੁਸਲਮਾਨ ਅਰਾਈਂ ਨਾਲ ਵਿਆਹ ਕਰਨਾ ਚਾਹੀਦਾ ਏ। ਕੋਈ ਹੋਰ ਭਾਵੇਂ ਅਸਲੀ ਗੋਰਾ ਹੋਵੇ, ਫਬਨਾ ਕੋ ਨੀ" ।

"ਅਸਲੀ ਗੋਰਾ?" ਜਾਪਦਾ ਏ ਐਂਗਲੋ ਸੈਕਸਨ ਈਸਾਈ ।

"ਅੰਗਰੇਜ਼ ਈਸਾਈ" ।

ਦਿਲ ਕਰਦਾ ਏ ਅੰਗਰੇਜ਼ ਯਹੂਦੀ ਦੀ ਪੁੱਛਾਂ ਪਰ ਨਹੀਂ ਪੁੱਛਦੀ, ਡਰ ਏ ਭਰਜਾਈ ਮੇਰੇ ਦੁਰਾਡੇ ਫ਼ੋਨ ਦੇ ਖ਼ਰਚੇ ਤੇ ਤਕਰੀਰ ਨਾ ਛੋਹ ਲਵੇ ।

"ਨਿਕਾਹ ਵੇਲੇ ਗੋਰਾ ਇਸਲਾਮ ਕਬੂਲ ਕਰੇ ਗਾ" ਭਰਜਾਈ ਮੈਨੂੰ ਚੇਤੇ ਕਰਾਂਦੀ ਏ ।

"ਬਰੂਟਲ । ਜੇ ਸਿੱਖ ਹੋਵੇ ਵੱਲ?"

"ਸਿਖ?" ਭਰਜਾਈ ਦੀ ਵਾਜ ਕੁਰਾੜੀ ਹੋ ਜਾਂਦੀ ਏ "ਸਿਖ ਕਿਉਂ?"

"ਕਿਉਂ ਨਹੀਂ?" ਮੈਂ ਵੀ ਚਿੜ ਜਾਂਨੀ ਆਂ, ਸ਼ੁਕਰ ਏ ਟੀ ਵੀ ਲੱਗਿਆ ਹੋਇਆ ਏ ਤੇ ਮੇਰੇ ਕਮਰੇ ਦਾ ਬੂਹਾ ਬੰਦ ਏ ।

ਭਰਜਾਈ ਫ਼ੋਨ ਰੱਖ ਦਿੰਦੀ ਏ ।

ਮੈਂ ਇਕਬਾਲ ਨੂੰ ਅਕਾਨਵੇ ਵਿੱਚ ਇੱਥੇ ਆਣ ਦੇ ਦੂਜੇ ਦਿਹਾੜੇ ਮਿਲੀ ਸਾਂ । ਪਾਲੇ ਅੱਧੇ ਇੱਧਰ ਤੇ ਅੱਧੇ ਉਧਰ ਸਨ ਜਦ ਮੈਂ ਟੋਰੰਟੋ ਦੇ ਇਕ ਸ਼ੈਲਟਰ ਤੋਂ ਸੱਰ੍ਹੀ ਦੇ ਇਕ ਸ਼ੈਲਟਰ ਆਈ। ਵਲਾ ਮੈਂ ਇਕ ਅਨ–ਵੇਖੇ ਸ਼ਹਿਰ ਦੇ ਏਅਰਪੋਰਟੋਂ ਦੂਜੇ ਅਨ–ਵੇਖੇ ਸ਼ਹਿਰ ਦੇ ਏਅਰਪੋਰਟ ਆ ਲੱਥੀ ਸਾਂ। ਇਸ ਵਾਰੀ ਮੈਨੂੰ ਲੈਣ ਆਏ ਦੋਵੇਂ ਅਨਜਾਣੇ ਜ਼ਨਾਨੀਆਂ ਸਨ, ਪੰਜਾਬਣ ਤੇ ਚੀਨਣ ।

ਅਗਲੀ ਸਵੇਰ ਮੈਂ ਉਠਦਿਆਂ ਬੈਗੋਂ ਲਿਫ਼ਾਫ਼ੇ ਦਾ ਇਕ ਕੋਨਾ ਕੱਢਿਆ ਜਿਹੜਾ ਬਲਵਿੰਦਰ ਕੋਰ ਮੈਨੂੰ ਟੋਰੰਟੋ ਦੇ ਇਕ ਕੈਫ਼ੇ ਵਿਚ ਦਿੱਤਾ ਸੀ। ਉਹਦੇ ਨਾਂ ਤੇ ਨੰਬਰ ਹੇਠਾਂ ਮੇਰੇ ਹੱਥ ਦਾ ਲਿਖਿਆ ਉਹਦੀ ਮਾਸੀ ਮਨਜੀਤ ਕੋਰ ਦਾ ਨੰਬਰ ਸੀ ਜਿਹੜਾ ਉਸ ਮੈਨੂੰ ਫ਼ੋਨ ਤੇ ਦੱਸਿਆ ।

ਸ਼ੈਲਟਰ ਦੇ ਦਫ਼ਤਰੋਂ ਮਨਜੀਤ ਕੋਰ ਨੂੰ ਫ਼ੋਨ ਕੀਤਾ, ਉਸ ਆਖਿਆ ਅਜੂ ਆਵਾਂ, ਕਲੋਵਰਡੀਲ ਦੇ ਇਕ ਫ਼ਾਰਮ ਤੇ ਨੌਕਰੀਆਂ ਖੁੱਲ੍ਹੀਆਂ ਹੋਈਆਂ ਨੇਂ । ਮਨਜੀਤ ਨੇ ਮੈਨੂੰ ਨਾਵੋਂ ਪਛਾਣ ਲਿਆ ਕਿਉਂ ਜੇ ਬਲਵਿੰਦਰ ਉਸੇ ਦਿਹਾੜੇ ਉਹਨੂੰ ਮੇਰੇ ਬਾਰੇ ਦੱਸ ਦਿੱਤਾ ਸੀ ਜਦ ਉਸ ਮੈਨੂੰ ਮਨਜੀਤ ਦਾ ਨੰਬਰ ਦਿੱਤਾ ਏ । ਇਸੇ ਕਾਰਨ ਕੁੱਝ ਅਨਜਾਣੇ ਮੇਰੇ ਦਿਲ ਵਿੱਚ ਜਗ੍ਹਾ ਬਣਾਈ ਪਏ ਨੇਂ ।

ਸੱਰ੍ਹੀ ਦੇ ਉਸ ਪਾਸਿਓਂ ਬੀ ਸੀ ਟਰਾਨਜ਼ਿੱਟ, ਹੁਣ ਟਰਾਂਸ ਲਿੰਕ, ਦੀ ਬੱਸ ਨਹੀਂ ਜਾਂਦੀ ਸੀ । ਸ਼ੈਲਟਰ ਦੀ ਇਕ ਸਟਾਫ਼ ਮੈਨੂੰ ਗੱਡੀ ਤੇ ਲੈ ਗਈ ।

ਮਨਜੀਤ ਮੈਨੂੰ ਫ਼ਾਰਮ ਦੇ ਮਾਲਿਕ ਇਕਬਾਲ ਸਿੰਘ ਨਾਲ ਮਿਲਾਇਆ । ਉਹ ਜਾਣੂੰ ਛਬ ਆਲਾ ਨਿੱਘਾ ਬੰਦਾ ਸੀ । ਉਸ ਇਕ ਅੱਧਾ ਸਵਾਲ ਕੀਤਾ, ਮੈਂ ਉਹਨੂੰ ਦਸਿਆ ਬਈ ਮੈਂ ਤਰੈ ਵਰ੍ਹੇ ਪੰਜਾਬ ਵਿੱਚ ਵਾਹੀ ਬੀਜੀ ਕਰਦੀ ਰਹੀ ਆਂ । ਕੂੜ ਚੰਗਾ ਚਲਿਆ ਤੇ ਉਸ ਮੈਨੂੰ ਗਰੀਨ ਹਾਊਸ ਵਿਚ ਟਮਾਟਰਾਂ ਦੀ ਰਾਖੀ ਲਾ ਦਿੱਤਾ । ਮੈਨੂੰ ਕੈਨੇਡਾ ਆਉਣ ਦੇ ਦਸ ਵਰ੍ਹੇ ਤੇ ਸੱਰ੍ਹੀ ਆਉਣ ਦੇ ਛੱਤੀ ਘੰਟੇ ਵਿੱਚ ਕੰਮ ਲੱਭ ਗਿਆ ।

ਉਦੋਂ ਗੱਡੀ ਕੋ ਨੀ ਸੀ ਪਰ ਸੱਰ੍ਹੀ ਤੋਂ ਸਵੇਰੇ ਸਾਢੇ ਛੇ ਕਲੋਵਰਡੀਲ ਜਾਣਾ ਕੋਈ ਮਸਲਾ ਨਾ ਬਣਿਆ, ਇਕ ਲੇਬਰ ਕਾਨਟਰੈਕਟਰ ਪੁਰਾਣੀ ਸਕੂਲ ਬੱਸ ਤੇ ਸਾਨੂੰ ਲਿਜਾਂਦਾ ਲਿਆਂਦਾ ਸੀ । ਮੈਂ ਮਹੀਨੇ ਦੇ ਸਤ ਸੋ ਡਾਲਰ ਕਮਾਂਦੀ । ਇਹ ਸਰਕਾਰ ਦੀ ਮਿਥੀ ਹੋਈ ਘੱਟੋ ਘੱਟ ਤਨਖ਼ਾਹ ਤੋਂ ਵੀ ਘੱਟ ਸੀ, ਵੱਲ ਵੀ ਇਕ ਜਿੰਦ ਦੇ ਖ਼ਰਚੇ ਲਈ ਕਾਫ਼ੀ । ਪਰ ਮੇਰਾ ਕੰਮ ਇਹਦੇ ਤੋਂ ਵਧੀਆ ਹੋਇਆ, ਮਨਜੀਤ ਆਵਦੇ ਘਰ ਵਿਚ ਇਕ ਕਮਰਾ ਮੈਨੂੰ ਅੱਧੋ ਅੱਧ ਕਰਾਏ ਤੇ ਦੇ ਦਿੱਤਾ। ਉਹ ਉਦੋਂ ਵੀ ਭਾ ਮਹਿੰਗਾ ਸਿੰਘ ਤੇ ਦੋਵੇਂ ਬਾਲਾਂ ਸੁਖਵਿੰਦਰ ਸਿੰਘ ਤੇ ਪਰਮਜੀਤ ਕੋਰ ਨਾਲ ਇਕਬਾਲ ਦੇ ਫ਼ਾਰਮ ਤੇ ਰਹਿੰਦੀ ਸੀ ।

ਉੱਥੇ ਮੇਰੀ ਹਯਾਤੀ ਦਾ ਇਕ ਹੋਰ ਚੰਗਾ ਵੇਲਾ ਸ਼ੁਰੂ ਹੋਇਆ, ਬ੍ਰਿਟਿਸ਼ ਕੋਲੰਬੀਆ ਦੀ ਧਰਤੀ ਰੱਜ ਸੋਹਣੀ ਏ । ਅਸਮਾਨ ਸਾਫ਼ ਹੁੰਦਾ ਤੇ ਬਾਰੀ ਵਿੱਚੋਂ ਮਾਊਂਟ ਬੇਕਰ ਦੀਹਦਾ ਤੇ ਪਟਰੋਲ ਦੀ ਹਮਕ ਵੀ ਨਾ ਆਂਦੀ । ਕੈਨੇਡਾ ਵਿਚ ਮੈਂ ਪਹਿਲੀ ਵਾਰ ਜਿਵੇਂ ਘਰ ਪੁਜ ਗਈ ਸਾਂ ।

ਮਨਜੀਤ ਤੇ ਭਾ ਮਹਿੰਗੇ ਮੈਨੂੰ ਕਰਾਏਦਾਰ ਹਾਰ ਨਹੀਂ, ਭੈਣਾਂ ਹਾਰ ਰੱਖਿਆ। ਮੇਰੀ ਵੀ ਇਹੋ ਉਮੀਦ ਸੀ। ਪਾਲਿਆਂ ਗਰਮੀਆਂ ਸਾਰਾ ਸਾਰਾ ਦਿਹਾੜਾ ਕੰਮ ਵਿਚ ਲੰਘਦਾ ਤੇ ਹਰ ਦਿਹਾੜੇ ਵਿਚ ਚੰਗਾ ਜ਼ੋਰ ਹੁੰਦਾ । ਅਸੀਂ ਸਭੇ ਸਵੇਰੇ ਪੰਜ ਤੋਂ ਰਾਤ ਨੌਂ ਦਸ ਵਜੇ ਤੋੜੀ ਕੰਮ ਕਰਦੇ । ਮੈਂ ਤੇ ਮਨਜੀਤ ਸਵੇਰੇ ਨਾਸ਼ਤਾ ਤੇ ਲੰਚ ਬਣਾਂਦੇ, ਬਾਲਾਂ ਨੂੰ ਤਿਆਰ ਕਰਦੇ ਤੇ ਸਾਢੇ ਛੇ ਭਾ ਮਹਿੰਗਾ ਉਨ੍ਹਾਂ ਨੂੰ ਸਕੂਲ ਛੱਡ ਆਂਦਾ । ਅਸੀਂ ਸਤ ਵਜੇ ਗਰੀਨ ਹਾਊਸ ਪੁਜਦੇ, ਕੰਮ ਕਰਦੇ, ਵਿੱਚੋਂ ਮਨਜੀਤ ਯਾਂ ਭਾ ਮਹਿੰਗਾ ਜਾ ਕੇ ਬਾਲਾਂ ਨੂੰ ਸਕੂਲੋਂ ਲਿਆਂਦੇ, ਇੰਜ ਅਸੀਂ ਛੇ ਸਤ ਵਜੇ ਘਰਾਂ ਨੂੰ ਵਲਦੇ । ਸ਼ਾਮਾਂ ਨੂੰ ਟੀ ਵੀ ਵੇਹੰਦੇ, ਘਰ ਦੇ ਕੰਮ ਕਾਰ ਕਰਦੇ ਤੇ ਪੜ੍ਹਦੇ ਲਿਖਦੇ ।

ਮੈਂ ਮਨਜੀਤ ਦੇ ਬਾਲਾਂ ਦੇ ਲੀੜਿਆਂ ਤੇ ਤਾਅਲੀਮ ਦੀ ਪ੍ਰਧਾਨ ਸਾਂ, ਸੁਖਵਿੰਦਰ ਤੇ ਪਰਮਜੀਤ ਦੀ ਸੁਰਤ ਸੀ ਬਈ ਟੋਰੰਟੋ ਰਹਿਣ ਪਾਰੋਂ ਮੈਂ ਇਨ੍ਹਾਂ ਦੋਵੇਂ ਸ਼ੈਆਂ ਵਿਚ ਅੱਗੋਂ ਹੋਵਾਂਗੀ। ਮੈਂ ਲੱਖ ਦੱਸਿਆ ਬਈ ਮੈਂ ਟੋਰੰਟੋ ਕੈਦ ਵਿਚ ਰਹੀ ਆਂ ਪਰ ਉਨ੍ਹਾਂ ਮਖ਼ੌਲ ਜਾਣਿਆ । ਮੈਂ ਵੀ ਉਸ ਬਾਰੇ

ਬਹੁਤਾ ਵਿਚਾਰ ਨਹੀਂ ਸਾਂ ਕਰਨਾ ਚਾਹੁੰਦੀ ਤੇ ਇੰਜ ਮੈਂ ਲਾਇਬ੍ਰੇਰੀ ਜਾ ਕਿਤਾਬਾਂ ਤੇ ਫ਼ੈਸ਼ਨ ਰਸਾਲੇ ਵੇਖਣ ਛੋਏ ।

ਲਾਇਬ੍ਰੇਰੀ ਵਿੱਚੋਂ ਮੈਨੂੰ ਮਨ ਭਾਵਨੀਆਂ ਕਿਤਾਬਾਂ ਮਿਲਦੀਆਂ ਜਿਵੇਂ ਲਾਹੋਰ ਆਲੇ ਘਰ ਲਾਗੇ ਖੋਖੇ ਯਾਂ ਮੁੜ ਫ਼ੀਰੋਜ਼ ਸੰਜ਼ ਯਾਂ ਕਲਾਸਿਕ ਤੇ । ਉਸ ਤੋਂ ਵੀ ਚੰਗੀ ਗੱਲ, ਹੁਣ ਬਿਨਾਂ ਪੈਸੇ ਦੁਨੀਆ ਵਿਚ ਕਿਧਰੇ ਵੀ ਛਪੀ ਕਿਤਾਬ ਮੰਗਾ ਸਕਦੀ ਸਾਂ ।

ਹੁਣ ਸੋਚਾਂ ਤੇ ਜਾਪਦਾ ਏ, ਸੁਖਵਿੰਦਰ ਤੇ ਪਰਮਜੀਤ ਦੇ ਖ਼ਿਆਲਾਂ ਮੈਨੂੰ ਇੱਥੇ ਗੱਡਿਆ। ਉਨ੍ਹਾਂ ਦੇ ਅੱਗੋਂ ਦੀ ਸੋਚਦਿਆਂ ਮੈਨੂੰ ਆਵਦੀ ਭਲਕ ਤੇ ਨਿਗਾਹ ਪਾਣ ਦੀ ਹਿੰਮਤ ਹੋਈ, ਇਹ ਵੇਖਣ ਦੀ ਕਿ ਹੁਣ ਇਸ ਹੱਥ ਆਈ ਹਯਾਤੀ ਨਾਲ ਕੀ ਕਰਾਂ, ਇਹਨੂੰ ਕਿੰਜ ਗੁਜ਼ਾਰਾਂ ।

ਉਨ੍ਹਾਂ ਦੋ ਵਰ੍ਹਿਆਂ ਮੈਂ ਆਵਦੇ ਅੱਗੋਂ ਦਾ ਇੰਜ ਸੋਚਿਆ ਕਿ ਧਿਆਨ ਉੱਕਾ ਕਰਾਏ, ਰੋਟੀ ਟੁੱਕਰ, ਲੀੜੇ ਲੱਤੇ ਤੇ ਕਿਤਾਬਾਂ ਤੋੜੀ ਰਿਹਾ । ਭਾਵੇਂ ਮੈਨੂੰ ਬੇਰੀਆਂ ਚੁਗਣਾ ਤੇ ਗਰੀਨ ਹਾਊਸ ਵਿਚ ਸਬਜ਼ੀਆਂ ਉਗਾਣਾ ਡਾਢਾ ਭਾਂਦਾ, ਮੈਨੂੰ ਪਤਾ ਸੀ ਮੈਂ ਬਹੁਤਾ ਚਿਰ ਇਹ ਕਰ ਨਹੀਂ ਸਕਣਾ । ਫ਼ਾਰਮ ਵਰਕ ਦਾ ਅੰਤ ਚੰਗਾ ਕੋ ਨੀ, ਨਾ ਕੋਈ ਤਰੱਕੀ ਏ ਤੇ ਨਾ ਫ਼ੈਦਾ । ਬੱਸ ਏਨਾ ਏ, ਕਿ ਇਹਦੀ ਆਮਦਨ ਤੇ ਟੈਕਸ ਨਹੀਂ ਲਗਦਾ ਤੇ ਸਰਕਾਰ ਪਾਲਿਆਂ ਵਿਚ ਫ਼ੁੱਲ ਟਾਈਮ ਫ਼ਾਰਮ ਵਰਕਰਾਂ ਨੂੰ ਪਲਿਓਂ ਪੈਸੇ ਦਿੰਦੀ ਏ ।

ਫ਼ਾਰਮ ਤੋਂ ਬਾਹਰ ਇਸ ਕੰਮ ਤੇ ਮਾਣ ਕਰਨਾ ਵੀ ਔਖਾ ਸੀ । ਮੈਨੂੰ ਨੌਕਰੀ ਮਿਲੀ ਤੇ ਮੈਂ ਖ਼ੁਸ਼ ਹੋ, ਇਕ ਹੋਰ ਸ਼ੈਲਟਰ ਦੇ ਪੈਟੀ ਕੈਸ਼ ਬਾਕਸ ਤੋਂ ਉਧਾਰ ਲੈ, ਵੱਲ ਲਾਹੋਰ ਫ਼ੋਨ ਕੀਤਾ । 'ਭਰਜਾਈ ਮੈਨੂੰ ਨੌਕਰੀ ਮਿੱਲ ਗਈ ਏ' ਮੈਂ ਆਖਿਆ । 'ਮੁਬਾਰਕਾਂ ਸਕੀਨਾ, ਤੇ ਕੰਮ ਕੀ ਏ?' ਭਰਜਾਈ ਪੁੱਛਿਆ । 'ਫ਼ਾਰਮ ਵਰਕਰ' ਮੈਂ ਆਖਿਆ । 'ਸਕੀਨਾ, ਘੱਰ ਮੁੜ ਆ' ਭਰਜਾਈ ਰੋਣ ਹਾਕੀ ਹੋ ਗਈ । 'ਭਰਜਾਈ ਖ਼ੈਰ ਏ ?' ਮੈਂ ਡਰ ਕੇ ਪੁੱਛਿਆ 'ਆਹੋ ਸਭੇ ਵੱਲ ਨੇਂ । ਜੇ ਤੂੰ ਪੈਲੀਆਂ ਵਿਚ ਈ ਖੇਹ ਖਾਣੀ ਏ ਤੇ ਇੱਥੇ ਆਵਦੇ ਬਾਗ਼ ਵਿਚ ਖਾ' । ਮੈਨੂੰ ਝਟਕਾ ਜਿਹਾ ਲੱਗਾ ਤੇ ਖ਼ੁਸ਼ੀ, ਜਿਹੜੀ ਮੈਂ ਵਰ੍ਹਿਆਂ ਮਗਰੋਂ ਮਹਿਸੂਸ ਕੀਤੀ ਸੀ, ਵੱਲ ਦਿਲੋਂ ਅਲੋਪ ਹੋ ਗਈ । ਇਕ ਨਵੀਂ ਵਸੇਬ ਵਿਚ ਰਹਿਣ ਲਈ ਮੈਂ ਜੋ ਰੋਜ਼ੀ ਰੋਜ਼ਗਾਰ ਪੈਦਾ ਕੀਤਾ ਉਹ ਮੇਰੇ ਲੋਕਾਂ ਲਈ ਸ਼ਰਮ ਦੀ ਜਾ ਸੀ । ਮੇਰੇ ਲਈ ਇਹਦਾ ਕੀ ਮਤਲਬ ਨਿਕਲਿਆ? ਕਾਵੜ ਤੇ ਭੰਬਲ ਭੂਸਾ, ਦੋ ਸ਼ੈਆਂ ਜਿਨ੍ਹਾਂ ਦੀ ਉਸ ਵੇਲੇ ਮੈਨੂੰ ਅਸਲੋਂ ਲੋੜ ਨਹੀਂ ਸੀ ।

ਫਿਰ ਫ਼ਾਰਮ ਤੇ ਕੰਮ ਕਰਦਿਆਂ ਕੁੱਝ ਚਿਰ ਲੰਘਿਆ, ਮੈਂ ਪਾਲੂ ਆਲਟੋ ਵਿਚ ਇਕ ਦੂਰੋਂ ਪਾਰੋਂ ਦੀ ਸੱਕੀ ਨਾਲ ਫ਼ੋਨ ਤੇ ਗੱਲ ਕਰਦੀ ਪਈ ਸਾਂ ਤੇ ਉਸ ਮੈਨੂੰ ਪੁੱਛਿਆ ਜੇ ਮੈਂ ਹਾਲੀ ਤੋੜੀ ਸਕੂਲੇ ਪੜ੍ਹਾਨੀ ਆਂ ਯਾਂ ਕੁੱਝ ਹੋਰ ਕਰਨ ਛੋਇਆ ਏ । ਮੈਂ ਕੁੱਝ ਹੋਰ ਕਰਨ ਨਹੀਂ ਸੀ ਛੋਇਆ, ਮੈਂ ਆਖਿਆ ਨਹੀਂ । ਨਿੱਕੀਆਂ ਮੋਟੀਆਂ ਗੱਲਾਂ ਜਮ੍ਹਾ ਹੁੰਦੇ ਹੁੰਦੇ, ਮੈਂ ਪੇਕਿਆਂ ਨਾਲ ਆਵਦੀ ਹਯਾਤੀ ਬਾਰੇ ਗੱਲ ਬਾਤ ਘੱਟ ਕਰ ਦਿੱਤੀ। ਐਵੇਂ ਹੁੰਦਾ ਜੇ ਅੱਜ ਮਾਂ ਜੀ ਜ਼ਿੰਦਾ ਹੁੰਦੇ? ਮੈਂ ਆਖ ਨਹੀਂ ਸਕਦੀ ਪਰ ਮੈਨੂੰ ਪੱਕ ਏ, ਭਰਜਾਈ ਸਾਡੇ ਟੱਬਰ ਬਰਾਦਰੀ ਵਿੱਚ ਮਾਂ ਜੀ ਦੀ ਜਗਾ ਸੋਹਣੀ ਤਰ੍ਹਾਂ ਸੰਭਾਲੀ ਖੜੀ ਏ।

ਇਕਬਾਲ ਹਰ ਵੇਲੇ ਆਸੇ ਪਾਸੇ ਹੁੰਦਾ ਸੀ ਵੱਲ ਵੀ ਸਾਨੂੰ ਗੱਲ ਬਾਤ ਛੋਹੰਦਿਆਂ ਇਕ ਦੋ ਵਰ੍ਹੇ ਲੱਗੇ । ਇਹਤਸ਼ਾਮ ਕੋਲੋਂ ਤਰਾਨਵੇ ਵਿਚ ਮੇਰੀ ਤਲਾਕ ਹੋਈ ਤੇ ਮਗਰੋਂ ਅਸੀਂ ਮਿਲਣਾ ਸ਼ੁਰੂ

ਕੀਤਾ। ਇਕਬਾਲ ਚੁਪ ਚੁਪੀਤਾ, ਪਛੋਕੜੀ ਤੇ ਲਜੀਲਾ। ਮੈਂ ਘਾਬਰੀ, ਪ੍ਰੇਸ਼ਾਨ ਤੇ ਤਰਾਹੀ ਹੋਈ। ਵੇਲਾ ਤੇ ਲੱਗਣਾ ਸੀ।

ਬਾਹਰ ਹਾਲ ਵੇ ਵਿਚ ਬੂਹਾ ਖੁਲ੍ਹਦਾ ਏ।

"ਬਰਾਇਨ ਕਿਥਾਂ ਏ?" ਮੈਂ ਟਾਮਸ ਦੀ ਵਾਜ ਸਿਹਾਣਨੀ ਆਂ, ਉਹ ਇਸੇ ਵੇਲੇ ਅਨਾਸਿਸ ਆਈ ਲੈਂਡ ਤੋਂ ਖੰਡ ਦੇ ਕਰਖ਼ਾਨੇ ਵਿਚ ਰਾਤ ਦੀ ਸ਼ਿਫ਼ਟ ਲਾ ਕੇ ਆਂਦਾ ਏ।

"ਉਹ ਘਰ ਕੋ ਨੀ" ਉਹਦੀ ਜ਼ਾਲ ਐਂਜਲਾ ਆਹੰਦੀ ਪਈ ਏ।

"ਤੂੰ ਉਹਨੂੰ ਜਾਣ ਕਿਉਂ ਦਿੱਤਾ?" ਟਾਮਸ ਕਾਵੜ ਨਾਲ ਪੁੱਛਦਾ ਏ।

"ਮੇਰੇ ਵਸ ਵਿਚ ਨਹੀਂ, ਉਹ ਜੋ ਦਿਲ ਆਏ ਕਰਦਾ ਏ"।

"ਤੂੰ ਮਾਂ ਐਂ, ਜੇ ਔਲਾਦ ਤੇਰੇ ਵਸ ਵਿਚ ਨਹੀਂ ਤੇ ਤੂੰ ਕਸੂਰਵਾਰ ਏਂ"।

ਕਿਸੇ ਦੇ ਫ਼ਰਸ਼ ਤੇ ਢੈਹਣ ਦੀ ਵਾਜ ਆਂਦੀ ਏ, ਮੈਨੂੰ ਪਤਾ ਏ ਇਹ ਕੌਣ ਏ।

ਐਂਜਲਾ ਚੀਕ ਪੈਂਦੀ ਏ, ਮੈਂ ਬੂਹੇ ਵਲ ਨਠਣੀ ਆਂ।

ਬਾਹਰ ਇਕ ਹੋਰ ਬੂਹਾ ਖੁਲ੍ਹਦਾ ਏ।

"ਤੂੰ ਵੀ ਮੇਰੀ ਜਿੰਦ ਏਂ ਟਾਮਸ" ਲਿੰਡਾ ਦੀ ਹੱਸਦੀ ਖਿੜਦੀ ਵਾਜ ਹਾਲ ਵੇ ਭਰਦੀ, ਬੰਦ ਬੂਹੇ ਵਿੱਚੋਂ ਨਿਕਲਦੀ, ਮੇਰੇ ਤੋੜੀ ਪੁੱਜਦੀ ਏ।

ਕਿਵੇਂ ਲਿੰਡਾ ਟਾਮਸ ਜਿਹੇ ਕੋੜੀਲ ਬੰਦੇ ਨਾਲ ਮਸਕੜੀਆਂ ਲਾਂਦੀ ਏ, ਮੈਂ ਮੁਸਕਾ ਪੈਂਨੀ ਆਂ ਜਦ ਕਿ ਬਾਹਰ ਐਂਜਲਾ ਪੂਰਾ ਸਾਹ ਨਹੀਂ ਛਿੱਕ ਸਕਦੀ।

"ਲਿੰਡਾ, ਮੇਰੇ ਕੰਮਾਂ ਵਿਚ ਲੱਤ ਨਾ ਅੜਾ" ਟਾਮਸ ਜ਼ੋਰ ਦੀ ਆਹੰਦਾ ਏ ਪਰ ਉਹਦੀ ਵਾਜ ਲਿਫ ਹੋ ਗਈ ਏ।

"ਤੇ ਅੱਜ ਸਵੇਰੇ ਤੈਨੂੰ ਚਾਹ ਕਾਫ਼ੀ ਦਾ ਟਾਇਮ ਮਿਲਿਆ ਕਿ ਨਹੀਂ?" ਲਿੰਡਾ ਪੁੱਛਦੀ ਏ।

ਜੇ ਲਿੰਡਾ ਬਾਹਰ ਨਾ ਆਂਦੀ ਤੇ ਐਂਜਲਾ ਦੀ ਖ਼ੈਰ ਨਹੀਂ ਸੀ। ਲਿੰਡਾ ਇਸ ਮੰਜ਼ਿਲ ਦੀ ਚੋਧਰਾਣੀ ਏ ਤੇ ਸਾਡਾ ਸਾਰਿਆਂ ਦਾ ਖ਼ਿਆਲ ਰੱਖਦੀ ਏ। ਉਹ ਐਂਜਲਾ ਦੀ ਈ ਸਹੇਲੀ ਨਹੀਂ, ਉਸ ਟਾਮਸ ਨੂੰ ਵੀ ਹੱਥ ਪਵਾਏ ਹੋਏ ਨੇਂ। ਐਂਜਲਾ ਮੈਨੂੰ ਦੱਸਿਆ ਬਈ ਟਾਮਸ ਲਿੰਡਾ ਦਾ ਗੋਲਾ ਬਣਿਆ ਜਦ ਲਿੰਡਾ ਇਕ ਪਾਰਕ ਹੋਈ ਕਾਰ ਨਾਲ ਟੱਕਰ ਮਾਰਨ ਦਾ ਉਲਾਹਮਾ ਆਵਦੇ ਸਿਰ ਲੈ ਕੇ ਟਾਮਸ ਦਾ ਡਰਾਈਵਿੰਗ ਲਾਇਸੰਸ ਤੇ ਉਹਦੀ ਨੌਕਰੀ ਬਚਾਈ। ਜਦ ਮੈਂ ਇਹ ਕੰਡੋ ਲਿਆ ਤੇ ਲਿੰਡਾ ਇੱਥੇ ਮੇਰੀ ਪਹਿਲੀ ਪਰੋਹਣੀ ਸੀ, ਫਿਰ ਉਸ ਮੈਨੂੰ ਮੇਰੇ ਸੱਜੇ ਹੱਥ ਦੀ ਗਵਾਂਡਣ ਤਸਨੀਮ, ਤੇ ਸਾਹਮਣੇ ਐਂਜਲਾ ਨਾਲ ਮਿਲਾਇਆ।

"ਸਕੀਨ" ਇਕਬਾਲ ਮੈਨੂੰ ਬਾਹਰ ਦੇ ਬੂਹੇ ਨਾਲ ਕੰਨ ਲਾ ਕੇ ਖਲੀ ਨੂੰ ਅੱਖੀਂ ਅੱਡ ਕੇ ਵੇਹੰਦਾ ਪਿਆ ਏ।

ਉੱਚਾ ਲੰਮਾ, ਫਬਦੇ ਨੈਣ ਨਕਸ਼। ਹੋਰ ਕੁਝ ਨਹੀਂ, ਇਹਦਾ ਨਾਂ ਤੇ ਪਾਕਿਸਤਾਨ ਵਿੱਚ ਮਿਹਣਾ ਨਹੀਂ ਹੋਣਾ, ਉਹ 'ਸ਼ਾਇਰੇ ਮਸ਼ਰਿਕ' ਦਾ ਨਾਂ ਵੀ ਏ।

"ਚਾਹ ਪੀਣੀ ਏ?" ਮੈਂ ਬੂਹਾ ਛੱਡ, ਕਿਚਨ ਵੱਲ ਆਂਨੀ ਆਂ।

"ਬਿੱਲੀ ਠਹਿਰ ਜਾ, ਬੂਹਲੀ ਚਾਹ ਬਣਾਉਗਾ" ਉਹ ਨੀਂਦਰੋਂ ਉਠਦੇ ਸਾਰ ਚੁਸਤ ਹੁੰਦਾ ਏ, ਹੁਣ ਮੇਰੇ ਹਿੱਲਣ ਤੋਂ ਪਹਿਲੋਂ ਕਿਚਨ ਵਿਚ ਜਾ ਮਗ ਕੱਢਣ ਲੱਗ ਪਿਆ ਏ।

ਇਕਬਾਲ ਕੋਲ ਮੇਰੇ ਕਿੰਨੇ ਵੜੇ ਨਾਂ ਨੇਂ । ਮੈਂ ਮਾਨੋ ਬਿੱਲੀਆਂ ਹਾਰ ਆਪ ਹੁਦਰੀ, ਉਹ ਬੂਹਲੀ ਕੁੱਤਿਆਂ ਹਾਰ ਵਫ਼ਾਦਾਰ ਤੇ ਮੇਰੇ ਪਿਆਰ ਦਾ ਚਾਹਵਾਨ ।

"ਇਕ ਟੋਸਟ?" ਉਹ ਦੋ ਮੱਗ ਪਾਣੀ ਨਾਲ ਭਰ ਕੇ ਮਾਈਕਰੋਵੇਵ ਵਿਚ ਰੱਖਦਾ ਏ ।

"ਦੋ" ਮੇਰੀ ਵਾਜ ਸੰਘ ਵਿਚ ਫੱਸ ਜਾਂਦੀ ਏ ।

ਮੈਨੂੰ ਹਾਲੀ ਤੋੜੀ ਵਸਾਹ ਨਹੀਂ ਹੁੰਦਾ ਬਈ ਕੋਈ ਮਰਦ ਮੈਨੂੰ ਬੈਠੀ ਬਿਠਾਈ ਨੂੰ ਖਵਾ ਪਿਆ ਸਕਦਾ ਏ । ਇਸ ਲਈ ਨਹੀਂ ਕਿ ਮੈਂ ਇਹਤਸ਼ਾਮ ਜਿਹੇ ਬੰਦੇ ਨਾਲ ਰਹੀ ਆਂ, ਇਸ ਲਈ ਵੀ ਕਿ ਵੱਡੇ ਹੁੰਦਿਆਂ ਕਦੀ ਈਂ ਜਹੀਆਂ ਆਸਾਂ ਰੱਖਣ ਦਾ ਕੋਈ ਆਹਰ ਵੀ ਨਹੀਂ ਸੀ । ਹੁਣ ਜੋ ਮੈਂ ਸੋਚਾਂ ਤੇ ਜਾਪਦਾ ਏ, ਜੇ ਮਰਦਾਂ ਮੇਰੀ ਕਦਾਈਂ ਸੇਵਾ ਕੀਤੀ ਏ ਤੇ ਉਨ੍ਹਾਂ ਜਿਹੜੇ ਨੌਕਰ ਯਾਂ ਮੇਰੇ ਮੇਲ ਤੋਂ ਹੇਠਲੇ ਮੇਲ ਦੇ ਸਨ । ਇਕਬਾਲ ਆਵਦੇ ਜਿਹਾ ਇੱਕੋ ਇੱਕ ਏ ਤੇ ਮੈਨੂੰ ਉਹਦੇ ਤੇ ਵੱਡਾ ਮਾਣ ਏ ।

"ਮਾਖੀ ਯਾਂ ਮਾਰਮਲੇਡ?" ਉਹ ਦੋਵੇਂ ਜਾਰ ਚਾਈ ਖੜਾ ਏ, ਚਾਹੁੰਦਾ ਏ ਮੈਂ ਉਹਦੇ ਹਾਰ ਦੋਵੇਂ ਖਾਵਾਂ ।

"ਦੋਵੇਂ" ਮੈਂ ਆਹਨੀ ਆਂ, ਭਾਵੇਂ ਮਾਰਮਲੇਡ ਮੈਨੂੰ ਅਸਲੋਂ ਨਹੀਂ ਭਾਂਦਾ ।

ਇਕਬਾਲ ਮੈਨੂੰ ਜਿਹੜੇ ਨਾਂ ਦਿੰਦਾ ਏ, ਉਹ ਮੈਨੂੰ ਉਹਦੇ ਬਾਰੇ ਬਹੁਤਾ ਦੱਸਦੇ ਨੇਂ । ਜਦ ਉਹ ਮੈਨੂੰ 'ਜਿੰਦ, ਜਾਨ, ਜਿੰਦੜੀ' ਆਹੰਦਾ ਏ ਤੇ ਮੈਨੂੰ ਪਤਾ ਹੁੰਦਾ ਏ ਕਿ ਪ੍ਰੋਗਰਾਮ ਵਿੱਚ ਪ੍ਰੀਤੀ ਖੇਡਾਂ ਨੇਂ । 'ਸਕੀਨ' ਰੋਜ਼ ਦਿਹਾੜਾ ਏ, 'ਸਕੀਨਾ' ਕਿਸੇ ਨੂੰ ਪਹਿਲੀ ਵਾਰ ਮਿਲਾਣ ਲਈ । ਜੇ ਉਹ ਸਾਨੂੰ 'ਬਿੱਲੀ ' ਤੇ 'ਬੂਹਲੀ' ਆਖੇ ਤੇ ਕੋਈ ਮਸਲਾ ਅੜਿਆ ਪਿਆ ਏ । ਨਾ ਅਸੀਂ ਵਿਆਹੇ ਆਂ ਨਾ ਕੱਠੇ ਰਹਿਨੇ ਆਂ ਇਸ ਲਈ ਸਾਡੇ ਸਾਂਗੇ ਵਿਚ ਵੱਡਾ ਪੁਆੜਾ ਇਹੋ ਏ ਕਿ ਵਿਆਹ ਕਰੀਏ ਤੇ ਕੱਠੇ ਰਹੀਏ ।

"ਮੈਨੂੰ ਪੀ ਕੇ ਗੱਡੀ ਨਹੀਂ ਚਲਾਣੀ ਚਾਹੀਦੀ" ਉਹ ਵੇਂਹਦਿਆਂ ਵੇਂਹਦਿਆਂ ਮੇਜ਼ ਤੇ ਪਈ ਬੋਤਲ ਵਿੱਚੋਂ ਗੁਲਾਬ ਦਾ ਇਕ ਫੁੱਲ ਕੱਢ, ਸਿਰ ਨਿਵਾ, ਮੈਨੂੰ ਪੇਸ਼ ਕਰ ਦਿੰਦਾ ਏ।

"ਅਸੀਂ ਰਾਤੀਂ ਉੱਥੇ ਈ ਰਹਿ ਜਾਂ ਗੇ" ਮੈਂ ਆਹੰਨੀ ਆਂ, ਗੁਲਾਬ ਫੜਦਿਆਂ ਮੇਰੀਆਂ ਅੱਖੀਂ ਭਿੱਜ ਗਈਆਂ ਨੇਂ ।

ਅਸੀਂ ਲੋੜ੍ਹੇ ਵੇਲੇ ਜਾ, ਦੋ ਤਰੈ ਘੰਟੇ ਬਾਗ਼ ਵਿਚ ਲਾ, ਮੁੜ ਪਾਰਟੀ ਕਰਨੀ ਏ। ਸਕਾਟ ਰੋਡ ਤੋਂ ਸਮੋਸੇ, ਪਕੋੜੇ, ਮਿਕਸ ਮਿਠਾਈ, ਸ਼ਰਾਬਾਂ, ਜੂਸ, ਪਾਣੀ ਤੇ ਨਮਕੀਨ ਮਨਚੀਆਂ ਲੈ, ਪੀਤਜ਼ਾ ਆਰਡਰ ਕਰ, ਛੇ ਵਜੇ ਫ਼ਾਰਮ ਪੁੱਜਣਾ ਏ।

"ਏਦਾਂ ਹੁਣ ਅਸੀਂ ਘੱਟ ਕਰਦੇ ਆਂ" ।

"ਮੇਰੇ ਸਕੂਲ ਦਾ ਯਬ ਪੈ ਜਾਂਦਾ ਏ" ਮੈਂ ਸ਼ਰਮਿੰਦੀ ਹੁੰਦੀ ਆਹੰਨੀ ਆਂ ।

"ਤੂੰ ਕਹਿੰਦੀ ਸੀ ਬਈ ਇਸ ਵਰ੍ਹੇ ਈਜ਼ੀ ਲਵੇਂਗੀ" ।

"ਈਜ਼ੀ ਲੈਂਨੀ ਪਈ ਆਂ, ਐਦਕੀਂ ਮੈਂ ਘੱਟ ਕਲਾਸਾਂ ਲਈਆਂ ਨੇਂ ਵੱਲ ਵੀ ਹਫ਼ਤੇ ਦੇ ਅਖ਼ੀਰ ਤਾਈਂ ਥਕੇਵਾ ਪੈ ਜਾਂਦਾ ਏ" ।

"ਸਾਨੂੰ ਕੱਠੇ ਰਹਿਣਾ ਚਾਹੀਦਾ ਏ, ਮੁੜ ਤੈਨੂੰ ਏਨਾ ਕੰਮ ਨਹੀਂ ਕਰਨਾ ਪਏਗਾ । ਮੈਂ ਆਹਨਾਂ ਵੈਨਕੋਵਰ ਤੇਰੇ ਕੰਮ ਲਾਗੇ ਘਰ ਲੈ ਲਈਏ" ।

"ਉਥੇ ਤੇ ਨਿੱਕੇ ਨਿੱਕੇ ਘਰ ਵੀ ਏਨੇ ਮਹਿੰਗੇ ਨੇ" ।

"ਦੋਵੇਂ ਰਲ ਕੇ ਲਈਏ ਮੁੜ ਤਾਂ ਮਹਿੰਗੇ ਨਹੀਂ" ।

"ਨਹੀਂ" ਮੈਂ ਚਾਹ ਮੁਕਾ, ਮੱਗਾ ਤੇ ਗੁਲਾਬ ਲੈ, ਉਠ ਖਲੋਨੀ ਆਂ ।

"ਕੋਰਟ ਪੁੱਜਣ ਤੋਂ ਪਹਿਲੋਂ ਈ ਕੇਸ ਠੱਪਿਆ ਗਿਆ ਏ" ਉਹ ਉਲਾਹਮੇ ਆਲੀ ਕੋ ਦਿੰਦਾ ਏ ।

"ਚੰਗਾ, ਡਾਊਨ ਟਾਊਨ ਕੋਈ ਪ੍ਰਾਪਰਟੀਆਂ ਵੇਹਨੇ ਆਂ" ਮੈਂ ਝੱਬਦੇ ਆਹੰਨੀ ਆਂ, ਏਨੀ ਸਵੇਰੇ ਉਲਾਹਮਾ ਲੈਣ ਨੂੰ ਜੀ ਨਹੀਂ ਆਹੰਦਾ ।

"ਪੱਕੀ?"

"ਆਹੋ, ਵੇਖੀਏ ਕੀ ਮਿਲਦਾ ਪਿਆ ਏ" ।

"ਤੂੰ ਸਾਂਝਾ ਘਰ ਲੈਣ ਤੇ ਰਾਜ਼ੀ ਏਂ?"

"ਮੈਂ .... ਆ ...."

"ਆਹਾ .... ਹਾ ...." ਉਹ ਮੈਨੂੰ ਚਾ ਕੇ ਇਕ ਭੁਵਾਲੀ ਦਿੰਦਾ ਏ ।

ਕੋਈ ਮੈਨੂੰ ਚਾਂਦਾ ਏ ਤੇ ਮੇਰੇ ਪੈਰ ਜ਼ਮੀਨ ਤੇ ਨਹੀਂ ਰਹਿੰਦੇ, ਮੈਨੂੰ ਚੱਕਰ ਆਂਦੇ ਨੇਂ ਤੇ ਆਵਦਾ ਆਪ ਹੀਣਾ ਜਾਪਦਾ ਏ । ਇਕਬਾਲ ਤੇ ਇਹ ਵੀ ਨਹੀਂ ਸੁਣਿਆ ਕਿ ਮੈਂ ਕੀ ਕਹਿਣਾ ਚਾਹੁੰਦੀ ਸਾਂ । ਉਹ ਮੈਨੂੰ ਧੱਕੇ ਨਾਲ ਸ਼ੈਆਂ ਕਰਾਂਦਾ ਏ। ਪਿਆਰ ਦੇ ਧੱਕੇ ਜਿਹੜੇ ਮੋੜਨੇ ਡਾਢੇ ਔਖੇ ਹੁੰਦੇ ਨੇਂ। ਇਹ ਕੋਈ ਭੈੜੀ ਗੱਲ ਏ? ਮੈਨੂੰ ਪੱਕ ਤੇ ਨਹੀਂ ਪਰ ਮੈਂ ਖਿੱਝਲੀ ਆਂ, ਕੋੜੀਜ ਜਾਂਨੀ ਆਂ ਤੇ ਮੈਨੂੰ ਆਵਦਾ ਆਪ ਚੰਗਾ ਨਹੀਂ ਲਗਦਾ ।

ਇਕਬਾਲ ਦਾ ਸੈੱਲ ਫ਼ੋਨ ਵਜਦਾ ਏ, ਉਹ ਮੈਨੂੰ ਕੁਰਸੀ ਤੇ ਰੱਖ, ਬਾਲਕਨੀ ਵੱਲ ਨਿਕਲ ਜਾਂਦਾ ਏ ।

ਘਾਟੀ ਵਿਚ ਕੁਝ ਰੁੱਖ ਧੁੰਦੋਂ ਬਾਹਰ ਨੇਂ ਤੇ ਕੁੱਝ ਹਾਲੀ ਨਿਕਲਣ ਦੀ ਚਾਹਤ ਵਿਚ। ਮੇਰੇ ਲੋਕਾਂ, ਮਾਂ ਜੀ, ਭਾ, ਅੰਮਾਂ ਜੀਵਾਂ, ਬਾਬਾ ਫ਼ਤਿਹ ਮੈਨੂੰ ਪਿਆਰ ਦੀਆਂ ਸੰਗਲਾਂ ਪਾਈਆਂ ਤੇ ਮੈਂ ਬਚਪਨ ਜਵਾਨੀ ਦੂਜਿਆਂ ਵੱਲ ਵਹਿੰਦਿਆਂ ਲੰਘਾਏ। ਇਹੋ ਲਹਿਰ ਟੋਰੰਟੋ ਵਿਚ ਮੰਮੀ ਜੀ ਤੇ ਇਹਤਸ਼ਾਮ ਨਾਲ ਰਹੀ। ਜਾਪਦਾ ਏ, ਇਕਬਾਲ ਮੈਨੂੰ ਇਸ ਤੋਂ ਵੀ ਭੈੜੀ ਥਾਈਂ ਮਾਰ ਸਕਦਾ ਏ ।

ਮੈਂ ਸ਼ਾਵਰ ਲੈਣ ਲਈ ਉਠਲੀ ਆਂ । ਮੇਰੇ ਪੈਰ ਭਾਰੀ ਭਿਕ ਨੇਂ ਤੇ ਜੀ ਆਹੰਦਾ ਏ ਲੰਮੀ ਪੈ ਜਾਂ ਤੇ ਸਾਰਾ ਦਿਹਾੜਾ ਸੁੱਤੀ ਰਹਵਾਂ। ਪਰ ਜੇ ਮੈਂ ਐਵੇਂ ਕਰਾਂ ਤੇ ਖ਼ੋਰੇ ਡਿਪ੍ਰੈਸ਼ਨ ਹੋਰ ਵੱਧ ਜਾਵੇ ਗਾ। ਭਾਵੇਂ ਮੈਨੂੰ ਕਾਵੜ ਹੋਵੇ, ਮੈਂ ਇਕਬਾਲ ਨੂੰ ਛੱਡਣ ਦਾ ਨਹੀਂ ਸੋਚਦੀ । ਹੋਰ ਮੇਰਾ ਕੋਣ ਏ? ਇਹ ਮੇਰਾ ਖ਼ਿਆਲ ਵੀ ਕਿੰਨਾ ਰੱਖਦਾ ਏ ।

ਮੈਂ ਹਾਲ ਵੇ ਦੇ ਉੱਚੇ ਸ਼ੀਸ਼ੇ ਮੂਹਰਿਉਂ ਬਿਨਾਂ ਆਵਦੇ ਤੇ ਨਿਗਾਹ ਪਾਏ ਲੰਘਦੀ ਵਾਸ਼ ਰੂਮ ਆਂਨੀ ਆਂ । ਸੁੱਥਣ ਤੇ ਕੁਰਤਾ ਲਾਹ, ਸ਼ਾਵਰ ਥੱਲੇ ਖਲੋ ਜਾਂਨੀ ਆਂ ।

ਕੋਸਾ ਪਾਣੀ ਇਕੋ ਰੋਰੀ ਮੇਰੀ ਕਾਇਆ ਕਲਪ ਕਰਦਾ ਏ, ਜਾਪਦਾ ਏ ਮੈਂ ਹਿਮਾਲਿਆ ਦੇ ਪਹਾੜਾਂ ਤੋਂ ਵਗਦੇ ਕਿਸੇ ਤੱਤੇ ਵੈਹਣ ਥੱਲੇ ਖਲੀ ਆਂ । ਭਾਫ਼ ਮੇਰੀ ਚੰਮ ਦੇ ਮਸਾਮ ਖੋਲ ਅੰਦਰ ਵੜਦੀ ਏ, ਆਵਦੇ ਨੰਗੇ ਗਿੱਲੇ ਪਿੰਡੇ ਦੀ ਸੂਰਤ ਮੈਨੂੰ ਡਾਢੀ ਚੰਗੀ ਲਗਦੀ ਏ । ਮੈਂ ਅੱਖੀਂ ਬੰਦ ਕਰ, ਪਿਆਰ ਦਾ ਇਕ ਗਾਵਣ ਗਾਉਣ ਲੱਗਣੀ ਆਂ, ਵਾਸ਼ ਰੂਮ ਦਾ ਬੂਹਾ ਪੱਟਾ ਖੁਲ੍ਹਦਾ ਏ ।

ਮੇਰੇ ਮੂੰਹੋਂ ਚੀਕ ਨਿਕਲਦੀ ਏ, ਮੈਂ ਕੰਧ ਵਿਚ ਵੱਜਣੀ ਆਂ, ਪੈਰ ਤਿਲਕਦਾ ਏ ਤੇ ਟੱਬ ਅੰਦਰ ਡਹਿ ਪੈਂਨੀ ਆਂ । ਪਰ ਸੱਭ ਤੋਂ ਵੱਧ ਪੀੜ ਮੈਨੂੰ ਇਸ ਗੱਲ ਦੀ ਏ ਕਿ ਕਿਸੇ ਮੈਨੂੰ ਈਂ ਜਿਹੇ ਵੇਲੇ ਵੇਖਿਆ ਜਦੋਂ ਮੈਂ ਵੇਖੀ ਨਹੀਂ ਜਾਣਾ ਚਾਹੁੰਦੀ ਸਾਂ ।

"ਮੁਆਫ਼ੀ ਸਰ, ਸੋਰੀ" ਇਕਬਾਲ ਦਾ ਕੋੜਾ ਪਛੋਤਾਵੀ ਮੁਖ ਬੂਹੇ ਕੋਲੋਂ ਮੈਨੂੰ ਵੇਹੰਦਾ ਪਿਆ ਏ "ਫ਼ੋਨ" ਉਹ ਅੱਗੇ ਹੋ ਕੇ ਮੈਨੂੰ ਫ਼ੋਨ ਦਿੰਦਿਆਂ ਮੂੰਹ ਪਾਸੇ ਤੇ ਕਰ ਲੈਂਦਾ ਏ ਬਈ ਮੈਨੂੰ ਪਤਾ ਰਹਵੇ, ਉਹ ਬਿਨਾਂ ਮੇਰੀ ਮਰਜ਼ੀ ਮੈਨੂੰ ਨੰਗੀ ਨੂੰ ਨਹੀਂ ਪਿਆ ਵੇਹੰਦਾ ।

"ਹੈਲੋ" ਮੈਂ ਫ਼ੋਨ ਵਿਚ ਆਹਨੀ ਆਂ, ਮੇਰੀ ਵਾਜ ਗਿੱਲੀ ਤੇ ਰੋਨੀ ਏ ।

"ਹੈਲੋ?"

"ਬਰੈਂਡਾ?" ਮੈਂ ਬਾਕੀ ਭੁਲ, ਟੱਬ ਵਿਚ ਸਿੱਧੀ ਹੋ ਬਹਿੰਨੀ ਆਂ ।

"ਜੋਈਨੀ"।

"ਹਾਈ ਜੋਈਨੀ, ਹਾਉ ਆਰ ਯੂ?" ਮੈਂ ਜੋਈਨੀ ਤੇ ਬਰੈਂਡਾ ਦੀ ਵਾਜ ਫ਼ੋਨ ਤੇ ਗ਼ਲਤ ਮਲਤ ਕਰਨੀ ਆਂ, ਦੋਵੇਂ ਇੱਕੋ ਜਿਹੀ 'ਹੈਲੋ' ਕਰਦੀਆਂ ਨੇਂ ।

ਜੋਈਨੀ ਮੈਨੂੰ ਲੰਚ ਦਾ ਸੱਦਾ ਦਿੰਦੀ ਏ, ਮੈਂ ਮਨ ਲੈਂਨੀ ਆਂ ।

"ਸਕੀਨ, ਤੂੰ ਠੀਕ ਏਂ ਜਿੰਦ? ਆਈ ਐਮ ਸੋਰੀ" ਇਕਬਾਲ ਫ਼ੋਨ ਲੈ ਕੇ ਮੈਨੂੰ ਤੋਲੀਆ ਫੜਾਂਦਾ ਏ ।

"ਓ ਕੇ" ਮੈਂ ਤੋਲੀਆ ਵਲ੍ਹੇਟ ਕੇ ਟੱਬੋਂ ਨਿਕਲਣੀ ਆਂ" ਮੈਂ ਜੋਈਨੀ ਨੂੰ ਲੰਚ ਤੇ ਮਿਲਣਾ ਏ" ।

"ਅਸੀਂ ਪਾਰਟੀ ਦਾ ਪ੍ਰਬੰਧ ਕਰਨਾ ਸੀ?" ਉਹ ਇੰਨਾ ਕੋੜੀਜ ਗਿਆ ਏ ਕਿ ਬਣੀਆਂ ਬਣਾਈਆਂ ਸ਼ੈਆਂ ਚਾ ਫ਼ਾਰਮ ਤੇ ਲੈ ਜਾਣ ਨੂੰ 'ਪਾਰਟੀ ਦਾ ਪ੍ਰਬੰਧ' ਕਰਨਾ ਪਿਆ ਕਹਿੰਦਾ ਏ । ਬਾਕੀ ਸਾਰਾ ਤੇ ਮਨਜੀਤ ਤੇ ਭਾਈ ਮਹਿੰਗਾ ਕਰਦੇ ਨੇਂ ।

"ਜੋਈਨੀ ਹੁਣ ਫ਼ੋਨ ਤੇ ਕੋ ਨੀ, ਮੈਂ ਪ੍ਰੋਗਰਾਮ ਬਦਲੀ ਨਹੀਂ ਕਰ ਸਕਦੀ" ।

"ਓ ਕੇ, ਮੈਂ ਤੈਨੂੰ ਵੈਨਕੋਵਰ ਲਾਹ ਕੇ ਸ਼ੈਆਂ ਚੁੱਕ ਲਉਂ ਗਾ ਤੇ ਵੱਲ ਘੰਟੇ ਡੇਢ੍ਹ ਵਿਚ ਤੈਨੂੰ ਚਾ ਲਉਂ ਗਾ" ।

"ਅਸੀਂ ਵਾਪਸ ਇੱਥੇ ਦੋ ਵਜੇ ਕਿਉਂ ਨਾ ਮਿਲੀਏ?" ਮੈਂ ਆਹਨੀ ਆਂ "ਉਸ ਤੋਂ ਚੰਗਾ, ਮੈਂ ਤੈਨੂੰ ਫ਼ਾਰਮ ਤੇ ਛੇ ਵਜੇ ਮਿਲਣੀ ਆਂ" ।

"ਇਸ ਜੋਈਨੀ ਦਾ ਕੀ ਰੋਲਾ ਏ? ਉਹ ਤੈਨੂੰ ਛੁੱਟੀ ਦਿਹਾੜੇ ਵੀ ਕੱਲਿਆਂ ਨਹੀਂ ਛੱਡ ਸਕਦੀ?"

"ਇਸ ਗੱਲ ਦਾ ਮਤਲਬ?"

"ਕਿਸ ਗੱਲ ਦਾ ਮਤਲਬ?"

"ਮੈਂ ਉਹਨੂੰ ਕੁਝ ਘੰਟਿਆਂ ਲਈ ਮਿਲਣਾ ਏ" ।

"ਇਹ ਅਚਰਜ ਨਹੀਂ ਕਿ ਤੇਰੀਆਂ ਸਭੇ ਸਹੇਲੀਆਂ ਲੈਜ਼ਬੀਅਨ ਨੇਂ?"

"ਇਕਬਾਲ" ਮੈਂ ਇਸ ਬੇ ਫ਼ਜ਼ੂਲ ਬਹਿਸ ਵਿੱਚ ਨਹੀਂ ਪੈਣਾ ਚਾਹੁੰਦੀ ।

"ਚੰਗਾ ਵੇਲਾ ਗੁਜ਼ਾਰੇਂ" ਉਹ ਭੂੰ ਭੂੰ ਕਰਦਾ ਵਾਸ਼ ਰੂਮ ਦਾ ਬੂਹਾ ਫਾ ਮਾਰ, ਮੈਨੂੰ ਮੇਰੀ ਬੇਵਸੀ ਤੇ ਕਾਵੜ ਵਿਚ ਭਿੱਜਿਆ ਛੱਡ, ਨਿਕਲ ਜਾਂਦਾ ਏ ।

ਪਿਛਲੇ ਵਰ੍ਹੇ ਤੋੜੀ ਇਹ ਹੋਵਣ ਮਗਰੋਂ ਮੈਂ ਆਵਦਾ ਬਣਾਇਆ ਪ੍ਰੋਗਰਾਮ ਹੁਣੇ ਮੁਕਾ ਦੇਣਾ ਸੀ ਤੇ ਇਕ ਈਂ ਜਿਹੀ ਜ਼ਨਾਨੀ ਨੂੰ ਨਰਾਜ਼ ਕਰਨਾ ਸੀ ਜਿਹਨੂੰ ਮੈਂ ਆਦਰ ਨਾਲ ਵੇਹਨੀ ਆਂ, ਭਰਵਾਸਾ ਤੇ ਪਿਆਰ ਕਰਨੀ ਆਂ । ਦਸ ਵਰ੍ਹੇ ਹੋ ਗਏ ਨੇਂ, ਜੋਈਨੀ ਤੇ ਉਹਦੀ ਸਾਥੀ ਮੈਗੀ, ਮੇਰਾ ਖ਼ਿਆਲ ਕੀਤਾ ਏ । ਇਹਤਸ਼ਾਮ ਤੋਂ ਤਲਾਕ ਲੈਂਦਿਆਂ, ਰਹਿਣ ਦੀ ਥਾਂ ਲਭਦਿਆਂ, ਲੀਗਲ ਸੈਕਰੇਟਰੀ ਦੇ ਕੋਰਸ ਦੇ ਇਮਤਿਹਾਨ ਦਿੰਦਿਆਂ, ਡਿਪਰੈਸ਼ਨਾਂ ਝਲਦਿਆਂ । ਮੈਨੂੰ ਜੋਈਨੀ ਤੇ ਮੈਗੀ ਨਾਲ ਵੇਲਾ ਟਪਾ ਕੇ ਚੰਗਾ ਲਗਦਾ ਏ ਪਰ ਪਿਛਲੇ ਵਰ੍ਹੇ ਵੀ ਇਕਬਾਲ ਦੇ ਇਸ ਕੂੜੇ ਪਰਤਾਵੇ ਤੋਂ ਘਾਬਰ ਕੇ ਮੈਂ ਉਨ੍ਹਾਂ ਨੂੰ ਮਿਲਣ ਨਹੀਂ ਸੀ ਜਾਣਾ । ਅੱਜ ਮੈਂ ਇਹ ਤੇ ਨਹੀਂ ਕਰਨਾ ਪਰ ਜੋ ਹੋਣਾ ਸੀ ਉਹ ਹੋ ਗਿਆ ਏ । ਮੇਰੀਆਂ ਖ਼ੁਸ਼ੀਆਂ ਦੇ ਭੁਕਾਨੇ ਵਿੱਚੋਂ ਚਾਹਤ ਦੀ ਫੂਕ ਨਿਕਲ ਗਈ ਏ । ਵਲਾ, ਰੋਜ਼ ਦਿਹਾੜੇ ਮੇਰੀ ਹਯਾਤੀ ਮੈਥੋਂ ਖਚੀਂਦੀ ਪਈ ਏ।

ਬੇ ਵਸੀ ਮੇਰੇ ਤੇ ਆਣ ਪੌਂਦੀ ਏ, ਦਿਲ ਭਾਰਾ ਹੋ ਜਾਂਦਾ ਏ । ਹੁਣ ਰੂਹ ਨਹੀਂ ਕਿਧਰੇ ਜਾਵਾਂ, ਕਿਸੇ ਨੂੰ ਮਿਲਾਂ, ਸਿਆਸਤ ਦੀਆਂ ਲਹਿਰਾਂ ਤੇ ਗੱਲ ਬਾਤ ਕਰਾਂ, ਰੁੱਖਾਂ ਤੋਂ ਉਠਦੀ ਧੁੰਦ ਵੇਖਾਂ, ਅਪਾਰਟਮੈਂਟ ਸਾਫ਼ ਕਰਾਂ, ਆਵਦੇ ਆਪ ਤੇ ਨਿਗਾਹ ਪਾਵਾਂ ।

ਇਹਤਸ਼ਾਮ ਮੈਨੂੰ ਨੌਕਰਾਣੀ ਸਮਝਦਾ ਸੀ, ਇਕਬਾਲ ਮਨ ਭਾਵਨਾ ਫੁਲ । ਉਹਨੂੰ ਫ਼ਰਕ ਨਹੀਂ ਪੈਣਾ ਭਾਵੇਂ ਮੈਂ ਗੁਲਦਾਨ ਵਿਚ ਪਈ ਪਈ ਮਰ ਜਾਵਾਂ ਯਾਂ ਟਹਿਲੀ ਤੇ, ਸ਼ਰਤ ਇਹ ਕਿ ਗੁਲਦਾਨ ਉਹਦੀ ਮੇਜ਼ ਤੇ ਹੋਵੇ, ਟਹਿਣੀ ਉਹਦੇ ਲਾਨ ਵਿਚ । ਸੱਭ ਤੋਂ ਵੱਧ, ਉਹ ਇਹ ਵੀ ਜਾਣਨਾ ਨਹੀਂ ਚਾਹੁੰਦਾ ਕਿ ਮੈਂ ਅੱਗੋਂ ਕੀ ਬਣ ਕੇ ਨਿਕਲਣਾ ਏ ।

ਵਾਸ਼ ਰੂਮ ਤੋਂ ਬਾਹਰ ਆਂਦਿਆਂ ਮੈਂ ਓਨੀ ਈ ਮਸੋਸੀ ਹੋਈ ਆਂ ਜਿੰਨੀ ਅੰਦਰ ਜਾਂਦਿਆਂ । ਡੋਰ ਭੋਰੀ ਤੇ ਪਛੋਤਾਵਿਆਂ ਮਾਰੀ, ਮੈਂ ਆਵਦੇ ਝੋਲੇ ਤੇ ਨਫ਼ਰਤ ਦੀ ਨਿਗਾਹ ਸੁੱਟਦੀ, ਉਹਨੂੰ ਹਾਲ ਵੇ ਦੇ ਸ਼ੀਸ਼ੇ ਵਿਚ ਟੰਗਿਆ ਛੋੜ, ਅੱਗੇ ਲੰਘ ਜਾਂਨੀ ਆਂ ।

ਇਸ ਬਿਲਡਿੰਗ ਦੇ ਇਕ ਪਾਸੇ ਘਾਟੀ ਏ ਤੇ ਦੂਜੇ ਪਾਸੇ ਸਕਾਟ ਰੋਡ । ਪਿਛਲੇ ਵਰ੍ਹੇ ਬਰੈਂਡਾ ਆਈ, ਉਸ ਮੈਨੂੰ ਪੁੱਛਿਆ ਬਈ ਮੈਂ ਇੱਥੇ ਕੰਡੋ ਕਿਉਂ ਲਿਆ ਜਦ ਸੱਰ੍ਹੀ ਵਿਚ ਚੰਗੀਆਂ ਅਬਾਦੀਆਂ ਵੀ ਨੇਂ । ਉਸ ਵੇਲੇ ਤੇ ਮੈਨੂੰ ਕੋਈ ਕਾਰਨ ਸਮਝ ਨਹੀਂ ਆਇਆ, ਹੁਣ ਜੋ ਮੈਂ ਰਵੀਨ ਤੇ ਨਿਗਾਹ ਪਾਂਨੀ ਆਂ ਤੇ ਮੈਨੂੰ ਪਿੰਡ ਆਲਾ ਸਫ਼ੈਦਿਆਂ ਦਾ ਜ਼ਖ਼ੀਰਾ ਚੇਤੇ ਆਂਦਾ ਏ ਜਿਹੜਾ ਸਾਡੇ ਘਰ ਮੂਹਰੇ ਹੁੰਦਾ ਸੀ । ਪਿੱਛੇ ਕਰ ਕੇ ਲੁਕੀ ਹੋਈ ਫ਼ਿਰੋਜ਼ਪੁਰ ਰੋਡ ਦੀ ਵਾਜ ਵੀ ਏ ।

ਮੈਂ ਸਕਾਟ ਰੋਡ ਦੇ ਸਕਾਈ ਟਰੇਨ ਸਟੇਸ਼ਨ ਤੇ ਗੱਡੀ ਲਾ ਕੇ, ਬਰਾਡਵੇ ਤੋੜੀ ਟਰੇਨ ਲੈਂਨੀ ਆਂ ਜਿਵੇਂ ਮੈਂ ਰੋਜ਼ ਵੈਨਕੋਵਰ ਸਕੂਲ ਜਾਣ ਲਈ ਕਰਨੀ ਆਂ । ਪਰ ਅੱਜ ਬਰਾਡਵੇ ਅੱਪੜ ਕੇ ਸਕੂਲ ਵੱਲ ਟੁਰ ਪੈਣ ਦੀ ਥਾਂ ਮੈਂ ਬਾਹਰ ਜੋਈਨੀ ਤੇ ਮੈਗੀ ਨੂੰ ਉਡੀਕਣੀ ਆਂ ।

ਨਾਲ ਸੇਫ਼ ਵੇ ਸਟੋਰ ਬਾਹਰੋਂ ਉਨ੍ਹਾਂ ਦੀ ਗੱਡੀ ਦੇ ਹਾਰਨ ਦੀ ਵਾਜ ਆਂਦੀ ਏ, ਆਲੇ ਦਵਾਲੇ ਲੋਕੀ ਉਨ੍ਹਾਂ ਨੂੰ ਲੱਜ ਦਵਾਣ ਵਾਲਿਆਂ ਅੱਖੀਂ ਨਾਲ ਵੇਹੰਦੇ ਨੇ ।

"ਕੀ ਹਾਲ ਏ ਮੈਗੀ?" ਮੈਂ ਪਿਛਲੀ ਸੀਟ ਤੇ ਬਹਿ ਜਾਂਨੀ ਆਂ ।

"ਕੋਲ" ਉਹ ਬਿਨਾਂ ਮੁੜੇ ਆਹੰਦੀ ਏ ।

"ਮੈਗੀ ਮੈਥੋਂ ਰਾਤੀਂ ਦੇਰ ਨਾਲ ਆਉਣ ਤੇ ਰੁੱਸੀ ਹੋਈ ਏ" ਜੋਈਨੀ ਮੈਨੂੰ ਕੋਫ਼ੀ ਫੜਾਂਦੀ ਏ ।

"ਨਹੀਂ ਨਹੀਂ" ਮੈਗੀ ਜੋਈਨੀ ਤੇ ਹੱਥ ਹਿਲਾਂਦੀ ਏ "ਸਕੀਨਾ ਕੀ ਨਵੀਂ ਤਾਜ਼ੀ ਏ?"

"ਮੈਂ ਡਾਊਨ ਟਾਊਨ ਆ ਜਾਣਾ ਏ, ਇਕਬਾਲ ਘਰ ਲੈ ਕੇ ਸੈਟਲ ਹੋਣਾ ਚਾਹੁੰਦਾ ਏ" ।

"ਤੂੰ ਸਕੂਲੋਂ ਕੰਮੋਂ ਨੇੜੇ ਹੋ ਜਾਵੇਂਗੀ" ਜੋਈਨੀ ਆਹੰਦੀ ਏ ।

"ਆਹੋ, ਪਰ ਗੱਲ ਇਹ ਤੇ ਨਹੀਂ" ਮੈਂ ਆਹਨੀ ਆਂ ।

"ਹੋਰ?" ਮੈਗੀ ਪੁੱਛਦੀ ਏ ।

"ਇਹ ਮਸਲਾ ਮੇਰੀ ਮਤ ਮਾਰੀ ਪਿਆ ਏ" ਮੈਂ ਸਟਾਰ ਬਕਸ ਦੀ ਕਾਫ਼ੀ ਦਾ ਘੁੱਟ ਲੈਂਨੀ ਆਂ, ਕੌੜੀ ਟੀਟ ।

"ਕਿਉਂ? ਬੰਦਾ ਤੇ ਤੂੰ ਬੜੇ ਚਿਰ ਦਾ ਜਾਨਣੀ ਏਂ " ਜੋਈਨੀ ਆਹੰਦੀ ਏ ।

"ਹਾਂ, ਪਰ ਮੈਂ ਵਿਆਹ ਨਹੀਂ ਕਰਨਾ ਚਾਹੁੰਦੀ"।

"ਤੂੰ ਉਹਨੂੰ ਦਸ ਦੇ" ਮੈਗੀ ਕਹਿੰਦੀ ਏ ।

"ਮੈਂ ਦੱਸਣੀ ਆਂ ਪਰ ਉਹ ਅਸਰ ਨਹੀਂ ਲੈਂਦਾ, ਸਮਝਦਾ ਏ ਮੇਰੇ ਮੂਡ ਸ਼ੂਡ ਨੇਂ"।

"ਅੱਛਾ? ਤੇ ਇਹ ਤੇਰੇ ਮੂਡ ਸ਼ੂਡ ਨੇਂ?" ਮੈਗੀ ਮੁੜ ਕੇ ਮੈਨੂੰ ਵੇਹੰਦੀ ਏ ।

"ਪਤਾ ਕੋ ਨੀ" ਮੈਂ ਆਹਨੀ ਆਂ ।

"ਜੇ ਪਤਾ ਕੋ ਨੀ ਤੇ ਮੁੜ ਵਿਆਹ ਦੇ ਚੱਕਰਾਂ ਵਿੱਚ ਨਾ ਪਵੀਂ" ਮੈਗੀ ਸਿੱਧੀ ਹੋ, ਆਵਦੀ ਸੀਟ ਨਾਲ ਨਿੱਠ ਕੇ ਬਹਿ ਜਾਂਦੀ ਏ ।

"ਆਵਦੀਆਂ ਹਿੱਸਾਂ ਤੇ ਭਰਵਾਸਾ ਰੱਖ। ਜਦ ਮੈਂ ਤੇ ਮੈਗੀ ਮਿਲੇ, ਸਾਨੂੰ ਮਿਲਦਿਆਂ ਈ ਪਤਾ ਸੀ"।

"ਬਿਨਾਂ ਕਿਸੇ ਸ਼ੱਕ ਦੇ?"

"ਨਹੀਂ, ਪਰ ਸਾਨੂੰ ਇਹ ਵੀ ਪਤਾ ਨਹੀਂ ਸੀ ਬਈ ਕੀ ਹੁੰਦਾ ਪਿਆ ਏ । ਹੁਣ ਸੋਚਣੀਆਂ ਆਂ ਤੇ ਹੱਥ ਪੈਰ ਠੰਢੇ ਹੋ ਜਾਂਦੇ ਨੇਂ"।

ਮੈਗੀ ਸਿਰ ਹਿਲਾਂਦੀ ਏ ।

"ਸਮਝ ਨਹੀਂ ਆਂਦੀ, ਮੈਨੂੰ ਉਹਦੇ ਨਾਲ ਪਿਆਰ ਏ ...." ਮੈਂ ਆਹਨੀ ਆਂ ।

"ਤੈਨੂੰ ਪੱਕ ਏ?" ਮੈਗੀ ਮੇਰੇ ਵਲ ਮੁੜਦੀ ਏ ।

"ਆ ...." ਪਹਿਲੀ ਵਾਰ ਮੈਂ ਹਰ ਸ਼ੈਅ ਖਿਲਾਰ, ਇਸ ਸਵਾਲ ਦਾ ਜਵਾਬ ਸੋਚਣੀ ਆਂ । ਮੇਰਾ ਦਮਾਕ ਕੋਈ ਜਜ਼ਬਾ, ਖ਼ਿਆਲ ਯਾਂ ਮੂਰਤ ਕੱਢ ਕੇ ਮੈਨੂੰ ਨਹੀਂ ਵਿਖਾਂਦਾ । ਦਿਲ ਦੀ ਇਕ ਧੜਕਣ ਗਵਾਚ ਜਾਂਦੀ ਏ ।

ਲੋਕਾਂ ਵਿਚ ਪਿਆਰ ਕੀ ਏ? ਮੈਂ ਕੌੜੀ ਕੌਫ਼ੀ ਦਾ ਇਕ ਹੋਰ ਘੁੱਟ ਭਰਨੀ ਆਂ। ਵਸੇਬੀ ਢੰਗ, ਸਾਥ ਦੀ ਤਾਂਘ, ਇਕਲਾਪੇ ਦਾ ਡਰ, ਜੁੜਨ ਦੀ ਸੱਧਰ, ਸਾਂਝ ਦਾ ਮਾਣ, ਕੋਈ ਮਨ ਭਾਵਨਾ ਇਨਸਾਨ?

ਉੱਚਾ ਮੱਥਾ। ਜੋਈਨੀ ਦੇ ਸਿਰ ਪਿੱਛੇ ਇਕ ਮੁੱਖ ਏ, ਨੈਣ ਨਕਸ਼ ਨਹੀਂ ਦੀਹਦੇ । ਮਗਰ ਲੋਕਾਂ, ਵਾਜਾਂ, ਰੌਲਿਆਂ ਤੇ ਥਾਵਾਂ ਦਾ ਹੜ੍ਹ ਏ । ਮੈਂ ਕੌਫ਼ੀ ਦੇ ਕੱਪ ਦਾ ਢੱਕਣ ਚਾ, ਇਸ ਹੜ੍ਹ ਨੂੰ ਆਵਦੇ ਵਿਚ ਧੱਕ ਦੇਂਨੀ ਆਂ । ਗੂੜ੍ਹਾ ਬਰਾਊਨ ਰੰਗ ਜਿਵੇਂ ਜੋਈਨੀ ਪਸੰਦ ਕਰਦੀ ਏ, ਮੈਂ ਸੱਭ ਤੇ ਢੱਕਣ ਲਾ ਦੇਂਨੀ ਆਂ ।

"ਮੈਨੂੰ ਉਹਦੇ ਨਾਲ ਪਿਆਰ ਕੋ ਨੀ" ਮੈਂ ਮੈਗੀ ਨੂੰ ਦੱਸਣੀ ਆਂ "ਮੇਰਾ ਤ੍ਰਾਹ ਨਿਕਲਦਾ ਏ ਸੋਚ ਕੇ ਬਈ ਰਹਿੰਦੀ ਉਮਰ ਉਹਦੇ ਨਾਲ ਗੁਜ਼ਾਰਨੀ ਪਏਗੀ । ਨਾਲੇ ਉਹਦਾ ਕੋਈ ਟੱਬਰ ਨਹੀਂ,

ਉਹਨੂੰ ਕਿਸੇ ਈਂ ਜਿਹੀ ਜ਼ਨਾਨੀ ਨਾਲ ਵਿਆਹ ਕਰਨਾ ਚਾਹੀਦਾ ਏ ਜਿਹੜੀ ਬਾਲ ਜਣ ਸਕਦੀ ਹੋਵੇ"।

"ਤੂੰ ਉਹਨੂੰ ਦੱਸਿਆ?" ਮੈਗੀ ਪੁੱਛਦੀ ਏ ।

"ਆਹੋ, ਪਰ ਉਹਦੀ ਸੁਰਤ ਏ ਬਈ ਮੈਂ ਚਾਹਵਾਂ ਤੇ ਪਰੈਗਨੈਂਟ ਹੋ ਸਕਣੀ ਆਂ ਕਿਉਂ ਜੇ ਮੇਰੇ ਟੈਸਟ ਠੀਕ ਸਨ । ਪਰ ਜੇ ਅਸੀਂ ਵਿਆਹੇ ਹੋਈਏ ਤੇ ਇਹ ਮੇਰੇ ਤੇ ਬੜਾ ਦਬਾ ਏ"।

"ਉਹਨੂੰ ਦਸ ਦੇ 'ਨਹੀਂ' ਅੱਛਾ" ਮੈਗੀ ਆਹੰਦੀ ਏ ।

"ਮੈਥੋਂ ਕਹਿਆ ਨਹੀਂ ਜਾਂਦਾ" ਮੈਂ ਆਹਨੀ ਆਂ ।

"ਸਕੀਨਾ ਤੂੰ ਥੋੜਦਿਲੀ ਏਂ"।

"ਮੈਨੂੰ ਦੱਸ ਕੀ ਔਖਾ ਲਗਦਾ ਏ? ਦੱਸਣਾ ਕਿ ਛੱਡਣਾ?"

"ਦੋਵੇਂ"।

"ਕਿਉਂ ਭਲਾ? ਇਕ ਗੱਲ, ਜਿਹੜੀ ਪਹਿਲੇ ਦਮਾਕ ਵਿਚ ਆਵੇ । ਉਹਨੂੰ ਛੱਡਣਾ ਕਿਉਂ ਔਖਾ ਏ?" ਜੋਈਨੀ ਪੁੱਛਦੀ ਏ ।

"ਮੈਂ ਕੱਲੀ ਰਹਿ ਜਾਵਾਂਗੀ"।

"ਉਹ ਸਕੀਨਾ, ਮੇਰੀ ਗੁੱਡੋ" ਮੈਗੀ ਮੈਨੂੰ ਆਵਦੀ ਗੋਦੀ ਵਿੱਚ ਰੋਂਦੀ ਨੂੰ ਜਿਵੇਂ ਹਲਾ ਹਲਾ ਕੇ ਚੁਪ ਕਰਾਂਦੀ ਏ "ਇਹਦੇ ਮਗਰੋਂ ਕਿਸੇ ਤੈਨੂੰ ਪਿਆਰ ਨਹੀਂ ਕਰਨਾ, ਹੋ ਹੋ"।

"ਖ਼ਬੀਸ ਮੈਗੀ"।

"ਮੈਨੂੰ ਇਸੇ ਤਰ੍ਹਾਂ ਲਗਦਾ ਸੀ ਜਦ ਮੈਂ ਸ਼ੈਰਨ ਤੋਂ ਵਖ ਹੋਈ ਪਰ ਹੁਣ ਕੁੱਝ ਵਰ੍ਹਿਆਂ ਮਗਰੋਂ ਵੇਖ ਲੈ, ਮੈਂ ਮੈਗੀ ਨਾਲ ਬਾਲ ਪੈਦਾ ਕਰਨ ਦੀ ਸੋਚਣੀ ਪਈ ਆਂ"।

"ਸੱਚੀ?"

"ਅਸੀਂ ਇਹ ਕੰਮ ਛੂ ਦਿੱਤਾ ਏ" ਜੋਈਨੀ ਆਹੰਦੀ ਏ ।

"ਇਹਨੂੰ ਦਸ ਦੇ" ਮੈਗੀ ਜੋਈਨੀ ਨੂੰ ਕਹਿੰਦੀ ਏ ।

"ਪੱਕੀ ਗੱਲ ਸੋਹਣੀਏ?" ਜੋਈਨੀ ਉਹਨੂੰ ਹੋਲੇ ਪੁੱਛਦੀ ਏ ।

"ਹਾਂ"।

"ਮੈਗੀ ਤੇ ਮੈਂ ਆਂਦੇ ਵਰ੍ਹੇ ਇਨਵੀਟਰੋ ਫ਼ਰਟੀਲਾਈਜ਼ੇਸ਼ਨ ਨਾਲ ਬਾਲ ਪੈਦਾ ਕਰਨਾ ਏ" ਜੋਈਨੀ ਮੈਨੂੰ ਸ਼ੀਸ਼ੇ ਵਿੱਚੋਂ ਵੇਹੰਦਿਆਂ ਆਹੰਦੀ ਏ ।

"ਜੇ ਬਾਲੜੀ ਹੋਈ ਤੇ ਅਸੀਂ ਉਹਦਾ ਨਾਂ 'ਰਹੋਂਦਾ' ਯਾਂ 'ਡੇਂਟਰੀ' ਰੱਖਣਾ ਏ, ਜੇ ਬਾਲ ਹੋਇਆ ਤੇ 'ਮਰਲਿਨ' ਯਾਂ 'ਮਾਈਕਲ' ਮੈਗੀ ਆਹੰਦੀ ਏ ।

"ਕੀ ਫ਼ਰਟੀਲਾਈਜ਼ੇਸ਼ਨ?" ਮੈਂ ਪੜ੍ਹਿਆ ਤੇ ਏ ਪਰ ਪੱਕ ਨਹੀਂ ।

"ਬਿਨਾਂ ਮਰਦ ਨਾਲ ਮਿਲੇ ਕੁੱਖ ਵਿਚ ਅੰਡੇ ਰਖਾਣਾ"।

"ਵਾਉ। ਬਾਲ ਜਣੇਗੀ ਕਿਹੜੀ?"

"ਪਹਿਲੋਂ ਮੈਂ" ਜੋਈਨੀ ਸ਼ੀਸ਼ੇ ਵਿੱਚੋਂ ਦੰਦ ਲਸ਼ਕਾਂਦੀ ਏ ।

"ਮੈਂ ਦੂਜੀ ਮਾਂ ਹੋਵਾਂਗੀ ਤੇ ਜਵਾਏ ਦੀ ਮੈਟਰਨਿਟੀ ਲੀਵ ਤੋਂ ਪਹਿਲੋਂ ਤੇ ਮਗਰੋਂ ਕੰਮ ਕਰਦੀ ਰਹਵਾਂਗੀ" ਮੈਗੀ ਦੀ ਭਲਕ ਦੀਆਂ ਆਸਾਂ ਵਿਚ ਰੁੱਝੀ ਵਾਜ ਆਂਦੀ ਏ ।

ਮੇਰੇ ਭਲਕ ਦੀ ਕੀ ਆਸ ਏ?

ਕਲੋਵਰਡੇਲ ਆਲੀ ਸੜਕ ਤੇ ਚਮਕੀਲੀ ਧੁੱਪ ਏ, ਬਲੂ ਬੇਰੀਆਂ ਦੀਆਂ ਝਾੜੀਆਂ ਸਫ਼ਾ ਨੇਂ, ਅੰਗੂਰਾਂ ਦੀਆਂ ਵੇਲਾਂ ਲੱਦੀਆਂ ਹੋਈਆਂ । ਮੈਂ ਜੋਈਨੀ ਤੇ ਮੈਗੀ ਦੇ ਬਾਲ ਦਾ ਸੋਚਣੀ ਆਂ । ਮੈਂ ਉਹਨੂੰ ਵੇਖਣਾ ਵੀ ਚਾਹੁੰਨੀ ਆਂ ਤੇ ਆਵਦਾ ਵੀ ਜੰਮਣਾ ਚਾਹੁੰਨੀ ਆਂ । ਆਵਦੇ ਬਾਲ ਦਾ ਸੋਚ, ਮੇਰੀਆਂ ਲੱਤਾਂ ਕੰਬਣ ਲੱਗ ਪੈਂਦੀਆਂ ਨੇਂ । ਕੀ ਪਤਾ ਕਿੰਨੇ ਪੈਸੇ ਲਗਦੇ ਨੇਂ?

ਮੋੜ ਕੱਟ ਕੇ ਮੈਂ ਗੱਡੀ 'ਅਪਣਾ ਬਲੂ ਬੇਰੀ ਫ਼ਾਰਮ' ਦੇ ਬੋਰਡ ਪਿੱਛੋਂ, ਭਾ ਮਹਿੰਗੇ ਦੀ ਰੱਤੀ ਕੋਰਵੈਟ ਲਾਗੇ ਲਾ ਦੇਣੀ ਆਂ । ਪੰਜ ਹੋਰ ਗੱਡੀਆਂ ਵਿੱਚੋਂ ਮੈਂ ਮਾਸੀ ਮੰਗਲ ਦੀ ਪਛਾਨਣੀ ਆਂ ਤੇ ਜਿੱਥੋਂ ਤਾਈਂ ਫ਼ਾਰਮ ਦੇ ਮਾਲਿਕ ਤੇ ਅੱਜ ਦੀ ਪਾਰਟੀ ਦੇ ਮੇਜਬਾਨ ਦਾ ਤਾਅਲੁੱਕ ਏ, ਛੇ ਵੱਜਦੇ ਪਏ ਨੇਂ ਵੱਲ ਵੀ ਉਹਦੀ ਹਾਂਡਾ ਇਥਾਂ ਕੋ ਨੀ।

ਮੈਂ ਬਾਗ਼ ਨੂੰ ਟੁਰ ਜਾਂਨੀ ਆਂ ।

ਵਾੜੋਂ ਪਾਰ ਭਾ ਮਹਿੰਗਾ ਤੇ ਚਾਚਾ ਮਰਨਾ ਪਲਾਸਟਿਕ ਦੀਆਂ ਪੁੱਠੀਆਂ ਬਾਲਟੀਆਂ ਤੇ ਬੈਠੇ ਤਸਲਾ ਨਾਲ ਚਾਹ ਪਏ ਪੀਂਦੇ ਨੇਂ। ਅੱਜ ਕੰਮ ਦਾ ਅਖ਼ੀਰੀ ਦਿਹਾੜਾ ਏ, ਮਗਰੋਂ ਪਾਲਿਆਂ ਦੀਆਂ ਲੰਮੀਆਂ ਛੁੱਟੀਆਂ ।

"ਕਿਹੜਾ ਏ?" ਚਾਚਾ ਮਰਨਾ ਪੁੱਛਦਾ ਏ ।

"ਸੱਤ ਸ੍ਰੀ ਅਕਾਲ ਚਾਚਾ ਜੀ, ਭਾ ਜੀ" ਮੈਂ ਕੋਲ ਆਂਨੀ ਆਂ ।

"ਸੱਤ ਸ੍ਰੀ ਅਕਾਲ ਗੁੱਡੀ । ਕਿੱਥੇ ਸੀ ਸਾਰਾ ਸੀਜਨ?" ਚਾਚਾ ਮਰਨਾ ਪੁੱਛਦਾ ਏ।

"ਉਹੀ ਟੈਲੀ ਮਾਰਕੀਟਿੰਗ ਦੀ ਜਾਬ" ਮੈਂ ਔਖੀ ਹੁੰਦੀ ਆਹਨੀ ਆਂ । ਖ਼ੋਰੇ ਇਹ ਬਾਲ ਨਾ ਹੋਣ ਦਾ ਚੰਗ ਮੰਦ ਏ ਕਿ ਇੱਥੇ ਮੈਂ ਸੈਂਤੀ ਵਰ੍ਹਿਆਂ ਦੀ ਹੋ ਕੇ ਵੀ 'ਗੁੱਡੀ' ਅਖਵਾਨੀ ਆਂ ।

"ਦਫ਼ਤਰ ਵਿੱਚ ਕੰਮ ਕਰਦੀ ਆ ਸਵੇਰੇ ਤੇ ਸ਼ਾਮਾਂ ਨੂੰ ਸਕੂਲੇ ਪੜ੍ਹਦੀ ਆ" ਭਾ ਮਹਿੰਗਾ ਚਾਚੇ ਮਰਨੇ ਨੂੰ ਚੇਤੇ ਕਰੋਂਦਾ ਏ ।

ਮੈਂ ਇੱਧਰ ਉੱਧਰ ਵੇਹਨੀ ਆਂ ਕਿ ਸਾਰੇ ਕਿਹੜੇ ਪਾਸੇ ਲੱਗੇ ਹੋਏ ਨੇਂ ।

"ਤੂੰ ਮਨਜੀਤ ਲੱਭਦੀ ਆਂ?" ਭਾ ਮਹਿੰਗਾ ਆਹੰਦਾ ਏ "ਉਹ ਹੋਊਗੀ ਉਧਰ" ਉਹ ਦੱਖਣ ਵੱਲ ਸੈਂਤਰ ਕਰਦਾ ਏ ।

ਮੈਂ ਇਕ ਬਾਲਟੀ ਚਾ, ਉਧਰ ਟੁਰ ਪੈਂਨੀ ਆਂ ।

ਇਹ ਫ਼ਾਰਮ ਪੰਜਾਹ ਸੱਠ ਵਰ੍ਹੇ ਪੁਰਾਣਾ ਏ । ਬਲੂ ਬੇਰੀ ਦੇ ਮਧਰੇ ਰੁੱਖ ਵਧਦੇ ਖਿੱਲਰਦੇ ਇਕ ਦੂਜੇ ਦੀਆਂ ਲਗਰਾਂ ਛੋਂਦੇ, ਨੀਲੀਆਂ ਬੇਰੀਆਂ ਤੇ ਸਾਵੇ ਪੱਤਰਾਂ ਦੀ ਵੱਡੀ ਸਾਰੀ ਛਤਰੀ ਬਣਾਈ ਪਏ ਨੇਂ ।

ਰਹਿੰਦੀਆਂ ਬੇਰੀਆਂ ਤੋੜਦੀ, ਪੱਕੀਆਂ ਮੂੰਹ ਵਿਚ ਪਾਂਦੀ, ਮੈਂ ਕੱਚੀਆਂ ਤੇ ਸੜੀਆਂ ਭੋਏਂ ਤੇ ਸਿੱਟੀ ਆਂਨੀ ਆਂ । ਇਹ ਫਲ ਇੰਨਾ ਵੱਡਾ ਨਹੀਂ ਜਿੰਨਾ ਇਸ ਇਲਾਕੇ ਦੇ ਦੂਜੇ ਫ਼ਾਰਮਾਂ ਤੇ ਹੁੰਦਾ ਏ। ਇਕਬਾਲ ਭਾ ਵਾਂਗਰ ਕੈਮੀਕਲ ਖਾਣਾਂ ਪਸੰਦ ਨਹੀਂ ਕਰਦਾ ਤੇ ਆਵਦੀਆਂ ਬਣਾਣ ਦੀ ਜਾ, ਘੱਟ ਵਰਤਦਾ ਏ । ਭਾ ਹਾਰ ਈ ਉਹ ਵਾਹੀ ਬੀਜੀ ਦੇ ਕੁਦਰਤੀ ਤਰੀਕਿਆਂ ਵਲ ਨਹੀਂ ਗਿਆ ਜਿਵੇਂ ਕੁੱਝ ਗੋਰੇ ਕਰਦੇ ਨੇਂ । ਜੇ ਇਕਬਾਲ ਦਾ ਟੈਕਸੀ ਤੇ ਕੰਸਟਰਕਸ਼ਨ ਦਾ ਵਪਾਰ ਠੀਕ ਨਾ

ਚਲਦਾ ਹੁੰਦਾ ਤੇ ਉਹਨੇ ਪਿਛਲੇ ਵਰ੍ਹੇ ਇਕ ਘਰ ਨਾ ਵੇਚ ਦਿੱਤਾ ਹੁੰਦਾ ਤੇ ਅੱਜ ਉਹਨੂੰ ਫ਼ਾਰਮ ਵੇਚਣਾ ਪੈ ਜਾਣਾ ਸੀ।

ਮੈਂ ਹੁਣ ਪਿੰਡ ਦੀ ਹੱਟੀ ਆਲੇ ਚਾਚੇ ਮਰਨੇ ਵਾਂਗ ਕੁੱਬ ਕੱਢ ਤੇ ਧੌਣ ਨਿਵਾ ਕੇ ਟੁਰਨੀ ਪਈ ਆਂ । ਇਹ ਸੱਭ ਤੋਂ ਪੁਰਾਣੇ ਤੇ ਗੁੱਝੇ ਰੁੱਖ ਨੇਂ ਜਿਹੜੇ ਮਨਜੀਤ ਦੇ ਘਰ ਲਾਗੇ ਉਸ ਕਮਰੇ ਦੀ ਬਾਰੀ ਤੋੜੀ ਜਾਂਦੇ ਨੇਂ ਜਿਹਦੇ ਵਿੱਚ ਮੈਂ ਰਹਿੰਦੀ ਹੁੰਦੀ ਸਾਂ । ਮਨਜੀਤ ਦੇ ਘਰ ਦਾ ਵੇਹੜਾ ਇਕਬਾਲ ਦੇ ਘਰ ਦੇ ਵੇਹੜੇ ਮੂਹਰੇ ਏ। ਪਾਈਨ ਦੀ ਵਾੜ੍ਹ ਉਨ੍ਹਾਂ ਨੂੰ ਵੱਖ ਕਰਦੀ, ਸਪਰੂਸਾਂ ਦਾ ਇਕ ਝੁੰਡ ਟੱਪਦੀ, ਤੋੜ ਬਾਹਰਲੀ ਸੜਕ ਤਾਈਂ ਜਾਂਦੀ ਏ । ਇਸੇ ਝੁੰਡ ਤੋਂ ਇਕਬਾਲ ਮੈਨੂੰ ਸਵੇਰੇ ਕਿਆਰੀਆਂ ਬਣਾਂਦਾ, ਬੂਟਿਆਂ ਦੀ ਸੇਵਾ ਕਰਦਾ, ਸ਼ਾਮੀਂ ਆਵਦੇ ਯਾਰ ਕਮਾਲ ਕੈਮ ਤੇ ਚਾਚੇ ਮਹਿੰਗੇ ਨਾਲ ਬੈਠਾ, ਨਜ਼ਰੀਂਦਾ ਹੁੰਦਾ ਸੀ ।

ਪਿਛਲੇ ਵਰ੍ਹੇ ਤੋੜੀ ਮੇਰੀ ਸੁਰਤ ਸੀ ਬਈ ਇਕਬਾਲ ਮਨਜੀਤ ਦਾ ਭਤਰੀਜਾ ਏ। ਪਤਾ ਲੱਗਿਆ, ਦੋਨਾਂ ਵਿਚ ਕੋਈ ਸਾਕ ਨਹੀਂ । ਇਸ ਤੋਂ ਮੈਨੂੰ ਇਕਬਾਲ ਦੀ ਹੋਰ ਆਦਰ ਆਈ, ਮੈਂ ਡਿੱਠਾ ਏ ਕਿਵੇਂ ਏਨੇ ਵਰ੍ਹੇ ਉਹ ਮਨਜੀਤ ਤੇ ਉਹਦੇ ਟੱਬਰ ਦਾ ਖ਼ਿਆਲ ਕਰਦਾ ਰਿਹਾ ਏ । ਪਿੱਛੇ ਵੇਖਾਂ ਤੇ ਈਂ ਜਿਹੇ ਬੰਦੇ ਦੀ ਹੋਰ ਕਦਰ ਆਂਦੀ ਏ ।

ਜ਼ਨਾਨੀਆਂ ਦੀਆਂ ਵਾਜਾਂ ਆਣ ਲੱਗ ਪਈਆਂ ਨੇਂ ਪਰ ਹਾਲੀ ਕੋਈ ਨਜ਼ਰੀਂ ਨਹੀਂ ਪਈ। ਭਾਵੇਂ ਮੈਂ ਖਾਦੀ ਜਾਂਨੀ ਆਂ, ਵੱਲ ਵੀ ਮੇਰੀ ਬਾਲਟੀ ਵਿਚ ਕਿੰਨੀਆਂ ਸਾਰੀਆਂ ਬੇਰੀਆਂ ਕਠੀਆਂ ਹੋ ਗਈਆਂ ਨੇਂ ।

ਨਿਗਾਹ ਇਕ ਲੁਕੇ ਹੋਏ ਗੁੱਛੇ ਤੇ ਪੈਂਦੀ ਏ, ਇਸ ਫਲ ਦਾ ਅਚਰਜ ਨੀਲਾ ਰੰਗ ਡੁੱਬਦੇ ਸੰਝ ਦੀ ਲੋ ਵਿਚ ਸੁਨਹਿਰੀ ਭਾਹ ਮਾਰਦਾ ਪਿਆ ਏ । ਇਹਨੂੰ ਨਾ ਚਾਵਨਾ ਕੁਫ਼ਰ ਏ ਤੇ ਨਾ ਖਾਵਣਾ ਮੰਦ । ਮੈਂ ਤਲੀ ਨੂੰ ਗੁੱਛੇ ਤੇ ਰੱਖ, ਉਂਗਲਾਂ ਨਾਲ ਉਹਦਾ ਤੱਲ ਕਾਬੂ ਕਰ, ਪੁਲੀ ਜਿਹਾ ਉਘਾੜਨੀ ਆਂ, ਜਿਵੇਂ ਮਨਜੀਤ ਮੈਨੂੰ ਸਿਖਾਇਆ ਸੀ । ਗੁੱਛਾ ਟੱਪ ਕੇ ਹੱਥੀਂ ਆਂਦਾ ਏ, ਪੱਕਿਆ ਪਕਰੋਟ, ਉਹ ਟੁੱਟਣ ਦਾ ਚਾਹੀਵਾਨ ਸੀ।

"ਇਕਬਾਲ ਦਾ ਕਿਹੜਾ ਪਿੰਡ ਆ?" ਇਕ ਨਵੀਂ ਵਾਜ ਪੁੱਛਦੀ ਏ ।

"ਲੁਧਿਆਣੇ ਦੇ ਚੋਧਰੀਆਂ ਦਾ, ਬਹੱਤਰ ਵਿਚ ਸੱਰ੍ਹੀ ਆਇਆ ਸੀਗਾ" ਮਨਜੀਤ ਕਹਿੰਦੀ ਏ ।

"ਮੈਨੂੰ ਚੇਤੇ, ਅਠਾਰ੍ਹਾਂ ਉਨ੍ਹੀਆਂ ਵਰ੍ਹਿਆਂ ਦਾ ਬਾਲ, ਸਾਡੇ ਨਾਲ ਬੇਰੀਆਂ ਚੁਣਦਾ । ਫਿਰ ਉਸ ਲੈਸੰਸ ਲੈ ਲਿਆ ਤੇ ਬੂਟੇ ਸਿੰਘ ਨਾਲ ਟੈਕਸੀ ਵਾਹੁੰਦਾ" ਮਾਸੀ ਮੰਗਲ ਕਹਿੰਦੀ ਏ "ਜਿਉਂਦਾ ਰਹੇ ਮੈਨੂੰ ਹਰ ਸਨੀਚਰਵਾਰ ਕਲੀਨਿਕ ਲਿਜਾਂਦਾ ਪਰ ਕਿਰਾਇਆ ਨਾ ਲੈਂਦਾ 'ਨਾ ਮਾਸੀ ਮੇਰੇ ਕੋਲ ਬੜੇ ਡਾਲੇ' । ਗੁਰੂ ਤੇ ਵੇਹੰਦਾ ਸੀ, ਇਕ ਦੋ ਵਰ੍ਹੇ ਨਾ ਲੰਘੇ ਤੇ ਇਕਬਾਲ ਸਿੰਘ ਡਾਲਿਆਂ ਵਿਚ ਖੇਡਣ ਲੱਗ ਪਿਆ" ।

"ਮੈਂ ਹੱਸ ਕੇ ਉਹਨੂੰ ਧੀ ਦੇ ਦੇਵਾਂ" ਮਾਸੀ ਬਲਜੀਤ ਕਹਿੰਦੀ ਏ ।

"ਅੱਖ ਚੱਕ ਕੇ ਨਹੀਂ ਵੇਹੰਦਾ, ਹਯਾ ਆਲਾ ਜਵਾਨ ਆ" ਮਾਸੀ ਮੰਗਲ ਕਹਿੰਦੀ ਏ ।

"ਉਹ ਗੁੱਡੀ ਮੰਗਦਾ, ਗੁੱਡੀ ਹਾਂ ਨਹੀਂ ਕਰਦੀ" ਮਨਜੀਤ ਆਹੰਦੀ ਏ ।

ਮੈਂ ਕੋੜੀਜਨੀ ਵੀ ਆਂ ਤੇ ਖ਼ੁਸ਼ ਵੀ ਹੋਨੀ ਆਂ। ਮਨਜੀਤ ਸੱਚ ਆਹੰਦੀ ਏ, ਇਕਬਾਲ ਕਿਸੇ ਦੂਜੀ ਨੂੰ ਵੇਹੰਦਾ ਵੀ ਨਹੀਂ । ਮੈਨੂੰ ਆਵਦਾ ਆਪ ਇੰਜ ਨਵੇਕਲਾ ਲਗਦਾ ਏ ਜਿਵੇਂ ਮੇਰੀ ਤਲੀ ਤੇ ਪੱਕਿਆਂ ਬੇਰੀਆਂ ਦਾ ਇਹ ਰੱਸ ਭਰਿਆ ਗੁੱਛਾ ।

"ਇਹ ਮੁਸਲਿਆਂ ਦੀ ਧੀ ਆ ਕਿ ਕੰਜਰਾਂ ਦੀ? ਜਵਾਨ ਨਾਲ ਸੌਂਦੀ ਆ, ਵਿਆਹ ਨਹੀਂ ਕਰਦੀ । ਗੁਨਾਹਗਾਰ, ਕੰਜਰੀ" ।

ਮੈਂ ਸੁਨਲੀ ਆਂ, ਵੱਲ ਵੀ ਖਲੀ ਰਹਿੰਨੀ ਆਂ ।

ਮੇਰੇ ਹੱਥ ਵਿਚ ਪੀੜ ਏ । ਵੇਹਨੀ ਆਂ, ਗੁੱਦੇ ਦੀ ਭਰੀ ਮੁੱਠ ਵਿੱਚੋਂ ਜੰਮੂੰ ਰੰਗਾ ਜੂਸ ਟਪਕਦਾ ਪਿਆ ਏ । ਮੁੱਠ ਖੋਲਨੀ ਆਂ, ਹੱਥ ਨੇ ਫਲ ਦਾ ਇਕ ਰੱਜ ਸੋਹਣਾ ਗੁੱਛਾ ਫੇਂਹ ਕੇ ਆਪਣੇ ਤੇ ਲਬੇੜ ਲਿਆ ਏ । ਮੈਂ ਉਹਨੂੰ ਉਲਟਾ ਕੇ ਗੁੱਦਾ ਡੇਗਣ ਲੱਗ ਪੈਂਨੀ ਆਂ, ਦਾਗ਼ ਫਿਰ ਵੀ ਲੱਗੇ ਰਹਿ ਜਾਂਦੇ ਨੇਂ । ਦਿਲ ਆਹੰਦਾ ਏ ਇਹੋ ਨੀਲੇ ਜੰਮੂੰ ਜੂਸ ਭਰੇ ਹੱਥ ਆਵਦੇ ਮੂੰਹ, ਧੌਣ ਤੇ ਸੀਨੇ ਤੇ ਮਲ਼ ਲਵਾਂ ।

ਮੈਂ ਉਸੇ ਰੁੱਖ ਦੇ ਮੁੱਢ ਨਾਲ ਹੱਥ ਸਫ਼ਾ ਕਰਨੀ ਆਂ ਜਿਹਦਾ ਗੁੱਛਾ ਸੀ ।

ਆਵਦੀ 'ਗੁਨਾਹਗਾਰ ਕੰਜਰੀ ' ਆਲੀ ਛੱਬ ਮੈਂ ਪਹਿਲੀ ਵਾਰ ਨਹੀਂ ਡਿੱਠੀ। ਘਰ ਨੇੜੇ ਮਾਲ ਅੰਦਰ, ਗੁਰਦਵਾਰੇ ਤੇ ਮਸੀਤ ਬਾਹਰੋਂ, ਹਿਲਾਲ ਗੋਸ਼ਤ ਦੀ ਹੱਟੀ ਵਿਚ ਅਨਜਾਣੁਆਂ ਤੋਂ ਇਹ ਗੱਲਾਂ ਮੈਂ ਪਹਿਲੋਂ ਵੀ ਸੁਣੀਆਂ ਨੇਂ ਪਰ ਹੁਣ ਤਾਈਂ ਕਿਸੇ ਜਾਣੂ ਦੇ ਮੂੰਹੋਂ ਇਹ ਅੱਖਰ ਨਹੀਂ ਸਨ ਸੁਣੇ ।

ਮੈਂ ਮਾਸੀ ਮੰਗਲ ਨੂੰ ਉਨੇ ਚਿਰ ਤੋਂ ਜਾਨਣੀ ਆਂ ਜਿਨਾ ਚਿਰ ਇਕਬਾਲ, ਭਾ ਮਹਿੰਗਾ ਤੇ ਮਨਜੀਤ ਨੂੰ । ਨੌਂ ਦਸ ਵਰ੍ਹੇ । ਇੱਥੇ ਆਕੇ ਪਹਿਲੀਆਂ ਦੋ ਗਰਮੀਆਂ ਮੈਂ ਮਾਸੀ ਮੰਗਲ ਨਾਲ ਬੇਰੀਆਂ ਚੁਣਦੀ ਰਹੀ । ਮਨਜੀਤ ਤੇ ਮਾਸੀ ਮੰਗਲ ਗੂੜ੍ਹੀਆਂ ਸਹੇਲੀਆਂ ਨੇਂ, ਮਨਜੀਤ ਘਰੀਂ ਮਾਸੀ ਮੰਗਲ ਬਿਨਾਂ ਕੁੱਝ ਨਹੀਂ ਹੁੰਦਾ, ਇਸ ਲਈ ਮੈਂ ਮਗਰੋਂ ਵੀ ਉਹਨੂੰ ਮਿਲਦੀ ਰਹੀ । ਇਹ ਠੀਕ ਏ, ਮੈਨੂੰ ਉਹਦੇ ਹੁੰਦਿਆਂ ਬੇਗਮਾਨੀ ਜਿਹੀ ਲੱਗ ਜਾਂਦੀ ਏ ਪਰ ਮੇਰੀ ਖ਼ਿਆਲ ਉਡਾਰੀ ਵਿਚ ਵੀ ਨਹੀਂ ਸੀ ਕਿ ਇਹਦੇ ਭਾਣੇ ਮੈਂ ਈਂ ਜਿਹੀ ਭੈੜੀ ਆਂ ।

ਮੇਰਾ ਪਿੰਡਾ ਕਾਵੜ ਮਾਰਿਆਂ ਕੰਬਦਾ ਏ, ਮੈਂ ਲਗਰਾਂ ਫੜਨੀ ਆਂ, ਕੁਝ ਗਰਮੀ ਉਨ੍ਹਾਂ ਰਾਹੀਂ ਨਿਕਲ ਜਾਂਦੀ ਏ । ਮੁੜ ਮੈਂ ਉਹ ਆਇਤ ਚੇਤੇ ਕਰਨ ਦਾ ਚਾਰਾ ਕਰਨੀ ਆਂ ਜਿਹੜੀ ਮਾਂ ਜੀ ਸ਼ੈਤਾਨ ਨੂੰ ਪਰੇ ਕਰਨ ਲਈ ਦੱਸਦੇ ਸੀ, ਕੀ ਸੀ, ਹੁਣ ਚੇਤੇ ਨਹੀਂ ਪਿਆ ਆਂਦਾ ।

ਮੈਂ ਹੋਰ ਗੱਲਾਂ ਸੁਣਨ ਤੋਂ ਤ੍ਰਾਹੰਦੀ, ਲਗਰਾਂ ਹਲਾ ਹਲਾ, ਪੈਰ ਮਾਰ ਮਾਰ ਟੁਰਨਾ ਸ਼ੁਰੂ ਕਰ ਦੇਂਨੀ ਆਂ ।

ਜ਼ਨਾਨੀਆਂ ਨਜ਼ਰੀਂਦੀਆਂ ਨੇਂ ।

"ਸਤ ਸ੍ਰੀ ਅਕਾਲ" ਆਹੰਦਿਆਂ ਮੈਨੂੰ ਚੇਤੇ ਨਹੀਂ ਰਹਿੰਦਾ ਕਿ ਮੈਂ ਇੱਥੇ ਕਿਉਂ ਆਈ ਖਲੀ ਆਂ ।

"ਗੁੱਡੀ" ਮਨਜੀਤ ਹਮੇਸ਼ ਮੈਨੂੰ ਵੇਖ ਕੇ ਖਿੜ ਪੈਂਦੀ ਏ ।

"ਸਤ ਸ੍ਰੀ ਅਕਾਲ" ਮਾਸੀ ਮੰਗਲ ਕਹਿੰਦੀ ਏ "ਕੀ ਹਾਲ ਵਾ?"

"ਠੀਕ" ਮੈਂ ਕਹਿ ਕੇ ਮਨਜੀਤ ਵਲ ਮੁੜਨੀ ਆਂ "ਮਨਜੀਤ ਇਕ ਮਿੰਟ ਜ਼ਰੀ ਆਓਗੇ?"

"ਤੂੰ ਠੀਕ ਆਂ?" ਮਨਜੀਤ ਬਾਲਟੀ ਲੈ ਕੇ ਮੇਰੇ ਨਾਲ ਆਂਦੀ ਏ ।

ਅਸੀਂ ਘਰਾਂ ਵਲ ਟੁਰ ਪੈਂਨੇ ਆਂ ।

"ਲਾਹੌਰ ਗੱਲ ਹੋਈ?" ਮਨਜੀਤ ਪੁੱਛਦੀ ਏ ।

"ਜੀ" ।

"ਖ਼ੈਰ ਹੈਗੀ ਸੱਭ ਪਾਸੇ? ਤੂੰ ਕਿਉਂ ਨਿੱਕਾ ਜਿਹਾ ਮੂੰਹ ਕੱਢਿਆ ਹੋਇਆ? ਇਕਬਾਲ ਨਾਲ ਨਰਾਜ ਤਾਂ ਨਹੀਂ ਫਿਰਦੀ?"

"ਨਹੀਂ ਪਰ ਮਨਜੀਤ, ਮੈਨੂੰ ਛੇਤੀ ਕੁਝ ਕਰਨਾ ਪਏ ਗਾ" ।

"ਵਿਆਹ ਕਰ ਲਾ, ਬੁਆਏ ਗੁੱਡ ਆ" ।

"ਬੁਆਏ ਤਾਂ ਗੁੱਡ ਬਾ ਪਰ ...."

"ਤੂੰ ਡਰਦੀ ਕਿਉਂ ਐਂ? ਇਕਬਾਲ ਕਲਮਾ ਪੜ੍ਹ ਲਊ ਗਾ" ਮਨਜੀਤ ਘਰ ਦਾ ਬੂਹਾ ਖੋਲਦੀ ਏ ।

"ਇਹਤਸ਼ਾਮ ਮੁਸਲਮਾਨ ਸੀ, ਇਹ ਮਜ਼ਹਬ ਦਾ ਮਸਲਾ ਨਹੀਂ" ਮੈਂ ਅੰਦਰ ਖਾਣੇ ਦੀ ਮੇਜ਼ ਮੂਹਰੇ ਕੁਰਸੀ ਤੇ ਬਹਿ ਜਾਂਨੀ ਆਂ ।

"ਪੱਕੀ ਗਲ?" ਮਨਜੀਤ ਥਰਮੋਸ ਵਿੱਚੋਂ ਚਾਹ ਪਾ ਕੇ ਕੱਪ ਮੈਨੂੰ ਦੇ, ਕੁਰਸੀ ਤੇ ਬੈਠ, ਮੈਨੂੰ ਉਡੀਕਦੀ ਏ ।

ਮਨਜੀਤ ਨੇ ਪਹਿਲੋਂ ਕਦੀ ਇਸ ਮਸਲੇ ਤੇ ਮੈਥੋਂ ਜਵਾਬ ਨਹੀਂ ਸੀ ਮੰਗਿਆ। ਮੈਂ ਚਾਹ ਦਾ ਗਰਮ ਕੱਪ ਦੋਵੇਂ ਹੱਥਾਂ ਵਿਚ ਫੜ, ਉਠਦੀ ਭਾਫ਼ ਦਾ ਸਾਹ ਲੈਂਨੀ ਆਂ । ਚਾਹ ਦੁੱਧ ਤੇ ਲਾਇਚੀ ਦੀ ਵਾਸ਼ਨਾ ਅੰਦਰ ਜਾਂਦੀ ਏ ।

ਰੁੱਖਾਂ ਦੇ ਪੱਤੇ ਵਿਸਰਨ ਲੱਗ ਪਏ ਨੇਂ, ਦੂਰੋਂ ਲਿਸ਼ਕਦਾ ਮਾਊਂਟ ਬੇਕਰ ਉਠਦੀ ਧੁੰਦ ਵਿਚ ਡੁੱਬਣ ਆਲਾ ਏ ।

"ਮੇਰਾ ਟੱਬਰ ਮੈਥੋਂ ਰੁੱਸ ਜਾਵੇ ਗਾ" ਉਹਦਾ ਸਿਖ ਹੋਣਾ ਮਸਲਾ ਤੇ ਬਣਦਾ ਏ, ਮੈਂ ਰੋਣ ਪੈ ਜਾਂਨੀ ਆਂ ।

"ਉਹੋ ਰੋਨੀ ਕਿਉਂ ਆਂ, ਜੇ ਹੋਣਾ ਹੋਊ ਗਾ ਤੇ ਹੋ ਜਾਊ ਗਾ" ਮਨਜੀਤ ਆ ਮੈਨੂੰ ਜੱਫੀ ਪਾਂਦੀ ਏ ।

"ਮੈਂ ਉਹਨੂੰ ਛੱਡ ਵੀ ਨਹੀਂ ਸਕਦੀ" ਮੈਂ ਹੋਰ ਰੋਨੀ ਆਂ ।

"ਦਿਲ ਨੂੰ ਨਾ ਲਾ, ਇਹ ਪੀ" ਮਨਜੀਤ ਮੈਨੂੰ ਚਾਹ ਦਾ ਘੁੱਟ ਪਿਆਂਦੀ ਏ ।

"ਮਨਜੀਤ ਦੱਸੋ ਮੈਂ ਕੀ ਕਰਾਂ?" ਮੈਂ ਬੇ ਵਸੀ ਨਾਲ ਉਹਨੂੰ ਵੇਹਨੀ ਆਂ ।

"ਵੇਖ ਸਕੀਨਾ, ਤੈਨੂੰ ਕੋਈ ਖਾਣ ਨੂੰ ਨਹੀਂ ਦਿੰਦਾ, ਨਾ ਤੇਰੇ ਪੇਕੇ ਨਾ ਇਕਬਾਲ ਤੇ ਨਾ ਮੈਂ । ਤੂੰ ਜੋ ਦਿਲ ਵਿਚ ਆਏ ਉਹ ਕਰ , ਮੈਂ ਤੇਰੇ ਨਾਲ ਆਂ" ਉਹ ਕੰਬਲ ਖੋਲ, ਮੇਰੇ ਲਈ ਸੋਫ਼ੇ ਤੇ ਰੱਖਦੀ ਟੁਰ ਜਾਂਦੀ ਏ ।

ਮੇਰੀਆਂ ਅੱਖਾਂ ਵਿਚ ਹੋਰ ਹੰਝੂ ਆਂਦੇ ਨੇਂ, ਮੈਨੂੰ ਪਤਾ ਏ ਮਨਜੀਤ ਲਈ ਇਹ ਆਖਣਾ ਸੋਖਾ ਨਹੀਂ ਸੀ । ਮੈਨੂੰ ਇਹ ਵੀ ਪਤਾ ਏ, ਜੇ ਇਕਬਾਲ ਤੇ ਮੇਰੇ ਵਿਚਕਾਰ ਇਹਨੂੰ ਇਕ ਨੂੰ ਚੁਣਨਾ ਪਿਆ ਤੇ ਚਾਹਵੇਗੀ ਵੀ ਤੇ ਮਨਜੀਤ ਮੇਰਾ ਸਾਥ ਨਹੀਂ ਦੇ ਸਕੇਗੀ । ਇਸ ਤੋਂ ਮੈਨੂੰ ਸੱਧਰ ਆਂਦੀ ਏ ਕਿ ਅੱਜ ਭਾ ਤੇ ਭਰਜਾਈ ਮੇਰੇ ਨਾਲ ਹੁੰਦੇ । ਜੇ ਮੈਂ ਇਕਬਾਲ ਨਾਲ ਵਿਆਹ ਕਰ ਲਵਾਂ ਤੇ ਭਾ ਤੇ

ਭਰਜਾਈ ਕਿੰਨਾ ਕੁ ਮੇਰੇ ਨਾਲ ਹੋਣਗੇ? ਯਾਂ ਅਸਲੋਂ ਨਹੀਂ? ਸਾਨੂੰ ਅੱਡ ਕਰਨ ਦਾ ਕਾਰਨ ਹੋਵੇ ਗਾ ਗ਼ੈਬੀ ਅਕੀਦਾ, ਉਹਦੀਆਂ ਸੱਟਾਂ ਮੈਂ ਪਹਿਲੋਂ ਵੀ ਖਾਦੀ ਬੈਠੀ ਆਂ ।

ਸਵੇਰ ਦਾ ਵੇਲਾ ਸੀ, ਮੈਂ ਕਾਲਜ ਅੱਪੜ ਕੇ ਲਾਇਬਰੇਰੀ ਵਿਚ ਅਖ਼ਬਾਰ ਖੋਲਿਆ। ਪਹਿਲੇ ਸਫ਼ੇ ਦੀ ਖ਼ਬਰ ਸੀ ਕਿ ਸਾਡੀ ਕਾਲਜ ਦੀ ਹਾਕੀ ਟੀਮ ਬੈਨ ਹੋ ਗਈ ਏ ਕਿਉਂ ਜੇ ਹਾਕੀ ਖੇਡਦਿਆਂ ਜ਼ਨਾਨੀਆਂ ਫ਼ੁਹਸ਼ ਲਗਦੀਆਂ ਨੇਂ ਤੇ ਫ਼ਹਾਸ਼ੀ ਇਸਲਾਮ ਦੇ ਬਰ ਖ਼ਿਲਾਫ਼ ਏ। ਹੁਣ ਵੀ ਇਹ ਸੋਚ ਕੇ ਮੇਰਾ ਹਿਆ ਮੁੱਠ ਵਿਚ ਆ ਜਾਂਦਾ ਏ ਕਿ ਇਕ ਆਲਮੀ ਖੇਡ ਵਿਚ ਅੱਗੇ ਵਧਣ ਦੀ ਮੇਰੀ ਕੋਸ਼ਿਸ਼ ਉਨ੍ਹਾਂ ਭਾਣੇ ਫ਼ਹਾਸ਼ੀ ਸੀ।

ਕੁਰਆਨ ਦੀ ਸੂਰਤ 004.034 ਏ ਜਿਹੜੀ ਆਹੰਦੀ ਏ ਕਿ ਮਰਦ ਜ਼ਨਾਨੀਆਂ ਦੇ ਰਾਖੇ ਤੇ ਰੱਖਣ ਆਲੇ ਨੇਂ ਕਿਉਂ ਜੇ ਅੱਲਾਹ ਇਕ ਨੂੰ ਦੂਜੇ ਤੋਂ ਵੱਧ ਤਾਕਤ ਦਿੱਤੀ ਤੇ ਇਸ ਲਈ ਕਿ ਮਰਦ ਜ਼ਨਾਨੀਆਂ ਤੇ ਖ਼ਰਚਾ ਕਰਦੇ ਨੇਂ। ਮੋਮਿਨ ਜ਼ਨਾਨੀਆਂ ਉਹ ਨੇਂ ਜਿਹੜੀਆਂ ਖ਼ਾਵੰਦ ਦਾ ਆਖਾ ਮੰਨਣ ਤੇ ਉਹਦੀ ਗ਼ੈਰ ਮੌਜੂਦਗੀ ਵਿਚ 'ਉਹਦੀ' ਰਾਖੀ ਕਰਨ ਜਿਨਹਾ ਦੀ ਰਾਖੀ ਦਾ ਅੱਲਾਹ ਹੁਕਮ ਦਿੱਤਾ ਏ। ਉਹਨਾਂ ਜ਼ਨਾਨੀਆਂ ਬਾਰੇ ਜਿਹਨਾਂ ਤੋਂ ਮਰਦ ਨੂੰ ਬੇ ਵਫ਼ਾਈ ਯਾਂ ਬੇ ਰਾਹ ਰਵੀ ਦਾ ਡਰ ਏ, ਉਹਨਾਂ ਨੂੰ ਪਹਿਲੋਂ ਸਮਝਾਉ, ਮੁੜ ਉਨ੍ਹਾਂ ਨਾਲ ਸੋਣਾ ਛੱਡ ਦਿਓ, ਅਖ਼ੀਰ ਉਨ੍ਹਾਂ ਨੂੰ ਹੋਲੇ ਜਿਹਾ ਮਾਰੋ ਫਿਰ ਜੇ ਉਹ ਤਾਬੇਦਾਰੀ ਵਿਚ ਆ ਜਾਵਣ ਤੇ ਫਿਰ ਉਨ੍ਹਾਂ ਦੇ ਬਰਖ਼ਿਲਾਫ਼ ਕੁੱਝ ਨਾ ਕਰੋ।

ਕਿਸੇ ਵੀ ਬੋਲੀ ਵਿਚ ਤਰਜਮਾ ਕਰ ਲਵਾਂ, ਇਹ ਅੱਖਰ ਗਾਮੂ ਤੇ ਇਹਤਸ਼ਾਮ ਨੂੰ ਉਚਾ ਤੇ ਜੀਨੋ, ਮੈਨੂੰ ਤੇ ਨੂੰਰੋ ਨੂੰ ਨੀਵਾਂ ਕਰਦੇ ਨੇਂ। ਉਸ ਤੋਂ ਵੀ ਵੱਧ ਮਸਲਾ ਇਹ ਏ ਕਿ ਗਾਮੂ ਤੇ ਇਹਤਸ਼ਾਮ ਨੂੰ ਮੇਰੇ ਤੇ ਜੀਨੋ ਅਤੇ ਜਿਹੜੇ ਹੱਕ ਦਿੱਤੇ ਨੇਂ, ਉਹ ਜਿਵੇਂ ਗ਼ੈਬੋਂ ਆਏ ਨੇਂ। ਅਸੀਂ ਉੱਕਾ ਇਨਸਾਨ ਆਂ, ਇਨਸਾਨੀ ਹੱਕਾਂ ਦੀ ਗੱਲ ਕਰੀਏ ਤੇ ਅਗਲੇ ਗ਼ੈਬਾਂ ਦੀਆਂ ਸੁਣਾਂਦੇ ਨੇਂ।

ਗੱਲ ਉੱਕਾ ਇਹ ਨਹੀਂ, ਵਸੇਬ ਦਾ ਮਹੌਲ ਵੀ ਏ। ਸੱਤਰ ਵਿਚ ਭੁੱਟੋ ਦੇ ਵੇਲੇ ਤੋਂ ਲਾ ਅਸੱਈਆਂ ਵਿਚ ਜਨਰਲ ਜ਼ਿਆ ਦੇ ਵੇਲੇ ਤੋੜੀ ਮਾਹੌਲ ਬੜਾ ਸਾਰਾ ਬਦਲ ਗਿਆ ਸੀ। ਅਕਹੱਤਰ ਵਿਚ ਅਈਓ ਨੂੰ ਮਾਰਨ ਮਗਰੋਂ ਭਾਵੇਂ ਗਾਮੂ ਨੂੰ ਕਤਲ ਦੀ ਸਜ਼ਾ ਨਹੀਂ ਮਿਲੀ ਪਰ ਉਹਨੂੰ ਆਵਦੀ ਟੱਬਰੀ, ਘਰ ਬਾਰ, ਮੁਲਖ਼ ਛੱਡ ਛੁਡਾ ਕੇ ਜਾਣਾ ਪਿਆ। ਅੱਕਾਸੀ ਤਾਈਂ ਇਹ ਹਾਲ ਸੀ ਬਈ ਸੋਹਰਿਆਂ ਨੂੰਰੋ ਦੀ ਕੁੱਖ ਵਿਚ ਉਹਦੇ ਬਾਲ ਨੂੰ ਮਾਰ ਮਾਰ ਕੇ ਅੱਧ ਮਰਾ ਕਰ, ਵਲਾਵੇਂ ਮੰਜੀ ਤੇ ਪਾ, ਪੰਜ ਪਿੰਡਾਂ ਵਿੱਚੋਂ ਲੰਘਾਇਆ ਪਰ ਕਿਸੇ ਇਕ ਨੇ ਵੀ ਉਨ੍ਹਾਂ ਨੂੰ ਨਹੀਂ ਰੋਕਿਆ ਤੇ ਨਾ ਕੋਈ ਮੱਤ ਦਿੱਤੀ।

ਜਦ ਅਸੀਂ ਏਸ਼ੀਅਨ ਖੇਡਾਂ ਵਿਚ ਜ਼ਨਾਨੀਆਂ ਦੀ ਹਾਕੀ ਸ਼ਾਮਲ ਕਰਨ ਲਈ ਕੰਮ ਕਰਦੇ ਪਏ ਸਾਂ, ਕੁੱਝ ਸੀਆਸਤੀਆਂ ਦਾ ਆਖਾ ਸੀ ਬਈ ਹਦੂਦ ਆਰਡੀਨੈਂਸ ਇਸਲਾਮ ਦੇ ਨਾਂ ਤੇ ਨੇਂ ਪਰ ਇਸਲਾਮ ਦੇ ਮੁਤਾਬਿਕ ਨਹੀਂ। ਉਸ ਵੇਲੇ ਮੈਂ ਬਿਨਾਂ ਸ਼ੱਕ ਇਹ ਗੱਲ ਸੱਚ ਮਨੀ। ਹੁਣ ਪੱਕ ਕੁ ਨੀ। ਜਾਪਦਾ ਏ, ਗ਼ੈਬੀ ਅਕੀਦਿਆਂ ਈ ਸਾਨੂੰ ਵਖ ਕੀਤਾ ਤੇ ਇਨ੍ਹਾਂ ਪਾਰੋਂ ਈ ਦੁਨੀਆ ਵਿੱਚ ਲੋਕਾਂ ਸੱਭ ਤੋਂ ਵੱਧ ਜੰਗਾਂ ਲੜੀਆਂ ਤੇ ਖ਼ੂਨ ਖ਼ਰਾਬੇ ਕੀਤੇ ਨੇਂ।

ਮੈਂ ਸ਼ਾਂਤ ਹੋਵਾਂ ਜੇ ਕੈਨੇਡਾ ਦੇ ਉਨ੍ਹਾਂ 3.4 ਮਿਲੀਅਨ ਲੋਕਾਂ ਵਿਚ ਇਕ ਨੰਬਰ ਦਾ ਵਾਧਾ ਕਰਾਂ ਜਿਹੜੇ ਅਕਾਨਵੇ ਦੀ ਮਰਦਮ ਸ਼ੁਮਾਰੀ ਵਿਚ ਕਿਸੇ ਗ਼ੈਬੀ ਅਕੀਦੇ ਨੂੰ ਨਹੀਂ ਸਨ ਮੰਦੇ।

ਉਸੇ ਵਰ੍ਹੇ ਟੋਰੰਟੋ ਵਿਚ ਜੋਈਨੀ ਮੈਨੂੰ ਆਖਿਆ ਸੀ ਬਈ ਆਵਦੇ ਦਬਾ ਨੂੰ ਗ਼ੁਲਾਮਾਂ ਦੇ ਦਬਾ ਨਾਲ ਨਾ ਰਲਾਵਾਂ। ਉਸ ਵੇਲੇ ਤਾਂ ਨਹੀਂ ਪਰ ਹੁਣ ਮੈਨੂੰ ਪਤਾ ਏ ਕਿ ਕਿਸੇ ਹੋਰ ਦਾ ਦਬਾ ਸਮਝਣ ਤੋਂ ਪਹਿਲੋਂ ਮੈਨੂੰ ਆਵਦੇ ਦਬਾ ਨੂੰ ਵੇਖਣ ਦੀ ਲੋੜ ਸੀ।

ਕੈਨੇਡਾ ਵਿਚ ਕੁੱਝ ਲੋਕੀ ਮੈਨੂੰ ਜ਼ਨਾਨੀ ਹੋਣ ਪਾਰੋਂ ਘੱਟ ਸਮਝਦੇ ਨੇਂ, ਕੁੱਝ ਮੇਰੇ ਰੰਗ, ਨਸਲ ਯਾਂ ਮਜ਼ਹਬ ਪਾਰੋਂ। ਇਥਾਂ ਵੀ ਮਾਹੌਲ ਇਹਤਸ਼ਾਮ ਦੇ ਹੱਕ ਵਿਚ ਮੈਨੂੰ ਜਕੜਿਆ ਜਿਵੇਂ ਪਾਕਿਸਤਾਨ ਵਿੱਚ ਜਕੜੇ ਹਾ, ਉੱਕਾ ਕਾਰਨ ਵੱਖ ਨੇਂ।

ਹੁਣ ਮੈਂ ਬੱਤੀ ਹਜ਼ਾਰ ਡਾਲਰ ਦਾ ਕਰਜ਼ਾ ਲੈ ਕੇ ਲੀਗਲ ਸੈਕਰੇਟਰੀ ਦਾ ਕੋਰਸ ਕਰਨੀ ਪਈ ਆਂ ਪਰ ਮੈਨੂੰ ਪਤਾ ਏ, ਮੈਂ 'ਵੱਡੀ ਖ਼ੁਸ਼ ਨਸੀਬ ਹੋਵਾਂਗੀ ਜਿਵੇਂ ਮਾਂ ਜੀ ਆਂਹਦੇ ਸਨ, ਜੇ ਮੈਨੂੰ ਵਕੀਲਾਂ ਦੀ ਕਿਸੇ ਸੋਖੀ ਫ਼ਰਮ ਵਿਚ ਨੌਕਰੀ ਮਿਲ ਗਈ। ਜਾਪਦਾ ਏ ਮੈਨੂੰ ਮੁੜ 'ਆਪਣੇ' ਵਕੀਲਾਂ ਦੀ ਕੋਈ ਨਿੱਕੀ ਜਿਹੀ ਫ਼ਰਮ ਲੱਭਣੀ ਪੈਗੀ  ਜਿੱਥੇ ਮੇਰੀ ਨੌਕਰੀ ਓਨੀ ਈ ਚੰਗੀ ਤੇ ਲੰਮੀ ਹੋਵੇਗੀ ਜਿਨੀ ਸੱਗ੍ਰੀ ਵਿਚ ਕਿਸੇ ਵਕੀਲ ਦੀ ਪ੍ਰੈਕਟਿਸ। ਹੋ ਸਕਦਾ ਏ ਉਹ ਮੇਰੀ ਤਰੀਜੀ ਕਿਦਰੇ ਨਾ ਅਪੜਾਨ ਆਲੀ ਨੌਕਰੀ ਹੋਵੇ।

ਦੋ ਵਰ੍ਹੇ ਬੇਰੀਆਂ ਚੁਣਨ ਮਗਰੋਂ ਮੈਂ ਆਵਦੇ ਆਪ ਨੂੰ ਤਰੱਕੀ ਦਿੱਤੀ ਤੇ ਟੈਲੀ ਮਾਰਕੀਟਿੰਗ ਦਾ ਕੰਮ ਫੜ ਲਿਆ। ਬੇਰੀਆਂ ਵਾਂਗ ਟੈਲੀ ਮਾਰਕੀਟਿੰਗ ਦੇ ਕੰਮ ਵਿਚ ਵੀ ਕੋਈ ਵਾਧਾ ਯਾਂ ਪੱਕ ਨਹੀਂ। ਵੱਲ ਵੀ ਮੈਂ ਖ਼ੁਸ਼ ਆਂ ਬਈ ਮੈਂ ਆਵਦੇ ਲਈ ਪੈਸੇ ਬਣਾਏ ਤੇ ਇਹ ਸਾਰੀਆਂ ਚੀਜਾਂ ਕੱਠੀਆਂ ਕੀਤੀਆਂ।

ਰੰਜ ਇੱਕੋ ਸ਼ੈਅ ਦਾ ਏ, ਮੈਂ ਦੂਜਿਆਂ ਦੀਆਂ ਉਸਾਰੀਆਂ ਕੰਧਾਂ ਟਪ ਤੇ ਗਈ ਪਰ ਗਿਲਟ ਤੇ ਕਨਫ਼ਿਉਜ਼ਨ ਦੇ ਭਾਰਾਂ ਹੇਠ ਨੱਪੀ ਗਈ। ਸੋਚਣੀ ਆਂ, ਜੇ ਬਿਨਾਂ ਭਾਰਾਂ ਦੇ ਕੰਧਾਂ ਟੱਪਦੀ ਤੇ ਮੇਰੇ ਵਿਚ ਕਿੰਨਾ ਵਾਧਾ ਹੋਵੇ ਆ।

ਸ਼ਾਮਾਂ ਪੈ ਗਈਆਂ ਨੇਂ ਪਰ ਮਾਸੀ ਮੰਗਲ ਦੇ ਡਰ ਤੋਂ ਮੇਰੀਆਂ ਅੱਖਾਂ ਬੰਦ ਹੁੰਦੀਆਂ ਜਾਂਦੀਆਂ ਨੇਂ। ਇਹ ਅਸਲੋਂ ਮਾਸੀ ਮੰਗਲ ਦਾ ਡੱਰ ਨਹੀਂ, ਮਨਜੀਤ ਤੇ ਭਾ ਮਹਿੰਗਾ ਦਾ ਵੀ ਏ। ਹਰ ਕਿਸੇ ਦਾ ਡੱਰ ।

ਹਰ ਕਿਸੇ ਦਾ ?

ਜੋਈਨੀ ਤੇ ਮੈਗੀ ਬਾਝ ਹਰ ਕਿਸੇ ਦਾ ਜਿਹਨੂੰ ਮੈਂ ਜਾਣਦੀ ਆਂ, ਯਾਂ ਆਖਾਂ, ਹੁਣ ਇੱਥੇ ਜਾਣਦੀ ਆਂ। ਦਮਾਕ ਵਿਚ 'ਰਫ਼ੋ' ਲਿਆਣ ਲਈ ਕਈ ਪਲ ਲੱਗ ਜਾਂਦੇ ਨੇਂ, ਮੈਂ ਰਫ਼ੋ ਤੇ ਮਿਜਾਜ਼ ਨੂੰ ਵੀ ਜਾਣਦੀ ਆਂ। ਮੈਨੂੰ ਖ਼ਬਰ ਏ, ਉਹ ਅਸੱਈਆਂ ਦੇ ਅਖ਼ੀਰ ਵਿਚ ਇੰਗਲੈਂਡ ਆ ਗਏ ਸਨ ਤੇ ਹੁਣ ਲੰਦਨ ਵਿਚ ਰਹਿੰਦੇ ਨੇਂ ਪਰ ਇਹ ਪਤਾ ਨਹੀਂ ਕਿ ਕੀ ਕਰਦੇ ਨੇਂ, ਉਨ੍ਹਾਂ ਦੇ ਬਾਲ ਹੋਏ ਕਿ ਨਹੀਂ।

ਯਾਸ ਦੀ ਇਕ ਲਹਿਰ ਮੈਨੂੰ ਵਲੇਟ ਲੈਂਦੀ ਏ, ਮੈਂ ਆਵਦੀ ਪਸੰਦ ਦੇ ਲੋਕਾਂ ਕੋਲੋਂ ਕਦੋਂ ਦੀ ਵਿੱਸਰ ਬੈਠੀ ਆਂ। ਮੈਨੂੰ ਪੱਕ ਏ, ਜੋਈਨੀ ਤੇ ਮੈਗੀ ਹਾਰ ਰਫ਼ੋ ਤੇ ਮਿਜਾਜ਼ ਨੂੰ ਮੇਰੇ ਕਿਸੇ ਸਿੱਖ ਨਾਲ ਸਾਂਗੇ ਤੇ, ਮੇਰੀ ਤਲਾਕ ਯਾਂ ਬਾਲ ਨਾ ਹੋਣ ਤੇ ਕੋਈ ਮਸਲਾ ਨਹੀਂ ਸੀ ਹੋਣਾ। ਖ਼ੋਰੇ ਮਾਸੀ ਤੇ ਸਾਈਂ ਜੀ ਨੂੰ ਵੀ ਨਾ ਹੋਵੇ ਆ। ਇਨ੍ਹਾਂ ਵਿੱਚੋਂ ਕਿਸੇ ਵੀ ਬੇਰੀਆਂ ਚੁਗਣ ਯਾਂ ਫ਼ੋਨਾਂ ਦੇ ਕੰਮ ਨੂੰ ਵੀ ਨੀਚ ਨਹੀਂ ਸੀ ਜਾਣਨਾ।

ਇਸ ਵੇਲੇ, ਆਲੇ ਵਦਾਲੇ, ਮੇਰੇ ਲੋਕੀ ਮੈਥੋਂ ਵੱਖ ਸੋਚਦੇ ਨੇਂ ਤੇ ਮੇਰੇ ਬਾਰੇ ਉਨ੍ਹਾਂ ਦੇ ਫ਼ੈਸਲੇ ਬੇ ਸੁਰਤ ਤੇ ਕਾਵੜ ਗਿੱਧੇ ਨੇਂ। ਪਰ ਇਹ ਵੀ ਤੇ ਮੇਰੇ ਈ ਲੋਕੀ ਨੇਂ ਤੇ ਮੁੜ ਮੈਂ ਇਨ੍ਹਾਂ ਦਾ ਆਖਾ ਕਿਉਂ ਨਹੀਂ ਕਰਦੀ?

ਜਵਾਬਾਂ ਬੁੜੀ, ਮੈਂ ਮੂੰਹ ਤੇ ਠੰਢੇ ਪਾਣੀ ਦੇ ਛੱਟੇ ਮਾਰ, ਮਨਜੀਤ ਦੇ ਵੇੜ੍ਹੇ ਨਿਕਲ ਜਾਨੀ ਆਂ।

ਰਾਤ ਠੰਡੀ ਏ, ਸਪਰੂਸ ਦੇ ਰੁੱਖਾਂ ਤੇ ਚਾਨਣੀ ਲੱਥੀ ਪਈ ਏ ਪਰ ਚੰਨ ਨਹੀਂ ਨਜ਼ਰੀਂਦਾ। ਇਕਬਾਲ ਦੇ ਵੇੜ੍ਹੇ ਲੱਗੀਆਂ ਬੱਤੀਆਂ ਪਾਈਨ ਦੇ ਪੱਤਿਆਂ ਦੀ ਕੰਧ ਵਿੱਚੋਂ ਵਾਅ ਨਾਲ ਵਗੀਆਂ ਆਂਦੀਆਂ ਨੇਂ, ਨਾਲ ਵਾਜਾਂ ਦੀ ਹੋਲੀ ਕਿਣ ਮਿਣ ਏ।

ਗੱਲਾਂ ਸੁਣਨ ਤੋਂ ਤਰਾਹਨਦੀ, ਮੈਂ ਭੋਏਂ ਤੇ ਪੈਰ ਸੁੱਟ ਸੁੱਟ ਕੇ ਟੁਰਨ ਲੱਗ ਪੈਣੀ ਆਂ । ਮਾਂਜੀ ਵੇਹੰਦੇ ਤੇ ਆਂਹਦੇ, ਮੈਂ ਖੋਤਿਆਂ ਹਾਰ ਟੁਰਨੀ ਪਈ ਆਂ। ਪਰ ਹੁਣ ਮੈਨੂੰ ਸੂਰਤ ਏ ਕਿ ਦੂਜੇ ਲੋਕਾਂ ਦੀਆਂ ਗੱਲਾਂ ਸੁਣਨ ਬਾਰੇ ਮਾਂਜੀ ਦਾ ਆਖਾ ਠੀਕ ਸੀ, ਮੈਨੂੰ ਕੋਈ ਇੰਜੀਹੀ ਗੱਲ ਸੁਣਨ ਦੀ ਲੋੜ ਨਹੀਂ ਜਿਹੜੀ ਮੇਰੇ ਲਈ ਨਾ ਆਖੀ ਗਈ ਹੋਵੇ। ਪੱਕ ਏ, ਉਹ ਹਾਂ ਤੇ ਇਕ ਹੋਰ ਫੱਟ ਲਾਵੇਗੀ।

ਉਕਾਂ ਮਰਦਾਨੀਆਂ ਵਾਜਾਂ ਆਂਦਿਆਂ ਨੇਂ, ਇਸ ਤੋਂ ਆਸ ਏ ਬਈ ਮਾਸੀ ਮੰਗਲ ਹਾਲੀ ਨਹੀਂ ਆਈ ਯਾਂ ਆ ਕੇ ਮੁੜ ਗਈ ਏ।

ਵਾੜ੍ਹ ਪਾਰ ਕਰਨੀ ਆਂ, ਇਕਬਾਲ ਦੇ ਵੇੜ੍ਹੇ ਲੱਗੀਆਂ ਚਿੱਟੀਆਂ ਸਾਵੀਆਂ ਮਿਰਚਾਂ ਬੂਟਿਆਂ ਤੇ ਚਮਕਦੀਆਂ ਪਈਆਂ ਨੇਂ। ਵਿਚੋ ਵਿਚ ਦੋਵੇਂ ਘਰਾਂ ਦੀਆਂ ਸਾਰੀਆਂ ਮੇਜ਼ਾਂ ਕੁਰਸੀਆਂ ਨੇਂ। ਖ਼ਾਲੀ ਗਲਾਸ, ਕੋਕ ਪੈਪਸੀ ਦੇ ਕੈਨ ਤੇ ਸੰਨੀ ਡੀਲਾਇਟ ਦੇ ਜੱਗ । ਪਕੌੜੇ, ਸਮੋਸੇ, ਮਿਠਾਈਆਂ, ਫਲ, ਡੂਨਟ, ਸਲਾਦ ਤੇ ਪਿਤਜ਼ਾ।

ਇਕਬਾਲ ਲੱਕੜ ਦੀ ਰਮਾਨ ਕੁਰਸੀ ਤੇ ਬੈਠਾ ਏ, ਨਾਲ ਉਹਦਾ ਯਾਰ ਕਮਾਲ ਅਹਿਮਦ ਕੈਮ ਤੇ ਭਾ ਮਹਿੰਗਾ ਨੇਂ। ਜਾਪਦਾ ਏ ਅਸੀਂ ਸਾਰੇ ਜਿਨਹਾਂ ਬਾਗ਼ ਦੀ ਸੇਵਾ ਨਹੀਂ ਸੀ ਕਰਨੀ, ਪਾਰਟੀ ਛੋ ਲਈ ਏ।

"ਬੋਲਣ ਆਲਾ ਤੋਤਾ ਇਕ ਹਜ਼ਾਰ ਰੁਪਈਏ ਵਿਚ ਮਿਲੂਗਾ" ਇਕਬਾਲ ਦੀ ਨਸ਼ੀਲੀ ਵਾਜ ਆਂਦੀ ਏ।

ਮੁਸਕਾਨ ਮੇਰੇ ਮੂੰਹ ਤੇ ਖਿੱਲਰ ਜਾਂਦੀ ਏ। ਮਨਜੀਤ ਮੈਨੂੰ ਦੱਸਿਆ ਸੀ ਕਿਵੇਂ ਇਕਬਾਲ ਪਹਿਲੋਂ ਬਹੁਤੀ ਸ਼ਰਾਬ ਪੀਂਦਾ ਸੀ ਪਰ ਫਿਰ ਗੁਰੂ ਉਹਨੂੰ ਹਿੰਮਤ ਦਿੱਤੀ ਤੇ ਉਸ ਸ਼ਰਾਬ ਛੱਡ ਦਿੱਤੀ ਤੇ ਸਿਰਗਟ ਵੀ । ਹੁਣ ਵਰ੍ਹੇ ਵਿਚ ਉੱਕਾ ਇਕ ਦੋ ਵਾਰੀ ਪੀਂਦਾ ਏ। ਨਸ਼ੇ ਵਿੱਚ ਇਕਬਾਲ ਦੀ ਕੋਮਲ ਛੱਬ ਨਿਕਲ ਆਂਦੀ ਏ, ਉਹ ਹੱਸਦਾ, ਰੋਂਦਾ ਤੇ ਸੂਮ ਪਾਉਂਦਾ ਏ।

"ਹਜ਼ਾਰ ਰੋਪੀਏ? ਕਿੰਨੇ ਭੈਣ ਚੋਦ ਡਾਲੇ?" ਕੈਮ ਦੀ ਜੀਭ ਅੱਖਰਾਂ ਤੋਂ ਤਿਲਕ ਤਿਲਕ ਜਾਂਦੀ ਏ, ਜਾਪਦਾ ਏ ਉਸ ਵ੍ਹਿਸਕੀ ਦੀ ਬੋਤਲ ਵਿੱਚੋਂ ਕੁਝ ਘੁੱਟ ਲਾਏ ਨੇਂ।

"ਵੀਹ" ਇਕਬਾਲ ਆਹੰਦਾ ਏ।

ਉਹਦੀ ਘੱਟ ਅੱਖਰੀ ਤੋਂ ਲਗਦਾ ਏ, ਘੁੱਟ ਲਾਵਣ ਵਿਚ ਕੈਮ ਕੱਲਾ ਨਹੀਂ ਸੀ।

"ਇਕ ਬੋਤਲ ਭੈਣ ਚੋਦ ਵ੍ਹਿਸਕੀ ਜੋਗੇ?" ਕੈਮ ਆਹੰਦਾ ਏ।

"ਕੋਕਨੀ ਦੇ ਚੱਵੀ ਕੈਨ" ਭਾ ਮਹਿੰਗਾ ਮੇਜ਼ ਤੇ ਘਸੁੱਨ ਮਾਰ ਕੇ ਬੀਅਰ ਲਈ ਆਵਦੀ ਪਸੰਦ ਦੱਸਦਾ ਏ।

ਮੈਨੂੰ ਪੱਕ ਏ, ਭਾ ਮਹਿੰਗੇ ਵੀ ਬੀਅਰ ਦਾ ਕੈਨ ਖੋਲਣ ਤੋਂ ਪਹਿਲੋਂ ਵ੍ਹਿਸਕੀ ਦੀ ਬੋਤਲ ਨੂੰ ਮੂੰਹ ਲਾਇਆ ਏ। ਮੈਂ ਉਹ ਬੋਤਲ ਵੇਖਣਾ ਮੰਗਣੀ ਆਂ ਕਿਉਂ ਜੇ ਇਨ੍ਹਾਂ ਤਰੈ ਜਵਾਨਾਂ ਇਕ ਵਾਰੀ ਸਪਰੂਸਾਂ ਦੇ ਇਸੇ ਝੁੰਡ ਥੱਲੇ ਖੜ, ਰਾਈ ਵ੍ਹਿਸਕੀ ਦੀ ਇਕ ਵੱਡੀ ਬੋਤਲ ਜ਼ਿਦੋਬਜ਼ਿਦੀ ਦਸ ਪੰਦਰਾ ਮਿੰਟਾਂ ਵਿਚ ਮੁਕਾ ਦਿਤੀ ਸੀ । ਉਹ ਇਕ ਪਾਰਟੀ ਦਾ ਅਖ਼ੀਰ ਸੀ ਤੇ ਸਫ਼ਾਈ ਕਰਦਿਆਂ ਇਨ੍ਹਾਂ ਨੂੰ ਬੰਦ ਬੋਤਲ ਲੱਭ ਗਈ। ਕੁਝ ਚਿਰ ਮਗਰੋਂ ਮੈਂ ਤੇ ਮਨਜੀਤ ਇਨ੍ਹਾਂ ਤਿੰਨਾਂ ਨੂੰ ਧਰੂ ਕੇ ਲਿਵਿੰਗ ਰੂਮ ਦੇ ਫ਼ਰਸ਼ ਤੇ ਲਿਆਏ ਜਿੱਥੇ ਇਹ ਅਗਲੇ ਚੱਵੀ ਘੰਟੇ ਸੁੱਤੇ ਰਹੇ।

ਇਕਬਾਲ ਮੈਨੂੰ ਰੁੱਖਾਂ ਥੱਲੇ ਵੇਖ ਲੈਂਦਾ ਏ, ਉਹਦਾ ਮੁੱਖ ਖ਼ੁਸ਼ੀ ਨਾਲ ਇੰਝ ਖਿੜਦਾ ਏ ਕਿ ਮੈਨੂੰ ਅੰਮਾਂ ਜੀਵਾਂ ਚੇਤੇ ਆ ਜਾਂਦੀ ਏ।

ਅੰਮਾਂ ਜੀਵਾਂ ਮਾਂਜੀ ਦੇ ਜਾਣ ਦੇ ਕੁਝ ਹਫ਼ਤਿਆਂ ਮਗਰੋਂ ਮਰ ਗਈ ਸੀ ਤੇ ਇੰਝ ਉਹਦੀ ਮੌਤ ਮਾਂਜੀ ਦੇ ਕੁਲਾਂ ਤੇ ਹੋਈ।

"ਕੋਕਨੀ? ਅਸਲੋਂ ਪੰਜ ਫ਼ੀਸਦ ਭੈਣ ਚੋਦ ਅਲਕੋਹਲ? ਚਾਚਾਜੀ, ਤੁਹਾਡਾ ਭੈਣ ਚੋਦ ਦਮਾਕ ਠੀਕ ਏ?" ਕੈਮ ਭਾ ਮਹਿੰਗੇ ਨੂੰ ਪੁੱਛਦਾ ਏ।

"ਓ ਬਸ ਕਰ" ਇਕਬਾਲ ਮੇਰੇ ਪਾਸੇ ਸੈਨਤਰ ਕਰਦਾ ਏ।

"ਮਾਫ਼ ਕਰਨਾ ਬਾਜੀ" ਕੈਮ ਠਕ ਕਰਕੇ ਖਲੋ ਜਾਂਦਾ ਏ ਤੇ ਤਾਬੇਦਾਰੀ ਨਾਲ ਮੁਸਕਾਦਾ ਏ।

ਕੈਮ ਇਹ ਐਕਸ਼ਨ ਉਨ੍ਹਾਂ ਸਾਰੀਆਂ ਜ਼ਨਾਨੀਆਂ ਲਈ ਕਰਦਾ ਏ ਜਿਨਹਾਂ ਨੂੰ ਉਹ ਭੈਣਾਂ ਭਰਜਾਈਆਂ ਸਮਝਦਾ ਏ।

"ਬਿੱਲੀ ਕੋਲ ਵੀ ਤੋਤੀ ਸੀਗੀ" ਇਕਬਾਲ ਪਕੋੜਾ ਮੂੰਹ ਵਿਚ ਪਾਂਦਾ ਏ "ਸਾਵੀ ਤੇ ਲਾਲ ਗਲਮਾ"।

"ਹਰ ਭੈਣ ਚੋਦ, ਮਾਫ਼ ਕਰਨਾ ਬਾਜੀ, ਤੋਤਾ ਸਾਵਾ ਤੇ ਲਾਲ ਗਲਮੇ ਆਲਾ ਹੁੰਦਾ ਏ" ਕੈਮ ਆਹੰਦਾ ਏ।

"ਅਫ਼ਰੀਕੀ ਤੋਤਿਆਂ ਬਾਝ" ਇਕਬਾਲ ਆਹੰਦਾ ਏ।

"ਪਰ ਉਹ ਭੈਣ ਚੋਦ, ਮਾਫ਼ ਕਰਨਾ ਬਾਜੀ, ਬੋਲ ਤੇ ਨਹੀਂ ਸਕਦੇ?"

"ਨਾ, ਸਾਵੇ ਬੋਲਦੇ ਆ ਜੇ ਸਖਾਉ ਤਾਂ"।

"ਉਨ੍ਹਾਂ ਨੂੰ ਭੈਣ ਚੋਦ, ਮਾਫ਼ ਕਰਨਾ ਬਾਜੀ, ਬੋਲਣਾ ਕੋਣ ਸਿਖਾਵੇ ਗਾ?"

"ਤੋਤੇ ਸੁਣ ਸੁਣ ਕੇ ਸਿੱਖਦੇ ਆ"।

"ਕੀ ? ਫਿਰ ਮੈਨੂੰ ਭੈਣ ਚੋਦ, ਮਾਫ਼ ਕਰਨਾ ਬਾਜੀ, ਇਕ ਟੇਪ ਰਿਕਾਰਡਰ ਵੀ ਲੈਣਾ ਪਏ ਗਾ। ਇਕ ਹੋਰ ਭੈਣ ਚੋਦ, ਮਾਫ਼ ਕਰਨਾ ਬਾਜੀ, ਖ਼ਰਚਾ?"

ਦਿਲ ਕਰਦਾ ਏ ਮਨਜੀਤ ਦੇ ਘਰ ਨੂੰ ਮੁੜ ਜਾਵਾਂ। ਕੈਮ ਹਰ ਵਾਰੀ ਜਦ ਗਾਲ ਕੱਢਦਾ ਏ, ਜਿਹੜੀ ਉਹ ਹਰ ਗੱਲ ਤੇ ਕੱਢਦਾ ਏ, ਤੇ ਮੈਥੋਂ ਮੁਆਫ਼ੀ ਮੰਗਦਾ ਏ। ਹਰ ਵਾਰੀ ਜਦ ਉਹ 'ਮਾਫ਼ ਕਰਨਾ ਬਾਜੀ' ਆਹੰਦਾ ਏ ਤੇ ਮੁੜ ਕੇ ਮੈਨੂੰ ਵਿਹੰਦਾ ਏ, ਮੈਂ ਸਿਰ ਹਲਾ ਕੇ ਮੁਆਫ਼ੀ ਦੇਣੀ ਆਂ ਤੇ ਵੱਲ ਉਹ ਰਹਿੰਦੀ ਗੱਲ ਕਰਦਾ ਏ। ਦੋ ਤਿਨ ਜੁਮਲਿਆਂ ਤੋਂ ਵੱਧ ਇਹ ਮੈਂ ਨਹੀਂ ਸਹਾਰ ਸਕਦੀ।

"ਦਾਣ੍ਹਾ ਵੀ ਲੈਣਾ ਪਊ ਗਾ। ਬੱਲੀ ਤੇ ਤੋਤੀ ਨੂੰ ਸਟੋਰ ਵਿਚ ਬੰਦ ਕਰ ਕੇ ਫਲਾਂ ਦੇ ਟੋਟੇ ਤੇ ਬੇਰ ਦਿੰਦੀ ਸੀਗੀ" ਇਕਬਾਲ ਹੱਸਦਾ ਏ।

ਇਹ ਮੇਰੀ ਗੱਲ ਤੇ ਨਹੀਂ? ਮੇਰੀ ਤੋਤੀ?

ਇਹਨੂੰ ਕਿਵੇਂ ਪਤਾ ਏ? ਮੈਨੂੰ ਤੇ ਆਵਦੀ ਤੋਤੀ ਚੇਤੇ ਵੀ ਨਹੀਂ।

"ਤੈਨੂੰ ਕਿਵੇਂ ਪਤਾ ਏ?" ਮੈਂ ਇਕਬਾਲ ਨੂੰ ਪੁੱਛਣੀ ਆਂ।

ਉਹ ਗਲਾਸ ਤੋਂ ਨਿਗਾਹ ਚਾਂਦਾ ਏ।

ਉਹਦੀਆਂ ਅੱਖਾਂ, ਇਹ ।।।।।।?

ਇੱਕ ਪਲ ਮੈਨੂੰ ਕੋਈ ਸੁਰਤ ਨਹੀਂ ਆਂਦੀ। ਮੈਂ ਪਿਛਾਂਹ ਮੁੜਨੀ ਆਂ, ਇਹ ਵੇਖਣ ਲਈ ਕਿ ਮੈਂ ਕਿਥੋਂ ਆਂਦੀ ਪਈ ਆਂ?

ਪਿਛੇ ਰੁੱਖਾਂ ਵਿਚ ਲੁਕਿਆ ਇਕ ਪਿਨਡਰ ਘਰ ਏ।

"ਤੈਨੂੰ ਕਿਵੇਂ ਪਤਾ ਏ?" ਮੈਂ ਇਕਬਾਲ ਵੱਲ ਮੁੜਨੀ ਆਂ।

"ਮੈਂ ਉਥੇ ਸੀ" ਉਹ ਦੰਦ ਕੱਢਦਾ ਏ, ਅੱਧੇ ਚੰਨ ਦੀ ਲੋ ਉਨ੍ਹਾਂ ਤੋਂ ਉਘੜ ਕੇ ਪਰਾਂਹ ਢਹਿੰਦੀ ਏ।

"ਕਿੱਥੇ?"

"ਪਿੰਡ"।

"ਲੁਧਿਆਣੇ?"

"ਨਹੀਂ, ਪਤੋ ਕੀ" ਉਹ ਹੋਲੇ ਜਿਹਾ ਹੱਸਦਾ ਏ।

"ਪਤੋਕੀ, ਲਾਹੋਰ ਲਾਗੇ?" ਠੰਡੀ ਵਾਅ ਦਾ ਬੁੱਲਾ ਮੇਰੇ ਪਿੰਡੇ ਨਾਲ ਖਹਿੰਦਾ ਏ।

ਇਕਬਾਲ ਮੈਨੂੰ ਵਿਹੰਦਾ ਏ ਤੇ ਚੁੱਪ।

"ਹਾਂ?" ਸਵਾਲ ਫ਼ਜ਼ੂਲ ਏ, ਕੱਠੇ ਪੰਜਾਬ ਵਿੱਚ ਵੀ ਕਿੰਨੀਆਂ ਕੁ ਪਤੋਕੀਆਂ ਹੋਣ ਗਈਆਂ? ਵੱਲ ਵੀ ਖ਼ਜ਼ਾਏਂ ਦੀ ਸੀਤ ਵਾਅ ਅੱਗੇ ਖਲੋ, ਮੈਂ ਉਹਦੇ ਤੋਂ ਸਿੱਧਾ ਜਵਾਬ ਮੰਗਣੀ ਆਂ।

ਉਹ ਦੰਦ ਕਰੀਚ ਕੇ ਹਿਲਦਾ ਏ।

ਗਾਮੂ।

ਮੈਨੂੰ ਹਰ ਸ਼ੈਅ ਚੇਤੇ ਏ ਪਰ ਕੁੱਝ ਵੀ ਨਿੱਤਰਿਆ ਹੋਇਆ ਨਹੀਂ। ਪਤਾ ਏ, ਬਲੂ ਬੇਰੀ ਦੇ ਰੁੱਖਾਂ ਵਿੱਚੋਂ ਨਿਕਲਣ ਦਾ ਚਾਰਾ ਕਰਨੀ ਪਈ ਆਂ। ਭਾਵੇਂ ਮੈਂ ਹੱਥਾਂ ਪੈਰਾਂ ਤੇ ਰਿੜ੍ਹਾਂ , ਟੇਢੀਆਂ ਮੇਢੀਆਂ ਲਗਰਾਂ ਵੱਲ ਵੀ ਅੜ ਅੜ ਕੇ ਰੋਕਦੀਆਂ ਨੇਂ। ਨੀਲੇ ਫਲ ਦਾ ਗੁੱਦਾ ਹੱਥਾਂ, ਪੈਰਾਂ, ਲੱਤਾਂ ਨੂੰ ਚਿੰਮੜ ਗਿਆ ਏ।

ਕੋਈ ਵਾਜਾਂ ਮਾਰੀ ਜਾਂਦਾ ਏ 'ਸਕੀਨਾ, ਸਕੀਨਾ'।

ਮੈਂ ਦੂਜੇ ਪਾਸੇ ਭੱਜਨੀ ਆਂ।

ਅੱਗੋਂ ਜ਼ਨਾਨੀਆਂ ਦੀਆਂ ਵਾਜਾਂ ਆਂਦਿਆਂ ਨੇਂ, ਮੈਂ ਖਲੋ ਜਾਨੀ ਆਂ।

ਕੋਈ ਨੇੜੇ ਅੱਪੜ, ਮੈਨੂੰ ਮੋਢਿਆਂ ਤੋਂ ਫੜ ਲੈਂਦਾ ਏ।

ਮੇਰਾ ਲੱਕ ਪੀੜ ਪਿਆ ਕਰਦਾ ਏ, ਮੈਂ ਆਵਦੇ ਆਪ ਨੂੰ ਨਹੀਂ ਛਡਾਂਦੀ।

"ਮਾਫ਼ੀ" ਉਹ ਸਿਰ ਨੀਵਾਨਦਾ ਏ।

ਭਾ ਉਹਦੇ ਸਿਰ ਤੇ ਠੁੱਡਾ ਮਾਰਦਾ ਏ, ਭੈਣ ਚੋਦ ਬੇ ਗ਼ੈਰਤ।

"ਕਿਉਂ?" ਮੈਂ ਪਿੱਛੇ ਟੇਕ ਲਾਨੀ ਆਂ ਇਹ ਪੱਕ ਕਰਨ ਲਈ ਕਿ ਕੋਈ ਰੁੱਖ ਮੇਰੇ ਮਗਰ ਏ "ਤੂੰ ਅਈਓ ਨੂੰ ਕਿਉਂ ਮਾਰਿਆ?" ਮੈਂ ਪੁੱਛਣੀ ਆਂ।

"ਕਿਹਨੂੰ?" ਉਹ ਇਕ ਪਲ ਸੋਚਦਾ ਏ "ਮੈਂ ਉਹਨੂੰ ਜਾਣ ਕੇ ਨਹੀਂ ਮਾਰਿਆ"।

"ਪਰ ਤੂੰ ਕੁਹਾੜੀ ਲੈ ਕੇ ਲੁਕਿਆ ਹੋਇਆ ਸੈਂ, ਉਡੀਕਦਾ"।

"ਮੈਂ ।।।।।। ਉਹਨੂੰ ।।।।।। ਜੀਨੋ ਨੂੰ ।।।।।।"।

ਗ਼ੈਰ ਜ਼ਨਾਨੀ ਅਈਓ ਨੂੰ ਮਾਰਨ ਨਾਲੋਂ ਆਵਦੀ ਵੋਹਟੀ ਜੀਨੋ ਨੂੰ ਮਾਰਨਾ ਜਾਇਜ਼ ਸੀ?

"ਮੈਨੂੰ ਇਹ ਦੱਸ, ਤੈਨੂੰ ਕਦੋਂ ਪਤਾ ਲੱਗਾ ਕਿ ।।।।।।" ਮੈਂ ਆਸਰੇ ਲਈ ਰੁੱਖ ਦੇ ਮੁੱਢ ਤੇ ਹੱਥ ਰੱਖਣੀ ਆਂ।

"ਨਿੱਕੀ ਬੀਬੀ?" ਉਹ ਪਿਆਰ ਨਾਲ ਮੁਸਕਾਂਦਾ ਏ "ਜਦ ਮੈਂ ਤੈਨੂੰ ਨੌਕਰੀ ਦਿੱਤੀ"।

ਕੁਝ ਚਿਰ ਮੈਂ ਆਵਦੇ ਆਪ ਨੂੰ ਓਨਾ ਈ ਬੇ ਵਕੂਫ਼ ਮਸੂਸ ਕਰਨੀ ਆਂ ਜਿੰਨੀ ਕਿ ਮੈਂ ਹਾਂ।

"ਮੈਂ ਤੈਨੂੰ ਪੁੱਛਿਆ ਸੀਗਾ ਬਈ ਕੋਈ ਕੰਮ ਦਾ ਤਜਰਬਾ ਤੇ ਤੂੰ ਪਿੰਡ ਚੇਤੇ ਕਰਾ ਦਿੱਤਾ"।

"ਤੂੰ ਮੈਨੂੰ ਕਿਉਂ ਨਾ ਦੱਸਿਆ?"

"ਕੀ ਦੱਸਦਾ? ਮੈਂ ਗਾਮੂ ਆਂ ਤੇਰਾ ਪਿੰਡਰ ਜਿਹੜਾ ਇਕ ਜ਼ਨਾਨੀ ਦਾ ਖ਼ੂਨ ਕਰ ਕੇ ।।।।।। " ਉਹ ਸਿਰ ਹਲਾ, ਉਠ ਖਲੋਂਦਾ ਏ "ਸਕੀਨਾ, ਤੂੰ ਜੋ ਵੀ ਕਰਨਾ ਏ ਕਰ ਪਰ ਇਹ ਸੋਚ ਲਵੀਂ, ਮੈਨੂੰ ਤੇਰੇ ਨਾਲ ਡਾਢਾ ਪਿਆਰ ਏ ਤੇ ਹਮੇਸ਼ ਰਹਵੇ ਗਾ" ਉਹ ਮੈਨੂੰ ਭੋਏਂ ਤੋਂ ਉਠਾਂਨ ਲਈ ਹੱਥ ਅੱਗੇ ਕਰਦਾ ਏ।

ਮੈਂ ਉਹਨੂੰ ਧੱਕਾ ਦੇ ਪਰਾਂਹ ਕਰਦੀ ਉਠਨੀ ਆਂ ਤੇ ਉਸ ਡਕਵੇਂ ਬਾਗ਼ ਵਿੱਚੋਂ ਨਿਕਲਣ ਦਾ ਰਸਤਾ ਲੱਭਣ ਲੱਗ ਪੈਣੀ ਆਂ।

# ਅੱਗ

ਡਰਾਕਲੇ ਸੁਫ਼ਨਿਆਂ ਭਰੀ ਇਸ ਬੇਕਲ੍ਹ ਰਾਤੀਂ ਮੈਂ ਕਿੰਨੀ ਵਾਰੀ ਚੀਕਾਂ ਮਾਰ ਮਾਰ ਉੱਠੀ, ਗਵਾਂਢਣਾਂ ਕੰਧਾਂ ਖਟਕਾ ਖਟਕਾ ਮੇਰੇ ਹਾਲ ਪੁੱਛੇ । ਮੈਂ ਪਹਿਲੋਂ ਬੈੱਡਰੂਮ ਦੀ ਕੰਧ ਤੇ ਠੁੱਕ ਠੁੱਕ ਕਰ ਕੇ ਲਿੰਡਾ ਨੂੰ ਦੱਸਿਆ ਕਿ ਵੱਲ ਆਂ, ਮੁੜ ਲਿਵਿੰਗ ਰੂਮ ਦੀ ਕੰਧ ਰਾਹੀਂ ਇਹੋ ਸੁਨੇਹਾ ਤਸਨੀਮ ਨੂੰ ਘੱਲਿਆ ।

ਹਨੇਰਾ ਘੁੱਪ, ਡੂੰਘੀ ਘਾਟੀ ਖਲੋਤੇ ਰੁੱਖ ਸਿਮਿੰਟ ਦੇ ਮਿਨਾਰ ਬਣ ਕੇ ਬਿਲਡਿੰਗ ਨੂੰ ਘੇਰੀ ਖਲੇ ਨੇਂ । ਮੈਂ ਬਾਲਕਨੀ ਦੇ ਬੂਹੇ ਦੀਆਂ ਬਲਾਇੰਡਾਂ ਹਟਾ, ਮਨਾਰਾਂ ਦੇ ਝੋਲੇ ਮਗਰ ਲੁਕੇ ਰੁੱਖਾਂ ਨੂੰ ਲੱਭਣੀ ਆਂ । ਧੁੰਦ ਮੇਰੀ ਨਿਗਾਹ ਮੇਰੇ ਦਮਾਕ ਵਿੱਚ ਡੱਕ ਦਿੰਦੀ ਏ, ਮੇਰਾ ਦਮਾਕ ਲੋਕਾਂ ਨਾਲ ਭਰਿਆ ਪਿਆ ਏ ।

ਹੱਥ ਵੇਹਨੀ ਆਂ, ਜੰਮੂੰ ਤੇ ਨੀਲੇ । ਮੁੱਖ ਵੀ ਐਵੇਂ ਹੋਵੇ ਗਾ ? ਨਹੀਂ, ਧੋਤੇ ਬਿਨਾਂ ਨਹੀਂ ਵੇਖਣਾ ।

ਵਾਸ਼ ਰੂਮ ਲੱਭਣੀ ਆਂ, ਹਾਲ ਵੇ ਵਿਚ ਟੰਗਿਆ ਵੱਡਾ ਸਾਰਾ ਸ਼ੀਸ਼ਾ ਮੈਨੂੰ ਫੜ ਲੈਂਦਾ ਏ । ਮੂੰਹ ਤੇ ਉਨਾਬੀ ਝਰੀਠਾਂ । ਢਿੱਡ, ਲੱਤਾਂ ਤੇ ਪੈਰ ਕਾਲੇ ਜੰਮੂੰ । ਜੀਭ ਸੁੱਜੀ ਹੋਈ, ਮੋਢੇ ਨੀਵੇਂ। ਰਾਤ ਮੈਨੂੰ ਕਿਸੇ ਸੱਟਾਂ ਖਾਦੇ ਕਤੂਰੇ ਹਾਰ ਛੱਡਿਆ ਏ ਜਿਹੜਾ ਪੂਛਲ ਲੱਤਾਂ ਵਿਚ ਦੇ, ਲਾਹੌਰ ਦੇ ਰਸਤਿਆਂ ਖਾੜਿਆਂ ਵਿਚ ਤਰਬਕਦਾ ਫਿਰਦਾ ਹੋਵੇ ।

ਪਿਛਲੇ ਪੈਰੀਂ ਲਿਵਿੰਗ ਰੂਮ ਜਾਂਨੀ ਆਂ ਤੇ ਉੱਥੋਂ ਮੁੜ ਬਾਲਕਨੀ ।

ਧੁੰਦ ਗੂੜ੍ਹੀ ਏ । ਪਾਰਕਿੰਗ ਲਾਟ ਖਲੀਆਂ ਗੱਡੀਆਂ ਤੇ ਰੁੱਖ ਧੁੰਦ ਦੇ ਦਰਿਆਈਂ ਡੁੱਬੇ ਪਏ ਨੇਂ, ਮੈਂ ਉਹਦੇ ਵਿਚ ਤਰਨ ਲੱਗ ਪੈਂਨੀ ਆਂ ।

ਬਾਲਕਨੀ ਤੋਂ ਪਾਰਕਿੰਗ ਲਾਟ ਉੱਤੇ, ਸਿੱਧੀ ਡੂੰਘੀ ਘਾਟੀ ਵੱਲ ।

ਮੇਰਾ ਤਰਨ ਅੰਨ੍ਹਾ ਤੇ ਹੌਲਾ ਏ ।

ਜੀ ਆਹੰਦਾ ਏ ਤਰਦੇ ਤਰਦੇ ਸੌਂ ਜਾਵਾਂ, ਮੁੜ ਨਾ ਉੱਠਾਂ ।

ਸੱਧਰ ਡੂੰਘੀ ਏ, ਮੈਂ ਉਹਦੇ ਵਿਚ ਡੁੱਬਣ ਲੱਗ ਪਈ ਆਂ ।

ਡੁੱਬਣ ਦਾ ਡਰ ਮੈਨੂੰ ਗਿੱਚੀਉਂ ਫੜਦਾ ਏ, ਮੈਂ ਭੱਜ ਬਾਲਕਨੀ ਦੇ ਫ਼ਰਸ਼ ਤੇ ਪੈਰ ਰੱਖ, ਆਵਦੇ ਆਪ ਨੂੰ ਅੰਦਰ ਧੱਕ, ਬੂਹਾ ਲਾ ਦੇਨੀ ਆਂ ।

ਧੁੰਦ ਬੂਹਿਓਂ ਬਾਹਰ ਮੇਰੀ ਉਡੀਕ ਵਿੱਚ ਕੱਠੀ ਹੁੰਦੀ ਪਈ ਏ ।

ਕਿਚਨ ਜਾਂਨੀ ਆਂ । ਇਸ ਥਾਂ ਦੀ ਸੱਭ ਤੋਂ ਵੱਡੀ ਬੱਝ ਇਹਦਾ ਸੱਭ ਤੋਂ ਵੱਡਾ ਸੁਹੱਪਣ ਬਣ ਗਈ ਏ, ਕਿਚਨ ਵਿਚ ਕੋਈ ਬੂਹਾ ਏ ਨਾ ਬਾਰੀ ।

ਫ਼ਰਸ਼ ਤੇ ਬਹਿੰਨੀ ਆਂ, ਆਕੜੀਆਂ ਹੱਡਾਂ ਦੀ ਠਠਰੇਂਦੀ ਪੰਡ ।

ਬਹਿ ਨਹੀਂ ਸਕਦੀ, ਵੱਲ ਉਠ ਖਲੋਨੀ ਆਂ ਤੇ ਅਲਮਾਰੀ ਵਿੱਚੋਂ ਕੋਈ ਸ਼ੈਅ ਭਾਲਨੀ ਆਂ ਜਿਹੜੀ ਜ਼ਰਾ ਧਿਆਨ ਵੰਡਾਵੇ । ਉਤਲੇ ਸ਼ੈਲਫ਼ ਤੇ ਇਕ ਬਰਾਊਨ ਫ਼ਾਇਲ ਫ਼ੋਲਡਰ ਏ, ਵਿਚ ਮੇਰੀ ਸਕਰੈਪ ਬੁੱਕ ।

ਕੱਢਨੀ ਆਂ, ਅੱਜ ਨੌਂ ਵਰ੍ਹਿਆਂ ਮਗਰੋਂ ਵੀ ਇਹ ਉਹੋ ਕਾਗਤਾਂ ਦਾ ਢੇਰ ਏ ।

ਫਰੋਲਨੀ ਆਂ । ਅੱਲਾਮਾ ਇਕਬਾਲ ਆਵਦੇ ਆਲਿਮਾਨਾ ਪੋਜ਼ ਵਿਚ, ਲੈਲਾ ਖ਼ਾਲਿਦ ਬੰਦੂਕ ਨਾਲ, ਮਿਰਜ਼ਾ ਗ਼ਾਲਿਬ ਦੀ ਪੋਰਟਰੇਟ, ਗਾਂਧੀ ਸਮੁੰਦਰਾਂ ਨੂੰ ਜਾਂਦਿਆਂ, ਸਾਈਂ ਜੀ ਮਰਦਾਨੀ ਲੁੰਗੀ ਕੁਰਤੇ ਵਿਚ ਮਾਸੀ ਨਾਲ, ਪੱਥਰ ਵਿੱਚੋਂ ਉਭਾਰੀ ਮਹਾਤਮਾ ਬੁੱਧ ਦੀ ਝੁੰਨ, ਰਫ਼ੋ ਦੀ ਲਿਖਾਈ ਵਿਚ ਮਾਧੋ ਲਾਲ ਹੁਸੈਨ ਦੀ ਕਾਫ਼ੀ ।

ਇਕ ਰਾਤੀਂ ਇਹ ਕਾਫ਼ੀ ਮੈਂ ਇਕ ਮੇਲੇ ਤੇ ਕਿਸੇ ਤੋਂ ਸੁਣੀ ਸੀ । ਕੌਣ? ਅੱਗੇ ਹਨੇਰਾ ਤੇ ਧੁੰਦ ਏ, ਵੱਲ ਵੀ ਜਾਪਦਾ, ਇਹ ਪਿੱਛੇ ਸ਼ੋਰੇ ਕੋਈ ਮਨ ਮੋਹ ਲੈਣ ਆਲਾ ਖ਼ਿਆਲ ਹੋਵੇ । ਮੈਂ ਫ਼ੋਲਡਰ ਚਾ, ਕੌਫ਼ੀ ਟੇਬਲ ਤੇ ਲਿਆ ਰੱਖਣੀ ਆਂ ।

ਇਹਦੇ ਵਿਚ ਪਿਛਲੇ ਦੱਸ ਵਰ੍ਹਿਆਂ ਦਾ ਕੁੱਝ ਵੀ ਨਹੀਂ । ਭਾਵੇਂ ਇਹਤਸ਼ਾਮ ਤੇ ਮੰਮੀ ਜੀ ਮੇਰੀ ਧੌਣ ਤੇ ਕੋ ਨੀ ਬੈਠੇ, ਮੈਂ ਫਿਰ ਵੀ ਇਹਨੂੰ ਠੀਕ ਨਹੀਂ ਕੀਤਾ। ਵੈਸੇ ਤੇ ਇਹ ਇੰਜ ਵੀ ਠੀਕ ਏ, ਹਰ ਸ਼ੈਅ ਰੱਖੀ ਪਈ ਏ ।

ਫ਼ੋਨ ਦੀ ਘੰਟੀ ਵੱਜਦੀ ਏ, ਚਾਂਨੀ ਆਂ ।

"ਤੇ ਤੈਨੂੰ ਪਤਾ ਏ?" ਜੋਈਨੀ ਪੁੱਛਦੀ ਏ ।

"ਕੀ?" ਗਾਮੂ? ਇਕਬਾਲ ਸਿੰਘ?

"ਹਜ਼ਾਰਾਂ ਲੋਕੀ ਉਸ ਟਾਵਰ ਵਿਚ ਨੇਂ" ।

"ਕਿਸ ਟਾਵਰ ਵਿਚ?"

"ਟੀ ਵੀ ਆਨ ਕਰ, ਸੀ ਐੱਨ ਐੱਨ ਤੇ" ।

ਮੈਂ ਰੀਮੋਟ ਚਾਂਨੀ ਆਂ, ਚੈਨਲ ਤੇਂਤੀ ।

ਇਕ ਉੱਚੀ ਬਿਲਡਿੰਗ ਸੜਦੀ ਪਈ ਏ । ਇਹ ਕਿੱਥੇ? ਪਾਕਿਸਤਾਨ, ਫ਼ਲਸਤੀਨ, ਈਰਾਨ? ਵਰਲਡ ਟਰੇਡ ਸੰਟਰ ਤਾਂ ਨਹੀਂ? ਦੋ ਟਾਵਰ ਨੇਂ, ਇਕ ਬਲਦਾ ਪਿਆ ਏ ।

ਵੇਹੰਦਿਆਂ ਵੇਹੰਦਿਆਂ ਇਕ ਜਹਾਜ਼ ਧੂੰਏਂ ਨਾਲ ਅਸਮਾਨ ਚੀਰਦਾ, ਦੂਜੇ ਟਾਵਰ ਵਿਚ ਆ ਖੁੱਬਦਾ ਏ ।

ਜੋਈਨੀ ਚੀਕ ਮਾਰਦੀ ਏ, ਮੈਂ ਅੱਖੀਂ ਮੀਟ ਲੈਂਨੀ ਆਂ ।

ਖੋਲਨੀ ਆਂ ਤੇ ਸੀ ਐੱਨ ਐੱਨ ਆਲੇ ਕਿਸੇ ਅਰਬ ਮੁਲਕ ਦੇ ਮੁਸਲਮਾਨ ਬਾਲ ਵਿਖਾਂਦੇ ਪਏ ਨੇਂ ਜਿਹੜੇ ਨਿਊਯਾਰਕ ਵਿੱਚ ਟਾਵਰਾਂ ਦੇ ਤਬਾਹ ਹੋਣ ਤੇ ਖ਼ੁਸ਼ੀ ਦੇ ਨਾਅਰੇ ਲਾਂਦੇ ਪਏ ਨੇਂ ।

'ਦੁਸ਼ਮਣ ਮਰੇ ਤੇ ਖ਼ੁਸ਼ੀ ਨਾ ਕਰੀਏ, ਸੱਜਣਾਂ ਵੀ ਮਰ ਜਾਣਾ' ਮੈਂ ਟੀ ਵੀ ਬੰਦ ਕਰ ਦੇਂਨੀ ਆਂ ।

ਧੁੰਦ ਬਾਲਕਨੀ ਦੇ ਬੂਹੇ ਤੇ ਚੜ੍ਹੀ ਆਂਦੀ ਏ, ਵੇਹੰਦਿਆਂ ਮੇਰੇ ਪਿੰਡੇ ਵਿਚ ਸੀਤ ਪੈ ਜਾਂਦੀ ਏ । ਮੈਂ ਬਿਸਤਰੇ ਤੋਂ ਰਜ਼ਾਈ ਚੁੱਕਣ ਜਾਂਨੀ ਆਂ । ਇਹ ਉਹੋ ਰਜ਼ਾਈ ਏ ਜਿਹਦੇ ਵਿਚ ਇੱਕ ਓਪਰਾ ਮੇਰੇ ਨਾਲ ਸੌਂਦਾ ਹੁੰਦਾ ਸੀ, ਮੈਂ ਪਰਾਂਹ ਮਾਰਨੀ ਆਂ ।

ਅਲਮਾਰੀ ਵਿੱਚੋਂ ਧੋਤਾ ਕੰਬਲ ਲਿਆ, ਸਿਰ ਕੱਜ ਕੇ ਪੈ ਜਾਂਨੀ ਆਂ ।

ਜੋਈਨੀ ਟਿਮ ਹੋਰਟਨ ਦੀ ਕੌਫ਼ੀ ਲਿਆਂਦੀ ਏ, ਮੈਂ ਪੀਣ ਲੱਗ ਪੈਂਨੀ ਆਂ ।

"ਸਾਰੇ ਮੁਸਲਮਾਨ, ਬਹੁਤੇ ਸਊਦੀ ਅਰਬ ਤੋਂ" ਮੈਂ ਆਹਨੀ ਆਂ ।

"ਪਤਾ ਏ ਜਿੰਦ" ਜੋਈਨੀ ਮੂਹਰੇ ਕੌਫ਼ੀ ਟੇਬਲ ਤੇ ਬਹਿ ਜਾਂਦੀ ਏ "ਤੂੰ ਸਵੇਰੇ ਮੇਰੇ ਨਾਲ ਕੋਈ ਗੱਲ ਬਾਤ ਕਰਨੀ ਸੀ?"

"ਆਹੋ" ਮੈਂ ਚੇਤੇ ਕਰਨੀ ਆਂ, ਅੱਜ ਸਵੇਰ ਇੰਨੀ ਦੂਰ ਏ ਕਿ ਨਜ਼ਰੀਂਦੀ ਨਹੀਂ "ਮੈਂ ਤੈਨੂੰ ਦੱਸਣਾ ਸੀ ਬਈ...." ਇਕਬਾਲ ਗਾਮੂ ਏ, ਮੈਂ ਆਖਣ ਲੱਗਣੀ ਆਂ ਪਰ ਜੋਈਨੀ ਨੂੰ ਗਾਮੂ ਦਾ ਪਤਾ ਕੋ ਨੀ ਤੇ ਹੁਣ ਉਹਨੂੰ ਦੱਸਦਿਆਂ ਚਿਰ ਲੱਗੇ ਗਾ "ਮੈਗੀ ਵੱਲ ਏ?" ਮੈਂ ਪੁੱਛਣੀ ਆਂ ।

"ਪੱਕ ਨਹੀਂ, ਉਹ ਹੁਣ ਤੋੜੀ ਬਿਸਤਰੇ ਪਈ ਰੋਂਦੀ ਸੀ । ਮਰਨ ਵਾਲਿਆਂ ਵਿਚ ਉਹਦੇ ਅੱਠ ਜਾਨਣ ਵਾਲੇ ਨੇਂ ਤੇ ਗਿਣਤੀ ਹਾਲੀ ਹੁੰਦੀ ਪਈ ਏ ।" ਉਹ ਕੌਫ਼ੀ ਟੇਬਲ ਤੇ ਸਕਰੈਪ ਬੁੱਕ ਦੇ ਢੇਰ ਤੋਂ ਇਕ ਫ਼ੋਟੋ ਚਾ ਕੇ ਵੇਹੰਦੀ ਏ ।

"ਇਹ ਕੌਣ ਏ?" ਉਹ ਫ਼ੋਟੋ ਮੈਨੂੰ ਵਖਾਂਦੀ ਏ ।

"ਹੇਠਾਂ ਲਿਖਿਆ ਹੋਵੇ ਗਾ" ਮੈਂ ਆਹਨੀ ਆਂ ।

"ਪੰਜਾਬੀ ਯਾਂ ਅਰਬੀ ਵਿਚ ਏ ਜਿੰਦ" ਉਹ ਕਹਿੰਦੀ ਏ ।

"ਸੋਰੀ, ਲੈਲਾ ਖ਼ਾਲਿਦ । ਪੀ ਐੱਲ ਓ ਵਿਚ ਹੁੰਦੀ ਸੀ" ।

"ਮੈਂ ਪਛਾਣ ਗਈ ਸਾਂ, ਇਹ ਕਦੋਂ ਦੀ ਫ਼ੋਟੋ ਏ? ਸੱਠ ਸੱਤਰ ਦੀ?"

"ਆਹੋ" ।

"ਇਹ ਖ਼ੁਦਕੁਸ਼ ਅੱਤ ਵਾਦੀਆਂ ਦੀ ਜਿਵੇਂ ਮਾਂ ਏ" ।

"ਵਖਾਵੀਂ" ਮੈਂ ਅੱਗੇ ਹੋ, ਫ਼ੋਟੋ ਫੜ ਲੈਂਨੀ ਆਂ ।

ਫ਼ੋਟੋ ਵਿਚ ਲੈਲਾ ਖ਼ਾਲਿਦ ਦਲੇਰ, ਸੂਝਵਾਨ ਤੇ ਰੱਜ ਸੋਹਣੀ ਜਾਪਦੀ ਏ । ਮੈਨੂੰ ਇਹ ਵੀ ਪਤਾ ਨਹੀਂ ਕਿ ਉਹ ਜਿਊਂਦੀ ਏ, ਮੈਂ ਦੁੱਖ ਨਾਲ ਜੋਈਨੀ ਨੂੰ ਵੇਹਨੀ ਆਂ।

"ਕੀ ਗੱਲ ਏ?" ਉਹ ਪੁੱਛਦੀ ਏ ।

"ਨਿੱਕਿਉਂ ਲਾ ਲੈਲਾ ਖ਼ਾਲਿਦ ਮੇਰੇ ਰੋਲ ਮਾਡਲਾਂ ਵਿੱਚੋਂ ਏ" ਮੈਂ ਆਹਨੀ ਆਂ ।

"ਤੇ?"

"ਤੈਨੂੰ ਕਿਵੇਂ ਲੱਗੇ ਗਾ ਜਦ ਤੇਰੀ ਰੋਲ ਮਾਡਲ ਜਿਹੜੀ ਦਲੇਰ ਤੇ ਸੂਝਵਾਨ ਏ, ਤੇਰੇ ਅੱਗੋਂ ਟੈਰਰਿਸਟਾਂ ਹਾਰ ਪੇਸ਼ ਕੀਤੀ ਜਾਵੇ ਜਿਹੜੇ ਸੌੜੇ ਤੇ ਇਕਵਾਸੇ ਨੇਂ?"

"ਪਰ ਦੋਵੇਂ ਖ਼ੁਦਕੁਸ਼ ਹਮਲਾ ਆਵਰੀ ਵਰਤਦੇ ਨੇਂ ਤੇ ਮੁਸਲਮਾਨ ਨੇਂ" ।

"ਖ਼ੁਦਕਸ਼ ਹਮਲਾ ਆਵਰੀ ਯਾਂ ਮੁਸਲਮਾਨੀ ਕੋਈ ਹਥਿਆਰ ਨਹੀਂ, ਤਰੀਕੇ ਨੇਂ । ਅਜ਼ਾਦੀ ਲਈ ਜਾਨ ਦੇਣ ਦਾ ਆਖਣ ਸੌਖਾ ਏ ਜੋਈਨੀ, ਪਰ ਕਰਨ ਡਾਢਾ ਔਖਾ" ।

"ਤੇ ਤੂੰ ਖ਼ੁਦਕੁਸ਼ ਹਮਲਾ ਆਵਰੀ ਦੇ ਹੱਕ ਵਿਚ ਏਂ ਜੇ ਉਹ ਫ਼ਲਸਤੀਨੀ ਫ਼ਲਸਤੀਨ ਵਿਚ ਯਹੂਦੀਆਂ ਤੇ ਵਰਤਣ, ਪਰ ਜੇ ਅਮਰੀਕਾ ਵਿਚ ਅਮਰੀਕੀਆਂ ਨੂੰ ਮਾਰਿਆ ਜਾਵੇ ਤੇ ਤੂੰ ਖ਼ਿਲਾਫ਼ ਏਂ?"

"ਕਾਰਨ ਜੋ ਵੱਖ ਨੇਂ । ਤੈਨੂੰ ਖ਼ਬਰੇ, ਇਹ ਲੋਕੀ ਵੀ ਇੱਕੋ ਨਹੀਂ" ।

"ਤੂੰ ਚਾਨਣ ਕਰ" ਜੋਈਨੀ ਹੱਥ ਉੱਚੇ ਕਰਦੀ ਏ ।

"ਪੀ ਐਲ ਓ, ਹਮਾਸ, ਹਿਜ਼ਬੁੱਲਾਹ ਲੋਕਾਈ ਦੀਆਂ ਲਹਿਰਾਂ ਨੇਂ ਜਿਹੜੀਆਂ ਇਕ ਮਲ ਮਾਰ ਤਾਕਤ ਨਾਲ ਲੜਦੀਆਂ ਪਈਆਂ ਨੇਂ । ਤੈਨੂੰ ਚੇਤੇ ਹੋਵੇ ਗਾ, ਪੀ ਐਲ ਓ ਇਕ ਸੈਕੂਲਰ ਧੜਾ ਸੀ ਜਿਹਨੂੰ ਅਰਬ ਸਰਕਾਰਾਂ ਕਦੀ ਖੱਬਾ ਤੇ ਕਦੀ ਕਮਿਊਨਿਸਟ ਆਹੰਦੀਆਂ ਸਨ" ।

"ਤੇ ਅਲਕਾਇਦਾ ਕੀ ਏ?"

"ਮੈਨੂੰ ਤੇ ਇਹ ਕਲੂਕਲਕਸ ਕਲੈਨ ਦੀ ਮੁਸਲਮਾਨ ਝੁੰਨ ਜਾਪਦੀ ਏ" ।

"ਕੇ ਕੇ ਕੇ? ਇਹ ਵੀ ਆਵਦੇ ਆਪ ਨੂੰ ਤੇ ਆਵਦੇ ਮਜ਼ਹਬ ਨੂੰ ਬਾਕੀਆਂ ਤੋਂ ਉੱਚਾ ਸਮਝਦੇ ਨੇਂ ਤੇ ਦੂਜਿਆਂ ਨੂੰ ਮੁਕਾ ਦੇਣਾ ਚਾਹੁੰਦੇ ਨੇਂ? ਮੈਂ ਕਦੀ ਇਹਦਾ ਤਾਣਾ ਉੱਥੇ ਨਹੀਂ ਸੀ ਮਲਾਨਾ" ।

"ਕਿਉਂ ਜੇ ਤੈਨੂੰ ਅਲਕਾਇਦਾ ਦਾ ਪਤਾ ਕੋ ਨੀ" ।

"ਤੈ ਤੈਨੂੰ ਪਤਾ ਏ?"

"ਮੈਨੂੰ ਏਨਾ ਪਤਾ ਏ ਕਿ ਅਲਕਾਇਦਾ ਵਾਲੇ ਮੁਜਾਹਿਦੀਨ ਤੇ ਤਾਲਿਬਾਨ ਨਾਲ ਰਲ, ਅਫ਼ਗ਼ਾਨਿਸਤਾਨ ਵਿਚ ਰੂਸੀਆਂ ਨਾਲ ਲੜਦੇ ਰਹੇ । ਪਾਕਿਸਤਾਨ ਵਿੱਚ ਜਨਰਲ ਜ਼ਿਆਅ ਨੇ ਮਦਰੱਸਿਆਂ ਨੂੰ ਮਾਲ ਦੇ ਕੇ ਤਗੜਾ ਕੀਤਾ ਤੇ ਮੁੜ ਬੇਨਜ਼ੀਰ ਦੀ ਸਰਕਾਰ ਅਮਰੀਕਾ ਤੇ ਦਬਾਅ ਪਾਣ ਲਈ ਤਾਲਿਬਾਨ ਨੂੰ ਪਾਲਿਆ ਪੋਸਿਆ । ਇਹ ਵੀ ਪਤਾ ਸੀ ਕਿ ਅੱਸੀਆਂ ਤੇ ਨੱਬੇਆਂ ਵਿਚ ਅਮਰੀਕੀ ਸਰਕਾਰ ਤਾਲਿਬਾਨ ਤੇ ਅਲਕਾਇਦਾ ਦੋਵਾਂ ਦੀ ਡਾਲਰ ਸੇਵਾ ਕਰਦੀ ਪਈ ਸੀ" ।

"ਜੋ ਵੀ ਹੋਵੇ ਜਿੰਦ, ਇਹ ਗੱਲਾਂ ਕਿਸੇ ਹੋਰ ਅੱਗੇ ਨਾ ਕਰੀਂ" ਉਹ ਉਠਦਿਆਂ ਆਹੰਦੀ ਏ "ਤੇ ਇਹਨੂੰ ਕੁੱਝ ਵੇਲੇ ਲਈ ਲੁਕਾ ਰੱਖ ।" ਉਹ ਲੈਲਾ ਖ਼ਾਲਿਦ ਨੂੰ ਫ਼ਰੀਜ਼ਬੀ ਹਾਰ ਭਵਾਂ ਕੇ ਮੇਜ਼ ਤੇ ਮਾਰਦੀ ਏ ।

ਜੋਈਨੀ ਤੇ ਮੇਰੇ ਵਿਚਕਾਰ ਬੇਵਸਾਈ ਦੀ ਇਕ ਭਾਫ ਜਹੀ ਆ ਗਈ ਏ । ਮੈਨੂੰ ਪਤਾ ਏ ਕਿ ਭਾਵੇਂ ਉਹ ਮੇਰੀ ਕਿੰਨੀ ਸਹੇਲੀ ਹੋਵੇ, ਇਹਨੂੰ ਵੀ ਮੈਨੂੰ ਛੱਡਣਾ ਪਏ ਗਾ ਜੇ ਮੇਰਾ ਹੋਵਣ ਮੈਗੀ ਤੇ ਭਾਰ ਬਣਿਆ ।

"ਚੱਲੀ ਆਂ ਜਿੰਦ" ਉਹਦੀਆਂ ਅੱਖਾਂ ਦਾ ਨੀਲਾ ਰੰਗ ਰਗਾਂ ਦੇ ਰੱਤੇ ਨਾਲ ਰੱਲ ਕੇ ਜੰਮੂੰ ਬਣ ਗਿਆ ਏ, ਉਹ ਬੂਹਿਉਂ ਨਿਕਲ ਜਾਂਦੀ ਏ ।

ਮੈਂ ਪਿੱਛੇ ਲਮਕਦੀ ਰਹਿੰਨੀ ਆਂ ।

ਅੰਗ ਅੰਗ ਦੁਖਦਾ ਏ । ਮੈਂ ਕਿਚਨ ਜਾ, ਮਾਈਕਰੋਵੇਵ ਵਿਚ ਪਾਣੀ ਤੇ ਦੁੱਧ ਦਾ ਮੱਗਾ ਰੱਖ, ਅਲਮਾਰੀ ਵਿੱਚੋਂ ਪੀੜ ਦੀ ਦਵਾ ਲੱਭਨੀ ਆਂ । ਕੀਮੋਮੀਲ ਦੇ ਡੱਬੇ ਮਗਰ ਵੈਲੀਅਮ ਦੀ ਵੱਡੀ ਸ਼ੀਸ਼ੀ, ਜਿਹੜੀ ਕੁੱਝ ਵਰ੍ਹੇ ਹੋਏ ਤਸਨੀਮ ਕਰਾਚੀਉਂ ਮੇਰੇ ਲਈ ਲਿਆਈ ਸੀ, ਐਸਪਰੀਨ ਦੇ ਪੱਤੇ ਨਾਲ ਪਈ ਏ । ਮੈਨੂੰ ਜੋਈਨੀ ਦੀ ਗੱਲ ਚੇਤੇ ਬਈ ਵੈਲੀਅਮ ਦੀ ਹਿੱਲਤ ਪੈ ਜਾਂਦੀ ਏ, ਇਸ ਪਾਰੋਂ ਮੈਂ ਸ਼ੀਸ਼ੀ ਨੂੰ ਹਾਲੀ ਤੋੜੀ ਖੋਲਿਆ ਨਹੀਂ।

ਦੋ ਐਸਪਰੀਨਾਂ ਲੈ ਪਾਣੀ ਨਾਲ ਲੰਘਾਂਨੀ ਆਂ ਤੇ ਮੱਗੇ ਵਿਚ ਚਾਅ ਦੀ ਥੈਲੀ ਪਾਂਨੀ ਆਂ ।

ਬੂਹੇ ਤੇ ਟੱਲੀ ਵੱਜਦੀ ਏ ।

ਸ਼ੀਸ਼ੇ ਦੀ ਨਿੱਕੀ ਅੱਖ ਵਿੱਚੋਂ ਵੇਹਨੀ ਆਂ, ਬਿਲਡਿੰਗ ਦੇ ਮੈਨੇਜਰ ਨੂੰ ਪਛਾਨਣ ਤੇ ਮੈਨੂੰ ਜ਼ਰਾ ਚਿਰ ਲਗਦਾ ਏ । ਚੇਤੇ ਕੋ ਨੀ ਜੇ ਇਹ ਪਹਿਲੋਂ ਕਦੀ ਮੇਰੇ ਬੰਨੇ ਆਇਆ ਹੋਵੇ ।

ਬੂਹਾ ਖੋਲਨੀ ਆਂ ।

"ਹੈਲੋ, ਕੀ ਹਾਲ ਏ?" ਉਹ ਇਕ ਕਸੀ ਕਸਾਈ ਮੁਸਕਾਨ ਮੇਰੇ ਵਲ ਸੁੱਟਦਾ ਏ ।

"ਫ਼ਾਇਨ, ਥੈਂਕਸ !" ਚਾਰਾ ਕਰਨੀ ਆਂ ਪਰ ਮੁਸਕਣ ਔਖਾ ਏ ।

"ਤੂੰ ਸੀ ਐੱਨ ਐੱਨ ਨਹੀਂ ਪਈ ਵੇਹੰਦੀ?" ਉਹਨੂੰ ਨਜ਼ਰੀਂਦਾ ਏ ਬਈ ਮੇਰਾ ਟੀ ਵੀ ਬੰਦ ਏ । ਉਹ ਅੰਦਰ ਵੜਿਆ ਆਂਦਾ ਏ ।

ਮੈਂ ਹੱਟ ਕੇ ਉਹਨੂੰ ਆਣ ਦੇਂਨੀ ਆਂ, ਜਾਪਦਾ ਏ ਅੱਜ ਇਹ ਅਪਾਰਟਮੈਂਟ ਮੇਰਾ ਘੱਟ ਤੇ ਇਹਦਾ ਬਹੁਤਾ ਏ ।

"ਟੀ ਵੀ ਲਾ" ਉਹ ਖਿੱਝ ਕੇ ਹੱਥ ਮੇਰੇ ਮੂੰਹ ਅੱਗੇ ਹਿਲਾਂਦਾ ਏ । "ਹਰ ਕੋਈ ਸੀ ਐੱਨ ਐੱਨ ਵੇਹੰਦਾ ਪਿਆ ਏ, ਉਹ ਸਭੇ ਇਸਲਾਮ ਨੇਂ" ।

"ਮੁਸਲਮਾਨ" ਮੈਂ ਆਹਨੀ ਆਂ, ਅੱਗ ਦਾ ਇੱਕ ਨਿੱਕਾ ਜਿਹਾ ਗੋਲਾ ਮੇਰੇ ਢਿੱਡੋਂ ਉਭਰਦਾ ਏ ।

"ਤੂੰ ਕਿਹੜੇ ਮੁਲਕੋਂ ਏਂ?" ਉਹ ਮੇਰਾ ਜਵਾਬ ਸੁਣੇ ਬਿਨਾਂ ਆਹੰਦਾ ਏ ।

"ਪਾਕਿਸਤਾਨ" ਮੈਂ ਕਹਿਨੀ ਆਂ ।

"ਮੈਂ ਸਮਝਿਆ ਅਫ਼ਗ਼ਾਨਿਸਤਾਨ । ਇਹ ਸਾਰੇ ਤਾਨ, ਮਤਲਬ ਕੀ ਹੁੰਦਾ ਏ 'ਤਾਨ' ਦਾ?"

"ਲੈਂਡ । ਸਕਾਟ ਲੈਂਡ, ਇੰਗਲੈਂਡ" ।

"ਅਮਰੀਕਾ ਤੇ ਅਟੈਕ ਬਾਰੇ ਤੇਰਾ ਕੀ ਖ਼ਿਆਲ ਏ?"

"ਬੜਾ ਧਰੋਹ ਹੋਇਆ ਏ" ।

"ਤੇ ਤੂੰ ਖ਼ੁਦਕੁੱਸ਼ ਹਮਲਾ ਆਵਰਾਂ ਦੇ ਹੱਕ ਵਿਚ ਨਹੀਂ?"

"ਤੂੰ ਇਹ ਮੈਨੂੰ ਕਿਉਂ ਪੁੱਛਣਾ ਪਿਆ ਏਂ?" ਅੱਗ ਦਾ ਗੋਲਾ ਢਿੱਡ ਵਿੱਚ ਚੱਕਰ ਲਾਣ ਲੱਗ ਪਿਆ ਏ ।

"ਇਹ ਬਿਲਡਿੰਗ ਮੇਰੀ ਜ਼ਿੰਮੇਵਾਰੀ ਏ" ।

ਕਿਆ ਇਹਦੀ ਸੁਰਤ ਏ ਬਈ ਮੈਂ ਹੁਣੇ ਕੋਈ ਸ਼ੈਅ ਜਿਹਨੂੰ ਇਹ 'ਖ਼ੁਦਕੁਸ਼ ਹਮਲਾ ਆਵਰ' ਕਹਿੰਦਾ ਏ, ਬਣ ਕੇ ਆਵਦੀ ਈ ਇਹ ਨਿੱਕੀ ਜਿਹੀ ਬਿਲਡਿੰਗ ਉਡਾ ਦਿਆਂਗੀ?

"ਬਸ ਇਹੋ ਗੱਲ ਸੀ?" ਮੈਂ ਪੁੱਛਣੀ ਆਂ ।

ਯਾਂ ਮੁੜ ਬੰਮ ਆਵਦੇ ਢਿੱਡ ਤੇ ਬੰਨ੍ਹ, ਸਟੈਂਲੇ ਪਾਰਕ ਜਾ ਫਟਾਂ ਗੀ?

"ਇਹਦੇ ਵਿਚ ਸਾਡੀ ਸਾਰਿਆਂ ਦੀ ਸਲਾਮਤੀ ਏ" ਉਹ ਆਹੰਦਾ ਏ ।

"ਤੂੰ ਜਾ ਸਕਣਾ ਏਂ ।" ਮੈਂ ਉਹਨੂੰ ਖੁੱਲਾ ਬੂਹਾ ਵਖਾਂਨੀ ਆਂ, ਢਿੱਡ ਵਿੱਚ ਵੱਧਦੇ ਅੱਗ ਦੇ ਗੋਲੇ ਦਾ ਧੂੰ ਮੇਰੇ ਮੂੰਹ ਵਿਚ ਝੱਗ ਬਣ ਕੇ ਕੱਠਾ ਹੋ ਗਿਆ ਏ ।

"ਤਮੀਜ਼ ਵੀ ਕੋਈ ਸ਼ੈਅ ਹੁੰਦੀ ਏ, ਜਾਹਲ ਪਾਕੀ ਰੰਨ" ਉਹ ਜਾਂਦਿਆਂ ਆਹੰਦਾ ਏ ।

ਮੈਂ ਸਾਹ ਲੈਣ ਦਾ ਚਾਰਾ ਕਰਨੀ ਪਈ ਆਂ, ਤਸਨੀਮ ਅੰਦਰ ਵੜਦੀ ਏ ।

"ਬਾਜੀ ਦੇਖਾ ਆਪ ਨੇ, ਫ਼ਲਸਤੀਨੀ ਮੁਸਲਮਾਨੋਂ ਕਾ ਇੰਤਕਾਮ ਹੈ ।" ਉਹ ਪੱਕ ਨਾਲ ਆਹੰਦੀ ਏ ।

"ਕੋਈ ਫ਼ਲਸਤੀਨੀਓਂ ਨੇ ਥੋੜੀ ਜਹਾਜ਼ ਮਾਰਾ ਹੋ ਗਾ । ਯੇਹ ਪਤਾ ਨਹੀਂ ਕੌਣ ਲੋਗ ਹੈਂ, ਆਪ ਖ਼ਾਹ ਮਖ਼ਾਹ ਮਿਲਾ ਰਹੀ ਹੈਂ ।" ਮੈਂ ਫਿਫੜਿਆਂ ਵਿਚ ਵਾਅ ਭਰ ਕੇ ਅੱਗ ਦੇ ਗੋਲੇ ਨੂੰ ਬੁਝਾਣ ਦਾ ਚਾਰਾ ਕਰਨੀ ਆਂ ।

"ਅਰੇ ਬਾਜੀ, ਹੰਮ ਨੇ ਕਿਸੀ ਕੋ ਕਿਸੀ ਸੇ ਕਿਆ ਮਿਲਾਨਾ? ਯੇਹ ਤੋ ਅਬ ਸੀ ਐੱਨ ਐੱਨ ਵਾਲੇ ਮਿਲਾਏਂ ਗੇ । ਅਮਰੀਕਾ ਮੇਂ ਮੁਸਲਮਾਨੋਂ ਪਰ ਕਿਆਮਤ ਆ ਜਾਏਗੀ ਔਰ ਯਹੂਦੀ ਰਾਜ ਕਰੇਂਗੇ" ।

"ਚਾਏ?" ਮੈਂ ਕਿਚਨ ਜਾ ਕੇ ਇਕ ਹੋਰ ਮੱਗਾ ਕੱਢਨੀ ਆਂ ।

"ਨਹੀਂ ਅਭੀ ਟੈਮ ਨਹੀਂ ਹੈ, ਬੱਸ ਪਾਂਚ ਮਿੰਟ ।" ਤਸਨੀਮ ਸੋਫ਼ੇ ਦੀ ਬਾਂਹ ਤੇ ਬਹਿ ਜਾਂਦੀ ਏ "ਤੁਮ੍ਹਾਰੀ ਸਹੇਲੀ ਯਹੂਦਨ ਹੈ ਨਾ?"

"ਕੌਣ?" ਮੈਂ ਪੁੱਛਣੀ ਆਂ ਜਦ ਕਿ ਮੈਨੂੰ ਪਤਾ ਏ, ਤਸਨੀਮ ਜੋਈਨੀ ਦੀ ਗੱਲ ਕਰਦੀ ਪਈ ਏ ਜਿਹਨੂੰ ਉਹ ਮੈਗੀ ਸਮਝਦੀ ਏ ।

"ਵਹੀ ਜੋ ਜ਼ਨਾਨੀ ਕੇ ਸਾਥ ਰਹਿਤੀ ਹੈ" ।

"ਤੋ?" ਮੈਂ ਉਹਦੇ ਵਲ ਮੁੜਨੀ ਆਂ, ਅੱਗ ਦਾ ਗੋਲਾ ਸੀਨੇ ਵਿਚ ਨੂੰ ਸਾੜਨ ਪੈ ਗਿਆ ਏ ।

"ਖ਼ੈਰ ਤੁਮਹਾਰਾ ਕਿਆ ਹੈ, ਤੁਮ ਕੌਨਸੀ ਮੁਸਲਮਾਨ ਹੋ, ਗੁਣਾਹਗਾਰ ।" ਉਹ ਕੁੱਦ ਕੇ ਸੋਫ਼ੇ ਦੀ ਬਾਂਹ ਤੋਂ ਉੱਠਦੀ ਐ ਤੇ ਆ ਮੇਰੇ ਅੱਗੇ ਖਲੋਂਦੀ ਏ ।

ਮੈਂ ਉਹਨੂੰ ਤੱਕਦੀ ਰਹਿ ਜਾਂਨੀ ਆਂ ਤੇ ਇਸ ਤੋਂ ਪਹਿਲੋਂ ਕਿ ਜਵਾਬ ਸੋਚਾਂ ਯਾਂ ਆਵਦੀ ਉਹ ਸੂਰਤ ਪਛਾਣਾਂ ਜਿਹੜੀ ਤਸਨੀਮ ਮੈਨੂੰ ਵਖਾਂਦੀ ਪਈ ਏ, ਖੁਲ੍ਹੇ ਬੂਹੇ ਵਿਚ ਇਕਬਾਲ ਆਣ ਖਲੋਂਦਾ ਏ ।

"ਲਾਹੌਲ ਵਲਾ ਕੂਵੱਤ ਇੱਲਾਹ ਬਿੱਲਾਹ" ਤਸਨੀਮ ਦੁਪੱਟੇ ਨਾਲ ਮੂੰਹ ਕਜਦੀ, ਪੈਰ ਛੋਏਂ ਤੇ ਮਾਰਦੀ ਨਿਕਲ ਜਾਂਦੀ ਏ ।

"ਵੇਖਿਆ?" ਉਹ ਰੱਤੀਆਂ ਅੱਖੀਂ ਨਾਲ ਮੈਨੂੰ ਵੇਹੰਦਾ ਏ ।

ਮੈਂ ਸਿਰ ਹਲਾਨੀ ਆਂ ।

ਅੰਦਰ ਉਹ ਸਿੱਧਾ ਟੀ ਵੀ ਵਲ ਜਾਂਦਾ ਏ, ਉਹਨੂੰ ਬੰਦ ਵੇਖ ਕੇ ਅੱਗੇ ਖਲੋ ਜਾਂਦਾ ਏ ।

"ਮਾਫ਼ੀ ਮੰਗਣ ਆਇਆਂ" ਉਹ ਨਿਊਯਾਰਕ ਦੇ ਅਲੋਪ ਦੋਜ਼ਖ਼ ਅੱਗੇ ਖਲਾ ਮੈਥੋਂ ਮਾਫ਼ੀ ਮੰਗਦਾ ਏ ।

ਸੁਰਤ ਕੋ ਨੀ ਕੀ ਆਖਾਂ, ਅੱਗ ਦਾ ਗੋਲਾ ਢਿੱਡ ਦੇ ਤਲ ਵਿਚ ਏ ।

"ਮਾਫ਼ੀ" ਉਹ ਵੱਲ ਆਹੰਦਾ ਏ ।

"ਤੇਰਾ ਖ਼ਿਆਲ ਏ, ਮੈਂ ਗੁਨਾਹਗਾਰ ਆਂ?" ਮੈਂ ਬਿਨਾਂ ਸੋਚੇ ਪੁੱਛਣੀ ਆਂ ।

"ਕੀ?"

"ਦੱਸ" ।

ਉਹ ਹੱਸਦਾ ਏ, ਉਹਦੀ ਖਿਲ ਇਕ ਗੰਦੀ ਵਾਜ ਵਿਚ ਬਦਲ ਜਾਂਦੀ ਏ ।

"ਜਦ ਤਾਈਂ ਤੂੰ ਮੇਰੇ ਨਾਲ ਵਿਆਹ ਨਹੀਂ ਕਰਦੀ, ਮੁਸਲਮਾਨਾਂ ਤੇ ਸਿੱਖਾਂ ਦੋਵੇਂ ਲਈ ਗੁਨਾਹਗਾਰ ਏਂ । ਮੇਰੇ ਨਾਲ ਵਿਆਹ ਕਰ ਲੈ ਸਕੀਨਾ, ਪਲੀਜ਼" ।

ਯਕੀਨ ਨਹੀਂ ਆਂਦਾ ਉਹ ਹੁਣ ਵੀ ਮੈਨੂੰ ਇਹ ਆਹੰਦਾ ਪਿਆ ਏ ।

"ਮੈਂ ਤੈਨੂੰ ਮਾਫ਼ ਕੀਤਾ" ਮੈਂ ਆਹਨੀ ਆਂ ।

"ਪੱਕੀ ਗੱਲ?"

"ਤੇ ਤੇਰੇ ਕੋਲ ਪੰਜ ਮਿੰਟ ਨੇਂ" ।

"ਐਵੇਂ ਨਾ ਕਰ ਸਕੀਨਾ, ਸਿਚੁਏਸ਼ਨ ਤੇਜ਼ੀ ਨਾਲ ਬਦਲਦੀ ਪਈ ਏ । ਤੈਨੂੰ ਪਹਿਲੋਂ ਤੋਂ ਵੱਧ ਮੇਰੀ ਲੋੜ ਹੋਵੇਗੀ" ।

ਮੈਂ ਕਾਊਂਟਰ ਵੱਲ ਮੁੜਨੀ ਆਂ, ਚਾਅ ਦੇ ਮੱਗੇ ਵਿਚ ਇਕ ਬੇਸਵਾਦੀ ਸ਼ੈਅ ਸੁੜਕੀਜਣ ਲਈ ਮੇਰੀ ਉਡੀਕ ਵਿਚ ਏ ।

"ਜਦ ਮੈਂ ਬੇਬੇ ਤੋਂ ਗਾਲ੍ਹਾਂ ਖਾ ਕੇ ਵੇੜ੍ਹਿਉਂ ਨਿਕਲਿਆ, ਕਾਵੜ ਮੈਨੂੰ ਅੰਨ੍ਹਿਆਂ ਕੀਤਾ ਹੋਇਆ ਸੀ । ਕੋਈ ਹੋਰ ਸ਼ਾਮ ਹੁੰਦੀ ਤੇ ਮੈਂ ਸਰਦਾਰ ਦੀ ਬੈਠਕ ਜਾ ਜਵਾਨਾਂ ਨਾਲ ਬਹਿੰਦਾ, ਹੁੱਕਾ ਪਾਣੀ ਪੀਂਦਾ" ।

ਤਸਨੀਮ ਹਾਰ ਉਹ ਵੀ ਸੋਫ਼ੇ ਦੀ ਬਾਂਹ ਤੇ ਬਹਿ ਜਾਂਦਾ ਏ ਜਿਵੇਂ ਇਹ ਕਿਸੇ ਰੁੱਖ ਦੀ ਮੋਟੀ ਲਗ਼ਾਰ ਹੋਵੇ ।

"ਉਹ ਰੋਜ਼ ਦਿਹਾੜੇ ਵਾਲੀ ਸ਼ਾਮ ਨਹੀਂ ਸੀ । ਉਸ ਇਕ ਦਿਹਾੜੇ ਮੈਨੂੰ ਆਵਦੇ ਯਾਰਾਂ ਸੱਕਿਆਂ ਹੱਥੋਂ ਕੁੱਟ ਪਈ, ਮੇਰੀ ਵੋਹਟੀ ਸਾਰੇ ਪਿੰਡ ਮੂਹਰੇ ਮੈਨੂੰ ਨਿਰਆਦਰ ਕੀਤਾ ਤੇ ਮੇਰੀ ਮਾਂ ਮੈਨੂੰ ਈ ਦੋਸ਼ ਦਿੱਤਾ" ਗਾਮੂ ਉੱਠ ਕੇ ਟੁਰ ਪੈਂਦਾ ਏ "ਮੈਂ ਕਬਰਾਂ ਤੇ ਜਾ ਆਵਦੇ ਪਿਓ ਦੀ ਰੂਹ ਨਾਲ ਦੁਖ ਫੋਲਣਾ ਸੀ ਪਰ ਗੋਲ ਬਾਗ਼ ਲਾਗੇ ਸ਼ੀਦੇ ਮੈਨੂੰ ਫੜ ਲਿਆ । ਉਹਦੇ ਕੋਲ ਤੇਰੇ ਭਰਾ.... ਦੀ ਵ੍ਹਿਸਕੀ ਸੀ" ।

ਮੇਰੇ ਭਰਾ ਦੀ ਵ੍ਹਿਸਕੀ, ਅੱਗ ਦਾ ਗੋਲਾ ਮੱਚ ਪੈਂਦਾ ਏ ।

"ਉਸ ਵੇਲੇ ਮੈਨੂੰ ਪੱਕ ਸੀ ਬਈ ਮੈਂ ਮੁੜ ਉਨ੍ਹਾਂ ਪਾਗਲ ਰੰਨਾਂ ਕੋਲ ਨਹੀਂ ਜਾਣਾ" ।

"ਅੰਮਾਂ ਜ਼ੈਨਬ ਤੇ ਜੀਨੋ?"

"ਜੋ ਵੀ" ਉਹ ਸਿਰ ਹਲਾ ਕੇ ਉਨ੍ਹਾਂ ਦਾ ਚੇਤਾ ਪਰਾਂਹ ਕਰਦਾ ਏ "ਸ਼ੀਦਾ ਮੈਨੂੰ ਸਰਦਾਰ ਕੋਲ ਲੈ ਗਿਆ, ਮੈਂ ਹੋਰ ਪੀਤੀ । ਜਵਾਨ ਮੇਰੀ ਫੱਕੜੀ ਲਾਂਦੇ ਪਏ ਸਨ, ਉੱਤੋਂ ਮੋਲਵੀ ਆ ਗਿਆ, ਉਸ ਮੇਰਾ ਸਾਥ ਦਿੱਤਾ ਪਰ ਸਰਦਾਰ ਦਾ ਹੁਕਮ ਹੋਇਆ ਬਈ ਮੋਲਵੀ ਨੂੰ ਜਾਣ ਤੋਂ ਰੋਕਾਂ । ਮੈਂ ਉਹਦੇ ਗਿੱਟੇ ਫੜ, ਰੋਕ ਲਿਆ । ਮੁਨਸ਼ੀ ਉਹਦੇ ਮੂੰਹ ਵਿਚ ਸ਼ਰਾਬ ਚਵਾਈ" ।

"ਇਹ ਕਿਸੇ ਸ਼ੈਅ ਦੇ ਕਾਰਨ ਨੇਂ ਜਿਹੜੀ ਤੂੰ ਮਗਰੋਂ ਕੀਤੀ?"

"ਨਹੀਂ ਮੈਂ ਤੈਨੂੰ ਦੱਸਣਾ ਪਿਆਂ ਕਿ ਉਹ ਕਿਵੇਂ ਹੋਇਆ । ਅਠਾਰ੍ਹਾਂ ਵਰ੍ਹੇ ਦਾ ਸਾਂ ਤੇ ਮੈਂ ਹਯਾਤੀ ਵਿਚ ਦੂਜੀ ਵਾਰੀ ਸ਼ਰਾਬ ਪੀਤੀ ਸੀ"।

"ਠੀਕ ਏ" ਅੱਗ ਤੇ ਸੁਰਤ ਦਾ ਪਾਣੀ ਸੁੱਟਦੀ ਆਹਨੀ ਆਂ ਤੇ ਆਵਦੇ ਆਪ ਨੂੰ ਸਿੰਗਲ ਸੋਫ਼ੇ ਤੇ ਡੇਗ ਦੇਂਨੀ ਆਂ ।

"ਮੁੜ ਸ਼ੀਦਾ ਮੈਨੂੰ ਧੱਕੇ ਦਿੰਦਾ, ਠੁੱਡੇ ਮਾਰਦਾ ਕਿਧਰੇ ਲਈ ਜਾਂਦਾ ਸੀ, ਅਸੀਂ ਘੁੱਲਣ ਲੱਗ ਪਏ । ਮੈਂ ਟਰੈਂਚਾਂ ਵਿਚ ਡਿੱਗਿਆ, ਉੱਥੇ ਬਾਲਾਂ ਦੀ ਲਕੋਈ ਕੁਹਾੜੀ ਪਈ ਸੀ । ਮੈਂ ਉਹਦੇ ਤੇ ਲੰਮਾ ਪੈ ਗਿਆ, ਸ਼ੀਦੇ ਜਾਣਿਆ ਮੈਂ ਸੌਂ ਗਿਆ ਆਂ, ਉਹ ਟੁਰ ਗਿਆ । ਮੈਂ ਉੱਥੇ ਕਿੰਨਾ ਚਿਰ ਪਿਆ ਰਿਹਾ, ਸ਼ਰਾਬ ਰਹਿਣ ਨਹੀਂ ਸੀ ਦਿੰਦੀ ਤੇ ਕਾਵੜ ਮੈਨੂੰ ਸੌਣ ਨਹੀਂ ਸੀ ਦਿੰਦੀ । ਅਖ਼ੀਰ ਸਰਦਾਰ ਤੇ ਜਵਾਨਾਂ ਦੇ ਹੱਸਣ ਦੀਆਂ ਵਾਜਾਂ ਕੰਮ ਕੀਤਾ । ਕੁਹਾੜੀ ਕੋਲ ਸੀ, ਮੈਂ ਜੀਨੋ ਨੂੰ ਦੱਸਣਾ ਚਾਹੁੰਦਾ ਸਾਂ.... ਮੈਂ...."

"ਕਿਉਂ?"

ਉਹ ਮੂੰਹ ਮੀਟ ਕੇ ਮੈਨੂੰ ਵੇਹੰਦਾ ਏ ।

"ਤੂੰ ਜੀਨੋ ਨੂੰ ਕੀ ਦੱਸਣਾ ਚਾਹੁੰਦਾ ਸੈਂ?"

ਉਹਨੇ ਇੰਜ ਮੈਨੂੰ ਤੱਕਿਆ ਕਿ ਮਾਂ ਜੀ ਚੇਤੇ ਆ ਗਏ, ਉਨ੍ਹਾਂ ਦੀ ਉਹ ਤੱਕਣੀ ਜਿਹੜੀ ਆਹੰਦੀ ਏ ਕਿ ਮੈਨੂੰ ਆਪ ਜਵਾਬ ਦੀ ਸਾਰ ਹੋਣੀ ਚਾਹੀਦੀ ਸੀ ।

"ਜੋ ਮੇਰੇ ਨਾਲ ਹੋਇਆ, ਜੀਨੋ ਉਹਦਾ ਕਾਰਨ ਸੀ" ਉਹ ਪੈਰਾਂ ਤੇ ਹੋ ਖਲੋਂਦਾ ਏ "ਉਹਨੇ ਬੇਗ਼ਮ ਨੂੰ ਜਾ ਦੱਸਿਆ, ਕੰਜਰੀ...."

"ਨਹੀਂ । ਉਹਨੇ ਨਹੀਂ ਦੱਸਿਆ"।

"ਤੈਨੂੰ ਕਿਵੇਂ ਪਤਾ ਏ, ਤੂੰ ਤੇ ਸੱਤ ਵਰ੍ਹਿਆਂ ਦੀ ਬਾਲੜੀ ਸੈਂ?"

"ਪਰ ਅੰਨ੍ਹੀ ਬੋਲੀ ਤੇ ਨਹੀਂ ਸਾਂ, ਮੈਂ ਸੱਭ ਕੁੱਝ ਵੇਖਿਆ ਤੇ ਸੁਣਿਆ"।

ਕੁੱਝ ਚਿਰ ਉਹ ਮੈਨੂੰ ਦੂਰ ਵੇਹੰਦੀਆਂ ਅੱਖੀਂ ਨਾਲ ਵੇਹੰਦਾ ਏ ।

ਮੈਂ ਉਡੀਕਣੀ ਆਂ ।

"ਮੈਨੂੰ ਚੇਤੇ ਕੋ ਨੀ ਤੂੰ ਕਿੱਥੇ ਸੈਂ" ਉਹ ਅਖ਼ੀਰ ਆਹੰਦਾ ਏ ।

"ਮੈਂ ਆਵਦੇ ਕਮਰੇ ਦੀ ਬਾਰੀ ਪਿੱਛੇ ਸਾਂ ਜਦ ਉਨ੍ਹਾਂ ਤੈਨੂੰ ਕੁੱਟਣਾ ਛੋਹਿਆ"।

ਇਕਬਾਲ ਦਾ ਰੰਗ ਪੀਲਾ ਪੈ ਜਾਂਦਾ ਏ, ਉਹ ਮੈਥੋਂ ਅੱਖੀਂ ਚੁਰਾ ਲੈਂਦਾ ਏ ।

"ਅੰਦਰਲੇ ਚੁੱਲ੍ਹੇ ਦੇ ਬੂਹੇ ਮਗਰ ਸਾਂ ਜਦ ਮਾਂ ਜੀ ਦੋਵੇਂ ਵਾਰੀ ਤੇਰੇ ਨਾਲ ਗੱਲ ਬਾਤ ਕੀਤੀ । ਬਾਹਰਲੇ ਚੁੱਲ੍ਹੇ ਦੇ ਥੰਮ ਮਗਰ ਸਾਂ ਜਦ ਮਾਂ ਜੀ ਜੀਨੋ ਦੇ ਜ਼ਖ਼ਮੀ ਹੱਥ ਤੇ ਵੀਣੀਆਂ ਵੇਖੀਆਂ । ਮੈਨੂੰ ਚੇਤੇ, ਜੀਨੋ ਮਾਂ ਜੀ ਤੋਂ ਲਕੋਂਦੀ ਪਈ ਸੀ । ਏਨੀ ਨੇੜੇ ਸਾਂ ਮੈਨੂੰ ਉਹਦੇ ਫੱਟਾਂ ਦੇ ਰੰਗ ਵੀ ਨਜ਼ਰੀਂਦੇ ਪਏ ਸਨ । ਜੇ ਦੱਸੇ ਆ ਤੇ ਚੰਗਾ ਸੀ ਪਰ ਉਹਨੇ ਮਾਂ ਜੀ ਨੂੰ ਕੋ ਨੀ ਦੱਸਿਆ"।

ਉਹ ਕੁੱਝ ਨਹੀਂ ਆਹੰਦਾ ।

ਮੈਨੂੰ ਸਭੋ ਕੁੱਝ ਚੇਤੇ ਆਜਾਂਦਾ ਏ । ਸ਼ੀਦਾ, ਜੀਜੂ, ਗਾਮੂ, ਕੁੱਤੇ, ਫ਼ੌਜਾਂ, ਤੋਤੀ, ਅੱਯੋ, ਜੀਨੋ, ਮਾਂ ਜੀ, ਅੰਮਾਂ ਜ਼ੈਨਬ, ਖ਼ੋਰਸ਼ੈਦੀ, ਅੰਮਾਂ ਜੀਵਾਂ, ਹੱਸੂ, ਬਾਉ, ਮੌਲਵੀ ਜੀ, ਕਲਸੂਮ, ਬੂਆ ਮਜੀਦਨ, ਨਿਰਮਲਾ, ਮੁਨਸ਼ੀ ਜੀ, ਮਾਸੀ ਉਮਰਾਂ, ਨੂਰੋ .... ਹਾਏ ।

"ਮੈਨੂੰ ਏਨੀ ਚੜ੍ਹੀ ਹੋਈ ਸੀ ...." ਉਹ ਕਹਿੰਦਾ ਏ ।

"ਤੂੰ ਕਹਿੰਨਾ ਏਂ ਬਈ ਤੈਥੋਂ ਇਹ ਕੰਮ ਸ਼ਰਾਬ, ਮੇਰੇ ਭਰਾ ਤੇ ਕੁੱਝ ਝੱਲੀਆਂ ਜ਼ਨਾਨੀਆਂ ਕਰਾਇਆ?"

"ਨਹੀਂ, ਪਰ .... ਮੈਂ ਨਸ਼ੇ ਵਿੱਚ ਸਾਂ, ਤੂੰ ਮੈਨੂੰ ਕਿਉਂ ਨਾ ਹਟਕਿਆ?"

"ਮੈਂ? ਮੈਂ ਕਾਹਦੇ ਜੋਗੀ ਸਾਂ?" ਮੈਨੂੰ ਜਾਪਦਾ ਏ ਮੇਰੇ ਕੰਨ ਠੀਕ ਕੰਮ ਨਹੀਂ ਪਏ ਕਰਦੇ ।

"ਮਾਸਟਰਬੇਟ ਕਰਨ ਜੋਗੀ ਤੇ ਸੈਂ" ।

ਆਹ ?

"ਮੈਂ ਵੀ ਕੋਈ ਏਡਾ ਸਿਆਣਾ ਨਹੀਂ ਸਾਂ । ਸੁਣ, ਜੋ ਹੋਇਆ ਮੈਨੂੰ ਉਹਦਾ ਡਾਢਾ ਰੰਜ ਏ, ਮੈਂ ਉਸ ਜ਼ਨਾਨੀ ਦੇ ਟੱਬਰ ਨੂੰ ਕਸਾਸ ਵੀ ਦਿੱਤਾ ਏ, ਹੋਰ ਕੀ ਕਰਾਂ?"

"ਤੂੰ ਹੁਣੇ ਇਸ ਤੋਂ ਪਹਿਲੋਂ ਕੀ ਆਖਿਆ ਸੀ?" ਮੇਰੀ ਵਾਜ ਮੁੜ ਆਂਦੀ ਏ, ਪਰ ਕਿਆ ਮੈਂ ਉਹੋ ਗੱਲ ਵਲਾ ਸੁਣਨਾ ਚਾਹੁੰਨੀ ਆਂ?

"ਸੋਰੀ, ਮੇਰਾ ਇਹ ਮਤਲਬ ...."

"ਤੂੰ ਕਸਾਸ ਕਿੱਦਣ ਤੇ ਕਿਹਨੂੰ ਦਿੱਤਾ?"

"ਪਿਛਲੇ ਵਰ੍ਹੇ ਜਦ ਮੈਂ ਐਬਟਸਫ਼ੋਰਡ ਵਾਲਾ ਘੱਰ ਵੇਚਿਆ ਸੀ" ।

"ਕਿੰਨੇ?"

"ਤੂੰ ਇਹ ਕੀ ....?"

"ਅਈਓ ਦੇ ਟੱਬਰ ਨੂੰ ਤੂੰ ਕਿੰਨੇ ਭੇਜੇ ਤੇ ਕਿੱਥੇ ਭੇਜੇ, ਕਿਉਂ ਜੇ ਉਹ ਲਵਾਰਸ ਸੀ"।

"ਪੰਜ ਸੌ ਅਈਓ ਲਈ ਅੰਮਾਂ ਇਬਰਾ ਦੇ ਘਰ, ਤੇ ਹਜ਼ਾਰ ਆਵਦੇ ਘਰ" ।

"ਤੂੰ ਚਾਰ ਸੌ ਹਜ਼ਾਰ ਡਾਲਰ ਦੀ ਸੇਲ ਕੀਤੀ ਤੇ ਉਨ੍ਹਾਂ ਨੂੰ ਉੱਕਾ ਡੇਢ ਹਜ਼ਾਰ?" ਮੈਂ ਸੀਟ ਛੱਡ, ਜਾ ਉਹਦੇ ਲਈ ਬੂਹਾ ਖੋਲਨੀ ਆਂ ।

ਉਹ ਚੁੱਪ ਚੁਪੀਤਾ ਟੁਰ ਜਾਂਦਾ ਏ ।

ਮੈਂ ਬੂਹਾ ਲਾ, ਭੱਜ ਕੇ ਸਾਹ ਲੈਣ ਬਾਲਕਨੀ ਨੂੰ ਜਾਂਨੀ ਆਂ । ਦੂਜਾ ਰਸਤਾ ਵਾਸ਼ ਰੂਮ ਵਿੱਚ ਉਲਟੀਆਂ ਕਰਨ ਦਾ ਸੀ ।

ਵੱਲ ਕਿਚਨ ਜਾ, ਵੈਲੀਅਮ ਦੀ ਸ਼ੀਸ਼ੀ ਵਿੱਚੋਂ ਦੋ ਗੋਲੀਆਂ ਕੱਢਨੀ ਆਂ । ਜਿਹੜੀ ਚਾਹ ਪਹਿਲੋਂ ਬਣਾਈ ਸੀ, ਉਵੇਂ ਦੀ ਉਵੇਂ ਕਾਊਂਟਰ ਤੇ ਪਈ ਏ । ਮੱਗਾ ਸਾਫ਼ ਕਰ, ਮੱਗੇ ਨੂੰ ਦੁੱਧ ਨਾਲ ਭਰ, ਜ਼ਰਾ ਤੱਤਾ ਕਰ, ਸ਼ਹਿਦ ਪਾ, ਕਾਫ਼ੀ ਟੇਬਲ ਤੇ ਲੈਲਾ ਖ਼ਾਲਿਦ ਦੀ ਮੂਰਤ ਲਾਗੇ ਰੱਖਣੀ ਆਂ । ਰਜ਼ਾਈ ਵਲ੍ਹੇਟ ਕੇ ਸੋਫ਼ੇ ਤੇ ਬਹਿ, ਗੋਲੀਆਂ ਮਿੱਠੇ ਦੁੱਧ ਨਾਲ ਲੰਘਾਂਨੀ ਆਂ । ਖ਼ੋਰੇ ਵੈਲੀਅਮ ਛੇਤੀ ਅਸਰ ਚਾ ਕਰੇ ।

ਮਗਰੋਂ, ਫ਼ੋਨ ਟੋਲਦੀ ਮੈਂ ਮੇਜ਼ ਵਿਚ ਲੱਗਨੀ ਆਂ ।

ਅੱਖਾਂ ਖੋਲਨੀ ਆਂ ਤੇ ਫ਼ੋਨ ਵੱਜਦਾ ਪਿਆ ਏ, ਟੱਲੀਆਂ ਨਾਲ ਉਹਦੀਆਂ ਲਾਲ ਬੱਤੀਆਂ ਬਲਦੀਆਂ ਬੁੱਝਦੀਆਂ ਨੇਂ ।

"ਹੈਲੋ" ਮੈਂ ਰਿਸੀਵਰ ਵਿਚ ਆਹਨੀ ਆਂ ।

"ਗੁੱਡੀ, ਝਬਦੇ ਆ ਫ਼ਾਰਮ ਤੇ"

"ਕੌਣ?" ਮੈਂ ਵਾਜ ਪਛਾਨਣ ਦਾ ਕਰਨੀ ਆਂ ।

"ਮੈਂ ਮਨਜੀਤ ਬੋਲਦੀ ਆਂ, ਤੂੰ ਛੇਤੀ ਆਜਾ, ਇਕਬਾਲ ਜ਼ਖਮੀ ਹੋਗਿਆ"
"ਕੀ? ਕੀ ਹੋਇਆ?"
"ਗੋਰਿਆਂ ਗੋਲੀਆਂ ਮਾਰ ਦਿੱਤੀਆਂ"
"ਕਿਹੜੀਆਂ ਗੋਲੀਆਂ?"
"ਫ਼ਾਰਮ ਤੇ । ਦੱਸ ਬਾਰ੍ਹਾਂ ਜਿਣੇ ਸੀਗੇ, ਇਹ ਤਿਨੋਂ ਡੂੰਕ । ਹਾਂ, ਤੂੰ ਹੁਣੇ ਆ" ।
ਫ਼ੋਨ ਬੰਦ ਹੋ ਜਾਂਦਾ ਏ ।
ਕਿਧਰੇ ਕੋਈ ਜ਼ਨਾਨੀ 'ਅੰਬ ਕਿੱਦਣ ਔਣੇ ਆ?' ਦੀ ਤਕਰਾਰ ਲਾਈ ਪਈ ਏ।

# ਰੌਲਾ

"ਸੱਰੀ ਆਰ ਸੀ ਐਮ ਪੀ, ਮਾਦਾਮ"।

ਟੋਰੰਟੋ ਮੈਟਰੋ ਪੁਲਿਸ? ਮੈਂ ਰਜ਼ਾਈ ਵਿੱਚੋਂ ਮੂੰਹ ਕੱਢਣੀ ਆਂ।

ਲਿਵਿੰਗ ਰੂਮ ਦਿਨ ਦੇ ਚਾਨਣ ਵਿੱਚ ਉਜਾੜ ਏ, ਬਾਲਕਨੀ ਦੇ ਬੂਹੇ ਬਾਹਰ ਧੁੰਦ ਦਾ ਨਿਸ਼ਾਨ ਵੀ ਨਹੀਂ।

ਬੂਹਾ ਵੱਲ ਖਟਕਦਾ ਏ।

ਰਜ਼ਾਈ ਪਰਾਂਹ ਕਰ ਉਠਨੀ ਆਂ, ਮੇਰਾ ਸਿਰ ਪੱਥਰ ਤੇ ਲੱਤਾਂ ਫੀਲੀਆਂ ਨੇਂ।

"ਸੱਰੀ ਆਰ ਸੀ ਐਮ ਪੀ, ਪਲੀਜ਼ ਬੂਹਾ ਖੋਲੋ"।

ਫ਼ੈਡਰਲ ਇੰਟੈਲੀਜੰਸ ਏਜਨਸੀ? ਮੈਂ ਨਿੱਕੀ ਅੱਖ ਵਿੱਚੋਂ ਤੱਕੇ ਬਿਨਾਂ ਬੂਹਾ ਖੋਲ ਦੇਂਨੀ ਆਂ।

"ਅਸੀਂ ਅੰਦਰ ਆ ਸਕਣੇ ਆਂ?" ਇਕ ਯੂਨੀਫ਼ਾਰਮ ਬੂਹੇ ਬਾਹਰੋਂ ਪੁੱਛਦਾ ਏ।

ਹੁਣ ਜੇ ਮੈਂ ਆਖਾਂ 'ਨਹੀਂ ਤੁਸੀਂ ਅੰਦਰ ਨਹੀਂ ਆ ਸਕਦੇ' ਤੇ ਕਿਆ ਇਨ੍ਹਾਂ ਮੁੜ ਜਾਣਾ ਏ?

ਮੈਂ ਪਾਸੇ ਹੋ, ਉਨ੍ਹਾਂ ਨੂੰ ਅੰਦਰ ਆਣ ਦੀ ਜਾਅ ਦੇਂਨੀ ਆਂ।

ਅੱਖਾਂ ਖੁੱਲ੍ਹੀਆਂ ਰੱਖਣ ਔਖਾ ਏ, ਜਿਹੜੀ ਸ਼ੈਅ ਤੇ ਨਿਗਾਹ ਪਾਵਾਂ ਉਹਦੇ ਤੇ ਰੱਤੇ ਘੱਟੇ ਦਾ ਗ਼ੁਬਾਰ ਏ। ਮੈਂ ਮੁੜ ਸੋਫ਼ੇ ਤੇ ਆ ਢਹਿੰਨੀ ਆਂ।

"ਅਸੀਂ ਕਲੋਵਰਡੇਲ ਦੇ ਇਕਬਾਲ ਸਿੰਘ ਤੇ ਮਹਿੰਗਾ ਸਿੰਘ ਦੇ ਕਤਲ ਦੀ ਛਾਣ ਪੜਤਾਲ ਕਰਨੇ ਪਏ ਆਂ " ਬੰਦਾ ਆਹੰਦਾ ਏ ਤੇ ਵੱਲ ਪੁੱਛਦਾ ਏ "ਤੁਹਾਨੂੰ ਇੰਟਰਪਰੇਟਰ ਦੀ ਲੋੜ ਏ?"

ਭਾਵੇਂ ਤਮੀਜ਼ਦਾਰ ਹੋਣ, ਪੁਲਸ ਵਾਲੇ ਮੈਨੂੰ ਵੱਲ ਵੀ ਡਰਾਕਲੇ ਲਗਦੇ ਨੇਂ । ਮੈਂ ਆਖਣਾ ਚਾਹੁੰਦੀ ਸਾਂ ਬਈ ਉਹ ਸਿੱਖ ਨਹੀਂ ਮੁਸਲਮਾਨ ਏ ਪਰ ਮੇਰੇ ਮੂੰਹੋਂ ਨਿਕਲਦਾ ਏ "ਅਚਰਜ ਏ, ਉਹਨੇ ਵੀ ਅਈਓ ਨੂੰ ਕਤਲ ਕੀਤਾ ਸੀ"।

"ਇਹ ਅਈਓ ਕੌਣ ਏ?" ਉਹ ਪੁੱਛਦਾ ਏ ।

"ਸਾਡੇ ਪਿੰਡ ਦੀ ਕੁੜੀ" ਮੈਂ ਰਜ਼ਾਈ ਵਲ੍ਹੇਟ ਲੈਂਨੀ ਆਂ ।

"ਕਿਹੜਾ ਪਿੰਡ?"

"ਗਾਮੂ ਨੇ ਅਈਓ ਨੂੰ ਜੀਨੋ ਦੇ ਭੁਲੇਖੇ ਮਾਰਿਆ" ਚੱਕਰ ਵਧਦੇ ਜਾਂਦੇ ਨੇਂ, ਮੈਂ ਸਿਰ ਸਿਰਹਾਣੇ ਤੇ ਰੱਖ ਦੇਂਨੀ ਆਂ ।

"ਗਾਮੂ ਕੌਣ ਏ?"

"ਇਕਬਾਲ ਸਿੰਘ" ਮੈਂ ਆਹਨੀ ਆਂ ਭਾਵੇਂ ਇਕਬਾਲ ਤੇ ਗਾਮੂ ਦਾ ਜੋੜ ਨਹੀਂ ਰਲਦਾ ।

ਪੁਲਿਸ ਵਾਲਾ ਲਿਖਣਾ ਛੋੜ, ਪੁਲਿਸ ਵਾਲੀ ਨਾਲ ਗੱਲ ਬਾਤ ਕਰਦਾ ਏ ।

ਲਾਹੌਰ ਇਹਨੂੰ 'ਲੇਡੀ ਪੁਲਸ' ਆਖਾਂਗੇ ਜਿਵੇਂ 'ਲੇਡੀ ਡਾਕਟਰ'।

"ਮਿਜ਼ ਬੁਰਹਾਨ, ਤੁਹਾਡੇ ਟੱਬਰ ਵਿੱਚੋਂ ਇੱਥੇ ਕੌਣ ਏ?" ਜ਼ਨਾਨੀ ਪੁੱਛਦੀ ਏ ।

"ਕੋਈ ਨਹੀਂ"।

"ਤੁਹਾਡੇ ਵਾਰਸਾਂ ਵਿਚ ਕਿਹਦਾ ਨਾਂ ਲਿਖੀਏ?"

ਮੈਂ ਸੋਚਣੀ ਆਂ । ਭਾ ਦੂਰ ਏ, ਇਕਬਾਲ ਗਾਮੂ ਏ, ਮਾਂ ਜੀ ਜੰਨਤ ਵਿਚ, ਬਰੈਂਡਾ ਟੋਰੰਟੋ, ਜੋਈਨੀ ਵੈਨਕੋਵਰ, ਮਨਜੀਤ ਕਲੋਵਰਡੇਲ ਤੇ ਲਿੰਡਾ ਬਿਮਾਰ ।

"ਤਸਨੀਮ" ਮੈਂ ਆਹਨੀ ਆਂ "ਫ਼ੋਨ ਨੰਬਰ ਫ਼ਰਿੱਜ ਤੇ"।

"ਦੋਸਤ?"

"ਗਵਾਂਢਣ"।

ਉਹ ਦੋਵੇਂ ਚਲੇ ਜਾਂਦੇ ਨੇਂ ।

ਤਸਨੀਮ ਦਾ ਬੂਹਾ ਖੁੱਲਣ ਦੀ ਵਾਜ ਆਂਦੀ ਏ ।

"ਅਰੇ ਬਾਜੀ, ਪੁਲਿਸ ਜਾ ਰਹੇ ਥੇ ਕਿਆ? ਤੁਮਹਾਰੇ ਮੀਆਂ ਕਤਲ ਹੋ ਗਏ ਔਰ ਤੁਮਹੀ ਕੋ ਤੰਗ ਕਰ ਰਹੇ ਹੈਂ?" ਤਸਨੀਮ ਅੰਦਰ ਆਂਦਿਆਂ ਆਹੰਦੀ ਏ ।

"ਤਸਨੀਮ ਬੇਹਨ, ਵੋਹ ਮੇਰੇ ਨਹੀਂ, ਜੀਨੋ ਕੇ ਮੀਆਂ ਥੇ"।

"ਜੀਨੋ ਕੌਨ ਹੈਂ? ਇੰਡੀਆ ਮੇਂ ਉਨ ਕੀ ਬਹੂ?"

"ਪਾਕਿਸਤਾਨ ਮੇਂ"।

"ਉਈ ਅੱਲਾਹ, ਤਭੀ ਤੁਮ ਸ਼ਾਦੀ ਨਹੀਂ ਕਰ ਰਹੀ ਥੀਂ? "

"ਆਪ ਯੇ ਬਤਾਏਂ ਕਿ ਆਪ ਨੇ ਮੁਝੇ ਗੁਨਾਹਗਾਰ ਕਿਉਂ ਕਹਾ?" ਮੈਂ ਪੁੱਛਣੀ ਆਂ ।

"ਅਰੇ ਤੋ ਔਰ ਕਿਆ ਕਹੇਂ?" ਤਸਨੀਮ ਅਸਲੋਂ ਮੰਮੀ ਜੀ ਹਾਰ ਹਰ ਵੇਲੇ ਲੜਨ ਲਈ ਜਿਵੇਂ ਤਿਆਰ ਰਹਿੰਦੀ ਏ ।

"ਕਿਆ ਮਤਲਬ?"

"ਏਕ ਗ਼ੈਰ ਮੁਸਲਿਮ ਕੇ ਸਾਥ ਇਧਰ ਐਸ਼ ਕਰਤੀ ਥੀ, ਕਿਆ ਖ਼ਬਰ ਬਾਹਰ ਕਿਸ ਕਿਸ ਕੇ ਸਾਥ ਮੂੰਹ ਕਾਲਾ ਕਰਤੀ ਹੋ । ਤੁਮਹੇਂ ਕਭੀ ਸਜਦਾ ਕਰਤੇ ਦੇਖਾ ਨਹੀਂ, ਤੋਬਾ ਕਾ ਹਰਫ਼ ਮੂੰਹ

ਸੇ ਨਿਕਲਤੇ ਨਹੀਂ ਸੁਣਾ । ਗੁਨਾਹਗਾਰ ਨਹੀਂ ਤੋ ਔਰ ਕਿਆ ਕਹੇਂ?" ਉਹ ਆਹੰਦੀ ਏ ਤੇ ਕਿਚਨ ਦੇ ਫ਼ਰਸ਼ ਤੇ ਸੁੱਕੀ ਕੋੜੀ ਥੁੱਕ ਸੁੱਟਦੀ ਏ ।

"ਗੈੱਟ ਆਊਟ" ਮੈਂ ਚੀਕਣੀ ਆਂ, ਝੱਗ ਨਾਲ ਭਰੇ ਮੂੰਹ ਵਿੱਚੋਂ ਉਹ ਸਾਰੇ ਨਿਰਆਦਰ ਅੱਖਰ ਨਿਕਲਦੇ ਨੇਂ ਜਿਹੜੇ ਅੱਜ ਤੋੜੀ ਮੇਰੇ ਕੰਨਾਂ ਸੁਣੇ ।

ਤਸਨੀਮ ਕੁੱਝ ਆਹੰਦੀ ਏ, ਮੈਂ ਇੱਕੋ ਰੋਰੀ ਉਠ ਕੇ ਉਹਦੇ ਢਿੱਡ ਵਿੱਚ ਸਿਰ ਠੋਕ, ਉਹਨੂੰ ਕੰਧ ਵਿਚ ਮਾਰਨੀ ਆਂ ।

"ਅੱਲਾਹੋ ਅਕਬਰ" ਤਸਨੀਮ ਨਾਅਰਾ ਮਾਰ ਕੇ ਮੈਨੂੰ ਭੋਏਂ ਤੇ ਸੁੱਟਦੀ ਏ ।

ਫ਼ਰਸ਼ ਤੇ ਢਹਿੰਦਿਆਂ ਈ ਸੀਨ ਬਦਲ ਜਾਂਦਾ ਏ ।

ਲਾਲ ਟਾਈਲਾਂ ਪਹਿਲੋਂ ਤੋਂ ਨਿੱਕੀਆਂ ਨੇਂ, ਮੰਮੀ ਜੀ ਉੱਚੀ ਉੱਚੀ ਬੋਲਦੇ ਪਏ ਨੇਂ, ਇਹਤਸ਼ਾਮ ਟਰੇ ਚਾ ਕੇ ਮੇਰੇ ਵਲ ਆਂਦਾ ਪਿਆ ਏ ।

ਮੈਂ ਰੋਣ ਲੱਗ ਪੈਂਨੀ ਆਂ ਕਿਉਂ ਜੇ ਇਹ ਸੱਭ ਕੂੜ ਏ ।

ਇਹਤਸ਼ਾਮ ਨਹੀਂ, ਇਕਬਾਲ ਨਹੀਂ, ਗਾਮੂ ਨਹੀਂ, ਬਿਲਡਿੰਗ ਦਾ ਮੈਨੇਜਰ ਨਹੀਂ । ਮੋਲਵੀ ਜੀ ਨਹੀਂ, ਨਾ ਜਨਰਲ ਜ਼ਿਆਅ । ਕੋਈ ਮੁਜਰਮ ਨਾ ਕੋਈ ਗੋਰਾ ਨਸਲ ਪ੍ਰਸਤ । ਇਹ ਨਿੱਕੀ ਭੈਣ ਤਸਨੀਮ ਏ ।

ਮੈਂ ਮੱਥਾ ਭੋਏਂ ਤੇ ਟੇਕ ਦੇਂਨੀ ਆਂ ।

ਰੋ ਰੋ ਕੇ ਉਗਲੀਆਂ ਅੱਖਾਂ ਦੀ ਪੀੜ ਸਿਰ ਦੇ ਚੱਕਰਾਂ ਨਾਲ ਰਲ, ਆਲੇ ਦਵਾਲੇ ਨੱਚਦੀ ਪਈ ਏ, ਵੱਲ ਹੋਸ਼ ਆਂਦੀ ਏ ਤੇ ਸਤ ਵਜੇ ਨੇਂ ।

ਜੋਈਨੀ ਕੰਮ ਤੋਂ ਘੱਰ ਆ ਗਈ ਹੋਣੀ ਏ, ਉਹਨੂੰ ਫ਼ੋਨ ਕਰਾਂ ਦੱਸਾਂ ਕਿ ਪੁਲਿਸ ਵਾਲੇ ਆਏ ਸਨ । ਮੈਗੀ ਨਰਾਜ਼ ਏ, ਖ਼ੋਰੇ ਗੱਲ ਕਰੇ ਯਾਂ ਨਾ । ਉਹਨੂੰ ਅਚਰਜ ਲਗਦਾ ਏ ਕਿ ਮੈਂ ਫ਼ਲਸਤੀਨੀਆਂ ਦੀ ਅਜ਼ਾਦੀ ਦੇ ਹੱਕ ਵਿਚ ਆਂ । ਭਾਵੇਂ ਜੋਈਨੀ ਨਾਲ ਸਾਡੇ ਸਾਂਗੇ ਅਸਲੋਂ ਅੱਡ ਅੱਡ ਨੇਂ, ਵੱਲ ਵੀ ਮੈਂ ਤੇ ਮੈਗੀ ਉਹਦੀ ਤਵੱਜਾ ਲਈ ਇਕ ਦੂਜੇ ਨਾਲ ਮੁਕਾਬਲੇ ਕਰਨੇ ਆਂ । ਜੋਈਨੀ ਮੇਰੀ ਗੂੜ੍ਹੀ ਸਹੇਲੀ ਏ, ਉਹਦੇ ਤੋਂ ਪਰੇ ਹੋਣ ਦਾ ਖ਼ਿਆਲ ਆਂਦਾ ਏ ਤੇ ਮੈਂ ਘਾਬਰ ਜਾਂਨੀ ਆਂ ।

ਜੋਈਨੀ ਦੇ ਨੰਬਰ ਤੇ ਮੈਗੀ ਫ਼ੋਨ ਚਾਂਦੀ ਏ ।

"ਗੁੱਡ ਈਵਨਿੰਗ" ਮੈਂ ਆਹਨੀ ਆਂ ।

"ਕੋਣ?"

"ਸਕੀਨਾ"।

ਖ਼ਮੋਸ਼ੀ ।

"ਜੋਈਨੀ ਵਾਸ਼ ਰੂਮ ਵਿੱਚ ਏ" ਮੈਗੀ ਅਖ਼ੀਰ ਆਹੰਦੀ ਏ ।

"ਮੈਂ ਤੁਹਾਨੂੰ ਦੋਵਾਂ ਨੂੰ ਡਿਨਰ ਤੇ ਬੁਲਾਣਾ ਚਾਹੁੰਨੀ ਆਂ" ।

"ਤੇਰੇ ਕੋਲ ਖ਼ੁਸ਼ੀਆਂ ਮਨਾਣ ਦਾ ਕੋਈ ਕਾਰਨ ਹੋਣਾ ਏ" ਮੈਗੀ ਆਹੰਦੀ ਏ।

"ਨਹੀਂ, ਪਰ ਮੈਂ ਸਮਝਣਾ ਚਾਹੁਨੀ ਆਂ ਬਈ... "

"ਖ਼ੁਦਕੁਸ਼ ਹਮਲਾ ਆਵਰਿਆਂ? ਨਹੱਥੇ ਮਾਅਸੂਮ ਸ਼ਹਿਰੀਆਂ ਦੀਆਂ ਮੌਤਾਂ?"

"ਮੌਤਾਂ ਦੋਵੇਂ ਪਾਸੇ ਨੇਂ, ਸੁਣ ਮੈਗੀ ਪਲੀਜ਼ ਫ਼ੋਨ ਬੰਦ ਨਾ ਕਰੀਂ । ਇਹ ਅਸੀਂ ਨਹੀਂ ਕੀਤਾ ਵੱਲ ਵੀ ਸਾਡੀਆਂ ਹਯਾਤੀਆਂ ਤੇ ਅਸਰ ਹੁੰਦਾ ਪਿਆ ਏ । ਅਸੀਂ ਗੱਲ ਬਾਤ ਕਰ ਸਕਣੇ ਆਂ?"

ਮੈਗੀ ਦੀ ਹਾਹ ਨਿਕਲਦੀ ਏ, ਫ਼ੋਨ ਤੇ ਹੰਝੂ ਡਿੱਗਣ ਦੀ ਵਾਜ ਸੁਣ ਮੇਰਾ ਹਿਆ ਮੁੱਠ ਵਿਚ ਆਜਾਂਦਾ ਏ ।

"ਸਕੀਨਾ?" ਜੋਈਨੀ ਫ਼ੋਨ ਲੈ ਲਿਆ ਏ ।

"ਹੈਲੋ ਜੋਈਨੀ" ਮੈਂ ਮੈਗੀ ਨੂੰ ਰਵਾ, ਜੋਈਨੀ ਅੱਗੇ ਕੱਚੀ ਹੋਈ ਪਈ ਆਂ "ਮੈਂ ਤੈਨੂੰ ਤੇ ਮੈਗੀ ਨੂੰ ਡਿਨਰ ਤੇ ਬੁਲਾਣਾ ਚਾਹੁਨੀ ਆਂ"।

"ਮੈਂ ਹੁਣੇ ਤੈਨੂੰ ਕਾਲ ਕਰ ਕੇ ਦੱਸਣੀ ਆਂ" ਉਹ ਆਹੰਦੀ ਏ ।

"ਇੱਥੇ ਪੁਲਸੀਏ ਆਏ ਸਨ, ਮੈਥੋਂ ਛਾਣ ਪੜਤਾਲ ਲਈ" ਮੈਂ ਉਹਦੇ ਫ਼ੋਨ ਰੱਖਣ ਤੋਂ ਪਹਿਲੋਂ ਆਹਨੀ ਆਂ ।

"ਅੱਛਾ? ਉਹ ਕਾਸ ਤੋਂ ਜਿੰਦ?"

"ਇਕਬਾਲ" ਖ਼ੌਰੇ ਕਿਹੜਾ ਸੀ ।

"ਸਕੀਨਾ, ਸੱਭ ਖ਼ੈਰ ਏ?"

"ਨਹੀਂ"।

ਜੋਈਨੀ ਆਹੰਦੀ ਏ ਉਹ ਅੱਠ ਵਜੇ ਆਣ ਗੀਆਂ ।

ਮੇਰੇ ਕਰਨ ਨੂੰ ਬੜਾ ਕੁਝ ਏ, ਅਪਾਰਟਮੈਂਟ ਸਾਫ਼ ਕਰਨਾ, ਰੋਟੀ ਟੁੱਕਰ ਬਨਾਣਾ, ਹੱਥ ਮੂੰਹ ਧੋਣਾ, ਲੀੜੇ ਵਟਾਣਾ, ਨ੍ਹਾਣਾ । ਪਰ ਸਿਰ ਹਾਲੀ ਪੱਥਰ ਏ ਤੇ ਦਿਲ ਕਾਸੇ ਵਿਚ ਨਹੀਂ ।

ਮੈਂ ਬੈੱਡਰੂਮ ਜਾ, ਪਲੰਗ ਤੇ ਚੜ੍ਹ, ਲਿੰਡਾ ਤੇ ਆਵਦੇ ਵਿਚਕਾਰਲੀ ਕੰਧ ਖਟਕਾਨੀ ਆਂ । ਦੋ ਵਾਰੀ 'ਠੱਕ ਠੱਕ' ਕਿ ਤੂੰ ਹੈਗੀ ਏਂ? ਉਹ ਇਕ ਵਾਰੀ 'ਠੱਕ' ਕਰ ਕੇ ਆਹੰਦੀ ਏ ਹਾਂ । ਮੈਂ 'ਠੱਕ ਠੱਕ ਠੱਕ' ਕਰਕੇ ਆਹਨੀ ਆਂ ਬਈ ਆਜਾ । ਉਹ 'ਠੱਕ' ਕਰ ਕੇ ਹਾਂ ਕਰਦੀ ਏ ।

ਹਮੇਸ਼ ਵਾਂਗ ਤੇ ਏਨੇ ਘੱਟ ਵੇਲੇ ਵਿਚ ਵੀ ਲਿੰਡਾ ਮੇਰੇ ਲਈ ਕੋਈ ਸ਼ੈਅ ਲੱਭ ਆਈ ਏ ਜਿਹੜੀ ਸੋਹਣੀ ਹੋਵੇਗੀ ਯਾਂ ਸਵਾਦੀ ।

"ਇਹ ਲੈ" ਅੰਦਰ ਆਂਦਿਆਂ ਉਹ ਸ਼ੈਅ ਮੇਰੇ ਵਲ ਸੁੱਟਦੀ ਏ ।

ਮੈਂ ਝੱਪ ਲੈਂਨੀ ਆਂ । ਉਡਦੇ ਸੁਫ਼ਨੇ ਫੜਨ ਦਾ ਜਾਲ ।

"ਤੈਨੂੰ ਡਰੀਮ ਕੈਚਰ ਦੀ ਲੋੜ ਏ, ਐਵੇਂ ਨੀਂਦਰ ਵਿਚ ਚੀਕਾਂ ਮਾਰਦੀ ਰਹਿੰਨੀ ਏਂ"।

ਮੇਰਾ ਡਰੀਮ ਕੈਚਰ ਬਰਾਊਨ ਧਾਗੇ ਨਾਲ ਵਲਿਆ ਇਕ ਕੜਾ ਏ, ਵਿਚ ਨਿੱਕੇ ਨਿੱਕੇ ਚਿੱਟੇ ਮੋਤੀ, ਥੱਲੇ ਉਕਾਬ ਦੇ ਦੋ ਚਿੱਟੇ ਪਰ ਹਿਲੋਰੇ ਲੈਂਦੇ ਪਏ ਨੇਂ ।

"ਥੈਂਕਸ" ਮੈਂ ਲਿੰਡਾ ਨੂੰ ਜੱਫੀ ਪਾਂਨੀ ਆਂ ।

"ਰਾਤੀਂ ਤੇਰੇ ਲਈ ਬਣਾਇਆ ਏ"।

ਮੈਂ ਉਹਨੂੰ ਲਿਵਿੰਗ ਰੂਮ ਦੀ ਵੱਡੀ ਬਾਰੀ ਤੇ ਟੰਗ ਦੇਂਨੀ ਆਂ ।

ਲਿੰਡਾ ਮੈਨੂੰ ਕੀਮੋਮੀਲ ਦਾ ਕਾਹਵਾ ਬਣਾ ਕੇ ਦਿੰਦੀ ਏ, ਅਸੀਂ ਪੀਣੀਆਂ, ਉਹ ਚਲੀ ਜਾਂਦੀ ਏ ।

ਫ਼ੋਨ ਦੀ ਘੰਟੀ ਵੱਜਦੀ ਏ, ਮਨਜੀਤ ।

ਉਹਨੂੰ ਆਵਦੀ ਹਯਾਤੀ ਵਿਚ ਲਿਆਣ ਲਈ ਮੈਨੂੰ ਕੁਝ ਚਿਰ ਲਗਦਾ ਏ, ਮੈਂ ਕਿਸੇ ਹੋਰ ਨੂੰ ਚੇਤੇ ਕਰਨ ਦੇ ਡਰ ਪਾਰੋਂ ਉਹਨੂੰ ਵੀ ਭੁਲਾਈ ਬੈਠੀ ਸਾਂ । ਹੁਣ ਉਹ ਗਵਾਂਢ ਵਿਚ ਏ ਤੇ ਆਂਦੀ ਪਈ ਏ ।

ਮੈਂ ਮਨਜੀਤ ਨਾਲ ਉਦੋਂ ਦੀ ਗੱਲ ਨਹੀਂ ਕੀਤੀ ਜਦ ਦਾ ਉਸ ਫ਼ੋਨ ਤੇ ਇਕਬਾਲ ਤੇ ਭਾ ਮਹਿੰਗੇ ਦਾ ਦੱਸਿਆ । ਝਟਕਾ ਇਹ ਏ ਕਿ ਹੁਣ ਤੋੜੀ ਮੈਂ ਭਾ ਮਹਿੰਗਾ ਦੀ ਮੌਤ ਨੂੰ ਮਹਿਸੂਸ ਈ ਨਹੀਂ ਕੀਤਾ । ਆਵਦੀਆਂ ਭਸੂੜੀਆਂ ਵਿਚ ਮਨਜੀਤ ਦਾ ਦੁੱਖ ਮੈਨੂੰ ਲੱਗਾ ਈ ਨਹੀਂ ਤੇ ਨਾ ਮੈਂ ਉਹਦੇ ਨਾਲ ਅਫ਼ਸੋਸ ਕੀਤਾ ਏ ।

ਮਨਜੀਤ ਆਂਦੀ ਏ। ਕੱਲੀ, ਕਮਜ਼ੋਰ, ਉਮਰਾਂ ਚੜ੍ਹੀਆਂ ਹੋਈਆਂ। ਉਹਨੇ ਸ਼ਲਵਾਰ ਕਮੀਜ਼ ਦਾ ਉਹ ਜੋੜਾ ਪਾਇਆ ਹੋਇਆ ਏ ਜਿਹੜਾ ਘਰ ਵਿਚ ਪਾਂਦੀ ਹੁੰਦੀ ਸੀ । ਮੈਂ ਵੀ ਕਿੰਨੇ ਦਿਨਾਂ ਦੇ ਲੀੜੇ ਨਹੀਂ ਵਟਾਏ, ਕੱਲੀ ਤੇ ਕਮਜ਼ੋਰ ਆਂ ।

ਮੈਨੂੰ ਜੱਫੀ ਪਾਣ ਮਗਰੋਂ ਜੋ ਉਹ ਮੈਨੂੰ ਕਹਿੰਦੀ ਏ ਉਸ ਤੇ ਮੇਰਾ ਦਮਾਕ ਭੱਕ, ਖ਼ਾਲੀ ਹੋ ਜਾਂਦਾ ਏ ।

"ਗੁੱਡੀ, ਮੈਂ ਤੈਥੋਂ ਮਾਫ਼ੀ ਮੰਗਣ ਆਈ ਆਂ, ਮੈਨੂੰ ਮਾਫ਼ ਕਰ ਦੇ" ਮਨਜੀਤ ਕਹਿੰਦੀ ਏ ।

ਮੈਂ ਹਾਲੀ ਸੋਚਣੀ ਪਈ ਆਂ ਕੀ ਆਖਾਂ, ਉਹ ਦੱਸਣ ਛੋਹੰਦੀ ਏ ।

"ਇਕਬਾਲ ਸਨ ਇਕ੍ਹੱਤਰ ਵਿਚ ਲਾਹੌਰੋਂ ਅੰਬਰਸਰ ਟੱਪ ਆਇਆ ਸੀਗਾ, ਕੁਝ ਮਹੀਨੇ ਲੁਧਿਆਣੇ ਸਾਡੇ ਸੱਕਿਆਂ ਕੋਲ ਰਿਹਾ ਤੇ ਮੁੜ ਬਹੱਤਰ ਵਿੱਚ ਇੱਥੇ । ਮਹਿੰਗਾ...." ਉਹ ਭਾ ਮਹਿੰਗੇ ਦਾ ਨਾਂ ਲੈਂਦਿਆਂ ਰੋਣ ਬਹਿ ਜਾਂਦੀ ਏ ।

ਮੈਂ ਉਹਨੂੰ ਗੱਲ ਨਾਲ ਲਾ ਲੈਂਨੀ ਆਂ, ਉਹਦਾ ਪਿੰਡਾ ਇੰਝ ਕੰਬਦਾ ਏ ਜਿਵੇਂ ਫੱਟੜ ਬਟੇਰਾ । ਬਾਹਵਾਂ ਚਾ ਕੇ ਮੇਰੇ ਦਵਾਲੇ ਰੱਖਦਿਆਂ ਉਹਦੇ ਮੂੰਹੋਂ ਚੀਕ ਨਿਕਲਦੀ ਏ, ਮੈਂ ਸਿਸਕਣ ਲੱਗ ਪੈਂਨੀ ਆਂ । ਉਹਦਾ ਦਿਲ ਧੜਕ ਧੜਕ ਕਲੇਜਿਉਂ ਬਾਹਰ ਆਂਦਾ ਲਗਦਾ ਏ, ਉਹ ਉਹਨੂੰ ਠੱਲਣ ਲਈ ਵੈਣ ਪਾਣ ਲੱਗ ਪਈ ਏ । ਜਾਪਦਾ ਏ, ਦੁੱਖਾਂ ਦੇ ਹੜ੍ਹ ਵਿਚ ਅੱਜ ਅਸਾਂ ਰੁੜ੍ਹ ਜਾਣਾ ਏ ।

ਪਰ ਨਹੀਂ ।

ਆਵਦੇ ਪਿਆਰ ਦੇ ਸਾਥੀ ਗੰਵਾ, ਦੁੱਖਾਂ ਦੇ ਅਫ਼ਰੀਤ ਤੋਂ ਤਰਾਹੇਂਦਿਆਂ ਅਸਾਂ ਵਾਜ ਨਾ ਕੱਢੀ । ਹੁਣ ਉਹਨੂੰ ਪਿੰਡਿਉਂ ਬਾਹਰ ਲਿਆ ਹਾਲ ਖੇਡਣ ਛੱਡਿਆ ਏ, ਸਾਨੂੰ ਪੱਕ ਏ ਅਸੀਂ ਕੱਠੇ ਇਹਨੂੰ ਪਛਾੜ ਦਿਆਂਗੇ, ਕੱਲੀ ਮੈਂ ਵਿਚ ਹਿੰਮਤ ਕੋ ਨੀ ।

"ਉਹ ਵੱਡੇ ਦਿਲ ਵਾਲਾ ਬਾਲ ਸੀ । ਉਸ ਹਰ ਕਿਸੇ ਦੀ ਇਮਦਾਦ ਕਰਨੀ ਭਾਵੇਂ ਮੁਸਲਮਾਨ ਹੋਵੇ, ਸਿੱਖ ਯਾਂ ਈਸਾਈ । ਬੁੱਢਾ ਯਾਂ ਜਵਾਨ । 'ਇਹ ਕੋਈ ਮੁਜਰਮ ਨਹੀਂ" ਮਹਿੰਗੇ ਸਿੰਘ ਮੈਨੂੰ ਉਸੇ ਦਿਹਾੜੇ ਆਖ ਦਿੱਤਾ ਜਦ ਉਹ ਇਸ ਨੂੰ ਪਹਿਲੀ ਵਾਰ ਮਿਲਿਆ । ਸੱਚ ਆਹੰਦਾ ਸੀ, ਇਕਬਾਲ ਸਿੰਘ ਤੀਹ ਵਰ੍ਹਿਆਂ ਵਿਚ ਕਿਸੇ ਨੂੰ ਭੋਰਾ ਵੀ ਦੁੱਖ ਨਹੀਂ ਦਿੱਤਾ" ਮਨਜੀਤ ਆਹੰਦੀ ਏ ।

ਮਗਰੋਂ ਅਸੀਂ ਫ਼ਰੀਜ਼ਰ ਤੋਂ ਮਸਰਾਂ ਦੀ ਦਾਲ ਕੱਢ ਕੇ ਡਬਲ ਰੋਟੀ ਨਾਲ ਖਾਂਨੇ ਆਂ ।

"ਬੜੀ ਸਵਾਦੀ" ਮਨਜੀਤ ਭਰ ਭਰ ਕੇ ਖਾਂਦੀ ਏ ।

"ਆਹੋ" ਮੈਂ ਵੀ ਜਾਪਦਾ ਏ ਛਾਕਿਉਂ ਉੱਠੀ ਆਂ ।

"ਗੁੱਡੀ, ਮੈਂ ਹੁਣ ਲੰਘ ਜਾਣਾ ਪਿਛਾਂਹ ਨੂੰ" ਮਨਜੀਤ ਕਹਿੰਦੀ ਏ ।

"ਪਿਛਾਂਹ?" ਮੈਂ ਆਹਨੀ ਆਂ ਪਰ ਖ਼ੋਰੇ ਮਨਜੀਤ ਕੁੱਝ ਹੋਰ ਆਖਿਆ ਸੀ ।

"ਬੈਕ ਟੂ ਪੰਜਾਬ, ਟੂ ਲੁਧਿਆਣਾ" ।

"ਸੁਖਵਿੰਦਰ ਤੇ ਪਰਮਜੀਤ ਵੀ?"

"ਮੈਂ ਤਾਂ ਲਜਾਉਂਗੀ, ਪਿੱਛੋਂ ਰਹਿਣ ਨਾ ਰਹਿਣ" ।

"ਗੁੱਡ ਲੱਕ" ਮੈਂ ਆਹਨੀ ਆਂ ।

ਪਿਛਾਂਹ ਕੀ ਏ? ਮੇਰੇ ਪਿਛਾਂਹ ਕੀ ਏ, ਕੌਣ ਏ, ਕਿਥਾਂ ਏ? ਦੂਰ ਹਨੇਰੀਆਂ ਵਿੱਚੋਂ ਵਾਜ ਆਂਦੀ ਏ 'ਪੀਲੂ ਪਕੀਆਂ ਨੀ ਪਕੀਆਂ ਨੀ ਵੇ, ਆ ਚੁਣੂ ਰਲ ਯਾਰ' ।

ਕੁੱਝ ਚਿਰ ਲਈ ਮੈਨੂੰ ਮਨਜੀਤ ਨਹੀਂ ਨਜ਼ਰੀਂਦੀ । ਸੋਚਨੀ ਆਂ, ਕੌਣ ਕਿਥਾਂ ਕੀ ਪਈ ਗੌਂਦੀ ਏ? ਦਿਲ ਤੋਂ ਮਨ ਤੀਕ ਜਿਹੜਾ ਸੀਨ ਦਮਾਕ ਵਿਚ ਲਹਿੰਦਾ ਏ, ਉਹ ਪਿੰਡ ਦੇ ਇਕ ਘਰ ਦੀ ਹਨੇਰੀ ਛੱਤ ਤੇ ਲੁਕੀ ਇਕ ਬਾਲੜੀ ਵਿਖਾਂਦਾ ਏ, ਜਿਹੜੀ ਪੈਲੀਆਂ ਵਿੱਚੋਂ ਆਂਦੀ ਇਸ ਵਾਜ ਤੇ ਪੈਂਦੇ ਗਿੱਧੇ ਪਈ ਲੋਚਦੀ ਸੀ । ਅੰਮਾਂ ਇਬਰਾ ਹੁਣ ਕਿੱਥੇ?

ਮਨਜੀਤ ਟੁਰ ਜਾਂਦੀ ਏ, ਖ਼ੋਰੇ ਹੁਣ ਅਸੀਂ ਕਦੀ ਮਿਲੀਏ ਯਾਂ ਨਾ ।

ਇੰਪਾਵਰਮੰਟ ਜ਼ੋਰਆਵਰੀ ਆਤਮ ਜ਼ੋਰੀ ਕੀਂ ਜਿਹੇ ਅੱਖਰ ਨੇਂ । ਮੈਨੂੰ ਚੇਤੇ ਦਵਾਂਦੇ ਨੇਂ ਹਾਕੀ ਦੇ ਸਾਵੇ ਮੈਦਾਨ, ਪਿੰਡ ਦੀਆਂ ਪੈਲੀਆਂ, ਘਰਾਂ ਦੀਆਂ ਪੱਧਰ ਛੱਤਾਂ । ਸੱਪ, ਕੁੱਤਾ ਤੇ ਬਿੱਲੀ ਬਣ ਕੇ ਮੈਂ ਆਵਦੇ ਜ਼ੋਰ ਵਿਚ ਸਾਂ ਤੇ ਬੇਰੀਆਂ ਲਾਹੁੰਦੀ ਜ਼ੋਰਾਵਰ ।

ਮੈਗੀ ਦੇ ਆਣ ਦੀ ਸੋਚ ਫ਼ਿਕਰਾਂ ਲਿਆਂਦੀ ਏ, ਅੱਠ ਵਜੇ ਤੋੜੀ ਮੇਰਾ ਅਪਾਰਟਮੈਂਟ ਉਨ੍ਹਾਂ ਨਾਲ ਭਰੀਜ ਜਾਂਦਾ ਏ ।

ਜੋਈਨੀ ਤੇ ਮੈਗੀ ਲਾਲ ਵਾਈਨ ਦੀ ਬੋਤਲ ਤੇ ਆਵਦੇ ਬਗ਼ੀਚੇ ਦੇ ਫੁੱਲਾਂ ਦਾ ਗੁਲਦਸਤਾ ਲਿਆਂਦੀਆਂ ਨੇਂ । ਮੈਂ ਪਹਿਲੋਂ ਵੀ ਇਹ ਦੋਵੇਂ ਪੁਰ ਬਾਸ਼ ਤਹੁਫ਼ੇ ਵਸੂਲ ਕੀਤੇ ਨੇਂ ਪਰ ਕਦੀ ਏਨੇ ਹਾ ਠਾਰ ਨਹੀਂ ਸੀ ਲੱਗੇ । ਅੱਜ ਇਹ ਦੱਸਦੇ ਨੇਂ ਕਿ ਚਿੰਤਾ ਦੀ ਲੋੜ ਨਹੀਂ, ਅਸੀਂ ਗੱਲ ਬਾਤ ਕਰ ਸਕਣੇ ਆਂ ।

"ਕਿਵੇਂ ਚੱਲਦੀ ਪਈ ਏ ਜਿੰਦ?" ਜੋਈਨੀ ਪੁੱਛਦੀ ਏ ।

"ਬਿਲਡਿੰਗ ਵਿਚ ਹਰ ਕੋਈ ਸਮਝਦਾ ਏ, ਮੈਂ ਟੈਰਰਿਸਟ ਅੱਤ ਵਾਦੀ ਆਂ ਯਾਂ ਉਨ੍ਹਾਂ ਦੀ ਕੋਈ ਸੱਕੀ" ਮੈਂ ਬੋਤਲ ਖੋਲਦਿਆਂ ਆਹਨੀ ਆਂ ।

"ਉਹ ਕੋਈ ਏਨਾ ਗ਼ਲਤ ਤੇ ਨਹੀਂ ਸਮਝਦੇ, ਤੂੰ ਖ਼ੁਦਕੁਸ਼ ਹਮਲਾ ਆਵਰਾਂ ਦੇ ਹੱਕ ਵਿਚ ਏਂ" ਮੈਗੀ ਬਹਿੰਦਿਆਂ ਆਹੰਦੀ ਏ ।

"ਇਹ ਤੇ ਇਕ ਤਰੀਕਾ ਏ, ਮੈਂ ਇਹਦੇ ਹੱਕ ਵਿਚ ਆਂ ਜਦ ਇਹਨੂੰ ਕੋਈ ਕਾਬਜ਼ਾਂ ਤੋਂ ਅਜ਼ਾਦੀ ਲੈਣ ਲਈ ਵਰਤੇ" ।

"ਤੂੰ ਹੰਮਾਸ ਨੂੰ ਵੀ ਜਾਇਜ਼ ਕਰਨੀ ਪਈ ਏਂ ਜਿਹੜੀ ਇਕ ਸੱਜੀ ਅੱਤ ਵਾਦੀ ਤਨਜ਼ੀਮ ਏ"।

"ਸੱਜੀ ਤੇ ਹੈ ਪਰ ਅੱਤ ਵਾਦੀ ਨਹੀਂ । ਵੈਸਟ ਬੈਂਕ ਤੇ ਗ਼ਾਜ਼ਾ ਵਿਚ ਸੱਭ ਤੋਂ ਵੱਧ ਲੋਕ ਸੁਧਾਰ ਪ੍ਰੋਗਰਾਮ ਉਹੋ ਚਲਾਂਦੇ ਪਏ ਨੇਂ ਤੇ ਸੌ ਵਿੱਚੋਂ ਵੀਹ ਚਾਲ੍ਹੀ ਫ਼ਲਸਤੀਨੀ ਹੰਮਾਸ ਦੇ ਹਮਾਇਤੀ ਨੇਂ" ।

"ਇਹ ਵੀ ਸੱਚ ਏ ਕਿ ਅੰਤਫ਼ਾਦਾ ਮਗਰੋਂ ਅਸਰਾਈਲੀਆਂ ਦੀਆਂ ਸੱਭ ਤੋਂ ਵੱਧ ਮੌਤਾਂ ਹੰਮਾਸ ਹੱਥੋਂ ਹੋਈਆਂ" ਮੈਗੀ ਆਹੰਦੀ ਏ ।

"ਗਾਂਧੀ ਵੀ ਸੀ ਸਕੀਨਾ?" ਜੋਈਨੀ ਮੈਨੂੰ ਇੱਕ ਹੋਰ ਪਾਸਾ ਵਿਖਾਂਦੀ ਏ ।

"ਗਾਂਧੀ ਆਵਦੀ ਥਾਂ ਤੇ ਵੇਲੇ ਦੇ ਜ਼ੋਰ ਵਿਚ ਸੀ। ਜੇ ਉਹ ਫ਼ਲਸਤੀਨੀ ਮੁਸਲਮਾਨ ਹੁੰਦਾ ਤੇ ਉਥੇ ਅਹਿੰਸਾ ਦੇ ਇਹ ਪੈਂਤਰੇ ਨਹੀਂ ਸੀ ਵਰਤੇ ਜਾਣੇ। ਜੋ ਜ਼ੁਲਮ ਇਸਰਾਈਲੀ ਫ਼ੌਜ ਫ਼ਲਸਤੀਨੀਆਂ ਤੇ ਕੀਤੇ, ਉਹ ਅੰਗਰੇਜ਼ਾਂ ਸਾਡੇ ਤੇ ਨਹੀਂ ਕੀਤੇ"।

"ਤੂੰ ਕਹਿੰਨੀ ਪਈ ਏਂ ਬਈ ਬਰਤਾਨਵੀ ਸਾਮਰਾਜ ਨੇ ਗਾਂਧੀ ਨੂੰ ਜ਼ੋਰ ਦਿੱਤਾ ਜਦ ਕਿ ਇਸਰਾਈਲੀ ਕਬਜ਼ਾ ਅਰਫ਼ਾਤ ਨੂੰ ਮਾੜਿਆਂ ਕਰਦਾ ਪਿਆ ਏ?" ਮੈਗੀ ਅਚਰਜ ਸਵਾਲ ਪੁੱਛਦੀ ਏ ।

"ਇੱਥੇ 'ਜ਼ੋਰ' ਦਾ ਕੀ ਮਤਲਬ ਏ?" ਜੋਈਨੀ ਪੁੱਛਦੀ ਏ ।

"ਪਤਾ ਕੋ ਨੀ, ਮੈਂ ਹੱਡ ਬੀਤੀ ਤੋਂ ਸੁਰਤ ਲੈਂਨੀ ਆਂ । ਸੋਲ੍ਹਾਂ ਮਹੀਨੇ ਭਾ ਦੀ ਕੈਦ, ਨੌਂ ਵਰ੍ਹੇ ਇਹਤਸ਼ਾਮ ਦਾ ਕਬਜ਼ਾ । ਦਸ ਵਰ੍ਹੇ ਤੇ ਚਾਰ ਮਹੀਨੇ ਦਾ ਹਰ ਪਲ ਮੇਰੀ ਰੂਹ ਤੇ ਪਿੰਡੇ ਨੂੰ ਸੂਈਆਂ ਨਾਲ ਨਗੰਦਿਆ । ਤੇ ਹੁਣ ਫ਼ਰਕ ਵੇਖ, ਇਹ ਤੇ ਮੇਰੇ ਟੱਬਰ ਦੇ ਲੋਕੀ ਸਨ, ਕੋਈ ਹਥਿਆਰ ਨਾ ਵਰਦੀ । ਸੋਚਣੀ ਆਂ, ਫ਼ੌਜੀ ਮੇਰੇ ਘਰ ਵਿਚ ਵੜੇ ਆਣ, ਵੰਨ ਸਵੰਨੇ ਹਥਿਆਰਾਂ ਨਾਲ ਕੜੇ ਹੋਏ, ਕਨੂੰਨ ਉਨ੍ਹਾਂ ਦੇ ਨਾਲ" ।

"ਮੈਂ ਚਾਹ ਬਣਾਨੀ ਆਂ" ਜੋਈਨੀ ਉਠ ਖਲੋਂਦੀ ਏ ।

"ਮੈਂ ਤੈਨੂੰ ਹੱਥ ਪਵਾਨੀ ਆਂ" ਮੈਗੀ ਉਹਦੇ ਮਗਰ ਜਾਂਦੀ ਏ ।

ਕਿਚਨ ਜਾਂਦਿਆਂ ਉਹ ਦੋਵੇਂ ਇਕ ਦੂਜੇ ਦੇ ਹੱਥ ਫੜ ਲੈਂਦੀਆਂ ਨੇਂ । ਭਾਵੇਂ ਆਲੇ ਦਵਾਲੇ ਖਿੰਡ ਏ, ਮੈਗੀ ਤੇ ਜੋਈਨੀ ਇਕ ਦੂਜੇ ਨਾਲ ਵੱਲ ਵੀ ਸੁਖੀ ਤੇ ਸ਼ਾਂਤ ਨੇਂ । ਮੈਂ ਮਾਸੀ ਤੇ ਸਾਈਂ ਜੀ ਨੂੰ ਵੀ ਕੱਠਿਆਂ ਟੁਰਦਿਆਂ ਡਿੱਠਾ ਏ ਪਰ ਕਦੀ ਹੱਥ ਫੜ ਕੇ ਸੁੱਖ ਸ਼ਾਂਤ ਵਿਚ ਨਹੀਂ ।

"ਜੋਈਨੀ, ਮੈਂ ਤੈਨੂੰ ਦੱਸਿਆ ਸੀ ਕਿ ਮੇਰੀ ਮਾਸੀ ਲੈਜ਼ਬੀਅਨ ਏ ਤੇ ਆਵਦੀ ਸਾਥੀ ਨਾਲ ਰਹਿੰਦੀ ਏ?" ਮੈਂ ਪੁੱਛਣੀ ਆਂ ।

"ਨਹੀਂ, ਨਹੀਂ ਦੱਸਿਆ" ਜੋਈਨੀ ਤੇ ਮੈਗੀ ਖਲੋ ਕੇ ਪਿਛਾਂਹ ਮੁੜਦੀਆਂ ਨੇਂ ਤੇ ਮੇਰੇ ਤੇ ਹਰਿਆਨੀ ਦੀ ਨਿਗਾਹ ਸੁੱਟਦੀਆਂ ਨੇਂ ।

ਮੈਨੂੰ ਖਿਲ ਆ ਜਾਂਦੀ ਏ ।

ਉਹ ਵੀ ਖਿਲ ਪੈਂਦੀਆਂ ਨੇਂ ।

"ਉਹ ਤੇਰੀ ਸੱਕੀ ਮਾਸੀ ਏ?" ਜੋਈਨੀ ਪੁੱਛਦੀ ਏ ।

"ਆਹੋ । ਉਹਦਾ ਖ਼ੌਂਦ ਮਰ ਗਿਆ ਤੇ ਉਹਦੀ ਭਤੀਜੀ ਆ ਕੇ ਮਾਸੀ ਨਾਲ ਰਹਿਣ ਲੱਗ ਪਈ" ।

"ਪਾਕਿਸਤਾਨ ਵਿੱਚ ਜ਼ਨਾਨੀਆਂ ਜ਼ਨਾਨੀਆਂ ਨਾਲ ਰਹਿੰਦੀਆਂ ਨੇਂ?" ਮੈਗੀ ਪੁੱਛਦੀ ਏ ।

"ਨਹੀਂ । ਜ਼ਨਾਨੀ ਬੇਵਾ ਹੋ ਜਾਵੇ ਤੇ ਆਵਦੇ ਪੇਕੇ ਯਾਂ ਸਹੁਰੇ ਟੱਬਰ ਯਾਂ ਆਵਦੇ ਪੁੱਤਰ ਦੇ ਟੱਬਰ ਨਾਲ ਰਹਿੰਦੀ ਏ । ਇਹ ਵੱਡੀ ਗੱਲ ਏ ਕਿ ਮਾਸੀ ਤੇ ਸਾਈਂ ਜੀ ਸਾਰੀ ਹਯਾਤੀ ਇਕ ਦੂਜੇ ਨਾਲ ਲੰਘਾਈ" ।

"ਤੇ ਉਨ੍ਹਾਂ ਦੇ ਟੱਬਰ?"

"ਟੱਬਰਾਂ ਉਨ੍ਹਾਂ ਨੂੰ ਰੱਖਿਆ ਪਰ ਅੱਧ ਪਚੱਧਾ । ਜਿਵੇਂ ਮੇਰੀ ਮਾਂ ਉਨ੍ਹਾਂ ਦੇ ਸਾਂਗੇ ਵਿਚ ਕਾਮਾਸੈਕਸ਼ੂਐਲਟੀ ਨੂੰ ਨਹੀਂ ਸੀ ਵੇਹੰਦੀ । ਇੰਜ ਕੋਈ ਉਨ੍ਹਾਂ ਵੱਲ ਬਹੁਤਾ ਗਰਮਜੋਸ਼ ਵੀ ਨਹੀਂ ਸੀ । ਮੈਨੂੰ ਪਤਾ ਏ ਜੇ ਮੇਰੀ ਮਾਸੀ ਦਾ ਖ਼ੌਂਦ ਹੁੰਦਾ ਤੇ ਦੋਵੇਂ ਮੇਰੇ ਵਿਆਹ ਤੇ ਤਾਅਲੀਮ ਬਾਰੇ ਗੱਲ ਬਾਤ ਵਿਚ ਹੋਣਾ ਸੀ, ਪਰ ਇੱਥੇ ਮਾਸੀ ਤੇ ਸਾਈਂ ਜੀ ਨੂੰ ਪੁੱਛਿਆ ਨਹੀਂ ਬੱਸ ਦੱਸਿਆ ਗਿਆ"।

"ਵਿਹਾਰ ਬਾਹਰੀ ਤੇ ਹੁੱਕਾ ਪਾਣੀ ਬੰਦ" ਮੈਗੀ ਆਵਦੀ ਚਾਅ ਲਈ ਆਂਦੀ ਏ ।

"ਸਾਡਾ ਟੱਬਰ ਉਨ੍ਹਾਂ ਬਾਰੇ ਕੰਨ ਸਨ ਵਿਚ ਗੱਲਾਂ ਕਰਦਾ, ਅੱਧੀ ਉਮਰੇ ਮੇਰੀ ਸੁਰਤ ਸੀ ਬਈ ਸਾਈਂ ਜੀ ਇਕ ਪਹੁੰਚੇ ਹੋਏ ਰੁਹਾਨੀ ਇਨਸਾਨ ਨੇਂ, ਜ਼ਨਾਨੀ ਯਾਂ ਕਾਮੀ ਨਹੀਂ" ।

"ਤੇ ਫਿਰ ਤੂੰ ਮਾਸੀ ਨੂੰ ਵੀ ਇਹ ਸੈਕਸ਼ੋਐਲ ਅਕਾਮੀ ਸਮਝਦੀ ਹੋਵੇਂਗੀ ਤੇ ਇੰਜ ਉਨ੍ਹਾਂ ਦਾ ਤਾਅਲੁੱਕ ਨੋਨ–ਸੈਕਸ਼ੂਐਲ ਕਾਮ ਵਾਂਝਿਆ ਲਗਦਾ ਹੋਵੇ ਗਾ" ।

"ਆਹੋ, ਇੱਥੇ ਤੋੜੀ ਕਿ ਜਦ ਮੈਂ ਉਨ੍ਹਾਂ ਨੂੰ ਇਕ ਦੂਜੇ ਦੀਆਂ ਬਾਹਵਾਂ ਵਿਚ ਵੇਖਿਆ, ਜਿਵੇਂ ਸ਼ਾਹ ਜਮਾਲ ਦੇ ਮੇਲੇ ਤੇ, ਵੱਲ ਵੀ ਮੈਂ ਰੁਹਾਨੀ ਪਿਆਰ ਦਾ ਸੋਚਿਆ"।

"ਤੇਰੇ ਦਮਾਕ ਵਿਚ ਰੁਹਾਨੀ ਪਿਆਰ ਕਿਉਂ ਆਇਆ?"

"ਪੱਕ ਕੋ ਨੀ ਪਰ .... ਸਾਈਂ ਜੀ ਮਸਤ ਦਰਵੇਸ਼ ਨੇਂ । ਇੰਜ ਮੁਸਲਮਾਨ ਮਲਾਮਤੀਆਂ ਤੇ ਸੂਫ਼ੀਆਂ ਦੀ ਤ੍ਵਾਰੀਖ਼ ਮਰਦਾਂ ਦੇ ਆਪਸੀ ਇਸ਼ਕਾਂ ਨਾਲ ਭਰੀ ਹੋਈ ਏ"।

"ਤੇ ਉਹ ਇਕ ਜੋੜੇ ਵਾਂਗ ਰਹਿੰਦੀਆਂ ਨੇਂ?"

"ਜੋੜੇ ਵਾਂਗ ਨਹੀਂ ਪਰ ਕੱਠੀਆਂ ਰਹਿੰਦੀਆਂ ਨੇਂ, ਕੱਠੀਆਂ ਸੋਂਦੀਆਂ ਵੀ ਨੇਂ" ।

"ਤੈਨੂੰ ਉਨ੍ਹਾਂ ਨੂੰ ਕੱਠੇ ਸੁੱਤਿਆਂ ਵੇਖ ਕੇ ਅਚਰਜ ਨਹੀਂ ਸੀ ਲਗਦਾ?"

"ਨਹੀਂ, ਜ਼ਨਾਨੀਆਂ ਆਮ ਈ ਕੱਠੀਆਂ ਸੋਂ ਜਾਂਦੀਆਂ ਨੇਂ । ਬਿਸਤਰਿਆਂ ਮੰਜੀਆਂ ਦੀ ਥੋੜ ਪਾਰੋਂ, ਇਕਲਾਪੇ ਦੇ ਡਰ ਤੋਂ, ਠੰਡ ਵਿਚ" ।

"ਦਿਲ ਖਿੱਚ ਲਿਆ ਜੇ" ਮੈਗੀ ਆਹੰਦੀ ਏ ।

"ਤੁਸਾਂ ਪਾਕਿਸਤਾਨ ਚਲੋ ਤੇ ਉਨ੍ਹਾਂ ਨੂੰ ਮਿਲੋ" ।

"ਯਾਂ ਉਹ ਦੋਵੇਂ ਇੱਥੇ ਆਣ" ਜੋਈਨੀ ਕਹਿੰਦੀ ਏ ।

"ਕਿਉਂ ਨਾ ਅਸੀਂ ਵੀ ਜਾਈਏ ਤੇ ਉਹ ਵੀ ਆਣ" ।

ਮੈਨੂੰ ਸੋਚ ਆਂਦੀ ਏ, ਅਸੀਂ ਕੱਠੇ ਇਸ ਲਈ ਆਂ ਕਿ ਤਰੀਏ ਆਵਦੇ ਗ਼ੈਬੀ ਅਕੀਦਿਆਂ ਤੇ ਨਰਮ ਆਂ । ਮੈਗੀ ਹਾਨੋਕਾਹ ਤੇ ਯਹੂਦੀ ਏ ਜਿਵੇਂ ਜੋਈਨੀ ਕ੍ਰਿਸਮਿਸ ਤੇ ਈਸਾਈ ਤੇ ਮੈਂ ਈਦ ਤੇ ਮੁਸਲਮਾਨ । ਸਾਡੇ ਲਈ ਇਹ ਮੇਲੇ ਨੇਂ, ਰਲ ਹੱਸਣ ਖੇਡਣ ਦੇ ਬਹਾਨੇ ।

ਜੋਈਨੀ ਤੇ ਮੈਗੀ ਯਾਰ੍ਹਾਂ ਵਜੇ ਚਲੀਆਂ ਜਾਂਦੀਆਂ ਨੇਂ ।

ਤਰੈ ਗਲਾਸ ਵਾਈਨ ਪੀ ਕੇ ਵੀ ਮੈਨੂੰ ਨੀਂਦਰ ਕੋ ਨੀ ।

ਬੂਹੇ ਤੇ ਟੱਲੀ ਵੱਜਦੀ ਏ, ਇਸ ਵੇਲੇ ਟੱਲੀ ਵਜਾਣ ਆਲਾ ਕੌਣ ਏ?

ਨਿੱਕੀ ਅੱਖ ਵਿੱਚੋਂ ਵੇਹਨੀ ਆਂ, ਇਕ ਹੋਰ ਪੁਲਸ ਪਾਰਟੀ । ਮੈਂ ਬੂਹਾ ਖੋਲ ਦੇਂਨੀ ਆਂ ।

ਇਸ ਵਾਰੀ ਕੁੱਝ ਵਰਦੀ ਵਿਚ ਨੇਂ ਤੇ ਕੁੱਝ ਕੋ ਨੀ ।

ਮੇਰੀ ਇਜਾਜ਼ਤ ਨਾਲ ਇਕ ਟੇਪ ਰਿਕਾਰਡਰ ਚੱਲਣ ਲੱਗ ਪੈਂਦਾ ਏ ।

"ਤੂੰ ਪਹਿਲੋਂ ਕਿਹਾ ਸੀ ਬਈ ਮਕਤੂਲ ਇਕਬਾਲ ਸਿੰਘ ਨੇ ਕੋਈ ਕਤਲ ਕੀਤਾ ਸੀ, ਸਾਨੂੰ ਇਸ ਬਾਰੇ ਹੋਰ ਦੱਸ" ਇਕ ਆਹੰਦਾ ਏ ।

"ਸਨ ਇਕੱਤਰ ਵਿਚ ਗਾਮੂ ਅਈਓ ਨੂੰ ਮਾਰ ਦਿੱਤਾ"।

"ਗਾਮੂ ਤੋਂ ਤੇਰਾ ਇਸ਼ਾਰਾ ਇਕਬਾਲ ਸਿੰਘ ਵਲ ਏ?"

"ਆਹੋ। ਗ਼ੁਲਾਮ ਹੁਸੈਨ ਗਾਮੂ"।

"ਪਿੰਡ ਦਾ ਨਾਂ?"

"ਪਿੰਡ, ਨਜ਼ਦ ਪੱਤੋਕੀ"।

"ਸਾਡੀ ਇੱਤਲਾਅ ਏ ਬਈ ਇਕਬਾਲ ਸਿੰਘ ਲੁਧਿਆਣੇ ਦਾ ਸਿੱਖ ਸੀ"।

"ਨਹੀਂ, ਪੱਤੋਕੀ ਦਾ ਮੁਸਲਮਾਨ" ਮੈਂ ਆਹਨੀ ਆਂ ਪਰ ਇਹ ਮੈਂ ਕਿਵੇਂ ਆਖ ਸਕਣੀ ਆਂ? "ਉਹ ਮੁਸਲਮਾਨ ਸਿੱਖ ਸੀ ਯਾਂ ਖ਼ੋਰੇ ਸਿੱਖ ਮੁਸਲਮਾਨ।" ਮੈਂ ਨਿੱਕਿਉਂ ਲਾ ਉਹਨੂੰ ਗ਼ੁਲਾਮ ਹੁਸੈਨ ਗਾਮੂ ਦੇ ਨਾਂ ਤੋਂ ਜਾਣਦੀ ਆਂ। ਅੰਮਾਂ ਜ਼ੈਨਬ ਦਾ ਪੁੱਤਰ, ਜੀਨੋ ਦਾ ਖ਼ੋਂਦ। ਜ਼ਿਲ੍ਹਾ ਪੱਤੋਕੀ ਵਿੱਚ ਜੰਮਿਆ ਗਾਮੂ"।

"ਤੂੰ ਇਹ ਸਾਬਤ ਕਰ ਸਕਣੀ ਏਂ?"

ਸਾਬਤ?

"ਇਹ ਹਕੀਕਤ ਏ, ਇਹਨੂੰ ਸਬੂਤ ਦੀ ਲੋੜ ਨਹੀਂ"।

"ਮਿਜ਼ ਬੁਰਹਾਨ, ਤੁਸੀਂ ਅਪਣੀ ਲੈਂਡਿਡ ਦੀ ਅਰਜ਼ੀ ਵਿਚ ਕਿਹਾ ਸੀ ਬਈ ਤੁਸਾਂ ਕਦੀ ਕੋਈ ਜੁਰਮ ਨਹੀਂ ਕੀਤਾ। ਕਸਮੀਆ, ਜੇ ਮੈਂ ਤੁਹਾਨੂੰ ਚੇਤੇ ਕਰਾਵਾਂ" ਇੱਕ ਪੁਲਸੀਆ ਬਰੀਫ਼ ਕੇਸ ਵਿੱਚੋਂ ਫ਼ਾਈਲ ਕੱਢਦਿਆਂ ਆਹੰਦਾ ਏ।

"ਇਹ ਠੀਕ ਏ, ਮੈਂ ਕਦੀ ਕੋਈ ਜੁਰਮ ਨਹੀਂ ਕੀਤਾ"।

ਲਿਫ਼ਾਫ਼ੇ ਵਿੱਚੋਂ ਕੱਢ, ਉਹ ਇਕ ਫ਼ੋਟੋ ਮੈਨੂੰ ਪੇਸ਼ ਕਰਦਾ ਏ।

ਫ਼ੋਟੋ ਵਿਚ ਇਕ ਬੁਕ੍ਹੇ ਆਲੀ ਜ਼ਨਾਨੀ ਹੱਥਕੜੀਆਂ ਲਾ, ਪੁਲਸ ਕਾਰ ਦੇ ਖੁੱਲ੍ਹੇ ਬੂਹੇ ਬਾਹਰ ਜਾਪਦਾ ਏ, ਡਿਗ ਕੇ ਉਠ ਖਲੋਤੀ ਏ। ਮੂੰਹ ਤੇ ਨਕਾਬ ਕੋ ਨੀ, ਪਿੱਛੇ ਬੋਰਡ ਤੇ ਉਰਦੂ ਵਿਚ 'ਪੁਲਿਸ ਸਟੇਸ਼ਨ ਮਜ਼ੰਗ' ਲਿਖਿਆ ਏ।

ਮੇਰੇ ਲਈ ਆਵਦੇ ਆਪ ਨੂੰ ਪਛਾਣਨਾ ਏਨਾ ਔਖਾ ਕਦੇ ਨਹੀਂ ਸੀ।

"ਤੁਹਾਡੇ ਕੋਲੋਂ ਸ਼ਰ–ਪਸੰਦ ਮਵਾਦ ਬਰਆਮਦ ਹੋਇਆ, ਨਾਲ ਇਕ ਹੋਰ ਜ਼ਨਾਨੀ ਤੇ ਦੋ ਮਰਦ ਫੜੇ ਗਏ"।

ਦੋ ਮਰਦ? ਮਜਾਜ਼ ਨੂੰ ਤੇ ਵੇਖਿਆ ਸੀ, ਸਾਥੀ ਪੇਠੇ ਦਾ ਸੁਣਿਆ ਨਹੀਂ।

"ਮਿਜ਼ ਬੁਰਹਾਨ, ਤੁਸੀਂ ਬੜਾ ਵੇਲਾ ਲੈਂਦੇ ਪਏ ਓ"।

"ਉਹ ਤੇ ਇਕ ਸਟੱਡੀ ਸਰਕਲ ਸੀ ਜਿਹਦੀ ਮੈਂ ਹਾਲੀ ਕੋਈ ਮੈਂਬਰ ਵੀ ਨਹੀਂ ਸਾਂ। ਲਿਟਰੇਚਰ ਐਮ–ਆਰ–ਡੀ ਦਾ ਫ਼ਲਾਇਰ ਸੀ ਇਕ ਰੈਲੀ ਬਾਰੇ ਜਿਹੜੀ ਉਸ ਜੁੰਮ੍ਹੇ ਲਾਹੌਰ ਵਿਚ ਹੋਈ" ਮੈਂ ਫ਼ੋਟੋ ਕੌਫ਼ੀ ਟੇਬਲ ਤੇ ਸੁੱਟਣੀ ਆਂ।

ਇਕ ਵਾਰ ਤਿਲ੍ਹਕਣਾ ਮੈਨੂੰ ਕਿੰਨੀ ਵਾਰ ਡੇਗੇ ਗਾ?

"ਐਮ–ਆਰ–ਡੀ?"

"ਮੂਵਮੰਟ ਫ਼ਾਰ ਦੀ ਰੀਸਟੋਰੇਸ਼ਨ ਆਫ਼ ਡੈਮੋਕਰੇਸੀ"।

"ਉਸ .... 'ਸਟੱਡੀ ਸਰਕਲ' ਦਾ ਕੀ ਨਾਂ ਸੀ?"

"ਕੋਈ ਨਾਂ ਨਹੀਂ ਸੀ, ਪਾਕਿਸਤਾਨ ਪੀਪਲਜ਼ ਪਾਰਟੀ ਦੇ ਕੋਈ ਮੈਂਬਰ ਚਲਾਂਦੇ ਪਏ ਸਨ"।

"ਕੈਨੇਡਾ ਆਉਣ ਮਗਰੋਂ ਤੂੰ ਉਸ ਸਟੱਡੀ ਸਰਕਲ ਦੇ ਮੈਂਬਰਾਂ ਨਾਲ ਰਾਬਤਾ ਕੀਤਾ ਏ?"

"ਨਹੀਂ"।

"ਮੈਂ ਦੱਖਣੀ ਏਸ਼ੀਆ ਦੇ ਇਲਾਕੇ ਨਾਲ ਦਿਲਚਸਪੀ ਰੱਖਣੀ ਆਂ। ਉਸ ਵੇਲੇ ਖੱਬੇ ਹੱਥ ਦੀ ਲਹਿਰ ਦੇ ਲੋਕੀ ਜ਼ੁਲਫ਼ਕਾਰ ਅਲੀ ਭੁੱਟੋ ਦੀ ਪਾਰਟੀ ਵਿਚ ਨਹੀਂ ਸਨ?"

"ਹੋ ਸਕਦਾ ਏ" ਤੈਨੂੰ ਵੀ ਕੁੱਝ ਨਾਂ ਆਂਦੇ ਨੇਂ ਤੇ ਮੈਨੂੰ ਵੀ।

"ਉਨ੍ਹਾਂ ਸਟੱਡੀ ਸਰਕਲਾਂ ਵਿਚ ਤੂੰ ਕਾਰਲ ਮਾਰਕਸ ਨੂੰ ਵੀ ਪੜ੍ਹਿਆ?"

"ਆਹੋ"।

"ਤੇਰਾ ਉਹਦੇ ਬਾਰੇ ਕੀ ਖ਼ਿਆਲ ਏ?"

"ਬਹੁਤਾ ਕੁੱਝ ਜਿਹੜਾ ਉਸ ਗ਼ਰੀਬੀ ਤੇ ਕੈਪੀਟਲਿਜ਼ਮ ਬਾਰੇ ਆਖਿਆ ਏ, ਮੈਨੂੰ ਠੀਕ ਜਾਪਦਾ ਏ"।

"ਤੇ ਤੂੰ ਮਾਰਕਸੀ ਏਂ?"

"ਮਾਰਕਸੀ?" ਮੈਂ ਖਿਲ ਪੈਂਨੀ ਆਂ, ਇਹਨੂੰ ਪਤਾ ਕੋ ਨੀ ਬਈ ਮੈਂ ਈਂ ਜਿਹਾ ਕੁੱਝ ਵੀ ਨਹੀਂ।

"ਤੇ ਫਿਰ ਤੂੰ ਪੱਕੀ ਮੁਸਲਮਾਨ ਏਂ?"

"ਨਹੀਂ"।

"ਅਲਕਾਇਦਾ ਬਾਰੇ ਤੇਰੀ ਕੀ ਸੁਰਤ ਏ?"

"ਉਹ ਇਸਰਾਈਲੀ ਤੇ ਅਮਰੀਕੀ ਸਰਕਾਰਾਂ ਹਾਰ ਜ਼ਾਲਮ ਨੇ"।

"ਜੇ ਅਲਕਾਇਦਾ ਦਾ ਕੋਈ ਮੈਂਬਰ ਤੇਰੇ ਬੂਹੇ ਤੇ ਆ ਕੇ ਇਸਲਾਮ ਦੇ ਨਾਂ ਤੇ ਮਦਦ ਮੰਗੇ ਤੇ ਤੂੰ ਦੇਂਗੀ?"

"ਨਹੀਂ"।

"ਜੇ ਮੈਨੂੰ ਉਸ ਬਾਰੇ ਇੱਤਲਾਅ ਚਾਹੀਦੀ ਹੋਵੇ?"

"ਨਹੀਂ"।

"ਅਸੀਂ ਤੇਰੇ ਨਾਲ ਫਿਰ ਰਾਬਤਾ ਕਰਾਂਗੇ" ਉਹ ਮੇਰੀ ਬੁਰਕ੍ਹੇ ਆਲੀ ਫ਼ੋਟੋ ਕਾਫ਼ੀ ਟੇਬਲੋਂ ਚੁੱਕਦਾ ਏ, ਨਾਲ ਮੇਰਾ ਕੋਈ ਸਕਰੈਪ ਵੀ ਚਲਾ ਜਾਂਦਾ ਏ।

ਫ਼ਾਈਲ ਵਿਚ ਸ਼ੈਆਂ ਪਾ, ਉਹ ਮੇਰੀਆਂ ਮੇਜ਼ ਤੇ ਵਾਪਸ ਰੱਖਦਾ ਏ।

ਲੈਲਾ ਖ਼ਾਲਿਦ ਦੀ ਫ਼ੋਟੋ ਉੱਤੇ ਆ ਜਾਂਦੀ ਏ।

ਉਹ ਅੱਗੇ ਹੋ ਕੇ ਵੇਹੰਦਾ ਤੇ ਚਾ ਲੈਂਦਾ ਏ।

"ਇਹ ਕੋਣ ਏ?" ਉਹ ਪੁੱਛਦਾ ਏ।

"ਲੈਲਾ ਖ਼ਾਲਿਦ, ਪੀ ਐੱਲ ਓ ਵਿਚ ਹੁੰਦੀ ਸੀ"।

"ਤੇਰੇ ਕੋਲ ਇਹਦੀ ਫ਼ੋਟੋ ਕਿਉਂ ਏ?"

"ਇਹ ਅਖ਼ਬਾਰ ਦੀ ਕਟਿੰਗ ਏ"।

"ਤੂੰ ਇਹਨੂੰ ਕੱਟ ਕੇ ਕਿਉਂ ਸੰਭਾਲਿਆ?"

"ਉਹ ਮੇਰੇ ਰੋਲ ਮਾਡਲਾਂ ਵਿੱਚੋਂ ਏ"।

"ਇਕ ਅੱਤ ਵਾਦੀ ਤੇਰੀ ਰੋਲ ਮਾਡਲ ਏ?"

"ਇਹ ਅੱਤ ਵਾਦੀ ਨਹੀਂ, ਨੈਲਸਨ ਮੰਡੇਲਾ ਹਾਰ ਅਜ਼ਾਦੀ ਪਸੰਦ ਏ" ।

"ਤੂੰ ਇਹਨੂੰ ਨੈਲਸਨ ਮੰਡੇਲਾ ਨਾਲ ਮਿਲਾਂਨੀ ਪਈ ਏਂ?"

"ਕਾਰਨ ਉਹੋ ਨੇਂ, ਦੋਵੇਂ ਮਲ੍ਹ ਮਾਰਾਂ ਦੇ ਖ਼ਿਲਾਫ਼ ਲੜਦੇ ਨੇਂ" ।

ਪੁਲਸੀਏ ਮੈਥੋਂ ਪਰਾਂਹ ਹੋ ਕੇ ਆਪਸੀ ਗੱਲ ਬਾਤ ਕਰਦੇ ਨੇਂ ।

ਫਿਰ ਇਕ ਮੈਨੂੰ ਆਹੰਦਾ ਏ ਬਈ ਬੂਹੇ ਤੇ ਦੋ ਗਾਰਡ ਬਿੱਠਾ ਚੱਲੇ ਨੇਂ ਤੇ ਮੈਂ ਉਨ੍ਹਾਂ ਦੀ ਇਜਾਜ਼ਤ ਬਿਨਾਂ ਅਪਾਰਟਮੈਂਟ ਤੋਂ ਬਾਹਰ ਨਾ ਜਾਵਾਂ, ਨਾ ਕੋਈ ਆਵੇ ।

ਘਰ ਬੰਦੀ ਕਰਾ ਕੇ ਵੀ ਜਦ ਮੈਂ ਉਨ੍ਹਾਂ ਤੇ ਬੂਹਾ ਲਾਂਨੀ ਆਂ ਤੇ ਮੈਨੂੰ ਆਵਦੇ ਆਪ ਵਿਚ ਜ਼ੋਰ ਉੱਠਦਾ ਜਾਪਦਾ ਏ ।

# ਮੇਰੀ ਕੋਈ ਤ੍ਵਾਰੀਖ਼ ਨਹੀਂ

ਮੇਰੇ ਲਈ ਆਵਦਾ ਆਪ ਵੇਖਣ ਸੌਖਾ ਏ, ਮੈਂ ਹਰ ਵੇਲੇ ਇਹੋ ਕਰਨੀ ਆਂ । ਸੋਫ਼ੇ ਬਿਸਤਰੇ ਵਿਚ, ਕਿਚਨ ਦੇ ਫ਼ਰਸ਼ ਤੇ ।

ਜਿੱਥੇ ਬਹਿੰਨੀ ਆਂ, ਠੰਡ ਏ ।

ਕੋਲ ਆਵਦਾ ਅੱਜ ਵੀ ਏ ਤੇ ਲੰਘਿਆ ਕਲ੍ਹ ਵੀ । ਦੋਵਾਂ ਵਿਚ ਮਾਂ ਜੀ, ਭਾ ਤੇ ਮਨਹੂਸ ਜੀਨੋ ਵੇਹਨੀ ਆਂ । ਉਹ ਮੈਨੂੰ ਆਵਦੇ ਦੰਦ ਨਹੀਂ ਵਿਖਾਂਦੇ । ਉਨ੍ਹਾਂ ਦੇ ਦੰਦ ਹੈਗੇ ਨੇਂ? ਮੈਂ ਕੋਲ ਹੋ ਹੋ ਵੇਹਨੀ ਆਂ । ਮਾਂ ਜੀ ਨਮਾਜ਼ ਪੜ੍ਹਦੇ ਪਏ ਨੇਂ, ਭਾ ਹੁੱਕਾ ਪੀਂਦਾ ਪਿਆ ਏ ਤੇ ਜੀਨੋ ਆਵਦਾ ਮੂੰਹ ਪੀਲੀ ਚੁੰਨੀ ਵਿਚ ਵਲ੍ਹੇਟੀ ਪਈ ਏ । ਕਈਆਂ ਦੇ ਮੁੱਖ ਚੇਤੇ ਨਹੀਂ ਆਂਦੇ, ਹਾਲੀ ਤੋੜੀ ਮੈਂ ਇਕਬਾਲ ਤੇ ਗਾਮੂ ਦਾ ਫ਼ਰਕ ਨਹੀਂ ਪਛਾਣਿਆ ।

ਬਾਰੀ ਬਾਹਰ ਨਿਗਾਹ ਪਾਂਨੀ ਆਂ, ਸਭੇ ਰੁੱਖ ਚਿੱਟੇ ਸਫ਼ੈਦੇ ਬਣ ਗਏ ਨੇਂ । ਜਾਪਦਾ ਏ ਇਹ ਟਾਲ੍ਹੀਆਂ ਸਨ । ਜੀਨੋ ਏਨੀ ਮਨਹੂਸ ਏ, ਉਹਨੂੰ ਗਾਮੂ ਦੀ ਦੋਲਤ ਵਿੱਚੋਂ ਇੱਕ ਪੈਸਾ ਵੀ ਨਹੀਂ ਮਿਲਣਾ । ਮੈਂ ਤਰਕੀਬਾਂ ਸੋਚਦੀ ਰਹਿੰਨੀ ਆਂ, ਸਾਬਤ ਕਰਾਂ ਕਿ ਗਾਮੂ ਗਾਮੂ ਸੀ ਤੇ ਪਿੱਛੇ ਉਹਦਾ ਟੱਬਰ ਏ । ਕਈ ਵਾਰੀ ਮੈਂ ਮੰਮੀ ਜੀ ਤੇ ਚੀਕਣੀ ਆਂ । ਏਨੀ ਤਾਕਤ ਲੱਗ ਜਾਂਦੀ ਏ, ਜਾਪਦਾ ਏ ਮੈਂ ਆਵਦੀ ਹਯਾਤੀ ਸਫਲ ਕਰਨ ਲਈ ਕੁੱਝ ਕੀਤਾ ਏ ਪਰ ਪੱਕ ਏ, ਇਹਦੇ ਨਾਲ ਕੁੱਝ ਨਹੀਂ ਬਦਲਿਆ ।

ਅੰਦਰ ਤੱਕਣੀ ਆਂ, ਸ਼ੈਆਂ ਮੈਨੂੰ ਘੇਰੀ ਪਈਆਂ ਨੇਂ ਤੇ ਹਰ ਸ਼ੈਅ ਇਕ ਦੂਜੇ ਵਿੱਚ ਜੜੁੱਤ ਖੜੁੱਤ ਏ । ਮੈਂ ਕੋਫ਼ੀ ਟੇਬਲ ਖ਼ਾਲੀ ਕਰ, ਉਹਨੂੰ ਰੱਖਣ ਆਲੀਆਂ ਸ਼ੈਆਂ ਦੀ ਥਾਂ ਬਣਾਨੀ ਆਂ । ਆਲੇ ਵਦਾਲੇ ਉਹ ਚੀਜ਼ਾਂ ਦੀ ਜਾਅ ਜਿਹੜੀਆਂ ਲੋੜੀਦੀਆਂ ਕੋ ਨੀ ।

ਸਕਿੱਟਾਂ ਵਿਚ ਸਾਰਾ ਫ਼ਰਨੀਚਰ ਅੰਗੀਠੀ ਅੱਗੇ ਕੰਧ ਨਾਲ ਜੁੜਿਆ ਪਿਆ ਏ, ਫ਼ਰਸ਼ ਤੇ ਸ਼ੈਆਂ ਦੇ ਢੇਰ ਨੇਂ । ਮੈਂ ਹਰ ਢੇਰ ਦੀਆਂ ਅੱਠ ਅੱਠ ਢੇਰੀਆਂ ਬਣਾਂਨੀ ਆਂ ਜਿਵੇਂ ਸ਼ੈਆਂ ਛੱਲੀਆਂ, ਕਣਕ ਯਾਂ ਰੂ ਹੋਣ । ਵੰਡੀ ਕਰਦਿਆਂ ਸਾਹ ਲੈਣਾ ਚੇਤੇ ਨਹੀਂ ਰਹਿੰਦਾ।

ਹਫ਼ਤਾ ਨਿਕਲ ਗਿਆ ਏ, ਪੁਲਿਸ ਨਾ ਤੇ ਮੈਨੂੰ ਛੱਡਿਆ ਤੇ ਨਾ ਕੋਈ ਚਾਰਜ ਲਾਇਆ ਏ। ਉਹ ਪਤਾ ਕਰਦੇ ਪਏ ਨੇਂ ਕਿ ਮੈਂ ਕਿੰਨੀ ਕੁ ਮੁਸਲਮਾਨ, ਕਿੰਨੀ ਕੁ ਕਮਿਊਨਿਸਟ ਤੇ ਕਿੰਨੀ ਕੁ ਟੈਰਰਿਸਟ ਆਂ । ਮੈਨੂੰ ਜਿਹਨੂੰ ਪੱਕ ਪੱਕਾ ਏ ਕਿ ਮੈਂ ਇਨ੍ਹਾਂ ਵਿੱਚੋਂ ਕੁੱਝ ਵੀ ਨਹੀਂ, ਉਨ੍ਹਾਂ ਦੇ ਫ਼ੈਸਲਿਆਂ ਦੀ ਉਡੀਕ ਵਿਚ ਤੜੀ ਬੈਠੀ ਆਂ । ਤਰੀਜੀ ਘਰ ਬੰਦੀ ਵਿਚ ਮੈਂ ਪਹਿਲੀਆਂ ਦੋਵਾਂ ਤੋਂ ਕਿਧਰੇ ਵੱਧ ਰਮਾਨ ਵਿਚ ਆਂ । ਪਹਿਲੀ ਮਾਪਿਆਂ ਵੱਲ, ਦੂਜੀ ਸੋਹਰਿਆਂ ਕਨੇ, ਤਰੀਜੀ ਆਵਦੇ ਘਰ।

ਸੱਤ ਮਹੀਨੇ, ਨੌ ਸਾਲ, ਇਕ ਹਫ਼ਤਾ ।

ਸਜ਼ਾ, ਮਜਬੂਰੀ, ਛਾਣ ਪੜਤਾਲ ।

ਇੱਥੇ ਇਕ ਨਹੀਂ ਦੋ ਕਮਰੇ ਤੇ ਡੇਢ ਵਾਸ਼ਰੂਮ ਏ । ਨਾਲ ਲਿਵਿੰਗ ਰੂਮ, ਕਿਚਨ, ਟੀਵੀ, ਇੰਟਰਨੈੱਟ, ਫ਼ੋਨ, ਬਾਲਕਨੀ । ਫ਼ਰਿੱਜ ਵਿਚ ਸਾਰੀ ਗਰੋਸਰੀ ਏ, ਬਾਹਰ ਗਾਰਡ ਬੈਠਾ ਏ । ਕੋਈ ਮੈਥੋਂ ਪੁੱਛੇ ਮੈਨੂੰ ਹੋਰ ਕੀ ਚਾਹੀਦਾ ਏ? ਆਵਦੀ ਮਰਜ਼ੀ ਨਹੀਂ ਤੇ ਵੱਲ ਕੁਝ ਪਈਆ ਹੋਵੇ । ਨਿਗਾਹ ਬਾਹਰ ਅਸਮਾਨਾਂ ਵੱਲ ਜਾਂਦੇ ਰੁੱਖਾਂ ਤੇ ਪੈਂਦੀ ਏ, ਮੈਂ ਖਿਲ ਪੈਣੀ ਆਂ । ਪਰ ਖ਼ਬਰੇ, ਈਂ ਜਹੀਆਂ ਖਿੱਲਾਂ ਦਾ ਅਖ਼ੀਰ ਰੋਣ ਹੁੰਦਾ ਏ, ਉੱਥੇ ਮੈਂ ਜਾਣਾ ਨਹੀਂ ।

ਮੁੜ ਫ਼ਰਸ਼ ਤੇ ਅੱਖ ਖੁੱਲਦੀ ਏ, ਹਨੇਰਾ ਘੁੱਪ । ਬਾਹਰ ਠੰਡੀ ਵਾਅ ਦੇ ਬੁੱਲੇ ਕਮਲਿਆਂ ਹਾਰ ਕੁਰਲਾਂਦੇ ਫਿਰਦੇ ਨੇਂ।

ਮੈਂ ਲੀੜਿਆਂ ਕਾਗਤਾਂ ਤੋਂ ਪੈਰ ਬਚਾਂਦੀ ਬਾਲਕਨੀ ਜਾ, ਰੀ–ਸਾਈਕਲਿੰਗ ਦਾ ਪੀਲਾ ਥੈਲਾ ਲਿਆਂਨੀ ਆਂ । ਸਾਰੇ ਕਾਗਤ ਪਾ, ਥੈਲਾ ਬਾਹਰ ਰੱਖਣੀ ਆਂ । ਠੰਡੀ ਸੀਤ ਵਾਅ ਮੇਰੀ ਚੰਮ ਤੇ ਅੱਗ ਲਾ ਦਿੰਦੀ ਏ । ਮੈਂ ਇੱਕ ਪਲ ਘਾਟੀ ਵੱਲ ਨਿਗਾਹ ਕਰਨੀ ਆਂ, ਦੂਰ ਅੰਦਰੋਂ ਆਂਦੀ ਇਕ ਵਾਜ ਮੇਰੀ ਜਾਨ ਛਿਕ ਲੈਂਦੀ ਏ 'ਪਾ ਵਰੂ ਵਰੂ ਕੀਦਾ ਕਲਮੂਨਾ ਲੈਲਾ, ਸ਼ੜੰਗ ਦਪਨਜ਼ੀਬੇ ਦੀ ਆਲਮੂਨਾ ਹਬਰਵੀਨਾ' ।

ਵਾਅ ਮੇਰੀ ਰੱਦੀ ਉਡਾ ਪੁਡਾ ਲਈ ਜਾਂਦੀ ਏ । ਸੀਮਿੰਟ ਲੱਕੜ ਦੇ ਇਸ ਡੱਬੇ ਵਿੱਚ ਕਾਗਤ ਡੋਏਂ ਤੇ ਹੋਲੇ ਹੋਲੇ ਉਡਦੀਆਂ ਚਿੱਟੀਆਂ ਤਿਤਲੀਆਂ ਨੇਂ, ਚੰਨ ਦੀ ਲੋਅ ਉਨ੍ਹਾਂ ਤੋਂ ਲਿਸ਼ਕ ਲਿਸ਼ਕ ਪੈਂਦੀ ਏ । ਹੁੰਦੀ ਮੈਂ ਇਕ ਰੱਦੀ ਕਾਗਤ ਦਾ ਟੋਟਾ, ਵਾਅ ਦੇ ਜ਼ੋਰ ਤੇ ਡੋਲਦੀ, ਵੰਝ ਉੱਡਦੀ ਘਾਟੀ ਦੇ ਰੁੱਖਾਂ ਉੱਤੇ ।

ਰੁੱਖ ਏਨੇ ਨੇੜੇ ਹੋ ਕੇ ਵੀ ਕਿੰਨੇ ਦੂਰ ਨੇਂ, ਇੱਕ ਵਿਲੋਅ ਵੀ ਸੀ ਜਿਹੜਾ ਪੱਤਰਾਂ ਭਰੀਆਂ ਲਗਰਾਂ ਮੇਰੀ ਬਾਰੀ ਵਿੱਚੋਂ ਅੰਦਰ ਆ ਕੇਰਦਾ ਸੀ । ਮੈਨੂੰ ਸੁਰਤ ਏ ਬਈ ਇਹ ਰੁੱਖ ਨਹੀਂ, ਉਨ੍ਹਾਂ ਤੋਂ ਮੇਰਾ ਪੰਧ ਏ । ਮੈਨੂੰ ਇੱਕ ਬਾਰੀ ਦੀ ਲੋੜ ਏ ਜਿਹੜੀ ਘਾਟੀ ਅੰਦਰ ਖੁੱਲੇ ਯਾਂ ਮੈਂ ਰਹਵਾਂ ਕਿਸੇ ਰੁੱਖ ਅੰਦਰ।

ਇਹ ਖ਼ਿਆਲ ਮੈਨੂੰ ਚਾਹਤ ਦਿੰਦਾ ਏ, ਮੈਂ ਉਹਨੂੰ ਲਿਵਿੰਗ ਰੂਮ ਵਿਚ ਲੈ ਜਾਂਨੀ ਆਂ ।

ਕੌਫ਼ੀ ਟੇਬਲ ਤੇ ਰੱਫ਼ੋ ਦੇ ਹੱਥ ਦੀ ਲਿਖੀ ਮਾਧੋ ਲਾਲ ਹੁਸੈਨ ਦੀ ਕਾਫ਼ੀ ਉੱਤੇ ਪਈ ਏ, ਮਿੱਟੀ ਨਾ ਪੈ ਜਾਵੇ, ਮੈਂ ਫ਼ਾਇਲ ਉਹਦੇ ਤੇ ਬੰਦ ਕਰਨੀ ਆਂ । ਰੱਫ਼ੋ ਦੀ ਲਿਪ– ਸਟਿਕ, ਜਿਹੜੀ ਖ਼ੋਰੇ ਵੀਹ ਵਰ੍ਹੇ ਹੋ ਗਏ ਨੇਂ ਮੈਂ ਖੋਲ ਨਹੀਂ ਡਿੱਠੀ, ਨਾਲ ਪਈ ਏ । ਮੈਂ ਉਹਨੂੰ ਖੋਲਨੀ ਆਂ, ਰੰਗ ਕੇਸ ਵਿਚ ਰੁੜ੍ਹਿਆ ਪਿਆ ਏ । ਮੈਂ ਕਾਸ਼ਨੀ ਰੰਗ ਵਿਚ ਉਂਗਲ ਡੋਬ ਕੇ ਬੁੱਲ੍ਹਾਂ ਤੇ ਲਾਂਨੀ ਆਂ, ਉਹ ਪੁਰਾਣੀ ਮਾਅਜੂਨ ਦੀ ਹਮਕ ਦਿੰਦੀ ਏ । ਭਾਵੇਂ ਮੈਂ ਹਨੇਰੇ ਵਿਚ ਬਿਨਾਂ ਸ਼ੀਸ਼ੇ ਵੇਖ ਨਹੀਂ ਸਕਦੀ

ਵੱਲ ਵੀ ਮੈਨੂੰ ਪੱਕ ਏ, ਇਹ ਰੰਗ ਮੇਰੇ ਤੇ ਠਾਂਦਾ ਪਿਆ ਏ । ਮੈਂ ਲਿਪ–ਸਟਿਕ ਕੂੜੇ ਦੇ ਡੱਬੇ ਵਿੱਚ ਸੁੱਟਨੀ ਆਂ ।

ਨਵੇਂ ਲੀੜਿਆਂ ਦੇ ਢੇਰ ਵਿੱਚ ਗੁਲਾਬੀ ਰੇਸ਼ਮ ਦੀ ਸਾੜ੍ਹੀ ਏ । ਇਹ ਇਕ ਕਿਸੇ ਬੰਦੇ ਮੈਨੂੰ ਸਕਾਟ ਰੋਡ ਤੋਂ ਲੈ ਕੇ ਦਿੱਤੀ ਸੀ । ਇੱਕੋ ਵਾਰੀ ਪਾਈ ਏ, ਗੁਲਾਬੀ ਮੈਨੂੰ ਇਤਲਾ ਭਾਂਦਾ ਨਹੀਂ ।

ਸਾੜ੍ਹੀ ਖਲਾਰਨੀ ਆਂ, ਗੁਲਾਬੀ ਰੇਸ਼ਮ ਤੇ ਚਾਂਦੀ ਦੀਆਂ ਤਾਰਾਂ ਨਾਲ ਪੱਤਰ ਤੇ ਵੇਲਾਂ ਉੱਣੀਆਂ ਹੋਈਆਂ ਨੇਂ । ਇਕਬਾਲ ਨੂੰ ਇਹੋ ਵੇਲਾਂ ਪਸੰਦ ਸਨ । ਇਹ ਮੈਂ ਵਧੀਆ ਚੋਣ ਕੀਤੀ ਏ, ਘੱਟੋ ਘੱਟ ਛੇ ਮੀਟਰ ਹੋਣਾ ਏ ।

ਮੈਂ ਉਹਨੂੰ ਲੈ ਕੇ ਸੋਫ਼ੇ ਤੇ ਬਹਿ ਜਾਂਨੀ ਆਂ । ਮੁਲੈਮ ਐਵੇਂ ਕਿ ਮੁੱਠ ਵਿਚ ਆਵੇ, ਲਚਕਦਾਰ, ਸੋਹਣੀ । ਪਿੰਡੇ ਪਾਵਾਂ ਬਾਰਬੀ ਆਂ, ਵੱਟ ਲਵਾਂ ਤੇ ਏ–ਕਲਾਸ ਫਾਈਆ । ਇਕ ਪੱਲੂ ਬਾਰੀ ਨਾਲ ਬੰਨ੍ਹ ਕੇ ਮੈਂ ਉਹਨੂੰ ਵੱਟਣ ਲੱਗ ਪੈਂਣੀ ਆਂ । ਵੱਟ ਵੱਟ ਕੇ ਰੱਸੀ ਬਣਾ, ਪਿੱਛੇ ਲਿਜਾਂਨੀ ਆਂ । ਤੋੜ ਬਾਹਰਲੇ ਬੂਹੇ ਤੋੜੀ ਜਾਂਦੀ ਏ, ਬੂਹੇ ਮਗਰ ਗਾਰਡ ਏ। ਮੈਂ ਮੁੜ ਆਂਨੀ ਆਂ ।

ਉਹਨੂੰ ਬਾਰੀਉਂ ਖੋਲ, ਵਲ੍ਹੇਟ ਕੇ ਨਿੱਕਾ ਕਰ, ਰੱਸਾ ਟਪੱਣ ਲੱਗਣੀ ਆਂ । ਨਹੀਂ ਟੱਪਦੀ, ਖ਼ੋਰੇ ਖੜਾਕ ਤੇ ਗਾਰਡ ਨਾ ਆ ਜਾਵੇ । ਵੱਲ ਉਸ ਗੁਲਾਬੀ ਫਾਹੇ ਨੂੰ ਗੱਲ ਵਿਚ ਪਾ, ਪੱਬਾਂ ਭਾਰ ਟੁਰਦੀ, ਬਾਲਕਨੀ ਆਂਨੀ ਆਂ ।

ਠੰਡੀ ਵਾਅ ਮੇਰੇ ਮੁੱਖ ਤੇ ਖਿੱਲਰ ਜਾਂਦੀ ਏ, ਚੰਨ ਅੱਖਾਂ ਨੂੰ ਹਨੇਰੇ ਦੇ ਡੂੰਘੇ ਪਰਤ ਵਿਖਾਂਦਾ, ਖੁੱਲ੍ਹਿਆਂ ਅਸਮਾਨਾਂ ਤੇ ਲਿਜਾਂਦਾ ਏ । ਹੇਠਾਂ ਉਨਾਬੀ ਪੱਤਰਾਂ ਆਲਾ ਜਪਾਨੀ ਮੈਪਲ, ਚਾਂਦੀ ਵਰਗੇ ਸਫ਼ੈਦਿਆਂ ਤੇ ਤੋਤੇ ਰੰਗੀਆਂ ਸੂਈਆਂ ਆਲੇ ਚੀੜਾਂ ਨਾਲ ਖਲੋਤਾ ਏ। ਅਸਮਾਨ ਸਾਫ਼ ਕਾਲਾ ਸ਼ੀਸ਼ਾ, ਵਿਚ ਜੜੇ ਸੁਨਹਿਰੀ ਤਾਰੇ । ਵਾਅ ਦਾ ਇਕ ਬੁੱਲ੍ਹਾ ਕੋਸਾ ਆਵੇ, ਇਕ ਠੰਡਾ ।

ਅੱਜ ਘਰੋਂ ਬਾਹਰ ਨਿਕਲਣ ਦੀ ਰਾਤ ਏ ।

ਗੁਲਾਬੀ ਰੱਸੇ ਦਾ ਇਕ ਪਾਸਾ ਬਾਲਕਨੀ ਦੇ ਥੰਮ ਨਾਲ ਬੰਨ੍ਹ ਖਿਚਣੀ ਆਂ, ਗੰਢ ਚੰਗੀ ਤਗੜੀ ਏ ।

ਆਲੇ ਦਵਾਲੇ ਵੇਹਨੀ ਆਂ, ਕੋਈ ਨਹੀਂ ਜਿਹੜਾ ਵੇਖੇ ।

ਮੈਂ ਥੰਮ ਤੇ ਚੜ੍ਹ, ਰੱਸੇ ਨੂੰ ਫੜ, ਜ਼ਿਪ.... ਥੱਲੇ ।

ਜ਼ਮੀਨ ਤੇ ਪੈਰ ਰੱਖਦਿਆਂ ਪਲ ਵੀ ਨਹੀਂ ਲੱਗਿਆ । ਲੰਮਾ ਡੂੰਘਾ ਸਾਹ ਲੈਂਨੀ ਆਂ, ਘਾਟੀ ਉਹ ਏ ਮੂਹਰੇ, ਅਸਲੋਂ ਦੋ ਕਦਮਾਂ ਤੇ ।

ਆਕਸੀਜਨ ਸਿਰ ਨੂੰ ਚੜ੍ਹ ਗਈ ਏ, ਮੈਂ ਪੈਰ ਡੋਏਂ ਤੇ ਗੱਡ, ਸਿਰ ਚਾ, ਕਮਰ ਸਿੱਧੀ ਕਰਨੀ ਆਂ ਤੇ ਆਵਦੇ ਪਿੰਡੇ ਦੇ ਅੰਗ ਢਿੱਲੇ ਛੱਡ, ਅੱਖਾਂ ਬੰਦ ਕਰ ਸਾਹ ਆਂਦੇ ਜਾਂਦੇ ਵੇਹਨੀ ਆਂ ।

'ਮੇਰੀ ਕੋਈ ਤ੍ਵਾਰੀਖ਼ ਨਹੀਂ, ਮੇਰੀ ਕੋਈ ਕਹਾਣੀ ਨਹੀਂ, ਮੇਰਾ ਕੋਈ ਨਾਂ ਨਹੀਂ' ਮੈਂ ਆਵਦੇ ਆਪ ਨੂੰ ਚੇਤੇ ਕਰਾਨੀ ਆਂ ।

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com